*ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ*

*SHABAD is an International Quarterly of Literature, Art and Culture*

# ਸ਼ਬਦ

ਸਾਲ : ਪੰਦਰਾਂ ਪੂ : ਲੜੀ : ਅਠਵੰਜਾ ਅਪ੍ਰੈਲ-ਜੂਨ, 2012



*ਸੰਪਾਦਕ*

**ਜਿੰਦਰ**

984, Model House,
Near Surinder Welding Works, Jalandhar-144003
Mobile : 98148 03254
Email : saifsm20@yahoo.com

*ਸੰਪਾਦਕੀ ਮੰਡਲ*

**ਹਰਜੀਤ ਅਟਵਾਲ**

Email: harjeetatwal@yahoo.co.uk
Mobile : 00447782-265726

**ਹਰਮਹਿੰਦਰ ਚਹਿਲ**

Email : Chahals57@Yahoo.com
Ph. 001-703-362-3239

**ਪ੍ਰੇਮ ਮਾਨ**

Ph. 001-860-983-5002
premmann@yahoo.com

*Managing Editor*

***Shiv, Vinod Kumar***

ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ
984, Model House,
Near Surinder Welding Works, Jalandhar-144003



**ਵਿਸ਼ੇਸ਼ ਨੋਟ** : ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।
***ਚੰਦਾ :*** 150 ਰੁ: ਸਾਲਾਨਾ, 15 ਪੌਂਡ ਸਾਲਾਨਾ, 40 ਡਾਲਰ ਸਾਲਾਨਾ,
***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ



ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜੁੰਮੇਵਾਰ ਹੋਵੇਗਾ।


## ਮੇਰਾ ਪੰਨਾ

ਦੋਸਤੋ, ਲਉ ਮੈਂ ਫਿਰ ਹਾਜ਼ਿਰ ਹਾਂ। ਜਦੋਂ 'ਸ਼ਬਦ' ਦਾ ਪ੍ਰਕਾਸ਼ਨ ਸ਼ੁਰੂ ਹੋਇਆ ਸੀ ਉਦੋਂ ਮੈਂ ਸੰਪਾਦਕੀ ਮੰਡਲ 'ਚ ਸ਼ਾਮਿਲ ਨਹੀਂ ਸੀ। ਹੁਣ ਵੀ ਪਿਛਲੇ ਦੋ ਸਾਲਾਂ ਤੋਂ ਮੇਰਾ ਨਾਂ ਸੰਪਾਦਕੀ ਮੰਡਲ 'ਚੋਂ ਗੈਰ-ਹਾਜ਼ਿਰ ਰਿਹਾ ਹੈ। ਇਸ ਦੇ ਵਿਸ਼ੇਸ਼ ਕਾਰਨ ਸਨ। ਮੈਂ ਪੱਕਾ ਫੈਸਲਾ ਕਰ ਲਿਆ ਸੀ ਕਿ ਮੈਂ ਆਪਣਾ ਨਾਂ ਨਹੀਂ ਦੇਣਾ। ਮੈਂ ਆਪਣਾ ਸਾਰਾ ਧਿਆਨ ਪੜ੍ਹਨ ਵੱਲ ਦੇਣਾ ਚਾਹੁੰਦਾ ਸੀ। ਮੈਨੂੰ ਇਸ ਗੱਲ ਦਾ ਵੀ ਪਤਾ ਸੀ ਕਿ 'ਸ਼ਬਦ' ਮੇਰੇ ਨਾਂ ਨਾਲ ਪੱਕੀ ਤਰ੍ਹਾਂ ਜੁੜਿਆ ਹੋਇਆ ਹੈ। ਇਕ ਵਾਰ ਗੁਰਬਚਨ ਭੁੱਲਰ ਹੋਰਾਂ ਨੇ ਮੈਨੂੰ ਚਿੱਠੀ 'ਚ ਲਿਖਿਆ ਸੀ ਕਿ ਜਿਵੇਂ ਗੁਰਬਖ਼ਸ਼ ਸਿੰਘ ਹੋਰਾਂ ਦਾ ਨਾਂ ਪ੍ਰੀਤਲੜੀ ਨਾਲ ਜੁੜ ਗਿਆ ਸੀ, ਠੀਕ ਉਵੇਂ ਹੀ ਜਿੰਦਰ ਦਾ ਨਾਂ 'ਸ਼ਬਦ' ਨਾਲ ਜੁੜਿਆ ਹੋਇਆ ਹੈ।

ਹਰਜੀਤ ਅਟਵਾਲ, ਪ੍ਰੇਮ ਮਾਨ ਤੇ ਹਰਮਹਿੰਦਰ ਚਹਿਲ ਅਨੁਸਾਰ ਹੁਣ ਮੈਂ ਸਰਕਾਰੀ ਨੌਕਰੀ ਤੋਂ ਮੁਕਤ ਹੋ ਗਿਆ ਹਾਂ। ਦੋਸਤਾਂ ਦਾ ਕਿਹਾ ਸਿਰ ਮੱਥੇ। ਹੁਣ ਮੇਰੇ ਕੋਲ ਸਮੇਂ ਦੀ ਕੋਈ ਘਾਟ ਨਹੀਂ ਹੈ। ਮੇਰਾ ਪਹਿਲਾ ਕੰਮ ਪੜ੍ਹਨਾ ਹੈ ਤੇ ਦੂਜਾ 'ਸ਼ਬਦ' ਨੂੰ ਸੰਪਾਦਤ ਕਰਨਾ ਹੈ। ਮੈਂ ਇਸ 'ਚ ਕੁਝ ਤਬਦੀਲੀਆਂ ਕਰਨ ਜਾ ਰਿਹਾ ਹਾਂ। 'ਸ਼ਬਦ' ਦੇ ਹਰੇਕ ਅੰਕ 'ਚ ਕੋਈ ਨਾ ਕੋਈ ਨਾਵਲ/ਸਫ਼ਰਨਾਮਾ/ਯਾਦਾਂ ਛਾਪਿਆ ਜਾਇਆ ਕਰਨੀਆਂ। ਇਹ ਨਾਵਲ/ਸਫ਼ਰਨਾਮਾ/ਯਾਦਾਂ ਤੋਂ ਇਲਾਵਾ ਭਾਰਤ ਦੀਆਂ ਹੋਰ ਭਾਸ਼ਾਵਾਂ ਦੀਆਂ ਵੀ ਹੋ ਸਕਦੀਆਂ ਹਨ। ਮੇਰੇ ਲਈ ਪੁਰਾਣੇ ਤੇ ਨਵੇਂ ਲੇਖਕ ਇਕੋ ਜਿਹੇ ਸਤਿਕਾਰ ਰੱਖਦੇ ਹਨ। ਮੇਰੀ ਇਹ ਕੋਸ਼ਿਸ਼ ਰਹੇਗੀ ਕਿ ਜਿਹੜੇ ਮੇਰੇ ਸੀਨੀਅਰ ਲੇਖਕ ਲਿਖਣ ਵੱਲੋਂ ਅਵੇਸਲੇ ਹੋ ਰਹੇ ਹਨ, ਉਨ੍ਹਾਂ ਤੋਂ ਮੈਂ ਅਵੱਸ਼ ਹੀ ਲਿਖਵਾਵਾਂ। ਨਵਿਆਂ ਨੂੰ ਉਤਸ਼ਾਹਤ ਕਰਨਾ ਵੀ ਮੇਰਾ ਫਰਜ਼ ਹੈ। ਮੈਂ ਕਿਸੇ ਵੀ 'ਵਿਸ਼ੇਸ਼' ਤਰ੍ਹਾਂ ਦਾ ਮੈਟਰ ਨਹੀਂ ਛਾਪਾਂਗਾ। ਹਾਂ, ਕੁਝ ਵਿਸ਼ੇਸ਼ ਅੰਕ ਕੱਢਾਂਗਾ। ਤੁਹਾਡੇ ਵੱਲੋਂ ਸਮੇਂ-ਸਮੇਂ ਸਿਰ ਮਿਲਣ ਵਾਲੇ ਸਹਿਯੋਗ ਦੀ ਆਸ ਰਹੇਗੀ।

ਇਸ ਅੰਕ 'ਚ ਮਿਲਿੰਦ ਬੋਕਿਲ ਦਾ ਬਹੁ-ਚਰਚਿਤ ਮਰਾਠੀ ਨਾਵਲ 'ਸਮੁੰਦਰ' ਛਾਪ ਰਿਹਾਂ ਹਾਂ। ਬੋਕਿਲ ਨੇ ਔਰਤ-ਮਰਦ ਦੇ ਰਿਸ਼ਤੇ ਨੂੰ ਇਕ ਵੱਖਰੇ ਕੋਣ ਤੋਂ ਦੇਖਿਆ ਹੈ ਤੇ ਇਸ ਦੀ ਪ੍ਰਸਤੁਤੀ 'ਚ ਵੀ ਨਵਾਂਪਨ ਹੈ। ਤਲਵਿੰਦਰ ਸਿੰਘ ਨੇ ਪਾਕਿਸਤਾਨੀ ਗਲਪਕਾਰ ਮਕਸੂਦ ਸਾਕਿਬ ਦੀ ਮੁਲਾਕਾਤ ਕੀਤੀ ਹੈ ਤੇ ਕੁਝ ਕੁ ਪਾਕਿਤਸਾਨੀ ਕਹਾਣੀਆਂ ਵੀ ਲਿਪੀਅੰਤਰ ਕੀਤੀਆਂ ਹਨ ਜਿਨ੍ਹਾਂ ਤੋਂ ਅੱਜ ਕਲ੍ਹ ਲਿਖੀ ਜਾ ਰਹੀ ਪਾਕਿਸਤਾਨੀ ਕਹਾਣੀ ਦੀ ਇਕ ਝਲਕ ਦੇਖੀ ਜਾ ਸਕਦੀ ਹੈ।

**-ਜਿੰਦਰ**

ਮਰਾਠੀ ਨਾਵਲ

# ਸਮੁੰਦਰ/ਮਿਲਿੰਦ ਬੋਕਿਲ

ਅਨੁਵਾਦ : ਮਹਿੰਦਰ ਬੇਦੀ, ਜੈਤੋ

ਹੁਣ ਜਾ ਕੇ ਕਿਤੇ ਰਸਤਾ ਖ਼ਾਲੀ ਮਿਲਿਆ ਸੀ। ਸਫ਼ਰ ਕਦੋਂ ਦਾ ਆਰੰਭ ਕੀਤਾ ਹੋਇਆ ਸੀ। ਲਗਭਗ ਡੇਢ ਘੰਟੇ ਦਾ ਭਾਸਕਰ ਕਾਰ ਚਲਾ ਰਿਹਾ ਸੀ। ਹਾਈ-ਵੇ ਉੱਤੇ ਭੀੜ ਸੀ। ਸਵਾਰੀ-ਵਾਹਨ ਲੰਮੀਆਂ ਕਤਾਰਾਂ ਵਿਚ ਰੀਂਘ ਰਹੇ ਸਨ। ਫੇਰ ਪਿੰਡਾਂ 'ਚੋਂ ਆਏ ਹੋਏ ਲੋਕਾਂ ਦੀ ਭੀੜ। ਰਸਤਾ ਬਾਜ਼ਾਰਾਂ ਵਿਚੋਂ ਹੋ ਕੇ ਲੰਘਦਾ ਸੀ। ਕਿਨਾਰੇ-ਕਿਨਾਰੇ ਸਬਜ਼ੀ ਦੀਆਂ ਦੁਕਾਨਾਂ, ਰੇੜ੍ਹੇ, ਰੁਕੇ ਹੋਏ ਸਵਾਰੀ-ਵਾਹਨ, ਰਸਤੇ 'ਤੇ ਘੁੰਮ ਰਹੇ ਆਵਾਰਾ ਪਸ਼ੂ, ਲੋਕਾਂ ਦੀ ਭੀੜ—ਲੱਖ ਚਾਹੁੰਣ ਦੇ ਬਾਵਜੂਦ ਉਹ ਗੱਡੀ ਨੂੰ ਤੇਜ਼ ਨਹੀਂ ਸੀ ਚਲਾ ਸਕਿਆ।

ਹੌਲੀ-ਹੌਲੀ ਭੀੜ ਪਿੱਛੇ ਰਹਿੰਦੀ ਗਈ। ਰਸਤਾ ਚੌੜਾ ਹੁੰਦਾ ਗਿਆ—ਡਬਲ-ਟਰੈਕ ਵਾਲਾ। ਸਵਾਰੀ-ਵਾਹਨਾਂ ਦੀ ਗਿਣਤੀ ਵੀ ਘਟਦੀ ਗਈ। ਉਸਨੇ ਗੇਅਰ ਬਦਲਿਆ। ਅਗੇ ਲੱਗੇ ਟੈਂਪੂ ਵਾਲੇ ਨੂੰ ਹਾਰਨ ਵਜਾ ਕੇ ਪਾਸੇ ਹਟਣ ਲਈ ਕਿਹਾ। ਐਕਸੀਲੇਟਰ ਉੱਤੇ ਪੈਰ ਦਾ ਦਬਾਅ ਵਧਿਆ ਤਾਂ ਝੱਟ ਉਸ ਸ਼ਾਨਦਾਰ ਮਜ਼ਬੂਤ ਗੱਡੀ ਨੇ ਭਾਸਕਰ ਦਾ ਇਰਾਦਾ ਸਮਝ ਲਿਆ—ਉਹ ਤੇਜ਼ ਦੌੜਨ ਲੱਗੀ। ਅੱਧ-ਖੁੱਲ੍ਹੀਆਂ ਖਿੜਕੀਆਂ ਵਿਚੋਂ ਹਵਾ ਦੇ ਬੁੱਲ੍ਹੇ ਅੰਦਰ ਘੁਸ ਆਏ ਤੇ ਉਸਦੇ ਵਾਲਾਂ ਤੇ ਮੱਥੇ ਨਾਲ ਕਲੋਲ ਕਰਨ ਲੱਗੇ। ਉਸਨੇ ਸਿਰ ਪਿੱਛੇ ਟਿਕਾ ਲਿਆ—ਸੀਟ ਬੈਲਟ ਠੀਕ ਕੀਤੀ, ਆਰਾਮ ਨਾਲ ਸੀਟ ਉੱਤੇ ਜਚ ਕੇ ਬੈਠ ਗਿਆ ਤੇ ਗਤੀ ਹੋਰ ਤੇਜ਼ ਕਰ ਦਿੱਤੀ।

ਗੱਡੀ ਸ਼ਾਨ ਨਾਲ ਦੌੜਨ ਲੱਗੀ। ਸਵੇਰ ਦਾ ਸਮਾਂ ਸੀ। ਚਾਰੇ-ਪਾਸੇ ਹਰਾ-ਹਰਾ ਵਾਤਾਵਰਣ, ਨੀਲਾ-ਜਿਹਾ ਰਸਤਾ—ਜਿਵੇਂ ਕਿਸੇ ਨੇ ਮਨ ਲਾ ਕੇ ਵਾਹਿਆ-ਬਣਾਇਆ ਹੋਵੇ। ਖੱਬੇ ਵੱਲੋਂ ਸੂਰਜ ਆਸਮਾਨ 'ਤੇ ਚੜ੍ਹ ਰਿਹਾ ਸੀ—ਪਰ ਅਜੇ ਤੀਕ ਧੁੱਪ ਨਹੀਂ ਸੀ ਨਿਕਲੀ। ਬਿੰਦ ਦੀ ਬਿੰਦ ਭਾਸਕਰ ਦੀ ਇੱਛਾ ਹੋਈ ਕਿ ਉਹ ਨੰਦਨੀ ਨੂੰ ਵੀ ਜਗਾ ਦਏ ਤੇ ਕਹੇ—'ਦੇਖ ਤਾਂ ਸਹੀ, ਗੱਡੀ ਕਿੰਜ ਦੌੜ ਰਹੀ ਏ।' ਪਰ ਉਹ ਗੂੜ੍ਹੀ ਨੀਂਦ ਸੁੱਤੀ ਹੋਈ ਸੀ। ਸਫ਼ਰ ਦੇ ਸ਼ੁਰੂ ਵਿਚ ਉਸਨੇ ਬਦੋਬਦੀ ਆਪਣੇ-ਆਪ ਨੂੰ ਜਗਾਈ ਰੱਖਿਆ ਸੀ—ਉਂਜ ਈ ਗੱਲਾਂ ਕਰਦੀ ਰਹੀ ਸੀ, ਗਾਣੇ ਸੁਣਦੀ ਰਹੀ ਸੀ ਪਰ ਹਵਾ ਦੇ ਬੁੱਲ੍ਹੇ ਵਜਦਿਆਂ ਈ ਅੱਖਾਂ ਮਿਚਣ ਲੱਗੀਆਂ ਸਨ ਤੇ ਘੰਟੇ ਕੁ ਵਿਚ ਈ ਉਹ ਸੀਟ ਪਸਾਰ ਕੇ ਆਰਾਮ ਨਾਲ ਸੌਂ ਵੀ ਗਈ ਸੀ।

ਉਸਨੇ ਗਰਦਨ ਭੁਆਂ ਕੇ ਦੇਖਿਆ। ਨੰਦਨੀ ਦੀ ਗਰਦਨ ਝੂਲ ਰਹੀ ਸੀ। ਹਵਾ ਕਾਰਨ ਵਾਲ ਲਹਿਰਾ ਰਹੇ ਸਨ। ਚਿਹਰਾ ਸ਼ਾਂਤ, ਚਿੰਤਾਹੀਣ, ਨੀਂਦ ਵਿਚ ਗਵਾਚਿਆ ਹੋਇਆ ਸੀ—ਜਿਵੇਂ ਉਹ ਘਰੇ ਈ ਸੁੱਤੀ ਪਈ ਹੋਵੇ। ਉਹ ਫੇਰ ਸਾਹਮਣੇ ਦੇਖਣ ਲੱਗ ਪਿਆ। ਹਮੇਸ਼ਾ ਇਵੇਂ ਈ ਹੁੰਦਾ ਏ। ਗੱਡੀ ਵਿਚ ਬੈਠਦਿਆਂ ਈ ਨੰਦਨੀ ਨੂੰ ਨੀਂਦ ਘੇਰ ਲੈਂਦੀ ਸੀ। ਸ਼ੁਰੂ ਵਿਚ ਉਹ ਜਾਣ-ਬੁੱਝ ਕੇ ਜਾਗਦੀ ਰਹਿੰਦੀ—ਭਾਸਕਰ ਨੂੰ ਚੰਗਾ ਲੱਗੇ, ਇਸ ਲਈ। ਕੁਝ ਵੀ ਬੋਲਦੀ ਰਹਿੰਦੀ। ਫੇਰ ਆਪਣੇ-ਆਪ ਉਸਦੀਆਂ ਪਲਕਾਂ ਭਾਰੀਆਂ ਹੁੰਦੀਆਂ ਜਾਂਦੀਆਂ ਤੇ ਅੱਖਾਂ ਮਿਚ ਜਾਂਦੀਆਂ—ਤੇ ਗੱਲਾਂ ਕਰਦੀ-ਕਰਦੀ ਈ ਉਹ ਸੌਂ ਜਾਂਦੀ—ਕੋਲ ਬੈਠੇ ਬੰਦੇ ਨੂੰ ਪਤਾ ਵੀ ਨਹੀਂ ਸੀ ਲੱਗਦਾ ਕਿ ਉਹ ਕਦੋਂ ਕੁ ਦੀ ਸੁੱਤੀ ਹੋਈ ਏ! ਸ਼ੁਰੂ-ਸ਼ੁਰੂ ਵਿਚ ਉਸਦੀ ਇਸ ਆਦਤ ਉੱਤੇ ਭਾਸਕਰ ਨੂੰ ਖਿਝ ਚੜ੍ਹਨ ਲੱਗ ਪੈਂਦੀ ਸੀ—ਪਰ ਏਨੇ ਵਰ੍ਹਿਆਂ ਬਾਅਦ ਉਹ ਆਦੀ ਹੋ ਗਿਆ ਏ।



ਹੁਣ ਇਕ ਵਾਰੀ ਉਸਨੇ ਸੋਚਿਆ—ਡਰਾਈਵਰ ਲੈ ਆਉਂਦਾ ਤਾਂ ਠੀਕ ਰਹਿੰਦਾ, ਮੈਂ ਵੀ ਸੌਂ ਲੈਂਦਾ। ਪਰ ਉਸਨੇ ਇਸ ਵਿਚਾਰ ਨੂੰ ਝਟਕ ਦਿੱਤਾ। ਡਰਾਈਵਰ ਨਾਲ ਹੁੰਦਾ ਤਾਂ ਸਫ਼ਰ ਵਿਚ ਮਜ਼ਾ ਈ ਕੀ ਆਉਂਦਾ? ਵੈਸੇ ਵੀ ਆਪਣੀ ਗੱਡੀ ਵਿਚ ਯਾਤਰਾ ਕਰਨ ਦੇ ਮੌਕੇ ਕਿੰਨੇ ਕੁ ਮਿਲਦੇ ਨੇ। ਸਾਰੀਆਂ ਦੂਰ-ਦੂਰ ਦੀਆਂ ਯਾਤਰਾਵਾਂ ਨੇ। ਦਰਸ਼ਨੀ-ਸਥਾਨ ਵੀ ਕਿੰਨੀ-ਕਿੰਨੀ ਦੂਰ ਨੇ। ਯਾਤਰਾ ਜਾਂ ਤਾਂ ਰੇਲ ਵਿਚ ਜਾਂ ਫੇਰ ਹਵਾਈ ਜਹਾਜ਼ ਵਿਚ ਕਰਨੀ ਪੈਂਦੀ ਏ। ਇਕ ਦੋ ਵਾਰੀ ਨੇੜੇ ਜਾਣਾ ਸੀ ਉਦੋਂ ਡਰਾਈਵਰ ਵੀ ਨਾਲ ਲਿਆਂਦਾ ਸੀ—ਨੰਦਨੀ ਉਦੋਂ ਵੀ ਸੌਂ ਗਈ ਸੀ ਤੇ ਮੈਂ ਬੈਠਾ-ਬੈਠਾ ਥੱਕ ਗਿਆ ਸਾਂ।

ਇਹ ਗੱਡੀ ਨਵੀਂ ਸੀ। ਕੁਝ ਮਹੀਨੇ ਪਹਿਲਾਂ ਈ ਖਰੀਦੀ ਸੀ। ਮਜ਼ਬੂਤ, ਪਾਵਰ-ਫੁੱਲ ਇੰਜਣ ਤੇ ਨਵੀਂ ਤਕਨੀਕ। ਸ਼ਹਿਰ ਵਿਚ ਉਹ ਉਸਨੂੰ ਚਲਾਉਂਦਾ ਵੀ ਸੀ—ਕੰਪਨੀ ਤਕ ਜਾਣ ਲਈ, ਡਰਾਈਵਰ ਨੂੰ ਨਾਲ ਬਿਠਾ ਕੇ। ਅਸਲੀ ਜਾਂਚ ਤਾਂ ਹੁਣ ਹੋਣੀ ਸੀ। ਸ਼ੋ-ਰੂਮ ਵਾਲਿਆਂ ਨੇ ਕਿਹਾ ਸੀ, "ਸਾਹਬ, ਇਸ ਨੂੰ ਹਾਈ-ਵੇ 'ਤੇ ਚਲਾ ਕੇ ਦੇਖਣਾ। ਫੇਰ ਪਤਾ ਲੱਗੇਗਾ ਇਸਦੀ ਪਰਫ਼ਾਰਮੈਂਸ ਦਾ!" ਇਹ ਵੀ ਇਕ ਕਾਰਨ ਸੀ ਡਰਾਈਵਰ ਨੂੰ ਨਾਲ ਨਾ ਲਿਆਉਣ ਦਾ। ਗੱਡੀਆਂ ਤਾਂ ਮੈਂ ਬੜੀਆਂ ਚਲਾਈਆਂ ਨੇ। ਸ਼ੁਰੂ ਵਿਚ ਤਾਂ ਫੀਏਟ ਸੀ—ਸੈਕੇਂਡ ਹੈਂਡ। ਆਦਮੀਆਂ ਨਾਲੋਂ ਵੱਧ ਤਾਂ ਉਸ ਵਿਚ ਸਾਮਾਨ ਈ ਢੋਇਆ ਸੀ ਮੈਂ। ਫੇਰ ਡਰਾਈਵਰ ਰੱਖੇ ਗਏ—ਸ਼ਹਿਰ ਵਿਚ ਭੱਜ-ਨੱਠ ਕਰਨ ਵਾਸਤੇ ਡਰਾਈਵਰ ਦਾ ਹੋਣਾ ਲਾਜ਼ਮੀਂ ਵੀ ਸੀ। ਗੱਡੀਆਂ ਵੀ ਬਦਲਦਾ ਰਿਹਾ। ਨਵੀਂ-ਨਵੀਂ ਗੱਡੀ ਕਿੰਨੀ ਵਧੀਆ ਹੁੰਦੀ ਏ। ਹਾਂ, ਪਰ ਖ਼ੁਦ ਚਲਾਓ ਫੇਰ ਮਜ਼ਾ ਆਉਂਦਾ ਏ।

ਰਸਤਾ ਬਿਲਕੁਲ ਖਾਲੀ ਸੀ। ਉਸਨੇ ਗਤੀ ਯਕਦਮ ਤੇਜ਼ ਕਰ ਦਿੱਤੀ। ਗੱਡੀ ਦੀ ਲੈਅ ਬਣੀ ਰਹੀ। ਇੰਜਨ ਦੀ ਗੂੰਜ ਵੀ ਓਵੇਂ ਦੀ ਜਿਵੇਂ ਰਹੀ। ਗੱਡੀ ਰਸਤੇ ਉੱਤੇ ਲਗਾਤਾਰ ਦੌੜਨ ਲੱਗੀ। ਪਲ ਭਰ ਲਈ ਉਸਨੇ ਸੋਚਿਆ, 'ਸ਼ੀਸ਼ੇ ਪੂਰੇ ਬੰਦ ਕਰਕੇ ਦੇਖਾਂ...ਫ਼ੇਰ ਈ ਸਹੀ ਗਤੀ ਦਾ ਪਤਾ ਲੱਗੇਗਾ।' ਉਸਨੇ ਇਹ ਵਿਚਾਰ ਵੀ ਮਨ ਵਿਚੋਂ ਕੱਢ ਦਿੱਤਾ। ਗੱਡੀ ਬਣਾਉਣ ਵਾਲਿਆਂ ਨੇ ਗਤੀ ਤੇ ਤਾਕਤ ਦੇ ਤਾਲ-ਮੇਲ ਦਾ ਸੰਤੁਲਨ ਤਾਂ ਰੱਖਿਆ ਈ ਹੋਵੇਗਾ। ਸ਼ੀਸ਼ੇ ਬੰਦ ਕਰਕੇ ਗੱਡੀ ਚਲਾਉਣ 'ਚ ਕੀ ਮਜ਼ਾ। ਸਵੇਰ ਦੀ ਸੁਹਾਵੀਂ-ਹਵਾ ਚੱਲ ਰਹੀ ਏ। ਖੁੱਲ੍ਹਾ ਮੌਸਮ ਏ। ਠੰਡੀ ਹਵਾ ਦੇ ਬੁੱਲੇ ਸਰੀਰ ਨੂੰ ਪਲੋਸਨ, ਤਦੇ ਤਾਂ ਸਫ਼ਰ ਦਾ ਮਜ਼ਾ ਆਉਂਦਾ ਏ।

ਫੇਰ ਉਸਨੇ ਪੁਰਾਣੇ ਗਾਣਿਆਂ ਦੀ ਸੀਡੀ ਲਾ ਕੇ ਗਾਣੇ ਸੁਣਨ ਬਾਰੇ ਸੋਚਿਆ। ਉਸਨੂੰ ਲੱਗਿਆ ਪੁਰਾਣੇ ਗਾਣੇ ਸੁਣਨਾ ਚੰਗਾ ਲੱਗੇਗਾ ਤੇ ਇਕੱਲਾਪਨ ਵੀ ਨਹੀਂ ਲੱਗੇਗਾ। ਪਰ ਉਸਨੇ ਇਸ ਵਿਚਾਰ ਨੂੰ ਵੀ ਝਟਕ ਦਿੱਤਾ। ਉਸਨੂੰ ਇੰਜ ਇਕੱਲੇ ਹੋਣਾ ਚੰਗਾ ਲੱਗ ਰਿਹਾ ਸੀ। ਦਿਮਾਗ਼ ਸਾਫ ਸੀ। ਕਈ ਦਿਨਾਂ ਦਾ ਦਿਮਾਗ਼, ਲੱਖ ਚਾਹੁਣ 'ਤੇ ਵੀ, ਇੰਜ ਨਹੀਂ ਸੀ ਹੋ ਸਕਿਆ। ਗਾਣੇ ਲੱਗਦਿਆਂ ਈ ਮਨ ਕਿਧਰੇ ਹੋਰ ਉਲਝ ਜਾਏਗਾ। ਨੰਦਨੀ ਅਕਸਰ ਕਹਿੰਦੀ ਸੀ—ਕਿਤੇ ਘੁੰਮਣ ਚੱਲੀਏ। ਪਰ ਕੰਮ-ਕਾਜ ਦੇ ਬੋਝ ਤੋਂ ਫ਼ੁਰਸਤ ਈ ਨਹੀਂ ਸੀ ਮਿਲਦੀ। ਖ਼ੁਦ ਦਾ ਬਿਜਨਸ। ਆਪਣੀ ਮਿਹਨਤ-ਲਗਨ ਨਾਲ ਵਧਾਇਆ ਹੋਇਆ। ਸਭ ਕੁਝ ਦੇਖਣਾ ਪੈਂਦਾ ਸੀ। ਪਰ ਹੁਣ ਛੇ ਕੁ ਮਹੀਨਿਆਂ ਦੀ ਚੰਗੀ ਬਣ ਟੀਮ ਗਈ ਏ। ਜ਼ਿੰਮੇਵਾਰੀਆਂ ਸੰਭਾਲਨ ਵਾਲੇ ਲੋਕ ਨੇ। ਬਹੁਤਾ ਧਿਆਨ ਵੀ ਨਹੀਂ ਰੱਖਣਾ ਪੈਂਦਾ।

ਉਸਨੇ ਚਾਰੇ ਪਾਸੇ ਨਜ਼ਰਾਂ ਦੌੜਾਈਆਂ—ਪਹਾੜੀਆਂ ਵਿਚੋਂ ਲੰਘਦਾ ਹੋਇਆ ਰਸਤਾ, ਖੱਬੇ ਪਾਸੇ ਧੁੰਦਲੇ ਜਾਮਨੀ ਰੰਗ ਦੇ ਪਹਾੜ, ਦੂਜੇ ਪਾਸੇ ਮੈਦਾਨ ਤੇ ਖੇਤ। ਖਪਰੈਲੀ-ਛੱਤਾਂ ਵਾਲੇ ਘਰ, ਵਿਹੜਿਆਂ ਵਿਚ ਖਲੋਤੇ ਲੋਕ, ਰੁੱਖ, ਚਾਹ ਵਾਲੀਆਂ ਝੁੱਗੀਆਂ, ਪੀਲੇ ਐਫ.ਡੀ.ਡੀ. ਬੂਥ, ਰਸਤੇ ਦੇ ਕਿਨਾਰੇ-ਕਿਨਾਰੇ ਦੌੜਦੀਆਂ ਸਾਈਕਲਾਂ, ਆਪਣੀ ਧੁਨ ਵਿਚ ਈ ਜਾ ਰਿਹਾ ਬਲ੍ਹਦ-

ਗੱਡੀ ਵਾਲਾ। ਠੰਡੀ ਰੁੱਤ ਦੇ ਅੰਤਮ ਦਿਨ ਸਨ—ਫੇਰ ਵੀ ਹਵਾ ਵਿਚ ਸਿੱਲ੍ਹੀ ਹਰਿਆਲੀ ਦੀ ਗੰਧ ਸੀ। ਸੱਜੇ ਪਾਸੇ ਸਮੁੰਦਰ ਸੀ—ਅਜੇ ਵੀ ਖਾਸੀ ਦੂਰ। ਪਰ ਸਮੁੱਚਾ ਮਾਹੌਲ ਨਮਕੀਨ ਸੀ।

ਭਾਸਕਰ ਨੇ ਸੰਨਸਨਾਉਂਦੀ ਹਵਾ ਨੂੰ ਸਾਹਾਂ ਵਿਚ ਭਰ ਲਿਆ। ਜਿੱਥੇ ਉਹ ਜਾ ਰਿਹਾ ਸੀ, ਉਹ ਪਿੰਡ ਸਮੁੰਦਰ ਦੇ ਕਿਨਾਰੇ ਸੀ। ਤਿੰਨ ਚਾਰ ਮਹੀਨੇ ਪਹਿਲਾਂ ਇੱਥੇ ਕੰਪਨੀ ਦੀ ਟਰੇਨਿੰਗ ਹੋਈ ਸੀ। ਉਸਨੂੰ ਇਹ ਜਗਾਹ ਜਚ ਗਈ ਸੀ। ਉਦੋਂ ਦੋ ਦਿਨ ਈ ਉਹ ਇੱਥੇ ਰਹਿ ਸਕਿਆ ਸੀ। ਨਾਲ ਫੈਕਟਰੀ ਦਾ ਸਟਾਫ਼ ਵੀ ਸੀ—ਪਰ ਉਸਨੇ ਸੋਚ ਲਿਆ ਸੀ ਕਿ ਉਹ ਨੰਦਨੀ ਨਾਲ ਇੱਥੇ ਆਏਗਾ। ਪੰਜ ਛੇ ਦਿਨ ਬਿਤਾਏਗਾ—ਇਹ ਜਗਾਹ ਹੋਰਨਾਂ ਜਗਾਹਵਾਂ ਨਾਲੋਂ ਬਿਲਕੁਲ ਅਲੱਗ ਸੀ। ਰਸਤੇ ਤੋਂ ਜ਼ਰਾ ਹਟਵੀਂ—ਸ਼ਾਂਤ, ਮੌਨ ਸਮੁੰਦਰੀ-ਕਿਨਾਰਾ, ਰੇਤ ਦਾ ਵਿਸ਼ਾਲ ਵਿਛਾਉਣਾ, ਕਿਨਾਰੇ ਨਾਲ ਢੁੱਕ ਕੇ ਖੜ੍ਹੀਆਂ ਪਹਾੜੀਆਂ, ਇਕ ਪਾਸੇ ਭੁਰੇ-ਟੁੱਟੇ ਕਿੰਗਰੇ; ਪਹਾੜੀ ਦੀ ਢਲਵਾਨ ’ਤੇ ਬਣੇ ਹੋਏ ਕਾਟੇਜ...ਤੇ ਹਰੇਕ ਕਾਟੇਜ ਵਿਚੋਂ ਸਮੁੰਦਰ ਦਿਸਦਾ ਸੀ। ਸਾਹਮਣੇ ਰੁੱਖਾਂ ਦੇ ਝੁੰਡ, ਉਸ ਤੋਂ ਅੱਗੇ ਮਛੇਰਿਆਂ ਦੀ ਬਸਤੀ, ਛੋਟੀ ਜਿਹੀ ਬੰਦਰਗਾਹ। ਕਿਨਾਰੇ ’ਤੇ ਸੁਸਤਾ ਰਹੀਆਂ ਕੁਝ ਬੇੜੀਆਂ।

ਉਹਨਾਂ ਦੋ ਦਿਨਾਂ ਵਿਚ ਉਹ ਸਮਾਂ ਕੱਢ ਕੇ ਉਪਰਲੀ ਚੜ੍ਹਾਈ ’ਤੇ ਗਿਆ ਸੀ। ਉੱਥੇ ਪੁਰਾਣਾ ਲਾਈਟ ਹਾਊਸ ਸੀ। ਕਿਸੇ ਢੱਠੇ ਹੋਏ ਕਿਲੇ ਦੇ ਖੰਡਰ ਬਾਕੀ ਸਨ। ਉੱਥੋਂ ਦੂਰ-ਦੂਰ ਤਕ ਦਾ ਨਜ਼ਾਰਾ ਯਕਦਮ ਸਾਫ ਦਿਖਾਈ ਦੇਂਦਾ ਸੀ। ਨੀਲਾ-ਸਮੁੰਦਰ, ਨਾਰੀਅਲ ਦੇ ਬਾਗ਼, ਘਰਾਂ ਦੀਆਂ ਖਪਰੈਲੀ-ਛੱਤਾਂ, ਸ਼ੂਕਦੀਆਂ ਹੋਈਆਂ ਸਮੁੰਦਰੀ ਹਵਾਵਾਂ ਤੇ ਲਾਲ-ਜਾਮਨੀ ਮਿੱਟੀ ਦੇ ਸਖ਼ਤ ਮੈਦਾਨ। ਉਹ ਖਿੜ-ਪੁੜ ਗਿਆ ਸੀ। ਇੱਥੇ ਕੋਈ ਘੰਟਿਆਂਬੱਧੀ, ਮੀਲਾਂ ਤੀਕ ਸੈਰ ਕਰ ਸਕਦਾ ਏ—ਉਸਨੇ ਸੋਚਿਆ ਸੀ। ਹੋਟਲ ਦੀ ਪਿਛਲੀ ਚੜ੍ਹਾਈ ’ਤੇ ਚੜ੍ਹਨ ਤੇ ਕਈ ਘੰਟੇ ਘੁੰਮਣ ਦਾ ਪ੍ਰੋਗਰਾਮ ਬਣਾਇਆ ਸੀ...ਤੇ ਉਹ ਵੀ ਸਮੁੰਦਰ ਦੇ ਨਾਲ-ਨਾਲ। ਇੱਥੇ ਹਰੇਕ ਜਗਾਹ ਤੋਂ ਸਮੁੰਦਰ ਦਿਖਾਈ ਦੇਂਦਾ ਸੀ ਤੇ ਜੇ ਕਿਤੋਂ ਨਾ ਵੀ ਦਿਖ ਰਿਹਾ ਹੁੰਦਾ ਤਾਂ ਉਸਦੀ ਗੰਭੀਰ ਆਵਾਜ਼ ਦਾ ਸਾਥ ਨਹੀਂ ਸੀ ਛੁੱਟਦਾ।

ਉਸਨੇ ਸੋਚਿਆ—ਮੈਂ ਏਨੀਆਂ ਥਾਵਾਂ ’ਤੇ ਘੁੰਮਿਆ ਆਂ, ਪਰ ਅਜਿਹਾ ਸਮੁੰਦਰ ਕਿਤੇ ਨਹੀਂ ਡਿੱਠਾ। ਇਹ ਸਮੁੰਦਰ ਸਾਰੇ ਮਾਹੌਲ ਨੂੰ ਸਮੁੰਦਰ ਬਣਾ ਰਿਹਾ ਏ। ਇੱਥੋਂ ਦਾ ਆਸਮਾਨ ਵੀ ਸਮੁੰਦਰ ਤੋਂ ਪ੍ਰਭਾਵਿਤ ਏ। ਇੰਜ ਉਸਨੂੰ ਇਸ ਤੋਂ ਪਹਿਲਾਂ ਕਦੀ ਨਹੀਂ ਸੀ ਲੱਗਿਆ—ਸਮੁੰਦਰ ਉਸਦੇ ਮਨ ਉੱਤੇ ਏਸ ਹੱਦ ਤਕ ਛਾ ਗਿਆ ਹੋਏ। ਉਸਦਾ ਬਚਪਨ ਤਾਂ ਸੋਕਾ-ਮਾਰੇ ਇਲਾਕੇ ਵਿਚ ਬੀਤਿਆ ਸੀ ਤੇ ਬਾਕੀ ਜੀਵਨ, ਸਪਾਟ-ਸ਼ਹਿਰਾਂ ਵਿਚ। ਜਦੋਂ ਦਾ ਮੈਂ ਪਾਣੀ ਸ਼ੁੱਧ ਕਰਨ ਦੀ ਮਸ਼ੀਨਰੀ ਬਣਾਉਣ ਲੱਗ ਪਿਆਂ, ਓਦੋਂ ਦਾ ਮੇਰਾ ਪਾਣੀ ਨਾਲ ਨਾਤਾ ਜੁੜ ਗਿਆ ਏ। ਉਹ ਸੋਚਦਾ ਰਿਹਾ। ਝਰਨੇ, ਖਾਲ, ਨਦੀਆਂ ਤੇ ਸਮੁੰਦਰ। ਇੱਥੋਂ ਵਾਪਸ ਜਾਂਦਿਆਂ ਈ ਮੈਂ ਨੰਦਨੀ ਨੂੰ ਕਿਹਾ ਸੀ—‘ਆਪਾਂ ਉੱਥੇ ਜ਼ਰੂਰ ਚੱਲਾਂਗੇ। ਤਿੰਨ ਚਾਰ ਦਿਨਾਂ ਲਈ। ਛੁੱਟੀਆਂ ਮਨਾਉਣ ਖਾਤਰ। ਬੜਾ ਵਧੀਆ ਰਿਸਾਰਟ ਏ ਉੱਥੋਂ ਦਾ, ਵਧੀਆ ਢੰਗ ਨਾਲ ਮੈਨੇਜ ਕੀਤਾ ਹੋਇਆ, ਉੱਥੇ ਸਭ ਕੁਝ ਮਿਲਦਾ ਏ...ਕਿਸੇ ਚੀਜ਼ ਲਈ ਇਧਰ-ਉਧਰ ਭਟਕਣ ਦੀ ਲੋੜ ਨਹੀਂ ਪੈਂਦੀ।’

ਉਹ ਜਾਣਦਾ ਸੀ ਨੰਦਨੀ ਮਨ੍ਹਾਂ ਨਹੀਂ ਕਰੇਗੀ। ਅਜਿਹੀਆਂ ਥਾਵਾਂ ਉਸਨੂੰ ਵੀ ਚੰਗੀਆਂ ਲੱਗਦੀਆਂ ਨੇ। ਉਹ ਕਦੀ ਟੋਕਦੀ ਨਹੀਂ। ਹਾਂ, ਉਹ ਮੇਰੇ ਵਾਂਗ ਪਹਾੜੀ ’ਤੇ ਨਹੀਂ ਚੜ੍ਹ ਸਕੇਗੀ। ਦਮੇਂ ਦੀ ਮਰੀਜ਼ ਜੋ ਏ ਉਹ। ਸਾਹ ਉੱਖੜ ਜਾਏਗਾ ਉਸਦਾ। ਉਹ ਕਾਟੇਜ ਦੀਆਂ ਪੌੜੀਆਂ ਉੱਤੇ ਬੈਠ ਕੇ ਗੱਪਾਂ ਮਾਰਦੀ ਤੇ ਚਾਹ ਦੀਆਂ ਪਿਆਲੀਆਂ ਖਾਲੀ ਕਰਦੀ ਰਿਹਾ ਕਰੇਗੀ। ਮੈਂ ਘੁੰਮਣ ਜਾਵਾਂਗਾ ਤਾਂ ਕਿਤਾਬ ਪੜ੍ਹਦੀ ਰਹੇਗੀ। ਕਿਤਾਬਾਂ ਦੀ ਪੰਡ ਬੰਨ੍ਹ ਕੇ ਨਾਲ ਲੈ ਆਈ ਏ। ਉਹ



ਜਗਾਹ ਈ ਅਜਿਹੀ ਏ ਕਿ ਉੱਥੇ ਕੁਝ ਵੀ ਕਰੋ ਭਾਵੇਂ ਨਾ ਕਰੋ ਮਨ ਲੱਗਿਆ ਰਹੇਗਾ। ਸਿਰਫ ਸਮੁੰਦਰ ਦੇਖਦੇ ਰਹਿਣ ਨਾਲ ਈ ਮਨ ਰੁੱਝਿਆ ਰਹੇਗਾ। ਕਿਤੋਂ ਵੀ ਦੇਖੋ—ਭਾਵੇਂ ਕਿਨਾਰੇ ’ਤੇ ਜਾ ਕੇ, ਭਾਵੇਂ ਆਪਣੀ ਜਗਾਹ ਤੋਂ। ਤੇ ਨੰਦਨੀ ਖ਼ੂਬ ਜਾਣਦੀ ਏ, ਆਪਣੇ ਮਨ ਨੂੰ ਵਿਅਸਤ ਰੱਖਣ ਦੀ ਕਲਾ।

ਉਸਨੇ ਫੇਰ ਨੰਦਨੀ ਵੱਲ ਦੇਖਿਆ। ਉਹੀ ਗੂੜ੍ਹੀ ਨੀਂਦ। ਉਸਨੂੰ ਇਸਦਾ ਵੀ ਗਿਆਨ ਨਹੀਂ ਸੀ ਕਿ ਅਸੀਂ ਗੱਡੀ ਵਿਚ ਆਂ ਤੇ ਗੱਡੀ ਤੇਜ਼ ਦੌੜੀ ਜਾ ਰਹੀ ਏ। ਉਹ ਇੰਜ ਸੁੱਤੀ ਹੋਈ ਏ ਜਿਵੇਂ ਘਰੇ ਪਈ ਹੋਵੇ। ਉਹ ਜਾਣਦਾ ਸੀ—ਜੇ ਨੰਦਨੀ ਨੂੰ ਜਗਾ ਕੇ ਪੁੱਛਿਆ ਵੀ ਜਾਏ ਤਾਂ ਉਹ ਕਹੇਗੀ, “ਤੁਹਾਡੇ ਨਾਲ ਮੈਂ ਬਿਲਕੁਲ ਆਰਾਮ ਵਿਚ ਹੁੰਦੀ ਆਂ। ਤੁਸੀਂ ਨਾਲ ਹੁੰਦੇ ਓਂ ਤਾਂ ਮੈਂ ਸਾਰੀਆਂ ਚਿੰਤਾਵਾਂ ਤੋਂ ਮੁਕਤ ਹੋ ਜਾਂਦੀ ਆਂ। ਵਰਨਾ ਮੈਂ ਇੰਜ ਥੋੜ੍ਹਾ ਈ ਸੌਂਦੀ? ਤੁਸੀਂ ਨਾਲ ਹੁੰਦੇ ਓਂ ਤਾਂ ਹੀ ਤਾਂ ਮੈਨੂੰ ਨੀਂਦ ਆ ਜਾਂਦੀ ਏ।” ਪਹਿਲਾਂ ਉਹ ਬੇਹੱਦ ਖਿਝ ਜਾਂਦਾ ਸੀ—ਪਰ ਰਾਜੂ ਬੜਾ ਖ਼ੁਸ਼ ਹੁੰਦਾ ਸੀ, ਕਿਉਂਕਿ ਉਸਨੂੰ ਫਰੰਟ ਸੀਟ ਉੱਤੇ ਬੈਠਣ ਦਾ ਮੌਕਾ ਮਿਲ ਜਾਂਦਾ ਸੀ। ਹੁਣ ਵੀ ਜੇ ਉਹ ਨਾਲ ਹੁੰਦਾ ਤਾਂ ਮਜ਼ਾ ਆ ਜਾਂਦਾ। ਭਾਸਕਰ ਨੇ ਸੋਚਿਆ। ਪਰ ਉਹ ਤਾਂ ਦੂਰ ਜਹਾਜ਼ ਵਿਚ ਏ। ਕਿੰਜ ਹੁੰਦਾ ਸਾਡੇ ਨਾਲ! ਅਸੀਂ ਇੱਥੇ ਆ ਰਹੇ ਆਂ ਇਸਦਾ ਪਤਾ ਏ ਉਸਨੂੰ! ਬੱਸ। ਉਸਦਾ ਫ਼ੋਨ ਆਉਂਦਾ ਈ ਹੋਵੇਗਾ।

ਭਾਸਕਰ ਨੇ ਸੋਚਿਆ—ਨੰਦਨੀ ਸੁੱਤੀ ਹੋਈ ਏ, ਚੰਗਾ ਈ ਏ। ਸੋਹਬਤ ਵੀ ਏ ਤੇ ਇਕੱਲੇ ਹੋਣ ਦਾ ਆਨੰਦ ਵੀ। ਦੋਵਾਂ ਵਿਚ ਅੱਜ ਕਲ੍ਹ ਇਹੋ ਨਾਤਾ ਏ। ਘਰੇ ਵੀ ਦੋਵੇਂ ਇਕ ਦੂਜੇ ਨੂੰ ਨਵਾਂ ਕੀ ਦੱਸਦੇ-ਪੁੱਛਦੇ ਨੇ ਭਲਾ? ਉਹ ਆਪਣੇ ਕੰਮਾਂ ਵਿਚ ਉਲਝੀ ਹੁੰਦੀ ਏ। ਸਹਿਜ ਭਾਅ ਆਪਣੇ ਘਰ ਦੇ ਸਾਰੇ ਕੰਮ ਕਰਦੀ ਰਹਿੰਦੀ ਏ। ਲੋੜ ਨਾ ਹੋਣ ’ਤੇ ਵੀ—ਆਦਤਨ! ਵਰਨਾ ਪੜ੍ਹਦੀ ਰਹਿੰਦੀ ਏ ਜਾਂ ਗਾਣੇ ਸੁਣਦੀ ਰਹਿੰਦੀ ਏ। ਕਦੇ-ਕਦਾਰ ਫੁੱਲਾਂ-ਬੂਟਿਆਂ ਦੀ ਦੇਖ-ਭਾਲ ਵਿਚ ਰੁੱਝੀ ਹੁੰਦੀ ਏ—ਕਦੀ ਕਿਸੇ ਕੇ ਘਰ ਹੋ ਆਉਂਦੀ ਏ, ਪਰ ਜਦੋਂ ਮੈਂ ਘਰ ਨਹੀਂ ਹੁੰਦਾ ਓਦੋਂ? ਮੈਂ ਘਰੇ ਹੁੰਦਾ ਆਂ ਤਾਂ ਬਾਹਰ ਜਾਣ ਤੋਂ ਟਲਦੀ ਏ। ਨੌਕਰੀ, ਉਸਨੇ ਕਦੀ ਨਹੀਂ ਕੀਤੀ; ਕਦੀ ਉਸਦੀ ਇੱਛਾ ਵੀ ਨਹੀਂ ਹੋਈ। ਜੇ ਉਹ ਨੌਕਰੀ ਕਰਦੀ ਤਾਂ ਮੈਨੂੰ ਚੰਗਾ ਲੱਗਦਾ। ਖ਼ੁਦ ਕਮਾਉਣ ਨਾਲ ਬੰਦਾ ਤੰਦਰੁਸਤ ਰਹਿੰਦਾ ਏ। ਆਪਣੀ ਈ ਮਸਤੀ ਵਿਚ। ਵੈਸੇ ਨੰਦਨੀ ਨੂੰ ਨੌਕਰੀ ਕਰਨ ਦੀ ਲੋੜ ਵੀ ਨਹੀਂ ਸੀ ਕੋਈ—ਮੇਰੀ ਕੰਪਨੀ ਨਵੀਂ-ਨਵੀਂ ਸੀ, ਓਦੋਂ ਵੀ ਨਹੀਂ, ਹੁਣ ਤਾਂ ਬਿਲਕੁਲ ਈ ਨਹੀਂ। ਨੰਦਨੀ ਨੂੰ ਸਿੱਧਾ-ਸਾਦਾ, ਸਰਲ-ਸੁਤੰਤਰ ਜੀਵਨ ਪਸੰਦ ਏ। ਰਾਜੂ ਜਦੋਂ ਸਕੂਲ ਜਾਂਦਾ ਹੁੰਦਾ ਸੀ ਓਦੋਂ ਇਕ ਜ਼ਿੰਮੇਵਾਰੀ ਹੁੰਦੀ ਸੀ, ਹੁਣ ਤਾਂ ਉਹ ਵੀ ਨਹੀਂ।

ਉਹ ਦਿਮਾਗ਼ ’ਤੇ ਜ਼ੋਰ ਦੇ ਕੇ ਸੋਚਣ ਲੱਗਿਆ—ਨੰਦਨੀ ਕੁਝ ਵੀ ਨਾ ਕਰਦੀ ਹੋਈ ਏਨੀ ਖ਼ੁਸ਼ ਕਿਵੇਂ ਰਹਿੰਦੀ ਏ? ਕੀ ਕਰਦੀ ਰਹਿੰਦੀ ਏ? ਘਰੇਲੂ ਕੰਮ? ਪੜ੍ਹਨਾ? ਮਨ ਪਰਚਾਉਣ ਲਈ ਕੀ ਐ ਉਸ ਕੋਲ? ਮੈਨੂੰ ਤਾਂ ਹਰ ਸਮੇਂ, ਸਮੇਂ ਦੀ ਘਾਟ ਮਹਿਸੂਸ ਹੁੰਦੀ ਰਹਿੰਦੀ ਏ—ਕੰਮ ’ਚੋਂ ਕੰਮ ਨਿਕਲੇ ਆਉਂਦੇ ਨੇ; ਤੇ ਨੰਦਨੀ? ਉਸਦਾ ਸਮਾਂ ਕਿੰਜ ਬੀਤਦਾ ਹੋਏਗਾ? ਸ਼ੁਰੂ-ਸ਼ੁਰੂ ਵਿਚ ਮੈਂ ਕਈ ਵਾਰੀ ਉਸਨੂੰ ਪੁੱਛਿਆ ਵੀ। ਸੱਚ ਪੁੱਛੋ ਤਾਂ ਉਸਦੀ ਸਮਝ ਵਿਚ ਇਹ ਪ੍ਰਸ਼ਨ ਈ ਨਹੀਂ ਆਇਆ। ਉਹ ਕਦੀ ਵਿਹਲੀ ਜਾਂ ਉਦਾਸ ਬੈਠੀ ਹੋਈ, ਜਾਂ ਤਾਰੇ ਗਿਣਦੀ ਹੋਈ, ਨਜ਼ਰ ਨਹੀਂ ਆਈ। ਹਮੇਸ਼ਾ ਕਿਸੇ ਨਾ ਕਿਸੇ ਕੰਮ ਵਿਚ ਲੱਗੀ ਰਹਿੰਦੀ ਸੀ। ਉਸਦਾ ਮਨ ਖ਼ੁਸ਼ ਈ ਰਹਿੰਦਾ ਹੋਏਗਾ ਵਰਨਾ ਕਦੀ ਖਿਝਦੀ ਨਾ? ਪਰ ਇੰਜ ਕਦੀ ਹੋਇਆ ਈ ਨਹੀਂ। ਨਾ ਖਿਝ, ਨਾ ਚਿੜਚਿੜਾਹਟ, ਨਾ ਕੰਮ ਦੇ ਢੇਰ ਦੀ ਸ਼ਿਕਾਇਤ! ਔਖੀ-ਦੁਖੀ ਤਾਂ ਮੈਂ ਉਸਨੂੰ ਕਦੀ ਦੇਖਿਆ ਈ ਨਹੀਂ। ਉਹ ਹਮੇਸ਼ਾ ਇਕੋ-ਜਿਹੀ ਹੁੰਦੀ ਏ—ਸਹਿਜ, ਖ਼ੁਸ਼ ਤੇ ਆਪਣੇ ਆਪ ਵਿਚ ਮਗਨ। ਹਾਂ, ਸਥਿਤੀਆਂ ਵੀ ਉਸਦੇ

ਇੰਜ ਹੋਣ ਵਿਚ ਸਹਾਇਕ ਸਿੱਧ ਹੁੰਦੀਆਂ ਨੇ ਪਰ ਮੈਂ ਇਹ ਕਦੀ ਨਹੀਂ ਜਾਣ ਸਕਿਆ ਕਿ ਉਸਦੇ ਮਨ ਵਿਚ ਕੀ ਚੱਲ ਰਿਹਾ ਏ!

ਉਸਨੇ ਇਕ ਲੰਮਾ ਸਾਹ ਖਿੱਚ ਕੇ ਛੱਡਿਆ—ਮਨ ਵਿਚ ਇਕ ਚੀਸ ਜਿਹੀ ਉੱਠੀ। ਹਮੇਸ਼ਾ ਵਰਗੇ ਵਿਚਾਰ—ਇਕੱਲੇ, ਵਿਹਲੇ ਮਨ ਵਿਚ ਉਭਰਨ ਵਾਲੇ। ਤੇ ਇਹਨਾਂ ਵਿਚਾਰਾਂ ਦੇ ਉਭਰਨ ਨਾਲ ਈ ਉੱਠਣ ਵਾਲੀ ਇਹ ਚੀਸ। ਇਹ ਦਿਲ ਦੀ ਬਿਮਾਰੀ ਕਤਈ ਨਹੀਂ। ਦਿਲ ਮੇਰਾ ਬਿਲਕੁਲ ਠੀਕ-ਠਾਕ ਏ। ਨਿਯਮ ਨਾਲ ਪੂਰੀ ਜਾਂਚ ਕਰਵਾਉਂਦਾ ਰਹਿੰਦਾ ਆਂ। ਸਰੀਰ ਘੋੜੇ ਵਾਂਗ ਚੁਸਤ ਤੇ ਰੋਅਬੀਲਾ ਏ। ਇਹ ਚੀਸ ਵੱਖਰੀ ਕਿਸਮ ਦੀ ਏ। ਮਨ ਵਿਚ ਉਭਰਨ ਵਾਲੀ। ਕਿੱਥੋਂ ਉਭਰਦੀ ਏ ਅੱਜ ਤੀਕ ਪਤਾ ਨਹੀਂ ਲੱਗਿਆ। ਪਰ ਉਭਰਦੀ ਏ ਤੇ ਤਦ ਉਭਰਦੀ ਏ ਜਦ ਅੰਦਰ ਬੇਤਹਾਸ਼ਾ ਦੌੜ ਸ਼ੁਰੂ ਹੋ ਜਾਂਦੀ ਏ। ਮੂੰਹ ਵਿਚ ਨਿੰਮ ਵਰਗੀ ਕੁਸੈਲ ਘੁਲ ਜਾਂਦੀ ਏ ਤੇ ਥਕਾਨ ਨਾਲ ਚੂਰ-ਚੂਰ ਹੋ ਜਾਂਨਾਂ ਮੈਂ।

ਉਸਨੇ ਸੀਟ ਬੈਲਟ ਢਿੱਲੀ ਕੀਤੀ। ਬਟਨ ਨੱਪ ਕੇ ਗਾਣੇ ਵਜਾਉਣੇ ਸ਼ੁਰੂ ਕਰ ਦਿੱਤੇ। ਗਾਣਿਆਂ ਦੀਆਂ ਮਿੱਠੀਆਂ ਸੁਰਾਂ ਦੇ ਗੂੰਜਦਿਆਂ ਈ ਚਿੱਤ ਰਤਾ ਥਾਵੇਂ ਆ ਗਿਆ। ਗਤੀ ਧੀਮੀ ਕਰਕੇ ਉਹ ਆਰਾਮ ਨਾਲ ਗੱਡੀ ਚਲਾਉਣ ਲੱਗ ਪਿਆ।

ਉਮੀਦ ਅਨੁਸਾਰ ਰਿਸੋਰਟ ਸ਼ਾਂਤ ਸੀ। ਇਹ ਨਾ ਤਾਂ ਛੁੱਟੀਆਂ ਦੇ ਦਿਨ ਸਨ ਤੇ ਨਾ ਈ ਵੀਕ ਐਂਡ ਦੇ। ਭੀੜ ਬਿਲਕੁਲ ਨਹੀਂ ਸੀ। ਗੱਡੀ ਦੇ ਉੱਥੇ ਪਹੁੰਚਦਿਆਂ ਈ ਨੰਦਨੀ ਖਿੜ ਗਈ—ਖੁੱਲ੍ਹੀ ਜਗਾਹ, ਦੂਰ-ਦੂਰ ਬਣੇ ਕਾਟੇਜ, ਹਰਿਆਲੀ, ਉਸ ਵਿਚੋਂ ਲੰਘਦੀ ਪਗਡੰਡੀ, ਵੱਡੇ-ਵੱਡੇ ਰੁੱਖ ਤੇ ਉਹਨਾਂ ਦੁਆਲੇ ਬਣੇ ਹੋਏ ਚਬੂਤਰੇ। ਛੱਤਾਂ ਨਾਲ ਝੂਟਦੀਆਂ ਵੇਲਾਂ, ਬਾਂਸ ਦੇ ਝੁੰਡ। ਹਰ ਕਾਟੇਜ ਦਾ ਲੰਮਾ ਸਾਰਾ ਵਰਾਂਡਾ, ਚੌੜੀ ਰੇਲਿੰਗ, ਬੈਂਤ ਦੀਆਂ ਕੁਰਸੀਆਂ, ਪੌੜੀਆਂ ਉੱਤੇ ਖੁੱਲ੍ਹੇ ਵੱਲ ਮੂੰਹ ਕਰਕੇ ਕਿਤੇ ਵੀ ਆਰਾਮ ਨਾਲ ਬੈਠਿਆ ਜਾ ਸਕਦਾ ਸੀ।

ਭਾਸਕਰ ਨੇ ਯਕਦਮ ਉਸ ਸਿਰੇ ਵਾਲਾ ਕਾਟੇਜ ਮੰਗਿਆ। ਪਿਛਲੀ ਵਾਰੀ ਉਹ ਦੇਖ ਕੇ ਗਿਆ ਸੀ। ਉੱਥੋਂ ਰੈਸਟੋਰੇਂਟ ਦੂਰ ਸੀ ਪਰ ਪਿਛਲੀ ਪਹਾੜੀ ਬਿਲਕੁਲ ਨਜ਼ਦੀਕ। ਇਕ ਪਗਡੰਡੀ ਸਿੱਧੀ ਪਹਾੜੀ ਵੱਲ ਜਾਂਦੀ ਸੀ ਤੇ ਦੂਜੇ ਪਾਸੇ ਸਮੁੰਦਰ ਤੱਕ ਲੈ ਜਾਣ ਵਾਲੀਆਂ ਪੌੜੀਆਂ।

"ਹਾਂ, ਉਹੀ ਕਾਟੇਜ ਤੁਹਾਨੂੰ ਦਿੱਤਾ ਗਿਆ ਏ ਸਰ! ਜਦੋਂ ਤੁਹਾਡੇ ਮੈਨੇਜਰ ਦਾ ਫ਼ੋਨ ਆਇਆ ਸੀ ਉਦੋਂ ਈ ਉਹ ਕਾਟੇਜ ਤੁਹਾਡੇ ਨਾਂ ਬੁਕ ਕਰ ਦਿੱਤਾ ਗਿਆ ਏ।" ਰਿਸੈਪਸ਼ਨ ਵਾਲਾ ਆਦਮੀ ਬੜੇ ਅਦਬ ਨਾਲ ਕਹਿ ਰਿਹਾ ਸੀ।

"ਗੁੱਡ। ਤੁਹਾਡੀ ਜਿੰਮ ਠੀਕ-ਠਾਕ ਏ ਨਾ?"

"ਬਿਲਕੁਲ ਸਰ।"

"ਸਮਾਂ?"

"ਕਦੋਂ ਵੀ ਸਰ! ਜਦੋਂ ਤੁਸੀਂ ਚਾਹੋ ਉਦੋਂ—ਗੇਸ਼ਟ ਲਈ ਚੌਵੀ ਘੰਟੇ ਖੁੱਲ੍ਹਾ।"

"ਵੈਰੀ ਗੁੱਡ। ਚਾਬੀ ਕਿੱਥੇ ਐ?"

"ਇਹ ਨਾਲ ਜਾਏਗਾ! ਕਾਟੇਜ ਖੋਲ੍ਹ ਦਿੱਤਾ ਏ। ਪਲੀਜ਼ ਬੀ ਕੰਫ਼ਰਟੇਬਲ। ਕੁਛ ਚਾਹੀਦਾ ਹੋਏ ਤਾਂ ਤੁਰੰਤ ਦੱਸਣਾ ਸਰ।" ਉਹ ਅਦਬ ਨਾਲ ਕਹਿ ਰਿਹਾ ਸੀ।

ਅਟੈਂਡੇਂਟ ਦੇ ਪਿੱਛੇ ਉਹ ਹਰਿਆਲੀ ਦੇ ਕਿਨਾਰੇ-ਕਿਨਾਰੇ ਤੁਰ ਪਏ। ਉੱਥੇ ਪਹੁੰਚਦਿਆਂ ਈ ਸਮੁੰਦਰ ਦੀ ਗੰਧ ਦਿਮਾਗ਼ ਉੱਤੇ ਛਾਉਣ ਲੱਗੀ। ਖੁੱਲ੍ਹੀ ਜਗਾਹ ਪਹੁੰਚਦਿਆਂ ਈ ਨਾਰੀਅਲ ਦੇ ਝੁੰਡਾਂ ਵਿਚੋਂ ਸਮੁੰਦਰ ਦਾ ਨੀਲਾ ਸੰਸਾਰ ਨਜ਼ਰ ਆਉਣ ਲੱਗ ਪਿਆ।

"ਇੱਥੋਂ ਦੇ ਸਮੁੰਦਰ ਦੀ ਗੱਲ ਤਾਂ ਠੀਕ ਏ—ਪਰ ਏਥੇ ਆਉਂਦਿਆਂ ਅਸਲੀ ਕਾਰਨ ਦਾ



ਪਤਾ ਲੱਗ ਗਿਆ ਏ ਮੈਨੂੰ।" ਤੁਰਦੇ-ਤੁਰਦੇ ਨੰਦਨੀ ਨੇ ਕਿਹਾ।

"ਕੀ?"

"ਇਹੀ! ਜਿੰਮ! ਹੋਰ ਕੀ! ਉਸਦੇ ਬਿਨਾਂ ਤੁਹਾਡਾ ਸਰਦਾ ਏ ਭਲਾ!"

ਭਾਸਕਰ ਮੁਸਕਰਾਇਆ।

"ਹੁਣੇ ਤੁਰੰਤ ਤਾਂ ਨਹੀਂ ਜਾਓਗੇ ਨਾ?"

"ਨਹੀਂ। ਅਜੇ ਥੱਕਿਆ ਹੋਇਆਂ, ਗੱਡੀ ਚਲਾ-ਚਲਾ ਕੇ।...ਹੁਣ ਬੱਸ ਥੋੜ੍ਹੀ ਦੇਰ ਸੌਂਵਾਂਗਾ।"

ਕਾਟੇਜ ਵਿਚ ਪ੍ਰਵੇਸ਼ ਕਰਦਿਆਂ ਈ ਨੰਦਨੀ ਸਾਹਮਣੇ ਦਾ ਦ੍ਰਿਸ਼ ਦੇਖ ਕੇ ਖਿੜ-ਪੁੜ ਗਈ। ਸਾਹਮਣੇ ਵਾਲੇ ਲੰਮੇਂ ਰੁੱਖਾਂ ਕਰਕੇ ਪੌੜੀਆਂ ਉੱਤੇ ਛਾਂ ਸੀ ਤੇ ਚਾਰੇ ਪਾਸੇ ਪੀਲੀ ਧੁੱਪ। ਸਾਹਮਣੇ ਪਹਾੜੀ ਦੀ ਢਲਾਨ ਸੀ ਤੇ ਨਾਰੀਅਲ ਦੇ ਝੁੰਡਾਂ ਪਿੱਛੇ ਸਮੁੰਦਰ—ਕਿਸੇ ਚਿੱਤਰਕਾਰ ਦੇ ਕਾਨਵੈਸ ਉਪਰ ਬਣੀ ਪੇਂਟਿੰਗ ਵਾਲੇ ਸਮੁੰਦਰ ਵਾਂਗ। ਚਮਕੀਲਾ ਸਫੈਦ ਆਸਮਾਨ, ਮਿਟਮੈਲੀ ਰੇਤ ਦਾ ਬਿਸਤਰਾ, ਗਰਮ ਧੁੱਪ ਵਿਚ ਨੀਲਾ-ਪਾਣੀ ਚੰਨ-ਚਾਨਣੀ ਵਾਂਗ ਲਹਿਰਾ ਰਿਹਾ ਸੀ। ਹਵਾ ਨਹੀਂ ਸੀ...ਪਰ ਲਹਿਰਾਂ ਦੀ ਅਸਪਸ਼ਟ ਜਿਹੀ ਗੂੰਜ ਸੁਣਾਈ ਦੇ ਰਹੀ ਸੀ। ਨੰਦਨੀ ਉੱਥੇ ਵਰਾਂਡੇ ਦੀਆਂ ਪੌੜੀਆਂ ਉੱਤੇ ਈ ਬੈਠ ਗਈ।

"ਵਾਹ! ਕਿਆ ਸੁੰਦਰ ਨਜ਼ਾਰਾ ਏ! ਵਧੀਆ ਜਗਾਹ। ਮੈਂ ਤਾਂ ਇੱਥੇ ਬੈਠਾਂਗੀ—ਕਿਤੇ ਹੋਰ ਜਾਣ ਦੀ ਲੋੜ ਈ ਨਹੀਂ।"

"ਹਾਂ-ਹਾਂ! ਬੈਠੀ ਰਿਹਾ ਕਰੀਂ...ਹੋਰ ਇੱਥੇ ਕਰਨਾ ਵੀ ਕੀ ਏ!"

ਭਾਸਕਰ ਨੇ ਅੰਦਰ ਜਾ ਕੇ ਸਾਮਾਨ ਉੱਤੇ ਨਿਗਾਹ ਮਾਰੀ। ਅਟੈਂਡੇਂਟ ਨੂੰ ਟਿੱਪ ਦਿੱਤੀ।

"ਸਾਹਬ, ਕੁਛ ਚਾਹ-ਕਾੱਫੀ?"

"ਹਾਂ-ਹਾਂ। ਚਾਹ ਚੱਲੇਗੀ—ਨੰਦਨੀ ਤੂੰ ਕੀ ਲਏਂਗੀ?"

"ਚਾਹ ਈ। ਪਰ ਦੁੱਧ-ਚੀਨੀ ਅਲੱਗ-ਅਲੱਗ ਲਿਆਉਣ ਲਈ ਕਹਿਣਾ...ਜੇ ਹੋ ਸਕੇ ਤਾਂ।"

"ਦੋ ਪਾਟ ਟੀ।...ਤੇ ਪਾਣੀ ਹੈ ਨਾ?"

"ਹਾਂ ਸਾਹਬ! ਪਾਣੀ ਦੀਆਂ ਬੋਤਲਾਂ ਰੱਖ ਦਿੱਤੀਆਂ ਨੇ। ਫਰਿਜ਼ ਵਿਚ ਵੀ ਪਾਣੀ ਰੱਖਿਐ।" ਉਹ ਚਲਾ ਗਿਆ।

ਭਾਸਕਰ ਸੋਚਣ ਲੱਗਾ—ਕੱਪੜੇ ਬਦਲਾਂ ਕਿ...ਹੁਣ ਤੱਕ ਤਾਂ ਮਹਿਸੂਸ ਨਹੀਂ ਸੀ ਹੋਇਆ ਪਰ ਸਾਹਮਣੇ ਏਡਾ ਵੱਡਾ ਬੈੱਡ ਵਿਛਿਆ ਵੇਖ ਕੇ ਦੇਹ ਭਾਰੀ-ਭਾਰੀ ਲੱਗਣ ਲੱਗ ਪਈ ਸੀ। ਉਸਨੇ ਬੂਟ ਲਾਹੇ ਤੇ ਗੱਦੇ ਉੱਤੇ ਆਪਣੇ-ਆਪ ਨੂੰ ਸੁੱਟ ਦਿੱਤਾ। ਮੁਲਾਇਮ ਗੱਦੇ ਉੱਤੇ ਪੈਂਦਿਆਂ ਈ ਸਾਰੇ ਸਰੀਰ ਨੂੰ ਇਕ ਧੁੜਧੁੜੀ ਜਿਹੀ ਆਈ। ਉਸਨੇ ਹੱਥ ਸਿਰ ਹੇਠ ਰੱਖ ਲਏ। ਪੂਰਾ ਸਰੀਰ ਅਕੜਾਇਆ ਤੇ ਫੇਰ ਢਿੱਲਾ ਛੱਡ ਦਿੱਤਾ। ਛੱਤ ਤੋਂ ਲੈ ਕੇ ਫਰਸ਼ ਤਕ ਨਜ਼ਰਾਂ ਘੁਮਾਈਆਂ। ਛੱਤ ਦੀ ਉਚਾਈ ਕੁਝ ਜ਼ਿਆਦਾ ਈ ਸੀ। ਸਫੈਦ ਛੱਤ, ਹਲਕੇ ਪੀਲੇ ਰੰਗ ਦੀਆਂ ਕੰਧਾਂ—ਐਨ ਵਿਚਕਾਰ ਸੀਲਿੰਗ ਫੈਨ। ਦੋ ਖਿੜਕੀਆਂ। ਇਕ ਬਗ਼ੀਚੇ ਵੱਲ ਖੁੱਲ੍ਹਣ ਵਾਲੀ ਤੇ ਦੂਜੀ ਦਰਵਾਜ਼ੇ ਨਾਲ ਜੁੜਵੀਂ—ਸਮੁੰਦਰ ਵੱਲ ਖੁੱਲ੍ਹਦੀ ਹੋਈ। ਪਰਦੇ। ਬੈੱਡ ਨਾਲ ਲਾ ਕੇ ਰੱਖਿਆ ਡਰੈਸਿੰਗ ਟੇਬਲ। ਉਸਦੇ ਕੋਲ ਛੋਟਾ ਜਿਹਾ ਰਾਈਟਿੰਗ ਟੇਬਲ, ਟੇਬਲ ਲੈਂਪ। ਕੋਲ ਈ ਲੱਕੜ ਦਾ ਵਾਰਡਰੋਬ। ਵਿਚਕਾਰਲੀ ਖੁੱਲ੍ਹੀ ਜਗਾਹ ਉੱਤੇ ਲੰਮਾ ਜਿਹਾ ਸੋਫਾ, ਕੁਰਸੀਆਂ, ਟੀ ਪਾਟ। ਤਾਜ਼ੇ ਫੁੱਲਾਂ ਨਾਲ ਭਰਿਆ ਫਲਾਵਰ ਪਾਟ। ਕਮਰਾ ਕਾਰੋਬਾਰੀ ਨਜ਼ਰੀਏ ਨਾਲ ਸਜਾਇਆ ਗਿਆ ਸੀ।

ਕਾਰ ਚਲਾਉਂਦਾ-ਚਲਾਉਂਦਾ ਭਾਸਕਰ ਸੋਚ ਰਿਹਾ ਸੀ ਕਿ ਰਿਸੋਰਟ ਪਹੁੰਚ ਕੇ ਕੀ ਕੀਤਾ ਜਾਏ। ਤੇ ਉਸਨੂੰ ਸ਼ਾਦੀ ਪਿੱਛੋਂ ਦੂਜਾ ਸਾਲ ਯਾਦ ਆਇਆ। ਉਹ ਬੰਗਲੌਰ ਗਏ ਸਨ। ਸਾਰੀ ਰਾਤ ਦਾ ਸਫ਼ਰ। ਸਵੇਰੇ ਪਹੁੰਚੇ। ਸਾਮਾਨ ਰੱਖਿਆ ਗਿਆ। ਕਮਰੇ ਦਾ ਦਰਵਾਜ਼ਾ ਬੰਦ ਕੀਤਾ ਗਿਆ। ਇਕ ਪਲ ਨੰਦਨੀ ਤੇ ਮੈਂ ਇਕ ਦੂਜੇ ਨੂੰ ਦੇਖਦੇ ਰਹੇ।...ਤੇ ਫੇਰ ਤਨ ਵਿਚ ਜਿਵੇਂ ਜਵਾਲਾ ਭੜਕ ਉੱਠੀ ਸੀ। ਇਕ ਦੂਜੇ ਨਾਲ ਭਿੜ ਗਏ। ਨਾ ਸਮੇਂ ਦਾ ਖ਼ਿਆਲ ਸੀ ਨਾ ਕਿਸੇ ਹੋਰ ਗੱਲ ਦਾ ਲਿਹਾਜ਼। ਪੂਰੀ ਤਰ੍ਹਾਂ ਝੱਲਾ ਹੋਇਆ ਮੈਂ, ਉਸਦੇ ਸਰੀਰ ਨਾਲ ਰੁੱਝਿਆ ਰਿਹਾ। ਬੱਸ। ਤੇ ਉਹ ਵੀ ਸਾਹਾਂ 'ਤੇ ਸਵਾਰ ਹੁੰਦੀ ਹੋਈ ਮੈਨੂੰ ਮਹਿਸੂਸ ਕਰਦੀ ਰਹੀ। ਪਿੱਛੋਂ ਵੀ ਕਈ ਵਾਰ ਇੰਜ ਹੋਇਆ—ਖਾਸ ਕਰਕੇ ਸ਼ਾਦੀ ਪਿੱਛੋਂ ਮੁੱਢਲੇ ਕੁਝ ਵਰ੍ਹਿਆਂ ਵਿਚ। ਜਦੋਂ ਰਾਜੂ ਨਿੱਕਾ ਜਿਹਾ ਸੀ ਓਦੋਂ ਵੀ। ਇਕ ਵਾਰੀ ਤਾਂ ਇੰਜ ਹੋਇਆ ਕਿ ਰਾਜੂ ਛੱਤ ਵੱਲ ਦੇਖਦਾ ਹੋਇਆ ਕਿਲਕਾਰੀਆਂ ਮਾਰਦਾ ਰਿਹਾ ਤੇ ਉਸਦੇ ਕੋਲ ਈ ਅਸੀਂ...। ਫੇਰ ਰਾਜੂ ਵੱਡਾ ਹੋਣ ਲੱਗਾ। ਹਮੇਸ਼ਾ ਸਾਡੇ ਨਾਲ ਰਹਿੰਦਾ ਸੀ। ਫੇਰ ਸੰਭਵ ਨਹੀਂ ਹੋਇਆ। ਤੇ ਉਹ, ਯਾਨੀ ਕਿਤੇ ਪਹੁੰਚਦਿਆਂ ਈ ਕੋਲ ਆਉਣ ਦਾ ਸਿਲਸਿਲਾ ਬੰਦ ਹੋ ਗਿਆ। ਰਾਜੂ ਜਦੋਂ ਵੱਡਾ ਹੋਇਆ, ਉਸਨੇ ਸਾਡੇ ਨਾਲ ਆਉਣਾ ਬੰਦ ਕਰ ਦਿੱਤਾ। ਫੇਰ ਵੀ ਸਮੇਂ-ਸਮੇਂ ਦੀ ਗੱਲ ਹੋ ਗਈ ਸੀ ਉਹ ਗੱਲ। ਕਦੀ ਦੇਰ ਰਾਤ ਪਹੁੰਚਦੇ ਸਾਂ ਤੇ ਕਦੀ ਕਿਸੇ ਨੂੰ ਮਿਲਣ ਲਈ ਬੁਲਾਇਆ ਹੁੰਦਾ ਸੀ। ਸੱਚ ਕਹਾਂ ਤਾਂ ਉਹੋ-ਜਿਹੀ ਲਹਿਰ ਈ ਫੇਰ ਕਦੀ ਨਹੀਂ ਆਈ। ਫੇਰ ਰਹਿ ਗਿਆ ਸਿਰਫ ਆਰਾਮ ਨਾਲ ਚਾਹ ਪੀਣਾ, ਇਸ਼ਨਾਨ, ਨਾਸ਼ਤਾ, ਖਾਣਾ, ਟੀ.ਵੀ., ਘੁੰਮਣਾ ਤੇ ਰਾਤ ਨੂੰ ਸ਼ਾਦੀ-ਸ਼ੁਦਾ ਤੀਵੀਂ-ਮਰਦ ਵਾਂਗ ਇਕੋ ਬਿਸਤਰੇ ਉੱਤੇ ਆ ਪੈ ਜਾਣ ਦੀ ਰੀਤ।

ਉਸਨੂੰ ਹੁਣ ਲੱਗਿਆ, ਗੱਡੀ ਚਲਾਉਂਦਾ ਹੋਇਆ ਸ਼ਾਇਦ ਮੈਂ ਸੋਚ ਰਿਹਾ ਸਾਂ ਕਿ ਇੱਥੇ ਪਹੁੰਚਦਿਆਂ ਈ ਨੰਦਨੀ ਨੂੰ ਕੋਲ ਬੁਲਾਵਾਂਗਾ। ਭਾਵੇਂ ਉਹਨਾਂ ਦਿਨਾਂ ਵਾਂਗ ਨਹੀਂ, ਪਰ ਹੁਣ ਵੀ ਯੋਗ ਉਮੰਗ ਬਾਕੀ ਏ। ਸਰੀਰ ਤੰਦਰੁਸਤ ਏ। ਵਿਚਾਰਲੇ ਜਿਹੇ ਸੁਸਤ ਹੋ ਗਿਆ ਸੀ, ਪਰ ਹੁਣ ਕਸਰਤ ਕਰਨ ਕਰਕੇ ਠੀਕ-ਠਾਕ ਹੋ ਗਿਆ ਏ। ਸਰੀਰ ਵਿਚ ਨਾ ਚਰਬੀ ਏ ਨਾ ਸੁਸਤੀ। ਸਪਾਟ, ਕਸਵਾਂ ਢਿੱਡ। ਸੁਡੌਲ ਪੱਟ। ਬਾਏਸੇਪਸ ਕਦੀ ਵੀ ਫਰਕਣ ਲੱਗਦੇ ਨੇ। ਹਾਂ, ਪਰ ਹੁਣ ਮਨ ਵਿਚ ਉਹ ਉਮੰਗ ਨਹੀਂ ਉੱਠਦੀ। ਹੁਣ ਤਾਂ ਮਨ ਨਾਲ ਵਿਚਾਰ ਕਰਨਾ ਪੈਂਦਾ ਏ—ਸੁਖ ਭੋਗਣ ਲਈ ਵੀ।

ਉਸਨੇ ਦਰਵਾਜ਼ੇ ਵਿਚੋਂ ਦੇਖਿਆ। ਨੰਦਨੀ ਹਥੇਲੀਆਂ 'ਤੇ ਠੋਡੀ ਟਿਕਾਈ ਬੈਠੀ ਸਾਹਮਣੇ ਦੇਖ ਰਹੀ ਸੀ। ਆਪਣੇ-ਆਪ ਵਿਚ ਗਵਾਚੀ ਜਿਹੀ। ਉਹ ਜਾਣਦਾ ਸੀ, ਕੋਈ ਅਜਿਹਾ ਦ੍ਰਿਸ਼ ਦੇਖ ਕੇ ਨੰਦਨੀ ਇਵੇਂ ਈ ਗਵਾਚ ਜਾਂਦੀ ਏ—ਝੱਲਿਆਂ ਵਾਂਗ। ਤਦ ਉਸਨੂੰ ਕੁਝ ਹੋਰ ਯਾਦ ਨਹੀਂ ਰਹਿੰਦਾ। ਹੁਣ ਵੀ ਉਹ ਬੁੱਤ ਵਾਂਗ ਬੈਠੀ ਏ। ਸਫ਼ਰ ਦੀ ਥਕਾਣ ਭੁੱਲ ਚੁੱਕੀ ਏ। ਫਰੈਸ਼ ਹੋਣਾ ਦਾ ਵੀ ਚੇਤਾ ਨਹੀਂ। ਜੇ ਮੈਂ ਬੁਲਾਵਾਂਗਾ ਤਾਂ ਆਏਗੀ ਵੀ। ਬੈੱਡ ਉੱਤੇ ਵੀ ਆਏਗੀ, ਗਲ਼ੇ ਵਿਚ ਬਾਹਾਂ ਪਾਏਗੀ—ਪਰ ਜੇ ਮੈਂ ਬੁਲਾਵਾਂਗਾ ਤਾਂ। ਹੁਣ ਤਾਂ ਸਾਹਮਣੇ ਦ੍ਰਿਸ਼ ਵਿਚ ਗਵਾਚੀ ਹੋਈ ਏ ਉਹ। ਮੈਂ ਨਾਲ ਆਂ, ਸ਼ਾਇਦ ਇਸਦਾ ਵੀ ਚੇਤਾ ਨਹੀਂ ਉਸਨੂੰ।

ਉਸਨੇ ਅੱਧ ਮੀਚੀਆਂ ਅੱਖਾਂ ਨਾਲ ਬਾਹਰ ਦੇਖਿਆ—ਕਮਰੇ ਵਿਚ ਚਾਨਣ ਘੱਟ ਸੀ ਪਰ ਵਰਾਂਡੇ ਵਿਚ ਚਿੱਟੇ ਚਾਨਣ ਦਾ ਹੜ੍ਹ ਜਿਹਾ ਆਇਆ ਹੋਇਆ ਸੀ—ਜਿਸ ਵਿਚ ਨੰਦਨੀ ਨੂੰ ਸਾਫ-ਸਾਕਾਰ ਦੇਖਿਆ ਜਾ ਸਕਦਾ ਸੀ। ਉਹ ਚਾਹ ਨੂੰ ਘੁੱਟ-ਘੁੱਟ ਕਰਕੇ ਨਿਗਲ ਰਹੀ ਸੀ ਤੇ ਸਮੁੰਦਰ ਵੱਲ ਦੇਖੀ ਜਾ ਰਹੀ ਸੀ। ਉਸ ਵੱਲ ਦੇਖਦਿਆਂ ਹੋਇਆਂ ਭਾਸਕਰ ਨੂੰ ਲੱਗਿਆ, ਨੰਦਨੀ ਮੈਥੋਂ ਖਾਸੀ ਦੂਰ ਜਾ ਚੁੱਕੀ ਏ। ਜਿੱਥੇ ਉਹ ਪਹੁੰਚੀ ਹੋਈ ਏ, ਉਹ ਥਾਂ ਕਮਰੇ ਤੋਂ ਕੋਹਾਂ ਦੂਰ ਏ!...ਇਸੇ ਦੁਨੀਆਂ ਵਿਚ ਏ; ਮੇਰੀ ਨਜ਼ਰ ਦੀ ਹੱਦ ਵਿਚ ਵੀ ਏ...ਫੇਰ ਵੀ ਕੋਹਾਂ ਦੂਰ ਏ।

ਉਹ ਦੇਖਦਾ ਰਿਹਾ—ਬਰਾਈਟ ਲੈਮਨ ਕਲਰ ਦੀ ਸਾੜ੍ਹੀ, ਓਹੋ-ਜਿਹਾ ਈ ਬਲਾਊਜ਼।



ਗਰਦਨ 'ਤੇ ਲਹਿਰਾਉਂਦੇ ਵਾਲ। ਉਸ ਤੋਂ ਹੇਠਾਂ ਗੋਰਾ ਗੋਲਾਕਾਰ ਹਿੱਸਾ—ਪਿੱਠ ਦਾ। ਇਕ ਪਾਸਿਓਂ ਦਿਖਣ ਵਾਲੇ ਗੋਰੇ ਪੇਟ ਦਾ ਹਿੱਸਾ—ਕੁਝ ਸਿੱਥਲ ਫੇਰ ਵੀ ਭਰਿਆ-ਭਰਿਆ ਜਿਹਾ। ਉਸ ਨੂੰ ਦੇਖਦਿਆਂ ਹੋਇਆਂ ਭਾਸਕਰ ਦੇ ਸਰੀਰ ਵਿਚ ਗਰਮ ਲਹਿਰ ਦੌੜਨ ਲੱਗੀ।

"ਨੰਦੂ..." ਉਸਨੇ ਬੁਲਾਇਆ।

"ਜੀ?" ਉਸਨੇ ਭੌਂ ਕੇ ਦੇਖਿਆ।

"ਆ, ਅੰਦਰ ਆ-ਜਾ ਬਈ।" ਉਸਨੇ ਕਿਹਾ।

"ਅੰਦਰ? ਆਈ।"

ਉਸਨੇ ਕੱਪ ਵਾਲੀ ਚਾਹ ਖ਼ਤਮ ਕੀਤੀ ਤੇ ਅੰਦਰ ਆ ਗਈ।

"ਦੱਸੋ?"

"ਏਥੇ ਆ ਨਾ।"

ਉਹ ਬੈੱਡ ਦੇ ਸਿਰੇ 'ਤੇ ਬੈਠ ਗਈ।

"ਦੱਸੋ?"

"ਬਾਹਰ ਕੀ ਦੇਖ ਰਹੀ ਏਂ?"

"ਸਮੁੰਦਰ।" ਉਸਨੇ ਕਿਹਾ।

"ਉਹ ਤਾਂ ਦੇਖਣਾ ਈ ਏ।" ਕਹਿੰਦਿਆਂ ਹੋਇਆਂ ਉਸਨੇ ਉਸਨੂੰ ਆਪਣੇ ਨੇੜੇ ਖਿੱਚ ਲਿਆ।

ਨੰਦਨੀ ਨੇ ਝੱਟ ਦਰਵਾਜ਼ੇ ਵੱਲ ਦੇਖਿਆ। ਬਾਹਰ ਕੋਈ ਵੀ ਨਹੀਂ ਸੀ। ਫੇਰ ਉਹ ਝੱਟ ਉਸਦੇ ਉੱਤੇ ਨਹੀਂ ਡਿੱਗੀ। ਸਭ ਸਮਝਦੀ ਹੋਈ ਵੀ ਕੁਝ ਪਲ ਨਾ-ਸਮਝ ਬਣੀ ਰਹੀ। ਭਾਸਕਰ ਨੂੰ ਆਪਣੇ ਹੱਥਾਂ ਦਾ ਵਜ਼ਨ ਵਧਾਉਣਾ ਪਿਆ।

"ਦਰਵਾਜ਼ਾ ਖੁੱਲ੍ਹਾ ਏ।" ਨੰਦਨੀ ਨੇ ਕਿਹਾ।

"ਕਰ ਲਵਾਂਗੇ ਬੰਦ।" ਭਾਸਕਰ ਨੇ ਜਵਾਬ ਦਿੱਤਾ। ਉਹ ਜਾਣਦਾ ਸੀ ਨੰਦਨੀ ਬਾਹਰਲਾ ਨਜ਼ਾਰਾ ਦੇਖਣਾ ਚਾਹੁੰਦੀ ਏ—ਪਰ ਮਨ੍ਹਾਂ ਵੀ ਨਹੀਂ ਕਰੇਗੀ। ਭਾਸਕਰ ਨੇ ਬਾਹਾਂ ਦੀ ਜਕੜ ਹੋਰ ਕਸ ਦਿੱਤੀ।

"ਦਰਵਾਜ਼ਾ ਬੰਦ ਕਰ ਆਵਾਂ।" ਉਸਨੇ ਉੱਠਦਿਆਂ ਹੋਇਆਂ ਕਿਹਾ। ਦਰਵਾਜ਼ਾ ਬੰਦ ਹੁੰਦਿਆਂ ਈ ਬਾਹਰਲੀ ਪੀਲੀ ਰੌਸ਼ਨੀ ਗ਼ਾਇਬ ਹੋ ਗਈ। ਹੁਣ ਸਿਰਫ ਖਿੜਕੀਆਂ ਦੇ ਪੱਲਿਆਂ ਵਿਚੋਂ ਝਾਕ ਰਹੀ ਸੀ। ਵਾਪਸ ਆਉਂਦਿਆਂ ਹੋਇਆਂ ਉਸਨੇ ਸਾਰੇ ਕਮਰੇ ਵਿਚ ਝਾਤ ਮਾਰੀ ਤੇ ਖੁੱਲ੍ਹੀ ਖਿੜਕੀ ਬੰਦ ਕਰ ਦਿੱਤੀ। ਪਰਦਾ ਤਾਣ ਦਿੱਤਾ। ਕਮਰੇ ਦੀ ਰੌਸ਼ਨੀ ਹੋਰ ਘਟ ਗਈ।

"ਦੱਸੋ?" ਉਹ ਬੈੱਡ ਉੱਤੇ ਬੈਠਦੀ ਹੋਈ ਬੋਲੀ।

"ਨਹੀਂ ਚਾਹੀਦਾ?"

"ਨਹੀਂ, ਐਂ ਤਾਂ ਨਹੀਂ।"

ਛਿਣ ਭਰ ਲਈ ਉਹ ਰੁਕ ਗਿਆ। ਉਸਦੇ ਸਰੀਰ ਦੀ ਸੂੰਹ ਲੈਂਦਾ ਹੋਇਆ। ਇੱਛਾ ਸੀ। ਪਹਿਲਾਂ ਵਰਗਾ ਜੋਸ਼ ਭਾਵੇਂ ਨਹੀਂ ਸੀ, ਪਰ ਅਹਿਸਾਸ ਜਾਗੇ ਹੋਏ ਸਨ। ਫੇਰ ਵੀ ਮਨ ਵਿਚ ਸ਼ੰਕਾ ਹੋਈ। ਉਹ 'ਨਾਂਹ' ਨਹੀਂ ਕਰੇਗੀ। ਪਰ! ਖ਼ੁਦ ਮੇਰੇ ਕੋਲ ਨਹੀਂ ਆਈ। ਮੇਰੇ ਬੁਲਾਉਣ 'ਤੇ ਈ ਆਈ ਏ। ਵਰਨਾ ਓਵੇਂ ਈ ਬੈਠੀ ਰਹਿੰਦੀ ਬਾਹਰ। ਹੁਣ ਮੈਨੂੰ ਈ ਫੈਸਲਾ ਕਰਨਾ ਪਏਗਾ—ਚਾਹੀਦਾ ਏ ਜਾਂ ਨਹੀਂ।

ਉਸਨੇ ਨੰਦਨੀ ਨੂੰ ਆਪਣੇ ਉਪਰ ਘਸੀਟ ਲਿਆ। ਉਹ ਉਸਦੀ ਛਾਤੀ 'ਤੇ ਟਿਕੀ ਤਾਂ

ਉਸਦੇ ਸਰੀਰ ਦੀ ਗੁਣਗੁਣੀ ਪਸੀਨੇ ਭਰੀ ਗੰਧ ਉਸਦੇ ਸਰੀਰ ਵਿਚ ਸਮਾਉਣ ਲੱਗੀ। ਉਸਨੇ ਆਪਣੇ ਬੁੱਲ੍ਹ ਉਸਦੇ ਬੁੱਲ੍ਹਾਂ ਨਾਲ ਜੋੜ ਦਿੱਤੇ। ਗਿੱਲੀ, ਕੋਮਲ, ਗੁਣਗੁਣੀ ਛੋਹ। ਨੰਦਨੀ ਨੇ ਕੁਝ ਪਲਾਂ ਬਾਅਦ ਆਪਣੇ ਬੁੱਲ੍ਹ ਵੱਖ ਕੀਤੇ ਤੇ ਭਾਸਕਰ ਦੀ ਗਰਦਨ ਨਾਲ ਆਪਣਾ ਸਿਰ ਜੋੜ ਦਿੱਤਾ। ਭਾਸਕਰ ਨੂੰ ਆਪਣੇ ਸਰੀਰ ਵਿਚ ਦੌੜ ਰਹੀ ਗੁਣਗੁਣੀ ਲਹਿਰ ਕੋਸੀ ਤੋਂ ਕਰਾਰੀ ਹੁੰਦੀ ਹੋਈ ਮਹਿਸੂਸ ਹੋਈ। ਉਸਨੇ ਇਕ ਪਾਸੇ ਸਰਕਦਿਆਂ ਹੋਇਆਂ ਨੰਦਨੀ ਲਈ ਜਗਾਹ ਬਣਾ ਦਿੱਤੀ। ਦੁਬਾਰਾ ਉਸਨੇ ਨੰਦਨੀ ਦੇ ਬੁੱਲ੍ਹਾਂ ਦੀ ਗਰਮੀ ਨੂੰ ਮਾਪਣਾ ਚਾਹਿਆ—ਲੱਗਿਆ, ਉਹ ਛੂਹ ਹੁਣ ਵੀ ਸਿਰਫ ਗੁਣਗੁਣੀ ਈ ਏ। ਜਦ ਭਾਸਕਰ ਨੇ ਉਸਦੀਆਂ ਅੱਖਾਂ ਵਿਚ ਤੱਕਿਆ ਤਾਂ ਉਸਨੇ ਸਿਰਫ ਸਮਝਦਾਰੀ ਭਰੀ ਮੁਸਕਾਨ ਬਰੂਰੀ ਤੇ ਆਪਣੀਆਂ ਬਾਹਾਂ ਉਸਦੇ ਗਲ਼ੇ ਵਿਚ ਪਾ ਦਿੱਤੀਆਂ। ਤਦ ਵੀ ਉਸਨੂੰ ਉਸ ਜੋਸ਼ ਦੀ ਸਿੱਥਲਤਾ ਈ ਮਹਿਸੂਸ ਹੋਈ। ਉਸਦੀ ਸਮਝ ਵਿਚ ਨਹੀਂ ਆਇਆ ਕਿ ਹੁਣ ਕੀ ਕੀਤਾ ਜਾਏ। ਇਕ ਵਾਰੀ ਸੋਚਿਆ ਉਸਨੂੰ ਪੁੱਛ ਲਵਾਂ ਕੀਤਾ ਜਾਏ ਜਾਂ ਨਾ। ਪਰ ਹੁਣ ਉਸਨੇ ਆਪਣੀਆ ਅੱਖਾਂ ਮੀਚ ਲਈਆਂ ਸਨ। ਭਾਸਕਰ ਨੇ ਆਪਣੇ ਸਰੀਰ 'ਚ ਗੁਣਗੁਣੀ ਹਲਚਲ ਨੂੰ ਮਹਿਸੂਸ ਕੀਤਾ। ਕਮਰੇ ਦਾ ਠੰਡਾ ਇਕਾਂਤ ਤੇ ਉਸਦੇ ਸਰੀਰ ਦੀ ਗਰਮੀ। ਆਦਤਨ ਉਸਦੇ ਹੱਥ ਅੱਗੇ ਸਰਕਣ ਲੱਗੇ। ਕੱਪੜਿਆਂ ਦਾ ਸਪਰਸ਼ ਹਟਦਿਆਂ-ਹਟਦਿਆਂ ਉਸਦਾ ਗਰਮ ਸਰੀਰ ਤਾਂ ਖੁੱਲ੍ਹ ਗਿਆ ਪਰ ਅੱਖਾਂ ਬੰਦ ਈ ਰਹੀਆਂ। ਨਾ ਇੱਛਾ, ਨਾ ਇਨਕਾਰ। ਕੀ ਰੁਕ ਜਾਵਾਂ? ਜਾਣ ਦਿਆਂ? ਕੀ ਇਹ ਉਹ ਸਮਾਂ ਨਹੀਂ? ਸਰੀਰ ਵਿਚ ਗਰਮੀ ਤਾਂ ਏ ਪਰ ਉਹ ਅੱਗ ਨਹੀਂ। ਇੱਛਾ ਤਾਂ ਏ ਪਰ ਦੇਹ ਵਿਚ ਉਹ ਗਰਮੀ ਨਹੀਂ। ਉਸਦੇ ਮਨ ਵਿਚ ਉਥਲ-ਪੁਥਲ ਹੋਣ ਲੱਗ ਪਈ। ਨਾ ਪਿੱਛੇ ਹਟ ਸਕਦਾ ਏ ਨਾ ਅੱਗੇ ਵਧਣ ਦੀ ਝੰਡੀ ਏ। ਠੀਕ ਏ, ਫੇਰ ਵੀ ਚੱਲਿਆ ਜਾਏ ਅੱਗੇ। ਉਸਨੇ ਠਾਣ ਲਈ ਤੇ ਉਸਦੇ ਸਰੀਰ ਨਾਲ ਆਪਣਾ ਸਰੀਰ ਮੇਲ ਕੇ ਧੀਰਜ ਨਾਲ ਅੱਗੇ ਵਧ ਗਿਆ। ਤਦ ਉਸਨੂੰ ਅਹਿਸਾਸ ਹੋਇਆ ਕਿ ਨੰਦਨੀ ਵਿਚ ਠੰਡੀ ਅੱਗ ਏ। ਬਿਲਕੁਲ ਬੁਝੀ ਅੱਗ ਵਰਗੀ। ਅਲਾਵ ਠੰਡਾ। ਬਾਹਾਂ ਦੀ ਜਕੜ ਠੰਡੀ। ਅੰਦਰਲੀ-ਬਾਹਰਲੀ ਹਵਾ, ਦੁਪਹਿਰ, ਸਾਹ, ਉਸਦੇ ਸਰੀਰ ਦਾ ਗਿੱਲਾਪਨ ਸਭ ਸਰਦ ਏ। ਦਰਵਾਜ਼ਾ ਖੁੱਲ੍ਹ ਰਿਹਾ ਏ ਪਰ ਠੰਡੇਪਨ ਨਾਲ। ਮੈਂ ਰਿੱਝ ਰਿਹਾਂ, ਉਹ ਵੀ ਠੰਡੇਪਨ ਨਾਲ।

ਉਹ ਦੂਰ ਖਿਸਕ ਕੇ ਲੇਟ ਗਿਆ। ਹਮੇਸ਼ਾ ਵਾਂਗ ਆਪਣਾ ਹੱਥ ਉਸਦੇ ਬਦਨ ਉੱਤੇ ਰੱਖਣ ਦੀ ਇੱਛਾ ਨਾ ਹੋਈ। ਕੁਝ ਚਿਰ ਬਾਅਦ ਉਸਨੇ ਮਹਿਸੂਸ ਕੀਤਾ ਕਿ ਨੰਦਨੀ ਦਾ ਹੱਥ ਉਸਦੇ ਸਰੀਰ ਉੱਤੇ ਸੀ। ਜਦੋਂ ਉਸਨੇ ਅੱਖਾਂ ਖੋਲ੍ਹੀਆਂ ਤਾਂ ਉਹ ਸਮਝਦਾਰੀ ਭਰੀ ਮੁਸਕਾਨ ਬਰੂਰਦੀ ਹੋਈ ਹੱਸ ਪਈ। ਉਸਨੇ ਪਾਸਾ ਪਰਤ ਕੇ ਉਸਦੇ ਸਰੀਰ ਉੱਤੇ ਹੱਥ ਰੱਖਿਆ ਤੇ ਅੱਖਾਂ ਬੰਦ ਕਰ ਲਈਆਂ।

ਉਸਨੇ ਸੋਚਿਆ ਸੀ, ਨੀਂਦ ਨਹੀਂ ਆਏਗੀ, ਪਰ ਉਹ ਗੂੜ੍ਹੀ ਨੀਂਦ ਸੁੱਤਾ। ਖਾਸੀ ਦੇਰ ਬਾਅਦ ਜਾਗਿਆ। ਉਸਨੇ ਬਾਹਰ ਦੇਖਿਆ। ਉਹ ਪਹਿਲਾਂ ਵਾਂਗ ਪੌੜੀਆਂ ਉੱਤੇ ਬੈਠੀ ਸੀ। ਹੁਣ ਉਸਦੇ ਹੱਥ ਵਿਚ ਕਿਤਾਬ ਸੀ। ਉਸਨੇ ਗੁੱਟ ਉੱਤੇ ਵੱਝੀ ਘੜੀ ਦੇਖੀ। ਡੇਢ ਵੱਜ ਚੁੱਕਿਆ ਸੀ।

ਕੁਝ ਚਿਰ ਉਹ ਓਵੇਂ ਈ ਲੇਟਿਆ ਰਿਹਾ। ਉੱਠਦਿਆਂ ਹੋਇਆਂ ਨੰਦਨੀ ਨੇ ਉਸ ਉੱਤੇ ਚਾਦਰ ਦੇ ਦਿੱਤੀ ਸੀ। ਪੱਖਾ ਘੁੰਮ ਰਿਹਾ ਸੀ। ਹਵਾ ਵਿਚ ਹੁੰਮਸ ਸੀ। ਉਸਨੂੰ ਕੁਝ ਤਰੋਤਾਜ਼ਾ ਲੱਗ ਰਿਹਾ ਸੀ। ਖਾਲੀਪਨ ਪਰ ਖੁਸ਼ਗਵਾਰ। ਕੁਝ ਪਲ ਉਹ ਵਿਚਾਰਹੀਣ ਸਥਿਤੀ ਵਿਚ ਰਿਹਾ। ਫੇਰ ਭੁੱਖ ਦਾ ਅਹਿਸਾਸ ਜਾਗ ਪਿਆ। ਫੇਰ ਵੀ ਉਸਦਾ ਮਨ ਉੱਠਣ ਨੂੰ ਨਹੀਂ ਕੀਤਾ। ਖਾਣਾ ਕੋਈ ਵੱਡੀ ਗੱਲ ਨਹੀਂ ਸੀ—ਇੱਥੇ ਵੀ ਮੰਗਵਾਇਆ ਜਾ ਸਕਦਾ ਸੀ। ਸਵਾਲ ਇਹ ਸੀ ਕਿ ਖਾਣੇ ਪਿੱਛੋਂ ਕੀ ਕੀਤਾ ਜਾਏ? ਫੇਰ ਸੁੱਤਾ ਜਾਏ—ਉੱਤੋਂ ਤਿੱਖੜ ਦੁਪਹਿਰ ਹੋਏਗੀ। ਕਮਰੇ ਵਿਚ ਈ ਰਹਿਣਾ ਪਏਗਾ। ਨੀਂਦ ਦਾ ਸਮਾਂ। ਤਦ ਸੌਂਵਾਂਗਾ ਤਾਂ ਸਿੱਧਾ ਚਾਰ, ਸਾਢੇ ਚਾਰ ਵਜੇ ਤਕ ਸੌਣ ਨੂੰ ਮਿਲ



ਜਾਏਗਾ। ਤਦ ਨੰਦਨੀ ਨੂੰ ਕੋਲ ਬੁਲਾਉਣਾ ਚਾਹੀਦਾ ਸੀ। ਇਕ ਵੱਖਰੀ ਕਿਸਮ ਦਾ ਇਕਾਂਤ ਮਿਲਦਾ। ਪੂਰੀ ਦੁਪਹਿਰ ਆਪਣੀ ਸੀ। ਪਿੱਛੋਂ ਸੌਣ ਦਾ ਇਰਾਦਾ। ਇਸ ਤੋਂ ਉਪਜਿਆ ਹੋਇਆ ਇਕਾਂਤ ਮਿਲਦਾ ਓਦੋਂ। ਥੋੜ੍ਹਾ ਸਬਰ ਦਿਖਾਇਆ ਹੁੰਦਾ ਮੈਂ, ਤਾਂ ਠੀਕ ਸੀ। ਤਦ ਸ਼ਾਇਦ ਨੰਦਨੀ ਵੀ ਸਾਥ ਦੇਂਦੀ। ਪਰ ਮੈਂ ਤਾਂ ਪਹਿਲਾਂ ਈ ਸਭ ਕੁਝ ਕਰ ਲਿਐ। ਹੁਣ? ਨੰਦਨੀ ਨੂੰ ਕੋਈ ਫਰਕ ਨਹੀਂ ਪੈਂਦਾ। ਉਹ ਢੇਰ ਸਾਰੀਆਂ ਕਿਤਾਬਾਂ ਨਾਲ ਲਿਆਈ ਏ। ਮਰਾਠੀ, ਅੰਗਰੇਜ਼ੀ ਦੋਵੇਂ। ਮੈਂ ਵੀ ਕੁਝ ਪੜ੍ਹਨ ਲਈ ਲਿਆਇਆ ਆਂ, ਪਰ ਬੱਸ! ਕੁਝ ਖਾਸ ਨਹੀਂ। ਉਸ ਵਾਂਗ ਮਗਨ ਚਿੱਤ ਹੋ ਕੇ ਪੜ੍ਹਨ ਵਾਲਾ ਕੁਝ ਵੀ ਨਹੀਂ।

ਉਸਨੂੰ ਅਚਾਨਕ ਸਭ ਕੁਝ ਉਦਾਸ ਲੱਗਿਆ। ਉਸਨੇ ਸੋਚਿਆ ਗਲਤੀ ਹੋ ਗਈ ਸ਼ਾਇਦ। ਏਨੀ ਜਲਦੀ ਨਹੀਂ ਕਰਨੀ ਚਾਹੀਦੀ ਸੀ। ਸੱਚ ਤਾਂ ਇਹ ਸੀ ਕਿ ਉਹ ਚਾਹੁੰਦੀ ਨਹੀਂ ਸੀ। ਉਸਨੇ ਮੇਰਾ ਮਨ ਰੱਖਿਆ, ਬੱਸ ਏਨਾ ਈ। ਨਾ ਉਸ ਵਿਚ ਉਮੰਗ ਸੀ ਨਾ ਮੈਂ ਪੂਰਾ ਉਬਾਲ ਖਾਧਾ ਸੀ। ਮਨ ਵਿਚ ਇਕ ਪਾਗਲਪਨ ਸੀ, ਬੱਸ ਏਨਾ ਈ। ਉਸਨੂੰ ਪਾ ਲੈਣ ਦਾ, ਇੱਥੇ ਪਹੁੰਚਦਿਆਂ ਈ। ਸ਼ਾਇਦ ਉਹਨਾਂ ਦਿਨਾਂ ਦੀ ਯਾਦ? ਜਾਂ ਇਹ ਅਹਿਸਾਸ ਕਿ ਜਦੋਂ ਚਾਹਾਂ ਉਸਨੂੰ ਪਾ ਸਕਦਾਂ? ਇਹ ਸੋਚਣਾ ਈ ਬੇਕਾਰ ਏ। ਉਸਦਾ ਮਨ ਦੁਖਾਉਣ ਦਾ ਕਤਈ ਇਰਾਦਾ ਨਹੀਂ ਸੀ। ਉਸਨੇ ਮਨ੍ਹਾਂ ਕੀਤਾ ਹੁੰਦਾ ਤਾਂ ਮੈਂ ਰੁਕ ਜਾਂਦਾ। ਥੋੜ੍ਹਾ ਮਨ ਖ਼ਰਾਬ ਹੋ ਜਾਂਦਾ ਪਰ ਮੈਂ ਨਾਰਾਜ਼ ਨਹੀਂ ਸੀ ਹੁੰਦਾ। ਗੁੱਸੇ ਤਾਂ ਬਿਲਕੁਲ ਨਹੀਂ ਸੀ ਹੁੰਦਾ। ਹੁਣ ਏਨੇ ਵਰ੍ਹਿਆਂ ਬਾਅਦ ਕੀ ਮੈਂ ਏਨਾ ਵੀ ਨਹੀਂ ਸਮਝਦਾ? ਤੇ ਇਹ ਵੀ ਨਹੀਂ ਜਾਣਦਾ ਕਿ ਔਰਤਾਂ ਨੂੰ ਸਾਡੇ ਵਾਂਗ ਕੁਝ ਵੀ ਨਹੀਂ ਲੱਗਦਾ। ਪਰ ਉਸਨੇ ਵੀ ਮਨ੍ਹਾਂ ਨਹੀਂ ਕੀਤਾ। ਸ਼ਾਇਦ ਉਸਨੇ ਆਪਣਾ ਕਰਤੱਵ ਨਿਭਾਇਆ ਸੀ। ਸ਼ਾਇਦ ਇਹ ਵੀ ਸੋਚਿਆ ਹੋਏਗਾ ਕਿ ਛੁੱਟੀਆਂ ਮਨਾਉਣ ਆਏ ਆਂ, ਸ਼ੁਰੂਆਤ ਇਨਕਾਰ ਤੋਂ ਕਿਉਂ ਕੀਤੀ ਜਾਏ?

ਹਾਂ, ਇਹ ਸੱਚ ਏ ਕਿ ਹੁਣ ਉਸਦੇ ਮਨ ਵਿਚ ਉਮੰਗਾਂ ਉਭਰਦੀਆਂ ਈ ਨਹੀਂ। ਜੇ ਮੈਂ ਨਾ ਬੁਲਾਂਦਾ ਤਾਂ ਕਤਈ ਨਾ ਆਉਂਦੀ। ਓਵੇਂ ਈ ਬੈਠੀ ਸਮੁੰਦਰ ਵੇਖਦੀ ਰਹਿੰਦੀ। ਦੁਪਹਿਰੇ ਵੀ ਮੈਂ ਈ ਕਦੀ ਕੋਲ ਬੁਲਾਂਦਾ ਆਂ ਤਦੇ ਨੇੜੇ ਆਉਂਦੀ ਏ ਵਰਨਾ ਲੇਟੀ ਰਹਿੰਦੀ ਏ। ਦੁਪਹਿਰੇ ਈ ਕਿਉਂ, ਰਾਤ ਨੂੰ ਵੀ ਇਸ ਨਾਲੋਂ ਵੱਖਰਾ ਕੁਝ ਨਹੀਂ ਹੁੰਦਾ। ਮੈਂ ਗਲ਼ ਲਾਵਾਂ ਤਾਂ ਨੇੜੇ ਆਏਗੀ ਨਹੀਂ ਤਾਂ ਸਿਰਫ ਪਿੰਡੇ 'ਤੇ ਹੱਥ ਰੱਖ ਕੇ ਸੌਂ ਜਾਏਗੀ। ਮੈਂ ਮੂੰਹ ਉਧਰ ਕਰਕੇ ਸੌਂਵਾਂ ਤਦ ਵੀ ਕੁਝ ਨਹੀਂ ਕਹੇਗੀ।

ਉਸਦੇ ਮਨ ਵਿਚ ਮੁੜ ਚੀਸ ਉੱਠੀ। ਉਹ ਆਪਣੇ ਕਰਤੱਵ ਤੋਂ ਕਦੀ ਉਕਦੀ ਨਹੀਂ। ਕਦੀ ਮੇਰਾ ਮਨ ਨਾਰਾਜ਼ ਨਹੀਂ ਕੀਤਾ। ਕੁਝ ਨਹੀਂ ਕਹਿੰਦੀ। ਸਭ ਬਰਦਾਸ਼ਤ ਕਰਦੀ ਰਹਿੰਦੀ ਏ। ਸਿਆਣੀ ਏਂ, ਪਰ ਇਸ ਤੋਂ ਪਰ੍ਹੇ ਵੀ ਕੁਝ ਹੁੰਦਾ ਏ ਕਿ ਨਹੀਂ? ਜਾਂ ਕੁਝ ਹੁੰਦਾ ਏ ਜਿਹੜਾ ਮੇਰੀ ਸਮਝ ਵਿਚ ਨਹੀਂ ਆ ਰਿਹਾ? ਮੈਂ ਬਹੁਤਾ ਬੋਲਣਾ ਪਸੰਦ ਨਹੀਂ ਕਰਦਾ। ਬਚਪਨ 'ਚ ਵੀ ਲੋਕ ਮੈਨੂੰ ਗੂੰਗਾ ਕਹਿੰਦੇ ਹੁੰਦੇ ਸੀ। ਹੁਣ ਇੰਜ ਕੋਈ ਨਹੀਂ ਕਹਿ ਸਕਦਾ ਪਰ ਮੈਂ ਆਪਣੇ ਵੱਲੋਂ ਕਦੀ ਬਹੁਤਾ ਕੁਝ ਨਹੀਂ ਕਹਿੰਦਾ। ਉਸ ਬਾਰੇ ਤਾਂ ਬਿਲਕੁਲ ਕੁਝ ਨਹੀਂ, ਨਾ ਹੀ ਕਿਸੇ ਮਾਮਲੇ ਵਿਚ ਬਹੁਤੀ ਪੁੱਛ-ਪੜਤਾਲ ਕਰਦਾਂ। ਕਈ ਵਾਰੀ ਅਜਿਹਾ ਸਮਾਂ ਆਇਆ, ਪਰ ਮੈਂ ਕੁਝ ਪੁੱਛਿਆ ਨਹੀਂ। ਜਿੰਨਾ ਸਮਝ ਸਕਿਆ ਸਮਝ ਲਿਆ। ਚੰਗਾ ਮਾੜਾ ਜੋ ਹੋਏ। ਪਰ ਖ਼ੁਦ ਕਦੀ ਛਾਣਬੀਨ ਨਹੀਂ ਕੀਤੀ। ਜੋ ਹੈ ਸੋ ਹੈ। ਜਿਵੇਂ ਹੈ ਓਵੇਂ ਈ ਠੀਕ ਮੰਨ ਲਿਆ। ਉਹ ਉੱਥੇ ਬੈਠੀ ਪੜ੍ਹ ਰਹੀ ਏ, ਮੈਂ ਇੱਥੇ ਬਿਸਤਰੇ 'ਤੇ ਲੇਟਿਆ ਹੋਇਆਂ।

ਉਸਦੇ ਢਿੱਡ ਵਿਚ ਚੂਹੇ ਦੌੜਨ ਲੱਗੇ। ਹੁਣ ਉੱਠਣਾ ਚਾਹੀਦਾ ਏ। ਉਸਨੇ ਸੋਚਿਆ। ਉਹ ਤਾਂ ਕਦੋਂ ਵੀ ਖਾਣਾ ਸਰਵ ਕਰ ਸਕਦੇ ਨੇ, ਪਰ ਹੁਣ ਚੱਲਣਾ ਚਾਹੀਦਾ ਏ।

ਉਸਨੇ ਕੱਪੜੇ ਪਾਏ ਤੇ ਬਾਹਰ ਆਇਆ। ਉਸਦੀ ਆਹਟ ਸੁਣਦਿਆਂ ਈ ਨੰਦਨੀ ਬੋਲੀ, "ਜਾਗ ਪਏ? ਖਾਣਾ ਖਾਈਏ?"

"ਹਾਂ ਚੱਲ। ਤੈਨੂੰ ਭੁੱਖ ਨਹੀਂ ਲੱਗੀ?"

"ਕਦੋਂ ਦੀ ਲੱਗੀ ਹੋਈ ਏ।"

"ਫੇਰ ਮੈਨੂੰ ਜਗਾਇਆ ਕਿਉਂ ਨਹੀਂ?"

"ਤੁਸੀਂ ਗੂੜ੍ਹੀ ਨੀਂਦੇ ਸੁੱਤੇ ਹੋਏ ਸੀ।"

"ਨਹੀਂ ਤਾਂ! ਬੱਸ ਝਪਕੀ ਆ ਗਈ ਸੀ। ਚੱਲ, ਚੱਲੀਏ।"

ਖਾਣਾ ਖਾ ਕੇ ਉਹ ਵਾਪਸ ਆਏ। ਦਰਵਾਜ਼ਾ ਖੋਲ੍ਹਦਿਆਂ ਹੋਇਆਂ ਉਸਨੇ ਕਿਹਾ—

"ਹੁਣ ਕੀ ਕਰੀਏ?"

"ਕੀ ਕਰਨੈਂ। ਥੋੜ੍ਹੀ ਦੇਰ ਲੇਟ ਲੈਨੇਂ ਆਂ। ਰੋਟੀ ਖਾ ਕੇ ਥੋੜ੍ਹੀ ਸੁਸਤੀ ਆ ਜਾਂਦੀ ਏ।"

"ਤੂੰ ਤਾਂ ਪੜ੍ਹਨ ਬੈਠੇਂਗੀ!"

"ਨਹੀਂ ਐਸਾ ਕੁਝ ਨਹੀਂ। ਉਦੋਂ ਮੈਨੂੰ ਨੀਂਦ ਨਹੀਂ ਸੀ ਆ ਰਹੀ ਇਸ ਲਈ ਪੜ੍ਹਨ ਲੱਗ ਪਈ। ਹੁਣ ਲੇਟਾਂਗੇ ਥੋੜ੍ਹੀ ਦੇਰ।"

ਉਸਨੇ ਸ਼ਰਟ ਲਾਹੀ। ਪੱਖਾ ਤੇਜ਼ ਕਰ ਦਿੱਤਾ। ਹੁਣ ਹੋਰ ਕੁਝ ਕਰਨ ਵਾਲਾ ਨਹੀਂ ਸੀ। ਆਰਾਮ ਈ ਕੀਤਾ ਜਾ ਸਕਦਾ ਸੀ। ਉਹਦੀ ਲੋੜ ਨਹੀਂ ਸੀ, ਫੇਰ ਆਰਾਮ ਈ ਕੀਤਾ ਜਾ ਸਕਦਾ ਸੀ। ਸਰੀਰ ਸ਼ਾਂਤ ਸੀ। ਹਮੇਸ਼ਾ ਵਾਂਗ। ਛੁੱਟੀਆਂ ਮਨਾਉਣ ਆਏ ਪੱਕੀ ਉਮਰੇ ਜੋੜੇ ਵਾਂਗ।

"ਪਹਿਲਾਂ ਸਾੜ੍ਹੀ ਬਦਲ ਲਵਾਂ। ਡਰੈੱਸ ਈ ਪਾਵਾਂਗੀ। ਫੇਰ ਓਵੇਂ ਈ ਘੁੰਮਣ ਜਾ ਸਕਦੇ ਆਂ।"

"ਮੈਨੂੰ ਸ਼ਾਇਦ ਨੀਂਦ ਨਹੀਂ ਆਏਗੀ। ਪਹਿਲਾਂ ਈ ਕਾਫੀ ਸੌਂ ਚੁੱਕਿਆਂ।"

"ਫੇਰ?" ਨੰਦਨੀ ਨੇ ਪੁੱਛਿਆ।

"ਉਹੀ ਸੋਚ ਰਿਹਾਂ ਕਿ ਕੀ ਕਰਾਂ?"

"ਕੁਛ ਪੜ੍ਹਨ ਬੈਠ ਜਾਓ। ਬਾਹਰ ਧੁੱਪ ਏ।"

"ਮੈਂ ਕੁਛ ਖਾਸ ਨਹੀਂ ਲਿਆਇਆ। ਏਥੇ ਪੜ੍ਹਨਾਂ ਕੀ ਸੀ?"

"ਮੈਂ ਆਪਣੀਆਂ ਕਿਤਾਬਾਂ ਵਿਚੋਂ ਕੋਈ ਦਿਆਂ?"

"ਤੇਰੀਆਂ ਕਿਤਾਬਾਂ?" ਉਹ ਮੁਸਕਰਾਇਆ।

"ਪਤਾ ਏ। ਸ਼ਾਇਦ ਤੁਹਾਨੂੰ ਪਸੰਦ ਨਾ ਆਉਣ।"

"ਮਨ ਹੋਇਆ ਤਾਂ ਲੈ ਲਵਾਂਗਾ।"

"ਟੀ.ਵੀ. ਦੇਖ ਲਓ।"

"ਏਥੇ ਆ ਕੇ ਟੀ.ਵੀ.?"

"ਇਹ ਵੀ ਠੀਕ ਏ, ਫੇਰ ਕਰੀਏ ਕੀ?"

ਐਵੇਂ ਈ ਉਹ ਲੇਟਿਆ ਰਿਹਾ—ਸੁੰਨੀਆਂ ਨਜ਼ਰਾਂ ਨਾਲ ਛੱਤ ਵੱਲ ਤੱਕਦਾ ਹੋਇਆ। ਗੱਦੇ ਉੱਤੇ ਸਰੀਰ ਸੁਸਤਾਇਆ। ਖਾਣਾ ਖਾਣ ਪਿੱਛੋਂ ਵਾਲੀ ਸੁਸਤੀ। ਨੰਦਨੀ ਨੇ ਕੱਪੜੇ ਬਦਲੇ। ਉਸਨੂੰ ਪਤਾ ਨਾ ਲੱਗੇ ਇੰਜ ਉਹ ਦੇਖਦਾ ਰਿਹਾ ਪਰ ਮਨ ਵਿਚ ਕਿਸੇ ਤਰ੍ਹਾਂ ਦੀ ਕੋਈ ਹਲਚਲ ਨਹੀਂ ਹੋਈ। ਨੰਦਨੀ ਨੇ ਤਿਪਾਈ 'ਤੇ ਰੱਖੀ ਕਿਤਾਬ ਚੁੱਕੀ ਤੇ ਉੱਥੇ ਖੜ੍ਹੀ-ਖੜ੍ਹੀ ਸਫੇ ਉੱਲਭਣ ਲੱਗੀ।

"ਸੌਂਵੇਂਗੀ ਨਹੀਂ?" ਉਸਨੇ ਪੁੱਛਿਆ।

"ਸੌਂਵਾਂਗੀ! ਬੱਸ ਅਹਿ ਪੂਰਾ ਕਰ ਲਵਾਂ।"



"ਏਥੇ ਆ ਜਾ।"

"ਹਾਂ, ਆ ਰਹੀ ਆਂ।"

ਉਹ ਕਿਤਾਬ ਲੈ ਕੇ ਬੈੱਡ 'ਤੇ ਆ ਗਈ। ਉਸਨੇ ਪਿੱਛੇ ਖਿਸਕ ਕੇ ਉਸਨੂੰ ਜਗਾਹ ਦੇ ਦਿੱਤੀ। ਉਹ ਬਾਂਹ 'ਤੇ ਸਿਰ ਰੱਖ ਕੇ ਕਿਤਾਬ ਵੱਲ ਦੇਖਣ ਲੱਗਾ—ਨਾਂ ਓਪਰਾ ਜਿਹਾ ਲੱਗਿਆ।

"ਕਾਹਦੀ ਕਿਤਾਬ ਏ?"

"ਨਾਵਲ ਏ।"

"ਕੀ ਐ ਇਸ 'ਚ?"

"ਐਸਾ ਕੋਈ ਖਾਸ ਵਿਸ਼ਾ ਨਹੀਂ।"

"ਫੇਰ ਵੀ?"

"ਮਨ ਦੀਆਂ ਭਾਵਨਾਵਾਂ ਨੂੰ ਵਿਅਕਤ ਕੀਤਾ ਗਿਐ।"

"ਕਿਸ ਦੀਆਂ? ਔਰਤ ਦੀਆਂ?"

"ਹਾਂ!"

"ਲੇਖਕਾ ਨਵੀਂ ਏਂ?"

"ਓਨੀ ਨਵੀਂ ਨਹੀਂ, ਪੁਰਾਣੀ ਈ ਏ।"

"ਕੀ ਕਹਿੰਦੀ ਏ ਉਹ?"

"ਔਰਤ ਦੇ ਮਨ 'ਚ ਹਰ ਮੋੜ 'ਤੇ ਕੀ-ਕੀ ਉਭਰਦਾ ਏ, ਉਸਦਾ ਵਰਨਣ ਕਰਦੀ ਏ। ਕਹਾਣੀ ਕੁਛ ਖਾਸ ਨਹੀਂ। ਕਾਲ, ਘਟਨਾਵਾਂ ਇਕ ਦੂਜੇ 'ਚ ਉਲਝੇ ਹੋਏ ਨੇ। ਵਰਤਮਾਨ ਵਿਚ ਭੂਤਕਾਲ।"

"ਇਕੱਲੀ ਔਰਤ ਏ? ਜਾਂ ਸ਼ਾਦੀ ਸ਼ੁਦਾ ਏ?"

"ਸ਼ਾਦੀ ਸ਼ੁਦਾ ਏ। ਪਿੱਛੋਂ ਵੱਖ ਰਹਿਣ ਲੱਗਦੀ ਏ। ਪਤੀ ਨਾਲ, ਬੱਚਿਆਂ ਨਾਲ ਸੰਪਰਕ ਹੈ, ਫੇਰ ਵੀ ਅਲੱਗ ਰਹਿੰਦੀ ਏ।"

"ਸਮਝ ਗਿਆ। ਸਾਡੇ ਏਥੇ ਉਹ ਕਾਮਤੇਕਰ ਨਾਂ ਦੀ ਜ਼ਨਾਨੀ ਏ ਨਾ! ਅਕਾਊਂਟਸ 'ਚ! ਉਸਦਾ ਕੇਸ ਵੀ ਬਿਲਕੁਲ ਇਹੋ ਏ। ਇਕ ਵਾਰੀ ਮੈਨੂੰ ਕਹਿ ਰਹੀ ਸੀ, ਉਸਨੂੰ ਘਰ ਲਈ ਲੋਨ ਚਾਹੀਦਾ ਏ। ਮੈਂ ਸਮਝ ਨਹੀਂ ਸਕਿਆ। ਅਸੀਂ ਉਸਦੇ ਨਵੇਂ ਘਰ ਦੇ ਗ੍ਰਹਿ-ਪ੍ਰਵੇਸ਼ ਸਮਾਗਮ ਵਿਚ ਗਏ ਸਾਂ—ਯਾਦ ਏ ਨਾ? ਮੈਂ ਪੁੱਛਿਆ ਤਾਂ ਬੋਲੀ, 'ਮੈਂ ਆਪਣੇ ਲਈ ਫਲੈਟ ਲੈ ਰਹੀ ਆਂ। ਇਕੱਲੀ ਰਹਾਂਗੀ। ਮੈਂ 'ਕੱਲੀ ਠੀਕ ਰਹਾਂਗੀ। ਪਤੀ ਤੇ ਬੱਚੇ ਉੱਥੇ ਰਹਿਣਗੇ—ਪੁਰਾਣੇ ਫਲੈਟ 'ਚ'।"

"ਸੱਚ! ਇਸ ਵਿਚ ਵੀ ਬਿਲਕੁਲ ਇਵੇਂ ਈ ਏ!"

"ਮੈਂ ਲੋਨ ਦੇ ਦਿੱਤਾ ਉਸਨੂੰ। ਉਸਦਾ ਕੰਮ ਚੰਗਾ ਏ। ਨਾਂ ਅੱਜ ਵੀ ਕਾਮਤੇਕਰ ਈ ਏ। ਮੈਂ ਠੀਕ ਤਰ੍ਹਾਂ ਸਮਝ ਨਹੀਂ ਸਕਿਆ—ਉਸਦੇ ਮਨ ਵਿਚ ਕੀ ਸੀ? ਸੱਚੀਂ! ਔਰਤ ਦੇ ਮਨ ਵਿਚ ਕੀ-ਕੀ ਚੱਲਦਾ ਰਹਿੰਦੈ, ਕੁਝ ਸਮਝ 'ਚ ਈ ਨਹੀਂ ਆਉਂਦਾ।"

"ਤੁਸੀਂ ਮਰਦ ਲੋਕ ਪੁੱਛਦੇ ਈ ਕਦ ਓਂ?"

"ਯਾਨੀ?"

"ਯਾਨੀ ਕਿ ਕੀ ਕਦੀ ਉਸਨੂੰ ਪੁੱਛਦਾ ਏ ਕੋਈ? ਪੁੱਛੋਗੇ ਤਦ ਪਤਾ ਲੱਗੇਗਾ। ਇਸ ਨਾਵਲ ਵਿਚ ਵੀ ਇਹੀ ਗੱਲ ਏ। ਕੋਈ ਕਦੀ ਉਸ ਤੋਂ ਪੁੱਛਦਾ ਈ ਨਹੀਂ। ਉਸ ਕਾਮਤੇਕਰ ਦਾ ਇਹੋ ਹਾਲ ਹੋਏਗਾ।"

"ਉਸ ਵਿਚ ਪੁੱਛਣਾ ਕੀ ਹੁੰਦੈ? ਕੁਛ ਗੱਲਾਂ ਅਸੀਂ ਮੰਨ ਕੇ ਈ ਚੱਲਦੇ ਆਂ—ਪਤੀ

ਪਤਨੀ ਵਿਚ ਏਨੀ ਅੰਡਰ-ਸਟੈਂਡਿੰਗ ਤਾਂ ਹੋਣੀ ਓਂ ਚਾਹੀਦੀ ਏ ਨਾ? ਇਹੋ ਤਾਂ ਇਸ ਰਿਸ਼ਤੇ ਦੀ ਬੁਨਿਆਦ ਹੁੰਦੀ ਏ। ਦੇਖ ਲੈ ਪਤੀ ਪਤਨੀ ਦਾ ਰਿਸ਼ਤਾ ਏਸੇ ਬੇਸਕ ਗੱਲ ਉੱਤੇ ਟਿਕਿਆ ਰਹਿੰਦੈ।"

"ਉਸ ਤੋਂ ਪਰ੍ਹੇ ਵੀ ਤਾਂ ਕੁਛ ਹੁੰਦਾ ਏ।"

"ਕੀ?"

"ਹਰ ਇਕ ਦੇ ਮਨ ਵਿਚ ਉਭਰਣ ਵਾਲੀਆਂ ਗੱਲਾਂ। ਹਰ ਕਿਸੇ ਦਾ ਆਪਣਾ ਇਕ ਜੀਵਨ ਤਾਂ ਹੁੰਦਾ ਏ।"

"ਮੈਂ ਨਹੀਂ ਸਮਝਦਾ ਕਿ ਪਤੀ ਪਤਨੀ ਦੇ ਵਿਚਕਾਰ ਵੀ ਕੁਝ ਹੁੰਦਾ ਏ। ਮੈਂ ਤਾਂ ਮੰਨਦਾਂ ਕਿ ਉੱਥੇ ਸਿਰਫ ਵਿਸ਼ਵਾਸ ਹੁੰਦੈ। ਸਭ ਕੁਝ ਜੋ ਹੁੰਦੈ, ਸਾਂਝਾ ਹੁੰਦੈ। ਹਾਂ ਕੰਮ, ਧੰਦਾ ਵੱਖਰਾ-ਵੱਖਰਾ ਹੋ ਸਕਦੈ। ਪਰ ਜੋ ਬੁਨਿਆਦ ਏ ਉਹ ਤਾਂ ਇਕੋ ਏ ਨਾ?"

ਨੰਦਨੀ ਕੁਝ ਬੋਲੀ ਨਹੀਂ। ਉਸਨੇ ਕਿਤਾਬ ਰੱਖ ਦਿੱਤੀ ਤੇ ਸਾਹਮਣੀ ਕੰਧ ਵੱਲ ਦੇਖਣ ਲੱਗ ਪਈ।

"ਕੀ ਉਸਦੇ ਦੋਸਤ-ਮਿੱਤਰ ਹੈਨ?"

"ਹੰ! ਹਾਂ, ਹੈਨ, ਉਸਦੇ ਦੋਸਤ-ਮਿੱਤਰ।"

"ਸਮਝ ਗਿਆ। ਟਿਪੀਕਲ ਸਟੋਰੀ ਏ।"

"ਟਿਪੀਕਲ? ਉਹ ਕਿੱਦਾਂ?"

"ਉਹੀ! ਉਹ ਦੋਸਤ-ਮਿੱਤਰ ਮਦਦ ਕਰਦੇ ਨੇ—ਫੇਰ ਉਹ ਉਹਨਾਂ ਵਿਚੋਂ ਈ ਕਿਸੇ ਇਕ ਨਾਲ ਰਹਿਣ ਲੱਗ ਪੈਂਦੀ ਏ।"

"ਨਹੀਂ।"

"ਨਹੀਂ?"

"ਨਹੀਂ, ਉਹ ਇਕੱਲੀ ਰਹਿੰਦੀ ਏ। ਦੋਸਤ-ਮਿੱਤਰ ਹੈਨ ਪਰ ਉਹਨਾਂ ਨੂੰ ਉਸਦੀ ਸੁਣਨ ਦੀ ਵਿਹਲ ਨਹੀਂ, ਉਹ ਆਪਣੇ ਘਰ-ਪਰਿਵਾਰ, ਕੰਮ-ਧੰਦੇ ਵਿਚ ਵਿਅਸਤ ਰਹਿੰਦੇ ਨੇ।"

"ਆਈ ਸੀ! ਫੇਰ?"

"ਫੇਰ ਕੁਛ ਨਹੀਂ। ਇਹੋ ਤਾਂ ਕਹਾਣੀ ਏ। ਉਹ ਇਕੱਲੀ ਈ ਰਹਿ ਰਹੀ ਏ।"

"ਇੰਜ ਏ? ਇੰਟਰੈਸਟਿੰਗ! ਤੂੰ ਪੜ੍ਹ ਲਵੇਂ ਤਾਂ ਮੈਨੂੰ ਦਵੀਂ। ਪੜ੍ਹਾਂਗਾ। ਕੀ ਕਾਮਤੇਕਰ ਨਾਲ ਵੀ ਇਵੇਂ ਹੁੰਦੈ? ਪੁੱਛਣਾ ਪਏਗਾ। ਸ਼ਾਇਦ ਉਸਦੀ ਕਹਾਣੀ ਓ ਹੋਏ ਇਸ ਵਿਚ।"

ਨੰਦਨੀ ਕੁਝ ਨਹੀਂ ਬੋਲੀ। ਕੁਝ ਚਿਰ ਚੁੱਪ ਵਾਪਰੀ ਰਹੀ। ਫੇਰ ਭਾਸਕਰ ਨੇ ਪੁੱਛਿਆ, "ਇਹ ਪੜ੍ਹ ਕੇ ਤੈਨੂੰ ਕੀ ਲੱਗਦੈ?"

"ਮੈਨੂੰ?"

"ਹਾਂ, ਤੈਨੂੰ!"

"ਹੂੰ! ਮੈਂ ਜਾਣ ਗਈ ਆਂ ਕਿ ਉਸ ਉੱਤੇ ਕੀ ਬੀਤੀ ਏ। ਉਸਦੀ ਸਮੱਸਿਆ ਕੁਛ ਹੋਰ ਏ। ਸਮੱਸਿਆ ਇਹ ਐ ਕਿ ਉਹ ਕਿਸੇ ਨਾਲ ਪ੍ਰੇਮ ਨਹੀਂ ਕਰ ਸਕਦੀ। ਲੇਖਕਾ ਇਸ ਗੱਲ ਨੂੰ ਠੀਕ ਢੰਗ ਨਾ ਉਘਾੜ ਨਹੀਂ ਸਕੀ। ਸ਼ਾਇਦ ਉਹ ਖ਼ੁਦ ਇਸ ਗੱਲ ਬਾਰੇ ਨਹੀਂ ਜਾਣਦੀ। ਇਸੇ ਕਰਕੇ ਉਹ ਦਿਸ਼ਾਹੀਣ ਭਟਕ ਰਹੀ ਏ।"

"ਕਿਸੇ ਦੋਸਤ-ਮਿੱਤਰ ਨਾਲ ਵੀ ਨਹੀਂ?"

"ਨਹੀਂ!"

"ਖ਼ੁਦ ਨੂੰ ਤਾਂ ਪ੍ਰੇਮ ਕਰਦੀ ਏ ਨਾ?"



"ਉਹ ਵੀ ਨਹੀਂ। ਮੈਨੂੰ ਲੱਗਦਾ ਏ ਉਸ ਵਿਚ ਇਹ ਹਿਸ ਈ ਨਹੀਂ। ਤੇ ਇਸ ਗੱਲ ਤੋਂ ਉਹ ਅਣਜਾਣ ਏਂ। ਹੋ ਸਕਦਾ ਏ, ਕਾਰਨ ਕੋਈ ਹੋਰ ਹੋਏ—ਹੁੰਦੇ ਨੇ ਕਈ ਕਿਸਮ ਦੇ ਲੋਕ। ਇਹ ਵੀ ਇਕ ਕਿਸਮ ਏ। ਲੇਖਕਾ ਜੇ ਅਜਿਹੇ ਪਾਤਰਾਂ ਨੂੰ ਸਾਕਾਰ ਕਰਨਾ ਚਾਹੁੰਦੀ ਏ ਤਾਂ ਠੀਕ ਏ। ਲੇਖਕਾ ਨੇ ਅਖ਼ੀਰ ਵਿਚ ਕੁਝ ਐਕਸਪਲੇਨ ਕਰਨ ਦੀ ਕੋਸ਼ਿਸ਼ ਕੀਤੀ ਏ—ਉਸ ਤੋਂ ਮੈਨੂੰ ਇਹੀ ਲੱਗਿਐ।"

"ਤਾਂ ਆਪਣਾ ਵਿਚਾਰ ਲੇਖਕਾ ਨੂੰ ਲਿਖ ਭੇਜ।"

"ਬਿਲਕੁਲ ਨਹੀਂ। ਕਿਉਂ ਲਿਖਦੀ ਫਿਰਾਂ। ਮੈਂ ਸਮਝ ਗਈ ਆਂ ਆਪਣੀ ਮੱਤ ਅਨੁਸਾਰ, ਉਹ ਆਪਣੀ ਜਾਣੇ।"

"ਇਹ ਵੀ ਠੀਕ ਏ। ਪੜ੍ਹ!" ਕਹਿੰਦਿਆਂ ਹੋਇਆਂ ਉਸਨੇ ਬਾਂਹ ਤੋਂ ਸਿਰ ਹਟਾ ਕੇ ਸਿਰਹਾਣੇ ਉੱਤੇ ਰੱਖ ਲਿਆ। "ਚੰਗਾ ਤਾਂ ਇਹ ਐ ਕਿ ਤੂੰ ਸੌਂ ਜਾ। ਮੈਨੂੰ ਆਪਣਾ ਹੱਥ ਤੇਰੇ ਪੇਟ 'ਤੇ ਰੱਖਣ ਦੇ, ਹਮੇਸ਼ਾ ਵਾਂਗ।"

ਨੰਦਨੀ ਨੂੰ ਆਪਣੇ ਵੱਲ ਖਿਸਕਦਿਆਂ ਹੋਇਆਂ ਉਸਨੇ ਦੇਖਿਆ। ਉਸਨੇ ਕਿਤਾਬ ਨਹੀਂ ਖੋਲ੍ਹੀ—ਸਿਰਫ ਦੇਖਦੀ ਰਹੀ। ਉਸਦੇ ਪੇਟ 'ਤੇ ਹੱਥ ਰੱਖਦਿਆਂ ਈ ਸੁੱਤੇ-ਸੁਧ ਨੰਦਨੀ ਦਾ ਹੱਥ ਉਸਦੇ ਵਾਲਾਂ ਵਿਚ ਫਿਰਨ ਲੱਗਾ। ਉਹ ਅੱਖਾਂ ਮੀਚੀ ਲੇਟਿਆ ਰਿਹਾ। ਉਸਦੀ ਦੇਹ ਦੀ ਤੇ ਨਵੀਂ ਧੁਲੀ ਡਰੈਸ ਦੀ ਜਾਣੀ-ਪਛਾਣੀ ਗੰਧ ਫੈਲ ਗਈ। ਉਸਨੂੰ ਲੱਗਿਆ ਨੰਦਨੀ ਕਿਤਾਬ ਪੜ੍ਹੇਗੀ, ਪਰ ਕਿਤਾਬ ਉਸਨੇ ਦੂਰ ਖਿਸਕਾ ਦਿੱਤੀ। ਸਿਰਹਾਣਾ ਸਿੱਧਾ ਕੀਤਾ ਤੇ ਉਸਦੀਆਂ ਬਾਹਾਂ ਵਿਚ ਸਿਮਟ ਗਈ।

"ਆਈ ਲਵ ਯੂ।" ਉਹ ਬੋਲੀ।

ਉਹ ਬੰਦ ਅੱਖਾਂ ਵਿਚ ਈ ਮੁਸਕਰਾਇਆ ਤੇ ਜਵਾਬ ਵਿਚ ਸਿਰਫ 'ਹੰ' ਕਿਹਾ। ਉਸਦੇ ਵਾਲਾਂ ਦੀ, ਸਰੀਰ ਦੀ ਗੰਧ ਉਸਦੇ ਨੱਕ ਵਿਚ ਧਸੀ। ਠੋਡੀ 'ਤੇ, ਮੱਥੇ ਦੀ ਕੋਸੀ ਛੂਹ ਤੇ ਪੇਟ ਦੀ ਗਰਮੀ ਮਹਿਸੂਸ ਹੋਣ ਲੱਗੀ। ਫੇਰ ਵੀ ਉਸ ਵਿਚ ਉਤੇਜਨਾ ਨਹੀਂ ਜਾਗੀ। ਹਾਂ, ਚੰਗਾ ਜ਼ਰੂਰ ਲੱਗਿਆ। ਖਾਣੇ ਕਰਕੇ ਝਪਕੀ ਆਉਣ ਲੱਗ ਪਈ ਸੀ। ਉਹ ਸੋਚ ਰਿਹਾ ਸੀ ਕਿ ਨੀਂਦ ਨਹੀਂ ਆਵੇਗੀ, ਪਰ ਕੁਝ ਚਿਰ ਵਿਚ ਈ ਘੁਰਾੜੇ ਮਰਨ ਲੱਗਾ।

ਜਦ ਉਸਦੀ ਅੱਖ ਖੁੱਲ੍ਹੀ, ਨੰਦਨੀ ਉਸਦੀਆਂ ਬਾਹਾਂ ਵਿਚ ਆਰਾਮ ਨਾਲ ਸੁੱਤੀ ਹੋਈ ਸੀ। ਉਸਦੇ ਸਾਹਾਂ ਦੀ ਆਵਾਜ਼ ਸਾਫ ਸੁਣਾਈ ਦੇ ਰਹੀ ਸੀ। ਉਹ ਉਸ ਵੱਲ ਤੱਕਦਾ ਰਿਹਾ। ਉਸਦੇ ਏਨਾ ਨੇੜੇ ਸੀ ਉਸਦਾ ਚਿਹਰਾ, ਮੱਥਾ, ਨੱਕ, ਗੱਲ੍ਹ, ਠੋਡੀ, ਚਮੜੀ ਦੇ ਮੁਸਾਮ। ਗਰਦਨ ਦੀਆਂ ਨਸਾਂ! ਗਲ਼ੇ ਦਾ ਖੱਡਾ। ਕੁਰਤੇ ਦੀ ਧਾਰੀ। ਮੋਢੇ। ਬਾਹਾਂ। ਵੀਣੀਆਂ, ਕੰਗਨ। ਅੰਗੂਠੀ ਤੇ ਸਮੁੱਚੇ ਸਰੀਰ ਵਿਚ ਸਮਾਈ ਹੋਈ ਨੀਂਦ। ਨੰਦਨੀ ਦਾ ਹਮੇਸ਼ਾ ਦਾ ਕਹਿਣਾ ਉਸਨੂੰ ਯਾਦ ਆਇਆ, "ਤੁਸੀਂ ਹੁੰਦੇ ਓਂ ਤਾਂ ਮੈਂ ਗੂੜ੍ਹੀ ਨੀਂਦ ਸੌਂ ਸਕਦੀ ਆਂ।" ਤੇ ਉਸਨੂੰ ਹਾਸਾ ਆ ਗਿਆ। ਉਹਨੇ ਉਸਦੇ ਵਾਲਾਂ 'ਤੇ ਹੱਥ ਫੇਰਨਾ ਚਾਹੁੰਦਾ ਸੀ ਪਰ ਇੰਜ ਕਰਨ ਨਾਲ ਉਹ ਜਾਗ ਪਏਗੀ, ਇਹ ਸੋਚ ਕੇ ਇੰਜ ਨਹੀਂ ਸੀ ਕੀਤਾ।

ਨੰਦਨੀ ਹਮੇਸ਼ਾ ਇਵੇਂ ਸੌਂਦੀ ਏ। ਉਸਦਾ ਇਹ ਰੂਪ ਮੈਂ ਅਕਸਰ ਈ ਦੇਖਦਾ ਆਂ। ਕੀ ਕਦੀ ਉਸਨੇ ਮੈਨੂੰ ਗੂੜ੍ਹੀ ਨੀਂਦ ਸੁੱਤਿਆਂ ਦੇਖਿਆ ਹੋਏਗਾ? ਕੀ ਪਤਾ! ਰਾਤ ਨੂੰ ਤਾਂ ਉਹ ਮੈਥੋਂ ਪਹਿਲਾਂ ਸੌਂ ਜਾਂਦੀ ਏ। ਐਤਵਾਰ ਦੀ ਸਵੇਰ ਸ਼ਾਇਦ ਦੇਖਦੀ ਹੋਏਗੀ ਪਰ ਤਦ ਮੈਂ ਜਾਗ ਗਿਆ ਹੁੰਦਾ ਆਂ। ਗੂੜ੍ਹੀ ਨੀਂਦ ਵਿਚ ਨਹੀਂ ਹੁੰਦਾ। ਪਰ ਮੈਂ ਅਕਸਰ ਉਸਨੂੰ ਇਸੇ ਰੂਪ ਵਿਚ ਦੇਖਦਾ ਆਂ। ਜੇ ਉਸਦਾ ਚਿਹਰਾ ਅੱਖਾਂ ਸਾਹਵੇਂ ਲਿਆਉਣ ਦੀ ਕੋਸ਼ਿਸ਼ ਕਰਾਂ ਤਾਂ ਸ਼ਾਇਦ ਇਹੀ ਚਿਹਰਾ ਨਜ਼ਰ

ਆਏਗਾ। ਮੇਰੇ ਉੱਤੇ ਭਰੋਸਾ ਕਰਕੇ ਚੈਨ ਨਾਲ ਸੁੱਤਾ ਹੋਇਆ ਚਿਹਰਾ।

ਕੁਝ ਪਲ ਉਹ ਕਮਰੇ ਨੂੰ ਦੇਖਦਾ ਰਿਹਾ। ਸ਼ਾਦੀ ਪ੍ਰੰਪਰਾਗਤ ਵਿਧੀ ਨਾਲ ਹੋਈ ਸੀ। ਨੰਦਨੀ ਮੇਰੀ ਮਾਸੀ ਕੀ ਚਾਲ ਵਿਚ ਰਹਿੰਦੀ ਸੀ। ਪਹਿਲਾਂ ਤੋਂ ਮੈਂ ਜਾਣਦਾ ਸਾਂ ਉਸਨੂੰ। ਇਸ ਲਈ ਜਦੋਂ ਉਸਦੇ ਨਾਂ ਦੀ ਚਰਚਾ ਚੱਲੀ ਤਾਂ ਬਹੁਤਾ ਸੋਚਣਾ ਨਹੀਂ ਪਿਆ। ਉਸਦਾ ਵੀ ਇਹੋ ਹਾਲ ਹੋਏਗਾ। ਸਭ ਕੁਝ ਆਸਾਨ ਸੀ। ਉਸੇ ਸ਼ਹਿਰ ਵਿਚ ਰਹਿਣਾ। ਪਹਿਲਾਂ ਨੌਕਰੀ, ਫੇਰ ਕਾਰੋਬਾਰ, ਫੇਰ ਉਸ ਵਿਚ ਲਗਨ ਨਾਲ ਕੰਮ ਕਰਨਾ। ਰਾਜੂ ਦਾ ਜਨਮ, ਉਸਦਾ ਸਕੂਲ, ਕਾਲਜ, ਉਸਦੇ ਦੋਸਤ-ਮਿੱਤਰ। ਹੁਣ ਉਹ ਕੋਲ ਨਹੀਂ, ਖ਼ਾਲੀਪਨ—ਪਰ ਹਰ ਮੋੜ 'ਤੇ ਨੰਦਨੀ ਨਾਲ ਰਹੀ।

ਫੇਰ ਉਸਦੇ ਮਨ ਵਿਚ ਹਲਕੀ ਜਿਹੀ ਚੀਸ ਉੱਠੀ। ਉਸਦੇ ਮਨ ਵਿਚ ਵਿਚਾਰ ਆਇਆ—ਜਦ ਨੰਦਨੀ ਮੇਰੇ ਕੋਲ ਸੁੱਤੀ ਹੁੰਦੀ ਏ ਤਦ ਉਹ ਮੇਰੇ ਕੋਲ ਈ ਹੁੰਦੀ ਏ ਜਾਂ ਮੈਥੋਂ ਦੂਰ? ਘਰੇ ਉਹ ਹਰ ਵੇਲੇ ਨਾਲ ਰਹਿੰਦੀ ਏ ਫੇਰ ਵੀ ਲੱਗਦਾ ਏ ਕਿ ਉਹ ਕਿਧਰੇ ਦੂਰ ਏ। ਇੰਜ ਨਹੀਂ ਕਿ ਉਹ ਗੁਆਚੀ ਗੁਆਚੀ ਰਹਿੰਦੀ ਏ ਜਾਂ ਕੋਈ ਪਾਗਲਪਨ ਕਰਦੀ ਏ। ਫੇਰ ਵੀ ਮੈਨੂੰ ਇੰਜ ਕਿਉਂ ਲੱਗਦਾ ਰਹਿੰਦਾ ਏ?...ਮੈਂ ਕੁਛ ਜ਼ਿਆਦਾ ਕਹਿੰਦਾ ਨਹੀਂ ਇਸ ਲਈ? ਉਸ ਤੋਂ ਕੁਛ ਪੁੱਛਦਾ ਨਹੀਂ ਇਸ ਲਈ? ਕੁਛ ਚਿਰ ਪਹਿਲਾਂ ਉਸਨੇ ਕਿਹਾ ਵੀ ਸੀ, "ਤੁਸੀਂ ਮਰਦ ਲੋਕ ਪੁੱਛਦੇ ਈ ਕਦ ਓਂ?" ਮੈਨੂੰ ਉਸ ਤੋਂ ਕੀ ਪੁੱਛਣਾ ਚਾਹੀਦਾ ਸੀ? ਇਹ ਕਿ ਦੱਸ ਤੇਰੇ ਮਨ ਵਿਚ ਕੀ ਚੱਲ ਰਿਹਾ ਏ? ਪਰ ਇਸ ਵਿਚ ਪੁੱਛਣ ਵਾਲੀ ਕਿਹੜੀ ਗੱਲ ਏ? ਏਨੇ ਵਰ੍ਹੇ ਪਤੀ-ਪਤਨੀ ਦੇ ਰੂਪ ਵਿਚ ਰਹਿ ਕੇ ਵੀ ਇਸ ਔਪਚਾਰਿਕਤਾ ਦੀ ਲੋੜ ਈ ਕੀ ਏ? ਇੰਜ ਤਾਂ ਮੈਂ ਕੰਪਨੀ ਵਿਚ ਪੁੱਛਦਾ ਆਂ। ਨਵੇਂ ਸਟਾਫ ਨੂੰ। ਚਾਰ-ਛੇ ਮਹੀਨਿਆਂ ਬਾਅਦ। ਜਾਂ ਐਚ ਆਰ ਮੈਨੇਜਰ ਨੂੰ ਦੋ-ਤਿੰਨ ਸਾਲਾਂ ਬਾਅਦ ਸਰਵੇ ਕਰਦਾ ਆਂ ਤਦ ਪੁੱਛਦਾ ਆਂ, 'ਆਰ ਯੂ ਹੈਪੀ? ਡੂ ਯੂ ਹੈਵ ਐਨੀ ਪਰਾਬਲਮ? ਐਨੀ ਕੰਸਰਨਸ? ਨੋ? ਫਾਈਨ ਦੈਨ? ਐਨਜੁਆਏ ਯੁਅਰ ਵਰਕ!'...ਕੀ ਘਰੇ ਵੀ ਇਸਦੀ ਲੋੜ ਏ?

ਉਸਦਾ ਦਿਮਾਗ਼ ਚਕਰਾਉਣ ਲੱਗਾ। ਉਪਰ ਪੱਖਾ ਚੱਲ ਰਿਹਾ ਸੀ ਫੇਰ ਵੀ ਉਸਨੂੰ ਘੁਟਣ ਮਹਿਸੂਸ ਹੋਈ। ਸੱਚਮੱਚ ਕੁਝ ਗੱਲਾਂ ਸਮਝ ਤੋਂ ਪਰ੍ਹੇ ਹੁੰਦੀਆਂ ਨੇ—ਉਸਨੇ ਸੋਚਿਆ।...ਤੇ ਇੰਜ ਇਸ ਲਈ ਹੁੰਦਾ ਏ ਕਿ ਉਹਨਾਂ ਨੂੰ ਸਮਝ ਲੈਣ ਦਾ ਢੰਗ ਪਤਾ ਨਹੀਂ ਹੁੰਦਾ। ਉਸਦੀਆਂ ਸੋਚਾਂ ਜਾਰੀ ਰਹੀਆਂ। ਵੈਸੇ ਇਸ ਦੁਨੀਆਂ ਵਿਚ ਅਜਿਹਾ ਕੁਝ ਵੀ ਨਹੀਂ ਜਿਸ ਬਾਰੇ ਜਾਣਿਆ ਨਹੀਂ ਜਾ ਸਕਦਾ। ਪਹਿਲਾਂ ਸਾਨੂੰ ਰਿਵਰਸ ਆਸਮਾਸਿਸ ਦਾ ਪਤਾ ਥੋੜ੍ਹਾ ਈ ਹੁੰਦਾ ਏ? ਪਰ ਅਸੀਂ ਆਰੰਭ ਕਰ ਦੇਂਦੇ ਆਂ, ਕੁਛ ਬਨਿਆਦੀ ਜਾਣਕਾਰੀ ਦੇ ਆਧਾਰ 'ਤੇ—ਕੁਛ ਨਿਯਮਾਂ, ਸਿਧਾਂਤਾਂ ਨੂੰ ਸਾਹਵੇਂ ਰੱਖਦੇ ਆਂ ਤੇ ਪੌੜੀ-ਦਰ-ਪੌੜੀ ਚੜ੍ਹਦੇ ਰਹਿੰਦੇ ਆਂ। ਜਾਣਨ ਦੀ ਇੱਛਾ ਤੇ ਢੰਗ ਪਤਾ ਹੋਣਾ ਚਾਹੀਦਾ ਏ, ਬੱਸ! ਫੇਰ ਕੁਝ ਵੀ ਮੁਸ਼ਕਿਲ ਨਹੀਂ।

ਪਰ ਇਸ ਮਾਮਲੇ ਵਿਚ ਕਿਹੜਾ ਤਰੀਕਾ ਅਪਣਾਉਣਾ ਪਏਗਾ? ਪੁੱਛਣਾ? ਗੱਲਾਂ ਕਰਨੀਆਂ? ਉਹ ਤਾਂ ਮੈਂ ਹਮੇਸ਼ਾ ਈ ਕਰਦਾ ਰਿਹਾਂ। ਜ਼ਰੂਰਤਾਂ ਦਾ ਧਿਆਨ ਰੱਖਦਾ ਆਂ। ਬਿਨਾਂ ਮੰਗੇ ਕਈ ਚੀਜ਼ਾਂ ਲਿਆ ਦੇਂਦਾ ਆਂ; ਗੱਲਬਾਤ ਕਰਦਾ ਰਹਿੰਦਾ ਆਂ। ਸਾਡੇ ਦੋਵਾਂ ਵਿਚ ਇਹ ਬੇਸਿਕ ਅੰਡਰ ਸਟੈਂਡਿੰਗ ਹੈ-ਈ। ਇਸ ਲਈ ਤਾਂ ਬਹੁਤਾ ਕਹਿਣ-ਸੁਣਨ ਦੀ ਜ਼ਰੂਰਤ ਨਹੀਂ ਪੈਂਦੀ। ਠੀਕ ਇਵੇਂ ਕੰਪਨੀ ਵਿਚ ਹੁੰਦਾ ਏ। ਸਾਰੇ ਇਕ ਦੂਜੇ ਨੂੰ ਜਾਣਦੇ ਨੇ। ਗੁਣ-ਦੋਸ਼ਾਂ ਸਮੇਤ। ਚੰਗੀ ਤਰ੍ਹਾਂ, ਪੂਰੀ ਤਰ੍ਹਾਂ। ਇਸ 'ਤੇ ਵੀ ਕਿਸੇ ਗੱਲ ਦੀ ਲੋੜ ਪੈਂਦੀ ਏ, ਤਾਂ ਕਿਹਾ ਜਾਂਦਾ ਏ।

ਉਸਨੂੰ ਲੱਗਿਆ ਉਹ ਲੀਹੋਂ ਲੱਥਦਾ ਜਾ ਰਿਹਾ ਏ। ਉਸਨੇ ਘੜੀ ਦੇਖੀ। ਸਾਡੇ ਚਾਰ ਵੱਜ ਗਏ ਸਨ। ਅਜੇ ਵੀ ਧੁੱਪ ਹੋਏਗੀ। ਲੇਟੇ ਰਹਿਣਾ ਮੁਸ਼ਕਿਲ ਹੋ ਗਿਆ ਸੀ। ਖਿੜਕੀਆਂ 'ਤੇ ਪਰਦੇ ਸਨ ਫੇਰ ਵੀ ਤੇਜ਼ ਧੁੱਪ ਦਾ ਅਹਿਸਾਸ ਹੋ ਰਿਹਾ ਸੀ। ਫੇਰ ਉਸਨੂੰ ਯਾਦ ਆਇਆ ਇੱਥੇ ਜਿੰਮ



ਵੀ ਏ। ਸਵੇਰੇ ਮੈਨੇਜਰ ਨੇ ਕਿਹਾ ਸੀ ਹਰ ਵੇਲੇ ਖੁੱਲ੍ਹੀ ਹੁੰਦੀ ਏ। ਕਦੋਂ ਵੀ ਉੱਥੇ ਜਾ ਸਕਦਾ ਆਂ। ਉਸਨੇ ਸੋਚਿਆ ਜਦ ਤਕ ਨੰਦਨੀ ਸੁੱਤੀ ਹੋਈ ਏ, ਤਦ ਤਕ ਜਿੰਮ ਦੇਖ ਆਵਾਂ।

ਉਸਨੇ ਹੌਲੀ ਜਿਹੀ ਨੰਦਨੀ ਦੇ ਸਿਰ ਹੇਠੋਂ ਆਪਣੀ ਬਾਂਹ ਕੱਢ ਲਈ ਤੇ ਬਿਨਾਂ ਖੜਾਕ ਕੀਤਿਆਂ ਬੈੱਡ ਤੋਂ ਹੇਠ ਉਤਰ ਗਿਆ। ਫੇਰ ਵੀ ਉਹ ਜਾਗ ਪਈ। ਅੱਖਾਂ ਮਲਦਿਆਂ ਹੋਇਆਂ ਉਸਨੇ ਕਿਹਾ, "ਮੇਰੀ ਅੱਖ ਲੱਗ ਗਈ ਸੀ ਨਾ?"

"ਅੱਛੀ-ਖਾਸੀ ਗੂੜ੍ਹੀ 'ਚ ਸੁੱਤੀ ਹੋਈ ਸੈਂ।"

"ਸੱਚੀਂ?"

"ਹੋਰ ਕੀ!"

"ਤੁਸੀਂ ਕਿਉਂ ਉੱਠ ਗਏ?"

"ਜ਼ਰਾ ਜਿੰਮ ਵੱਲ ਤੀਕ ਹੋ ਆਵਾਂ.."

"ਓ-ਅ! ਜਿੰਮ!"

"ਮੈਨੂੰ ਲੱਗਿਆ ਤੂੰ ਸੁੱਤੀ ਹੋਈ ਏਂ।"

"ਫੇਰ ਕੀ ਹੋਇਆ। ਮੈਨੂੰ ਜਗਾਅ ਲੈਂਦੇ। ਸਮੁੰਦਰ ਦੇਖਣ ਚੱਲਣਾ ਏ ਨਾ?"

"ਦੇਖ ਲੈ, ਉੱਥੇ ਅਜੇ ਵੀ ਧੁੱਪ ਏ—ਫੇਰ ਵੀ ਚੱਲਣੈ ਕਿ ਸੂਰਜ ਦੇ ਛਿਪਣ ਵੇਲੇ ਚੱਲੀਏ?"

ਨੰਦਨੀ ਨੇ ਦਰਵਾਜ਼ਾ ਖੋਲ੍ਹਿਆ। ਝੱਟ ਪੀਲਾ-ਚਮਕੀਲਾ ਤੇਜ ਚਾਨਣ ਅੰਦਰ ਘੁਸ ਆਇਆ। ਸੂਰਜ ਐਨ ਦਰਵਾਜ਼ੇ ਦੇ ਸਾਹਮਣੇ ਸੀ। ਵਰਾਂਡੇ ਵਿਚ, ਰਸਤੇ ਉੱਤੇ ਤਿੱਖੀ ਧੁੱਪ ਫੈਲੀ ਹੋਈ ਸੀ। ਨਾਰੀਅਲ ਦੇ ਤਨਿਆਂ ਪਿੱਛੇ ਸੂਰਜ ਓਵੇਂ ਈ ਝਿਲਮਿਲਾ ਰਿਹਾ ਸੀ। ਉਹ ਕੁਝ ਚਿਰ ਦਰਵਾਜ਼ੇ ਵਿਚ ਖੜ੍ਹੀ ਰਹੀ ਤੇ ਫੇਰ ਪਿੱਛੇ ਮੁੜਦਿਆਂ ਹੋਇਆਂ ਉਸਨੇ ਕਿਹਾ, "ਸੱਚੀਂ, ਬੜੀ ਤੇਜ਼ ਧੁੱਪ ਏ। ਨਹੀਂ ਜਾ ਸਕਾਂਗੇ।"

"ਫੇਰ?"

"ਤੁਸੀਂ ਜ਼ਰਾ ਜਿੰਮ ਹੋ ਆਓ। ਮੈਂ ਕਿਤਾਬ ਪੜ੍ਹਦੀ ਆਂ।...ਤੇ ਚਾਹ?"

"ਤੂੰ ਆਪਣੇ ਲਈ ਮੰਗਵਾ ਲੈ। ਮੈਂ ਆ ਕੇ ਪੀਆਂਗਾ।"

"ਕਿਉਂ? ਚਾਹ ਪੀ ਕੇ ਜਾਓ ਨਾ! ਵੈਸੇ ਵੀ ਤੁਸੀਂ ਸਿਰਫ ਜਿੰਮ ਦੇਖਣ ਈ ਤਾਂ ਜਾ ਰਹੇ ਓ ਨਾ?"

"ਠੀਕ-ਠਾਕ ਹੋਏਗਾ ਤਾਂ ਹੱਥ-ਪੈਰ ਵੀ ਹਿਲਾਅ ਲਵਾਂਗਾ।" ਉਹ ਸ਼ਰਟ ਲਾਹੁੰਦਿਆਂ ਹੋਇਆਂ ਬੋਲਿਆ।

"ਵਾਹ ਜੀ ਉਤਸ਼ਾਹ! ਛੁੱਟੀ ਮਨਾਉਣ ਆਏ ਨੇ ਪਰ ਜਿੰਮ ਨਹੀਂ ਛੱਡ ਸਕਦੇ।"

"ਬਿਲਕੁਲ! ਜਾਣਦੀ ਨਹੀਂ, ਮੈਂ ਬਾਡੀ ਬਿਲਡਰ ਆਂ। ਦੇਖ!" ਕਹਿੰਦਿਆਂ ਹੋਇਆਂ ਉਸਨੇ ਆਪਣੀਆਂ ਬਾਹਾਂ ਤਾਣੀਆਂ। "ਕਿੰਜ ਲੱਗਦੈ? ਟਰਨਸ ਯੂ ਆਨ?" ਉਸ ਨੇ ਮੁਸਕਰਾਉਂਦਿਆਂ ਹੋਇਆ ਕਿਹਾ।

"ਕਤਈ ਨਹੀਂ। ਇਹੀ ਤਾਂ ਤੁਹਾਡਾ ਮਰਦਾਂ ਦਾ ਭੁਲੇਖਾ ਏ। ਇਟ ਐਕਚੁਅਲੀ ਟਰਨਸ ਅੱਸ ਆਫ।" ਉਸਨੇ ਮੁਸਕਰਾਂਦਿਆਂ ਹੋਇਆਂ ਕਿਹਾ।

ਭਾਸਕਰ ਦੀ ਸਮਝ ਵਿਚ ਨਹੀਂ ਆਇਆ ਇਸ ਦਾ ਕੀ ਉਤਰ ਦਿੱਤਾ ਜਾਏ? ਉਹ ਨਾਰਾਜ਼ ਹੋ ਗਿਆ। ਸਕੂਲ ਵਿਚ ਜਦੋਂ ਨਾਟਕ ਵਿਚ ਕੰਮ ਨਹੀਂ ਸੀ ਮਿਲਿਆ, ਓਹੋ ਜਿਹੀ ਨਾਰਾਜ਼ਗੀ। ਉਸਨੇ ਮੂੰਹੋਂ ਸਿਰਫ 'ਸ਼ਿੱਟ' ਕਿਹਾ ਤੇ ਬੈਗ ਵਿਚੋਂ ਟਰੈਕ ਪੈਂਟ, ਟੀ-ਸ਼ਰਟ ਕੱਢ ਕੇ

ਪਾਉਣ ਲੱਗ ਪਿਆ। "ਆਉਣਾ, ਅੱਧੇ ਕੁ ਘੰਟੇ 'ਚ।" ਉਸਨੇ ਨੈਪਕਿਨ ਚੁੱਕ ਕੇ ਸਲੀਪਰ ਪਾਉਂਦਿਆਂ ਹੋਇਆਂ ਕਿਹਾ।

ਜਿੰਮ ਸ਼ਾਂਤ ਤੇ ਖੁੱਲ੍ਹਾ ਸੀ। ਉੱਥੇ ਕੋਈ ਨਹੀਂ ਸੀ। ਹਾਲ ਛੋਟਾ ਸੀ ਪਰ ਹਵਾਦਾਰ। ਕੰਧਾਂ 'ਤੇ ਸਫੈਦ ਰੰਗ ਸੀ। ਸਾਰੇ ਸਾਧਨ ਢੰਗ ਨਾਲ ਇਕ ਕਤਾਰ ਵਿਚ ਰੱਖੇ ਸਨ। ਉਸਨੇ ਨਜ਼ਰਾਂ ਦੌੜਾਈਆਂ। ਬੈਂਚ ਪਰੈਸ, ਲੈਟਰਲ ਪੁਲੀ, ਇੰਕਲਾਇੰਡ ਮਸ਼ੀਨ, ਸ਼ੋਲਡਰ ਪਰੈਸ, ਲੈੱਗ ਕਰਲ। ਸਭ ਸੀ ਸਿਰਫ ਟਰੇਡ ਮਿਲ ਨਹੀਂ ਸੀ। ਕਾਰਡਿਅੱਕ ਸਾਈਕਲ ਸੀ। ਸਾਮਾਨ ਨਵਾਂ ਸੀ। ਸ਼ਾਇਦ ਜ਼ਿਆਦਾ ਇਸਤੇਮਾਲ ਵੀ ਨਹੀਂ ਸੀ ਕੀਤਾ ਗਿਆ। ਉਹ ਦੇਖ ਈ ਰਿਹਾ ਸੀ ਕਿ ਉਸਦੇ ਵਰਗੀ ਡਰੈਸ ਪਾਈ ਇਕ ਇੰਸਟਕਟਰ ਅੰਦਰ ਆਇਆ।

"ਵੈੱਲਕਮ ਸਰ! ਤੁਸੀਂ ਹੁਣੇ ਆਏ ਓਂ ਨਾ?" ਉਹ ਮੁਸਕਰਾਉਂਦਾ ਹੋਇਆ ਬੋਲਿਆ।

"ਹਾਂ! ਇੱਥੇ ਤਾਂ ਕੋਈ ਦਿਖਾਈ ਨਹੀਂ ਦੇ ਰਿਹਾ।" ਭਾਸਕਰ ਨੇ ਜਗਿਆਸਾ ਨਾਲ ਕਿਹਾ।

"ਹਾਂ ਸਰ! ਇਹ ਸਿਰਫ ਗੈਸਟ ਲਈ ਏ। ਵੈਸੇ ਪਿੰਡ ਦੇ ਜਿਹੜੇ ਮੁੰਡੇ ਮੈਂਬਰ ਨੇ ਉਹ ਆਉਂਦੇ ਨੇ ਆਮ ਕੋਈ ਨਹੀਂ। ਤੁਸੀਂ ਐਕਸਰਸਾਈਜ਼ ਕਰੋਗੇ?"

"ਹਾਂ! ਸੋਚ ਰਿਹਾਂ।"

"ਹਾਂ, ਜ਼ਰੂਰ ਕਰੋ ਸਰ। ਵੈਸੇ ਤਾਂ ਤੁਹਾਨੂੰ ਇੰਸਟਰਕਸ਼ਨ ਦੀ ਜ਼ਰੂਰਤ ਨਹੀਂ ਹੋਏਗੀ। ਫੇਰ ਕੋਈ ਜ਼ਰੂਰ ਪਈ ਤਾਂ ਦੱਸਣਾ।"

"ਥੈਂਕ ਯੂ। ਜ਼ਰੂਰਤ ਹੋਈ ਤਾਂ ਜ਼ਰੂਰ ਦੱਸਾਂਗਾ।"

ਇੰਸਟਕਟਰ ਅਦਬ ਨਾਲ ਦੂਰ ਜਾ ਕੇ ਬੈਠ ਗਿਆ। ਭਾਸਕਰ ਨੇ ਸਾਰੀਆਂ ਮਸ਼ੀਨਾਂ ਉੱਤੇ ਨਜ਼ਰ ਮਾਰੀ। ਕੀ ਕਰਾਂ? ਲੈੱਗ-ਬੈਕ-ਬਾਇਸੇਪਸ ਜਾਂ ਚੈਸਟ-ਸ਼ੋਲਡਰ-ਟਰਾਇਸੇਪਸ? ਸ਼ਾਮ ਨੂੰ ਤੁਰਨਾ ਵੀ ਏ, ਸਮੁੰਦਰ ਦੇ ਕਿਨਾਰੇ। ਤਾਂ ਫੇਰ ਹੁਣ ਚੈਸਟ-ਸ਼ੋਲਡਰ ਕਰਾਂ? ਚੱਲੋ। ਪਹਿਲਾਂ ਵਾਰਮ ਅੱਪ ਹੋ ਲਵਾਂ। ਫੇਰ ਪੰਜ ਦਸ ਕਿਲੋਮੀਟਰ ਸਾਈਕਲ ਚਲਾਵਾਂਗਾ।

ਉਸਨੇ ਨੈਪਕਿਨ ਡੰਡੇ 'ਤੇ ਰੱਖ ਦਿੱਤਾ। ਸਾਈਕਲ ਦੇ ਪੈਡਲ ਮਾਰਨੇ ਸ਼ੁਰੂ ਕੀਤੇ। ਲੱਤਾਂ ਜਵਾਬ ਦੇਣ ਲੱਗੀਆਂ। ਦੁਪਹਿਰ ਦੀ ਸੁਸਤੀ ਹੁਣ ਵੀ ਸੀ। ਗੱਡੀ ਚਲਾਉਣ ਦੀ ਥਕਾਣ ਵੀ ਸੀ। ਥੋੜ੍ਹੀ ਦੇਰ ਵਿਚ ਸਰੀਰ ਸਾਥ ਦੇਣ ਲੱਗ ਪਏਗਾ। ਸਰੀਰ ਨੂੰ ਗਤੀ ਵਿਚ ਢਲਣਾ ਪਸੰਦ ਨਹੀਂ ਹੁੰਦਾ ਪਰ ਇਕ ਵਾਰੀ ਗਤੀ ਫੜ੍ਹ ਲਏ ਤਾਂ ਗਤੀ ਈ ਚੰਗੀ ਲੱਗਦੀ ਏ। ਹਮੇਸ਼ਾ ਦਾ ਮਾਮਲਾ ਏ ਇਹ। ਉਹ ਸਹਿਜ ਨਾਲ ਸਾਹਮਣੇ ਦੇਖਦਾ ਹੋਇਆ ਪੈਡਲ ਮਾਰਦਾ ਰਿਹਾ। ਸਾਈਕਲ ਦੇ ਪੈਨਲ ਉੱਤੇ ਅੰਕੜੇ ਉਭਰਣ ਲੱਗੇ—ਗਤੀ ਦੇ, ਸਮੇਂ ਦੇ, ਤੈਅ ਕੀਤੀ ਦੂਰੀ ਦੇ। ਕੁਝ ਚਿਰ 'ਚ ਚੱਕੇ ਦੀ ਲੈਅਬੱਧ ਆਵਾਜ਼ ਗੂੰਜਣ ਲੱਗੀ। ਲੱਤਾਂ ਹੌਲੀਆਂ ਹੋ ਗਈਆਂ। ਉਸਨੇ ਗਤੀ ਤੇਜ਼ ਕਰ ਦਿੱਤੀ। ਤੇ ਉਹ ਇਕ ਤਾਲ ਵਿਚ ਸਾਈਕਲ ਚਲਾਉਣ ਲੱਗਿਆ।

"ਹਾਂ ਕਰੋ-ਕਰੋ ਕਸਰਤ! ਬਟ ਇਟ ਡਜ਼ੰਟ ਇਮਪ੍ਰੈੱਸ ਦੇਮ।" ਉਸ ਦਾ ਮਨ ਉਸ ਅਧੂਰੇ ਰਹਿ ਗਏ ਸੰਵਾਦ ਵੱਲ ਚਲਾ ਗਿਆ। ਫੇਰ ਉਹੀ ਸਵਾਲ ਉਭਰਿਆ। ਅਸਲ ਵਿਚ ਉਹ ਕੀ ਚਾਹੁੰਦੀਆਂ ਨੇ? ਉਹਨਾਂ ਨੂੰ ਸਾਡੇ ਬਲਸ਼ਾਲੀ ਸਰੀਰ ਨਾਲ ਮੋਹ ਨਹੀਂ ਹੁੰਦਾ। ਤਾਂ ਕੀ ਚਾਹੀਦਾ ਹੁੰਦੈ? ਸਿਰਫ ਬੈਠ ਕੇ ਗੱਪਾਂ ਮਾਰਨਾਂ? ਸਿਨਮਾ, ਨਾਟਕ, ਕਿਤਾਬਾਂ ਦੀਆਂ ਗੱਲਾਂ? ਤੇ ਜਦੋਂ ਰਸਤੇ ਵਿਚ ਕੋਈ ਛੇੜਖਾਨੀ ਕਰਦਾ ਏ ਓਦੋਂ? ਉਦੋਂ ਕੀ ਉਸਨੂੰ ਸਦਾਚਾਰ ਦੇ ਉਪਦੇਸ਼ ਦੇਈਏ? ਉਹ ਕਿਉਂ ਨਹੀਂ ਸਮਝਦੀਆਂ ਇਹ ਗੱਲਾਂ? ਉਹਨਾਂ ਦੇ ਮਨ ਦੀਆਂ ਗੱਲਾਂ ਅਸੀਂ ਕਿੰਜ ਜਾਣੀਏਂ? ਹੁਣੇ ਹੁਣੇ ਤਾਂ ਨੰਦਨੀ ਨੇ ਕਿਹਾ ਸੀ। ਵੈਸੇ ਵੀ ਉਸਨੂੰ ਮੇਰੀ ਕਸਰਤ ਨਾਲ ਕੋਈ ਲਾਗਾ-ਦੇਗਾ ਨਹੀਂ



ਹੁੰਦਾ। ਇਹ ਤਾਂ ਮੇਰਾ ਸ਼ੌਕ ਏ। ਕਾਲਜ ਦੇ ਦਿਨਾਂ ਤੋਂ ਈ। ਪਿੱਛੋਂ ਵੀ ਮੈਂ ਇਸ ਨੂੰ ਜਾਰੀ ਰੱਖਿਆ। ਵਰਨਾ ਲੋਕ ਪਿੱਛੋਂ ਛੱਡ ਦੇਂਦੇ ਨੇ ਤੇ ਤੁੱਥ-ਮੁੱਥ ਸਰੀਰ ਲਈ ਸਾਰੀ ਜ਼ਿੰਦਗੀ ਜਿਉਂਦੇ ਨੇ। ਮੈਂ ਓਵੇਂ ਹੋਣ ਨਹੀਂ ਦਿੱਤਾ। ਦਿਨ-ਬ-ਦਿਨ ਫੈਕਟਰੀ ਦਾ ਕੰਮ ਤੇ ਉਲਝਣਾਂ ਵਧਦੀਆਂ ਗਈਆਂ, ਤਦ ਵੀ ਨਹੀਂ। ਦਿਨ ਵਿਚ ਅੱਧਾ ਘੰਟਾ ਤਾਂ ਮੈਂ ਕਸਰਤ ਕਰਦਾ ਈ ਆਂ। ਤੇ ਇਸਦਾ ਲਾਭ ਵੀ ਹੋਇਆ ਏ। ਸਰੀਰ ਮਜ਼ਬੂਤ ਰਿਹੈ। ਮਨ ਵੀ। ਸਿਹਤ, ਠੀਕ-ਠਾਕ। ਨੰਦਨੀ ਮੰਨੇ ਨਾ ਮੰਨੇ, ਠੀਕ ਐ, ਪਰ ਮੇਰੀ ਕਸਰਤ ਦੀ ਉਸਨੂੰ ਕੋਈ ਤਕਲੀਫ਼ ਨਹੀਂ—ਨੁਕਸਾਨ ਤਾਂ ਬਿਲਕੁਲ ਵੀ ਨਹੀਂ।

ਫੇਰ ਵੀ ਫ਼ਰਕ ਤਾਂ ਪੈਂਦੇ, ਉਸਨੇ ਆਪਣੇ ਆਪ ਨੂੰ ਕਿਹਾ। ਹਰੇਕ ਦੀ ਆਪੋ ਆਪਣੀ ਪਸੰਦ ਏ। ਇਕ ਦੀ ਪਸੰਦ ਦੂਜੇ ਦੀ ਪਸੰਦ ਹੋਏ ਇਹ ਜ਼ਰੂਰੀ ਤਾਂ ਨਹੀਂ। ਵੈਸੇ ਉਸਦੀ ਤੇ ਮੇਰੀ ਪਸੰਦ ਵਿਚ ਕੋਈ ਖਾਸ ਅੰਤਰ ਨਹੀਂ। ਇੰਜ ਵੀ ਨਹੀਂ ਹੋਇਆ ਕਿ ਇਕ ਦੀ ਖਾਤਰ ਦੂਜੇ ਨੂੰ ਆਪਣਾ ਮਨ ਮਾਰਨਾ ਪਏ। ਅਕਸਰ ਗੱਲਾਂ ਦੋਵਾਂ ਦੀ ਇਕ ਪਸੰਦ ਨਾਲ ਹੀ ਹੁੰਦੀਆਂ ਨੇ। ਫੇਰ ਵੀ ਕੁਝ ਤਾਂ ਪਰਦਾ ਹੁੰਦਾ ਈ ਏ। ਉੱਤੋਂ ਭਲਾਂ ਦੀ ਨਾ ਦਿਸੇ। ਸਮਾਂ ਆਉਣ 'ਤੇ ਨੰਦਨੀ ਆਪਣੀ ਗੱਲ ਦਬਾਅ ਕੇ ਮੇਰੀ ਗੱਲ ਰੱਖ ਵੀ ਲੈਂਦੀ ਏ—ਪਰ ਮੈਨੂੰ ਕਿਤੇ ਨਾ ਕਿਤੇ ਅਹਿਸਾਸ ਹੁੰਦਾ ਰਹਿੰਦਾ ਏ। ਉਸ ਪੀੜ ਦਾ ਕੋਈ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਕੈਸੀ ਪੀੜ ਏ ਇਹ? ਇਸਦਾ ਵੀ ਠੀਕ-ਠੀਕ ਪਤਾ ਨਹੀਂ ਲੱਗਦਾ। ਪਤੀ-ਪਤਨੀ ਪੂਰੀ ਤਰ੍ਹਾਂ ਇਕ ਦੂਜੇ ਦੇ ਹੋ ਜਾਂਦੇ ਨੇ, ਫੇਰ ਵੀ ਇਕ ਅਦਿੱਖ ਦੂਰੀ ਬਣੀ ਰਹਿੰਦੀ ਏ। ਅਜਿਹੇ ਕਿਸੇ ਮੌਕੇ ਫੇਰ ਉਸ ਦੂਰੀ ਦਾ ਅਹਿਸਾਸ ਹੁੰਦਾ ਏ। ਇਸਦਾ ਕੋਈ ਤਾਂ ਇਲਾਜ਼ ਹੋਏਗਾ? ਹੈ ਜਾਂ ਨਹੀਂ? ਜਾਂ ਹੈ ਪਰ ਮੈਂ ਨਹੀਂ ਜਾਣਦਾ।

ਵਿਚਾਰਾਂ ਵਿਚ ਗਵਾਚੇ ਭਾਸਕਰ ਨੂੰ ਪਤਾ ਈ ਨਹੀਂ ਸੀ ਲੱਗਿਆ ਕਿ ਸਾਈਕਲ ਦੀ ਸਪੀਡ ਕਦੋਂ ਵਧ ਗਈ ਸੀ। ਖਾਲੀ ਜਿੰਮ ਵਿਚ ਸਾਈਕਲ ਦੀ ਗੂੰਜ ਕੁਝ ਵਧੇਰੇ ਹੀ ਤਿੱਖੀ ਸੁਣਾਈ ਦੇ ਰਹੀ ਸੀ। ਉਸਦੇ ਮੱਥੇ ਉੱਤੇ ਪਸੀਨੇ ਦੀਆਂ ਬੂੰਦਾਂ ਚਮਕ ਰਹੀਆਂ ਸਨ। ਸਰੀਰ ਦਾ ਪਸੀਨਾ ਵੀ ਸਾਫ ਦਿਖਾਈ ਦੇ ਰਿਹਾ ਸੀ। ਉੱਥੇ ਖੜ੍ਹਾ ਇੰਸਟਕਟਰ ਹੈਰਾਨ ਹੋਇਆ ਹੋਇਆ ਉਸ ਵੱਲ, ਆਦਰ ਨਾਲ ਦੇਖ ਰਿਹਾ ਸੀ। ਭਾਸਕਰ ਦੀ ਨਿਗਾਹ ਪੈਡਲ ਉੱਤੇ ਪਈ। ਪੰਜ ਕਿਲੋਮੀਟਰ ਕਦੇ ਦੇ ਪਾਰ ਹੋ ਚੁੱਕੇ ਸਨ। ਉਹ ਜਿਵੇਂ ਸਾਈਕਲ ਰੇਸ ਲਾ ਰਿਹਾ ਸੀ। ਉਸਨੇ ਸਪੀਡ ਘੱਟ ਕੀਤੀ। ਪੈਡਲਾਂ ਤੋਂ ਪੈਰ ਹਟਾ ਲਏ। ਨੈਪਕਿਨ ਚੁੱਕਿਆ ਤੇ ਹੇਠਾਂ ਉਤਰ ਆਇਆ। ਹੁਣ ਉਸਨੂੰ ਕਾਫੀ ਹਲਕਾ ਮਹਿਸੂਸ ਹੋ ਰਿਹਾ ਸੀ। ਉਹ ਨਵੇਂ ਉਤਸਾਹ ਨਾਲ ਸਟ੍ਰੇਚਿੰਗ ਦੀਆਂ ਕਿਸਮਾਂ, ਗਰਦਨ ਦੀ ਕਸਰਤ, ਪਿੰਜਨੀਆਂ, ਪਿੱਠ, ਮੋਢਿਆਂ ਲਈ ਕਸਰਤ ਕਰਦਾ ਰਿਹਾ। ਬੈਂਚ ਪਰੈਸ ਉੱਤੇ ਲੇਟ ਕੇ ਪਹਿਲਾਂ ਸੱਠ ਕਿਲੋ, ਫੇਰ ਸੱਤਰ ਕਿਲੋ, ਅੱਸੀ ਕਿਲੋ, ਦਸ-ਦਸ ਦੇ ਤਿਨ ਸੈੱਟ, ਪੇਕ ਡੇਕ ਉੱਤੇ ਤੀਹ, ਪੈਂਤੀ, ਚਾਲੀ ਤੇ ਸ਼ੋਲਡਰ ਪ੍ਰੈੱਸ ਉੱਤੇ ਸ਼ੁਰੂ ਵਿਚ ਈ ਪੰਜਾਹ! ਉਫ਼! ਇੰਸਟਕਟਰ ਹੱਕਾ-ਬੱਕਾ ਰਹਿ ਗਿਆ। ਬੱਸ ਉਸ ਵੱਲ ਦੇਖਦਾ ਈ ਰਿਹਾ। ਭਾਸਕਰ ਮੁਸਕਰਾਇਆ। ਅਜਿਹੇ ਮੌਕੇ ਵੀ ਆਉਂਦੇ ਨੇ। ਮੇਰੇ ਸਰੀਰ ਨੂੰ ਦੇਖ ਕੇ ਕੋਈ ਸੋਚ ਨਹੀਂ ਸਕਦਾ ਕਿ ਮੈਂ ਬੈਂਚ ਪ੍ਰੈੱਸ 'ਤੇ ਨੱਬੇ ਕਿਲੋ ਤਕ ਪਹੁੰਚਦਾ ਆਂ। ਕੂਲ ਡਾਊਨ ਹੋ ਕੇ ਉਹ ਬਾਹਰ ਨਿਕਲਿਆ। ਸਾਢੇ ਪੰਜ ਕਦੋਂ ਦੇ ਵੱਜ ਚੁੱਕੇ ਸਨ।

ਉਹ ਕਾਟੇਜ ਪਹੁੰਚਿਆ। ਨੰਦਨੀ ਉਸੇ ਤਰ੍ਹਾਂ ਵਰਾਂਡੇ ਦੀ ਰੇਲਿੰਗ ਨਾਲ ਪਿੱਠ ਲਾਈ ਬੈਠੀ ਕਿਤਾਬ ਵਿਚ ਗਵਾਚੀ ਹੋਈ ਸੀ। ਜਦੋਂ ਉਹ ਬਿਲਕੁਲ ਨੇੜੇ ਪਹੁੰਚ ਗਿਆ ਤਾਂ ਨੰਦਨੀ ਨੇ ਉਸਦੀ ਆਹਟ ਸੁਣੀ ਤੇ ਗਰਦਨ ਉੱਤੇ ਕਰਕੇ ਉਸ ਵੱਲ ਦੇਖਿਆ।

"ਏਨੀ ਦੇਰ? ਤੁਸੀਂ ਤਾਂ ਸਿਰਫ ਦੇਖਣ ਗਏ ਸੀ ਨਾ?"

"ਨਹੀਂ! ਠੀਕ-ਠਾਕ ਹੋਇਆ ਤਾਂ ਕਰਕੇ ਵੀ ਆਵਾਂਗਾ।...ਇੰਜ ਵੀ ਕਿਹਾ ਸੀ।"

"ਪਰ ਏਨੀ ਦੇਰ?"

"ਇਕ ਘੰਟਾ ਈ ਤਾਂ ਹੋਇਐ। ਹਮੇਸ਼ਾ ਕਰਦਾਂ, ਉਸ ਤੋਂ ਘੱਟ ਈ। ਤੂੰ ਬੋਰ ਹੋ ਗਈ ਏਂ?"

"ਨਹੀਂ। ਬੋਰ ਨਹੀਂ ਹੋਈ।"

"ਪੜ੍ਹ ਰਹੀ ਸੈਂ?"

"ਹਾਂ।"

"ਫੇਰ?"

ਉਹ ਸਿਰਫ ਮੁਸਕਰਾਈ। ਬੁੱਕ-ਮਾਰਕ ਰੱਖ ਕੇ ਉਸਨੇ ਕਿਤਾਬ ਬੰਦ ਕਰ ਦਿੱਤੀ।

"ਚਾਹ ਪੀ ਲਈ?"

"ਹਾਂ, ਉਦੋਂ ਈ ਪੀ ਲਈ ਸੀ। ਤੁਹਾਡੇ ਲਈ ਕਹਾਂ?"

"ਹਾਂ, ਜ਼ਰੂਰ। ਓਨੀ ਦੇਰ 'ਚ ਮੈਂ ਨਹਾਅ ਆਉਣਾ। ਫੇਰ ਚੱਲਾਂਗੇ ਸਮੁੰਦਰ ਕਿਨਾਰੇ।" ਉਹ ਅੰਦਰ ਜਾਂਦਾ-ਜਾਂਦਾ ਕਹਿ ਗਿਆ।

ਕਾਟੇਜ ਵਿਚੋਂ ਨਿਕਲ ਕੇ ਜਦੋਂ ਉਹ ਸਮੁੰਦਰ ਕਿਨਾਰੇ ਪਹੁੰਚੇ ਉਦੋਂ ਧੁੱਪ ਮੱਠੀ ਪੈ ਗਈ ਸੀ। ਪੀਲਾ ਸੂਰਜ ਆਸਮਾਨ ਵਿਚ ਸੀ ਪਰ ਉਸ ਵਿਚ ਹੁਣ ਉਹ ਗਰਮੀ ਨਹੀਂ ਸੀ। ਸਮੁੰਦਰ ਦਾ ਨੀਲਾ ਪਾਣੀ ਪਹਿਲਾਂ ਵਾਂਗ ਈ ਝਿਲਮਿਲਾ ਰਿਹਾ ਸੀ। ਰਿਸੋਰਟ ਦੇ ਫੈਂਸਿੰਗ ਦੇ ਪਰ੍ਹੇ ਖਾਲੀ ਜਗਾਹ ਛੱਡੀ ਹੋਈ ਸੀ। ਇਕ ਵੱਖਰਾ ਰਸਤਾ ਵੀ ਸੀ। ਉਸ ਤੋਂ ਪਰ੍ਹੇ ਸੰਘਣੇ ਰੁੱਖ ਸਨ।

ਜਵਾਰਭਾਟੇ ਦਾ ਸਮਾਂ ਚੱਲ ਰਿਹਾ ਸੀ। ਸਮੁੰਦਰ ਦਾ ਪਾਣੀ ਪਿਛੜ ਗਿਆ ਸੀ। ਮਿਟਮੈਲੀ ਰੇਤ ਦਾ ਇਕ ਦੂਜਾ ਸਮੁੰਦਰ ਪੈਰਾਂ ਹੇਠ ਫੈਲਿਆ ਹੋਇਆ ਸੀ। ਕਿਨਾਰਾ ਮੌਨ ਸੀ। ਦੋ-ਤਿੰਨ ਬੱਚੇ ਰੇਤ ਨਾਲ ਖੇਡ ਰਹੇ ਸਨ। ਇੱਕਾ-ਦੁੱਕਾ ਮਛੇਰੇ ਘਰ ਜਾਂਦੇ ਦਿਸ ਰਹੇ ਸਨ। ਕਾਫੀ ਦੂਰ ਲਾਲ-ਸਫੈਦ ਬੇੜੀਆਂ ਕਿਨਾਰੇ 'ਤੇ ਸੁਸਤਾ ਰਹੀਆਂ ਸਨ। ਹਵਾ ਦੇ ਬੁੱਲ੍ਹੇ ਆ ਰਹੇ ਸਨ ਤੇ ਭਾਸਕਰ ਤੇਜ਼-ਤੇਜ਼ ਤੁਰਦਾ ਹੋਇਆ ਇੱਥੇ ਆ ਖਲੋਤਾ ਸੀ। ਕੁਝ ਚਿਰ ਤਕ ਉਹ ਸਮੁੰਦਰ ਨੂੰ ਬੱਸ ਦੇਖਦਾ ਰਿਹਾ। ਸਾਹਮਣੇ ਸੂਰਜ ਸੀ ਤੇ ਪਾਣੀ ਝਿਲਮਿਲਾ ਰਿਹਾ ਸੀ। ਉਸਦੇ ਮਨ ਨੂੰ ਠੰਡਕ ਮਹਿਸੂਸ ਹੋਈ। ਉਸ ਮਹਿਸੂਸ ਹੋਇਆ ਕਿ ਉਸਨੇ ਇੱਥੇ ਆਉਣ 'ਚ ਦੇਰ ਕਰ ਦਿੱਤੀ ਏ। ਖਾਣੇ ਵਿਚ, ਸੌਣ ਵਿਚ, ਚਾਹ ਪੀਣ ਵਿਚ ਸਮਾਂ ਬਰਬਾਦ ਕਰਦਾ ਰਿਹਾ ਏ—ਇੱਥੇ ਆਉਂਦਿਆਂ ਈ ਸਮੁੰਦਰ ਕੋਲ ਆ ਜਾਣਾ ਚਾਹੀਦਾ ਸੀ ਉਸਨੂੰ। ਕੀ ਹੋਇਆ ਧੁੱਪ ਸੀ ਫੇਰ ਵੀ। ਮੈਨੂੰ ਧੁੱਪ ਵਿਚ ਘੁੰਮਣ ਦੀ ਆਦਤ ਤਾਂ ਹੈ-ਈ। ਤੇ ਇੱਥੇ ਤਾਂ ਨਮਕੀਨ ਹਵਾ ਕਾਰਨ ਧੁੱਪ ਮਹਿਸੂਸ ਵੀ ਨਹੀਂ ਹੁੰਦੀ। ਟੋਪੀ ਲੈ ਕੇ ਧੁੱਪ ਤੋਂ ਬਚਿਆ ਵੀ ਜਾ ਸਕਦਾ ਸੀ। ਦੁਪਹਿਰ ਦੇ ਬਾਰਾਂ ਵਜੇ ਵੀ ਇੱਥੇ ਆਇਆ ਜਾ ਸਕਦਾ ਏ। ਅਸੀਂ ਇੱਥੇ ਆਏ ਆਂ ਸਮੁੰਦਰ ਕਰਕੇ ਤੇ ਕਿਨਾਰੇ ਤੋਂ ਦੂਰ ਰਹੇ। ਕੀ ਲਾਭ? ਕਲ੍ਹ ਤੋਂ ਸਭ ਬਦਲਣਾ ਪਏਗਾ। ਸਵੇਰ, ਦੁਪਹਿਰ, ਸ਼ਾਮ ਇੱਥੇ ਈ ਬਿਤਾਈ ਜਾਏਗੀ। ਮਨ ਕਰੇਗਾ ਤਾਂ ਪਹਾੜ 'ਤੇ ਜਾਵਾਂਗੇ ਨਹੀਂ ਤਾਂ ਇੱਥੇ ਈ, ਕਿਨਾਰੇ ਕਿਨਾਰੇ ਮੌਜ-ਮਸਤੀ ਕਰਾਂਗੇ। ਕਮਰੇ ਵਿਚ ਰਹਿਣਾ ਈ ਨਹੀਂ। ਇੱਥੇ ਏਨਾਂ ਵਧੀਆ ਦੂਰ ਤਕ ਫੈਲਿਆ ਹੋਇਆ ਕਿਨਾਰਾ ਏ। ਭਾਵੇਂ ਜਿੰਨਾ ਚਾਹੋ ਤੁਰਦੇ ਜਾਓ, ਕਿਨਾਰਾ ਖਤਮ ਈ ਨਹੀਂ ਹੋਏਗਾ। ਉਧਰ ਉਹ ਪਾਣੀ ਵਿਚ ਭਿੱਜੀਆਂ ਚਟਾਨਾਂ ਨੇ। ਉਹਨਾਂ 'ਤੇ ਬੈਠ ਸਕਦੇ ਆਂ। ਫੇਰ ਤਾਂ ਸਮੁੰਦਰ ਈ ਸਾਨੂੰ ਭਿਓਂਦਾ ਰਹੇਗਾ। ਰੁੱਖਾਂ ਦੇ ਸੰਘਣੇ ਪਰਛਾਵੇਂ ਨੇ। ਉੱਥੇ ਬੈਠ ਕੇ ਖਾਣਾ ਖਾ ਸਕਦੇ ਆਂ। ਸੌਂ ਵੀ ਸਕਦੇ ਆਂ। ਦਿਨ ਆਰਾਮ ਨਾਲ ਇੱਥੇ ਬੀਤ ਜਾਏਗਾ। ਰਾਤ ਵੀ। ਰਾਤ ਨੂੰ ਇੱਥੇ ਹੋਰ ਨਜ਼ਾਰਾ ਆਏਗਾ। ਠੰਡੀਆਂ ਪੌਣਾਂ...ਸਮੁੰਦਰ ਦਾ ਲੈਅ ਬੱਧ ਰਾਗ...ਦੂਰ ਟਿਮਟਿਮਾਉਂਦੀਆਂ ਹੋਈਆਂ ਬੱਤੀਆਂ...ਝਿਲਮਿਲ ਕਰਦੇ ਤਾਰੇ...ਏਥੇ ਕਿੰਨੀ ਮਿੱਠੀ ਨੀਂਦ ਆ ਸਕਦੀ ਏ।



ਨੰਦਨੀ ਨੂੰ ਕਹਿਣ ਲਈ ਉਹ ਪਿੱਛੇ ਮੁੜਿਆ। ਉਸਨੂੰ ਲੱਗਿਆ ਉਹ ਉਸਦੇ ਨੇੜੇ ਈ ਹੋਏਗੀ, ਪਰ ਉਹ ਉਸ ਨਾਲੋਂ ਕਾਫੀ ਪਿੱਛੇ ਖੜ੍ਹੀ ਸੀ—ਚੁੱਪਚਾਪ ਸਮੁੰਦਰ ਵੱਲ ਦੇਖਦੀ ਹੋਈ। ਉਸਦੀ ਸਫੈਦ ਚੁੰਨੀ ਹਵਾ ਵਿਚ ਲਹਿਰਾ ਰਹੀ ਸੀ। ਪਰ ਉਸਦਾ ਧਿਆਨ ਨਹੀਂ ਸੀ। ਉਹ ਆਪਣੇ ਆਪ ਵਿਚ ਗਵਾਚੀ, ਕਿਧਰੇ ਹੋਰ ਈ ਸੀ।

ਉਹ ਉਸ ਵੱਲ ਤੁਰ ਪਿਆ। ਉਸਦੀ ਆਹਟ ਮਹਿਸੂਸ ਕਰਕੇ ਉਹ ਵੀ ਉਸ ਵੱਲ ਆਉਣ ਲੱਗੀ।

"ਕੀ ਦੇਖ ਰਹੀ ਸੈਂ?"

"ਅਮੰ? ਕੁਛ ਨਹੀਂ!"

"ਸਮੁੰਦਰ ਵੀ ਨਹੀਂ?"

"ਸਮੁੰਦਰ ਈ ਤਾਂ ਦੇਖ ਰਹੀ ਸੀ। ਕਿੰਨਾ ਵਿਸ਼ਾਲ ਏ, ਹੈ-ਨਾ? ਕੁਛ ਸੁੱਝਦਾ ਈ ਨਹੀਂ।"

"ਪਹਿਲਾਂ ਪਾਣੀ 'ਚ ਉਤਰੀਏ? ਜਾਂ ਘੁੰਮ ਆਈਏ?"

"ਜਿਵੇਂ ਤੁਸੀਂ ਚਾਹੋਂ..."

"ਪਹਿਲਾਂ ਘੁੰਮਣਾ ਚਾਹੀਦਾ ਏ, ਪਰ ਪਾਣੀ ਵਿਚ ਪੈਰ ਡੁਬੋਣ ਦਾ ਮਨ ਵੀ ਹੋ ਰਿਹੈ। ਅਸੀਂ ਸਵੇਰ ਦੇ ਇੱਥੇ ਆਂ, ਪਰ ਸਮੁੰਦਰ ਨੂੰ ਛੂਹਿਆ ਈ ਨਹੀਂ।"

ਉਸਨੇ ਬੂਟ ਲਾਹ ਦਿੱਤੇ। ਪੈਂਟ ਉੱਤੇ ਚੜ੍ਹਾਈ। ਗੋਡਿਆਂ ਤਕ। ਨੰਦਨੀ ਨੇ ਵੀ ਸਲਵਾਰ ਉੱਪਰ ਟੁੰਗ ਲਈ। ਉਹ ਦੋਵੇਂ ਆਰਾਮ ਨਾਲ ਪਾਣੀ ਵਿਚ ਉਤਰਣ ਲੱਗੇ। ਪੈਰਾਂ ਨਾਲ ਪਾਣੀ ਛੋਂਹਦਿਆਂ ਈ ਪੂਰੇ ਸਰੀਰ ਨੂੰ ਧੁੜਧੁੜੀ ਜਿਹੀ ਆਈ। ਭਾਸਕਰ ਦੀ ਝੁਲਸੀ ਹੋਈ ਦੇਹ ਨੂੰ ਰਾਹਤ ਮਿਲੀ। ਇਕ ਲਹਿਰ ਹੌਲੀ ਜਿਹੇ ਪੈਰਾਂ ਨੂੰ ਛੂਹ ਕੇ ਵਾਪਸ ਪਰਤ ਗਈ। ਜਾਂਦੀ-ਜਾਂਦੀ ਪੈਰਾਂ ਹੇਠੋਂ ਰੇਤ ਨੂੰ ਵੀ ਸਰਕਾਅ ਗਈ।

"ਪੈਰਾਂ 'ਚ ਕੁਤਕਤਾੜੀਆਂ ਕਰਦੀ ਏ ਰੇਤ।" ਉਹ ਹੋਰ ਅੱਗੇ ਵਧ ਗਏ।

"ਹਾਂ!" ਉਸਨੇ ਕਿਹਾ।

ਪਾਣੀ ਪਿੰਜਨੀਆਂ ਨੂੰ ਛੂਹਣ ਲੱਗਾ ਤਾਂ ਹੋਰ ਵੀ ਚੰਗਾ ਲੱਗਿਆ। ਸਾਰਾ ਆਕਾਸ਼ ਸ਼ਾਮ ਦੀ ਸੁਨਹਿਰੀ ਧੁੱਪ ਨਾਲ ਭਰ ਗਿਆ ਸੀ। ਰੋਸ਼ਨੀ ਹਾਲੇ ਵੀ ਏਨੀ ਤਿੱਖੀ ਸੀ ਕਿ ਉਸ ਵੱਲ ਝਾਕਿਆ ਨਹੀਂ ਸੀ ਜਾਂਦਾ। ਸਮੁੰਦਰ ਦੇ ਪਾਣੀ ਵਿਚ ਗਰਮਾਹਟ ਭਰੀ ਠੰਡਕ ਸੀ। ਲਹਿਰਾਂ ਦਾ ਆਉਣਾ ਜਾਰੀ ਸੀ ਪਰ ਸਮੁੰਦਰ ਜਿਵੇਂ ਸਮਾਧੀ ਵਿਚ ਸੀ। ਉਸਨੇ ਹੇਠਾਂ ਝੁਕ ਕੇ ਚੁੱਲੀ ਵਿਚ ਪਾਣੀ ਭਰਿਆ, ਫੇਰ ਡੋਲ੍ਹ ਦਿੱਤਾ।

ਨੰਦਨੀ ਵੀ ਉਸਦੇ ਕੋਲ ਆ ਖੜ੍ਹੀ ਹੋਈ। ਉਸਨੇ ਵੀ ਚੁੱਲੀ ਵਿਚ ਪਾਣੀ ਭਰ ਕੇ ਡੋਲ੍ਹ ਦਿੱਤਾ। ਭਾਸਕਰ ਨੇ ਝੱਟ ਫੇਰ ਓਵੇਂ ਈ ਕੀਤਾ।

"ਪਾਵਾਂ, ਤੇਰੇ 'ਤੇ?" ਉਸਨੇ ਚੁਲੀ ਵੱਲ ਦੇਖਦਿਆਂ ਹੋਇਆਂ ਕਿਹਾ।

"ਨਹੀਂ! ਨਾ ਪਾਇਓ।" ਉਹ ਹੱਥ ਨਾਲ ਰੋਕਦੀ ਹੋਈ ਕੂਕੀ।

ਉਸਦੀ ਆਵਾਜ਼ ਸੁਣ ਕੇ ਤ੍ਰਬਕ ਗਿਆ ਉਹ। ਉਸਨੂੰ ਲੱਗਿਆ ਪੁੱਛ ਕੇ ਗ਼ਲਤੀ ਕੀਤੀ। ਸਿੱਧਾ ਉਸਨੂੰ ਭਿਓਂ ਦੇਣਾ ਚਾਹੀਦਾ ਸੀ। ਉਸਦੇ ਮਨ੍ਹਾਂ ਕਰਨ ਪਿੱਛੋਂ, ਉਸਦਾ ਹੌਸਲਾ ਨਹੀਂ ਸੀ ਪਿਆ। ਉਸਨੇ ਚੁਲੀ ਖਾਲੀ ਕੀਤੀ ਤੇ ਬੂੰਦਾਂ ਆਪਣੇ ਉੱਤੇ ਛਿੜਕ ਲਈਆਂ।

"ਉਫ਼? ਚਿਪ-ਚਿਪ ਹੋ ਜਾਂਦੀ ਏ ਬਈ! ਚੰਗਾ ਨਹੀਂ ਲੱਗਦਾ। ਸਿਰਫ ਪੈਰਾਂ ਉੱਤੇ ਲਹਿਰਾਂ ਝੱਲਣੀਆਂ ਆਸਾਨ ਨੇ।"

ਉਹ ਕੁਝ ਨਹੀਂ ਬੋਲਿਆ। ਦੋਵੇਂ ਚੁੱਪਚਾਪ ਸਮੁੰਦਰ ਦੇਖਦੇ ਰਹੇ। ਉਹ ਪਾਣੀ ਵਿਚੋਂ ਬਾਹਰ ਆਇਆ। ਗਿੱਲੇ ਪੈਰਾਂ ਨੂੰ ਬੂਟਾਂ ਵਿਚ ਤੁੰਨਿਆਂ। ਤੇ ਤੁਰਨ ਲੱਗਾ। ਜ਼ਮੀਨ ਗਿੱਲੀ ਸੀ। ਪੈਰ ਧਸ ਰਹੇ ਸਨ। ਕੁਝ ਚਿਰ ਤਕ ਉਸਨੇ ਓਵੇਂ ਈ ਤੁਰਨ ਦਾ ਜਤਨ ਕੀਤਾ। ਜਦੋਂ ਸੰਭਵ ਨਾ ਹੋਇਆ ਤਾਂ ਬੂਟ ਲਾਹ ਕੇ ਹੱਥ ਵਿਚ ਫੜ ਲਏ ਤੇ ਕਾਹਲੀ-ਕਾਹਲੀ ਤੁਰਨ ਲੱਗਾ।

ਕੁਝ ਚਿਰ ਪਿੱਛੋਂ ਉਸਨੂੰ ਖ਼ਿਆਲ ਆਇਆ ਕਿ ਮੈਂ ਇਕੱਲਾ ਈ ਅੱਗੇ ਨਿਕਲ ਆਇਆ ਆਂ। ਨੰਦਨੀ ਪਿੱਛੇ ਰਹਿ ਗਈ ਏ। ਕੁਝ ਚਿਰ ਉਹ ਉਸ ਲਈ ਰੁਕਿਆ। ਜਦੋਂ ਉਹ ਕੁਝ ਨੇੜੇ ਆ ਗਈ, ਉਦੋਂ ਫੇਰ ਤੁਰ ਪਿਆ। ਫੇਰ ਉਸਦੇ ਧਿਆਨ ਵਿਚ ਆਇਆ ਕਿ ਉਹ ਹੁਣ ਵੀ ਪਿੱਛੇ ਰਹਿ ਗਈ ਏ।

"ਤੂੰ ਚੱਲਣਾ ਨਹੀਂ ਕਿ?" ਉਸਦੇ ਨੇੜੇ ਆਉਂਦਿਆਂ ਈ ਉਸਨੇ ਪੁੱਛਿਆ।

"ਅਅੰ? ਰੇਤ 'ਤੇ ਤੁਰਨਾ ਮੁਸ਼ਕਿਲ ਹੁੰਦਾ ਏ।"

"ਚੱਲਣਾ ਏਂ ਜਾਂ ਨਹੀਂ?"

"ਅਅੰ? ਚੱਲ ਰਹੀ ਆਂ।"

"ਤੂੰ ਥੱਕ ਗਈ ਏਂ ਤਾਂ ਰਹਿਣ ਦੇ।"

"ਮੈਂ ਸਿਰਫ ਰੇਤ 'ਤੇ ਬੈਠਣਾ ਚਾਹੁੰਦੀ ਆਂ। ਤੁਰਨਾ ਨਹੀਂ ਚਾਹੁੰਦੀ। ਮੈਂ ਬੈਠ ਜਾਵਾਂ ਤਾਂ ਚਲੇਗਾ ਨਾ?"

ਭਾਸਕਰ ਦੀ ਸਮਝ ਵਿਚ ਨਹੀਂ ਆਇਆ ਕੀ ਕਹੇ? "ਇੰਜ ਕਿਉਂ ਪੁੱਛ ਰਹੀ ਏਂ? ਕੋਈ ਜਬਰਦਸਤੀ ਥੋੜ੍ਹਾ ਈ ਏ, ਤੂੰ ਬੈਠ।"

"ਇਹ ਗੱਲ ਨਹੀਂ। ਤੁਸੀਂ ਏਨੇ ਉਤਸਾਹ ਨਾਲ ਘੁੰਮਣ ਨਿਕਲੇ ਓਂ ਤੇ ਮੈਂ..."

"ਕੋਈ ਗੱਲ ਨਹੀਂ। ਚੱਲ ਅਸੀਂ ਏਥੇ ਈ ਬੈਠਦੇ ਆਂ।"

"ਤੁਸੀਂ ਘੁੰਮ ਆਓ। ਮੇਰੇ ਕਰਕੇ ਤੁਸੀਂ ਤਾਂ ਨਾ ਬੈਠੋ। ਤੁਸੀਂ ਕੁਛ ਦੂਰ ਹੋ ਆਓ। ਬਹੁਤੀ ਦੂਰ ਨਾ ਜਾਣਾ। ਮੇਰੀ ਨਜ਼ਰ 'ਚ ਈ ਰਹਿਣਾ।"

"ਇੰਜ ਕਹਿ ਬਈ ਤੂੰ ਇਕੱਲੀ ਬੈਠਣਾ ਚਾਹੁੰਦੀ ਏਂ।"

ਉਹ ਮੁਰਝਾਈ ਜਿਹੀ ਹਾਸੀ ਹੱਸੀ।

ਉਹ ਵਿਚਾਰਾ ਜਿਹਾ ਬਣ ਕੇ ਉਸ ਵੱਲ ਦੇਖਦਾ ਰਿਹਾ। ਫੇਰ ਉਸਨੇ ਗਰਦਨ ਹਿਲਾਈ। ਫੇਰ ਹੱਥ ਵਿਚ ਫੜ੍ਹੇ ਬੂਟਾਂ ਨੂੰ ਉਸਦੇ ਕੋਲ ਰੇਤ ਉੱਤੇ ਸੁੱਟਦਿਆਂ ਕਿਹਾ, "ਸੰਭਾਲ ਇਹਨਾਂ ਨੂੰ।" ਤੇ ਉਹ ਤੁਰ ਪਿਆ।

ਕੁਝ ਕਦਮ ਤੁਰਿਆ ਗਿਆ ਤਾਂ ਉਹੀ ਚੀਸ ਮਨ ਵਿਚ ਉਭਰ ਆਈ। ਬੇਧਿਆਨੀ ਵਿਚ ਉਸਨੇ ਪਿੱਛੇ ਭੌਂ ਕੇ ਦੇਖਿਆ। ਨੰਦਨੀ ਉਸ ਵੱਲ ਦੇਖ ਰਹੀ ਸੀ। ਨਜ਼ਰਾਂ ਨਾਲ ਨਜ਼ਰਾਂ ਮਿਲਦਿਆਂ ਈ ਨੰਦਨੀ ਨੇ ਹੱਥ ਹਿਲਾਇਆ। ਭਾਸਕਰ ਹੋਰ ਉਦਾਸ ਹੋ ਗਿਆ। ਢਿੱਡ ਵਿਚ ਇਕ ਗੋਲਾ ਜਿਹਾ ਉੱਠਿਆ; ਪੈਰਾਂ ਦੀ ਤਾਕਤ ਮੁੱਕਦੀ ਜਾਪੀ। ਉਸਨੇ ਸੋਚਿਆ ਮੈਂ ਵੀ ਨਾ ਜਾਵਾਂ; ਜਾ ਕੇ ਉਸਦੇ ਕੋਲ ਜਾਂ ਕਿਤੇ ਹੋਰ ਬੈਠ ਜਾਵਾਂ। ਉਹ ਮੇਰੇ ਨਾਲ ਜਾਣਾ ਨਹੀਂ ਚਾਹੁੰਦੀ। ਕੋਲ ਬੈਠਣਾ ਵੀ ਨਹੀਂ ਚਾਹੁੰਦੀ। ਉਹ ਇਕੱਲੀ ਰਹਿਣਾ ਚਾਹੁੰਦੀ ਏ ਸ਼ਾਇਦ।...ਤੇ ਅਸੀਂ ਆਏ ਆਂ ਦੋਵੇਂ ਇਕੱਠੇ ਛੁੱਟੀਆਂ ਮਨਾਉਣ ਵਾਸਤੇ। ਮੈਂ ਈ ਕਿਉਂ ਤੁਰਿਆ ਜਾ ਰਿਹਾ ਆਂ; ਪਾਗਲਾਂ ਵਾਂਗ ਇਕੱਲਾ?

ਪਰ ਉਹ ਪੈਰ ਘਸੀਟਦਾ ਹੋਇਆ ਤੁਰਦਾ ਈ ਰਿਹਾ। ਇਹ ਕੀ ਹੋ ਜਾਂਦਾ ਏ ਅਕਸਰ? ਕੁਛ ਸਮਝ ਵਿਚ ਨਹੀਂ ਆਉਂਦਾ। ਉਹ ਹੁਣ ਕੀ ਕਰੇਗੀ? ਰੇਤ 'ਤੇ ਬੈਠ ਕੇ ਸਿਰਫ ਸਮੁੰਦਰ ਵੇਖਦੀ



ਰਹੇਗੀ? ਮਨ ਵਿਚ ਸੋਚਦੀ ਰਹੇਗੀ। ਸੋਚਣਾ, ਰੋਕ ਭਲਾ ਕਿੰਜ ਸਕੇਗੀ? ਆਦਮੀ ਤੁਰਨ ਉੱਤੇ ਰੋਕ ਲਾ ਸਕਦਾ ਏ, ਪਰ ਸੋਚਣ ਉੱਤੇ ਰੋਕ ਕਿੰਜ ਲਾਏ? ਤੇ ਵਿਚਾਰਾਂ ਨੂੰ ਕੋਈ ਰੋਕੇ ਵੀ ਕਿਉਂ? ਉਹ ਵਿਚਾਰਾਂ ਵਿਚ ਈ ਡੁੱਬੀ ਰਹਿਣਾ ਚਾਹੁੰਦੀ ਏ ਤਾਂ ਰੋਕਣਾ ਬੇਕਾਰ ਏ। ਇਕਾਂਤ ਵਿਚ ਇਕ ਗੱਲ ਈ ਕੀਤੀ ਜਾ ਸਕਦੀ ਏ; ਉਹ ਏ ਵਿਚਾਰ ਕਰਨਾ। ਜਾਂ ਫੇਰ ਯਾਦਾਂ ਨੂੰ ਦੁਹਰਾਉਣਾ ਚਾਹੁੰਦੀ ਹੋਏਗੀ। ਕੇਹੀਆਂ ਯਾਦਾਂ? ਤੇ ਕਿਉਂ ਦੁਹਰਾਈਏ ਉਹਨਾਂ ਨੂੰ? ਯਾਦਾਂ ਅਨੰਤ ਹੁੰਦੀਆਂ ਨੇ। ਪਿਛਲੇ ਵੀਹ-ਪੱਚੀ ਵਰ੍ਹਿਆਂ ਦੀਆਂ ਯਾਦਾਂ। ਸ਼ਾਦੀ ਦੇ ਦਿਨ ਤੋਂ ਲੈ ਕੇ ਅੱਜ ਤੀਕ ਦੀਆਂ ਯਾਦਾਂ।

ਰਾਜੂ ਦਾ ਜਨਮ, ਪੁਰਾਣਾ ਘਰ, ਨਵਾਂ ਘਰ। ਹੁਣ ਸਭ ਯਾਦਾਂ ਵਿਚ ਕੈਦ ਨੇ। ਪਰ ਉਹਨਾਂ ਨੂੰ ਦੁਹਰਾਇਆ ਕਿਉਂ ਜਾਏ ਇਕਾਂਤ ਵਿਚ?...ਤੇ ਉਹ ਵੀ ਇੱਥੇ ਬੈਠ ਕੇ? ਫੇਰ ਅਸੀਂ ਇੱਥੇ ਆਏ ਈ ਕਿਉਂ ਆਂ? ਯਾਦਾਂ ਈ ਦੁਹਰਾਉਣੀਆਂ ਸੀ ਤਾਂ ਘਰੇ ਬੈਠ ਕੇ ਵੀ ਦੁਹਰਾਈਆਂ ਜਾ ਸਕਦੀਆਂ ਸੀ। ਘਰੇ ਤਾਂ ਉਹ ਹਮੇਸ਼ਾ ਇਕੱਲੀ ਈ ਹੁੰਦੀ ਏ। ਮੈਂ ਫੈਕਟਰੀ ਚਲਾ ਜਾਂਦਾ ਆਂ ਤਾਂ ਸਾਰਾ ਦਿਨ ਉਹ ਇਕੱਲੀ ਰਹਿੰਦੀ ਏ। ਤਦ ਯਾਦਾਂ ਦੇ ਨਾਲ ਈ ਤਾਂ ਹੁੰਦੀ ਹੋਏਗੀ। ਫੇਰ ਇੱਥੇ ਵੀ? ਸਮੁੰਦਰ ਕਿਨਾਰੇ ਵੀ?

ਉਸਨੂੰ ਯਾਦ ਆਇਆ ਕਿ ਇਸ ਤੋਂ ਪਹਿਲਾਂ ਵੀ ਉਹ ਸਮੁੰਦਰ ਦੇਖਣ ਗਈ ਏ। ਇੱਥੇ ਨਹੀਂ, ਕਿਤੇ ਹੋਰ! ਕਿੱਥੇ! ਹੁਣ ਯਾਦ ਨਹੀਂ ਆ ਰਿਹਾ ਉਹਨਾਂ ਦਾ ਇਕ ਬੁੱਕ-ਕੱਲਬ ਏ। ਕੱਲਬ ਦੇ ਮੈਂਬਰ ਫੈਸਲਾ ਕਰਦੇ ਨੇ ਘੁੰਮਣ ਜਾਣ ਦਾ। ਜਾਂ ਉਹਨਾਂ ਦੀ ਇਕ ਐਸੋਸਿਏਸ਼ਨ ਵੀ ਏ ਪੁਰਾਣੇ ਮੰਦਰਾਂ ਦੀ ਛਾਣਬੀਣ ਕਰਨ ਵਾਲੀ। ਉਹ ਵੀ ਪਿਕਨਿਕ ਮਨਾਉਣ ਜਾਂਦੇ ਰਹਿੰਦੇ ਨੇ। ਉਹ ਯਾਦਾਂ ਹੋਣਗੀਆਂ ਜਾਂ ਹੋਰ ਵੀ ਕੋਈ। ਜ਼ਰੂਰੀ ਨਹੀਂ ਕਿ ਸਮੁੰਦਰ ਕਿਨਾਰੇ ਬੈਠ ਕੇ ਸਮੁੰਦਰ ਦੀਆਂ ਯਾਦਾਂ ਈ ਦੁਹਰਾਈਆਂ ਜਾਣ।

ਭਾਵੇਂ ਜੋ ਹੋਏ! ਉਸਨੇ ਸੋਚਿਆ! ਪਰ ਇਸ ਸਮੇਂ ਉਹ ਮੈਨੂੰ ਆਪਣੇ ਨਾਲ ਨਹੀਂ ਚਾਹੁੰਦੀ। ਇਹ ਕੀ ਬਲਾਅ ਏ? ਹਰੇਕ ਦਾ ਸਿਰਫ ਆਪਣਾ ਕੁਝ ਹੁੰਦਾ ਏ। ਮੇਰਾ ਆਪਣਾ ਵੀ ਅਜਿਹਾ ਕੁਝ ਏ ਜਿਹੜਾ ਸਿਰਫ ਮੇਰਾ ਐ। ਪਰ ਇਹ ਕੀ ਹੋਇਆ? ਪਤੀ-ਪਤਨੀ ਦੇ ਵਿਚਕਾਰ ਵੀ ਆਪੋ-ਆਪਣੇ ਟਾਪੂ ਹੋ ਸਕਦੇ ਨੇ? ਹੁਣ ਉਸਦੇ ਮਨ ਵਿਚ ਕੀ ਉਭਰ ਰਿਹਾ ਹੋਏਗਾ? ਇਸ ਵੇਲੇ? ਕੋਈ ਵਿਚਾਰ? ਜਿਹੜਾ ਮੇਰੇ ਬਗ਼ੈਰ ਕਰਨਾ ਏਂ।

ਬਿੰਦ ਦਾ ਬਿੰਦ ਉਸਨੇ ਸੋਚਿਆ, ਉਲਟੇ ਪੈਰੀਂ ਪਰਤ ਜਾਏ ਤੇ ਸਿੱਧਾ ਉਸਨੂੰ ਪੁੱਛ ਲਏ। ਅਜਿਹੀ ਕਿਹੜੀ ਗੱਲ ਏ ਜਿਸ ਕਰਕੇ ਤੂੰ ਇਕੱਲੀ ਰਹਿਣਾ ਚਾਹੁੰਦੀ ਏਂ? ਕੋਈ ਮੁਸੀਬਤ ਏ ਤਾਂ ਮੈਨੂੰ ਦੱਸ! ਦੁਪਹਿਰੇ ਤੂੰ ਕਿਤਾਬ ਪੜ੍ਹਦੀ ਰਹੀ, ਮੈਂ ਕੁਝ ਕਿਹਾ? ਕਦੀ ਕੁਝ ਨਹੀਂ ਕਿਹਾ-ਪੁੱਛਿਆ। ਤੂੰ ਆਪਣੇ ਪ੍ਰੋਗਰਾਮ ਬਣਾ ਲੈਂਦੀ ਏਂ। ਕਿਤੇ ਜਾਂਦੀ ਰਹਿੰਦੀ ਏਂ। ਤੇਰੇ ਆਪਣੇ ਜਾਣਨ ਵਾਲੇ ਤੈਨੂੰ ਮਿਲਣ ਆਉਂਦੇ ਰਹਿੰਦੇ ਨੇ। ਬੈਠੇ ਗੱਲਾਂ-ਬਾਤਾਂ, ਚਰਚਾਵਾਂ ਕਰਦੇ ਰਹਿੰਦੇ ਓਂ। ਤੁਸੀਂ ਲੋਕ ਰਲ ਕੇ ਕਿਤੇ ਵੀ ਜਾਂਦੇ-ਆਉਂਦੇ ਓਂ। ਮੈਂ ਕਦੀ ਕੁਝ ਕਿਹਾ? ਇਸ ਸਭ ਦੇ ਬਾਵਜੂਦ ਪਤੀ-ਪਤਨੀ ਦਾ ਕੁਝ ਰਿਸ਼ਤਾ ਹੁੰਦਾ ਏ ਨਾ? ਇਕ ਦੂਜੇ ਨੂੰ ਸਭ ਕੁਝ ਪਤਾ ਹੋਣਾ ਚਾਹੀਦਾ ਏ ਨਾ! ਸ਼ੁਰੂ ਸ਼ੁਰੂ ਵਿਚ ਠੀਕ ਏ, ਨਵੀਂ-ਨਵੀਂ ਸ਼ਾਦੀ ਪਿੱਛੋਂ—ਪਰ ਹੁਣ ਵੀਹ ਬਾਈ ਸਾਲਾਂ ਪਿੱਛੋਂ ਵੀ ਇਹ ਦੂਰੀ? ਹੁਣ ਤਾਂ ਇਕ ਦੂਜੇ ਵਿਚਕਾਰ ਕੋਈ ਪਰਦਾ ਨਹੀਂ ਹੋਣਾ ਚਾਹੀਦਾ ਨਾ? ਹੁਣ ਤਾਂ ਅਸੀਂ ਨਾਲ-ਨਾਲ ਕੁਝ ਅਨੁਭਵ ਕਰਨ ਇੱਥੇ ਆਏ ਆਂ, ਤੇ ਫੇਰ ਵੀ ਇਹ ਦੂਰੀ?

ਉਸਨੇ ਅਣਜਾਣੇ ਵਿਚ ਹੀ ਹਉਕਾ ਜਿਹਾ ਲਿਆ। ਫੇਰ ਲੰਮਾਂ ਸਾਹ ਖਿੱਚਿਆ। ਸਮੁੰਦਰ ਦੀ ਨਮਕੀਨ ਖੁੱਲ੍ਹੀ ਹਵਾ ਫੇਫੜਿਆਂ ਵਿਚ ਜਾਂਦਿਆਂ ਈ ਉਸਨੂੰ ਉਸਨੂੰ ਥੋੜ੍ਹਾ ਜਿਹਾ ਚੈਨ ਮਿਲਿਆ। ਜਾਣ ਦਿਓ! ਇਸ ਵਾਰੀ ਉਸਨੇ ਸੋਚਿਆ। ਉਹ ਇਕੱਲੀ ਬੈਠਣਾ ਚਾਹੁੰਦੀ ਏ ਤਾਂ

ਇਵੇਂ ਸਹੀ। ਇਸ ਵਿਚ ਕਿਹੜੀ ਵੱਡੀ ਗੱਲ ਏ? ਸਮੁੰਦਰ ਕਿਨਾਰੇ ਇਕੱਲਿਆਂ ਬੈਠਣਾ ਚੰਗਾ ਲੱਗਦਾ ਹੋਏਗਾ। ਕਮਰੇ ਵਿਚ ਅਸੀਂ ਨਾਲ ਈ ਤਾਂ ਰਹਿੰਦੇ ਆਂ। ਉਦੋਂ ਤਾਂ ਅਜਿਹਾ ਕੁਝ ਨਹੀਂ ਕਹਿੰਦੀ ਉਹ। ਮੈਨੂੰ ਤਾਂ ਉਸਨੇ ਇਜਾਜ਼ਤ ਦੇ ਦਿੱਤੀ ਨਾ ਘੁੰਮਣ ਦੀ? ਚਲੋ ਮੈਂ ਤਾਂ ਘੁੰਮਾਂ...।

ਉਹ ਜਬਰਦਸਤੀ ਤੁਰਦਾ ਰਿਹਾ ਤੇ ਅਚਾਨਕ ਉਸਨੂੰ ਯਾਦ ਆਇਆ ਕਿ ਸੂਰਜ ਡੁੱਬਣ ਵਾਲਾ ਏ। ਏਨੀ ਦੇਰ ਤੀਕ ਆਸਮਾਨ 'ਚ ਮਘਦਾ ਰਿਹਾ ਸੂਰਜ ਝੱਟ ਹੇਠਾਂ ਉਤਰ ਗਿਆ ਏ ਤੇ ਸਾਹਮਣੇ ਸਿਰਫ ਲਾਲ ਤੇ ਕੇਸਰੀ ਰੰਗ ਦਾ ਗੋਲਾ ਬਾਕੀ ਰਹਿ ਗਿਆ ਏ। ਉਸਨੇ ਹੈਰਾਨੀ ਨਾਲ ਆਲੇ ਦੁਆਲੇ ਨਜ਼ਰਾਂ ਘੁਮਾਈਆਂ। ਤੁਰਦਾ ਤੁਰਦਾ ਉਹ ਖਾਸੀ ਦੂਰ ਨਿਕਲ ਆਇਆ ਸੀ। ਇੱਥੋਂ ਨੰਦਨੀ ਦਿਖਾਈ ਨਹੀਂ ਸੀ ਦੇ ਰਹੀ। ਬਿੰਦ ਦਾ ਬਿੰਦ ਉਸਦੀ ਸਮਝ ਵਿਚ ਨਹੀਂ ਆਇਆ ਕਿ ਕੀ ਕੀਤਾ ਜਾਏ? ਉਸਨੇ ਸੋਚਿਆ ਈ ਨਹੀਂ ਸੀ ਕਿ ਏਨੀ ਜਲਦੀ ਸੂਰਜ ਡੁੱਬ ਜਾਏਗਾ। ਸੂਰਜ ਹੁਣ ਪਾਣੀ ਵਿਚ ਉਤਰ ਰਿਹਾ ਸੀ। ਸੁਨਹਿਰੀ ਕਿਰਨਾਂ ਹੁਣ ਗ਼ਾਇਬ ਹੋ ਗਈਆਂ ਸਨ। ਬਾਕੀ ਸੀ ਇਕ ਸੁਰਖ਼ ਗੋਲਾ ਤੇ ਉਸਦਾ ਚਾਨਣ।

ਦੌੜਦਿਆਂ ਹੋਇਆਂ ਪਿੱਛੇ ਪਰਤ ਜਾਣ ਦੀ ਇੱਛਾ ਹੋਈ। ਇੰਜ ਕਰਕੇ ਈ ਉਹ ਸੂਰਜ ਡੁੱਬਣ ਤੋਂ ਪਹਿਲਾਂ ਨੰਦਨੀ ਕੋਲ ਪਹੁੰਚ ਸਕਦਾ ਸੀ। ਤੇ ਤਦ ਉਹ ਦੋਵੇਂ ਇਕੱਠੇ ਡੁੱਬਦੇ ਸੂਰਜ ਨੂੰ ਦੇਖ ਸਕਦੇ ਸਨ। ਪਰ ਇੰਜ ਕਰਨਾ ਅਸੰਭਵ ਸੀ। ਰੇਤ ਉੱਤੇ ਦੌੜ ਲਾਉਣਾ ਮੁਸ਼ਕਿਲ ਸੀ। ਤੇ ਸੂਰਜ ਨੂੰ ਤਾਂ ਪਾਣੀ ਵਿਚ ਉਤਰਣ ਦੀ ਕਾਹਲੀ ਪਈ ਹੋਈ ਸੀ।

ਉਹ ਮੁੜ ਪਿਆ ਤੇ ਉਸ ਲਾਲ ਗੇਂਦ ਨੇ ਆਪਣੇ ਆਪ ਨੂੰ ਪਾਣੀ ਵਿਚ ਉਤਾਰ ਦਿੱਤਾ। ਸਮੁੰਦਰ ਦਾ ਪਾਣੀ ਇਕ ਪਲ ਵਿਚ ਲਾਲ-ਪੀਲੀ ਰੋਸ਼ਨੀ ਨਾਲ ਜਗਮਗਾ ਉੱਠਿਆ। ਉਹ ਠਿਠਕ ਗਿਆ। ਆਸਮਾਨ ਵਿਚ ਅੱਗ ਉਗਲਣ ਵਾਲਾ ਸੂਰਜ ਹੁਣ ਬਿਲਕੁਲ ਠੰਡਾ ਹੋ ਗਿਆ ਸੀ। ਮਾਸੂਮ, ਸ਼ਾਂਤ ਬੱਚੇ ਵਾਂਗ। ਤੇ ਹੌਲੀ ਹੌਲੀ ਪਾਣੀ ਵਿਚ ਉਤਰ ਰਿਹਾ ਸੀ। ਨਿਰਵਿਕਾਰ ਭਾਵ ਨਾਲ। ਸਮੁੰਦਰ ਵਿਚ ਨਿੱਕੀਆਂ ਨਿੱਕੀਆਂ ਲਹਿਰਾਂ ਉੱਠ ਰਹੀਆਂ ਸਨ ਤੇ ਸਾਰਾ ਵਾਤਾਵਰਣ ਬੋਝਲ ਜਿਹਾ ਹੋ ਗਿਆ ਸੀ। ਉਸਨੇ ਇਸ ਤੋਂ ਪਹਿਲਾਂ ਵੀ ਕਈ ਵਾਰੀ ਡੁੱਬਦੇ ਸੂਰਜ ਦਾ ਨਜ਼ਾਰਾ ਵੇਖਿਆ ਸੀ ਪਰ ਇਸ ਵਾਰੀ ਉਹ ਇੰਜ ਦੇਖ ਰਿਹਾ ਸੀ ਜਿਵੇਂ ਪਹਿਲੀ ਵਾਰੀ ਦੇਖ ਰਿਹਾ ਹੋਵੇ। ਉਸਨੂੰ ਸ਼ਾਂਤੀ ਮਹਿਸੂਸ ਹੋਈ ਤੇ ਉਦਾਸੀ ਵੀ। ਖਿਝ ਭਰੀ ਉਦਾਸੀ।

ਸੂਰਜ ਕਦੋਂ ਦਾ ਡੁੱਬ ਗਿਆ ਸੀ ਪਰ ਉਹ ਉੱਥੇ ਸਿਲ-ਪੱਥਰ ਹੋਇਆ ਖੜ੍ਹਾ ਸੀ। ਖਾਲੀ ਦਿਸਹੱਦੇ ਵੱਲ ਦੇਖਦਾ ਹੋਇਆ। ਇਕ ਪੰਛੀ ਚੀਕਦਾ ਹੋਇਆ ਮਾਹੌਲ ਦੀ ਚੁੱਪ ਵਿਚ ਚੀਰ ਪਾ ਗਿਆ ਤਾਂ ਉਹ ਚੇਤਨ ਹੋਇਆ ਤੇ ਵਾਪਸ ਪਰਤਨ ਲੱਗਾ।

ਨੰਦਨੀ ਉਸੇ ਜਗਾਹ ਬੈਠੀ ਸੀ। ਉਸਨੇ ਸੋਚਿਆ ਉਹ ਸਮੁੰਦਰ 'ਤੇ ਅੱਖਾਂ ਟਿਕਾਈ ਬੈਠੀ ਸੋਚਾਂ ਵਿਚ ਡੁੱਬੀ ਹੋਏਗੀ। ਪਰ ਨੇੜੇ ਜਾਂਦਿਆਂ ਈ ਉਸਨੂੰ ਪਤਾ ਲੱਗਾ ਕਿ ਉਹ ਉਸਦੀ ਉਡੀਕ ਵਿਚ ਬੈਠੀ ਏ।

"ਦੇਖਿਆ ਸੂਰਜ-ਅਸਤ?" ਨੰਦਨੀ ਨੇ ਉਸਦੇ ਕੋਲ ਆਉਂਦਿਆ ਈ ਪੁੱਛਿਆ।

"ਹਾਂ! ਇਕੱਲੇ ਨੇ!" ਉਸਨੇ ਜਵਾਬ ਦਿੱਤਾ।

"ਯਾਨੀ?"

"ਮੈਂ ਸੋਚਿਆ ਸੀ—ਅਸੀਂ ਇਕੱਠੇ ਦੇਖਾਂਗੇ। ਦੋਵੇਂ ਰਲਕੇ?"

"ਹਾਂ! ਮੈਂ ਵੀ ਚਾਹੁੰਦੀ ਸਾਂ।"

"ਫੇਰ? ਦੇਖਿਆ ਨਾ ਅਸੀਂ ਰਲ ਕੇ?"

"ਰਲ ਕੇ?"



"ਹਾਂ, ਅਸੀਂ ਇੱਥੇ ਤਾਂ ਸੀ?"

ਉਹ ਸਿਰਫ ਮੁਸਕਰਾਇਆ।

"ਇਸ ਨੂੰ ਦੋਵੇਂ ਰਲ ਕੇ ਕਹਿੰਦੇ ਐ ਕਿ?" ਉਹ ਆਪਣੇ ਬੂਟ ਠੀਕ ਕਰਕੇ ਉਹਨਾਂ ਉੱਤੇ ਬੈਠਦਾ ਹੋਇਆ ਬੋਲਿਆ।

"ਯਾਨੀ?"

"ਕਿਉਂ ਜਾਣ-ਬੁੱਝ ਕੇ ਨਾ ਸਮਝੀ ਦਾ ਨਾਟਕ ਕਰ ਰਹੀ ਏਂ?"

"ਓ ਬਈ ਸੱਚੀਂ! ਅਸੀਂ ਨਾਲ-ਨਾਲ ਨਹੀਂ ਸੀ ਤਾਂ ਕੀ ਹੋਇਆ? ਇਕੋ ਕਿਨਾਰੇ 'ਤੇ ਅਸੀਂ ਸੂਰਜ ਨੂੰ ਅਸਤ ਹੁੰਦਿਆਂ ਦੇਖਿਐ, ਹੈ-ਨਾ?" ਉਹ ਕੁਝ ਨਹੀਂ ਬੋਲਿਆ। ਚੁੱਪਚਾਪ ਸਾਹਮਣੇ ਖਾਲੀ ਦਿਸਹੱਦੇ ਵੱਲ ਤੱਕਦਾ ਰਿਹਾ।

"ਜੇ ਕੋਲ ਬੈਠੇ ਵੀ ਹੋਈਏ ਤਾਂ ਵੀ ਦੇਖਾਂਗੇ ਤਾਂ ਅਸੀਂ ਆਪੋ-ਆਪਣੀਆਂ ਅੱਖਾਂ ਨਾਲ ਈ।" ਨੰਦਨੀ ਨੇ ਕਿਹਾ।

ਉਹ ਕੁਝ ਨਹੀਂ ਬੋਲਿਆ। ਉਸਨੇ ਭੌਂ ਕੇ ਉਸ ਵੱਲ ਦੇਖਿਆ ਤਕ ਨਹੀਂ। ਕੁਝ ਚਿਰ ਬਾਅਦ ਨੰਦਨੀ ਦੇ ਸ਼ਬਦਾਂ ਵਿਚ ਛਿਪੇ ਅਰਥ ਉਸਦੀ ਸਮਝ ਵਿਚ ਆਏ। ਸੱਚ ਏ। ਉਸਨੇ ਮਨ ਵਿਚ ਸੋਚਿਆ। ਆਖ਼ਰ ਅਸੀਂ ਆਪਣੀਆਂ ਅੱਖਾਂ ਨਾਲ ਈ ਦੇਖਦੇ ਆਂ। ਨਾ ਦੂਜੇ ਦੀਆਂ ਨਜ਼ਰਾਂ ਉਧਾਰ ਲੈ ਸਕਦੇ ਆਂ ਤੇ ਨਾ ਈ ਉਸਦੀਆਂ ਅੱਖਾਂ ਵਿਚ ਉਤਰ ਕੇ ਦੇਖ ਸਕਦੇ ਆਂ। ਭਾਵੇਂ ਉਹ ਪਤਨੀ ਈ ਕਿਉਂ ਨਾ ਹੋਵੇ। ਜਦ ਇਹੀ ਸਹੀ ਏ ਤਾਂ ਅਸੀਂ ਕੋਲ ਹੋਈਏ ਜਾਂ ਨਾ ਹੋਈਏ ਕੀ ਫਰਕ ਪੈਂਦਾ ਏ?

"ਕਿਉਂ, ਕੀ ਹੋਇਆ?"

"ਹੋਣਾ ਕੀ ਏ? ਤੂੰ ਆਪਣੇ ਵਿਚ ਗਵਾਚੀ ਰਹਿਣਾ ਚਾਹੁੰਦੀ ਏਂ ਤਾਂ ਅਸੀਂ ਇੱਥੇ ਆਈ ਕਿਉਂ?"

"ਮੈਂ ਤੁਹਾਡੇ ਨਾਲ ਨਹੀਂ ਗਈ ਇਸ ਲਈ ਕਹਿ ਰਹੇ ਓਂ ਨਾ? ਸੱਚੀਂ, ਮੈਂ ਸਿਰਫ ਬੈਠਣਾ ਚਾਹੁੰਦੀ ਸੀ।"

"ਸਵਾਲ ਨਾਲ ਚੱਲਣ ਦਾ ਨਹੀਂ। ਓਨਾ ਤਾਂ ਮੈਂ ਵੀ ਸਮਝਦਾ ਆਂ। ਜੇ ਤੂੰ ਇਕੱਲੀ ਈ ਰਹਿਣਾ ਸੀ ਤਾਂ ਮੈਨੂੰ ਨਾਲ ਚੱਲਣ ਲਈ ਕਿਹਾ ਈ ਕਿਉਂ?"

"ਵੈਸਾ ਕੁਛ ਨਹੀਂ ਏ ਜੀ! ਬੱਸ ਕੁਛ ਦੇਰ ਮੈਂ ਬੈਠਣਾ ਈ ਚਾਹੁੰਦੀ ਸਾਂ ਤੇ ਤੁਸੀਂ ਜਾਣਾ ਸੀ। ਇਸ ਲਈ ਮੈਂ ਕਹਿ ਦਿੱਤਾ।"

"ਉਹ ਤਾਂ ਠੀਕ ਐ ਪਰ ਤੂੰ ਕਰਦੀ ਕੀ ਏਂ, ਇਹੋ ਮੇਰੀ ਸਮਝ 'ਚ ਨਹੀਂ ਆਉਂਦਾ! ਤੂੰ ਸਿਰਫ ਆਪਣੇ ਤਕ ਆਪਣੇ 'ਚ ਈ ਸੀਮਿਤ ਰਹਿੰਦੀ ਏਂ।"

"ਯਾਨੀ?"

"ਯਾਨੀ ਕੀ? ਤੈਨੂੰ ਖ਼ਿਆਲ ਵੀ ਰਹਿੰਦਾ ਏ ਕਿ ਕੋਈ ਦੂਜਾ ਵੀ ਤੇਰੇ ਨਾਲ ਏ? ਤੂੰ ਆਪਣੇ-ਆਪ 'ਚ ਗਵਾਚੀ ਰਹਿੰਦੀ ਏਂ। ਕਾਰ 'ਚ ਸੌਂ ਜਾਂਦੀ ਏਂ। ਕਮਰੇ 'ਚ ਕਿਤਾਬ ਪੜ੍ਹਦੀ ਰਹਿੰਦੀ ਏਂ। ਬਾਹਰ ਟਹਿਲਨ ਆਏ ਤਾਂ ਕਹੇਂਗੀ—ਮੈਂ ਇਕੱਲੀ ਬੈਠਣਾ ਚਾਹੁੰਦੀ ਆਂ। ਅਸੀਂ ਆਏ ਈ ਕਿਉਂ ਫੇਰ ਏਥੇ? ਘਰੇ ਈ ਰਹਿੰਦੇ। ਘਰੇ ਵੀ ਇਹੋ ਸਭ ਕਰਦੇ ਆਂ ਨਾ?"

"ਇੰਜ ਨਹੀਂ ਏਂ ਜੀ।"

"ਤਾਂ ਫੇਰ ਕਿੰਜ ਏ ਜੀ? ਸਮਝਾਓ ਮੈਨੂੰ। ਮੈਂ ਸਭ ਦੇਖ ਰਿਹਾਂ। ਜਿਵੇਂ ਤੂੰ ਇਕੱਲੀ ਆਈ ਹੋਵੇਂ ਇੱਥੇ। ਕੀ ਵਿਗੜਦਾ ਜੇ ਕੁਝ ਦੂਰ ਚਲੀ ਚੱਲਦੀ ਮੇਰੇ ਨਾਲ? ਸਾਰਾ ਦਿਨ ਬੈਠੀ ਈ

ਤਾਂ ਰਹੀ ਸੀ ਨਾ? ਸਮੁੰਦਰ ਕਿਨਾਰੇ ਟਹਿਲਣ ਲਈ ਆਏ ਸੀ ਨਾ ਅਸੀਂ? ਠੀਕ ਏ ਚੱਲਣਾ ਨਹੀਂ ਸੀ, ਮੈਂ ਤੇਰੇ ਨਾਲ ਬੈਠਣਾ ਚਾਹ ਰਿਹਾ ਸਾਂ ਨਾ? ਉਹ ਵੀ ਮੰਜ਼ੂਰ ਨਹੀਂ ਸੀ ਤੈਨੂੰ।"

"ਹੁਣ ਅਸੀਂ ਬੈਠੇ ਆਂ ਨਾ ਨਾਲ?"

"ਕਿਉਂ ਨਹੀਂ?...ਸੂਰਜ ਡੁੱਬਣ ਪਿੱਛੋਂ?"

ਉਸਨੇ ਕੋਈ ਜਵਾਬ ਨਾ ਦਿੱਤਾ ਤੇ ਭਾਸਕਰ ਦੀ ਸਮਝ ਵਿਚ ਨਹੀਂ ਆਇਆ ਕਿ ਅੱਗੇ ਕੀ ਕਿਹਾ ਜਾਏ? ਉਸਨੂੰ ਹੁੰਮਸ ਭਰੀ ਸ਼ਾਮ ਦਾ ਅਹਿਸਾਸ ਹੋਇਆ। ਸਿੱਲ੍ਹ, ਗਿੱਲੀ ਹੁੰਮਸ। ਦਿਨ ਭਰ ਦੀ ਤਪੀ ਰੇਤ। ਸਮੁੰਦਰ ਦਾ ਪਾਣੀ ਵੀ ਗਰਮ ਹੋਏਗਾ। ਕਿਨਾਰੇ 'ਤੇ ਨਮਕੀਨ ਹਵਾ ਸੀ। ਰੁਕੀ ਹੋਈ। ਸੂਰਜ ਹੁਣੇ ਹੁਣੇ ਗਿਆ ਏ, ਸਾਰੀ ਗਰਮਾਹਟ ਪਿੱਛੇ ਛੱਡ ਕੇ।

ਭਾਸਕਰ ਨੇ ਲੰਮੀ ਆਹ ਭਰੀ। ਟੀ-ਸ਼ਰਟ ਲਾਹੁਣ ਦਾ ਮਨ ਹੋਇਆ। ਬਨੈਣ ਵੀ ਨਹੀਂ ਪਾਉਣੀ ਚਾਹੀਦੀ ਸੀ। ਉਸਨੂੰ ਅਹਿਸਾਸ ਹੋਇਆ। ਨੰਗੇ ਪਿੰਡੇ ਚੰਗਾ ਰਹਿੰਦਾ ਏ। ਕਿੰਨੀ ਚਿਪ-ਚਿਪ ਏ। ਕੱਪੜੇ ਸਾਰੇ ਪਿੰਡੇ ਨਾਲ ਚਿਪਕ ਗਏ ਨੇ। ਇਸ ਨਾਲੋਂ ਤਾਂ ਬਿਨਾਂ ਕੱਪੜਿਆਂ ਤੋਂ ਰਹਿਣਾ ਚਾਹੀਦਾ ਏ—ਮਛੇਰਿਆਂ ਵਾਂਗ। ਵਿਦੇਸ਼ੀ ਓਵੇਂ ਈ ਰਹਿੰਦੇ ਨੇ। ਕਲ੍ਹ ਕੋਸ਼ਿਸ਼ ਕਰਾਂਗਾ।

ਉਹ ਸਾਹਮਣੇ ਦੇਖਦਾ ਰਿਹਾ। ਮੱਧਮ ਜਿਹਾ ਚਾਨਣ ਰੀਂਘ ਰਿਹਾ ਸੀ। ਹੁਣ ਸ਼ਾਮ ਪੂਰੀ ਛਾ ਚੁੱਕੀ ਸੀ। ਸਮੁੰਦਰ ਦੇ ਪਾਣੀ ਦਾ ਰੰਗ ਬਦਲ ਗਿਆ ਸੀ। ਪਾਣੀ ਵਿਚ ਕਲੱਤਣ ਘੁਲ ਰਹੀ ਸੀ। ਦਿਸਹੱਦੇ ਉੱਤੇ ਪੁਚਿਆ ਕੇਸਰੀ-ਲਾਲ ਰੰਗ, ਗੂੜ੍ਹਾ ਕਾਲਾ ਬਣ ਰਿਹਾ ਸੀ। ਦੂਰ ਸਮੁੰਦਰ ਵਿਚ ਇਕ ਜਹਾਜ਼ ਹੁਣੇ ਹੁਣੇ ਦਿਖਾਈ ਦੇਣ ਲੱਗਿਆ ਸੀ।

ਉਸਨੇ ਰਤਾ ਕੁ ਅੱਖ ਟੇਢੀ ਕਰਕੇ ਉਸ ਵੱਲ ਦੇਖਿਆ। ਉਹ ਪਹਿਲਾਂ ਵਾਂਗ ਈ ਸਮੁੰਦਰ ਵਲ ਦੇਖਦੀ ਹੋਈ ਆਰਾਮ ਨਾਲ ਬੈਠੀ ਹੋਈ ਸੀ। ਉਹ ਜਾਣਦਾ ਸੀ ਹੁਣ ਉਹ ਕੁਝ ਨਹੀਂ ਬੋਲੇਗੀ। ਜਦ ਵੀ ਮੈਂ ਅਜਿਹਾ ਕੁਝ ਕਹਿੰਦਾ ਆਂ ਉਹ ਚੁੱਪਚਾਪ ਸੁਣ ਲੈਂਦੀ ਏ। ਉਲਟਾ ਜਵਾਬ ਨਹੀਂ ਦੇਂਦੀ, ਪਰ ਕਦੀ ਜ਼ਰੂਰ ਕਿਸੇ ਪ੍ਰਸੰਗ ਦੌਰਾਨ ਸੁਣਾ ਦੇਂਦੀ ਏ ਉਹ। ਹੁਣ ਵੀ ਉਸਦਾ ਇਹੋ ਰਵੱਈਆ ਏ। ਜ਼ਰੂਰ ਕਦੀ ਇਸ ਸੰਦਰਭ ਨੂੰ ਛੇੜ ਕੇ ਸੁਣਾ ਦਏਗੀ।

ਉਸਦੇ ਮੂੰਹ ਵਿਚ ਕੁਸੈਲ ਘੁਲ ਗਈ। ਉਸਨੇ ਬੁੱਲ੍ਹਾਂ ਉੱਤੇ ਜੀਭ ਫੇਰੀ। ਦੋਵੇਂ ਹੱਥ ਪਿੱਛੇ ਰੇਤ ਉੱਤੇ ਟਿਕਾਏ ਸਰੀਰ ਨੂੰ ਢਿੱਲਾ ਛੱਡਦਾ ਹੋਇਆ ਬੈਠ ਗਿਆ। ਇਕ ਪੰਛੀ ਚੀਕਦਾ ਹੋਇਆ ਉਹਨਾਂ ਦੇ ਉਤਲੇ ਆਸਮਾਨ ਵਿਚੋਂ ਲੰਘਿਆ। ਉਸਨੇ ਪੰਛੀ ਦੇ ਪਿੱਛੇ ਪਿੱਛੇ ਆਪਣੀਆਂ ਨਜ਼ਰਾਂ ਦੌੜਾਈਆਂ। ਉਹ ਟਟੀਹਰੀ ਸੀ। ਉੱਤੇ ਹੇਠਾਂ-ਪੀਂਘਾਂ ਭਰਦੀ ਹੋਈ ਉਹ ਕਿਨਾਰੇ ਕੋਲ ਜਾ ਕੇ ਅਦ੍ਰਿਸ਼ ਹੋ ਗਈ। ਉਸਦੀਆਂ ਚੀਕਾਂ ਨਾਲ ਵਾਤਾਵਰਣ ਵਿਚ ਫੈਲੀ ਹੋਈ ਸ਼ਾਂਤੀ ਕੁਝ ਚਿਰ ਲਈ ਭੰਗ ਹੋ ਗਈ ਸੀ।

"ਹੁਣ ਕੁਝ ਬੋਲੇਂਗੀ ਵੀ?" ਉਸਨੇ ਕਿਹਾ।

"ਬੋਲ ਤਾਂ ਰਹੀ ਆਂ। ਤੁਸੀਂ ਐਵੇਂ ਈ ਕੁਝ ਵੀ ਕਹਿ ਦੇਂਦੇ ਓਂ। ਕੀ ਮੈਂ ਸਿਰਫ ਆਪਣੇ ਬਾਰੇ ਸੋਚਿਆ ਸੀ? ਹਰ ਵੇਲੇ ਤਾਂ ਤੁਹਾਡੇ ਨਾਲ ਹੁੰਨੀਂ ਆਂ।"

"ਮੈਨੂੰ ਨਹੀਂ ਲੱਗਦਾ।"

"ਯਾਨੀ?"

"ਤੂੰ ਸਰੀਰ ਪੱਖੋਂ ਮੇਰੇ ਨਾਲ ਹੁੰਨੀਂ ਏਂ ਪਰ ਤੇਰਾ ਮਨ ਕਿਧਰੇ ਹੋਰ ਈ ਹੁੰਦਾ ਏ।"

ਉਹ ਤੁਰੰਤ ਕੁਝ ਨਹੀਂ ਬੋਲੀ। ਉਸਨੇ ਵੀ ਲੱਤਾਂ ਪਸਾਰ ਲਈਆਂ। ਫੇਰ ਗੋਡੇ ਮੋੜ ਕੇ ਬੈਠ ਗਈ—ਬਾਹਾਂ ਦੇ ਘੇਰੇ ਵਿਚ ਗੋਡਿਆਂ ਨੂੰ ਜਕੜ ਕੇ।

"ਹਰ ਕਿਸੇ ਦਾ ਮਨ ਉਸਦੇ ਆਪਣੇ ਕੋਲ ਈ ਹੁੰਦਾ ਏ।" ਉਸਨੇ ਸਾਹਮਣੇ ਦੇਖਦਿਆਂ



ਕਿਹਾ।

ਭਾਸਕਰ ਦੀ ਸਮਝ ਵਿਚ ਨਹੀਂ ਆਇਆ ਇਸਦਾ ਕੀ ਜਵਾਬ ਦਿੱਤਾ ਜਾਏ?

"ਹੋਰ ਕਿਧਰੇ ਮੇਰੇ ਮਨ ਦੇ ਜਾਣ ਦਾ ਕੋਈ ਕਾਰਨ ਏਂ ਕਿ?"

"ਉਹ ਮੇਰੇ ਨਾਲ ਨਹੀਂ ਹੁੰਦਾ।"

"ਓ-ਜੀ, ਵੈਸਾ ਕੁਛ ਵੀ ਨਹੀਂ। ਇੰਜ ਕਦੀ ਹੁੰਦਾ ਏ ਕਿ?"

"ਕਦੀ ਨਹੀਂ ਹੋਇਆ?"

ਉਹ ਚੁੱਪ ਰਹੀ। ਸਮੁੰਦਰ ਦੇਖਦੀ ਰਹੀ। ਦਿਸਹੱਦੇ 'ਤੇ ਕਾਲਖ਼ ਛਾ ਰਹੀ ਸੀ। ਪਾਣੀ ਉੱਤੇ ਦੋ ਬੇੜੀਆਂ ਤੈਰਦੀਆਂ ਹੋਈਆਂ ਨਜ਼ਰ ਆ ਰਹੀਆਂ ਸਨ।

"ਜੋ ਤੁਸੀਂ ਸੋਚ ਰਹੇ ਓਂ, ਉਹ ਗੱਲ ਨਹੀਂ।" ਕੁਝ ਚਿਰ ਬਾਅਦ ਉਸਨੇ ਅਸਪਸ਼ਟ ਜਿਹੀ ਆਵਾਜ਼ ਵਿਚ ਕਿਹਾ।

"ਕੀ ਨਹੀਂ? ਕੀ ਤੂੰ ਕਦੀ ਆਪਣਾ ਮਨ ਆਪਣੀ ਇੱਛਾ ਅਨੁਸਾਰ ਨਹੀਂ ਰਮਾਇਆ? ਜਦੋਂ ਚਾਹੇਂ, ਉਦੋਂ ਈ? ਤੂੰ ਆਪਣਾ ਸੁਖ ਨਹੀਂ ਤਲਾਸ਼ ਕੀਤਾ?"

ਉਹ ਬਿਲਕੁਲ ਚੁੱਪ ਹੋ ਗਈ। ਹਨੇਰਾ ਗੂੜ੍ਹਾ ਹੋ ਗਿਆ ਸੀ। ਜਵਾਰਭਾਟਾ ਆਪਣੇ ਜੋਬਨ 'ਤੇ ਸੀ। ਸਮੁੰਦਰ ਦਾ ਪਾਣੀ ਕਿਨਾਰੇ ਨਾਲੋਂ ਖਾਸੀ ਦੂਰ ਚਲਾ ਗਿਆ ਸੀ। ਲਹਿਰਾਂ ਵਿਚ ਉਤਸ਼ਾਹ ਨਾਂਹ ਦੇ ਬਰਾਬਰ ਸੀ। ਕੁਝ ਚੁਲਬੁਲੀਆਂ ਲਹਿਰਾਂ ਉਂਜ ਈ ਕਿਨਾਰੇ ਤਕ ਆ ਕੇ ਕਲੋਲ ਬਾਜੀ ਕਰ ਰਹੀਆਂ ਸਨ। ਉਹਨਾਂ ਦੀ ਦੁਰਬਲ ਆਵਾਜ਼ ਚੁੱਪੀ ਵਿਚ ਤਰੇੜਾਂ ਪਾ ਰਹੀ ਸੀ। ਬਾਕੀ ਸਮੁੰਦਰ ਸੁੱਤਾ ਹੋਇਆ ਲੱਗ ਰਿਹਾ ਸੀ। ਦਿਸਹੱਦਾ ਬਦਰੰਗ ਹੋ ਗਿਆ ਸੀ। ਕਿਨਾਰੇ ਦੇ ਖੱਬੇ ਪਾਸੇ ਕੁਝ ਦੂਰ ਬੰਦਰਗਾਹ ਸੀ। ਉੱਥੇ ਇਕ ਦੋ ਪੀਲੀਆਂ ਬੱਤੀਆਂ ਜਗ ਰਹੀਆਂ ਸਨ। ਹਵਾ ਵਿਚ ਹੁਣ ਕੁਝ ਹਲਚਲ ਸੀ। ਹਨੇਰਾ ਗੂੜ੍ਹਾ ਹੋਣ ਲੱਗ ਪਿਆ ਸੀ।

ਉਸਨੂੰ ਯਾਦ ਆਇਆ ਇਸ ਤੋਂ ਪਹਿਲਾਂ ਵੀ ਅਜਿਹੇ ਸੰਵਾਦ ਉਹਨਾਂ ਵਿਚਕਾਰ ਹੋਏ ਸਨ। ਤੇ ਪਿੱਛੋਂ ਨੰਦਨੀ ਦੀ ਇਹੋ ਚੁੱਪ। ਮੈਂ ਉਂਜ ਈ ਇੰਜ ਕਹਿ ਦਿੱਤਾ। ਕਹਿਣਾ ਨਹੀਂ ਸੀ ਚਾਹੀਦਾ। ਜਿਸ ਗੱਲ ਦਾ ਮੈਨੂੰ ਅਹਿਸਾਸ ਏ, ਮੈਂ ਉਸਨੂੰ ਸ਼ਬਦਾਂ ਵਿਚ ਕਿਉਂ ਲੈ ਆਉਂਦਾ ਆਂ? ਸਭ ਕੁਝ ਤਾਂ ਠੀਕ ਠਾਕ ਚੱਲ ਰਿਹਾ ਸੀ। ਜਦੋਂ ਮੈਂ ਇਸ ਗੱਲ ਨੂੰ ਛੇੜਦਾਂ, ਉਹ ਚੁੱਪ ਵੱਟ ਜਾਂਦੀ ਏ। ਮੈਂ ਵੀ ਮਨੋਂ ਅਜਿਹਾ ਕੁਝ ਕਹਿਣਾ ਨਹੀਂ ਚਾਹੁੰਦਾ, ਪਰ ਗੱਲ ਮੂੰਹੋਂ ਨਿਕਲ ਈ ਜਾਂਦੀ ਏ। ਨਾ ਚਾਹੁੰਦਿਆਂ ਹੋਇਆਂ ਵੀ। ਮਨ ਵਿਚ ਕਿਤੇ ਡੂੰਘਾ ਇਹ ਅਟਕਿਆ ਹੋਇਆ ਏ। ਨੰਦਨੀ ਤੇ ਉਸ ਰਾਜ ਉਪਾਧਿਆਏ ਨੇ ਇਕ ਦੂਜੇ ਦਾ ਹੱਥ, ਹੱਥ ਵਿਚ ਫੜਿਆ ਹੋਇਆ ਏ—ਜੇ ਮੈਂ ਇਹ ਨਾ ਦੇਖਦਾ ਤਾਂ ਸ਼ਾਇਦ ਮੈਨੂੰ ਕੁਝ ਵੀ ਪਤਾ ਨਾ ਲੱਗਦਾ। ਉਹ ਘਟਨਾ ਅਚਾਨਕ ਅਣਜਾਣੇ ਵਿਚ ਵਾਪਰੀ ਸੀ ਸ਼ਾਇਦ। ਉਹਨਾਂ ਦੋਵਾਂ ਦੇ ਧਿਆਨ ਵਿਚ ਵੀ ਕਿੰਜ ਨਹੀਂ ਆਇਆ ਹੋਏਗਾ? ਮੈਂ ਉਹਨਾਂ ਦੋਵਾਂ ਨੂੰ ਆਪਣੀ ਗੱਡੀ ਵਿਚ ਲਿਆਇਆ ਸਾਂ। ਉਹ ਪਿਕਨਿਕ ਤੋਂ ਆਏ ਸਨ। ਉਹਨਾਂ ਨੂੰ ਮੈਂ ਗੇਟ 'ਤੇ ਲਾਹ ਦਿੱਤਾ ਸੀ ਤੇ ਗੱਡੀ ਗਰਾਜ ਵਿਚ ਪਾਰਕ ਕਰਨ ਚਲਾ ਗਿਆ ਸਾਂ। ਕਿੰਨਾ ਸਮਾਂ ਲੱਗਿਆ ਹੋਏਗਾ? ਦੋ ਜਾਂ ਤਿੰਨ-ਚਾਰ ਮਿੰਟ। ਤੇ ਉਹਨਾਂ ਦਾ ਅੰਦਾਜ਼ਾ ਫੇਲ੍ਹ ਹੋ ਗਿਆ ਸੀ। ਉਹ ਹਾਲ ਵਿਚ ਖੜ੍ਹੇ ਸਨ। ਦਰਵਾਜ਼ਾ ਖੁੱਲ੍ਹਾ ਸੀ। ਮੈਂ ਵੀ ਉੱਥੇ ਈ ਸਾਂ, ਇਹ ਨਿੱਕੀ ਜਿਹੀ ਗੱਲ ਵੀ ਉਹਨਾਂ ਦੇ ਦਿਮਾਗ਼ ਵਿਚ ਨਹੀਂ ਸੀ ਆਈ? ਮੈਂ ਉਹਨਾਂ ਦੇ ਨਾਲ ਸਾਂ। ਬੱਸ ਕਾਰ ਪਾਰਕ ਕਰਨ ਲਈ ਦੂਰ ਚਲਾ ਗਿਆ ਸਾਂ ਤੇ ਉਹ ਵੀ ਉੱਥੇ ਈ। ਇੰਜ ਨਹੀਂ ਕਿ ਮੈਂ ਦੌਰੇ 'ਤੇ ਗਿਆ ਸਾਂ ਤੇ ਅਚਾਨਕ ਆ ਗਿਆ ਸਾਂ। ਮੈਨੂੰ ਦੇਖਦਿਆਂ ਈ ਉਹਨਾਂ ਆਪਣਾ ਆਪਣਾ ਹੱਥ ਝਟਕੇ ਨਾਲ ਛੁਡਾ ਲਿਆ ਸੀ। ਮੈਂ ਉਹਨਾਂ ਦੋਵਾਂ ਦੀਆਂ ਇਕ ਦੂਜੇ ਵਿਚ ਖੁੱਭੀਆਂ ਅੱਖਾਂ ਦੇਖੀਆਂ ਸਨ। ਚਿਹਰੇ ਦੇ

ਹਾਵ-ਭਾਵ ਵੀ। ਮੈਂ ਕੁਛ ਨਹੀਂ ਸੀ ਕਿਹਾ। ਚਿਹਰਾ ਨਾਰਮਲ ਰੱਖਿਆ ਸੀ। ਮਹਿਮਾਨ ਨਿਵਾਜ਼ੀ ਦੇ ਭਾਵਾਂ ਵਾਲਾ। ਸਭਿਅ। ਮੁਸਕਰਾਂਦਾ ਹੋਇਆ। ਮੈਂ ਬੂਟ ਲਾਹੇ। ਅੰਦਰ ਜਾ ਕੇ ਚਾਬੀ ਰੱਖ ਆਇਆ। ਫੇਰ ਉਹ ਚਲਾ ਗਿਆ ਸੀ। ਜਾਂਦਾ ਹੋਇਆ ਮੈਥੋਂ ਵੀ ਵਿਦਾਅ ਲੈਂਦਾ ਗਿਆ ਸੀ। ਸਕੂਟਰ ਸਟਾਰਟ ਕਰਨ ਵੇਲੇ ਹੱਥ ਵੀ ਹਿਲਾਇਆ ਸੀ ਉਸਨੇ।

ਉਸਨੂੰ ਯਾਦ ਏ ਇਸ ਘਟਨਾ ਦੇ ਸੰਬੰਧ ਵਿਚ ਉਸਨੇ ਨੰਦਨੀ ਨੂੰ ਕਦੀ ਨਹੀਂ ਸੀ ਪੁੱਛਿਆ; ਅੱਜ ਤਕ ਨਹੀਂ। ਉਸ ਦਿਨ ਮੈਂ ਹਮੇਸ਼ਾ ਵਾਂਗ ਨਹਾ ਕੇ, ਕੱਪੜੇ ਬਦਲੇ ਸੀ ਤੇ ਟੀ.ਵੀ. ਦੇਖਦਾ ਰਿਹਾ ਸਾਂ। ਰਾਜੂ ਨਹੀਂ ਸੀ ਇਸ ਲਈ ਉਸੇ ਨਾਲ ਟੇਬਲ ’ਤੇ ਖਾਣਾ ਖਾਧਾ। ਫੇਰ ਟੀ.ਵੀ. ਦੇਖਦਾ ਰਿਹਾ। ਰਾਤੀਂ ਮੈਂ ਕੋਲ ਨਹੀਂ ਆਇਆ। ਵੈਸੇ ਕਈ ਰਾਤਾਂ ਦਾ ਕੋਲ ਨਹੀਂ ਸੀ ਆਇਆ। ਦੂਜੇ ਦਿਨ ਸਵੇਰੇ ਉੱਠਿਆ—ਜਿਵੇਂ ਕੁਝ ਹੋਇਆ ਈ ਨਾ ਹੋਵੇ। ਨਾਸ਼ਤਾ ਕੀਤਾ, ਬੈਂਗ ਚੁੱਕਿਆ, ਫੈਕਟਰੀ ਗਿਆ, ਸ਼ਾਮ ਨੂੰ ਦੇਰ ਨਾਲ ਆਇਆ। ਉਦੋਂ ਤਕ ਰਾਜੂ ਵੀ ਆ ਗਿਆ ਸੀ। ਉਸਦੇ ਖਰੀਦੇ ਹੋਏ ਕੱਪੜਿਆਂ ਦੀ ਤਾਰੀਫ਼ ਕੀਤੀ। ਸਾਰਿਆਂ ਨੇ ਮਿਲ ਕੇ ਖਾਣਾ ਖਾਧਾ। ਟੀ.ਵੀ., ਅਖ਼ਬਾਰ, ਨੀਂਦ—ਜੀਵਨ ਅੱਗੇ ਵਧਦਾ ਗਿਆ। ਬਾਅਦ ਵਿਚ ਦੋ ਚਾਰ ਵਾਰੀ ਉਸ ਰਾਜ ਉਪਾਧਿਆਏ ਨਾਲ ਮੁਲਾਕਤ ਵੀ ਹੋਈ। ਮੇਰੇ ਕੁਝ ਕਹਿਣ ਦਾ ਸਵਾਲ ਈ ਨਹੀਂ ਸੀ। ਉਹ ਘਰ ਆਉਂਦਾ ਰਿਹਾ ਹੋਏਗਾ। ਬਾਹਰ ਵੀ ਮਿਲਦੇ ਸਨ ਜਾਂ ਨਹੀਂ, ਮੈਂ ਕਦੀ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ। ਫੇਰ ਕੁਝ ਮਹੀਨਿਆਂ ਬਾਅਦ ਉਹ ਗ਼ਾਇਬ ਹੋ ਗਿਆ। ਫੇਰ ਉਸਦੇ ਦਰਸ਼ਨ ਕਦੀ ਨਹੀਂ ਹੋਏ। ਨੰਦਨੀ ਦੀਆਂ ਗੱਲਾਂ ਵਿਚ ਵੀ ਨਹੀਂ। ਉਸਦੀ ਐਸੋਸਿਏਸ਼ਨ ਦੇ ਲੋਕ ਮਿਲਦੇ ਸਨ, ਤਦ ਵੀ ਨਹੀਂ। ਮੈਂ ਫੇਰ ਵੀ ਕੁਝ ਨਹੀਂ ਪੁੱਛਿਆ। ਪੁੱਛ ਕੇ ਕਰਦਾ ਵੀ ਕੀ? ਪੁੱਛਣ ’ਤੇ ਉਸਨੇ ਕੁਝ ਤਾਂ ਕਹਿਣਾ ਈ ਸੀ। ਉਸ ਵਿਚ ਮੈਨੂੰ ਕੋਈ ਰੁਚੀ ਨਹੀਂ ਸੀ। ਉਹ ਐਕਸਪਲੇਨੇਸ਼ਨ ਸੁਣ ਕੇ ਮੇਰਾ ਕੀ ਹੋਣਾ ਸੀ? ਜੋ ਕੁਝ ਮੈਂ ਦੇਖਿਆ ਸੀ, ਉਹਨੂੰ ਭੁੱਲ ਤਾਂ ਜਾਣ ਨਹੀਂ ਸੀ ਲੱਗਾ। ਉਸ ਦੇ ਅੱਗੇ-ਪਿੱਛੇ ਕੀ ਸੀ, ਇਹ ਜਾਣਨ ਦੀ ਮੈਂ ਕੋਸ਼ਿਸ਼ ਨਹੀਂ ਕੀਤੀ।

ਹਨੇਰਾ ਹੋਰ ਗੂੜ੍ਹਾ ਹੋ ਗਿਆ ਸੀ। ਆਸਮਾਨ ਵਿਚ ਤਾਰੇ ਚਮਕਣ ਲੱਗ ਪਏ ਸਨ। ਉਸਨੇ ਉੱਥੋਂ ਚੱਲਣਾ ਚਾਹਿਆ। ਉਹ ਜਾਣਦਾ ਸੀ ਨੰਦਨੀ ਕੁਝ ਨਹੀਂ ਕਹੇਗੀ। ਤੇ ਉੱਥੋਂ ਹਿੱਲੇਗੀ ਵੀ ਨਹੀਂ। ਮੈਂ ਬੈਠਾ ਰਿਹਾ ਤਾਂ ਰਾਤ ਭਰ ਮੇਰੇ ਨਾਲ ਬੈਠੀ ਰਹੇਗੀ। ਹੁਣ ਹਮੇਸ਼ਾ ਵਾਂਗ ਸਭ ਕੁਝ ਦੁਹਰਾਇਆ ਜਾਏਗਾ। ਮੈਂ ਅਜਨਬੀਆਂ ਵਾਂਗ ਸਭ ਕੁਝ ਨਿਪਟਾਂਦਾ ਰਹਾਂਗਾ। ਚੁੱਪ ਵਾਪਰੀ ਰਹੇਗੀ। ਕਹਿਣ-ਸੁਣਨ ਦੀ ਨੌਬਤ ਨਾ ਆਏ, ਟਕਰਾਅ ਟਲਦਾ ਰਹੇ ਏਨੀ ਸਾਵਧਾਨੀ ਵਰਤਦਿਆਂ ਹੋਇਆਂ ਰੋਜ਼ਾਨਾ ਜੀਵਨ ਦੇ ਕੰਮ ਹੁੰਦੇ ਰਹਿਣਗੇ। ਜਿਵੇਂ ਜਿਵੇਂ ਸਮਾਂ ਬੀਤੇਗਾ ਓਵੇਂ ਓਵੇਂ ਚੁੱਪ ਦੇ ਪਰਦੇ ਹਟਦੇ ਰਹਿਣਗੇ। ਕੁਝ ਕਾਰਨ ਉਘੜ ਆਉਣਗੇ। ਬੋਲਣਾ ਜ਼ਰੂਰੀ ਹੋ ਜਾਏਗਾ। ਰਾਤ ਹੋਏਗੀ। ਨੀਂਦ ਆਏਗੀ। ਸਵੇਰ ਹੋਏਗੀ। ਨਵਾਂ ਦਿਨ ਉਗਦਾ ਰਹੇਗਾ। ਇਹ ਬਾਤ ਭੁੱਲਣੀ ਪਏਗੀ। ਨਵੇਂ ਸਿਰੇ ਤੋਂ ਸ਼ੁਰੂਆਤ ਕਰਨੀ ਹੋਏਗੀ। ਪਤੀ-ਪਤਨੀ ਬਹੁਤੀ ਦੇਰ ਚੁੱਪ ਨਹੀਂ ਰਹਿ ਸਕਦੇ।

ਉਸਨੇ ਜਿਵੇਂ ਸੋਚਿਆ ਸੀ, ਸਭ ਕੁਝ ਓਵੇਂ ਹੁੰਦਾ ਗਿਆ। ਉਹ ਕਮਰੇ ਵਿਚ ਗਏ। ਉਸਨੇ ਇੱਛਾ ਨਾ ਹੁੰਦਿਆਂ ਹੋਇਆਂ ਵੀ ਕੁਝ ਚਿਰ ਟੀ.ਵੀ. ਦੇਖਿਆ। ਖਾਣੇ ਦਾ ਆਰਡਰ ਦਿੱਤਾ। ਖਾਣਾ ਤਿਆਰ ਹੋਣ ’ਤੇ ਰੇਸਟੋਰੇਂਟ ਵਿਚ ਜਾ ਕੇ ਖਾਧਾ ਗਿਆ। ਹੋਟਲ ਦੇ ਮੈਨੇਜਰ ਨਾਲ ਗੱਲਾਂ ਹੋਈਆਂ। ਉਸਨੇ ਆਦਤਨ ਪੁੱਛਿਆ, “ਕਮਰਾ ਕੈਸਾ ਹੈ? ਕੋਈ ਔਖ ਤਾਂ ਨਹੀਂ?” ਨੰਦਨੀ ਨੇ ਪੁੱਛਿਆ, “ਮੱਛਰ ਤਾਂ ਨਹੀਂ?” ਉਸਨੇ ਕਾਈਲ ਭੇਜ ਦੇਣ ਦੀ ਗੱਲ ਕਹੀ। ਉਹਨਾਂ ਦਾ ਆਦਮੀ ਆਇਆ। ਕਾਈਲ ਲਾ ਕੇ ਚਲਾ ਗਿਆ। ਉਸਨੇ ਟੀ.ਵੀ. ਆਨ ਕੀਤਾ ਤੇ ਨੰਦਨੀ ਨੇ ਕਿਤਾਬ ਖੋਲ੍ਹ ਲਈ। ਉਸਨੇ ਪੁੱਛਿਆ, “ਆਵਾਜ਼ ਕੋਈ ਦਿੱਕਤ ਤਾਂ ਨਹੀਂ ਦੇ ਰਹੀ?” ਨੰਦਨੀ ਨੇ ‘ਨਹੀਂ’



ਕਿਹਾ। ਉਸਨੇ ਫੇਰ ਵੀ ਆਵਾਜ਼ ਧੀਮੀ ਕਰ ਦਿੱਤੀ। ਪੁਰਾਣੀ ਫ਼ਿਲਮ ਚੱਲ ਰਹੀ ਸੀ—‘ਬੇਨਹਰ’। ਉਸ ਸ਼ਾਨਦਾਰ ਇਤਿਹਾਸਕ ਫ਼ਿਲਮ ਵਿਚ ਮਨ ਰਮ ਗਿਆ। ਉਸਨੇ ਕਿਤਾਬ ਬੰਦ ਕਰ ਦਿੱਤੀ। ਕੱਪੜੇ ਬਦਲੇ। ਬੈੱਡ ਉੱਤੇ ਜਾ ਪਈ। ਭਾਸਕਰ ਨੇ ਛੋਟੀ ਬੱਤੀ ਜਗਾ ਦਿੱਤੀ। ਉਸਦੀ ਵੀ ਸੌਣ ਦੀ ਇੱਛਾ ਹੋਈ ਪਰ ਉਸਨੂੰ ਧਿਆਨ ਆਇਆ ਕਿ ਨੀਂਦ ਏਨੀ ਜਲਦੀ ਨਹੀਂ ਆਏਗੀ। ਪਾਸੇ ਮਾਰਦੇ ਰਹਿਣ ਨਾਲੋਂ ਚੰਗਾ ਏ, ਫ਼ਿਲਮ ਈ ਦੇਖੀ ਜਾਏ।

ਫ਼ਿਲਮ ਦੇਰ ਰਾਤ ਤਕ ਚੱਲਦੀ ਰਹੀ। ਜਦੋਂ ਖ਼ਤਮ ਹੋਈ ਉਸਨੇ ਟੀ.ਵੀ. ਬੰਦ ਕੀਤਾ—ਸੌਣ ਲਈ ਲੇਟਿਆ ਤਾਂ ਉਸਦੀ ਨਿਗਾਹ ਨੰਦਨੀ ’ਤੇ ਜਾ ਪਈ। ਉਹ ਸੁੱਤੀ ਹੋਈ ਸੀ ਪਰ ਉਸਨੂੰ ਲੱਗਿਆ ਜਾਗ ਰਹੀ ਏ। ਉਸਨੇ ਸਿਰਹਾਣਾ ਠੀਕ ਕੀਤਾ ਫੇਰ ਵੀ ਉਹ ਜਾਗੀ ਨਹੀਂ। ਗੂੜ੍ਹੀ ਨੀਂਦ ਸੁੱਤੀ ਸੀ, ਹਮੇਸ਼ਾ ਵਾਂਗ। ਪੀਲੀ ਮੱਧਮ ਰੋਸ਼ਨੀ ਉਸਦੇ ਚਿਹਰੇ ਉੱਤੇ ਪੈ ਰਹੀ ਸੀ। ਪੈਰਾਂ ਉੱਤੇ ਚਾਦਰ ਲਈ ਹੋਈ ਸੀ। ਇਕ ਹੱਥ ਸਿਰਹਾਣੇ ਹੇਠ ਸੀ, ਇਕ ਪੇਟ ਉੱਤੇ। ਬਾਂਹ ਵਿਚ ਸੋਨੇ ਦਾ ਕੜਾ ਚਮਕ ਰਿਹਾ ਸੀ।

ਭਾਸਕਰ ਕੁਝ ਚਿਰ ਉਸਨੂੰ ਦੇਖਦਾ ਰਿਹਾ। ਕੋਈ ਵਿਚਾਰ ਮਨ ਵਿਚ ਲਿਆਂਦੇ ਬਿਨਾਂ ਦੇਖਦਾ ਰਿਹਾ। ਮੈਨੂੰ ਇੰਜ ਕਹਿਣਾ ਨਹੀਂ ਸੀ ਚਾਹੀਦਾ! ਭਾਵੇਂ ਉਸਨੇ ਕੁਝ ਕਿਹਾ ਨਹੀਂ, ਪਰ ਸਵੇਰ ਦਾ ਬਣਿਆ ਘੁੰਮਣ ਦਾ ਮੂਡ ਤਾਂ ਖ਼ਰਾਬ ਹੋ ਗਿਆ ਨਾ! ਘਰ ਵੀ ਇੰਜ ਕਈ ਵਾਰ ਹੋਇਆ ਏ ਪਰ ਘਰੇ ਕਈ ਕਿਸਮ ਦੇ ਹੋਰ ਕੰਮ-ਧੰਦੇ ਵੀ ਹੁੰਦੇ ਨੇ। ਕੁਝ ਨਹੀਂ ਤਾਂ ਸਵੇਰੇ ਉੱਠ ਕੇ ਫੈਕਟਰੀ ਜਾਣ ਕਰਕੇ ਸੌਖ ਰਹਿੰਦੀ ਏ। ਫੈਕਟਰੀ ਦੀ ਵੱਖਰੀ ਦੁਨੀਆਂ ਵਿਚ ਜਾਂਦਿਆਂ ਈ ਸਾਰੀਆਂ ਗੱਲਾਂ ਭੁੱਲੀਆਂ ਜਾਦੀਆਂ ਨੇ। ਸਵੇਰੇ ਕੀ ਹੋਇਆ, ਕੀ ਨਹੀਂ—ਯਾਦ ਈ ਨਹੀਂ ਰਹਿੰਦਾ। ਇੱਥੇ ਇਹ ਸੌਖ ਨਹੀਂ। ਇੱਥੇ ਅਸੀਂ ਦੋਵੇਂ ਆਂ। ਇਕੋ ਕਮਰੇ ਵਿਚ ਬੰਦ। ਬਾਹਰ ਦੁਨੀਆਂ ਏ, ਪਰ ਉਹ ਅਣਜਾਣੀ ਏ। ਉਸ ਦੁਨੀਆਂ ਨਾਲ ਮੇਰਾ ਕੋਈ ਸਰੋਕਾਰ ਨਹੀਂ, ਜਿਸ ਨਾਲ ਮੇਰਾ ਸਬੰਧ ਏ ਉਹ ਸਿਰਫ ਨੰਦਨੀ ਏ ਤੇ ਉਹ ਪਹਿਲਾਂ ਈ ਨੀਂਦ ਵਿਚ ਡੁੱਬ ਗਈ ਏ।

ਉਸਨੇ ਨੰਦਨੀ ਦੀ ਪੂਰੀ ਦੇਹ ਉਪਰ ਨਜ਼ਰਾਂ ਘੁਮਾਈਆਂ। ਮੋਢੇ, ਪੇਟ, ਕਮਰ ਦੇ ਹੇਠਲਾ ਉਭਾਰ। ਗੋਡਿਆਂ ਤਕ ਲਈ ਹੋਈ ਚਾਦਰ ਤੇ ਚਾਦਰ ਵਿਚੋਂ ਝਾਕ ਰਹੇ ਪੈਰ। ਗਾਊਨ ਨੇ ਪੂਰਾ ਸਰੀਰ ਢਕਿਆ ਹੋਇਆ ਸੀ—ਸਿਰਫ ਚਿਹਰਾ, ਗਰਦਨ ਦੇ ਨਾਲ ਲਗਵਾਂ ਹਿੱਸਾ ਤੇ ਹੱਥ ਈ ਨੰਗੇ ਸਨ। ਉਸਨੂੰ ਲੱਗਿਆ ਮੈਂ ਇਸਨੂੰ ਦੇਖ ਤਾਂ ਰਿਹਾ ਹਾਂ ਪਰ ਮੇਰੇ ਸਰੀਰ ਵਿਚ ਕੋਈ ਹਲਚਲ ਨਹੀਂ ਹੋ ਰਹੀ। ਉਹ ਬਿਨਾਂ ਕੱਪੜਿਆਂ ਤੋਂ ਵੀ ਸੁੱਤੀ ਹੁੰਦੀ—ਤਦ ਵੀ ਕੋਈ ਫਰਕ ਨਹੀਂ ਸੀ ਪੈਣਾ। ਮੈਂ ਚਾਹਾਂ ਤਾਂ ਕਦੋਂ ਵੀ ਗਾਊਨ ਉਪਰ ਖਿਸਕਾ ਸਕਦਾ ਆਂ। ਪਰ ਇੱਛਾ ਨਹੀਂ। ਦੁਪਹਿਰੇ ਖ਼ਾਲੀ ਹੋ ਗਿਆ ਆਂ, ਇਸ ਲਈ ਵੀ ਸ਼ਾਇਦ ਇੰਜ ਲੱਗ ਰਿਹਾ ਹੋਏਗਾ। ਇਸ ਨਾਲੋਂ ਵਧ, ਸ਼ਾਮੀਂ ਜੋ ਹੋਇਆ ਉਹ ਵੀ ਇਕ ਕਾਰਨ ਹੋਏਗਾ। ਪਰ ਮੈਂ ਜਾਣ-ਬੁੱਝ ਕੇ ਤਾਂ ਨਹੀਂ ਸੀ ਕਿਹਾ। ਉਂਜ ਈ ਗੱਲ ਛਿੜ ਪਈ ਤੇ ਵਧਦੀ ਗਈ। ਉਹ ਮੇਰੇ ਨਾਲ ਗਈ ਨਹੀਂ ਤੇ ਗੱਲ ਵਧ ਗਈ।

ਉਸਨੂੰ ਲੱਗਿਆ ਹੁਣ ਨੀਂਦ ਟਲ ਜਾਏਗੀ। ਦਿਮਾਗ਼ ਵਿਚ ਫ਼ਿਲਮੀ ਦ੍ਰਿਸ਼ ਘੁੰਮ ਰਹੇ ਨੇ। ਉਹ ਗੋਰੇ-ਗਦਰਾਏ ਬਦਨ, ਨੀਲੇ-ਜਾਮਨੀ ਕੱਪੜੇ, ਤਲਵਾਰਾਂ ਦੀ ਖਣਖਣਾਹਟ। ਰਥਾਂ ਦੀ ਦੌੜ। ਪਹਿਲਾਂ ਵੀ ਦੇਖੀ ਸੀ ਇਹ ਫ਼ਿਲਮ। ਅੱਜ ਦੇਖਣਾ ਜ਼ਰੂਰੀ ਨਹੀਂ ਸੀ ਪਰ ਉਹ ਕਿਤਾਬ ਪੜ੍ਹਨ ਬੈਠ ਗਈ ਤੇ ਉਸਦਾ ਸਾਥ ਨਿਭਾਉਣ ਖਾਤਰ ਮੈਂ ਫ਼ਿਲਮ ਦੇਖਣ ਲੱਗ ਪਿਆ। ਪਰ ਪਹਿਲਾਂ ਉਸਨੇ ਕਿਤਾਬ ਨਹੀਂ ਖੋਲ੍ਹੀ ਸੀ। ਉਹ ਕੁਝ ਚਿਰ ਟੀ.ਵੀ. ਦੇਖਦੀ ਰਹੀ ਸੀ। ਜਦੋਂ ਮੈਂ ਲੜਾਈ ਦੇ ਸੀਨ ਮਨ ਲਾ ਕੇ ਦੇਖਣ ਲੱਗ ਪਿਆ, ਉਦੋਂ ਉਸਨੇ ਕਿਤਾਬ ਖੋਲ੍ਹੀ ਸੀ। ਮੈਨੂੰ ਟੀ.ਵੀ. ਬੰਦ ਕਰ ਦੇਣਾ ਚਾਹੀਦਾ ਸੀ। ਤਦ ਮੈਂ ਉਸਨੂੰ ਕਹਿ ਸਕਦਾ ਸਾਂ ਕਿ ‘ਕਿਤਾਬ ਨਾ ਪੜ੍ਹ’—ਇਹ ਸੋਚਣਾ ਚਾਹੀਦਾ

ਸੀ। ਖਾਸ ਕਰਕੇ ਉਦੋਂ ਜਦੋਂ ਉਸਨੂੰ ਕੋਲ ਬੁਲਾਇਆ ਹੋਏਗਾ ਉਦੋਂ। ਉਸ ਲਈ ਪਹਿਲਾਂ ਈ ਤਿਆਰ ਹੋਣਾ ਪੈਂਦਾ ਏ। ਉਸਨੇ ਕਾਫੀ ਪਹਿਲਾਂ ਈ ਕਿਹਾ ਸੀ ਕਿ ਉਸਨੂੰ ਕਿੰਜ ਚੰਗਾ ਲੱਗਦਾ ਏ। ਉਹ ਬੋਲੀ ਸੀ, ਸਿੱਧੇ ਬੈੱਡ 'ਤੇ ਆ ਕੇ ਗਲ਼ੇ ਲੱਗਣਾ ਚੰਗਾ ਨਹੀਂ ਲੱਗਦਾ। ਹੌਲੀ-ਹੌਲੀ ਮਨ ਵਿਚ ਭਾਵ ਉੱਠਣੇ ਚਾਹੀਦੇ ਨੇ, ਜਦੋਂ ਉਹ ਚਰਮ ਸੀਮਾਂ 'ਤੇ ਪਹੁੰਚ ਜਾਣ ਗਲ਼ੇ ਮਿਲਣਾ ਚਾਹੀਦਾ ਏ, ਬੈੱਡ 'ਤੇ ਜਾਣਾ ਚਾਹੀਦਾ ਏ।

ਸ਼ਾਇਦ ਇਹ ਸੱਚ ਹੋਏਗਾ। ਉਸਨੇ ਸੋਚਿਆ, ਪਰ ਉਸਨੇ ਆਪਣੇ ਮਨ ਨਾਲ ਕਦੀ ਮੈਨੂੰ ਗਲ਼ ਲਾਇਆ ਹੋਏ, ਇੰਜ ਨਾਂਹ ਦੇ ਬਰਾਬਰ ਈ ਹੋਇਆ ਏ। ਮੈਂ ਕੋਲ ਖਿੱਚ ਲੈਂਦਾ ਆਂ ਤਾਂ ਉਹ ਮਨ੍ਹਾਂ ਨਹੀਂ ਕਰਦੀ ਤੇ ਨਾ ਈ ਕਮਜ਼ੋਰ ਪੈਂਦੀ ਏ ਪਰ ਕੁਝ ਵੀ ਆਪਣੇ ਮਨੋਂ ਨਹੀਂ ਕਰਦੀ। ਪਹਿਲਾਂ ਮੈਂ ਇਹਨਾਂ ਸਾਰੀਆਂ ਗੱਲਾਂ ਵਲ ਧਿਆਨ ਨਹੀਂ ਸਾਂ ਦੇਂਦਾ। ਓਦੋਂ ਆਵੇਗ ਵਿਚ ਇੰਜ ਵਹਿ ਜਾਂਦਾ ਸਾਂ ਕਿ ਇਹ ਸਭ ਸੋਚਣ ਦੀ ਫੁਰਸਤ ਈ ਨਹੀਂ ਸੀ ਹੁੰਦੀ। ਸਭ ਹੋ ਜਾਂਦਾ। ਕਿੰਜ ਹੋ ਜਾਂਦਾ, ਇਹ ਸਮਝ ਵਿਚ ਨਹੀਂ ਸੀ ਆਉਂਦਾ! ਹੁਣ ਮੈਂ ਸੋਚਦਾਂ, ਇਸੇ ਲਈ ਇਹ ਗੱਲਾਂ ਰੜਕਦੀਆਂ ਨੇ। ਹੁਣ ਸ਼ਾਇਦ ਸੋਚਣ ਦੀ ਉਮਰ ਆ ਗਈ ਏ।

ਉਸਨੇ ਫੇਰ ਉਸ ਚਿਹਰੇ ਨੂੰ ਦੇਖਿਆ। ਉਸਨੇ ਬਿੰਦੀ ਲਾਹੀ ਹੋਈ ਸੀ। ਸ਼ਾਇਦ ਇਸੇ ਕਾਰਨ ਲੱਗ ਰਿਹਾ ਸੀ ਪਰ ਉਸਦਾ ਚਿਹਰਾ ਹੋਰ ਈ ਲੱਗ ਰਿਹਾ ਸੀ। ਮਾਸੂਮ, ਭੋਲਾ-ਭੋਲਾ। ਕਿੰਨੀ ਗੂੜ੍ਹੀ ਨੀਂਦ ਸੌਂਦੀ ਏ ਹਮੇਸ਼ਾ। ਹੁਣ ਵੀ ਘੋੜੇ ਵੇਚ ਕੇ ਸੁੱਤੀ ਪਈ ਏ। ਤੇ ਮੈਂ ਜਾਗ ਰਿਹਾ ਆਂ। ਦਰਅਸਲ ਮੈਂ ਜ਼ਿਆਦਾ ਥੱਕ ਗਿਆਂ। ਚਾਰ ਪੰਜ ਘੰਟੇ ਡਰਾਈਵ ਕੀਤਾ। ਜਿੰਮ ਵਿਚ ਕਸਰਤ। ਸ਼ਾਮ ਦੀ ਸੈਰ। ਢਿੱਡ ਭਰ ਕੇ ਖਾਣਾ ਖਾਧਾ। ਰਾਤ ਦਾ ਸੰਨਾਟਾ ਏ, ਤੇ ਫੇਰ ਵੀ ਨੀਂਦ ਨਹੀਂ ਆ ਰਹੀ। ਨੰਦਨੀ ਕਦੇ ਦੀ ਸੌਂ ਚੁੱਕੀ ਏ। ਉਸਦੇ ਦਿਮਾਗ਼ ਵਿਚ ਕੀ ਚੱਲ ਰਿਹਾ ਹੋਏਗਾ? ਕੀ ਸ਼ਾਮ ਦੀ ਗੱਲਬਾਤ ਭੁੱਲ ਗਈ ਹੋਏਗੀ? ਚੁੱਪ ਈ ਸਾਧ ਗਈ ਸੀ। ਉਸ ਗੱਲ ਨੂੰ ਭੁੱਲ ਚੁੱਕੀ ਹੋਏਗੀ? ਜਾਂ ਮਨ ਦੇ ਕਿਸੇ ਕੋਨੇ ਵਿਚ ਸਾਂਭ ਛੱਡਿਆ ਹੋਏਗਾ? ਮੈਂ ਇੰਜ ਕਰਦਾ ਆਂ। ਕੁਝ ਦਿਨ ਪਹਿਲਾਂ ਮੇਰੇ ਕੋਲ ਇਕ ਮੈਨੇਜਮੈਂਟ ਕੰਸਲਟੈਂਟ ਆਇਆ ਸੀ। ਉਸਨੇ ਕਿਹਾ ਸੀ। ਇਸ ਸਮੇਂ ਇਕੋ ਵਿਚਾਰ—ਉਸੇ 'ਤੇ ਫੈਸਲਾ। ਫੇਰ ਦੂਜਾ ਵਿਚਾਰ ਜਾਂ ਵਿਸ਼ਾ। ਉਸ ਬਾਰੇ ਕਿਸੇ ਫੈਸਲੇ ਤੇ ਪਹੁੰਚਣ ਤਕ ਬਾਕੀ ਸਾਰੇ ਵਿਸ਼ੇ ਮਨ ਦੇ ਕਿਸੇ ਖਾਨੇ ਵਿਚ ਡੱਕ ਦਿਓ। ਜਦ ਫੁਰਸਤ ਹੋਏਗੀ ਤਦ ਉਹਨਾਂ ਬਾਰੇ ਸੋਚਾਂਗੇ। ਕੀ ਨੰਦਨੀ ਵੀ ਇਵੇਂ ਕਰਦੀ ਹੋਏਗੀ? ਜੇ ਹਾਂ ਤਾਂ ਖਾਸੀ ਮਾਹਿਰ ਏ ਇਸ ਵਿਚ। ਸਵੇਰੇ ਉਹ ਇਸ ਵਿਸ਼ੇ ਵੱਲ ਇਸ਼ਾਰਾ ਵੀ ਨਹੀਂ ਕਰੇਗੀ। ਹਮੇਸ਼ਾ ਵਾਂਗ ਦਿਨ ਦਾ ਆਰੰਭ ਕਰੇਗੀ। ਉਹ ਆਪਣੀ ਇੱਛਾ ਨਾਲ ਕਦੀ ਗੱਲਾਂ ਕਰਨੀਆਂ ਬੰਦ ਨਹੀਂ ਕਰਦੀ। ਮੈਂ ਈ ਚੁੱਪ ਸਾਧ ਲੈਂਦਾ ਆਂ। ਉਹ ਅਗਲੇ ਪਲ ਈ ਨਵੇਂ ਸਿਰੇ ਤੋਂ ਆਮ ਵਾਂਗ ਹੋ ਜਾਂਦੀ ਏ। ਉਦੋਂ ਜੇ ਮੈਂ ਪਾਣੀ ਉਪਰ ਤੈਰਦੇ ਜਹਾਜ਼ ਬਾਰੇ ਗੱਲ ਕਰਨ ਲੱਗਦਾ ਤਾਂ ਉਹ ਵੀ ਸ਼ਾਮਲ ਹੋ ਜਾਂਦੀ। ਜੇ ਮੈਂ ਉਸਨੂੰ ਨੇੜੇ ਖਿੱਚਦਾ ਤਾਂ ਮੇਰੀਆਂ ਬਾਹਾਂ ਵਿਚ ਆ ਜਾਂਦੀ।

ਪਰ ਓਦੋਂ ਅਜਿਹਾ ਕੁਝ ਕਰਨਾ ਸੰਭਵ ਨਹੀਂ ਸੀ। ਭਾਵਨਾਵਾਂ ਉਫਨਣੀਆਂ ਚਾਹੀਦੀਆਂ ਨੇ। ਫੇਰ ਅਜਿਹਾ ਕੁਝ ਹੋ ਸਕਦਾ ਏ। ਉਦੋਂ ਮੈਂ ਕੁਝ ਗੁੱਸੇ ਵਿਚ ਸਾਂ। ਮੈਨੂੰ ਇਕੱਲਿਆਂ ਈ ਸੂਰਜ-ਅਸਤ ਜੋ ਦੇਖਣਾ ਪਿਆ ਸੀ। ਉਹ ਮੈਥੋਂ ਵੱਟੀ-ਜਿਹੀ ਰਹਿੰਦੀ ਏ ਇਸ ਕਰਕੇ ਵੀ ਮੈਂ ਖਿਝ ਗਿਆ ਸਾਂ। ਤਦ ਭਲਾ ਮੈਂ ਕਿੰਜ ਉਸਨੂੰ ਨੇੜੇ ਖਿੱਚਦਾ! ਕਮਰੇ ਵਿਚ ਆਣ ਕੇ ਵੀ ਸਥਿਤੀ ਵਿਚ ਕੋਈ ਬਹੁਤਾ ਫਰਕ ਨਹੀਂ ਸੀ ਪਿਆ। ਦੂਰੀ ਬਣੀ ਰਹੀ। ਕਦੀ ਦੂਰੀ ਵੱਧੀ ਤੇ ਕਦੀ ਪਾੜਾ। ਕਦੀ ਪਾੜਾ ਨਹੀਂ ਹੁੰਦਾ ਪਰ ਫਾਸਲਾ ਵਧੇਰੇ ਹੁੰਦਾ ਏ। ਬੜੀ ਕਸ਼ਮਕਸ਼; ਬੜੀਆਂ ਉਲਝਣਾਂ-ਗੁੱਥੀਆਂ।

ਵਿਚਾਰਾਂ ਦੀ ਉਲਝਣ ਵਿਚ ਉਲਝਿਆਂ ਪਤਾ ਨਹੀਂ ਕਦੋਂ ਅੱਖ ਲੱਗ ਗਈ—ਬੱਤੀ



ਬੁਝਾਉਣ ਦਾ ਚੇਤਾ ਨਹੀਂ ਰਿਹਾ।

ਸਵੇਰੇ ਦੇਰ ਨਾਲ ਉਸਦੀ ਅੱਖ ਖੁੱਲ੍ਹੀ। ਪਰਦੇ ਖਿਸਕਾਏ ਹੋਏ ਸਨ। ਦਰਵਾਜ਼ਾ ਬੰਦ ਸੀ। ਪੱਕਾ ਪਤਾ ਨਹੀਂ ਲੱਗਿਆ ਕਿ ਦਿਨ ਕਿੰਨਾ ਕੁ ਚੜ੍ਹ ਆਇਆ ਹੋਏਗਾ। ਉਸਨੇ ਅੱਖਾਂ ਮਲਦਿਆਂ ਹੋਇਆਂ ਘੜੀ ਦੇਖੀ। ਸਵਾ ਸਤ ਵੱਜ ਚੁੱਕੇ ਸਨ। ਉਹ ਉੱਠ ਬੈਠਾ ਹੋਇਆ। ਉਸਨੇ ਸੋਚਿਆ ਨੰਦਨੀ ਬਾਥਰੂਮ ਵਿਚ ਹੋਏਗੀ। ਪਰ ਓਥੇ ਵੀ ਬੱਤੀ ਨਹੀਂ ਸੀ।

ਉਸਨੇ ਮੂੰਹ ਧੋਤਾ। ਦਰਵਾਜ਼ਾ ਖੋਲ੍ਹ ਕੇ ਬਾਹਰ ਵਰਾਂਡੇ ਵਿਚ ਆਇਆ। ਉਸਨੂੰ ਲੱਗਿਆ ਸੀ ਕਿ ਉਹ ਕਲ੍ਹ ਵਾਂਗ ਉੱਥੇ ਬੈਠੀ ਕਿਤਾਬ ਪੜ੍ਹ ਰਹੀ ਹੋਏਗੀ। ਉਸਦਾ ਇਹ ਅੰਦਾਜ਼ਾ ਵੀ ਗ਼ਲਤ ਨਿਕਲਿਆ। ਵਰਾਂਡਾ ਖਾਲੀ ਸੀ। ਬਾਹਰ ਤੇਜ਼ ਰੋਸ਼ਨੀ ਸੀ। ਸੂਰਜ ਪਹਾੜੀ ਚੜ੍ਹ ਚੁੱਕਿਆ ਸੀ। ਕਾਟੇਜ ਉੱਤੇ ਹਾਲੇ ਵੀ ਧੁੱਪ ਨਹੀਂ ਸੀ ਆਈ। ਪਰ ਆਸੇ-ਪਾਸੇ ਤੇਜ਼ ਧੁੱਪ ਦੇ ਚਮਕਾਰੇ ਫੈਲੇ ਹੋਏ ਸਨ। ਹਵਾ ਵਿਚ ਹਲਕੀ ਜਿਹੀ ਠੰਡਕ ਸੀ। ਸਮੁੰਦਰ ਉਪਰੋਂ ਆਉਣ ਵਾਲੀ ਹਵਾ ਵਿਚ ਨਮਕੀਨ ਮਹਿਕ ਭਰੀ ਹੋਈ ਸੀ।

ਭਾਸਕਰ ਨੇ ਕਾਟੇਜ ਦੀਆਂ ਪੌੜੀਆਂ ਉਤਰ ਕੇ ਆਸੇ-ਪਾਸੇ ਨਜ਼ਰਾਂ ਦੌੜਾਈਆਂ। ਨੰਦਨੀ ਕਿਧਰੇ ਦਿਖਾਈ ਨਹੀਂ ਦਿੱਤੀ। ਦੂਜੇ ਕਾਟੇਜ ਵਿਚ ਚਾਹ ਲੈ ਕੇ ਜਾਣ ਵਾਲੇ ਬੈਰੇ ਨੂੰ ਉਸਨੇ ਚਾਹ ਲਿਆਉਣ ਲਈ ਕਿਹਾ। ਤੇ ਪੁੱਛ ਵੀ ਲਿਆ ਕਿ ਇਸ ਤੋਂ ਪਹਿਲਾਂ ਚਾਹ ਦੇ ਚੁੱਕਿਆ ਏ ਜਾਂ ਨਹੀਂ?

"ਨਹੀਂ ਸਾਹਬ!" ਬੈਰੇ ਨੇ ਕਿਹਾ ਤੇ ਨਾਲ ਈ ਇਹ ਵੀ ਜੋੜ ਦਿੱਤਾ, "ਮੈਡਮ ਉੱਥੇ ਰੇਸਤਰਾਂ ਵਿਚ ਚਾਹ ਪੀ ਚੁੱਕੇ ਨੇ।"

"ਠੀਕ ਏ। ਤੂੰ ਮੇਰੇ ਲਈ ਚਾਹ ਏਥੇ ਈ ਲੈ ਆ।" ਭਾਸਕਰ ਨੇ ਕਿਹਾ।

ਵਰਾਂਡੇ ਵਿਚ ਬੈਠ ਕੇ ਈ ਉਸਨੇ ਚਾਹ ਦੀਆਂ ਚੁਸਕੀਆਂ ਲਈਆਂ। ਨੰਦਨੀ ਦਾ ਸਵੇਰੇ ਜਲਦੀ ਉੱਠਣਾ ਉਸ ਲਈ ਹੈਰਾਨੀ ਵਾਲੀ ਗੱਲ ਸੀ। ਉਸਨੇ ਸੋਚਿਆ—'ਅੱਖ ਜਲਦੀ ਖੁੱਲ੍ਹ ਗਈ ਹੋਏਗੀ। ਮੈਂ ਸੁੱਤਾ ਸਾਂ ਇਸ ਲਈ ਉਸਦੀ ਸਮਝ ਵਿਚ ਨਹੀਂ ਆਇਆ ਹੋਏਗਾ ਕਿ ਕੀ ਕੀਤਾ ਜਾਏ? ਇਸੇ ਉਧੇੜ-ਬੁਣ ਵਿਚ ਚਲੀ ਗਈ ਹੋਏਗੀ, ਸਮੁੰਦਰ ਦੇ ਕਿਨਾਰੇ। ਯਾਨੀ ਕਲ੍ਹ ਵਾਂਗ ਈ। ਉਸਨੇ ਮੈਨੂੰ ਜਗਾਇਆ ਕਿਉਂ ਨਹੀਂ? ਕਮ-ਸੇ-ਕਮ ਦੱਸ ਤਾਂ ਜਾਂਦੀ। ਕੀ ਉਸਨੂੰ ਡਰ ਲੱਗਾ ਹੋਏਗਾ? ਕਿਤੇ ਮੈਂ ਨਾਲ ਈ ਨਾ ਤੁਰ ਪਵਾਂ?...ਹੁਣ ਪਤਾ ਨਹੀਂ ਕਦ ਤੀਕ ਆਏਗੀ?...ਜਾਂ ਉੱਥੇ ਬੈਠੀ-ਬੈਠੀ ਕਿਤੇ ਗਵਾਚ ਗਈ ਹੋਏਗੀ...ਕੀ ਉਸਨੂੰ ਚੇਤੇ ਵੀ ਹੋਏਗਾ ਕਿ ਉਸਦਾ ਪਤੀ ਨਾਲ ਹੈ ਜਾਂ ਨਹੀਂ...?'

ਫੇਰ ਉਹੀ ਪੀੜ ਉਭਰੀ। ਬੈਠੇ-ਬੈਠੇ ਉਸਨੇ ਸਮੁੰਦਰ ਵੱਲ ਜਾਣ ਵਾਲੀ ਪਗਡੰਡੀ ਉੱਤੇ ਨਿਗਾਹ ਮਾਰੀ। ਨਾਰੀਅਲ ਦੇ ਰੁਖਾਂ ਵਿਚ ਹਲਚਲ ਸੀ। ਬਾਕੀ ਸਭ ਸ਼ਾਂਤ ਸੀ। ਉਸਨੇ ਸਮੁੰਦਰ ਕਿਨਾਰੇ ਜਾ ਕੇ ਉਸਨੂੰ ਦੇਖ ਆਉਣਾ ਚਾਹਿਆ। ਕਿਨਾਰਾ ਲੰਮਾਂ-ਚੌੜਾ ਤਾਂ ਹੈ ਨਹੀਂ ਸੀ। ਮੈਂ ਝੱਟ ਉਸਨੂੰ ਲੱਭ ਲਵਾਂਗਾ। ਭਾਸਕਰ ਨੇ ਸੋਚਿਆ। ਉਸਨੇ ਝੱਟ ਕੱਪੜੇ ਚੜ੍ਹਾਏ। ਟ੍ਰੈਕ ਪੈਂਟ ਪਾਈ। ਜ਼ਿੰਦਰਾ ਮਾਰੇ ਕਿ ਖੁੱਲ੍ਹਾ ਛੱਡ ਜਾਏ, ਕੁਝ ਚਿਰ ਇਸੇ ਦੁਚਿੱਤੀ ਵਿਚ ਫਸਿਆ ਰਿਹਾ। ਓਦੋਂ ਈ ਨੰਦਨੀ ਆਉਂਦੀ ਹੋਈ ਦਿਖਾਈ ਦਿੱਤੀ। ਉਸਦੇ ਹੱਥਾਂ ਵਿਚ ਗ਼ੁਲਾਬ ਦੇ ਦੋ ਫੁੱਲ ਸਨ।

"ਸਮੁੰਦਰ ਕਿਨਾਰੇ ਗਈ ਸੀ ਨਾ?"

"ਨਹੀਂ ਜੀ! ਕਿਸਨੇ ਕਿਹੈ?" ਨੰਦਨੀ ਨੇ ਹੈਰਾਨੀ ਨਾਲ ਪੁੱਛਿਆ।

"ਸਮੁੰਦਰ ਕਿਨਾਰੇ ਨਹੀਂ ਗਈ ਸੀ?"

"ਨਹੀਂ। ਮੈਂ ਇਹਨਾਂ ਦੇ ਬਗ਼ੀਚੇ 'ਚ ਘੁੰਮ ਰਹੀ ਸਾਂ। ਬੜੀ ਨਰਸਰੀ ਏ ਇੱਥੇ। ਉੱਥੇ

ਮਾਲੀ ਕੰਮ ਕਰ ਰਿਹਾ ਸੀ। ਕਾਫੀ ਸਾਰੀਆਂ ਫੁੱਲਾਂ ਦੀਆਂ ਕਿਆਰੀਆਂ ਨੇ। ਉਸਨੇ ਮੈਨੂੰ ਕਾਫੀ ਕੁਝ ਦਿਖਾਇਆ।"

"ਮੈਨੂੰ ਲੱਗਿਆ ਤੂੰ ਸਮੁੰਦਰ ਕਿਨਾਰੇ ਗਈ ਐਂ।"

ਇਸ ਉੱਤੇ ਉਸਨੇ ਅੱਖਾਂ ਚੁੱਕ ਕੇ ਭਾਸਕਰ ਵਲ ਸਿਰਫ ਦੇਖਿਆ ਪਰ ਕੁਝ ਬੋਲੀ ਨਹੀਂ। ਪੌੜੀਆਂ ਚੜ੍ਹ ਕੇ ਉੱਤੇ ਆਈ। ਬਗ਼ੀਚੇ ਵਿਚ ਸ਼ਾਇਦ ਧੁੱਪ ਸੀ। ਉਸਦਾ ਚਿਹਰਾ ਲਾਲ ਹੋਇਆ ਹੋਇਆ ਸੀ।

"ਤੁਸੀਂ ਇੰਜ ਕਿਉਂ ਸੋਚਿਆ?"

ਭਾਸਕਰ ਦੀ ਸਮਝ ਵਿਚ ਨਹੀਂ ਆਇਆ, ਕੀ ਜਵਾਬ ਦਏ। ਉਹ ਸਿਟਪਿਟਾ ਗਿਆ।

"ਤੂੰ ਏਥੇ ਨਹੀਂ ਸੈਂ ਇਸ ਲਈ ਸੋਚਿਆ।"

"ਨਹੀਂ ਗਈ ਨਹੀਂ ਉੱਥੇ। ਬਗ਼ੀਚੇ ਵਿਚ ਸਾਂ। ਪਰ ਗਈ ਵੀ ਹੁੰਦੀ ਤਾਂ ਕੀ ਵਿਗੜ ਜਾਂਦਾ?"

"ਮੈਂ ਇੰਜ ਥੋੜ੍ਹਾ ਈ ਕਿਹਾ ਏ। ਮੈਂ ਤਾਂ ਸਿਰਫ ਪੁੱਛਿਆ ਏ। ਜਾਣਾ ਚਾਹੁੰਦੀ ਏਂ ਤਾਂ ਭਾਵੇਂ ਹੁਣ ਚਲੀ ਜਾਅ।"

ਉਸਨੇ ਕੁਝ ਨਹੀਂ ਕਿਹਾ। ਹੱਥਲੇ ਗ਼ੁਲਾਬ ਸਿਰਫ ਸੁੰਘੇ।

"ਤੁਹਾਨੂੰ ਛੱਡ ਕੇ ਜਾਣ ਦਾ ਮਨ ਨਹੀਂ ਹੋਇਆ।"

"ਵਾਹ! ਮੇਰੀ ਖ਼ੁਸ਼ਕਿਸਮਤੀ।"

"ਤੁਸੀਂ ਸਵੇਰੇ-ਸਵੇਰੇ ਇਹ ਕਹਿ ਰਹੇ ਓਂ—ਇਹ ਗੁੱਡ ਮੌਰਨਿੰਗ ਏ ਕਿ—?"

ਉਸਨੂੰ ਓਪਰਾ ਜਿਹਾ ਲੱਗਿਆ—ਪਰ ਉਹ ਚੁੱਪ ਰਿਹਾ।

"ਫੁੱਲ ਗੁਲਦਸਤੇ ਵਿਚ ਲਾ ਆਵਾਂ।" ਕਹਿ ਕੇ ਉਹ ਅੰਦਰ ਚਲੀ ਗਈ।

ਨਾਸਮਝੀ ਵਿਚ ਉਹ ਖੜ੍ਹਾ ਰਿਹਾ। ਫੇਰ ਪੌੜੀਆਂ 'ਤੇ ਬੈਠ ਗਿਆ। ਕੁਝ ਚਿਰ ਵਿਚ ਨੰਦਨੀ ਬਾਹਰ ਆਈ।

"ਤੂੰ ਕਦ ਜਾਗ ਗਈ?" ਬਾਹਰ ਆਉਂਦੀ ਨੂੰ ਉਸਨੇ ਪੁੱਛਿਆ।

"ਸਾਢੇ ਛੇ ਵੱਜੇ ਸਨ।"

"ਮੈਨੂੰ ਜਗਾ ਲੈਣਾ ਸੀ। ਹੋ ਆਉਂਦੇ ਸਮੁੰਦਰ ਕਿਨਾਰੇ।"

"ਤੁਸੀਂ ਗੂੜ੍ਹੀ ਨੀਂਦ 'ਚ ਸੌ। ਘੁਰਾੜੇ ਮਾਰ ਰਹੇ ਸੌ। ਕਲ੍ਹ ਦੇ ਥੱਕੇ ਹੋਏ ਵੀ ਸੌ, ਇਸ ਲਈ ਨਹੀਂ ਜਗਾਇਆ।"

"ਤੂੰ ਕੀ ਕੀਤਾ?"

"ਕੁਛ ਨਹੀਂ। ਬਾਹਰ ਆਈ। ਚੰਗਾ ਲੱਗਿਆ। ਟਹਿਲਦੀ-ਟਹਿਲਦੀ ਬਗ਼ੀਚੇ ਤਕ ਗਈ। ਉਹਨਾਂ ਲੋਕਾਂ ਨੇ ਈ ਪੁੱਛਿਆ, 'ਚਾਹ ਪਿਓਗੇ?' ਮੈਂ ਚਾਹ ਪੀਤੀ ਤੇ ਬਗ਼ੀਚੇ ਵਿਚ ਘੁੰਮਦੀ ਰਹੀ।"

"ਉਸ ਬੈਅਰੇ ਨੇ ਮੈਨੂੰ ਦੱਸਿਆ ਕਿ ਤੂੰ ਚਾਹ ਪੀ ਲਈ ਏ। ਤਦ ਮੈਂ ਸੋਚਿਆ ਤੂੰ ਜ਼ਰੂਰ ਸਮੁੰਦਰ ਕਿਨਾਰੇ ਗਈ ਹੋਏਂਗੀ। ਇਸ ਲਈ ਮੈਂ ਵੀ ਤੈਨੂੰ ਲੱਭਣ ਖਾਤਰ ਉਧਰ ਈ ਜਾਣ ਲੱਗਾ ਸਾਂ।"

"ਚੱਲੋ, ਹੁਣ ਚਲੇ ਚੱਲਦੇ ਆਂ।"

"ਮੈਂ ਉਸ ਪਹਾੜੀ 'ਤੇ ਜਾਣ ਬਾਰੇ ਸੋਚ ਰਿਹਾ ਸਾਂ—ਸਵੇਰੇ ਸਵਖਤੇ ਉੱਠ ਕੇ। ਕਿਉਂਕਿ ਧੁੱਪ ਚੜ੍ਹ ਆਉਣ ਪਿੱਛੋਂ ਉੱਥੇ ਜਾਣਾ ਮੁਸ਼ਕਿਲ ਹੋਏਗਾ।"



"ਇਹ ਪਿਛਲੀ ਪਹਾੜੀ? ਉਫ਼! ਖਾਸੀ ਉੱਚੀ ਏ।"

"ਬਹੁਤੀ ਨਹੀਂ। ਚੰਗੀ ਸੋਹਣੀ ਪਗਡੰਡੀ ਵੀ ਤਾਂ ਹੈ।"

"ਮੈਂ ਨਹੀਂ ਚੜ੍ਹ ਸਕਾਂਗੀ। ਮੇਰਾ ਦਮ ਪੱਟਿਆ ਜਾਏਗਾ।"

"ਕਿਉਂ ਨਹੀਂ ਚੜ੍ਹ ਸਕੇਂਗੀ? ਹੌਲੀ-ਹੌਲੀ ਚੱਲਾਂਗੇ।"

"ਨਹੀਂ। ਤੁਸੀਂ ਅੱਕ ਜਾਓਂਗੇ। ਤੁਸੀਂ ਤੇਜ਼-ਤੇਜ਼ ਚੜ੍ਹੋਗੇ ਤੇ ਮੈਂ ਕੱਛੂ ਵਾਂਗ। ਇਸ ਤੋਂ ਚੰਗਾ ਏ ਤੁਸੀਂ ਹੋ ਆਓ।"

ਉਹ ਕੁਝ ਬੋਲਿਆ ਨਹੀਂ। ਸੋਚਦਾ ਰਿਹਾ—ਇਹ ਤਾਂ ਕਲ੍ਹ ਵਾਲੀ ਗੱਲ ਈ ਦੁਹਰਾਈ ਜਾ ਰਹੀ ਏ।

"ਮੈਂ ਸੱਚ ਕਹਿ ਰਹੀ ਆਂ।"

"ਠੀਕ ਐ। ਅਸੀਂ ਇੱਥੇ ਬੈਠੇ ਰਹਾਂਗੇ। ਅਸੀਂ ਦੋਵੇਂ ਇਕੱਠੇ ਆਏ ਆਂ ਨਾ?...ਫੇਰ ਮੇਰੇ ਇਕੱਲੇ ਜਾਣ ਦਾ ਕੋਈ ਮਤਲਬ ਨਹੀਂ।"

"ਤੁਸੀਂ ਇੰਜ ਕਿਉਂ ਸੋਚ ਰਹੇ ਓਂ? ਹਾਂ ਤਾਂ ਅਸੀਂ ਇਕੱਠੇ ਈ ਨਾ।"

"ਮੈਨੂੰ ਇੰਜ ਨਹੀਂ ਲੱਗਦਾ।" ਭਾਸਕਰ ਨੇ ਉਸ ਵੱਲ ਦੇਖਦਿਆਂ ਹੋਇਆਂ ਕਿਹਾ।

ਉਸਦੀਆਂ ਨਜ਼ਰਾਂ ਦਾ ਸਾਹਮਣਾ ਕਰਦੀ ਹੋਈ ਉਹ ਚੁੱਪ ਰਹੀ—ਕੁਝ ਚਿਰ ਤਕ, ਸਾਹਮਣੇ ਵਾਲੇ ਦ੍ਰਿਸ਼ ਨੂੰ ਦੇਖਦੀ ਹੋਈ। ਫੇਰ ਖਰੀ ਆਵਾਜ਼ ਵਿਚ ਬੋਲੀ, "ਭਾਸਕਰ, ਤੁਸੀਂ ਇੰਜ ਕਿਉਂ ਕਹਿੰਦੇ ਓਂ?"

"ਕਿਉਂਕਿ ਮੈਨੂੰ ਇੰਜ ਲੱਗਦਾ ਏ।"

"ਇੰਜ ਲੱਗਣ ਦਾ ਕਾਰਨ ਕੀ ਏ?"

ਉਹ ਮੁਸਕਰਾਇਆ।

"ਇੰਜ ਕਿਉਂ ਮੁਸਕਰਾ ਰਹੇ ਓਂ?"

ਉਸਨੇ ਮੁਸਕਾਨ ਉੱਤੇ ਰੋਕ ਲਾਈ ਪਰ ਉਹ ਜਾਣਦਾ ਸੀ ਕਿ ਉਸਦੇ ਚਿਹਰੇ ਦੇ ਭਾਵਾਂ ਵਿਚ ਕੋਈ ਪਰਿਵਰਤਨ ਨਹੀਂ ਆਇਆ।

"ਭਾਸਕਰ, ਤੁਸੀਂ ਜਾਣਦੇ ਓਂ ਕਿ ਮੈਂ ਤੁਹਾਨੂੰ ਬੇਹੱਦ ਪਿਆਰ ਕਰਦੀ ਆਂ। ਮੇਰੇ ਜੀਵਨ ਵਿਚ ਤੁਹਾਡੀ ਜਿਹੜੀ ਜਗ੍ਹਾ ਐ, ਸਭ ਤੋਂ ਉੱਚੀ ਏ।"

ਉਹ ਤੁਰੰਤ ਕੁਝ ਨਹੀਂ ਬੋਲਿਆ ਪਰ ਪੌੜੀਆਂ ਤੋਂ ਉੱਠ ਕੇ ਵਰਾਂਡੇ ਦੀ ਕੰਧ ਨਾਲ ਲੱਗ ਕੇ ਬੈਠ ਗਿਆ। ਫੇਰ ਕਹਿਣ ਲੱਗਾ, "ਪਰ ਤੇਰੇ ਅੰਦਰ ਕੀ ਚੱਲ ਰਿਹੈ, ਮੇਰੀ ਸਮਝ ਤੋਂ ਪਰ੍ਹੇ ਐ।"

"ਕੀ ਚੱਲ ਰਿਹਾ ਏ, ਮੇਰੇ ਅੰਦਰ?"

"ਇਹੀ, ਜੋ ਤੂੰ ਪੜ੍ਹਦੀ ਏਂ, ਸੋਚਦੀ ਏਂ। ਤੇਰੇ ਉਹ ਦੋਸਤ, ਸਹੇਲੀਆਂ। ਤੁਸੀਂ ਕੀ ਕਰਦੇ ਰਹਿੰਦੇ ਓਂ?"

"ਇਸ ਵਿਚ ਨਵਾਂ ਕੁਝ ਹੈ ਕਿ? ਮੈਂ ਨਾ ਤਾਂ ਨੌਕਰੀ ਕਰਦੀ ਆਂ, ਨਾ ਕੋਈ ਬਿਜਨਸ। ਮੈਂ ਸਾਰਾ ਦਿਨ ਘਰੇ ਰਹਿੰਦੀ ਆਂ ਇਸ ਲਈ ਮੈਂ ਆਪਣਾ ਮਨ ਰਮਾਇਆ ਏ—ਇਹ ਸਭ ਮੇਰੇ ਕਾਰਨ ਨੇ, ਇਸੇ ਕਰਕੇ ਮੇਰੀ ਮਿੱਤਰ ਮੰਡਲੀ ਬਣੀ ਏਂ।"

"ਤੇ ਤੂੰ ਉਸੇ ਵਿਚ ਮਗਨ ਰਹਿੰਦੀ ਏਂ?"

"ਇਸ ਵਿਚ ਅਨੋਖਾ ਕੀ ਏ? ਤੁਸੀਂ ਨਹੀਂ ਆਪਣੇ ਕਾਰੋਬਾਰ ਵਿਚ ਮਗਨ ਰਹਿੰਦੇ? ਕਿੰਨੇ ਡੁੱਬੇ-ਖੁੱਭੇ ਰਹਿੰਦੇ ਓਂ!"

"ਮੇਰੇ ਕਹਿਣ ਦਾ ਉਹ ਮਤਲਬ ਨਹੀਂ। ਮੇਰਾ ਕੰਮ-ਧੰਦੇ ਵਿਚ ਡੁੱਬ ਜਾਣਾ ਸਾਡੇ ਸਾਰਿਆਂ ਲਈ ਐ। ਘਰ-ਪਰਿਵਾਰ, ਰਾਜੂ-ਤੂੰ, ਸਾਡੇ ਸਾਰਿਆਂ ਲਈ। ਸਭ ਪਾਰਦਰਸ਼ੀ ਏ। ਤੇਰਾ ਮਾਮਲਾ ਇੰਜ ਨਹੀਂ। ਜੋ ਹੈ ਸਿਰਫ ਨਿੱਜ ਦੀ ਖਾਤਰ ਐ।"

"ਮੈਂ ਸਮਝ ਗਈ ਤੁਸੀਂ ਕੀ ਕਹਿਣਾ ਚਾਹੁੰਦੇ ਓਂ। ਪਰ ਇੰਜ ਹਰੇਕ ਨਾਲ ਹੁੰਦਾ ਏ।" ਉਸਨੇ ਕੁਝ ਚਿਰ ਚੁੱਪ ਰਹਿਣ ਪਿੱਛੋਂ ਕਿਹਾ। ਤਦ ਤਕ ਉਹ ਅੱਖਾਂ ਗੱਡੀ ਉਸ ਵਲ ਦੇਖਦੀ ਰਹੀ ਸੀ।

"ਮੈਂ ਹੋਰਾਂ ਦੀ ਗੱਲ ਨਹੀਂ ਕਰ ਰਿਹਾ। ਕੀ ਪਤੀ-ਪਤਨੀ ਵਿਚਕਾਰ ਇੰਜ ਹੋਣਾ ਚਾਹੀਦਾ ਏ?"

"ਕਿਉਂ?...ਨਾ ਹੋਵੇ?"

"ਸਿਰਫ ਹੋਣ ਜਾਂ ਨਾ ਹੋਣ ਦਾ ਸਵਾਲ ਨਹੀਂ। ਜੋ ਹੋਣਾ ਚਾਹੀਦਾ ਐ, ਉਸਦਾ ਵੀ ਮੈਨੂੰ ਪਤਾ ਨਹੀਂ ਲੱਗਦਾ।"

"ਜਦ ਪੁੱਛੋਂਗੇ ਈ ਨਹੀਂ, ਪਤਾ ਕਿੰਜ ਲੱਗੇਗਾ? ਮੈਂ ਕਲ੍ਹ ਈ ਕਿਹਾ ਕਿ ਤੁਹਾਨੂੰ ਲੋਕਾਂ ਨੂੰ ਜਾਨਣ ਵਿਚ ਰੁਚੀ ਈ ਨਹੀਂ ਹੁੰਦੀ। ਹੈ ਇੱਛਾ? ਮੈਂ ਕੁਝ ਦੱਸਾਂ ਤਾਂ ਸਮਝ ਲਓਗੇ? ਸ਼ਾਂਤੀ ਨਾਲ ਸੁਣ ਸਕੋਗੇ?"

ਭਾਸਕਰ ਨੂੰ ਆਪਣਾ ਤਨ ਤਪਦਾ ਹੋਇਆ ਲੱਗਿਆ। ਮਨ ਵਿਚ ਉਹੀ ਹਮੇਸ਼ਾ ਵਰਗੀ ਚੀਸ ਉੱਠੀ। ਉਸਨੇ ਨੰਦਨੀ ਵੱਲ ਦੇਖਿਆ। ਉਹ ਸਿੱਧੀ ਉਸੇ ਵੱਲ ਦੇਖ ਰਹੀ ਸੀ। ਕੁਝ ਛਿਣ ਲਈ ਉਸਦਾ ਮਨ ਗੜਬੜਾ ਗਿਆ। ਉਸਨੂੰ ਲੱਗਿਆ ਝਖੇੜੇ ਵਿਚ ਫਸ ਗਿਆ ਏ। ਅੱਗੇ ਵਧੇ ਜਾਂ ਪਿੱਛੇ ਮੁੜ ਪਏ? ਅੱਗੇ ਜਾਣੋ ਉਹ ਡਰ ਰਿਹਾ ਸੀ। ਪਿੱਛੇ ਤਾਂ ਉਹ ਹਮੇਸ਼ਾ ਆਪਣੇ ਆਪ ਨੂੰ ਘਸੀਟਦਾ ਰਿਹਾ ਸੀ ਪਰ ਇਸ ਨਾਲ ਅੱਜ ਤਕ ਹੋਇਆ ਕੁਝ ਨਹੀਂ ਸੀ। ਅੱਗੇ ਕੀ ਹੋਏਗਾ? ਜੋ ਜਾਣਦਾ ਆਂ ਉਹੀ? ਤੇ ਅੱਗੇ ਜਾਣ ਵਾਲੀ ਗੱਲ ਕਿੱਥੇ ਐ? ਜਿੱਥੇ ਹਾਂ, ਉੱਥੇ ਈ ਆਂ ਤੇ ਰਹਾਂਗਾ।

"ਕਿਉਂ ਨਹੀਂ ਸੁਣਾਂਗਾ? ਪੁੱਛਿਆ ਨਹੀਂ ਪਰ ਸੁਣਾਂਗਾ ਵੀ ਨਹੀਂ, ਇੰਜ ਥੋੜ੍ਹਾ ਈ ਏ?" ਭਾਸਕਰ ਨੇ ਸਹਿ ਸੁਭਾਅ ਕਹਿ ਦਿੱਤਾ।

"ਤੁਹਾਡੇ ਮਨ ਵਿਚ ਇਕੋ ਕੀੜਾ ਰੀਂਘ ਰਿਹਾ ਏ ਨਾ? ਮੇਰੇ ਦੋਸਤ ਕੌਣ ਕੌਣ ਨੇ? ਕਿਹੜਾ ਮੇਰਾ ਖਾਸ ਦੋਸਤ ਏ?"

"ਮੇਰੇ ਮਨ 'ਚ ਨਹੀਂ। ਜੋ ਵੀ ਏ ਉਹ ਤੇਰੇ ਮਨ ਵਿਚ ਈ ਏ। ਸਮਝੀ?"

"ਠੀਕ ਏ। ਮੇਰੇ ਮਨ ਵਿਚ ਈ ਸਹੀ। ਗਣੇਸ਼ ਰਾਜ ਉਪਾਧਿਆਏ ਨਾਲ ਮੇਰੀ ਦੋਸਤੀ ਸੀ। ਤੇ ਮੈਂ ਨਹੀਂ ਮੰਨਦੀ ਕਿ ਉਸ ਵਿਚ ਕੁਛ ਗ਼ਲਤ ਸੀ।"

"ਗ਼ਲਤ ਤਾਂ ਮੈਂ ਵੀ ਨਹੀਂ ਕਿਹਾ।"

"ਹਾਂ ਸੱਚ ਏ ਤੁਸੀਂ ਅਜਿਹਾ ਕੁਝ ਨਹੀਂ ਕਿਹਾ। ਪਰ ਤੁਸੀਂ ਕੁਛ ਜਾਣਦੇ ਨਹੀਂ ਓਂ ਇਸ ਲਈ ਤੁਸੀਂ ਅਜਿਹਾ ਕੁਛ ਨਹੀਂ ਕਿਹਾ। ਭਾਸਕਰ, ਮੈਂ ਚੰਗੀ ਤਰ੍ਹਾਂ ਤੁਹਾਡੇ ਮਨ ਨੂੰ ਜਾਣਦੀ ਆਂ। ਤੁਸੀਂ ਸੋਚ ਰਹੇ ਓਂ ਕਿ ਕਿਸ ਲਈ ਚਾਹੀਦੀ ਹੁੰਦੀ ਐ ਅਜਿਹੀ ਦੋਸਤੀ। ਹੈ-ਨਾ?"

"ਨਹੀਂ। ਮੈਂ ਸਮਝ ਸਕਦਾ ਆਂ ਕਿ ਦੋਸਤੀ ਦੀ ਜ਼ਰੂਰਤ ਹੁੰਦੀ ਏ। ਦੋਸਤੀ ਹੋ ਸਕਦੀ ਏ। ਮੈਨੂੰ ਕੁਛ ਗ਼ਲਤ ਨਹੀਂ ਲੱਗਦਾ।"

"ਗੱਲ ਇਹ ਨਹੀਂ...ਮੈਂ ਦੋਸਤੀ ਦੇ ਉਸ ਸਰੂਪ ਨੂੰ ਲੈ ਕੇ ਗੱਲ ਕਰ ਰਹੀ ਆਂ।"

"ਮੈਂ ਨਹੀਂ ਜਾਣਦਾ।"

"ਇਹੀ ਤਾਂ ਗੱਲ ਏ। ਰਾਜ ਉਪਾਧਿਆਏ ਕੋਈ ਗਰੇਟ ਆਦਮੀ ਨਹੀਂ ਸੀ। ਉਹ ਰੇਲਵੇ



ਵਿਚ ਕੰਮ ਕਰਦਾ ਸੀ। ਬਦਲੀ ਹੋਈ ਸੀ, ਇਸ ਲਈ ਇੱਥੇ ਆ ਗਿਆ। ਪੁਰਾਣੇ ਮੰਦਰਾਂ ਦਾ ਉਸਨੇ ਕਾਫੀ ਅਧਿਅਨ ਕੀਤਾ ਸੀ। ਸ਼ੌਕ ਸੀ ਉਸਦਾ। ਸਾਡੇ ਗਰੁੱਪ ਵਿਚ ਆਉਣ ਤੋਂ ਪਹਿਲਾਂ ਈ ਉਸਨੇ ਕਾਫੀ ਕੁਝ ਦੇਖ-ਖੋਜ ਲਿਆ ਸੀ। ਇਸ ਲਈ ਸਾਡੇ ਗਰੁੱਪ ਨੂੰ ਉਸਦਾ ਬੜਾ ਲਾਭ ਹੋਣ ਲੱਗਿਆ ਸੀ। ਖਾਸ ਕਰਕੇ...ਯਾਨੀ...।"

"ਯਾਨੀ? ਕੀ?"

"ਉਸਨੂੰ ਕੋਈ ਵੀ ਗੱਲ ਝੱਟ ਸਮਝ ਆ ਜਾਂਦੀ ਸੀ। ਸਾਹਮਣੇ ਵਾਲਾ ਕੀ ਕਹਿ ਰਿਹਾ ਏ ਉਹ ਯਕਦਮ ਸਮਝ ਜਾਂਦਾ ਸੀ। ਕਿਸੇ ਵੀ ਵਿਸ਼ੇ ਦੀ ਕਮਾਲ ਦੀ ਸਮਝ ਸੀ ਉਸਨੂੰ। ਸ਼ਾਇਦ ਇਹ ਇਕ ਖਾਸੀਅਤ ਹੁੰਦੀ ਏ ਕਿਸੇ ਕਿਸੇ ਵਿਚ ਜਾਂ ਫੇਰ ਖਾਸ ਬੁੱਧੀ ਮਿਲੀ ਹੁੰਦੀ ਏ ਉਸਨੂੰ। ਗੱਲ ਭਾਵੇਂ ਫ਼ਿਲਮ ਦੀ ਹੋਵੇ, ਕਿਸੇ ਕਿਤਾਬ ਦੀ ਹੋਵੇ, ਮੰਦਰ ਸੰਬੰਧੀ ਹੋਵੇ ਜਾਂ ਕਿਸੇ ਦੀ ਪਰਸਨਲ ਪ੍ਰਾਬਲਮ ਹੋਵੇ—ਉਹ ਧਿਆਨ ਨਾਲ ਸੁਣਦਾ ਸੀ। ਆਪਣੀ ਰਾਏ ਦੇਂਦਾ ਨਾ ਦੇਂਦਾ ਪਰ ਸੁਣਦਾ ਸੀ—ਤੇ ਆਪਣੀ ਗੱਲ ਕੋਈ ਧਿਆਨ ਨਾਲ ਸੁਣ ਰਿਹਾ ਏ, ਸਮਝ ਰਿਹਾ ਏ, ਇਸ ਵਿਚ ਜਿਹੜਾ ਕਮਾਲ ਦਾ ਆਨੰਦ ਹੁੰਦਾ ਏ ਉਹ ਦੱਸਣ ਵਾਲੇ ਨੂੰ ਮਿਲ ਜਾਂਦਾ ਸੀ। ਉਸਦੇ ਇਸੇ ਗੁਣ ਕਰਕੇ ਮੇਰੀ ਤੇ ਉਸਦੀ ਦੋਸਤੀ ਵਧਦੀ ਗਈ।"

ਭਾਸਕਰ ਚੁੱਪਚਾਪ ਸੁਣਦਾ ਰਿਹਾ। ਸਵੇਰ ਦੀ ਸ਼ਾਂਤੀ ਆਸੇ-ਪਾਸੇ ਖਿੱਲਰੀ ਹੋਈ ਸੀ। ਹਾਫ਼ ਪੈਂਟ ਪਾਈ ਇਕ ਕਰਮਚਾਰੀ ਲੰਮੀ ਹਰੀ ਰਬੜ ਦੀ ਪਾਈਪ ਚੁੱਕੀ ਉਸਦੇ ਸਾਹਮਣਿਓਂ ਲੰਘਿਆ। ਉਹ ਸ਼ਾਇਦ ਬਗ਼ੀਚੇ ਦੀ ਟੂਟੀ ਨਾਲ ਪਾਈਪ ਜੋੜ ਕੇ ਘਾਹ ਨੂੰ ਪਾਣੀ ਲਾਉਣ ਆਇਆ ਸੀ। ਉਸਨੇ ਓਵੇਂ ਈ ਕੀਤਾ। ਘਾਹ ਉੱਤੇ ਪਾਣੀ ਛਿੜਕਣ ਲੱਗਾ। ਰੁੱਖਾਂ ਉੱਤੇ ਪੰਛੀਆਂ ਦੀ ਚਹਿਚਹਾਟ ਵਧ ਗਈ। ਦੋ ਤਿੰਨ ਚਿੜੀਆਂ ਹੇਠਾਂ ਆ ਕੇ ਪਾਣੀ ਵਿਚ ਕਲੋਲ ਕਰਨ ਲੱਗ ਪਈਆਂ। ਉਸਨੇ ਧਿਆਨ ਨਾਲ ਸੁਣੀ—ਸਮੁੰਦਰ ਵੀ ਆਵਾਜ਼। ਨਾਰੀਅਲ ਦੇ ਰੁੱਖਾਂ ਪਿੱਛੇ ਸਮੁੰਦਰ ਦਾ ਚਮਕਦਾ ਪਾਣੀ ਉੱਫ਼ਨ ਰਿਹਾ ਸੀ।

"ਮੈਂ ਉਸ ਨਾਲ ਦੋਸਤੀ ਇਸ ਲਈ ਨਹੀਂ ਸੀ ਕੀਤੀ ਕਿ ਮੈਨੂੰ ਇਕੱਲਾਪਨ ਰੜਕ ਰਿਹਾ ਸੀ ਜਾਂ ਕਿਸੇ ਗੱਲ ਦੀ ਕਮੀ ਸੀ।" ਨੰਦਨੀ ਉਹ ਵੱਲ ਦੇਖ ਕੇ ਬੋਲੀ, "ਦੋਸਤੀ ਹੋ ਗਈ—ਆਪਣੇ ਆਪ। ਤੁਸੀਂ ਜਾਣਦੇ ਓਂ, ਮੈਨੂੰ ਪੁਰਾਣੇ ਮੰਦਰਾਂ ਨਾਲ ਕਿੰਨਾ ਲਗਾਅ ਐ। ਸਾਡੇ ਗਰੁੱਪ ਕਾਰਨ ਮੈਨੂੰ ਮੰਦਰਾਂ ਬਾਰੇ ਹੋਰ ਜਾਣਕਾਰੀ ਮਿਲਣ ਲੱਗੀ। ਵਰਨਾ ਸਿਰਫ ਦੇਖਣਾ ਤੇ ਅੰਦਾਜ਼ੇ ਲਾਉਣਾ, ਏਨਾ ਈ ਹੁੰਦਾ ਸੀ। ਰਾਜ ਉਪਾਧਿਆਏ ਕਰਕੇ ਹੋਰ ਤਰਤੀਬਬੱਧ ਜਾਣਕਾਰੀ ਮਿਲਣ ਲੱਗੀ। ਉਹ ਹਰੇਕ ਗੱਲ ਦੀ ਪਿਛਲੀ ਭੂਮਿਕਾ, ਵਿਗਿਆਨ, ਸਮਝਾ ਕੇ ਸਾਰੀਆਂ ਸ਼ੰਕਾਵਾਂ ਦਾ, ਸਮੱਸਿਆਵਾਂ ਦਾ ਹੱਲ ਪੇਸ਼ ਕਰਦਾ ਸੀ। ਚੰਗਾ ਲੱਗਦਾ ਸੀ। ਈਸ਼ਵਰ ਦੇ ਹੋਰ ਨੇੜੇ ਆਉਣ ਦਾ ਅਹਿਸਾਸ ਹੋਣ ਲੱਗਦਾ ਸੀ। ਸਾਡਾ ਗਰੁੱਪ ਹੁਣ ਸਿਸਟੇਮੈਟਿਕ ਕੰਮ ਕਰਨ ਲੱਗ ਪਿਆ ਸੀ। ਸੁਸਥਿਰ ਹੋ ਗਿਆ ਸੀ। ਤਦ ਹੋਰ ਫੁਰਨੇ ਫੁਰਨ ਲੱਗੇ। ਇਕ ਵਾਰੀ ਦੁਪਹਿਰ ਦੇ ਤਿੰਨ ਵਜੇ ਅਸੀਂ ਇਕ ਮੰਦਰ ਦੇਖਣ ਗਏ। ਮੰਦਰ ਬੰਦ ਸੀ। ਪ੍ਰਾਈਵੇਟ ਸੀ। ਮਾਲਕ ਸੌਂ ਗਿਆ ਸੀ। ਸ਼ਾਮ ਤਕ ਸਮਾਂ ਬਿਤਾਉਣਾ ਸੀ। ਅਸੀਂ ਸਿਨੇਮਾ ਦੇਖਣ ਚਲੇ ਗਏ। ਮਜ਼ਾ ਆਇਆ। ਉਦੋਂ ਈ ਮੰਦਰ ਦੇਖਣ ਦੂਜੇ ਸ਼ਹਿਰਾਂ ਵਿਚ ਜਾਣ ਦੀ ਯੋਜਨਾ ਬਣੀ। ਉਸਨੇ ਨਾਲ ਕਈ ਸਵਾਲ ਉੱਠੇ। ਕੌਣ ਗੱਡੀ ਲੈ ਕੇ ਕਿੱਥੇ ਆਏਗਾ। ਗੱਡੀ ਕਿਸਦੀ ਹੋਏਗੀ?...ਕੌਣ ਖਾਣ ਲਈ ਕੀ ਲਿਆਏਗਾ?...ਫੇਰ ਇਕ ਦੂਜੇ ਦੇ ਘਰ-ਪਰਿਵਾਰ ਬਾਰੇ ਗੱਲਾਂ ਛਿੜ ਪਈਆਂ। ਰਾਜ ਉਪਾਧਿਆਏ ਇਕੱਲਾ ਰਹਿੰਦਾ ਸੀ। ਫੈਮਿਲੀ ਪਿੰਡ ਈ ਛੱਡ ਆਇਆ ਸੀ। ਉਸਦਾ ਕਵਾਰਟਰ ਖਾਸਾ ਵੱਡਾ ਸੀ। ਇਸ ਲਈ ਅਸੀਂ ਉੱਥੇ ਇਕੱਠੇ ਹੋਣ ਲੱਗੇ।"

ਅਣਜਾਣੇ ਈ ਭਾਸਕਰ ਦੇ ਚਿਹਰੇ ਉੱਤੇ ਮੁਸਕਾਨ ਦੀ ਲਕੀਰ ਉਭਰੀ। ਉਸਨੂੰ ਲੱਗਿਆ

ਇਹ ਕਹਾਣੀ ਮੈਂ ਜਾਣਦਾ ਆਂ। ਮੈਂ ਦੱਸ ਸਕਦਾ ਆਂ ਅੱਗੇ ਕੀ ਹੋਇਆ ਹੋਏਗਾ, ਉਸਨੂੰ—ਤੇ ਉਹ ਨਾ ਵੀ ਦਸੇ ਤਾਂ ਵੀ ਮੈਂ ਜਾਣਦਾ ਆਂ। ਇਹ ਕਹਾਣੀਆਂ ਇੰਜ ਈ ਹੁੰਦੀਆਂ ਨੇ। ਇਕੋ ਤਰ੍ਹਾਂ ਅੱਗੇ ਵਧਦੀਆਂ ਨੇ। ਇਕ ਦੋ ਵਾਰੀ ਮੈਂ ਕੰਪਨੀ ਦੀ ਜੀਪ ਵੀ ਭੇਜੀ ਸੀ। ਉਹ ਸਾਡੇ ਘਰ ਵੀ ਇਕੱਠੇ ਹੁੰਦੇ ਸਨ। ਘਰ ਵੱਡਾ ਏ। ਖ਼ਾਲੀ ਰਹਿੰਦਾ ਏ। ਕੰਪਨੀ ਤੋਂ ਜਲਦੀ ਆ ਕੇ ਮੈਂ ਉਹਨਾਂ ਲੋਕਾਂ ਦੀ ਮਹਿਮਾਨ ਨਿਵਾਜ਼ੀ ਵੀ ਤਾਂ ਕੀਤੀ ਏ। ਕਦੀ ਕਿਸੇ ਗੱਲ ਲਈ ਮਨ੍ਹਾਂ ਨਹੀਂ ਕੀਤਾ। ਹਰ ਘਰ ਵਿਚ ਇੰਜ ਹੁੰਦਾ ਏ। ਪਤਨੀ ਦੇ, ਪਤੀ ਦੇ, ਬੱਚੇ ਦੇ ਆਪੋ-ਆਪਣੇ ਸਰਕਲ ਹੁੰਦੇ ਨੇ। ਰਾਜੂ ਦੇ ਸਕੂਲ ਵਿਚ ਮਾਤਾ-ਪਿਤਾ ਦਾ ਵੀ ਸਰਕਲ ਸੀ। ਉਸ ਵਿਚ ਸ਼ਾਮਲ ਹੋਣਾ ਪੈਂਦਾ ਸੀ। ਉਸ ਵਿਚ ਮਜ਼ਾ ਵੀ ਆਉਂਦਾ ਸੀ। ਭਾਂਤ-ਭਾਂਤ ਦੇ ਲੋਕ ਮਿਲਦੇ ਸੀ। ਇੰਟਰੈਸਟਿੰਗ ਹੁੰਦਾ ਏ। ਇਹਨਾਂ ਦੇ ਗਰੁੱਪ ਦੇ ਟੀਚਰ ਆਨੰਦ ਜੀ ਪਿੰਡ ਦੇ ਨੇ। ਮਿਲਦੇ ਨੇ ਤਾਂ ਪਿੰਡ ਦੀਆਂ ਗੱਲ ਛਿੜ ਪੈਂਦੀਆਂ ਨੇ। ਮਜ਼ਾ ਆਉਂਦਾ ਏ। ਇਸ ਵਿਚ ਕੋਈ ਖਾਸ ਗੱਲ ਨਹੀਂ। ਪਰ ਹੱਥ 'ਤੇ ਹੱਥ ਮਾਰਨ ਦੀ ਕੀ ਲੋੜ ਹੁੰਦੀ ਏ? ਪਤੀ ਦੀ ਮੌਜੂਦਗੀ ਦਾ ਵੀ ਖ਼ਿਆਲ ਨਹੀਂ ਰਹਿੰਦਾ?

"ਮੈਂ ਜਾਣਦੀ ਆਂ ਤੁਸੀਂ ਹੁਣ ਕੀ ਸੋਚਣ ਲੱਗ ਪਏ ਓਂ?" ਨੰਦਨੀ ਨੇ ਕਿਹਾ, "ਤੁਹਾਨੂੰ ਲੱਗਦਾ ਏ ਇਹ ਸਭ ਹੁੰਦਾ ਈ ਏ। ਇਸ ਵਿਚ ਨਵਾਂ ਕੀ ਐ? ਫੇਰ ਅਸੀਂ ਗਰੁੱਪ ਦੇ ਬਗ਼ੈਰ ਵੀ ਮਿਲਣ ਲੱਗੇ। ਮੈਂ ਤੇ ਰਾਜ ਉਪਾਧਿਆਏ। ਜਾਣਬੁਝ ਕੇ ਨਹੀਂ, ਪਰ ਮਿਲਦੇ ਰਹੇ। ਉਸ ਨਾਲ ਗੱਲਾਂ ਕਰਨੀਆਂ ਆਸਾਨ ਸੀ ਕਿਉਂਕਿ ਮੈਂ ਕੀ ਕਹਿਣਾ ਚਾਹੁੰਦੀ ਆਂ—ਉਹ ਇਨਬਿਨ ਸਮਝ ਲੈਂਦਾ ਸੀ; ਸੁਣ ਵੀ ਲੈਂਦਾ ਸੀ।"

"ਕੀ?"

"ਕੁਛ ਵੀ।"

"ਕੁਛ ਵੀ?"

"ਹਾਂ।"

"ਤੂੰ ਮੈਨੂੰ ਤਾਂ ਕਦੀ ਕੁਛ ਨਹੀਂ ਕਿਹਾ—ਮੈਂ ਕਦੀ ਕੋਈ ਗੱਲ ਅਣਸੁਣੀ ਕੀਤੀ ਏ ਕਿ?"

"ਸਿਰਫ ਸੁਣਦਾ ਈ ਨਹੀਂ ਜੀ।"

"ਹੋਰ ਫੇਰ? ਕੀ ਮੈਂ ਕਦੀ ਇੰਨਟਰੈਸਟ ਨਹੀਂ ਦਿਖਾਇਆ? ਮੈਂ ਕਈ ਵਾਰੀ ਤੁਹਾਨੂੰ ਲੋਕਾਂ ਨੂੰ ਮੰਦਰਾਂ ਬਾਰੇ ਜਾਣਕਾਰੀ ਦਿੱਤੀ ਏ ਨਾ? ਸਿਨੇਮਾ-ਨਾਟਕ ਬਾਰੇ ਅਸੀਂ ਵੀ ਤਾਂ ਗੱਲਾਂ ਕਰਦੇ ਆਂ ਕਿ ਨਹੀਂ?"

"ਇਹ ਗੱਲ ਨਹੀਂ ਜੀ। ਮੈਂ ਕਿੰਜ ਸਮਝਾਵਾਂ ਤੁਹਾਨੂੰ? ਇੰਜ ਬੋਲਣ-ਸੁਣਨ ਦੀ ਗੱਲ ਨਹੀਂ ਕਰ ਰਹੀ ਮੈਂ। ਇਸ ਤੋਂ ਅੱਗੇ ਵੀ ਕਈ ਗੱਲਾਂ ਹੁੰਦੀਆਂ ਨੇ। ਮਨ ਵਿਚ ਲਗਾਤਾਰ ਉਭਰਦੀਆਂ ਰਹਿੰਦੀਆਂ ਨੇ। ਤੇ ਉਸੇ ਵੇਲੇ ਕਿਸੇ ਨੂੰ ਦੱਸਣ ਦੀ ਇੱਛਾ ਹੁੰਦੀ ਏ। ਕਈ ਵਾਰੀ ਤਾਂ ਮਾਮੂਲੀ ਗੱਲਾਂ ਹੁੰਦੀਆਂ ਨੇ। ਤੇ ਮਨ ਹੁੰਦਾ ਏ ਕਿ ਬਿਨ-ਕਿਹਾਂ ਈ ਕੋਈ ਸਮਝ ਲਏ। ਉਦੋਂ ਤੁਸੀਂ ਨਹੀਂ ਹੁੰਦੇ ਨਾ। ਤੁਸੀਂ ਫੈਕਟਰੀ ਵਿਚ ਜਾਂ ਕਿਧਰੇ ਹੋਰ ਰੁੱਝੇ ਹੁੰਦੇ ਓਂ। ਮੈਂ ਉਸ ਵੇਲੇ ਦੀਆਂ ਗੱਲਾਂ ਦੀ ਗੱਲ ਕਰ ਰਹੀ ਆਂ।"

ਭਾਸਕਰ ਦੀ ਸਮਝ ਵਿਚ ਨਹੀਂ ਆਇਆ ਕਿ ਕੀ ਕਿਹਾ ਜਾਏ। ਕੰਮ, ਉਲਝਣਾਂ ਤਾਂ ਸਦਾ ਈ ਰਹਿੰਦੀਆਂ ਨੇ। ਹਮੇਸ਼ਾ ਕੋਈ ਪਤਨੀ ਕੋਲ ਤਾਂ ਬੈਠ ਨਹੀਂ ਸਕਦਾ—ਤੇ ਪਤਨੀ ਵੀ ਅਜਿਹੇ ਵਿਹਲੜ ਨੂੰ ਕੋਲ ਬੈਠਣ ਦਏਗੀ ਕਿ? ਕੰਮ ਦੇ ਰੁਝੇਵਿਆਂ ਤੇ ਵਪਾਰਕ ਕੰਪੀਟੀਸ਼ਨ ਨੂੰ ਛੱਡ ਕੇ, ਕੋਈ ਵੀ ਪਤੀ ਚੌਵੀ ਘੰਟੇ ਸਿਰਫ ਪਤਨੀ ਨੂੰ ਤਾਂ ਦੇ ਨਹੀਂ ਸਕਦਾ।



"ਉਸ ਰਾਜ ਉਪਾਧਿਆਏ ਦਾ ਵੀ ਕੋਈ ਕੰਮ-ਧੰਦਾ ਤਾਂ ਸੀ ਈ ਨਾ? ਫੈਮਿਲੀ ਨਹੀਂ ਸੀ ਉਸਦੀ ਤਾਂ ਵੀ ਕੰਮ 'ਤੇ ਤਾਂ ਜਾਂਦਾ ਈ ਸੀ ਨਾ?" ਉਸਨੇ ਪੁੱਛਿਆ।

"ਇਹ ਗੱਲ ਨਹੀਂ ਏ ਜੀ। ਉਹ ਵੀ ਨੌਕਰੀ ਕਰਦਾ ਸੀ। ਸ਼ਿਫਟ ਡਿਊਟੀ ਸੀ ਇਸ ਲਈ ਸਮਾਂ ਮਿਲ ਜਾਂਦਾ ਸੀ ਉਸਨੂੰ। ਪਰ ਏਥੇ ਮੁੱਦਾ ਸਮੇਂ ਦਾ ਨਹੀਂ ਏ—ਸਾਡੇ ਵਿਚਕਾਰ ਕਈ ਰੁਚੀਆਂ, ਵਿਸ਼ੇ ਸਾਂਝੇ ਸਨ ਜਿਹੜੇ ਸਾਨੂੰ ਦੋਵਾਂ ਨੂੰ ਨੇੜੇ ਲਿਆਉਂਦੇ ਗਏ।"

ਭਾਸਕਰ ਨੂੰ ਲੱਗਿਆ ਉਸਦਾ ਬਦਨ ਤਪ ਰਿਹਾ ਏ। ਕੀ ਹੁੰਦਾ ਏ ਰੁਚੀਆਂ-ਵਿਸ਼ੇ ਸਮਾਨ ਨਾ ਹੋਣ ਨਾਲ? ਹੈ ਕੋਈ ਜ਼ਿੰਮੇਵਾਰੀ? ਜ਼ਿੰਮੇਵਾਰੀਆਂ ਅਸੀਂ ਨਿਭਾਉਂਦੇ ਆਂ। ਕਸ਼ਟ ਸਹਿੰਦੇ ਆਂ। ਮਿਹਨਤ ਕਰਦੇ ਆਂ। ਪੈਸਾ, ਕਾਨੂੰਨ, ਕਸਟਮਰ—ਹਜ਼ਾਰਾਂ ਉਲਝਣਾਂ। ਘਰ ਗ੍ਰਹਿਸਤੀ ਇੰਜ ਈ ਨਹੀਂ ਨਿਭਦੀ ਪੁਰਾਣੇ ਮੰਦਰਾਂ ਦੇ ਸ਼ਾਸ਼ਤਰਾਂ ਉੱਤੇ ਬਹਿਸ ਕਰਕੇ। ਸਿਰ ਖਪਾਉਣਾ ਪੈਂਦਾ ਏ। ਦੇਹ ਗਾਲਣੀ ਪੈਂਦੀ ਏ। ਹੱਥ ਤੋੜਵੀਂ ਮਿਹਨਤ ਕਰਨੀ ਪੈਂਦੀ ਏ।

"ਅਸੀਂ ਕੀ ਗੱਪਾਂ ਨਹੀਂ ਮਾਰਦੇ? ਹੋਰ ਇਹ ਕੀ ਕਰ ਰਹੇ ਆਂ? ਘਰ ਵਿਚ ਵੀ ਗੱਲਾਂ ਕਰਦੇ ਰਹਿੰਦੇ ਆਂ ਨਾ? ਫੈਕਟਰੀ ਮੈਂ ਸਿਰਫ ਅੱਠ ਘੰਟੇ ਜਾਂਦਾ ਆਂ। ਹੁਣ ਤਾਂ ਏਸ ਤੋਂ ਵੀ ਘੱਟ ਸਮੇਂ ਲਈ ਜਾਂਨਾਂ।" ਭਾਸਕਰ ਵਰ੍ਹ ਗਿਆ।

"ਮੈਂ ਤੁਹਾਡੇ ਨਾਲ ਤੁਲਨਾ ਨਹੀਂ ਕਰ ਰਹੀ। ਉਹਨੀਂ ਦਿਨੀਂ ਤੁਸੀਂ ਅਤਿ ਵਿਅਸਤ ਰਹਿੰਦੇ ਸੀ। ਤੁਹਾਡੇ ਬਗ਼ੈਰ ਵਾਲੇ ਸਮੇਂ ਦੀ ਗੱਲ ਕਰ ਰਹੀ ਆਂ। ਉਸਦੀ ਕੰਪਨੀ ਬੜੀ ਅੱਛੀ ਏ।"

ਹਾਂ ਤਾਂ ਇਹ ਗੱਲ ਏ। ਭਾਸਕਰ ਮਨ ਈ ਮਨ ਬੜਬੜਾਇਆ। ਅੱਛੀ ਕੰਪਨੀ। ਔਰਤਾਂ ਦੀ ਇਹੋ ਖਾਸੀਅਤ। ਅਸੀਂ ਜਾਣਦੇ ਆਂ। ਘਰ ਵਿਚ ਸਭ ਠੀਕ ਠਾਕ ਹੁੰਦਾ ਏ। ਖਾਸਾ ਵਿਹਲਾ ਸਮਾਂ ਹੁੰਦਾ ਏ। ਕਿਸੇ ਚੀਜ਼ ਦੀ ਕੋਈ ਕਮੀ ਨਹੀਂ ਹੁੰਦੀ। ਨਾ ਭਾਂਡੇ ਮਾਂਜਣੇ ਹੁੰਦੇ ਨੇ ਨਾ ਝਾੜੂ ਲਾਉਣੀ ਹੁੰਦੀ ਏ। ਪਤੀ ਦੀ ਕੰਪਨੀ ਭਲਾ ਕਿਉਂ ਚੰਗੀ ਲੱਗਦੀ? ਪਤੀ ਵਿਚਾਰਾ ਕਿਹੜੀਆਂ ਗੱਲਾਂ ਕਰਦਾ? ਗੰਦਾ ਪਾਣੀ? ਆਰਡਰ ਦੀ ਡੈਡਲਾਇੰਸ, ਮੰਟੇਨੰਸ ਦੇ ਲਫੜੇ। ਲੇਬਰ ਦੇ ਪ੍ਰਾਬਲੇਮ? ਕਾਨੂੰਨ ਦੇ ਝੰਜਟ? ਇਹਨਾਂ ਵਿਚ ਪਤਨੀ ਨੂੰ ਕੀ ਰੁਚੀ ਹੋਏਗੀ? ਕਰਕੇ ਦੇਖੋ ਇਹ ਸਾਰੀਆਂ ਗੱਲਾਂ। ਫੇਰ ਪਤਾ ਲੱਗੇਗਾ। ਚਾਹੋ ਤਦ ਵੀ ਸਮਾਂ ਨਹੀਂ ਮਿਲਦਾ। ਲੋਕ ਪਾਣੀ ਗੰਦਾ ਕਰਨ। ਟੱਟੀ-ਪਿਸ਼ਾਬ ਕਰਕੇ। ਤੇ ਅਸੀਂ ਪਾਣੀ ਸਾਫ ਕਰੀਏ। ਅਸੀਂ ਕਰਦੇ ਆਂ ਸਫਾਈ, ਇਸ ਲਈ ਦੂਜੇ ਚੈਨ ਨਾਲ ਰਹਿੰਦੇ ਨੇ। ਵਰਨਾ ਸਾਹ ਲੈਣਾ ਮੁਸ਼ਕਿਲ ਹੋ ਜਾਂਦਾ। ਫੇਰ ਤੇਰਾ ਕੀ ਬਣਨ-ਵਿਗੜਨ ਲੱਗਾ ਐ? ਇੰਜ ਕਰਕੇ ਦਿਖਾਓ ਚਰਚਾ ਕਰਕੇ ਕਿ ਮੰਦਰ ਦਾ ਕਲਸ਼ ਚਕੋਰ ਐ ਜਾਂ ਅੱਠ ਖੂੰਜਾ ਐ?

ਭਾਸਕਰ ਦਾ ਚਿਹਰਾ ਅਜੀਬ ਜਿਹਾ ਹੋ ਗਿਆ ਸੀ। ਉਸਨੇ ਸੋਚਿਆ ਜੋ ਮਨ ਵਿਚ ਸੋਚ ਰਿਹਾ ਆਂ ਉਹ ਸਭ ਕਹਿ ਦੇਵਾਂ। ਉਸਨੂੰ ਸਮਝਣ ਦਿਆਂ। ਪਰ ਉਹ ਚੁੱਪ ਰਿਹਾ। ਸੂਰਜ ਕਾਫੀ ਉਪਰ ਚੜ੍ਹ ਆਇਆ ਸੀ। ਚਾਰੇ ਪਾਸੇ ਧੁੱਪ ਫੈਲੀ ਹੋਈ ਸੀ। ਹਰੀਆਂ ਪੱਤੀਆਂ ਚਮਕ ਰਹੀਆਂ ਸਨ। ਘਾਹ ਉੱਤੇ ਸ਼ਬਨਮ ਦੀਆਂ ਬੂੰਦਾਂ ਸਨ। ਪੌੜੀਆਂ 'ਤੇ ਛਾਂ ਸੀ। ਸਮੁੰਦਰ ਦੀ ਆਵਾਜ਼ ਧੀਮੀ ਪੈ ਗਈ ਸੀ। ਪਾਣੀ ਨੀਲਾ ਹੋ ਗਿਆ ਸੀ। ਹਵਾ ਰੁਕ ਗਈ ਸੀ। ਗਰਮਾਹਟ ਭਰ ਗਈ ਸੀ।

"ਤੂੰ ਇਹ ਸਭ ਮੈਨੂੰ ਉਦੋਂ ਈ ਕਿਉਂ ਨਹੀਂ ਕਿਹਾ?" ਭਾਸਕਰ ਨੇ ਅਚਾਨਕ ਪੁੱਛਿਆ। "ਤੇ ਹੁਣ ਕਹੇਂਗੀ, ਤੁਸੀਂ ਪੁੱਛਿਆ ਈ ਕਦੋਂ ਏ?"

"ਮੈਂ ਇਹੀ ਤਾਂ ਕਹਿਣਾ ਚਾਹ ਰਹੀ ਆਂ।"

"ਕੀ?"

"ਮਨ ਵਿਚ ਜਿਹੜੇ ਇਹ ਵਿਚਾਰ ਆਉਂਦੇ ਨੇ ਨਾ—ਉਹਨਾਂ ਨੂੰ ਸੁਣਨ ਲਈ ਬਹੁਤਿਆਂ

ਕੋਲ ਸਮਾਂ ਨਹੀਂ ਹੁੰਦਾ। ਇੰਜ ਕਰਨਾ ਕਦੀ ਮਿਥ ਕੇ ਨਹੀਂ ਹੋ ਸਕਦਾ। ਕੋਈ ਵਿਚਾਰ ਅਚਾਨਕ ਮਨ ਵਿਚ ਆਉਂਦਾ ਏ ਤੇ ਆਪਣੇ-ਆਪ ਕਹਿ ਦਿੱਤਾ ਜਾਂਦਾ ਏ। ਕਦੋਂ ਕਿਸ ਵੇਲੇ ਮਨ ਵਿਚ ਕੀ ਆਏਗਾ, ਪਤਾ ਥੋੜ੍ਹਾ ਈ ਹੁੰਦਾ ਏ। ਇਹ ਤੈਅ-ਸ਼ੁਦਾ ਨਹੀਂ ਹੁੰਦਾ, ਇਸ ਲਈ ਇਸ ਦਾ ਪ੍ਰਗਟਾਵਾ ਵੀ ਮਿਥ-ਮਿਥਾ ਕੇ ਨਹੀਂ ਹੋ ਸਕਦਾ।"

"ਮੇਰੇ ਕੁਛ ਪੱਲੇ ਨਹੀਂ ਪੈ ਰਿਹਾ, ਤੂੰ ਇਹ ਸਭ ਕੀ ਕਹਿ ਰਹੀ ਏਂ।" ਉਸਨੇ ਕਿਹਾ, "ਹਾਂ ਠੀਕ ਐ, ਦੋਸਤੀ ਹੋਈ, ਤੁਸੀਂ ਮਿਲਦੇ ਰਹੇ। ਸਮਝ ਗਿਆ ਅੱਗੇ?"

"ਅੱਗੇ?"

"ਹਾਂ, ਅੱਗੇ ਕੀ ਹੋਇਆ?"

ਉਸਨੇ ਗ਼ੌਰ ਕੀਤਾ ਨੰਦਨੀ ਕੁਝ ਕਹਿੰਦੀ ਕਹਿੰਦੀ ਚੁੱਪ ਹੋ ਗਈ। ਬਿਲਕੁਲ ਚੁੱਪ! ਉਹਨਾਂ ਦੋਵਾਂ ਵਿਚਕਾਰ ਚੁੱਪ ਵਾਪਰ ਗਈ। ਉਸਨੇ ਨੰਦਨੀ ਵੱਲ ਦੇਖਿਆ। ਉਸਨੇ ਕਲ੍ਹ ਵਾਲੀ ਡਰੈਸ ਈ ਪਾਈ ਹੋਈ ਸੀ। ਪਛਾਣਦਾ ਏ ਉਹ ਉਸਦੀ ਇਸ ਡਰੈਸ ਨੂੰ। ਸਰ੍ਹੋਂ ਰੰਗੀ ਸਲਵਾਰ ਤੇ ਉਸ ਤੋਂ ਹਲਕੀ ਸ਼ੇਡ ਦਾ ਜੈਂਪਰ। ਨਿੱਕੀ ਨਿੱਕੀ ਕਢਾਈ। ਜਮਾਨੀ ਰੰਗ ਦੀ ਨੱਕਾਸ਼ੀ। ਮੋਢਿਆਂ ਉਪਰ ਚੁੰਨੀ। ਨੰਦਨੀ ਅੰਦਰ ਬਾਹਰ ਦੇਖ ਰਹੀ ਸੀ।

"ਤੂੰ ਉਸਨੂੰ ਪ੍ਰੇਮ ਕਰਨ ਲੱਗੀ ਸੈਂ ਨਾ?" ਭਾਸਕਰ ਨੇ ਪੁੱਛ ਤਾਂ ਲਿਆ ਪਰ ਉਸਨੂੰ ਆਪਣੇ ਇਹਨਾਂ ਸ਼ਬਦਾਂ ਉੱਤੇ ਬੜੀ ਹੈਰਾਨੀ ਹੋਈ।

ਨੰਦਨੀ ਨੇ ਤ੍ਰਬਕ ਕੇ ਉਸ ਵਲ ਦੇਖਿਆ। ਸ਼ਾਇਦ ਉਸਨੇ ਸੋਚਿਆ ਨਹੀਂ ਸੀ ਕਿ ਉਹ ਅਜਿਹਾ ਕੁਝ ਪੁੱਛੇਗਾ। ਉਹ ਕੁਝ ਚਿਰ ਚੁੱਪ ਰਹੀ।

"ਮੈਂ ਨਹੀਂ ਸੋਚਦੀ ਕਿ...ਪਰ।"

"ਪਰ ਕੀ?"

"ਦੋਸਤੀ, ਚੰਗੀ ਹੋ ਗਈ ਸੀ। ਉਹ ਭਲਾ ਆਦਮੀ ਸੀ! ਇਸ ਲਈ..."

"ਇਸ ਲਈ ਕੀ?..."

ਉਹ ਕੁਝ ਕਹਿਣ ਲੱਗੀ ਸੀ ਪਰ ਉਹ ਹਾਫ ਪੈਂਟ ਵਾਲਾ ਆਦਮੀ ਫੇਰ ਉੱਥੋਂ ਲੰਘਿਆ। ਹੱਥ ਵਿਚ ਝਾੜੂ ਫੜੀ ਦੂਜਾ ਵੀ ਉਸਦੇ ਨਾਲ ਸੀ।

"ਉੱਥੋਂ ਮਾਰਨ ਲੱਗ ਪੈ...ਫੇਰ ਅੱਗੇ ਆਵੀਂ। ਉਸ ਹੇਠਾਂ ਵਾਲੇ ਰੁੱਖ ਤਕ ਝਾੜੂ ਮਾਰਨਾ ਏਂ। ਇਕ ਵੀ ਪੱਤਾ ਡਿੱਗਿਆ ਦਿਖਾਈ ਨਹੀਂ ਦੇਣਾ ਚਾਹੀਦਾ।" ਉਸਨੇ ਝਾੜੂ ਵਾਲੇ ਆਦਮੀ ਨੂੰ ਕਿਹਾ।

ਫੇਰ ਹਾਫ ਪੈਂਟ ਵਾਲੇ ਆਦਮੀ ਨੇ ਟੂਟੀ ਬੰਦ ਕਰ ਦਿੱਤੀ। ਰਬੜ ਦੀ ਪਾਈਪ ਲਾਹੀ। ਪਾਣੀ ਰੁਕ ਗਿਆ। ਉਸਨੇ ਪਾਈਪ ਲਪੇਟਣੀ ਸ਼ੁਰੂ ਕਰ ਦਿੱਤੀ। ਝਾੜੂ ਵਾਲਾ ਝਾੜੂ ਮਾਰਨ ਲੱਗ ਪਿਆ। ਫਰਸ਼ ਉੱਤੇ ਸੁੱਕੇ ਪੱਤਿਆਂ ਦੀ ਸਰਸਰਾਹਟ ਹੋਣ ਲੱਗੀ।

"ਆਪਾਂ ਅੰਦਰ ਬੈਠੀਏ।" ਕਹਿੰਦੀ ਹੋਈ ਨੰਦਨੀ ਅੰਦਰ ਚਲੀ ਗਈ। ਭਾਸਕਰ ਬੈਠਾ ਰਿਹਾ। ਕੁਝ ਚਿਰ ਘਾਹ ਉੱਤੇ ਖੜ੍ਹੇ ਉਸ ਆਦਮੀ ਵੱਲ ਦੇਖਦਾ ਰਿਹਾ। ਫੇਰ ਨਾਰੀਅਲ ਦੇ ਤਣਿਆਂ ਵਿਚਕਾਰੋਂ ਉਸਨੇ ਨਜ਼ਰਾਂ ਸਮੁੰਦਰ ਵੱਲ ਦੌੜਾਈਆਂ। ਪਾਣੀ ਖ਼ਾਮੋਸ਼ ਸੀ। ਆਸਮਾਨ ਧੁੱਪ ਵਿਚ ਨਹਾਇਆ ਹੋਇਆ। ਉਹੀ ਰੰਗ ਪਾਣੀ ਵਿਚ ਘੁਲ ਗਿਆ ਸੀ। ਫੇਰ ਉਹ ਅੰਦਰ ਚਲਾ ਗਿਆ।

ਉਸਨੇ ਸੋਚਿਆ ਨੰਦਨੀ ਸੋਫੇ ਉੱਤੇ ਬੈਠੀ ਹੋਏਗੀ। ਪਰ ਉਹ ਬਾਥਰੂਮ ਵਿਚ ਸੀ। ਉਸਨੇ ਦਰਵਾਜ਼ਾ ਭੇੜ ਦਿੱਤਾ। ਪਿਛਲੀ ਖਿੜਕੀ ਅੱਧਖੁੱਲ੍ਹੀ ਸੀ ਪਰ ਓਧਰ ਕੋਈ ਨਹੀਂ ਸੀ। ਪਿਛਲਾ ਹਿੱਸਾ ਸ਼ਾਂਤ ਸੀ। ਉਹ ਖਿੜਕੀ ਕੋਲ ਖੜ੍ਹਾ ਰਿਹਾ। ਫੇਰ ਪਰਦਾ ਖਿਸਕਾ ਕੇ ਸੋਫੇ ਉੱਤੇ



ਅੱਧਾ ਕੁ ਲੇਟ ਗਿਆ।

ਨੰਦਨੀ ਬਾਹਰ ਆਈ। ਉਸਨੇ ਸਲੀਵਲੈਸ ਗਾਊਨ ਪਾਇਆ ਹੋਇਆ ਸੀ। ਬਾਹਾਂ ਨੰਗੀਆਂ ਸਨ।

"ਡਰੈੱਸ ਬਦਲ ਲਈ।" ਕੁਝ ਨਾ ਸੁੱਝਿਆ ਤਾਂ ਉਹ ਬੋਲੀ ਤੇ ਉੱਥੇ ਰੁਕੀ ਖੜ੍ਹੀ ਰਹੀ। ਫੇਰ ਸੋਫੇ ਦੇ ਦੂਜੇ ਸਿਰੇ 'ਤੇ ਬੈਠ ਗਈ।

"ਤੂੰ ਕਹਿ ਰਹੀ ਸੈਂ..." ਭਾਸਕਰ ਨੇ ਯਾਦ ਕਰਵਾਇਆ।

ਉਸਨੇ ਬਿੰਦ ਦੀ ਬਿੰਦ ਕੁਝ ਨਹੀਂ ਕਿਹਾ। ਸਿਰਫ ਉਸ ਵੱਲ ਦੇਖਿਆ। ਫੇਰ ਖਿੜਕੀ ਵੱਲ ਦੇਖਣ ਲੱਗ ਪਈ। ਭਾਸਕਰ ਚੁੱਪ ਰਿਹਾ। ਭਾਸਕਰ ਨੂੰ ਲੱਗਿਆ ਸੁਣਨਾ ਆਸਾਨ ਏਂ, ਕਹਿਣਾ ਬੜਾ ਮੁਸ਼ਕਿਲ। 'ਹੁਣ ਕਹਿ ਵੀ! ਮੈਂ ਸੁਣਨ ਲਈ ਤਿਆਰ ਆਂ। ਹੁਣ ਤਾਂ ਸ਼ਿਕਾਇਤ ਨਹੀਂ ਨਾ ਹੋਏਗੀ ਤੈਨੂੰ ਕਿ ਮੇਰੇ ਕੋਲ ਸੁਣਨ ਲਈ ਸਮਾਂ ਨਹੀਂ ਹੁੰਦਾ।' ਭਾਸਕਰ ਮਨ ਈ ਮਨ ਕਹਿ ਰਿਹਾ ਸੀ।

"ਭਾਸਕਰ, ਉਸ ਵਿਚ ਪਹਿਲਾਂ ਜਾਂ ਬਾਅਦ ਵਿਚ ਕੁਝ ਵੀ ਵਿਸ਼ੇਸ਼ ਨਹੀਂ...ਉਹ ਦੋਸਤੀ ਸੀ ਬੱਸ। ਹੋਰ ਕੀ?"

ਉਹ ਸੋਚਾਂ ਵਿਚ ਲੱਥ ਗਿਆ। ਛਿਣ ਪਲ ਲਈ ਇਕ ਗੂੜ੍ਹਾ ਕਾਲਾ ਸ਼ੁੰਨਯ ਉਸਦੀਆਂ ਅੱਖਾਂ ਸਾਹਮਣੇ ਪਰਗਟ ਹੋਇਆ ਤੇ ਮਿਟ ਗਿਆ। ਪਹਿਲਾਂ ਵੀ ਉਸਨੇ ਕਈ ਵਾਰੀ ਇਹ ਦ੍ਰਿਸ਼ ਦੇਖਿਆ ਏ। 'ਕਿਉਂ, ਚੱਲਣਾ ਏਂ ਉਸ ਪਾਸੇ?' ਉਸਨੇ ਮਨ ਨੂੰ ਪੁੱਛਿਆ। ਪਹਿਲਾਂ ਕਦੀ ਇਸ ਰਸਤੇ ਵੱਲ ਦੇਖਿਆ ਨਹੀਂ—ਉਸ ਉੱਤੇ ਜਾਣਾ ਤਾਂ ਦੂਰ। ਉਹ ਕਿਹੜਾ ਅਹਿਸਾਸ ਸੀ—ਉਸ ਰਸਤੇ 'ਤੇ ਨਾ ਜਾਣ ਵਾਲਾ? ਅੱਜ ਉਹ ਕੰਧ ਢੈ ਰਹੀ ਏ। ਕੀ ਮੈਂ ਖ਼ੁਦ ਉਸਨੂੰ ਢਾਹੁਣਾ ਚਾਹੁੰਦਾ ਆਂ? ਜਾਂ ਉਹ ਆਪਣੇ ਆਪ ਢੈ ਰਹੀ ਏ?

"ਕੁਝ ਨਹੀਂ ਸੀ ਤਾਂ ਗੱਲ ਖ਼ਤਮ। ਪਰ ਤੂੰ ਈ ਕੁਝ ਕਹਿਣਾ ਚਾਹੁੰਦੀ ਸੈਂ ਨਾ?"

ਨੰਦਨੀ ਨੇ ਉਸ ਵੱਲ ਦੇਖਿਆ। ਭਾਸਕਰ ਸਮਝ ਗਿਆ ਕਿ ਨੰਦਨੀ ਦੇ ਮਨ ਵਿਚ ਤੂਫ਼ਾਨ ਉੱਠਿਆ ਹੋਇਆ ਏ। ਸ਼ਾਇਦ ਉਹ ਸਭ ਜਟਿਲ ਏ—ਏਨੇ ਦਿਨਾਂ ਦਾ ਦਬਅ ਕੇ ਰੱਖਿਆ ਹੋਇਆ। 'ਕੀ ਸੱਚਮੁੱਚ ਮੈਂ ਉਹ ਸਭ ਜਾਣਨਾ ਚਾਹੁੰਦਾ ਆਂ?' ਉਸਨੇ ਆਪਣੇ ਮਨ ਤੋਂ ਪੁੱਛਿਆ। 'ਜਾਣਨਾ ਜ਼ਰੂਰੀ ਏ ਕਿ? ਕਿਉਂ ਪੁੱਛ ਰਿਹਾ ਆਂ ਮੈਂ ਇਹ ਸਭ? ਕਿਉਂ ਸੁਣਨਾ ਚਾਹੁੰਦਾ ਆਂ? ਹੁਣ ਤਕ ਬਿਨਾਂ ਕੁਝ ਪੁੱਛੇ-ਸੁਣੇ ਸਭ ਠੀਕ ਠਾਕ ਚੱਲ ਰਿਹਾ ਸੀ ਨਾ? ਅੱਗੇ ਵੀ ਠੀਕ ਈ ਚੱਲਦਾ ਰਹੇਗਾ। ਹੁਣ ਵੀ ਰੋਕਿਆ ਜਾ ਸਕਦਾ ਐ। ਕਹਿ ਦਿਆਂ ਉਸਨੂੰ ਕਿ ਕੋਈ ਲੋੜ ਨਈਂ ਜਾਣਨ ਦੀ।' ਪਰ ਉਸਨੂੰ ਯਾਦ ਆਇਆ ਕਿ ਉਸਨੇ ਈ ਇਹ ਇੱਛਾ ਪਰਗਟ ਕੀਤੀ ਸੀ। ਉਹ ਚਾਹੁੰਦੀ ਏ ਕਿ ਮੈਂ ਜਾਣ ਲਵਾਂ। ਹੁਣ ਵੀ ਕਹਿ ਰਹੀ ਸੀ ਕਿ—ਪੁੱਛਿਆ ਕਿਉਂ ਨਹੀਂ? ਜਿਵੇਂ ਪੁੱਛਣਾ ਮੇਰਾ ਫਰਜ਼ ਸੀ ਤੇ ਮੈਨੂੰ ਉਹ ਨਿਭਾਉਣਾ ਚਾਹੀਦਾ ਸੀ। ਹੋਰ ਜ਼ਿੰਮੇਵਾਰੀਆਂ ਵਾਂਗ।

"ਸਾਡਾ ਸਰੀਰਕ ਸੰਬੰਧ ਹੋਇਆ ਸੀ। ਮੈਂ ਇਹੀ ਤੁਹਾਨੂੰ ਦੱਸਣਾ ਸੀ ਕਦੀ ਨਾ ਕਦੀ।"

ਭਾਸਕਰ ਦੀ ਸਾਰੀ ਦੇਹ ਭਖਣ ਲੱਗ ਪਈ। ਉਸਦੀ ਸਮਝ ਵਿਚ ਨਹੀਂ ਆਇਆ ਕਿ ਕੀ ਹੋ ਰਿਹਾ ਏ। ਤਲੀਆਂ, ਪਿੰਜਣੀਆਂ, ਲੱਤਾਂ-ਪੱਟ, ਢਿੱਡ, ਛਾਤੀ ਫੇਰ ਸਮੁੱਚੀ ਦੇਹ। ਗਲ਼ਾ ਸੁੱਕਣ ਲੱਗ ਪਿਆ।

"ਕਦੋਂ? ਕਿੱਥੇ?" ਉਸਨੇ ਝੱਟ ਪੁੱਛਿਆ।

"ਓਹਨੀਂ ਦਿਨੀਂ।"

"ਕਿਉਂ?"

ਨੰਦਨੀ ਨੇ ਜਵਾਬ ਨਹੀਂ ਦਿੱਤਾ। ਸਵਾਲ ਕਮਰੇ ਵਿਚ ਹਵਾ ਵਾਂਗ ਤੈਰਦਾ ਰਿਹਾ।

ਭਾਸਕਰ ਨੂੰ ਮਹਿਸੂਸ ਹੋਣ ਲੱਗਿਆ ਸੀ ਕਿ ਦੇਹ ਵਿਚ ਗਰਮੀ ਵਧਦੀ ਜਾ ਰਹੀ ਏ। ਚਿਹਰਾ ਭਖ ਰਿਹਾ ਏ। ਦਿਮਾਗ਼ ਝਣਝਣਾਅ ਰਿਹਾ ਏ। ਗਰਮੀ ਦੀਆਂ ਜਿਵੇਂ ਲਹਿਰਾਂ ਉੱਠ ਰਹੀਆਂ ਸਨ। ਪੂਰੇ ਸਰੀਰ ਨੂੰ ਕੰਬਣੀ ਛਿੜੀ ਹੋਈ ਏ ਤੇ ਗਲ਼ਾ ਸੁੱਕ ਰਿਹਾ ਏ। ਅੱਖਾਂ ਮੱਚ ਰਹੀਆਂ ਨੇ। ਮੱਥਾ ਵੀ।

"ਕਿਉਂ?" ਉਸਨੇ ਸਵਾਲ ਦੁਹਰਾਇਆ।

ਨੰਦਨੀ ਨੇ ਹੁਣ ਵੀ ਕੋਈ ਜਵਾਬ ਨਾ ਦਿੱਤਾ। ਭਾਸਕਰ ਨੂੰ ਲੱਗਿਆ ਮੇਰਾ ਸਵਾਲ ਹਵਾ ਹੋ ਗਿਆ ਏ। ਉੱਥੇ ਕੁਛ ਨਹੀਂ ਏ। ਉਸ ਉਸਨੂੰ ਘੂਰ ਰਿਹਾ ਏ। ਨੰਦਨੀ ਨੇ ਇਕ ਵਾਰੀ ਉਸ ਵੱਲ ਦੇਖਿਆ ਤੇ ਫੇਰ ਜ਼ਮੀਨ ਵੱਲ ਦੇਖਣ ਲੱਗ ਪਈ।

"ਕਿੰਨੀ ਵਾਰੀ?" ਉਸਨੇ ਪੁੱਛਿਆ।

"ਦੋ-ਤਿੰਨ ਵਾਰੀ।"

"ਆਪਣੇ ਘਰੇ?"

ਉਸਨੇ ਇਨਕਾਰ ਵਿਚ ਸਿਰ ਹਿਲਾ ਦਿੱਤਾ।

"ਫੇਰ?"

"ਉਸਦੇ ਘਰ।"

ਭਾਸਕਰ ਦੀਆਂ ਅੱਖਾਂ ਸਾਹਮਣੇ ਉਸਦਾ ਦੇਖਿਆ ਹੋਇਆ ਘਰ ਸਾਕਾਰ ਹੋ ਉੱਠਿਆ। ਸਰਕਾਰੀ ਇਮਾਰਤ। ਗੂੜ੍ਹੀ ਚੁੱਪ। ਖ਼ਾਲੀ ਵੱਡੇ-ਵੱਡੇ ਕਮਰੇ। ਕੰਧਾਂ ਉੱਤੇ ਸਫੈਦ ਰੰਗ, ਲੱਕੜੀ ਦਾ ਫਰਨੀਚਰ, ਕੁਰਸੀਆਂ, ਕੌਚ, ਬੈੱਡ, ਰਸੋਈ ਤੇ ਇਕਾਂਤ।

"ਦੁਪਹਿਰੇ?" ਉਸਨੇ ਪੁੱਛਿਆ।

ਨੰਦਨੀ ਚੁੱਪ ਰਹੀ।

"ਹੁਣ ਦੱਸ! ਤੂੰ ਦੱਸਣਾ ਚਾਹੁੰਦੀ ਸੀ ਨਾ?"

"ਇੰਜ ਨਹੀਂ ਕਿ ਉਹ ਸਭ ਤੈਅ ਕਰਕੇ ਹੋਇਆ ਸੀ। ਪਹਿਲਾਂ ਅਸੀਂ ਮਿਲਦੇ ਸਾਂ। ਗੱਲਾਂ ਬਾਤਾਂ ਕਰਦੇ ਸਾਂ...ਉਸ ਨਾਲ..."

"ਕਿਸ ਨੇ ਸ਼ੁਰੂਆਤ ਕੀਤੀ? ਉਸਨੇ ਜਾਂ ਤੂੰ?"

"ਐਸਾ-ਵੈਸਾ ਕੁਛ ਨਹੀਂ। ਪਹਿਲਾਂ ਇਕ ਦੋ ਵਾਰੀ ਸਿਰਫ ਹਗ ਕੀਤਾ—ਫੇਰ ਉਸਨੇ ਪਾਸ ਲਿਆ।"

"ਫੇਰ? ਅੱਗੇ? ਤੂੰ ਕੀ ਕੀਤਾ? ਰੋਕਿਆ ਨਹੀਂ?"

"ਸੰਭਵ ਨਹੀਂ ਸੀ।"

"ਤੈਨੂੰ ਚੰਗਾ ਲੱਗਿਆ? ਅਅੰ? ਚੰਗਾ ਲੱਗਿਆ ਹੋਏਗਾ?"

ਉਹ ਚੁੱਪ ਰਹੀ। ਭਾਸਕਰ ਨੂੰ ਲੱਗਿਆ ਉਸਦੇ ਸਰੀਰ ਵਿਚ ਉਤੇਜਨਾ ਫੈਲ ਰਹੀ ਏ। ਸਰੀਰ ਤਣ ਰਿਹਾ ਏ। ਲਹਿਰਾ ਰਿਹਾ ਏ। ਹੱਥਾਂ ਦੇ ਵਾਲ ਖੜ੍ਹੇ ਹੋ ਗਏ ਨੇ। ਹਰ ਮੁਸਾਮ ਸੁਚੇਤ ਹੋ ਗਿਆ ਏ। ਉਹ ਸੋਫੇ ਤੋਂ ਉੱਠਿਆ। ਉਸਨੇ ਦੇਖਿਆ ਨੰਦਨੀ ਦੀਆਂ ਹੈਰਾਨੀ ਭਰੀਆਂ ਅੱਖਾਂ ਉਸਨੂੰ ਘੂਰ ਰਹੀਆਂ ਨੇ ਤੇ ਹੁਣ ਤਕ ਚੁਰਾਈਆਂ ਜਾ ਰਹੀਆਂ ਉਸਦੀਆਂ ਨਜ਼ਰਾਂ ਉਸ ਉੱਤੇ ਆ ਟਿਕੀਆਂ ਨੇ। ਉਸਨੇ ਪੈਰ ਨਾਲ ਤਿਪਾਈ ਪਰ੍ਹੇ ਧਰੀਕ ਦਿੱਤੀ। ਉਸਦੀ ਬਾਂਹ ਕੱਸ ਕੇ ਫੜ੍ਹੀ। ਉਹ ਵੀ ਉੱਠ ਖੜ੍ਹੀ ਹੋਈ। ਕੰਬਦੀ ਹੋਈ।

"ਫੇਰ ਕੀ ਹੋਇਆ? ਤੂੰ ਸਾੜ੍ਹੀ ਬੰਨ੍ਹੀ ਹੋਈ ਸੀ ਨਾ?"

"ਹਾਂ!" ਉਸਨੇ ਸਾਫ ਆਵਾਜ਼ ਵਿਚ ਕਿਹਾ।

"ਫੇਰ? ਉਸਨੇ ਸਾੜ੍ਹੀ ਖੋਲ੍ਹੀ ਜਾਂ ਖਿੱਚੀ?"



ਭਾਸਕਰ ਨੇ ਮਹਿਸੂਸ ਕੀਤਾ ਉਸਦੇ ਸਰੀਰ ਵਿਚ ਉਤੇਜਨਾ ਦੇ ਵਿਸਫੋਟ ਹੋ ਰਹੇ ਨੇ। ਸਾਰੀਆਂ ਇੰਦਰੀਆਂ ਅਤਿ ਉਤੇਜਿਤ ਹੋਈਆਂ ਹੋਈਆਂ ਸਨ। ਉਸਦੀ ਪਕੜ ਢਿੱਲੀ ਪੈ ਗਈ। ਉਸਨੂੰ ਕੁਝ ਹੋਰ ਪਤਾ ਲੱਗਣ ਤੋਂ ਪਹਿਲਾਂ ਈ ਧੱਕਾ ਮਾਰ ਕੇ ਉਸਨੂੰ ਬੈੱਡ ਉੱਤੇ ਧਰੀਕ ਦਿੱਤਾ। ਉਸਨੂੰ ਲੱਗਿਆ ਉਸਦਾ ਸਾਰਾ ਸਰੀਰ, ਸਾਰੀਆਂ ਸੀਮਾਵਾਂ ਲੰਘ ਚੁੱਕਿਆ ਏ। ਅੰਦਰ ਕੋਈ ਦਹਾੜ ਰਿਹਾ ਏ। ਰੋਏਂ ਨੇਜ਼ੇ-ਬਰਛੀਆਂ ਵਾਂਗ ਖੜ੍ਹੇ ਹੋ ਗਏ ਨੇ।

ਉਸਨੇ ਗਾਊਨ ਫਾੜ ਦਿੱਤਾ। ਉਸਦੇ ਦਿਮਾਗ਼ ਨੂੰ ਚੰਡ ਚੜ੍ਹਿਆ ਹੋਇਆ ਸੀ। 'ਦੁਪਹਿਰ ਦਾ ਸਮਾਂ ਸੀ? ਤੂੰ ਸਾੜ੍ਹੀ ਵਿਚ ਸੀ? ਕਿਹੜੀ ਸਾੜ੍ਹੀ? ਕਸ਼ੀਦੇ ਵਾਲੀ? ਰੇਸ਼ਮੀ? ਦੋਸਤੀ ਕਹਿੰਦੀ ਏਂ? ਦੋਸਤੀ? ਕੰਪਨੀ ਚਾਹੀਦੀ ਏ? ਕਿਹੋ ਜਿਹੀ ਚਾਹੀਦੀ ਏ? ਇਹੋ ਜਿਹੀ? ਦੱਸ? ਤੂੰ ਦੱਸਣਾ ਚਾਹੁੰਦੀ ਏਂ ਨਾ? ਉਚਰ? ਕਿਹੋ ਜਿਹਾ ਸੀ ਉਹ? ਇਹੋ ਜਿਹਾ? ਕੀ ਚਾਹੀਦਾ ਏ ਤੈਨੂੰ? ਕਿਹੜੀ ਕਮੀਂ ਏਂ?...ਜਿਹੜੀ ਮੈਂ ਨਹੀਂ ਪੂਰੀ ਕਰ ਸਕਦਾ? ਦੱਸਣਾ ਤਾਂ ਚਾਹੀਦਾ ਸੀ। ਪੂਰੀ ਕਰਦਾ। ਲੈ ਹੁਣ। ਪੂਰੀ ਕਰ ਦੇਨਾਂ। ਲੈ, ਇਹ ਲੈ। ਕੈਸਾ ਏ? ਬੋਲ ਨਾ? ਮੂੰਹ ਖੋਲ੍ਹ? ਘੁੰਮਣ ਜਾਣਾ ਏਂ? ਹੱਥ ਵਿਚ ਹੱਥ ਫੜ੍ਹ ਕੇ? ਕਿੰਜ ਜਾਣਾ ਏਂ? ਰੇਲ ਰਾਹੀਂ ਜਾਂ ਹਵਾਈ ਜਹਾਜ਼ ਵਿਚ? ਚੱਲ। ਲੈ ਚੱਲਦਾਂ। ਦੇਖ ਕੀ ਰਹੀ ਏਂ? ਡਰ ਲੱਗ ਰਿਹਾ ਏ? ਮੰਦਰ ਦੇਖਣੇ ਨੇ? ਪਿੰਡੀ ਦੇਖਣੀ ਏਂ? ਕੰਧਾਂ 'ਤੇ ਬਣੇ ਚਿੱਤਰ ਦੇਖਣੇ ਨੇ? ਜਾਂ ਗਰਭਗ੍ਰਹਿ ਵਿਚ ਜਾਣਾ ਏਂ। ਕਾਲੇ ਗਰਭਗ੍ਰਹਿ ਵਿਚ? ਕਲਸ਼ ਦੇਖਣਾ ਏਂ? ਹਾਂ ਚੱਲ। ਉਹ ਪੱਤਣ ਵੀ ਦੇਖ ਆਉਨੇ ਆਂ। ਚੱਲੀਏ?'

ਉਸਨੂੰ ਲੱਗਿਆ ਗਰਭਗ੍ਰਹਿ ਦੀ ਡੂੰਘੀ ਹਨੇਰੀ ਗੁਫ਼ਾ ਵਿਚੋਂ ਇਕ ਤੀਰ ਤੇਜ਼ੀ ਨਾਲ ਕਲਸ਼ ਵੱਲ ਜਾ ਰਿਹਾ ਏ। ਮੰਦਰ ਦਾ ਝੰਡਾ ਉਧੇੜ ਕੇ ਨੀਲੇ ਆਸਮਾਨ ਵੱਲ ਵਧ ਰਿਹਾ ਏ। ਫੇਰ ਆਸਮਾਨ ਦੀ ਛਾਤੀ ਵਿੰਨ੍ਹ ਕੇ ਨਦੀ ਦੇ ਗਰਮ ਪਾਣੀ ਦਾ ਵਹਾਅ ਉਛਾਲੇ ਲੈ ਲਿਆ ਏ ਤੇ ਝਰਨੇ ਵਾਂਗ ਡਿੱਗ ਰਿਹਾ ਏ। ਹੇਠਾਂ ਸਰੋਵਰ ਵਿਚ। ਸਮੁੱਚੇ ਸਰੀਰ ਦਾ ਗਰਮ ਪ੍ਰਭਾਵ। ਹਰ ਸੁਰਾਖ਼ ਉਗਲ ਰਿਹਾ ਏ ਜਵਾਲਾ। ਨੀਲੇ, ਸੁਨਹਿਰੀ ਅੰਗਿਆਰ ਪਾਣੀ ਵਿਚ ਡਿੱਗ ਕੇ ਠੰਡੇ ਹੁੰਦੇ ਜਾ ਰਹੇ ਨੇ। ਰੇਸ਼ਮ ਵਰਗੀ ਸੁਰਖ਼ ਹਰਿਆਲੀ ਉਪਰ ਸਰੀਰ ਸੁਸਤਾ ਰਿਹਾ ਏ।

ਉਹ ਸੁਸਤ ਜਿਹਾ ਲੇਟਿਆ ਰਿਹਾ। ਕੁਝ ਚਿਰ ਬਾਅਦ ਜਦੋਂ ਨੀਂਦ ਖੁੱਲ੍ਹੀ ਤਾਂ ਉਸਨੇ ਦੇਖਿਆ ਨੰਦਨੀ ਉਸ ਵੱਲ ਦੇਖਦੀ ਹੋਈ ਉੱਥੇ ਈ ਬੈਠੀ ਏ।

"ਕੀ ਹੋ ਗਿਆ ਸੀ ਤੁਹਾਨੂੰ?" ਉਸਨੇ ਸ਼ਾਂਤ ਆਵਾਜ਼ ਵਿਚ ਕਿਹਾ, "ਗਾਊਨ ਪਾੜ ਦਿੱਤਾ। ਇੰਜ ਕੱਪੜੇ ਨਹੀਂ ਪਾੜਨੇ ਚਾਹੀਦੇ।"

ਉਹ ਕੁਝ ਨਹੀਂ ਬੋਲਿਆ। ਉਸਨੇ ਉਸ ਵੱਲ ਦੇਖਿਆ ਤਕ ਨਹੀਂ। ਹੱਥ ਸਿਰਹਾਣੇ ਰੱਖ ਕੇ ਛੱਤ ਵਲ ਤੱਕਦਾ ਰਿਹਾ। ਨੰਦਨੀ ਕੁਝ ਚਿਰ ਬੈਠੀ ਰਹੀ। ਫੇਰ ਬਾਥਰੂਮ ਚਲੀ ਗਈ। ਅੰਦਰ ਟੂਟੀ ਵਿਚੋਂ ਪਾਣੀ ਦੇ ਡਿੱਗਣ ਦੀ ਆਵਾਜ਼ ਆਉਣ ਲੱਗੀ।

ਕੁਝ ਚਿਰ ਉਹ ਲੇਟਿਆ ਰਿਹਾ। ਉਸਨੂੰ ਭੁੱਖ ਲੱਗੀ ਸੀ। ਫੇਰ ਵੀ ਉਹ ਲੇਟਿਆ ਰਿਹਾ। ਜਦੋਂ ਲੇਟਣਾ ਮੁਸ਼ਕਿਲ ਹੋ ਗਿਆ ਤਾਂ ਉਸਨੇ ਟਰੈਕ ਸੂਟ ਪਾਇਆ, ਬੂਟ ਪਾਏ ਤੇ ਦਰਵਾਜ਼ਾ ਭੀੜ ਕੇ ਬਾਹਰ ਨਿਕਲ ਪਿਆ।

ਰੇਸਟੋਰੇਂਟ ਵਿਚ ਜਿਹੜੀ ਦਿਸੀ ਉਹੀ ਚੀਜ਼ ਮੰਗਵਾਈ। ਉੱਥੋਂ ਦੇ ਲੋਕਾਂ ਦੇ ਪ੍ਰਸ਼ਨਾਂ ਦੇ ਉਤਰ ਨਹੀਂ ਦਿੱਤੇ। ਦੇਹ ਦਿਮਾਗ਼ ਸੰਵੇਦਨਾਹੀਣ ਹੋਏ ਹੋਏ ਸਨ। ਕੀ ਖਾ ਰਿਹਾ ਏ ਇਸਦਾ ਵੀ ਧਿਆਨ ਨਹੀਂ ਸੀ। ਬਾਹਰ ਦੇਖਦਿਆਂ ਹੋਇਆਂ ਉਸਨੇ ਖਾਣਾ ਪੇਟ ਵਿਚ ਠੂਸ ਲਿਆ ਤੇ ਉਸੇ ਚੇਤਨਾਹੀਣ ਸਥਿਤੀ ਵਿਚ ਬਾਹਰ ਨਿਕਲ ਆਇਆ...ਤੇ ਸਾਹਮਣੇ ਦਿਖਾਈ ਦੇਣ ਵਾਲੀ ਪਹਾੜੀ ਉੱਤੇ ਚੜ੍ਹਨ ਲੱਗਾ।

ਹੋਟਲ ਦੇ ਕੈਂਪਸ ਵਿਚ ਰੁੱਖ ਸਨ—ਸੋ ਪਰਛਾਵੇਂ ਵੀ ਸਨ। ਬਾਹਰ ਰੜਾ ਮੈਦਾਨ ਸੀ। ਸੂਰਜ ਸਿੱਧਾ ਮੱਥੇ ਵਿਚ ਵੱਜ ਰਿਹਾ ਸੀ। ਧੁੱਪ ਕਰੜੀ ਸੀ। ਪਗਡੰਡੀ ਰੁੱਖੀ-ਖ਼ੁਸ਼ਕ। ਲਾਲ ਮਿੱਟੀ। ਪੀਲੀ ਘਾਹ। ਖਿੱਲਰੇ ਹੋਏ ਬੂਟੇ। ਨੰਗੀਆਂ ਚਟਾਨਾਂ। ਚੜ੍ਹਾਣ ਸ਼ੁਰੂ ਹੋਈ ਤੇ ਉਸਨੂੰ ਕਾਟੇਜ, ਨਾਰੀਅਲ ਦੇ ਰੁੱਖ, ਸਮੁੰਦਰ ਸਭ ਕੁਝ ਸਾਫ-ਸਾਫ ਦਿਖਾਈ ਦੇਣ ਲੱਗਾ। ਪਹਾੜੀ ਸੁੰਨਸਾਨ ਪਈ ਸੀ।

ਉਹ ਇੱਥੇ ਕੀ ਕਰਨ ਆਇਆ ਏ ? ਚੜ੍ਹਦਿਆਂ-ਚੜ੍ਹਦਿਆਂ ਉਸਨੇ ਸੋਚਿਆ। ਮੁੜ ਜਾਏ ? ਇਹੀ ਠੀਕ ਰਹੇਗਾ। ਇੱਥੇ ਰੁਕ ਕੇ ਵੀ ਕੀ ਕਰਨਾ ਏਂ ? ਇਕ ਦੂਜੇ ਨੂੰ ਝੱਲਦੇ ਰਹਿਣਾ ਏ ਬੱਸ। ਇਸ ਨਾਲੋਂ ਤਾਂ ਚੰਗਾ ਏ ਵਾਪਸ ਚਲੇ ਜਾਈਏ। ਕਲ੍ਹ ਫੈਕਟਰੀ ਚਲਾ ਜਾਵਾਂਗਾ। ਲੋਕ ਹੈਰਾਨ ਹੋ ਜਾਣਗੇ ਕਿਉਂਕਿ ਮੈਂ ਕਹਿ ਕੇ ਆਇਆ ਆਂ ਕਿ ਦੋ ਚਾਰ ਦਿਨ ਨਹੀਂ ਆਵਾਂਗਾ। ਪਰ ਇਸ ਨਾਲ ਕੁਝ ਥੁੜਣ ਨਹੀਂ ਲੱਗਾ। ਸਾਰੇ ਜਾਣਦੇ ਨੇ ਕਿ ਮੈਂ ਕੰਮ ਦਾ ਕਿੰਨਾ ਸ਼ੁਕੀਨ ਆਂ। ਪਰ ਉੱਥੇ ਵੀ ਘਰ ਤਾਂ ਜਾਣਾ ਈ ਪਏਗਾ ਨਾ ? ਫੇਰ ? ਫੇਰ ਕੀ ਹੋਏਗਾ ?

ਉਸਨੇ ਬੇਚੈਨ ਨਜ਼ਰਾਂ ਸਾਹਮਣੇ ਵੱਲ ਦੌੜਾਈਆਂ। ਚੜ੍ਹਾਣ ਕਰਕੇ ਸਾਹਾਂ ਦੀ ਗਤੀ ਤੇਜ਼ ਹੋ ਗਈ ਸੀ। ਤਨ ਹਾਲੇ ਵੀ ਤਪ ਰਿਹਾ ਸੀ। ਖਾਣਾ ਖਾਧਾ ਸੀ ਇਸ ਲਈ ਨਿਭ ਰਿਹਾ ਸੀ। ਗਰਮੀ ਓਵੇਂ ਈ ਐ। ਸਵਾਲ ਇਹ ਐ ਕਿ ਇੱਥੇ ਜਾਂ ਘਰੇ ਅੱਗੇ ਕੀ ਕਰੇਗਾ ਉਹ ?

ਉਹ ਰੁਕ ਗਿਆ। ਹਾਲੇ ਉਹ ਜ਼ਿਆਦਾ ਉਪਰ ਨਹੀਂ ਸੀ ਗਿਆ। ਕਾਟੇਜ ਦਾ ਮਾਹੌਲ ਕੁਝ ਦੂਰ ਈ ਸੀ। ਸਾਹਮਣੇ ਪਹਾੜੀ ਖੜ੍ਹੀ ਸੀ। ਉਸਨੂੰ ਤਪਸ਼ ਮਹਿਸੂਸ ਹੋਈ ਤੇ ਦਿਮਾਗ ਠੁੱਸ ਹੁੰਦਾ ਲੱਗਿਆ। ਉਸਦੇ ਅੰਦਰ ਜਿਹੜੇ ਸ਼ੰਕੇ ਉਸਨੂੰ ਵਲੂੰਧਰਦੇ ਰਹਿੰਦੇ ਸਨ, ਉਹ ਸਹੀ ਨਿਕਲੇ। ਉਸਨੇ ਕਦੀ ਇਹ ਸਵਾਲ ਪੁੱਛੇ ਈ ਨਹੀਂ, ਅਕਸਰ ਟਾਲਦਾ ਰਿਹਾ—ਪਰ ਕਿਉਂ ? ਕਿਉਂਕਿ ਅੰਦਰ ਇਹੀ ਡਰ ਬੈਠਾ ਹੋਇਆ ਸੀ ਕਿ ਕਿਧਰੇ ਇਹ ਸੱਚ ਨਾ ਨਿਕਲਣ ! ਏਨੇ ਦਿਨ ਜੋ ਢੱਕੀ-ਕੱਜੀ ਰੱਖਿਆ, ਅੱਜ ਉਹ ਉਘੜ ਆਇਆ। ਉਸਨੇ ਉਘੇੜਿਆ ਜਾਂ ਮੈਂ ਉਸਨੂੰ ਉਘੇੜਨ ਲਈ ਮਜਬੂਰ ਕਰ ਦਿੱਤਾ ? ਮੈਂ ਨਹੀਂ, ਸ਼ਾਇਦ ਉਸਨੇ ਈ ਉਘੇੜਿਆ। ਉਹ ਦੱਸਣਾ ਚਾਹੁੰਦੀ ਸੀ। ਮੌਕੇ ਦੀ ਭਾਲ ਵਿਚ ਸੀ। ਅੱਜ ਮਿਲ ਗਿਆ।

ਪਰ ਹੁਣ ਮੈਂ ਕੀ ਕਰਾਂਗਾ ? ਉਸਨੇ ਆਪਣੇ ਆਪ ਨੂੰ ਪੁੱਛਿਆ। ਹੁਣ ਤਾਂ ਪਤਾ ਲੱਗ ਗਿਆ ਏ। ਏਨੇ ਦਿਨ ਪਤਾ ਨਹੀਂ ਸੀ—ਪਰ ਹੁਣ ?

ਕੀ ਕਰਾਂ ? ਲੱਤ ਮਾਰ ਕੇ ਕੱਢ ਦਿਆਂ ? ਉਸਨੇ ਮਨ ਨੂੰ ਪੁੱਛਿਆ। ਅਜਿਹੇ ਮੌਕੇ ਹੋਰ ਕੀ ਕੀਤਾ ਜਾ ਸਕਦਾ ਏ ? ਜਦ ਉਸਨੇ ਕਿਹਾ ਸੀ, ਓਦੋਂ ਹੀ ਥੱਪੜ ਜੜ ਦੇਣਾ ਚਾਹੀਦਾ ਸੀ। ਫੇਰ ਬਾਕੀ ਗੱਲਾਂ ਕਰਨੀਆਂ ਸਨ। ਇਹੋ ਬਦਕਿਸਮਤੀ ਹੁੰਦੀ ਏ ਇਹਨਾਂ ਦੀ। ਘੁਮਾ ਫਿਰਾ ਕੇ ਗੱਲ ਇੱਥੇ ਈ ਪਹੁੰਚਦੀ ਏ। ਘਰ ਵਿਚ ਸਭ ਠੀਕ-ਠਾਕ ਰਹਿੰਦਾ ਏ। ਕਿਸੇ ਗੱਲ ਦੀ ਫਿਕਰ ਨਹੀਂ, ਚਿੰਤਾ ਨਹੀਂ, ਤਕਲੀਫ਼ ਨਹੀਂ। ਤਾਂ ਇਹ ਸਭ ਸੁੱਝੇਗਾ ਈ। ਚੋਚਲੇ ਮਨ ਦੇ। 'ਇੰਜ ਕਿਉਂ ਕੀਤਾ ?' ਇਹ ਪ੍ਰਸ਼ਨ ਈ ਬੇਕਾਰ ਏ। ਉਸੇ ਸਮੇਂ ਪੁੱਛਿਆ ਹੁੰਦਾ ਤਾਂ ਕੋਈ ਅਰਥ ਹੁੰਦਾ। ਹੁਣ ਤਾਂ ਉਹ ਕਰ ਚੁੱਕੀ ਏ। ਹੁਣ ਪੁੱਛਣਾ ਮੂਰਖਤਾ ਏ। ਕਰ ਲਿਆ ਉਹਨਾਂ। ਮੌਕਾ ਸੀ। ਸਾਧਨ ਸੀ। ਸ਼ਾਇਦ ਇੱਛਾ ਵੀ ਹੋਏਗੀ। ਉਹਨਾਂ ਕੀ ਕੀਤਾ, ਸਵਾਲ ਇਹ ਨਹੀਂ—ਸਵਾਲ ਤਾਂ ਇਹ ਐ ਕਿ ਹੁਣ ਉਹ ਕੀ ਕਰੇਗਾ ?

ਛਿਣ ਪਲ ਲਈ ਉਸਨੂੰ ਲੱਗਿਆ ਇੰਜ ਈ ਕਰਨਾ ਚਾਹੀਦਾ ਏ। ਉਸਨੇ ਨਾਜਾਇਜ਼ ਫਾਇਦਾ ਉਠਾਇਆ ਏ ਸਭ ਕਾਸੇ ਦਾ। ਮੈਂ ਕਦੀ ਕਿਸੇ ਗੱਲ ਦੀ ਕੋਤਾਹੀ ਨਹੀਂ ਕੀਤੀ ਸੀ। ਸਭ ਕੁਝ ਲਿਆ ਕੇ ਚਰਣਾਂ ਵਿਚ ਰੱਖ ਦਿੱਤਾ ਸੀ। ਸਮਾਂ ਬਹੁਤਾ ਨਹੀਂ ਦੇ ਸਕਿਆ ਸਾਂ, ਇਹ ਸੱਚ ਏ। ਪਰ ਮੈਂ ਉਸਨੂੰ ਇੱਥੇ ਛੱਡ ਕੇ ਛੇ ਛੇ ਮਹੀਨੇ ਲਈ ਦੁਬਾਈ ਜਾਂ ਸਿੰਘਾਪੁਰ ਨਹੀਂ ਗਿਆ ਸਾਂ। ਇੰਜ



ਹੁੰਦਾ ਤਾਂ ਯੂ ਹੈਡ ਏ ਪੁਆਂਇਟ ! ਮੈਂ ਤਾਂ ਇੱਥੇ ਈ ਸੀ। ਇਹ ਲੋਕ ਦੋਸਤੀ-ਦੋਸਤੀ ਕੂਕਦੇ ਨੇ, ਉਹ ਸਭ ਝੂਠ ਹੁੰਦਾ ਏ। ਉਸਦਾ ਅੰਤ ਇਵੇਂ ਈ ਹੁੰਦਾ ਏ। ਦੇ ਜਸਟ ਚੀਟ ਯੂ। ਪਰ ਇੰਜ ਕਹਿਣ ਦੀ ਸਹੂਲਤ ਨਹੀਂ। ਉਹ ਝੱਟ ਕਹਿਣਗੇ, ਦੱਸ ਤਾਂ ਦਿੱਤਾ ਏ, ਕੁਛ ਲੋਕਇਆ ਥੋੜ੍ਹੀ ਈ ਏ। ਤੁਸੀਂ ਉਹਨਾਂ ਨੂੰ ਰੋਕ ਨਹੀਂ ਸਕਦੇ। ਹਾਂ ਇਲਾਜ਼ ਕਰ ਸਕਦੇ ਹੋ। ਫੇਰ ਆਏਗੀ ਅਕਲ ਥਾਵੇਂ। ਗੱਡੀ, ਬੰਗਲਾ ਸਭ ਮਿਲ ਰਿਹਾ ਏ, ਇਸ ਲਈ ਇਹ ਐਬ ਸੁੱਝਦੇ ਨੇ। ਕਿਸਦੇ ਬਲਬੂਤੇ ਉੱਤੇ ? ਸੜਕ 'ਤੇ ਆਉਣਾ ਪਿਆ ਤਦ ਨਾਨੀ ਚੇਤੇ ਆਏਗੀ। ਰਸਤੇ ਉੱਤੇ, ਦਰ-ਦਰ ਦੀਆਂ ਠੋਕਰਾਂ ਖਾਣ ਦਾ ਮਜ਼ਾ ਚੱਖਣ ਦਿਓ ਇਹਨਾਂ ਨੂੰ ਕਦੀ।

ਉਹ ਸੋਚਣ ਲੱਗਿਆ—ਜੇ ਮੈਂ ਸੱਚਮੁੱਚ ਇਹਨੂੰ ਘਰੋਂ ਕੱਢ ਦਿਆਂ ਤਾਂ ਕੀ ਹੋਏਗਾ ? ਰਾਜੂ ਪੁੱਛੇਗਾ। ਉਸਨੂੰ ਸੱਚ ਦੱਸਣਾ ਪਏਗਾ। ਦੂਜਾ ਕਾਰਨ ਉਸਦੀ ਤਸੱਲੀ ਨਹੀਂ ਕਰਵਾ ਸਕਦਾ। ਰਾਜੂ ਸਾਨੂੰ ਦੋਵਾਂ ਨੂੰ ਬੇਹੱਦ ਪਿਆਰ ਕਰਦਾ ਏ। ਅਸੀਂ ਦੋਵੇਂ ਈ ਤਾਂ ਰਹੇ ਆਂ ਹਮੇਸ਼ਾ। ਹੋਰ ਕੋਈ ਨਹੀਂ। ਰਾਜੂ ਬੜਾ ਸਿੱਧਾ-ਸਾਦਾ ਏ। ਨੰਦਨੀ ਵਰਗਾ ਸੁਭਾਅ ਏ ਉਸਦਾ। ਹੁਣ ਉਸਦਾ ਫ਼ੋਨ ਆਏਗਾ। ਉਹ ਚਾਰ ਦਿਨਾਂ ਬਾਅਦ ਫ਼ੋਨ ਕਰਦਾ ਏ। ਹੁਣ ਉਸਨੂੰ ਕੀ ਦੱਸਾਂ ਮੈਂ ? ਉਹ ਯਕੀਨ ਈ ਨਹੀਂ ਕਰ ਸਕੇਗਾ। ਜਵਾਨ ਬੱਚਾ ਪਤਾ ਨਹੀਂ ਕੀ ਸੋਚੇ ? ਹੋ ਸਕਦਾ ਏ ਆਪਣੀ ਮਾਂ ਉੱਤੇ ਹਿਰਖ ਜਾਏ। ਸ਼ਾਇਦ ਕੁਝ ਬੋਲੇਗਾ ਨਹੀਂ। ਇਸ ਮਾਮਲੇ ਵਿਚ ਉਹ ਮੇਰੇ ਉੱਤੇ ਗਿਆ ਏ। ਚੁੱਪਚਾਪ ਸੁਣਦਾ-ਦੇਖਦਾ ਰਹੇਗਾ।

ਇਹ ਸਭ ਝਮੇਲਾ ਕਿਸ ਲਈ ? ਉਸਨੇ ਅੱਕ ਕੇ ਆਪਣੇ ਮਨ ਨੂੰ ਕਿਹਾ। ਧੰਦੇ ਵਿਚ ਵੀ ਅਨੇਕਾਂ ਝੰਜਟ-ਝਮੇਲੇ ਰਹਿੰਦੇ ਨੇ। ਆਏ ਦਿਨ ਕੁਝ ਨਾ ਕੁਝ ਹੁੰਦਾ ਈ ਰਹਿੰਦਾ ਏ। ਉੱਥੇ ਤਾਂ ਸਭ ਪਤਾ ਹੁੰਦਾ ਏ ਇਸ ਲਈ ਮਨ ਵੀ ਅੱਗੋਂ ਤਿਆਰ ਰਹਿੰਦਾ ਏ। ਕੰਮ ਕਰਨ ਵਾਲੇ ਹੁੰਦੇ ਨੇ। ਉਹਨਾਂ ਨੂੰ ਜ਼ਿੰਮੇਵਾਰੀ ਸੌਂਪ ਦੇਈਏ ਤਾਂ ਨਿਭਾਅ ਦੇਂਦੇ ਨੇ। ਪੈਸਾ ਚੱਲਦਾ ਏ। ਪੈਸੇ ਨਾਲ ਸਾਰੇ ਕੰਮ ਆਸਾਨ ਹੋ ਜਾਂਦੇ ਨੇ। ਸਭ ਤੈਅ ਹੁੰਦਾ ਏ—ਸਿਸਟੇਮੈਟਿਕ ! ਮੈਂ ਤਾਂ ਹੁਣ ਆਰਾਮ ਦੀ ਜ਼ਿੰਦਗੀ ਬਿਤਾਉਣ ਬਾਰੇ ਸੋਚ ਰਿਹਾ ਸਾਂ। ਬੇਟਾ ਵੱਡਾ ਹੋ ਗਿਆ ਏ। ਆਪਣੇ ਪੈਰਾਂ 'ਤੇ ਖੜ੍ਹਾ ਏ। ਭਵਿੱਖ ਦੀ ਚਿੰਤਾ ਨਹੀਂ। ਯਾਤਰਾਵਾਂ ਕਰਨ, ਦੇਸ਼-ਵਿਦੇਸ਼ ਘੁੰਮਣ ਬਾਰੇ ਸੋਚਦਾ ਸਾਂ। ਪਰ ਇੰਜ ਹੋਏਗਾ ਨਹੀਂ। ਕਿਤੇ ਨਾ ਕਿਤੇ ਕੱਚ ਰਹਿ ਈ ਜਾਂਦਾ ਏ।

ਉਹ ਤੁਰਦਾ ਰਿਹਾ। ਉਸਨੂੰ ਲੱਤਾਂ ਭਾਰੀ ਹੁੰਦੀਆਂ ਲੱਗੀਆਂ। ਜਿਸਮ ਥੱਕ ਕੇ ਚੂਰ-ਚੂਰ ਹੋ ਗਿਆ। ਉਸਨੇ ਗਰਦਨ ਚੁੱਕ ਕੇ ਦੇਖਿਆ। ਸੂਰਜ ਬਿਲਕੁਲ ਸਾਹਮਣੇ ਸੀ, ਅੱਖਾਂ ਵਿਚ ਪਿਆ। ਅਜੇ ਅੱਧੀ ਪਹਾੜੀ ਚੜ੍ਹਨਾ ਬਾਕੀ ਸੀ। ਉਸਨੂੰ ਲੱਗਿਆ ਸਰੀਰ ਵਿਚ ਹੁਣ ਉਹ ਤਾਕਤ ਨਹੀਂ ਰਹੀ। ਥੋੜ੍ਹੀ ਦੇਰ ਸੌਣਾ ਚਾਹੀਦਾ ਸੀ। ਇੰਜ ਝੱਟ ਨਹੀਂ ਸੀ ਆਉਣਾ ਚਾਹੀਦਾ ਇੱਥੇ। ਉਹ ਵੀ ਚੜ੍ਹਾਈ 'ਤੇ। ਅਜਿਹਾ ਪਾਗਲਪਨ ਨਹੀਂ ਕਰਨਾ ਚਾਹੀਦਾ ਸੀ। ਇਸ ਤੋਂ ਚੰਗਾ ਹੁੰਦਾ ਮੈਂ ਸਮੁੰਦਰ ਕਿਨਾਰੇ ਟਹਿਲ ਲੈਂਦਾ। ਉੱਥੇ ਕਿਸੇ ਚਟਾਨ ਉੱਤੇ ਜਾ ਕੇ ਬੈਠ ਜਾਣਾ ਚਾਹੀਦਾ ਸੀ।

ਉਸਨੇ ਪਿੱਛੇ ਭੌਂ ਕੇ ਦੇਖਿਆ। ਉਹ ਪਹਾੜੀ ਦੀ ਟੀਸੀ ਦੇ ਨੇੜੇ ਸੀ ਤੇ ਕਾਟੇਜ ਦਾ ਸਾਰਾ ਨਜ਼ਾਰਾ ਕਾਫੀ ਹੇਠਾਂ ਰਹਿ ਗਿਆ ਸੀ। ਸਮੁੰਦਰ ਦਾ ਦੂਰ ਤਕ ਫੈਲਿਆ ਵਿਸਤਾਰ ਦਿਸ ਰਿਹਾ ਸੀ। ਕਿਨਾਰਾ ਦੂਜ ਦੇ ਚੰਦ ਵਰਗਾ ਲੱਗ ਰਿਹਾ ਸੀ। ਬਾਦਾਮੀ ਰੇਤ। ਚਟਾਨਾਂ ! ਬੇੜੀਆਂ। ਨਾਰੀਅਲ ਦੇ ਰੁੱਖਾਂ ਵਿਚਕਾਰ ਵੱਸੀ ਖਪਰੈਲ ਦੀਆਂ ਛੱਤਾਂ ਵਾਲੇ ਘਰਾਂ ਦੀ ਬਸਤੀ।

ਉਸਨੇ ਨਜ਼ਰਾਂ ਭੁਆਂ ਕੇ ਆਪਣਾ ਕਾਟੇਜ ਭਾਲਿਆ। ਆਸਾਨੀ ਨਾਲ ਲੱਭ ਗਿਆ ਉਹ। ਲਾਲ ਟੀਨ ਦੀ ਛੱਤ ਕਰਕੇ। ਰੁੱਖਾਂ ਦੀ ਭੀੜ ਤੇ ਹੋਟਲ ਦਾ ਕੰਪਾਊਂਡ। ਉਸਨੂੰ ਗਹੁ ਨਾਲ ਦੇਖਣਾ ਪਿਆ ਕਿਉਂਕਿ ਦੂਰੀ ਖਾਸੀ ਵੱਧ ਸੀ। ਸਾਰਾ ਨਜ਼ਾਰਾ ਖਿੰਡਿਆ-ਪੁੰਡਿਆ ਦਿਸ ਰਿਹਾ ਸੀ,

ਜਿਵੇਂ ਉਸ ਨਾਲ ਕੋਈ ਸੰਬੰਧ ਨਾ ਹੋਵੇ—ਓਪਰਾ-ਬਿਗਾਨਾ ਜਿਹਾ।

ਉਹ ਹੇਠਾਂ ਦਾ ਇਹ ਨਜ਼ਾਰਾ ਦੇਖਦਾ ਰਿਹਾ। ਲੱਤਾਂ ਦੀ ਥਕਾਣ ਦਾ ਅਹਿਸਾਸ ਹੁੰਦਿਆਂ ਈ ਮਨ ਵਿਚ ਫੇਰ ਦੁਚਿੱਤੀ ਪੈਦਾ ਹੋਈ। ਉਪਰ ਤਕ ਜਾਵਾਂ ਜਾਂ ਨਾ? ਉਹ ਬੇਹੱਦ ਥੱਕ ਗਿਆ ਸੀ। ਸਰੀਰ ਵਿਚੋਂ ਜਿਵੇਂ ਸਾਰੀ ਸ਼ਕਤੀ ਨਿਚੋੜ ਲਈ ਗਈ ਸੀ। ਪੈਰ ਪੁੱਟਣਾ ਮੁਸ਼ਕਿਲ ਜਿਹਾ ਲੱਗ ਰਿਹਾ ਸੀ। ਹੇਠਾਂ ਜਾ ਕੇ ਵੀ ਕੀ ਕਰਾਂਗਾ? ਉਸਨੇ ਸੋਚਿਆ। ਉੱਥੋਂ ਤਾਂ ਦੂਰ ਜਾਣਾ ਏ। ਉਪਰ ਈ ਜਾਣਾ ਚਾਹੀਦਾ ਏ। ਹੁਣ ਹੇਠਾਂ ਕੀ ਰੱਖਿਆ ਏ?

ਉਹ ਉਪਰ ਚੜ੍ਹਦਾ ਗਿਆ ਪਰ ਮਨ ਪੱਖੋਂ ਬੇਹੱਦ ਟੁੱਟ ਚੁੱਕਿਆ ਸੀ। ਨੰਦਨੀ ਨੇ ਇੰਜ ਕਿਉਂ ਕੀਤਾ ਹੋਏਗਾ? ਉਸ ਨਾਲ ਕਿੰਜ ਕੀਤਾ ਹੋਏਗਾ? ਕੀ ਉਸਨੂੰ ਉਸ ਵੇਲੇ ਮੇਰੀ ਯਾਦ ਨਹੀਂ ਆਈ ਹੋਏਗੀ? ਤੇ ਰਾਜੂ ਦੀ? ਘਰ ਦੀ? ਜਾਂ ਉਸਦੇ ਗਿਰਦ ਸਿਰਫ ਉਸਦਾ ਆਪਣਾ ਸੁਖ ਈ ਮੰਡਲਾ ਰਿਹਾ ਸੀ? ਇਵੇਂ ਈ ਹੋਇਆ ਹੋਏਗਾ। ਹਰ ਕਿਸੇ ਨੂੰ ਆਪਣੇ ਸੁਖ ਦੀ ਪਈ ਰਹਿੰਦੀ ਏ। ਜਨਮਾਂ-ਜਨਮ ਮਤਲਬ ਵਿਚ ਘਿਰਿਆ ਰਹਿੰਦਾ ਏ ਮਨ। ਦੂਜਿਆਂ ਨੇ ਮੇਰੀ ਖਾਤਰ ਕੀ ਕੀਤਾ ਏ, ਰਤਾ ਵੀ ਯਾਦ ਨਹੀਂ ਰਹਿੰਦਾ।

ਉਸਦੇ ਮਨ ਵਿਚ ਫੇਰ ਖਿਝ ਭਰ ਗਈ। ਮੈਂ ਮੂਰਖ ਆਂ ਕਿ? ਭੋਲਾ ਆਂ? ਪਾਗ਼ਲ ਆਂ? ਇਸ ਲਈ ਇਹ ਲੋਕ ਮੇਰੇ ਨਾਲ ਇੰਜ ਪੇਸ਼ ਆਉਂਦੇ ਨੇ? ਆਰਾਮ ਨਾਲ ਮੈਨੂੰ ਧੋਖਾ ਦਿੰਦੇ ਰਹਿੰਦੇ ਨੇ? ਮੈਂ ਚੰਗੇ ਪਤੀ ਵਾਂਗ ਪੇਸ਼ ਆਉਂਦਾ ਰਿਹਾ। ਨਾ ਕਦੀ ਸ਼ਰਾਬ ਪੀ ਕੇ ਰੌਲਾ ਪਾਇਆ, ਨਾ ਕਦੀ ਜੰਗਲੀਆਂ ਵਾਂਗ ਚੀਕਿਆ-ਗਰਜਿਆ। ਜੇ ਇੰਜ ਕਰਦਾ ਤਾਂ ਪਤਾ ਲੱਗਦਾ। ਮੈਨੂੰ ਅਜਿਹਾ ਖ਼ੂੰਖ਼ਾਰ ਵਰਤਾਅ ਕਰਨਾ ਚਾਹੀਦਾ ਸੀ ਨਾ? ਝੁੱਗੀਆਂ ਝੌਂਪੜੀਆਂ ਵਿਚ ਰਹਿਣ ਵਾਲੇ ਸ਼ੱਕੀ ਮਰਦਾਂ ਵਾਂਗ? ਤਦ ਉਹ ਦਾਬੂ ਰਹਿੰਦੀ ਨਾ? ਮੈਂ ਬੇਹੱਦ ਪਿਆਰ ਨਾਲ ਪੇਸ਼ ਆਉਂਦਾ ਰਿਹਾ, ਸੱਜਣ ਬਣ ਕੇ, ਇਸੇ ਲਈ ਇਹ ਸਭ ਕੁਝ ਹੋਇਆ?

ਉਹ ਪਸੀਨੇ ਨਾਲ ਤਰ-ਬ-ਤਰ ਹੋਇਆ ਹੋਇਆ ਸੀ। ਚੜ੍ਹਨਾ ਮੁਸ਼ਕਿਲ ਹੋ ਗਿਆ ਸੀ। ਉਸਨੇ ਸੋਚਿਆ ਗ਼ਲਤ ਸਮਾਂ ਚੁਣਿਆ ਏ ਮੈਂ, ਪਹਾੜੀ ਚੜ੍ਹਨ ਲਈ। ਸੂਰਜ ਮੱਥੇ 'ਤੇ ਐ। ਧੁੱਪ-ਈ-ਧੁੱਪ। ਕਿਤੇ ਵੀ ਛਾਂ ਨਹੀਂ। ਮੈਨੂੰ ਤੁਰਨਾ, ਪਹਾੜ ਚੜ੍ਹਨਾ ਪਸੰਦ ਏ। ਇਹ ਚੜ੍ਹਈ ਤਾਂ ਕੁਝ ਵੀ ਨਹੀਂ ਪਰ ਸਮਾਂ ਗ਼ਲਤ ਏ। ਸਰੀਰ ਵਿਚ ਥਕਾਣ ਏ। ਪਾਣੀ ਵਾਲੀ ਬੋਤਲ ਤਕ ਨਾਲ ਨਹੀਂ। ਉਸਨੇ ਆਸਮਾਨ ਵੱਲ ਦੇਖਿਆ। ਪਹਾੜੀ ਦੀ ਟੀਸੀ ਦਿਸੀ। ਬਹੁਤੀ ਦੂਰ ਨਹੀਂ। ਉੱਥੇ ਰੁੱਖ ਦਿਸ ਰਿਹਾ ਸੀ। ਸ਼ਾਇਦ ਛਾਂ ਹੋਏਗੀ ਉੱਥੇ।

ਉਹ ਪੈਰ ਘਸੀਟਦਾ ਹੋਇਆ ਉਸ ਰੁੱਖ ਤਕ ਜਾ ਪਹੁੰਚਿਆ। ਰੁੱਖ ਵੱਡਾ ਨਹੀਂ ਸੀ। ਪਰ ਛਾਂ ਖਾਸੀ ਸੀ। ਪਥਰੀਲੀ ਜ਼ਮੀਨ। ਉਹ ਮੁੱਢ ਨਾਲ ਢੋਅ ਲਾ ਕੇ ਬੈਠ ਗਿਆ। ਸ਼ਾਂਤੀ ਮਹਿਸੂਸ ਹੋਈ।

ਉਸਨੇ ਸੋਚਿਆ, ਇਹ ਵੀ ਕੋਈ ਚੜ੍ਹਾਈ ਏ—ਹੋਰ ਕੋਈ ਮੌਕਾ ਹੁੰਦਾ ਤਾਂ ਮੈਂ ਕਈ ਵਾਰੀ ਚੜ੍ਹ-ਉਤਰ ਲਿਆ ਹੁੰਦਾ, ਪਰ ਹੁਣ ਮਨ ਨੇ ਥਕਾ ਦਿੱਤਾ ਏ ਪੂਰਾ! ਬੇਵਸ ਮਨ! ਸਰੀਰ ਥਕਾਣ ਨਾਲ ਚੂਰ।

ਉਸਨੇ ਲੰਮਾਂ ਸਾਹ ਖਿੱਚਿਆ ਤੇ ਛੱਡਿਆ। ਖੁੱਲ੍ਹਾ ਵਾਤਾਵਰਣ ਸੀ। ਹਵਾ ਦੀਆਂ ਠੰਡੀਆਂ ਲਹਿਰਾਂ ਆ ਰਹੀਆਂ ਸਨ। ਉਸਨੇ ਸਾਹਮਣੇ ਦੇਖਿਆ। ਅਸੀਮ ਸਮੁੰਦਰ। ਧੁੱਪ ਵਿਚ ਲਿਪਟਿਆ ਆਸਮਾਨ ਵੀ ਸਮੁੰਦਰ ਵਿਚ ਘੁਲ-ਮਿਲ ਗਿਆ ਸੀ।

ਉਸਨੇ ਆਪਣੇ ਸੁੱਕੇ ਬੁੱਲ੍ਹਾਂ ਉੱਤੇ ਜੀਭ ਫੇਰੀ। ਉਸਨੂੰ ਯਾਦ ਆਇਆ—ਵਿਆਹ ਹੋਣ ਪਿੱਛੋਂ ਉਹ ਘਰ-ਗ੍ਰਹਿਸਤੀ ਵਿਚ ਰਮ ਗਿਆ ਸੀ ਫੇਰ ਵੀ ਮਨ ਵਿਚ ਇਕ ਡਰ ਬੈਠਾ



ਹੋਇਆ ਸੀ। ਨੰਦਨੀ ਮੈਨੂੰ ਛੱਡ ਜਾਏਗੀ। ਹੁਣ ਇੰਜ ਉਸਨੇ ਕਿਉਂ ਮੰਨ ਲਿਆ ਸੀ, ਪਤਾ ਨਹੀਂ। ਉਸਦੇ ਛੱਡ ਜਾਣ ਦਾ ਕੋਈ ਕਾਰਨ ਵੀ ਨਹੀਂ ਸੀ। ਨਾ ਕਦੀ ਐਸਾ ਕੋਈ ਸੰਕੇਤ ਮਿਲਿਆ ਸੀ। ਪਰ ਮਨ ਦੀ ਡੂੰਘਾਈ ਵਿਚ ਇਹ ਡਰ, ਵਿਆਹ ਦੇ ਤੁਰੰਤ ਬਾਅਦ ਈ, ਅੜ ਕੇ ਬੈਠਾ ਗਿਆ ਸੀ। ਨੰਦਨੀ ਦੀ ਗੱਲਬਾਤ ਵਿਚ ਜਾਂ ਵਿਹਾਰ ਵਿਚ ਕੋਈ ਰਹੱਸ ਨਹੀਂ ਸੀ ਫੇਰ ਵੀ ਭਾਸਕਰ ਸੋਚਦਾ ਰਿਹਾ ਕਿ ਅਜਿਹਾ ਕੁਝ ਹੋ ਸਕਦਾ ਏ। ਉਹ ਹਮੇਸ਼ਾ ਨਾਲ ਰਹਿੰਦੀ ਸੀ। ਉਸਨੇ ਭਾਸਕਰ ਨੂੰ ਕਿਸੇ ਕਿਸਮ ਦੀ ਕੋਈ ਕਮੀ ਮਹਿਸੂਸ ਨਹੀਂ ਸੀ ਹੋਣ ਦਿੱਤੀ। ਫੇਰ ਵੀ ਭਾਸਕਰ ਸੋਚਦਾ ਸੀ ਕਿ ਮੈਂ ਨੰਦਨੀ ਦੇ ਮਨ ਦੀ ਗਹਿਰਾਈ ਦਾ ਅੰਦਾਜ਼ਾ ਨਹੀਂ ਲਾ ਸਕਿਆ। ਉਸਦੇ, ਮੇਰੇ ਵਿਚਕਾਰ ਕੋਈ ਅਣਬਣ ਹੋਈ ਤਾਂ ਉਹ ਮੈਨੂੰ ਛੱਡ ਕੇ ਚਲੀ ਜਾਏਗੀ। ਇਸੇ ਡਰ ਕਰਕੇ ਉਹ ਕਦੀ ਨੰਦਨੀ ਨਾਲ ਦੁਰਵਿਹਾਰ ਨਹੀਂ ਕਰ ਸਕਿਆ। ਉਹ ਸੋਚਦਾ ਸੀ ਇਸ ਵਰਗੀਆਂ ਔਰਤਾਂ ਕਦੀ ਕੁਛ ਕਹਿੰਦੀਆਂ ਨਹੀਂ ਪਰ ਅੰਦਰੇ-ਅੰਦਰ ਸੋਚਦੀਆਂ ਰਹਿੰਦੀਆਂ ਨੇ ਤੇ ਅਚਾਨਕ ਘਰ-ਗ੍ਰਹਿਸਤੀ ਵੱਲੋਂ ਉਹਨਾਂ ਦਾ ਮਨ ਉਚਾਟ ਹੋ ਜਾਂਦਾ ਏ। ਉਹ ਕੁਝ ਵੀ ਸੋਚ, ਕਰ, ਸਕਦੀਆਂ ਨੇ। ਇਹਨਾਂ ਬਾਰੇ ਕੋਈ ਅੰਦਾਜ਼ਾ ਲਾਉਣਾ ਮੁਸ਼ਕਿਲ ਏ। ਇਹਨਾਂ ਦਾ ਮਨ ਵੱਖਰੀ ਕਿਸਮ ਦਾ ਹੁੰਦਾ ਏ। ਉਹ ਕੁਛ ਵੱਖਰੀ ਤਰ੍ਹਾਂ ਈ ਸੋਚਦੀਆਂ ਨੇ।

ਤੇ ਇੰਜ ਈ ਹੋਇਆ। ਭਾਵੇਂ ਉਹ ਮੈਨੂੰ ਛੱਡ ਕੇ ਨਹੀਂ ਗਈ ਪਰ ਵਨੰਗੀ ਉਹੀ ਏ। ਤੇ ਛੱਡ ਕੇ ਜਾਏਗੀ ਵੀ ਕਿਉਂ? ਘਰੇ ਰਹਿ ਕੇ ਈ ਜਦੋਂ ਸਭ ਕੁਝ ਕਰ ਸਕਦੀ ਏ ਤਾਂ ਘਰ ਦੀ ਸੁਰੱਖਿਆ ਤਿਆਗ ਕੇ ਕਿਉਂ ਜਾਏਗੀ? ਇਹ ਆਪਣੇ ਨਾਲੋਂ ਵੀ ਚਲਾਕ ਨਿਕਲੀ। ਮੈਂ ਤਾਂ ਮੂਰਖ ਈ ਸਾਬਤ ਹੋਇਆ ਆਂ। ਵਿਆਹ ਤੈਅ ਹੋਇਆ ਸੀ ਓਦੋਂ ਵੀ ਇਹ ਗੱਲ ਮੇਰੇ ਮਨ ਵਿਚ ਆਈ ਸੀ। ਮੈਂ ਪੇਂਡੂ ਮੁੰਡਾ। ਉਹ ਸ਼ਹਿਰ ਵਿਚ ਪਲੀ-ਵੱਡੀ ਹੋਈ ਏ। ਚਾਲ ਵਿਚ ਰਹਿਣ ਵਾਲੀ। ਆਪਣੇ ਵੱਲ ਖਿੱਚ ਲੈਣ ਵਾਲੀ। ਇਸਦਾ ਕੋਈ ਤਾਂ ਚੱਕਰ ਰਿਹਾ ਹੋਏਗਾ। ਸਿੱਧਾ ਉਸਨੂੰ ਪੁੱਛਣ ਦਾ ਹੌਸਲਾ ਉਹ ਕਦੀ ਨਹੀਂ ਕਰ ਸਕਿਆ। ਹਾਸੇ-ਮਜ਼ਾਕ ਵਿਚ ਪੁੱਛਿਆ ਤਾਂ ਸੀ—ਕੋਈ ਹੈ ਤਾਂ ਦੱਸ। ਉਦੋਂ ਤਾਂ ਉਸਨੇ 'ਨਾਂਹ' ਕਹਿ ਦਿੱਤੀ ਸੀ। ਫੇਰ ਮੈਂ ਵੀ ਇਸ ਗੱਲ ਨੂੰ ਕਦੀ ਨਹੀਂ ਛੇੜਿਆ। ਮੇਰਾ ਸੁਭਾਅ ਵੀ ਸ਼ੱਕੀ ਨਹੀਂ ਤੇ ਉਸਦੇ ਵਿਹਾਰ ਵਿਚ ਕਦੀ ਕੁਛ ਗ਼ਲਤ ਵੀ ਨਹੀਂ ਲੱਗਿਆ।

ਰੁੱਖ ਦੀ ਛਾਂ ਫੈਲੀ ਹੋਈ ਸੀ। ਖੁੱਲ੍ਹੀ ਹਵਾ ਵਗ ਰਹੀ ਸੀ। ਉਹ ਆਰਾਮ ਨਾਲ ਬੈਠਾ ਸੀ, ਤਦ ਵੀ ਉਸਨੂੰ ਬੜੀ ਥਕਾਣ ਮਹਿਸੂਸ ਹੋ ਰਹੀ ਸੀ। ਇਕੱਲਾਪਨ ਰੜਕ ਰਿਹਾ ਸੀ। ਆਸੇ-ਪਾਸੇ ਕੋਈ ਨਹੀਂ ਸੀ। ਹੁੰਦਾ ਵੀ ਤਾਂ ਉਸ ਨਾਲ ਗੱਲ ਥੋੜ੍ਹਾ ਈ ਕੀਤੀ ਜਾਂਦੀ? ਕਿਸ ਨੂੰ ਕਹਾਂ? ਵੈਸੇ ਮੇਰਾ ਸਕਾ ਹੈ ਕੌਣ? ਮਾਂ ਬਚਪਨ ਵਿਚ ਗੁਜਰ ਗਈ ਸੀ। ਕਾਲਜ ਵਿਚ ਸੀ ਤਾਂ ਪਿਤਾ ਜੀ ਚੱਲ ਵੱਸੇ ਸਨ। ਨਾ ਭੈਣ ਨਾ ਭਰਾ। ਚਚੇਰੇ ਭਰਾਵਾਂ ਨਾਲ ਸੰਪਰਕ ਬਣ ਨਹੀਂ ਸਕਿਆ। ਮਾਂ ਨਾਲ ਸੰਬੰਧਤ ਇਕ ਦੋ ਦੂਰ ਦੇ ਰਿਸ਼ਤੇਦਾਰ ਤੇ ਕੁਝ ਯਾਰ-ਬੇਲੀ। ਕੋਈ ਨਜ਼ਦੀਕੀ ਰਿਸਤਾ ਨਹੀਂ। ਕਿਸਨੂੰ ਕਹੇ? ਕਿਸ ਨਾਲ ਸਲਾਹ ਕਰੇ? ਕਿਸੇ ਦਾ ਮੇਰੇ ਨਾਲ ਲਾਗਾ-ਦੇਗਾ ਈ ਕੀ ਏ? ਸਾਰੇ ਮੈਨੂੰ ਜਾਣਦੇ ਨੇ—ਇਕ 'ਸੈਲਫ਼ਮੇਡ ਮੈਨ' ਦੇ ਰੂਪ ਵਿਚ। ਲੋਕ ਮੈਥੋਂ ਈ ਸਲਾਹ ਮੰਗਣ ਆਉਂਦੇ ਨੇ। ਮੈਂ ਕਿਸ ਕੋਲ ਕੀ ਜਾਵਾਂ? ਤੇ ਕਿਸ ਨੂੰ ਕੀ ਆਖਾਂਗਾ?

ਉਸਨੂੰ ਲੱਗਿਆ ਏਨੀ ਸਾਵਧਾਨੀ ਵਰਤਣ ਦੇ ਬਾਵਜੂਦ ਵੀ ਮੈਂ ਧੋਖਾ ਈ ਖਾਧਾ ਏ ਆਖ਼ਰ। ਮੇਰੇ ਨਾਲ ਈ ਇਹ ਕਿਉਂ ਹੋਇਆ? ਮੇਰਾ ਕੀ ਦੋਸ਼ ਏ? ਇਹ ਕਿਸ ਗੱਲ ਦੀ ਸਜ਼ਾ ਮਿਲ ਰਹੀ ਏ? ਉਸਦੇ ਚਿਹਰੇ ਦਾ ਤਣਾਅ ਵਧਦਾ ਗਿਆ। ਮੈਂ ਤਾਂ ਨੰਦਨੀ ਨੂੰ ਬੇਹੱਦ ਪਿਆਰ ਕੀਤਾ ਏ। ਉਹ ਫੇਰ ਸੋਚਣ ਲੱਗਾ...ਤੇ ਹੋਰ ਕਿਸੇ ਕੁੜੀ ਦੇ ਪ੍ਰਤੀ ਮੈਨੂੰ ਇੰਜ ਕੁਝ ਨਹੀਂ ਲੱਗਿਆ। ਇੰਜਨੀਅਰਿੰਗ ਕਾਲਜ ਵਿਚ ਕੁਝ ਕੁੜੀਆਂ ਹੈ ਸਨ। ਬਾਹਰ ਵੀ। ਚੜ੍ਹਦੀ ਅਵਸਥਾ ਵਿਚ

ਜਿਹੜਾ ਅਕਰਸ਼ਣ ਹੁੰਦਾ ਏ ਬੱਸ ਓਨਾਂ ਈ ਰਿਹਾ। ਕੁਝ ਖਾਸ ਨਹੀਂ। ਮੇਰੇ ਨਾਲ ਦੇ ਸਾਰੇ ਵਿਦਿਆਰਥੀ ਕੁੜੀਆਂ ਦੇ ਪਿੱਛੇ ਪਿੱਛੇ ਮੰਡਲਾਉਂਦੇ ਫਿਰਦੇ ਸਨ। ਮੈਂ ਉਹਨਾਂ ਉੱਤੇ ਹੱਸਦਾ ਹੁੰਦਾ ਸਾਂ। ਨੰਦਨੀ ਪਹਿਲੀ ਨਜ਼ਰ ਵਿਚ ਮੈਨੂੰ ਚੰਗੀ ਲੱਗੀ ਤੇ ਹਮੇਸ਼ਾ ਚੰਗੀ ਈ ਲੱਗਦੀ ਰਹੀ। ਉਹ ਕੀ ਚਾਹੁੰਦੀ-ਸੋਚਦੀ ਸੀ ਪਤਾ ਨਹੀਂ ਪਰ ਮੇਰੀ ਚਾਹਤ ਬੜੀ ਸਾਧਾਰਣ ਜਿਹੀ ਰਹੀ। ਪਤੀ-ਪਤਨੀ ਇਕ ਦੂਜੇ ਨਾਲ ਬੇਹੱਦ ਪ੍ਰੇਮ ਕਰਨ। ਬੱਸ। ਭਾਵੇਂ ਕੁਝ ਵੀ ਹੋਏ ਦੋਵੇਂ ਨਾਲ-ਨਾਲ ਰਹਿਣ। ਕੀ ਏਨੀ ਇੱਛਾ-ਉਮੀਦ ਵੀ ਨਹੀਂ ਸੀ ਰੱਖਣੀ ਚਾਹੀਦੀ?

ਹੁਣ ਉਹ ਥਕਾਣ ਨਾਲ ਚੂਰ ਚੂਰ ਹੋ ਗਿਆ ਸੀ। ਉਸਨੇ ਚਾਰੇ ਪਾਸੇ ਨਜ਼ਰ ਦੌੜਾਈ। ਪਹਾੜੀ ਉਪਰ ਸਾਰੇ ਪਾਸੇ ਸੁੱਕੀ ਘਾਹ ਸੀ। ਨੰਗੀਆਂ ਚਟਾਨਾਂ। ਕੁਝ ਦੂਰੀ ਉੱਤੇ ਕਿਸੇ ਪੁਰਾਣੇ ਕਿਲ੍ਹੇ ਦਾ ਖੰਡਰ ਖੜ੍ਹਾ ਸੀ। ਆਪਣੇ-ਆਪ ਵਿਚ ਮਗਨ। ਉਸਦੇ ਲਾਗੇ ਹੀ ਲਾਈਟ-ਹਾਊਸ ਸੀ। ਹਵਾ ਵਗ ਰਹੀ ਸੀ। ਕਿਸੇ ਮਨੁੱਖ ਦਾ ਨਾਂ-ਨਿਸ਼ਾਨ ਨਹੀਂ ਸੀ। ਗਿਆਰਵੀਂ ਦੇ ਇਮਤਿਹਾਨ ਵਿਚ ਅੰਗਰੇਜ਼ੀ ਦੇ ਪਰਚੇ ਸਮੇਂ ਜਿਹੜੀ ਹਾਲਤ ਹੋਈ ਸੀ ਬਿਲਕੁਲ ਓਹੋ-ਜਿਹੀ ਈ ਉਸਨੂੰ ਏਸ ਵੇਲੇ ਲੱਗ ਰਿਹੀ ਸੀ। ਇਮਤਿਹਾਨ ਦੇਣ ਲਈ ਤਹਿਸੀਲ ਦੇ ਸਕੂਲ ਜਾਣਾ ਪੈਂਦਾ ਸੀ। ਉਸ ਦਿਨ ਬਸ ਆਈ ਈ ਨਹੀਂ। ਦੂਜੀ ਕੋਈ ਸਵਾਰੀ ਮਿਲਣਾ ਮੁਸ਼ਕਿਲ ਸੀ। ਛੇ ਕਿਲੋਮੀਟਰ ਦੌੜਦਾ-ਹਫ਼ਦਾ ਹੋਇਆ ਵੱਡੀ ਸੜਕ ਤਕ ਗਿਆ ਸੀ। ਕਰੜੀ ਧੁੱਪ ਵਿਚ ਇਕ ਘੰਟਾ ਦੇਰ ਨਾਲ ਪਹੁੰਚਿਆ। ਤਿਆਰੀ ਚੰਗੀ ਹੋਈ ਸੀ ਪਰ ਸਮਾਂ ਨਹੀਂ ਸੀ ਮਿਲਿਆ। ਤਿੰਨ ਸਵਾਲਾਂ ਦੇ ਉਤਰ ਨਹੀਂ ਸੀ ਲਿਖ ਸਕਿਆ। ਇਮਤਿਹਾਨ ਪਿੱਛੋਂ ਭੁੱਟ-ਭੁੱਟ ਕੇ ਰੋ ਪਿਆ ਸੀ ਮੈਂ। ਮੇਰੀ ਕੋਈ ਗਲਤੀ ਨਹੀਂ ਸੀ। ਫੇਰ ਵੀ ਅਸਫ਼ਲਤਾ। ਪਿਤਾ ਜੀ ਗੁਜਰ ਗਏ ਸਨ ਉਦੋਂ ਵੀ ਇਹੀ ਹਾਲ ਸੀ। ਸਟਰਾਈਕਾਂ ਧਰਨੇ ਚੱਲ ਰਹੇ ਸਨ। ਸਭ ਬੰਦ ਸੀ। ਉਹ ਅੰਤਮ ਘੜੀਆਂ ਗਿਣ ਰਹੇ ਸਨ। ਮੈਂ ਤੁਰੰਤ ਉਹਨਾਂ ਕੋਲ ਜਾਣ ਲਈ ਤੁਰ ਪਿਆ ਪਰ ਵਿਚਕਾਰ ਰੇਲ ਰੋਕ ਦਿੱਤੀ ਗਈ ਸੀ। ਸਵੇਰੇ ਪਹੁੰਚਿਆ ਤਾਂ ਉਹ ਚਲ-ਵੱਸੇ ਸਨ। ਉਦੋਂ ਵੀ ਮੈਂ ਓਵੇਂ ਹੀ ਰੋਇਆ ਸੀ।

ਅਣਜਾਣੇ ਵਿਚ ਉਸਦੀਆਂ ਅੱਖਾਂ ਸਿੱਜਲ ਹੋ ਗਈਆਂ। ਕਿਧਰੇ ਗਵਾਚਿਆ ਜਿਹਾ ਉਹ ਇਹੀ ਸੋਚ ਰਿਹਾ ਸੀ। ਹੁਣ ਵੀ ਉਸਦੀ ਉਸੇ ਤਰ੍ਹਾਂ ਰੋਣ ਦੀ ਇੱਛਾ ਹੋਈ। ਚੰਗਾ ਸੀ ਕੋਈ ਆਸੇ-ਪਾਸੇ ਨਹੀਂ ਸੀ। ਉਸਨੇ ਬੁੱਲ੍ਹ ਘੁੱਟ ਲਏ। ਕੋਈ ਸਾਥ ਹੋਣਾ ਚਾਹੀਦਾ ਸੀ। ਮਾਂ! ਮਾਂ ਦੀ ਧੁੰਦਲੀ ਜਿਹੀ ਯਾਦ ਏ। ਉਸਦੀ ਉਹ ਮਹਿੰਦੀ ਰੰਗ ਦੀ ਸਾੜ੍ਹੀ। ਫ਼ੋਟੋ ਹੈ ਪਰ ਫ਼ੋਟੋ ਵਾਲੀ ਮਾਂ ਓਪਰੀ-ਪਰਾਈ ਜਿਹੀ ਲੱਗਦੀ ਏ। ਮਨ ਵਿਚ ਜਿਹੜੀ ਧੁੰਦਲੀ ਜਿਹੀ ਤਸਵੀਰ ਏ ਉਹੀ ਜ਼ਿਆਦਾ ਆਪਣੀ ਲੱਗਦੀ ਏ। ਉਸਦੀ ਉਹ ਵਾਸਤਲ ਭਰੀ ਛੋਹ, ਅਗਰਬੱਤੀ ਦੀ ਖ਼ੁਸ਼ਬੂ, ਲੱਡੂ ਦਾ ਸਵਾਦ, ਤੇ ਉਸਦੇ ਹੋਣ ਦਾ ਅਹਿਸਾਸ। ਉਹ ਹੁੰਦੀ ਵੀ ਤਾਂ ਕੀ ਹੁੰਦਾ? ਕੀ ਮੈਂ ਉਸਨੂੰ ਇਹ ਸਭ ਦੱਸ ਸਕਦਾ? ਪਿਤਾ ਜੀ ਤਾਂ ਜਿਵੇਂ ਵਿਰਕਤ ਸਨ। ਮਾਂ ਦੇ ਚਲੇ ਜਾਣ ਪਿੱਛੋਂ ਕੁਝ ਵਧੇਰੇ ਈ ਉਦਾਸੀਨ ਹੋ ਗਏ। ਮੇਰੇ ਲਈ ਸਭ ਜੁਗਾੜ ਕਰ ਦਿੱਤਾ ਸੀ ਉਹਨਾਂ ਨੇ ਪਰ ਮੈਂ ਕੀ ਪੜ੍ਹ ਰਿਹਾਂ, ਕੀ ਕਰ ਰਿਹਾ ਆਂ ਇਸ ਨਾਲ ਉਹਨਾਂ ਦਾ ਕੋਈ ਵਾਸਤਾ ਨਹੀਂ ਸੀ। ਉਹ ਕੁਝ ਜਾਣਨਾ-ਪੁੱਛਣਾ ਵੀ ਨਹੀਂ ਸੀ ਚਾਹੁੰਦੇ।

ਉਸਨੇ ਗਿੱਲੀਆਂ ਅੱਖਾਂ ਨਾਲ ਸਾਹਮਣੇ ਵੱਲ ਦੇਖਿਆ। ਦੂਰ ਤਕ ਫੈਲਿਆ ਨੀਲਾ ਸਮੁੰਦਰ—ਧੁੰਦਲਾ ਦੁਮੇਲ...ਸ਼ੂੰਨਯ ਵਿਚ ਸਮਾਇਆ ਹੋਇਆ ਚਾਨਣ। ਪਾਣੀ ਤੇ ਆਸਮਾਨ ਦਾ ਇਕ ਦੂਜੇ ਵਿਚ ਘੁਲਿਆ ਹੋਇਆ ਨਜ਼ਾਰਾ। ਫੇਰ ਦੀ ਸਮੁੰਦਰ ਦਾ ਹੋਣਾ ਸਾਫ ਪਤਾ ਲੱਗ ਰਿਹਾ ਏ। ਆਕਾਸ਼ ਖਾਲੀ ਏ। ਇਕ ਸੱਖਣਾਪਨ! ਸਮੁੰਦਰ ਭਰਿਆ ਭਰਿਆ ਜਿਹਾ ਏ। ਡੂੰਘਾ ਏ। ਇਸ ਲਈ ਜੀਵੰਤ ਲੱਗਦਾ ਏ। ਲਹਿਰਾਂ ਨੇ। ਝੱਗ ਐ। ਲਹਿਰਾਂ ਕਿਨਾਰੇ ਨਾਲ ਖਹਿ ਰਹੀਆਂ ਨੇ।



ਆਵਾਜ਼ ਧੀਮੀ ਏ ਪਰ ਜੀਵੰਤ ਹੋਣ ਦਾ ਅਹਿਸਾਸ ਕਰਵਾਉਂਦੀ ਏ।

ਦੇਰ ਤਕ ਉਹ ਓਵੇਂ ਈ ਬੈਠਾ ਰਿਹਾ। ਸੋਚਣ ਲੱਗਾ, ਕੋਈ ਨਹੀਂ ਪਰ ਸਮੁੰਦਰ ਤਾਂ ਐ। ਇਹ ਪਹਾੜੀ, ਇਹ ਮੈਦਾਨ, ਆਕਾਸ਼, ਸੂਰਜ ਸਭ ਬੇਕਾਰ ਨੇ। ਕਿਸੇ ਕੰਮ ਦੇ ਨਹੀਂ ਪਰ ਇਹ ਸਮੁੰਦਰ ਆਪਣਾ ਏ। ਇਹ ਜਾਗ ਰਿਹਾ ਏ। ਮੈਂ ਇਸ ਵੇਲੇ ਭਾਵੇਂ ਏਨੀ ਉਚਾਈ ਉੱਤੇ ਆਂ ਪਰ ਸਮੁੰਦਰ ਮੈਨੂੰ ਆਪਣੇ ਕੋਲ ਲੱਗ ਰਿਹਾ ਏ। ਕਵੀ ਲੋਕ ਐਵੇਂ ਈ ਨਹੀਂ ਸਮੁੰਦਰ ਨੂੰ ਆਪਣੇ ਸਾਰੇ ਭੇਤ ਦੱਸਦੇ ਰਹਿੰਦੇ। ਉਹ ਜਾਣਦੇ ਨੇ ਕਿ ਸਮੁੰਦਰ ਆਪਣੀ ਡੂੰਘਾਈ ਵਿਚ ਸਾਰੇ ਭੇਤ ਸਾਂਭੀ ਰੱਖਦਾ ਏ। ਜਦੋਂ ਮਨੁੱਖ ਨਹੀਂ ਸੀ, ਓਦੋਂ ਤੋਂ ਲੈ ਕੇ ਸਾਰੇ ਭੇਤ ਅੱਜ ਵੀ ਉਸ ਕੋਲ ਹੈਨ।

ਹੌਲੀ ਹੌਲੀ ਉਸਦਾ ਮਨ ਸ਼ਾਂਤ ਹੁੰਦਾ ਗਿਆ। ਉਸਨੇ ਕਾਟੇਜ ਜਾਣ ਬਾਰੇ ਸੋਚਿਆ। ਜਾਂ ਫੇਰ ਸਮੁੰਦਰ ਕਿਨਾਰੇ ਜਾ ਕੇ ਬੈਠਾਂਗਾ। ਇੱਥੇ ਫੇਰ ਕਦੀ ਆਵਾਂਗਾ। ਉਸਨੇ ਇਕ ਨਜ਼ਰ ਕਿਲੇ ਵੱਲ ਦੇਖਿਆ। ਇਹ ਪੱਥਰ ਇੰਜ ਈ ਰਹਿਣਗੇ। ਕਿੱਥੇ ਜਾਣਗੇ? ਪਰ ਮੈਨੂੰ ਹੁਣ ਸਮੁੰਦਰ ਕਿਨਾਰੇ ਜਾਣਾ ਚਾਹੀਦਾ ਏ। ਸਮੁੰਦਰ ਲਾਗੇ ਜਿਹੜੀਆਂ ਚਟਾਨਾਂ ਨੇ ਉਹਨਾਂ ਉੱਤੇ ਬੈਠਾਂਗਾ ਤਾਂ ਸਮੁੰਦਰ ਨਾਲ ਰੂ-ਬ-ਰੂ ਹੋ ਜਾਵਾਂਗਾ। ਤੇ ਮਨ ਵਧੇਰੇ ਸ਼ਾਂਤ ਹੋਏਗਾ।

ਉਹ ਪਹਾੜੀ ਉਤਰਨ ਲੱਗਾ। ਸਹਿਜ ਨਾਲ। ਰੇਸਟੋਰੇਂਟ ਕੋਲੋਂ ਲੰਘਦਾ ਹੋਇਆ ਕਾਟੇਜ ਪਹੁੰਚਿਆ।

ਨੰਦਨੀ ਪੌੜੀਆਂ ਉੱਤੇ ਬੈਠੀ ਕਿਤਾਬ ਪੜ੍ਹ ਰਹੀ ਸੀ। ਭਾਸਕਰ ਨੂੰ ਦੇਖਦਿਆਂ ਈ ਉਸਦੀਆਂ ਅੱਖਾਂ ਵਿਚ ਚਮਕ ਆ ਗਈ।

"ਕਿੱਥੇ ਗਏ ਸੀ?" ਕਿਤਾਬ ਬੰਦ ਕਰਦਿਆਂ ਉਸਨੇ ਪੁੱਛਿਆ।

"ਪਹਾੜੀ 'ਤੇ।"

"ਬਿਨਾਂ ਦੱਸਿਆਂ?"

"ਕਿਉਂ ਮੈਨੂੰ ਏਨੀ ਵੀ ਖੁੱਲ੍ਹ ਨਹੀਂ?"

"ਉਹ ਗੱਲ ਨਹੀਂ ਜੀ! ਖਾਸੀ ਦੇਰ ਲਾ ਦਿੱਤੀ। ਇਸ ਲਈ।" ਉਸਨੇ ਧੀਮੀ ਆਵਾਜ਼ ਵਿਚ ਕਿਹਾ।

ਭਾਸਕਰ ਨੇ ਸਿਰਫ ਘੜੀ ਦੇਖੀ। ਸਾਢੇ ਗਿਆਰਾਂ ਵੱਜ ਚੁੱਕੇ ਸਨ।

"ਨਾਸ਼ਤਾ ਕੀਤਾ?"

"ਹਾਂ।"

"ਮੈਂ ਨਹੀਂ ਕੀਤਾ। ਮੈਨੂੰ ਤੁਹਾਡੀ ਉਡੀਕ ਕਰ ਰਹੀ ਸੀ।"

"ਜੇ ਤੂੰ..." ਕਹਿੰਦਾ ਕਹਿੰਦਾ ਉਹ ਚੁੱਪ ਕਰ ਗਿਆ।

"ਕੀ?"

"ਤੂੰ ਰੇਸਟੋਰੇਂਟ ਜਾ ਕੇ ਨਾਸ਼ਤਾ ਕਰ ਸਕਦੀ ਸੈਂ।"

ਉਹ ਚੁੱਪ ਰਹੀ। ਭਾਸਕਰ ਵਰਾਂਡੇ ਵਿਚ ਬੈਠਾ ਹੋਇਆ ਸਮੁੰਦਰ ਦੇਖਦਾ ਰਿਹਾ ਸੀ। ਉਸਨੂੰ ਯਾਦ ਆਇਆ ਕਿ ਅਜੇ ਨਹਾਉਣਾ-ਧੋਣਾ ਸਭ ਕੁਝ ਰਹਿੰਦਾ ਏ। ਉਸਨੇ ਆਪਣੇ ਕੱਪੜੇ ਚੁੱਕੇ ਤੇ ਬਾਥਰੂਮ ਵਿਚ ਵੜ ਗਿਆ। ਠੰਡੇ ਪਾਣੀ ਦੇ ਸ਼ਾਵਰ ਹੇਠ ਉਸਨੂੰ ਚੰਗਾ ਲੱਗਾ। ਸਾਬਨ ਦੀ ਝੱਗ ਨਾਲ ਪਸੀਨਾ ਵੀ ਰੁੜ੍ਹ ਗਿਆ। ਉਸਨੂੰ ਹੋਰ ਵੀ ਚੰਗਾ ਲੱਗਾ।

ਤਰੋਤਾਜ਼ਾ ਹੋ ਕੇ ਉਹ ਬਾਹਰ ਆਇਆ। ਨੰਦਨੀ ਪੜ੍ਹਣ ਬੈਠ ਗਈ ਸੀ। ਹੁਣ ਕਿਤਾਬ ਪਾਸੇ ਰੱਖ ਦਿੱਤੀ। ਭਾਸਕਰ ਨੇ ਉਸ ਵੱਲ ਦੇਖਿਆ ਪਰ ਸਮਝ ਨਹੀਂ ਆਈ ਕਿ ਕੀ ਗੱਲ ਕਰੇ। ਕਮਰੇ ਦਾ ਦਰਵਾਜ਼ਾ ਖੁੱਲ੍ਹਾ ਸੀ। ਬਾਹਰ ਨਾਰੀਅਲ ਦੇ ਤਣਿਆਂ ਵਿਚੋਂ ਸਮੁੰਦਰ ਦਿਖਾਈ ਦੇ ਰਿਹਾ ਸੀ।

ਕੁਝ ਨਾ ਕਹਿੰਦਿਆਂ ਹੋਇਆਂ ਉਸਨੇ ਬੂਟ ਪਾਉਣੇ ਸ਼ੁਰੂ ਕਰ ਦਿੱਤੇ। ਏਨੇ ਵਿਚ ਨੰਦਨੀ ਨੇ ਪੁੱਛਿਆ, "ਕਿਤੇ ਜਾ ਰਹੇ ਓਂ?"

"ਸਮੁੰਦਰ ਕਿਨਾਰੇ।"

"ਐਸ ਵੇਲੇ? ਧੁੱਪੇ ਈ?"

ਉਸਨੇ ਜਵਾਬ ਨਾ ਦਿੱਤਾ।

"ਮੈਂ ਵੀ ਚੱਲਾਂਗੀ।"

"ਨਹੀਂ।"

"ਫੇਰ ਤੁਸੀਂ ਵੀ ਨਾ ਜਾਓ। ਮੈਨੂੰ ਛੱਡ ਕੇ ਨਾ ਜਾਓ। ਮੈਥੋਂ ਬਰਦਾਸ਼ਤ ਨਹੀਂ ਹੁੰਦਾ।"

ਉਹ ਓਵੇਂ ਈ ਬੈਠਾ ਰਿਹਾ। ਇਕ ਵਾਰੀ ਉਸਨੇ ਸੋਚਿਆ ਨੰਦਨੀ ਦੀਆਂ ਗੱਲਾਂ ਵੱਲ ਧਿਆਨ ਨਾ ਦੇਂਦਾ ਹੋਇਆ ਚਲਾ ਜਾਵਾਂ। ਪਰ ਉਹ ਜਾਣਦਾ ਸੀ ਨੰਦਨੀ ਨਾਲ ਆਏਗੀ। ਫੇਰ ਉਸਨੂੰ ਰੋਕਣਾ ਮੁਸ਼ਕਿਲ ਹੋ ਜਾਏਗਾ। ਇਸ ਤੋਂ ਚੰਗਾ ਏ ਇੱਥੇ ਈ ਬੈਠਾ ਰਹਾਂ। ਉਸਨੇ ਬੂਟ ਪਰ੍ਹੇ ਖਿਸਕਾ ਦਿੱਤੇ ਤੇ ਸੋਫਾ ਕੁਰਸੀ ਉੱਤੇ ਬੈਠ ਗਿਆ।

"ਮੈਂ ਜਾਣਦੀ ਆਂ ਤੁਹਾਡੇ ਮਨ ਵਿਚ ਕੀ ਕੀ ਉਭਰ ਰਿਹਾ ਏ। ਪਰ ਜਿਵੇਂ ਤੁਸੀਂ ਸੋਚਦੇ ਓਂ, ਗੱਲ ਓਵੇਂ ਨਹੀਂ-ਜੀ।" ਨੰਦਨੀ ਉਸ ਵੱਲ ਖਿਸਕਦੀ ਹੋਈ ਬੋਲੀ।

ਭਾਸਕਰ ਦੇ ਹੋਠਾਂ ਉੱਤੇ ਖੰਜਰ ਵਰਗੀ ਤਿੱਖੀ ਮੁਸਕਾਨ ਉਭਰ ਆਈ।

"ਤੁਸੀਂ ਸੋਚੋਗੇ, ਹੁਣ ਮੇਰੇ ਕੋਲ ਦੱਸਣ ਵਾਸਤੇ ਕੀ ਬਚਿਆ ਹੋਏਗਾ? ਪਰ ਅਜੇ ਜੋ ਦੱਸਣਾ ਬਾਕੀ ਏ, ਉਹੀ ਅਸਲ ਗੱਲ ਏ।"

ਭਾਸਕਰ ਦੇ ਹੋਠਾਂ ਦੀ ਮੁਸਕਾਨ ਗ਼ਾਇਬ ਹੋ ਗਈ।

"ਦੇਖੋ ਭਾਸਕਰ, ਇਹ ਜੋ ਮੈਂ ਦੋਸਤੀ ਕੀਤੀ ਸੀ ਉਹ ਇਸ ਲਈ ਨਹੀਂ ਸੀ ਕੀਤੀ ਕਿ ਮੈਨੂੰ ਕਿਸੇ ਚੀਜ਼ ਦੀ ਕਮੀ ਸੀ। ਜਾਂ ਤੁਹਾਥੋਂ ਕੁਝ ਮਿਲਦਾ ਨਹੀਂ ਸੀ ਜਾਂ ਤੁਹਾਡੇ ਵਿਚ ਕੋਈ ਕਮੀ ਸੀ। ਇਹ ਗੱਲ ਨਹੀਂ ਇਸੇ ਲਈ ਕਹਿੰਦੀ ਆਂ ਕਿ ਤੁਸੀਂ ਕੋਈ ਗ਼ਲਤ-ਫ਼ਹਿਮੀ ਨਾ ਰੱਖਣਾ ਮਨ ਵਿਚ।"

ਉਹ ਸਿਰਫ ਸੁਣਦਾ ਰਿਹਾ।

"ਭਾਸਕਰ ਮੈਂ ਜਾਣਦੀ ਆਂ ਕਿ ਤੁਸੀਂ ਮੇਰੇ ਨਾਲ ਗੁੱਸੇ ਓਂ। ਕਿਸੇ ਨੂੰ ਵੀ ਮੇਰਾ ਇੰਜ ਕਰਨਾ ਪਸੰਦ ਨਹੀਂ ਆਏਗਾ। ਮੈਂ ਇਹ ਸਭ ਜਾਣ-ਬੁੱਝ ਕੇ ਨਹੀਂ ਕੀਤਾ। ਇਹ ਸਭ ਪਹਿਲੋਂ ਧਾਰ ਕੇ ਨਹੀਂ ਹੁੰਦਾ—ਬੱਸ ਹੋ ਜਾਂਦਾ ਏ, ਆਪਣੇ ਆਪ। ਮੈਂ ਏਨਾ ਈ ਸਮਝਾਉਣਾ ਚਾਹੁੰਦੀ ਆਂ ਕਿ ਇਹ ਸਭ ਕਿਸੇ ਕਮੀ ਦੇ ਕਾਰਨ ਨਹੀਂ ਹੋਇਆ।"

ਉਹ ਕੁਝ ਰੁਕੀ। ਫੇਰ ਕਹਿਣਾ ਸ਼ੁਰੂ ਕੀਤਾ...:

"ਦੇਖੋ, ਮੈਂ ਪਹਿਲਾਂ ਈ ਕਿਹਾ ਸੀ ਕਿ ਸਾਡਾ ਮਨ ਬਦਲਦਾ ਰਹਿੰਦਾ ਏ। ਉਹ ਇਕੋ ਜਿਹਾ ਕਦੀ ਨਹੀਂ ਰਹਿੰਦਾ। ਇਸ ਲਈ ਅਸੀਂ ਬਚਪਨ ਵਿਚ ਜਿਵੇਂ ਤੇ ਜੋ ਸੋਚਦੇ ਆਂ, ਓਹ ਜਵਾਨੀ ਵਿਚ ਨਹੀਂ ਸੋਚਦੇ ਤੇ ਨਾ ਈ ਓਵੇਂ ਸੋਚਦੇ ਆਂ। ਅਸੀਂ ਕੁਝ ਵੱਖਰੀ ਤਰ੍ਹਾਂ ਦਾ ਵੀ ਸੋਚ ਸਕਦੇ ਆਂ। ਸਾਡੀਆਂ ਇੱਛਾਵਾਂ-ਉਮੀਦਾਂ ਇਕੋ ਜਿਹੀਆਂ ਨਹੀਂ ਰਹਿੰਦੀਆਂ। ਕਦੀ ਲੱਗਦਾ ਏ ਸਾਡੇ ਨਾਲ ਅਜਿਹੇ ਲੋਕ ਨੇ ਜਿਹੜੇ ਸਾਨੂੰ ਪੂਰੀ ਤਰ੍ਹਾਂ ਸਮਝ ਸਕਦੇ ਨੇ। ਸਾਡੀਆਂ ਗੱਲਾਂ ਦੇ ਸਹੀ ਅਰਥ ਸਮਝ ਸਕਦੇ ਨੇ। ਇੰਜ ਹੁੰਦਾ ਏ ਤਾਂ ਅਸੀਂ ਸੁਰੱਖਿਅਤ ਮਹਿਸੂਸ ਕਰਦੇ ਆਂ। ਬਚਪਨ ਵਿਚ ਸਕੂਲ ਵਿਚ ਕਈ ਸਹੇਲੀਆਂ ਹੁੰਦੀਆਂ ਨੇ ਪਰ ਇਕ ਅੱਧੀ ਦੇ ਨਾਲ ਈ ਸਾਡੀ ਸੁਰ ਮਿਲਦੀ ਏ। ਮੈਂ ਤਾਂ ਹਰ ਦੋ ਸਾਲ ਵਿਚ ਨਵੀਂ ਸਹੇਲੀ ਲੱਭਦੀ ਸਾਂ। ਪੁਰਾਣੀਆਂ ਸਹੇਲੀਆਂ ਵੀ ਹੁੰਦੀਆਂ ਸਨ



ਪਰ ਮਨ ਦੇ ਨੇੜੇ ਰਹਿਣ ਵਾਲੀ ਸਹੇਲੀ ਹਮੇਸ਼ਾ ਬਦਲਦੀ ਰਹਿੰਦੀ ਸੀ। ਉਦੋਂ ਪਤਾ ਨਹੀਂ ਲੱਗਦਾ ਸੀ ਪਰ ਬਾਅਦ ਵਿਚ ਸਮਝ ਆਇਆ ਮਨ ਵਿਚ ਬਦਲਾਅ ਹੁੰਦਾ ਰਹਿੰਦਾ ਏ। ਅਸੀਂ ਵੱਡੇ ਹੁੰਦੇ ਜਾਂਦੇ ਆਂ। ਤੇ ਸਾਨੂੰ ਸਾਡੀਆਂ ਨਵੀਆਂ ਗੱਲਾਂ ਸਮਝਣ ਵਾਲੀ ਤੇ ਵਧੇਰੇ ਸਮਝਦਾਰ ਸਹੇਲੀ ਦੀ ਲੋੜ ਹੁੰਦੀ ਏ। ਹੁਣ ਜਿਹੜੀ ਅਮਰੀਕਾ ਵਿਚ ਏ ਨਾ ਮੇਰੀ ਸਹੇਲੀ ਸੁਲਭਾ ਉਹ ਅੱਜ ਵੀ ਮੇਰੀ ਚਹੇਤੀ ਸਹੇਲੀ ਹੁੰਦੀ। ਪਰ ਉਸਦੇ ਪਿਤਾ ਜੀ ਦੀ ਬਦਲੀ ਹੋ ਗਈ। ਹੋਰ ਵੀ ਸਹੇਲੀਆਂ ਸਨ ਪਰ ਏਨੀਆਂ ਨਜ਼ਦੀਕ ਨਹੀਂ ਆ ਸਕੀਆਂ। ਤੁਸੀਂ ਸਮਝ ਰਹੇ ਓਂ ਨਾ?"

ਉਹ ਚੁੱਪ ਰਿਹਾ।

"ਮਨ ਲਗਾਤਾਰ ਕੁਛ ਲੱਭਦਾ-ਭਾਲਦਾ ਰਹਿੰਦਾ ਏ। ਵੱਖ ਵੱਖ ਵਿਅਕਤੀ। ਮੈਂ ਸਹੇਲੀ ਕਹਿ ਰਹੀ ਆਂ ਪਰ ਜ਼ਰੂਰੀ ਨਹੀਂ ਕਿ ਹਰ ਵਾਰੀ ਹਰ ਸਹੇਲੀ ਸਾਡੀ ਹਮ-ਉਮਰ ਈ ਹੋਏ। ਕਦੀ ਮਾਂ, ਕਦੀ ਪਿਤਾ ਜੀ, ਕਦੀ ਆਫ਼ਿਸ ਵਿਚ ਕੰਮ ਕਰਨ ਵਾਲਾ ਕੋਈ।...ਇਹਨਾਂ ਵਿਚੋਂ ਕੋਈ ਵੀ ਸਾਡੇ ਲਈ ਸਹੇਲੀ ਦੀ ਭੂਮਿਕਾ ਨਿਭਾ ਸਕਦਾ ਏ। ਮੇਰੀ ਮਾਂ ਦੀ ਬਿਮਾਰੀ ਤੁਸੀਂ ਦੇਖੀ ਏ। ਉਹਨਾਂ ਦੋ ਵਰ੍ਹਿਆਂ ਵਿਚ ਅਸੀਂ ਖੁੱਲ੍ਹ ਕੇ ਏਨੀਆਂ ਗੱਲਾਂ ਕੀਤੀਆਂ ਜਿੰਨੀਆਂ ਪਹਿਲਾਂ ਕਦੀ ਨਹੀਂ ਕੀਤੀਆਂ ਸਨ। ਮਾਂ ਨੇ ਮੈਨੂੰ ਕਿਹਾ ਵੀ ਸੀ ਕਿ ਜੋ ਮੈਂ ਕਹਿਣਾ ਚਾਹੁੰਦੀ ਆਂ, ਉਸਨੂੰ, ਤੂੰ ਸਹੀ-ਸਹੀ ਸਮਝਦੀ ਏਂ। ਸਹੇਲਪੁਣਾ ਕਈਆਂ ਨਾਲ ਹੁੰਦਾ ਰਹਿੰਦਾ ਏ—ਇਕ ਵਾਰੀ ਰਾਜੂ ਦੇ ਸਕੂਲ ਵਿਚ ਪੜ੍ਹਨ ਵਾਲੇ ਦੋ ਬੱਚਿਆਂ ਦੀਆਂ ਮਾਂਵਾਂ ਵੀ ਮੇਰੀਆਂ ਸਹੇਲੀਆਂ ਬਣ ਗਈਆਂ ਸਨ। ਹੁਣ ਸਾਡੇ ਬੱਚੇ ਈ ਨਾਲ ਨਹੀਂ ਰਹੇ ਸੋ ਉਹ ਦੋਸਤੀ ਵੀ ਖ਼ਤਮ ਹੋ ਗਈ।"

ਉਹ ਸਿਰਫ ਸੁਣਦਾ ਰਿਹਾ। ਉਸਨੂੰ ਲੱਗਿਆ ਇਸ ਵਿਚ ਅਜਿਹੀ ਕਿਹੜੀ ਨਵੀਂ ਗੱਲ ਏ ਜਿਹੜੀ ਉਹ ਕਹਿ ਰਹੀ ਏ? ਇੱਥੇ ਸਵਾਲ ਸਹੇਲੀਆਂ ਤੇ ਸਹੇਲਪੁਣੇ ਦਾ ਨਹੀਂ, ਪਤੀ-ਪਤਨੀ ਦੇ ਸੰਬੰਧਾਂ ਦਾ ਏ।

"ਤੇ ਸ਼ਾਦੀ ਘਪਲਾਬਾਜ਼ੀ ਨਹੀਂ ਹੁੰਦੀ।" ਨੰਦਨੀ ਨੇ ਕਿਹਾ, "ਜਿਵੇਂ ਤੁਹਾਡੇ ਕਾਰੋਬਾਰ, ਕੰਪਨੀ ਆਦਿ ਵਿਚ ਵੀ ਘਪਲਾ ਨਹੀਂ ਹੋ ਸਕਦਾ। ਸ਼ਾਦੀ ਅਸੀਂ ਕੁਝ ਵੱਖਰੇ ਕਾਰਨਾਂ ਕਰਕੇ ਈ ਕਰਦੇ ਆਂ। ਉਹ ਬਿਲਕੁਲ ਵੱਖਰਾ ਰਾਹ ਏ। ਪ੍ਰਮੁੱਖ ਰਸਤਾ ਤੇ ਜੀਵਨ ਨੂੰ ਬਦਲ ਦੇਣ ਵਾਲਾ ਰਸਤਾ। ਵੱਡੀ ਦੁਨੀਆਂ ਤਕ ਲੈ ਕੇ ਜਾਣ ਵਾਲਾ ਰਸਤਾ। ਪਰ ਸ਼ਾਦੀ ਦੇ ਰਸਤੇ ਅਸੀਂ ਹਰ ਉਸ ਜਗ੍ਹਾ ਨਹੀਂ ਪਹੁੰਚ ਸਕਦੇ ਜਿੱਥੇ ਅਸੀਂ ਪਹੁੰਚਣਾ ਚਾਹੁੰਦੇ ਆਂ।"

ਪਲ ਭਰ ਲਈ ਉਹ ਚਕਰਾ ਗਿਆ। ਉਸਨੇ ਸੋਚਿਆ, ਨੰਦਨੀ ਨੂੰ ਟੋਕ ਕੇ ਇਸਦੇ ਅਰਥ ਪੁੱਛੇ ਜਾਣ। ਕਿਹੜਾ ਰਸਤਾ? ਕਿਹੜੀ ਦੁਨੀਆਂ? ਗੱਲ ਪੱਧਰੀ ਏ ਕਿ ਸ਼ਾਦੀ ਦੀ ਰਾਹ ਸਿੱਧੀ ਲੀਕ 'ਤੇ ਚੱਲਣ ਵਾਲੀ ਰਾਹ ਏ। ਜਿਹੜੇ ਪੜਾਅ ਆਉਂਦੇ ਨੇ, ਆਉਂਦੇ ਨੇ। ਜਿਹੜੀ ਨਹੀਂ ਆਉਂਦੇ ਉਹਨਾਂ ਨੂੰ ਅਸੀਂ ਵਿਸਾਰ ਦੇਂਦੇ ਆਂ। ਪਰ ਕੀ ਇਸ ਲਈ ਅਸੀਂ ਦੋਸ਼ੀ ਬਣੇ ਰਹੀਏ? ਆਦਮੀ ਇਕੋ ਸਮੇਂ ਦੋ ਰਸਤਿਆਂ ਉੱਤੇ ਨਹੀਂ ਤੁਰ ਸਕਦਾ।

ਪਰ ਉਹ ਕੁਝ ਬੋਲਿਆ ਨਹੀਂ।

"ਸ਼ਾਦੀ ਦੇ ਮਾਮਲੇ ਵਿਚ ਮੈਂ ਕਿਸਮਤ ਵਾਲੀ ਆਂ।" ਨੰਦਨੀ ਕਹਿੰਦੀ ਰਹੀ, "ਇਹ ਤੁਹਾਡੇ ਮੂੰਹ ਉੱਤੇ ਮੈਂ ਤਾਰੀਫ਼ ਨਹੀਂ ਕਰ ਰਹੀ। ਸੱਚ ਕਹਿ ਰਹੀ ਆਂ। ਮੈਂ ਜਾਣਦੀ ਆਂ ਏਨਾ ਸਭ ਕੁਝ ਕਿਸੇ ਨੂੰ ਨਹੀਂ ਮਿਲਦਾ। ਮੇਰੀਆਂ ਸਹੇਲੀਆਂ ਵਿਚ ਕਿੰਨੀਆਂ ਮੰਦਭਾਗੀਆਂ ਨੇ, ਮੈਂ ਜਾਣਦੀ ਆਂ। ਗ੍ਰਹਿਸਤੀਆਂ ਨਿਭ ਜਾਂਦੀਆਂ ਨੇ ਪਰ ਕਿਸ ਹਾਲ ਵਿਚ, ਇਹ ਗੱਲ ਸਾਰੇ ਜਾਣਦੇ ਨੇ। ਸ਼ੁਰੂਆਤ ਵਿਚ ਮੈਨੂੰ ਵੀ ਬੜਾ ਡਰ ਲੱਗਿਆ ਸੀ। ਤੁਸੀਂ ਬਿਲਕੁਲ ਬੋਲਦੇ ਨਹੀਂ ਸੀ। ਇਕ-ਦੋ ਸਾਲ ਵਿਚ ਮੈਨੂੰ ਪਤਾ ਲੱਗ ਗਿਆ ਕਿ ਤੁਸੀਂ ਕਿੰਨੇ ਚੰਗੇ ਇਨਸਾਨ ਤੇ ਪਤੀ ਓਂ। ਪਿੱਛੋਂ ਕਿਸੇ

ਗੱਲ ਦੀ ਚਿੰਤਾ ਈ ਨਹੀਂ ਰਹੀ। ਰਾਜੂ ਦਾ ਜਨਮ ਹੋਇਆ। ਕਿੰਨਾਂ ਸਾਊ ਬੱਚਾ ਏ ਸਾਡਾ। ਕਾਲਜ ਵਿਚ ਸੀ ਤਦ ਮੌਜ਼-ਮਸਤੀ ਕਰਦਾ ਹੁੰਦਾ ਸੀ ਪਰ ਹੁਣ ਬਿਲਕੁਲ ਸਿੱਧਾ ਬਣ ਗਿਆ ਏ।"

ਭਾਸਕਰ ਨੇ ਆਪਣੇ ਆਪ ਵਿਚ ਈ 'ਹਾਂ' ਕਿਹਾ ਤੇ ਬਾਹਰ ਵੱਲ ਦੇਖਣ ਲੱਗ ਪਿਆ। ਧੁੱਪ ਕਰੜੀ ਹੋ ਗਈ ਸੀ। ਚਾਰੇ ਪਾਸੇ ਗੂੜ੍ਹੀ ਸ਼ਾਂਤੀ ਸੀ। ਦੂਰ ਸਮੁੰਦਰ ਦੇ ਪਾਣੀ ਦੀ ਹਲਕੀ ਜਿਹੀ ਚਮਕਦੀ ਲਕੀਰ ਦਿਸ ਰਹੀ ਸੀ। ਜਵਾਰਭਾਟਾ ਸੀ। ਪਾਣੀ ਅੰਦਰ ਚਲਾ ਗਿਆ ਸੀ। ਉਸਨੇ ਸੋਚਿਆ—ਇਹੀ ਤਾਂ ਗੱਲ ਏ! ਸਭ ਠੀਕ ਚੱਲ ਰਿਹਾ ਏ ਇਸੇ ਲਈ ਤਾਂ ਸੁਝਦੇ ਨੇ ਇਹ ਸਭ ਚੋਚਲੇ। ਝੌਂਪੜੀ ਵਿਚ ਰਹਿਣ ਦੀ ਨੌਬਤ ਆਉਂਦੀ ਤਾਂ ਆਟੇ ਦਾਲ ਦਾ ਭਾਅ ਪਤਾ ਲੱਗ ਜਾਂਦਾ।

"ਮੈਂ ਜਾਣਦੀ ਆਂ ਤੁਸੀਂ ਮੇਰੀਆਂ ਗੱਲਾਂ ਨਾਲ ਸਹਿਮਤ ਨਹੀਂ ਓਂ। ਸੋਚ ਰਹੇ ਓਂ ਕਿ ਏਨਾ ਸਭ ਠੀਕ ਲੱਗ ਰਿਹਾ ਸੀ ਤਾਂ ਮੈਂ ਇੰਜ ਕਿਉਂ ਕੀਤਾ? ਤੇ ਮੈਂ ਤੁਹਾਨੂੰ ਇਹੀ ਸਮਝਾਉਣ ਦਾ ਯਤਨ ਕਰ ਰਹੀ ਆਂ ਕਿ ਇਹਨਾਂ ਦੋਵਾਂ ਗੱਲਾਂ ਦਾ ਆਪਸ ਵਿਚ ਕੋਈ ਸੰਬੰਧ ਨਹੀਂ—ਇਹਨਾਂ ਨੂੰ ਮੇਲਣ ਦੀ ਕੋਸ਼ਿਸ਼ ਨਾ ਕਰੋ।"

ਉਸਨੇ ਫੇਰ ਵੀ ਜਵਾਬ ਨਹੀਂ ਦਿੱਤਾ। ਜਦੋਂ ਉਹ ਕਹਿ ਰਹੀ ਓਦੋਂ ਉਸਨੇ ਮੁੜ ਕੇ ਦੇਖਿਆ ਸੀ ਪਰ ਹੁਣ ਫੇਰ ਬਾਹਰ ਵੱਲ ਦੇਖ ਰਿਹਾ ਸੀ।

"ਭਾਸਕਰ ਮੈਨੂੰ ਭੁੱਖ ਲਗੀ ਏ। ਅਸੀਂ ਚੱਲ ਕੇ ਖਾਣਾ ਖਾਈਏ? ਤੁਸੀਂ ਤਾਂ ਨਾਸ਼ਤਾ ਕੀਤਾ ਹੋਇਆ ਏ। ਮੈਂ ਸਵੇਰ ਦਾ ਕੁਛ ਵੀ ਨਹੀਂ ਖਾਧਾ। ਸਿਰਫ ਚਾਹ ਲਈ ਏ।"

"ਤੂੰ ਖਾਣਾ ਖਾ ਲੈ।"

"ਮੈਂ ਕਦੀ ਇੰਜ ਕੀਤਾ ਏ ਕਿ? ਤੁਸੀਂ ਚਾਹੋ ਤਾਂ ਥੋੜ੍ਹਾ ਜਿਹਾ ਚਖ ਲੈਣਾ। ਪਰ ਚੱਲੋ ਮੇਰੇ ਨਾਲ।"

ਉਹ ਚੁੱਪ ਚਾਪ ਉਠ ਖੜ੍ਹਾ ਹੋਇਆ। ਤਿਪਾਈ ਉੱਤੇ ਰੱਖੀ ਚਾਬੀ ਜੇਬ ਵਿਚ ਪਾਈ। ਚੱਪਲਾਂ ਪਾਈਆਂ ਤੇ ਕਮਰੇ 'ਚੋਂ ਬਾਹਰ ਜਾ ਖੜ੍ਹਾ ਹੋਇਆ। ਉਹ ਵੀ ਪਿੱਛੇ ਹੋ ਲਈ।

ਰੇਸਟੋਰੈਂਟ ਵਿਚ ਖਾਣਾ ਤਿਆਰ ਸੀ। ਉਹਨਾਂ ਦੇ ਇਲਾਵਾ ਹੋਰ ਕੋਈ ਨਹੀਂ ਸੀ ਉੱਥੇ। ਉੱਥੋਂ ਦੇ ਸਟਾਫ਼ ਨੇ ਝੱਟ ਖਿੜਕੀ ਦੇ ਨਾਲ ਵਾਲੀ ਮੇਜ਼ ਸਜ਼ਾ ਕੇ ਉਹਨਾਂ ਨੂੰ ਸੱਦਾ ਦਿੱਤਾ। ਗਰਮ ਗਰਮ ਖਾਣੇ ਦੀ ਸੁਆਦੀ ਗੰਧ ਆਉਂਦਿਆਂ ਈ ਭਾਸਕਰ ਦੀ ਵੀ ਖਾਣਾ ਖਾਣ ਦੀ ਇੱਛਾ ਹੋਈ। ਉਸਨੇ ਆਪਣੀ ਪਲੇਟ ਵਿਚ ਪਰੋਸ ਲਿਆ।

"ਵਾਹ! ਕੇਡਾ ਸਵਾਦੀ ਖਾਣਾ ਏਂ। ਫਲਾਵਰ ਦੀ ਸਬਜ਼ੀ। ਮਟਰ ਪਨੀਰ। ਕਿੰਨਾਂ ਸਹੀ ਮੀਨੂ ਏ।"

"ਹਾਂ।"

"ਸਵਾਦ ਵੀ ਵੱਖਰਾ ਏ। ਪਤਾ ਨਹੀਂ ਕਿਹੜਾ ਮਸਾਲਾ ਵਰਤਦੇ ਨੇ। ਵਧੀਆ ਟੇਸਟ ਏ। ਤੁਸੀਂ ਰੋਟੀ ਲਓ ਨਾ।"

"ਨਹੀਂ।"

"ਲਓ ਨਾ! ਮੱਕੀ ਦੀ ਰੋਟੀ ਏ। ਵਧੀਆ।" ਕਹਿੰਦਿਆਂ ਹੋਇਆਂ ਉਸਨੇ ਆਪਣੀ ਰੋਟੀ ਵਿਚੋਂ ਤੋੜ ਕੇ ਉਸਨੂੰ ਦੇ ਦਿੱਤੀ।

ਭਾਸਕਰ ਮਨ੍ਹਾਂ ਨਹੀਂ ਕਰ ਸਕਿਆ। ਸੋਚਣ ਲੱਗਾ। ਸਭ ਕੁਝ ਨਾਰਮਲ ਕਿੰਜ ਏ? ਜਿਵੇਂ ਕੁਝ ਹੋਇਆ ਈ ਨਾ ਹੋਏ। ਇੱਥੋਂ ਦੇ ਲੋਕਾਂ ਨੂੰ ਤਾਂ ਭਿਣਕ ਵੀ ਨਹੀਂ ਹੋਣੀ। ਹੁਣ ਇਹ ਲੋਕ ਆਉਣਗੇ। ਪੁੱਛਣਗੇ, ਸਰ ਰੋਟੀ ਦਿਆਂ? ਮੈਡਮ ਸਬਜ਼ੀ ਲਓ ਨਾ? ਅਚਾਰ ਦਿਆਂ। ਜੀ-ਅਹਿ ਚਟਨੀ ਲਿਆਓ। ਫੇਰ ਮੈਂ ਥੋੜ੍ਹਾ ਵੱਧ ਈ ਖਾਵਾਂਗਾ। ਛੁੱਟੀਆਂ ਮਨਾਉਣ ਜੋ ਆਇਆ ਆਂ।



ਖਾਓ-ਸੌਂਵੋ, ਐਸ਼ ਕਰੋ। ਮੂੰਹ ਕੁਸੈਲਾ ਬਣਾ ਕੇ ਜਾਂ ਹੋਰ ਕਿਵੇਂ। ਇਸਦੀ ਚਿੰਤਾ ਨਾ ਕਰੋ। ਸਵੀਟ ਡਿਸ਼ ਵੀ ਮੰਗਵਾਏ।

ਉਸਨੂੰ ਲੱਗਿਆ ਮੈਂ ਸੱਚਮੁੱਚ ਮੂਰਖ ਆਂ। ਉਸਨੇ ਕਿਹਾ ਖਾਣਾ ਖਾਓਗੇ ਤੇ ਮੈਂ ਤੁਰ ਪਿਆ ਉਸਦੇ ਪਿੱਛੇ ਪਿੱਛੇ। ਕਲ੍ਹ ਵੀ ਇਵੇਂ ਕੀਤਾ। ਰਾਤ ਨੂੰ ਵੀ। ਸਵੇਰੇ ਪੁਰਾਣ ਸੁਣ ਲਿਆ। ਉਹ ਕੀ ਸੀ? ਕੁਛ ਵੀ ਨਹੀਂ? ਸਭ ਕੁਝ ਸੁਣ ਕੇ ਵੀ ਏਨਾ ਈ ਸਹਿਜ ਰਹਿਣ ਵਾਲਾ ਆਂ ਤਾਂ ਆਪਣੇ ਵਰਗਾ ਮੂਰਖ ਮੈਂ ਈ ਆਂ।

"ਮੈਂ ਨਹੀਂ ਖਾਵਾਂਗਾ।" ਉਸਨੇ ਝੱਟ ਡਿਸ਼ ਪਰ੍ਹੇ ਸਰਕਾਉਣੀ ਚਾਹੀ ਪਰ ਨੰਦਨੀ ਨੇ ਉਸਦਾ ਹੱਥ ਫੜ੍ਹੀ ਰੱਖਿਆ।

"ਭਾਸਕਰ, ਖਾਣਾ ਵਿੱਚੇ ਨਾ ਛੱਡੋਗੇ। ਵਰਨਾ ਇਹਨਾਂ ਲੋਕਾਂ ਨੂੰ ਲੱਗੇਗਾ ਖਾਣਾ ਠੀਕ ਨਹੀਂ ਬਣਿਆਂ। ਮੈਂ ਬੱਸ ਨਬੇੜ ਲੈਂਦੀ ਆਂ। ਆਪਾਂ ਚੱਲਾਂਗੇ।"

ਉਹ ਅੰਦਰ ਈ ਅੰਦਰ ਹੱਸਿਆ। ਸੱਚ ਏ ਉਸਨੇ ਖਾਣਾ ਜਾਰੀ ਰੱਖਿਆ। ਸੋਚਿਆ ਮੈਂ ਉੱਠ ਜਾਵਾਂਗਾ ਤਾਂ ਇਹ ਲੋਕ ਨਿਰਾਸ਼ ਹੋਣਗੇ। ਇਹਨਾਂ ਨੂੰ ਲੱਗੇਗਾ ਸੇਵਾ ਵਿਚ ਕੋਈ ਕਮੀ ਰਹਿ ਗਈ ਏ। ਵਿਚਾਰੇ ਕਿੰਨੇ ਦਿਆਲੂ ਤੇ ਆਪਣੇ ਕੰਮ ਵਿਚ ਮਗਨ ਨੇ। ਉਹਨਾਂ ਨੂੰ ਕਿਉਂ ਨਾਰਾਜ਼ ਕੀਤਾ ਜਾਏ? ਮੇਰੇ ਮੂੰਹ ਵਿਚ ਭਾਵੇਂ ਜੋ ਵੀ ਸਵਾਦ ਹੋਵੇ। ਖਾਣੇ 'ਤੇ ਗੁੱਸਾ ਕਿਉਂ ਉਤਾਰਾਂ?

ਉਸਨੇ ਰੋਟੀ ਲਈ। ਸਬਜ਼ੀ ਲਈ। ਨਾ ਚਾਹੁੰਦਿਆਂ ਹੋਇਆਂ ਵੀ ਦੋ ਸਵੀਟ ਡਿਸ਼ ਮੰਗਵਾਏ। ਉੱਚੀ ਆਵਾਜ਼ ਵਿਚ ਆਰਡਰ ਦੇ ਕੇ।

"ਮੈਂ ਨਹੀਂ ਖਾ ਸਕਾਂਗੀ।" ਨੰਦਨੀ ਨੇ ਕਿਹਾ ਤਾਂ ਵੀ ਉਸਨੇ ਬਾਊਲ ਉਸਦੇ ਸਾਹਮਣੇ ਰੱਖ ਦਿੱਤਾ।

ਉਹ ਵਾਪਸ ਪਰਤੇ ਉਦੋਂ ਚਾਰੇ ਪਾਸੇ ਧੁੱਪ ਈ ਧੁੱਪ ਸੀ। ਨਮਕੀਨ ਗਰਮੀ, ਉਮਸ ਸੀ। ਥੋੜ੍ਹਾ ਜਿਹਾ ਤੁਰਨ ਨਾਲ ਈ ਥਕਾਣ ਹੋਈ। ਮੈਂ ਐਵੇਂ ਈ ਜ਼ਿਆਦਾ ਖਾ ਲਿਆ। ਘੱਟ ਖਾਣਾ ਚਾਹੀਦਾ ਸੀ। ਹੁਣ ਸੁਸਤਾਵਾਂਗਾ। ਸਮੁੰਦਰ ਕਿਨਾਰੇ ਕਿੰਜ ਜਾ ਸਕਾਂਗਾ? ਤੇ ਸੌਣ ਦੀ ਇੱਛਾ ਤਾਂ ਬਿਲਕੁਲ ਵੀ ਨਹੀਂ ਏ। ਕੋਸ਼ਿਸ਼ ਕਰਾਂ ਤਾਂ ਵੀ ਨੀਂਦ ਨਹੀਂ ਆਏਗੀ।

ਕਮਰੇ ਵਿਚ ਆਉਂਦਿਆਂ ਈ ਉਸਨੇ ਪੱਖਾ ਤੇਜ਼ ਕੀਤਾ ਤੇ ਬਿਸਤਰੇ ਉੱਤੇ ਆਪਣੇ ਆਪ ਨੂੰ ਢੇਰ ਕਰ ਦਿੱਤਾ। ਉਸਨੇ ਸੋਚਿਆ ਨੰਦਨੀ ਸੋਫੇ ਉੱਤੇ ਕਿਤਾਬ ਪੜ੍ਹਨ ਬੈਠੇਗੀ। ਪਰ ਉਹ ਬਿਸਤਰੇ ਦੇ ਕੋਨੇ 'ਤੇ ਬੈਠ ਗਈ। ਉਹ ਛੱਤ ਵੱਲ ਦੇਖਣ ਲੱਗਾ। ਉਸਨੇ ਸੋਚਿਆ ਮੂੰਹ ਫੇਰ ਲਵਾਂ। ਉਹ ਪਾਸਾ ਪਰਤਨ ਈ ਲੱਗਿਆ ਸੀ ਕਿ ਨੰਦਨੀ ਨੇ ਕਿਹਾ, "ਮੈਂ ਜਾਣਦੀ ਆਂ ਭਾਸਕਰ ਕਿ ਤੁਸੀਂ ਗੁੱਸੇ ਵਿਚ ਓਂ। ਗੁੱਸੇ ਨਾ ਹੋਵੋ ਇਹ ਮੈਂ ਕਹਿ ਨਹੀਂ ਸਕਦੀ। ਪਰ ਜ਼ਰਾ ਮੈਨੂੰ ਸਮਝਣ ਦੀ ਕੋਸ਼ਿਸ਼ ਕਰੋ।"

"ਕੀ ਸਮਝਣ ਦੀ ਕੋਸ਼ਿਸ਼ ਕਰਾਂ?" ਅਚਾਨਕ ਈ ਵਰ੍ਹ ਪਿਆ, "ਇਹ ਸਭ ਟਿਪੀਕਲ ਏ ਤੇਰੇ ਉਹਨਾਂ ਨਾਵਲਾਂ ਵਾਂਗ। ਮੈਨੂੰ ਲੱਗਿਆ ਸੀ ਮੇਰੇ ਨਾਲ ਇੰਜ ਨਹੀਂ ਹੋਏਗਾ। ਪਰ ਹੋ ਗਿਆ। ਹੁਣ ਕੁਛ ਹੋਰ ਨਾ ਕਹੀਂ। ਬੱਸ ਜਾਹ, ਕੁਰਸੀ 'ਤੇ ਬੈਠ ਕੇ ਪੜ੍ਹ। ਤੇ ਇੱਥੋਂ ਕਦ ਚੱਲਣਾ ਏਂ, ਏਨਾ ਮੈਨੂੰ ਦੱਸ ਦੇ।"

ਉਹ ਕੁਝ ਕਹਿ ਨਹੀਂ ਸਕੀ। ਭਾਸਕਰ ਨੂੰ ਲੱਗਿਆ, ਹੁਣ ਉਹ ਉੱਥੋਂ ਉੱਠ ਕੇ ਦੂਰ ਜਾ ਬੈਠੇਗੀ। ਪਰ ਉਹ ਉੱਥੇ ਈ ਬੈਠੀ ਰਹੀ। ਕੁਝ ਚਿਰ ਚੁੱਪ ਵਾਪਰੀ ਰਹੀ। ਫੇਰ ਨੰਦਨੀ ਨੇ ਧੀਮੀ ਆਵਾਜ਼ ਵਿਚ ਕਹਿਣਾ ਸ਼ੁਰੂ ਕੀਤਾ...:

"ਮੈਂ ਵਾਰੀ ਵਾਰੀ ਕਹਿ ਰਹੀ ਆਂ ਇਹਨਾਂ ਦੋ ਗੱਲਾਂ ਨੂੰ ਤੁਸੀਂ ਇਕ ਦੂਜੇ ਵਿਚ ਨਾ

ਰਲਾਓ। ਇਸਦਾ ਆਪਣੀ ਗ੍ਰਹਿਸਤੀ ਨਾਲ ਕੋਈ ਲਾਗਾ-ਦੇਗਾ ਨਹੀਂ।"

"ਕਿੰਜ ਲਾਗਾ-ਦੇਣਾ ਨਹੀਂ? ਗ੍ਰਹਿਸਤੀ ਵਸਾਉਣ ਲਈ ਪਤੀ-ਪਤਨੀ ਵਿਚ ਕੁਝ ਕਮਿੱਟਮੈਂਟ ਹੁੰਦੇ ਨੇ ਨਾ? ਅੱਗ ਸਾਹਮਣੇ ਭਾਵੇਂ ਨਾ ਹੋਏ ਹੋਣ ਪਰ ਆਪਸ ਵਿਚ? ਕੁਝ ਫਰਜ਼? ਉਹਨਾਂ ਦੀ ਪਾਲਨਾ ਕਰਨਾ ਦੋਵਾਂ ਦਾ ਕੰਮ ਹੁੰਦਾ ਏ ਨਾ?"

"ਮੈਂ ਫਰਜ਼ ਨਹੀਂ ਨਿਭਾਏ? ਕੋਈ ਕਮੀ ਰਹਿਣ ਦਿੱਤੀ ਕਿ?"

"ਫੇਰ ਉਹੀ।" ਗੱਦੇ 'ਤੇ ਹੱਥ ਮਾਰ ਕੇ ਉਸਨੇ ਕਿਹਾ, "ਮੈਂ ਇਹ ਸਭ ਕਹਿਣਾ ਨਹੀਂ ਚਾਹੁੰਦਾ, ਪਰ ਤੂੰ ਮਜ਼ਬੂਰ ਕਰ ਰਹੀ ਏਂ। ਕਿਉਂਕਿ ਮੈਂ ਮਨ ਕੇ ਚੱਲਿਆ ਸਾਂ ਕਿ ਹਰ ਕੋਈ ਮਾਰਲ ਕਮਿੱਟਮੈਂਟ ਕਰਦਾ ਏ ਤੇ ਨਿਭਾਉਣੀ ਪੈਂਦੀ ਏ ਉਸਨੂੰ। ਹਰ ਵਾਰੀ ਮਨ ਭਾਵੇਂ ਇਕ ਰੂਪ ਨਾ ਹੋਏ। ਝਗੜਾ-ਫਸਾਦ ਹੁੰਦਾ ਹੋਏ, ਫੇਰ ਵੀ ਤਾਂ ਪ੍ਰਤੀਬੱਧਤਾ ਨਿਭਾਉਣੀ ਪੈਂਦੀ ਏ। ਅੱਗੇ ਨਿਭਣਾ ਹੁੰਦਾ ਏ। ਇਸ ਤੋਂ ਮੂੰਹ ਕਿਉਂ ਫੇਰਿਆ ਜਾਏ।"

"ਮੈਂ ਕਮਿੱਟਮੈਂਟ ਨਹੀਂ ਨਿਭਾਈ?" ਉਸਦੀ ਆਵਾਜ਼ ਧੀਮੀ ਪਰ ਤਿੱਖੀ ਸੀ। "ਮੈਂ ਪੂਰੀ ਤਰ੍ਹਾਂ ਨਾਲ ਨਿਭਾਈ ਏ। ਮੈਂ ਜਾਣੀ ਆਂ ਤੁਸੀਂ ਕਿਹੜੇ ਸ਼ਬਦ ਦਾ ਪ੍ਰਯੋਗ ਕਰਨਾ ਚਾਹੁੰਦੇ ਓਂ...ਪਤਨੀ ਧਰਮ ਨਹੀਂ ਨਿਭਾਇਆ? ਇਸ ਧਰਮ ਤੋਂ ਪਰ੍ਹੇ ਵੀ ਅਸੀਂ ਅਸੀਂ ਹੁੰਦੇ ਆਂ ਨਾ? ਜਾਂ ਉਸ ਤੋਂ ਪਰ੍ਹਾਂ ਆਪਣਾ ਕੋਈ ਜੀਵਨ ਹੁੰਦਾ ਈ ਨਹੀਂ?"

"ਯਾਨੀ?"

"ਯਾਨੀ ਘਰ-ਗ੍ਰਹਿਸਤੀ ਤੋਂ ਪਰ੍ਹੇ ਅਸੀਂ ਕੁਛ ਨਹੀਂ ਹੁੰਦੇ? ਤੁਸੀਂ ਮੇਰੇ ਪਤੀ ਓਂ ਪਰ ਹੋਰ ਕੁਛ ਨਹੀਂ ਹੋ ਕਿ? ਤੁਸੀਂ ਭਾਸਕਰ ਓਂ। ਪਤੀ ਭਾਸਕਰ ਓਂ ਜਾਂ ਵਿਅਕਤੀ ਭਾਸਕਰ ਓਂ? ਤੁਸੀਂ ਆਪਣੇ ਵਿਚ ਕੁਝ ਹੋ ਜਾਂ ਨਹੀਂ?"

"ਇਹ ਭੂਮਿਕਾਵਾਂ ਤਾਂ ਹਰੇਕ ਨੂੰ ਨਿਭਾਉਣੀਆਂ ਪੈਂਦੀਆਂ ਨੇ।"

"ਭੂਮਿਕਾਵਾਂ ਤਾਂ ਹੈਨ ਈ। ਉਹਨਾਂ ਤੋਂ ਪਰ੍ਹੇ ਵੀ ਅਸੀਂ ਕੁਝ ਹੋਰ ਹੁੰਦੇ ਆਂ ਨਾ? ਇਹਨਾਂ ਭੂਮਿਕਾਵਾਂ ਨਾਲੋਂ ਵੱਡੇ। ਉਹਨਾਂ ਨਾਲੋਂ ਵੀ ਕਿਤੇ ਅੱਗੇ।"

ਉਹ ਚੁੱਪ ਰਿਹਾ।

"ਜਦੋਂ ਤੁਸੀਂ ਕੰਪਨੀ ਵਿਚ ਹੁੰਦੇ ਓਂ, ਓਦੋਂ ਤੁਸੀਂ ਪਤੀ ਭਾਸਕਰ ਹੁੰਦੇ ਓਂ ਕੀ? ਓਦੋਂ ਤੁਸੀਂ ਇਕ ਉਦਯੋਗਪਤੀ, ਮਾਲਕ, ਕਾਰਖ਼ਾਨੇਦਾਰ ਹੁੰਦੇ ਓਂ। ਕੁਝ ਨਵਾਂ ਲੱਭ ਰਹੇ ਹੁੰਦੇ ਓਂ। ਕਈ ਗੱਲਾਂ ਵਿਚ ਗਵਾਚੇ ਹੋਏ ਹੁੰਦੇ ਓਂ। ਦੋ ਮਹੀਨੇ ਪਹਿਲਾਂ ਤੁਸੀਂ ਸਵੀਡਿਸ਼ ਕੰਪਨੀ ਦੇ ਨਾਲ ਕਲੈਬੋਰੇਸ਼ਨ ਕੀਤਾ। ਉਦੋਂ ਤੁਸੀਂ ਪਤੀ ਰੂਪ ਵਿਚ ਨਹੀਂ ਸੀ। ਉਸਤੋਂ ਪਰ੍ਹੇ ਸੀ। ਪਰ ਉਹ ਰੂਪ ਪਤੀ ਭਾਸਕਰ ਦੇ ਵਿਰੋਧ ਵਿਚ ਨਹੀਂ ਸੀ।"

"ਕਿੰਜ ਹੋਏਗਾ? ਉਹ ਸਾਰੀਆਂ ਭੂਮਿਕਾਵਾਂ ਮੇਰੇ ਵਿਚ ਹੈਨ।"

"ਮੈਂ ਕਹਿਣਾ ਚਾਹੁੰਦੀ ਆਂ ਕਿ ਇਹਨਾਂ ਸਾਰੀਆਂ ਭੂਮਿਕਾਵਾਂ ਨੂੰ ਨਿਭਾਉਣ ਵਾਲੇ ਅਸੀਂ ਭੂਮਿਕਾਵਾਂ ਨਾਲੋਂ ਵੱਡੇ ਹੁੰਦੇ ਆਂ। ਮੈਂ ਤਾਂ ਇਹਨਾਂ ਰੋਲਸ ਦੀ ਵੀ ਗੱਲ ਨਹੀਂ ਕਰ ਰਹੀ—ਆਪਣੇ ਜਿਉਣ ਦੇ ਵੱਖ ਵੱਖ ਦਾਇਰੇ ਹੁੰਦੇ ਨੇ। ਕਾਰਖ਼ਾਨੇ ਵਿਚ ਵੀ ਤੁਸੀਂ ਹਮੇਸ਼ਾ ਕਾਰਖ਼ਾਨੇਦਾਰ ਨਹੀਂ ਹੁੰਦੇ। ਘਰੇ ਉਹ ਕੰਮ ਨਾ ਕਰਦੇ ਹੋਏ ਵੀ ਤੁਸੀਂ ਉਹੀ ਹੁੰਦੇ ਓਂ ਕਿਉਂਕਿ ਮਨ ਵਿਚ ਕੁਝ ਨਾ ਕੁਝ ਨਵਾਂ ਵਿਓਂਤ ਰਹੇ ਹੁੰਦੇ ਓਂ।"

"ਤਾਂ ਫੇਰ?"

"ਇੰਜ ਹੋਣ ਵਿਚ ਕੋਈ ਪਰੋਬਲਮ ਨਹੀਂ ਹੁੰਦੀ। ਵੱਖ-ਵੱਖ ਟਰੀਟਮੈਂਟ ਵਿਚ ਅਸੀਂ ਢਲ ਜਾਂਦੇ ਆਂ। ਕੋਲੈਬੋਰੇਸ਼ਨ ਸਮੇਂ ਤੁਸੀਂ ਢੇਰਾਂ ਕੰਮ ਕੀਤਾ। ਉਹਨਾਂ ਸਭਨਾਂ ਨਾਲ ਨਿਭਦੇ ਹੋਏ



ਪਤੀ ਭਾਸਕਰ ਦੇ ਨਾਲ ਤੁਹਾਡਾ ਟਕਰਾਅ ਨਹੀਂ ਹੋਇਆ ਨਾ?"

ਉਹ ਹੱਸਿਆ, "ਇਹ ਵੱਖਰੀ ਗੱਲ ਐ। ਇਸਦੀ ਤੇ ਉਸਦੀ ਤੁਲਨਾ ਨਹੀਂ ਹੋ ਸਕਦੀ।"

"ਇਕ ਪੱਖ ਤੋਂ ਨਹੀਂ ਹੋ ਸਕਦੀ, ਪਰ ਸਭ ਨਿਭਾਉਂਦੇ ਹੋਏ ਤੁਸੀਂ ਉਹਨਾਂ ਸਾਰੇ ਛੋਟੇ-ਵੱਡੇ ਕੰਮਾਂ ਦੇ ਪ੍ਰਤੀ ਪ੍ਰਤੀਬੱਧ ਸੌ। ਤੁਸੀਂ ਮਨ ਨਾਲ ਸਭ ਕੀਤਾ ਸੀ। ਤੁਸੀਂ ਉਹਨਾਂ ਨੂੰ ਐਡਮਾਇਰ ਕਰ ਰਹੇ ਸੌ।"

ਉਹ ਉੱਠ ਖੜ੍ਹਾ ਹੋਇਆ। ਉੱਠ ਕੇ ਉਸਨੇ ਸੋਚਿਆ, ਮੈਂ ਕਿਉਂ ਉੱਠ ਖੜ੍ਹਾ ਹੋਇਆ? ਟੇਬਲ 'ਤੇ ਰੱਖੇ ਜਾਰ ਵਿਚੋਂ ਪਾਣੀ ਗ਼ਲਾਸ ਵਿਚ ਪਾ ਕੇ ਉਸਨੇ ਪੀਤਾ।

"ਮੈਨੂੰ ਵੀ ਦਿਓਗੇ?"

ਉਸਨੇ ਦੂਜੇ ਗ਼ਲਾਸ ਵਿਚ ਪਾਣੀ ਪਾ ਕੇ ਉਸ ਨੂੰ ਦਿੱਤਾ। ਉਹ ਸੋਫੇ ਵੱਲ ਜਾ ਈ ਰਿਹਾ ਸੀ ਕਿ ਉਦੋਂ ਈ ਨੰਦਨੀ ਨੇ ਕਿਹਾ, "ਇੱਥੇ ਈ ਬੈਠੋ, ਮੇਰੇ ਕੋਲ।"

ਉਹ ਇੱਛਾ ਨਾ ਹੋਣ ਦੇ ਬਾਵਜੂਦ ਪਹਿਲਾਂ ਵਾਂਗ ਬੈਠ ਗਿਆ।

"ਮੇਰੀ ਗੱਲ ਸਮਝ ਰਹੇ ਓਂ ਨਾ?"

"ਇਹ ਸਭ ਵਕੀਲਾਂ ਵਾਲੀ ਭਾਸ਼ਾ ਏ। ਕੋਰੀ ਸਫਾਈ। ਮੈਂ ਨਹੀਂ ਮੰਨਦਾ ਤੇ ਨਾ ਈ ਮੈਨੂੰ ਕਿਸੇ ਜਸਟੀਫ਼ਿਕੇਸ਼ਨ ਦੀ ਲੋੜ ਏ। ਮੈਂ ਕਦੀ ਕਿਸੇ ਤੋਂ ਕਿਸੇ ਗੱਲ ਦਾ ਸਪਸ਼ਟੀਕਰਣ ਨਹੀਂ ਪੁੱਛਿਆ। ਸਪਸ਼ਟੀਕਰਣ ਤੁੱਥ-ਮੁੱਥ ਕਰਕੇ ਪੇਸ਼ ਕੀਤਾ ਜਾ ਸਕਦਾ ਏ।"

"ਇਹ ਸਪਸ਼ਟੀਕਰਣ ਨਹੀਂ। ਮੈਂ ਜੋ ਦੱਸ ਰਹੀ ਆਂ ਉਸਦੇ ਕੁਝ ਅਰਥ ਨੇ।"

"ਜੋ ਕਹਿਣਾ ਏਂ ਸਾਫ ਸਾਫ ਕਹਿ।"

"ਇਹੀ ਕਿ ਮੈਂ ਦੋਸਤੀ ਕੀਤੀ, ਉਹ ਪਤਨੀ-ਧਰਮ ਤੋਂ ਪਾਸੇ ਨਹੀਂ ਸੀ।"

ਉਹ ਹੱਸਿਆ। ਉਸ ਵੱਲ ਸਿੱਧਾ ਦੇਖਦਾ ਹੋਇਆ ਬੋਲਿਆ, "ਬਿਕਾਜ ਯੂ ਹੈਵ ਡਨ ਇਟ। ਯੂ ਹੈਵ ਟੂ ਜਸਟੀਫਾਇ ਇਟ।"

"ਨਹੀਂ ਭਾਸਕਰ, ਨਹੀਂ! ਇਹ ਜਸਟੀਫਿਕੇਸ਼ਨ ਨਹੀਂ।"

"ਮੇਰੀ ਸਮਝ 'ਚ ਨਹੀਂ ਆ ਰਿਹਾ ਕਿ ਮੈਂ ਕੀ ਕਹਾਂ; ਕੀ ਕਰਾਂ?" ਉਹ ਬੈੱਡ ਤੋਂ ਉੱਠ ਕੇ ਸੋਫੇ ਵਲ ਜਾਂਦਿਆਂ ਬੋਲਿਆ, "ਮੈਨੂੰ ਉਮੀਦ ਨਹੀਂ ਸੀ ਤੈਥੋਂ।"

ਕਮਰੇ ਵਿਚ ਚੁੱਪ ਵਾਪਰ ਗਈ। ਪੱਖੇ ਦੀ ਆਵਾਜ਼ ਆਉਂਦੀ ਰਹੀ। ਉਹ ਸੋਫੇ 'ਤੇ ਲੁੜਕ ਗਿਆ। ਉਸਨੂੰ ਲੱਗਿਆ ਬਿਸਤਰੇ 'ਤੇ ਪਿਆ ਸੀ, ਉੱਥੇ ਠੀਕ ਸੀ। ਸਰੀਰ ਸੁਸਤਾਉਣਾ ਚਾਹ ਰਿਹਾ ਏ। ਕੀ ਕਰਾਂ ਕੁਝ ਸੁੱਝ ਨਹੀਂ ਰਿਹਾ ਏ। ਅਜਿਹੇ ਮੌਕੇ ਕੀ ਕਰਨਾ ਚਾਹੀਦਾ ਏ?

"ਮੈਂ ਸਮੁੰਦਰ ਕਿਨਾਰੇ ਜਾ ਰਿਹਾਂ, ਮੈਥੋਂ ਇੱਥੇ ਬੈਠਿਆ ਨਹੀਂ ਜਾ ਰਿਹਾ।" ਉਸਨੇ ਕਹਿ ਦਿੱਤਾ।

"ਪਲੀਜ਼ ਭਾਸਕਰ ਨਾ ਜਾਓ। ਬੱਸ ਬੈਠੇ ਰਹੋ, ਤੁਹਾਡੀ ਜ਼ਰੂਰਤ ਏ ਮੈਨੂੰ। ਚਾਹੋ ਤਾਂ ਮੈਂ ਬਿਲਕੁਲ ਨਹੀਂ ਬੋਲਾਂਗੀ।"

ਉਹ ਚੁੱਪਚਾਪ ਲੇਟਿਆ ਰਿਹਾ।

"ਭਾਸਕਰ ਮੈਂ ਆ ਜਾਵਾਂ, ਉੱਥੇ ਤੁਹਾਡੇ ਕੋਲ?" ਉਸਨੇ ਪੁੱਛਿਆ।

ਉਸਨੇ ਗਰਦਨ ਭੁਆਂ ਕੇ ਦੇਖਿਆ। ਫੇਰ ਸੋਫੇ ਤੋਂ ਉੱਠਿਆ ਤੇ ਬਿਸਤਰੇ 'ਤੇ ਜਾ ਲੇਟਿਆ—ਪਹਿਲਾਂ ਵਾਂਗ ਈ।

"ਮੈਂ ਵੀ ਕਦੀ ਸੋਚਿਆ ਨਹੀਂ ਸੀ। ਗੱਲਾਂ ਹੁੰਦੀਆਂ ਰਹੀਆਂ। ਮੈਨੂੰ ਲੱਗਿਆ ਕੋਈ ਮੈਨੂੰ ਸਮਝਣ ਵਾਲਾ ਹੋਏ। ਇਸਦਾ ਮਤਲਬ ਇਹ ਨਹੀਂ ਕਿ ਤੁਸੀਂ ਨਹੀਂ ਸੌ। ਗ਼ਲਤ ਨਾ ਸਮਝ ਲੈਣਾ

ਪਲੀਜ਼।"

ਉਸਨੇ ਸਿਰਹਾਣਾ ਪਿੱਠ ਪਿੱਛੋਂ ਸਰਕਾਇਆ ਤੇ ਗੋਡੇ ਢਿੱਡ ਨਾਲ ਜੋੜ ਕੇ ਬੈਠ ਗਈ।

"ਉਸ ਨਾਲ ਮੇਰੀ ਦੋਸਤੀ ਕਦੋਂ ਹੋਈ, ਮੈਨੂੰ ਯਾਦ ਨਹੀਂ—ਪਰ ਕਿਉਂ ਹੋਈ ਇਹ ਮੈਂ ਨਹੀਂ ਦੱਸ ਸਕਾਂਗੀ। ਪਰ ਮੈਨੂੰ ਇਹ ਦੋਸਤੀ ਚੰਗੀ ਲੱਗੀ। ਗ੍ਰਹਿਸਤੀ ਵਿਚ ਅੜਿੱਕਾ ਨਹੀਂ ਲਾ ਰਹੀ ਸੀ। ਤੇ ਤੁਸੀਂ ਮੰਨੋ ਜਾਂ ਨਾ ਮੰਨੋ ਪਰ ਮੈਨੂੰ ਕਤਈ ਇਹ ਨਹੀਂ ਲੱਗਿਆ ਕਿ ਮੈਂ ਤੁਹਾਨੂੰ ਛੱਡ ਕੇ ਕੁਝ ਕਰ ਰਹੀ ਆਂ। ਤੁਸੀਂ ਓਦੋਂ ਵੀ ਕੋਲ ਹੁੰਦੇ ਸੌ।"

"ਉਹ ਤਾਂ ਠੀਕ ਏ ਪਰ ਤੈਨੂੰ ਪਤਾ ਹੋਣਾ ਚਾਹੀਦਾ ਕਿ ਦੋਸਤੀ ਕਿੱਥੋਂ ਤੀਕ ਏ ਤੇ..."

"ਮੈਂ ਕਹਿ ਸਕਦੀ ਆਂ ਭਾਸਕਰ, ਮੈਨੂੰ ਕੋਈ ਫਰਕ ਮਹਿਸੂਸ ਨਹੀਂ ਸੀ ਹੋਇਆ। ਮੈਨੂੰ ਲੱਗਿਆ ਇਹ ਸਭ ਇਕ ਈ ਗੱਲ ਏ—ਪ੍ਰਕ੍ਰਿਤਿਕ, ਸਹਿਜ।"

"ਸਹਿਜ ?"

"ਹਾਂ !"

"ਤੂੰ ਕੀ ਕਹਿ ਰਹੀ ਏਂ, ਪਤਾ ਈ ?"

"ਸੱਚੀਂ ਜੀ, ਇੰਜ ਈ ਲੱਗਿਆ ਸੀ। ਇਹ ਸਾਥ। ਦੋਸਤੀ ਦਾ ਈ ਹਿੱਸਾ ਏ। ਮੈਂ ਕੁਛ ਵੱਖਰਾ ਕਰ ਰਹੀ ਆਂ, ਇੰਜ ਲੱਗਿਆ ਈ ਨਹੀਂ।"

ਉਹ ਸੁਣਾ ਰਿਹਾ—ਸ਼ੂੰਨਯ ਵਿਚ ਗਵਾਚਿਆ ਜਿਹਾ।

"ਤੁਸੀਂ ਯਕੀਨ ਕਰੋ ਜਾਂ ਨਾ ਕਰੋ ਪਰ ਉਸ ਗੱਲ ਦਾ ਕੋਈ ਨਿਸ਼ਾਨ, ਕੋਈ ਅਸਰ, ਮੇਰੇ 'ਤੇ ਨਹੀਂ—ਮੈਂ ਸਭ ਕੁਛ ਸਹਿਜੇ ਈ ਭੁੱਲ ਚੁੱਕੀ ਆਂ। ਉਹ ਦਰਅਸਲ ਕੁਛ ਸੀ ਈ ਨਹੀਂ। ਮੈਂ ਖ਼ੁਦ ਨਹੀਂ ਸਮਝ ਸਕੀ।"

"ਤੈਨੂੰ ਸ਼ਰਮ ਨਹੀਂ ਆਉਂਦੀ ਉਹ ਸਭ ਦੱਸਦਿਆਂ ਹੋਇਆਂ ? ਤੂੰ ਕਦੀ ਸੋਚਿਆ ਨਹੀਂ ਕਿ ਭਾਸਕਰ ਨੂੰ ਧੋਖਾ ਦੇ ਰਹੀ ਆਂ ?"

ਕੁਝ ਚਿਰ ਚੁੱਪ ਰਹਿ ਕੇ ਉਹ ਬੋਲੀ, "ਨਹੀਂ। ਬਿਲਕੁਲ ਨਹੀਂ। ਸੱਚ ਆਖਾਂ, ਮੈਂ ਉਸੇ ਵੇਲੇ ਇਹ ਸਭ ਤੁਹਾਨੂੰ ਦੱਸ ਦੇਂਦੀ—ਪਰ ਮੈਨੂੰ ਉਸ ਵਿਚ ਕੁਛ ਵੀ ਖਾਸ ਨਹੀਂ ਲੱਗਿਆ। ਮੈਂ ਦੋਸਤੀ ਨੂੰ ਮਹੱਤਵ ਦਿੱਤਾ ਸੀ ਤੇ ਉਸ ਵਿਚ ਆਨੰਦ ਸੀ। ਉਹ ਉਸ ਦੋਸਤੀ ਦਾ ਇਕ ਅੰਸ਼ ਸੀ ਬੱਸ। ਬਿਲਕੁਲ ਫਾਲਤੂ ਹਿੱਸਾ।"

"ਤੁਹਾਡੇ ਹੱਥਾਂ ਵਿਚ ਹੱਥ ਪਾਏ ਮੈਂ ਦੇਖੇ ਸਨ।" ਉਹ ਬਕ ਗਿਆ।

"ਉਸ ਤੋਂ ਪਹਿਲਾਂ।"

"ਠੀਕ ਏ। ਪਹਿਲਾਂ ਈ ਸਈਂ। ਪਿੱਛੋਂ ਬਾਕੀ ਕੁਝ ਹੋਇਆ ਹੋਏਗਾ। ਤੈਨੂੰ ਓਥੇ ਈ ਰੋਕਣਾ ਚਾਹੀਦਾ ਸੀ, ਪਰ ਮੈਂ ਸੋਚਿਆ, ਜਾਣ ਦਿਓ! ਕਾਲਜ ਦੇ ਮੁੰਡੇ ਕੁੜੀਆਂ ਵੀ ਹੱਥ ਮਿਲਾਉਂਦੇ ਨੇ। ਉਹ ਉੱਥੋਂ ਤੀਕ ਈ ਹੋਏਗਾ।"

"ਉਹ ਓਨਾ ਈ ਸੀ। ਉਸਦਾ ਇਸ ਨਾਲੋਂ ਜ਼ਿਆਦਾ ਕੋਈ ਅਰਥ ਨਹੀਂ ਸੀ।"

"ਬਾਅਦ ਵਿਚ ਵੀ ? ਨੰਦਨੀ ਕਿਉਂ ਮੇਰਾ ਮੂੰਹ ਖੁੱਲ੍ਹਵਾਉਂਦੀ ਏਂ ? ਕੱਪੜੇ ਲਾਹੁੰਦਿਆਂ ਹੋਇਆਂ ਓਨਾ ਈ ਅਰਥ ਨਹੀਂ ਹੁੰਦਾ।"

"ਮੈਨੂੰ ਸੱਚਮੁੱਚ ਉਸ ਵੇਲੇ ਉਹ ਅਰਥ ਸਮਝ ਨਹੀਂ ਸੀ ਆਏ—ਸੋਚਿਆ,ਅੱਗੇ ਵੀ ਦੇਖਾਂ।"

"ਕੀ ?"

"ਇਹੀ ਦੋਸਤੀ ਦਾ ਰਿਸ਼ਤਾ—ਔਰਤ-ਮਰਦ ਦੀ ਦੋਸਤੀ।"



"ਤੈਨੂੰ ਲੋੜ ਈ ਕੀ ਸੀ ਇਸ ਸਭ ਦੀ ?"

"ਲੋੜ ? ਭਾਸਕਰ ਲੋੜ ਹੁੰਦੀ ਵੀ ਨਹੀਂ।" ਅਚਾਨਕ ਉਸਨੇ ਭਾਸਕਰ ਦਾ ਹੱਥ, ਹੱਥ ਵਿਚ ਫੜ ਲਿਆ। "ਆਪਣਾ ਮਨ ਈ ਤਿਲ੍ਹਕਦਾ ਜਾਂਦਾ ਏ। ਇਕ ਜਣਾ ਮਨ ਨੂੰ ਸੰਭਾਲ ਨਹੀਂ ਸਕਦਾ। ਇਹ ਪਤੀ-ਪਤਨੀ 'ਤੇ ਈ ਲਾਗੂ ਨਹੀਂ ਹੁੰਦਾ—ਹਰ ਰਿਸ਼ਤੇ 'ਤੇ ਹੁੰਦਾ ਏ। ਕੰਮ-ਧੰਦੇ, ਨੌਕਰੀ, ਕੰਪਨੀ ਸਭ ਥਾਂਈਂ ਇਹੋ ਹੁੰਦਾ ਏ। ਉਦੋਂ ਕੀ ਕਹਿੰਦੇ ਨੇ ਲੋਕ ? ਤੁਸੀਂ ਲੋਕ ਨਹੀਂ ਲੱਭਦੇ ਨਵੇਂ ਨਵੇਂ ਲੋਕ ? ਵਿਅਕਤੀ ਦੇ ਮਨ ਦਾ ਵੀ ਇਵੇਂ ਹੁੰਦਾ ਏ। ਮਨ ਵੀ ਇਕ ਇੰਡਸਟਰੀ ਈ ਹੁੰਦਾ ਏ। ਨਵੇਂ ਨਵੇਂ ਲੋਕਾਂ ਦੀ ਲੋੜ ਪੈਂਦੀ ਏ। ਉਮਰ ਦੇ ਨਾਲ ਨਾਲ ਇਹ ਲੋੜ ਵੀ ਵੱਖ ਵੱਖ ਤਰ੍ਹਾਂ ਦੀ ਹੁੰਦੀ ਏ।"

ਭਾਸਕਰ ਛੱਤ ਵੱਲ ਇਕਟੱਕ ਦੇਖਦਾ ਹੋਇਆ ਸੁਣਦਾ ਰਿਹਾ ਸੀ।

"ਤੁਸੀਂ ਸੀ ਈ। ਪਰ ਵੱਖਰੀ ਤਰ੍ਹਾਂ ਸੀ। ਤੁਸੀਂ ਹਮੇਸ਼ਾ ਲਈ ਮੇਰੇ ਸੀ। ਤੁਹਾਡੇ ਨਾਲ ਮੇਰਾ ਜਿਹੜਾ ਵਿਅਕਤੀਤਵ ਸੀ ਉਸਦੀਆਂ ਉਹ ਲੋੜਾਂ ਸਨ। ਤੇ ਉਹ ਸੋਚਣ ਨਾਲ ਨਹੀਂ ਸੀ ਉਪਜੀਆਂ। ਉਹ ਅਚਾਨਕ ਉਭਰੀਆਂ ਸਨ ਤੇ ਮਨ ਭਾਲ ਕਰਨ ਲੱਗਦਾ ਸੀ। ਉਹ ਇਕੱਲਾ ਨਹੀਂ ਸੀ। ਕਈ ਲੋਕ ਸਨ। ਅੱਡ ਅੱਡ ਕਿਸਮ ਦੇ। ਰਾਜੂ ਤੋਂ ਈ ਸ਼ੁਰੂਆਤ ਕਰੋ ਨਾ। ਰਾਜੂ ਸਾਡੀ ਲੋੜ ਨਹੀਂ ਸੀ ? ਤੁਹਾਡੇ ਨਾਲ ਜਿਹੜੀ ਮੈਂ ਸੀ ਉਸ ਮੈਂ ਦੀ ਲੋੜ ਨਹੀਂ ਸੀ ? ਇਸ ਉਸੇ ਦੀ ਅਗਲੀ ਪੌੜੀ ਏ।"

ਉਸਨੇ ਗ਼ਲਾਸ ਦਾ ਪਾਣੀ ਖ਼ਤਮ ਕੀਤਾ।

"ਮੈਂ ਸੱਚਮੁੱਚ ਉਸ ਵੇਲੇ ਸੋਚਿਆ ਸੀ, ਦੇਖਾਂ ਤਾਂ ਦੋਸਤੀ ਦਾ ਇਹ ਸਰੂਪ ਕੀ ਤੇ ਕੇਹਾ ਹੁੰਦਾ ਏ ? ਇਸ ਲਈ ਥੋੜ੍ਹੀ ਅੱਗੇ ਵਧ ਗਈ ਸਾਂ ਮੈਂ। ਕੁਛ ਸਮਝ ਰਹੀ ਸੀ, ਕੁਛ ਨਹੀਂ ਵੀ। ਮੈਂ ਸੋਚਿਆ, ਮੈਂ ਉਮਰ ਵਿਚ ਵੱਡੀ ਹੋ ਗਈ ਆਂ। ਮੈਨੂੰ ਕੁਛ ਆਜ਼ਾਦੀ ਏ। ਦੇਖਾਂ ਤਾਂ ਸਹੀ। ਇਸ ਲਈ ਇਹ ਸਭ..."

ਪੱਖਾ ਤੇਜ਼ ਗਤੀ ਨਾਲ ਘੁੰਮ ਰਿਹਾ ਸੀ। ਫੇਰ ਵੀ ਹੁੰਮਸ ਸੀ। ਲੱਗ ਰਿਹਾ ਸੀ ਸਮੁੱਚੀ ਦੁਪਹਿਰ ਉਸੇ ਕਮਰੇ ਵਿਚ ਸਿਮਟ ਆਈ ਏ। ਉਸਨੇ ਕੰਧ 'ਤੇ ਲੱਗੀ ਘੜੀ ਵੱਲ ਦੇਖਿਆ। ਤਿੰਨ ਵੱਜ ਕੇ ਪੰਜ ਮਿੰਟ ਹੋਏ ਸਨ। ਉਸਨੂੰ ਲੱਗਿਆ ਹੁਣ ਇੱਥੇ ਬੈਠਣਾ ਨਹੀਂ ਚਾਹੀਦਾ। ਵਰਨਾ ਘੁਟਣ ਹੋਰ ਵਧ ਜਾਏਗੀ। ਬਾਹਰ ਭਾਵੇਂ ਧੁੱਪ ਹੋਏ, ਉੱਥੇ ਠੀਕ ਰਹੇਗਾ। ਖੁੱਲ੍ਹੇ ਵਿਚ ਜਾਣਾ ਚਾਹੀਦਾ ਏ। ਫੇਰ ਈ ਠੀਕ ਰਹੇਗਾ।

"ਮੈਂ ਹੁਣ ਏਥੇ ਨਹੀਂ ਬੈਠ ਸਕਦਾ।" ਕਹਿੰਦਿਆਂ ਹੋਇਆਂ ਉਹ ਉੱਠਿਆ, "ਤੂੰ ਬੈਠ, ਮੈਂ ਘੁੰਮ ਕੇ ਆਉਂਦਾ ਆਂ।"

ਨੰਦਨੀ ਵੱਲ ਨਾ ਦੇਖਦਿਆਂ ਹੋਇਆਂ ਈ ਉਸਨੇ ਟੋਪੀ ਲਈ। ਚੱਪਲਾਂ ਪਾਈਆਂ ਤੇ ਦਰਵਾਜ਼ਾ ਬੰਦ ਕਰਕੇ ਬਾਹਰ ਨਿਕਲ ਪਿਆ।

ਬਾਹਰ ਤੇਜ਼ ਧੁੱਪ ਸੀ। ਚਾਰੇ ਪਾਸੇ ਧੁੱਪ ਈ ਧੁੱਪ। ਉਹ ਹੇਠਾਂ ਉਤਰਨ ਲੱਗਾ। ਸਰੀਰ ਝੁਲਸਣ ਲੱਗਾ। ਕੁਝ ਚਿਰ ਬਾਅਦ ਉਹ ਰਿਸਾਰਟ ਦੀ ਫਾਨਸਿੰਗ ਕੋਲ ਆਇਆ। ਉੱਥੇ ਰੁੱਖਾਂ ਦੀਆਂ ਕਤਾਰਾਂ ਸਨ। ਸਮੁੰਦਰ ਦਾ ਕਿਨਾਰਾ ਧੁੱਪ ਵਿਚ ਸੁੱਕਣੇ ਪਾਇਆ ਜਾਪਿਆ ਸੀ।

ਇੱਥੇ ਛਾਂ 'ਚ ਬੈਠਿਆ ਜਾਏ ? ਪਰ ਉਸਨੇ ਇਸ ਵਿਚਾਰ ਨੂੰ ਝਟਕ ਦਿੱਤਾ। ਸਾਹਮਣੇ ਸਮੁੰਦਰ ਜਿਵੇਂ ਉਸਨੂੰ ਬੁਲਾ ਰਿਹਾ ਸੀ। ਧੁੱਪ ਦੀ ਪ੍ਰਵਾਹ ਨਾ ਕਰਦੀਆਂ ਹੋਈਆਂ ਲਹਿਰਾਂ ਭਰਪੂਰ ਉਮੰਗ ਨਾਲ ਕਿਨਾਰੇ ਤਕ ਆ ਰਹੀਆਂ ਸਨ।

ਉਸਨੇ ਚੱਪਲਾਂ ਲਾਹ ਕੇ ਰੱਖ ਦਿੱਤੀਆਂ। ਪੈਂਟ ਗੋਡਿਆਂ ਤਕ ਉੱਤੇ ਚੜ੍ਹਾਈ ਤੇ ਸਿੱਧਾ

ਸਮੁੰਦਰ ਦੇ ਪਾਣੀ ਵਿਚ ਉਤਰ ਗਿਆ। ਪੈਰਾਂ ਨਾਲ ਪਾਣੀ ਛੂੰਹਦਿਆਂ ਈ ਉਸਨੂੰ ਠੰਡਕ ਮਹਿਸੂਸ ਹੋਣ ਲੱਗੀ। ਇਕ ਲਹਿਰ ਉਸਦੇ ਪੈਰਾਂ ਉੱਤੋਂ ਲੰਘ ਗਈ। ਤੇ ਜਾਂਦੀ ਹੋਈ ਰੇਤ ਨੂੰ ਨਾਲ ਲੈ ਗਈ। ਉਹ ਹੋਰ ਅੱਗੇ ਵਧ ਗਿਆ। ਪਿੰਜਨੀਆਂ ਤਕ ਪਾਣੀ ਵਿਚ ਜਾ ਖੜ੍ਹਾ ਹੋਇਆ। ਸੂਰਜ ਦੀਆਂ ਕਿਰਨਾਂ ਅੱਖਾਂ ਚੁੰਧਿਆ ਰਹੀਆਂ ਸਨ। ਪਰ ਸਾਹਮਣੇ ਅਸੀਮ ਪਾਣੀ ਫੈਲਿਆ ਹੋਇਆ ਸੀ। ਦਿਸਹੱਦੇ ਤਕ ਫੈਲੀ ਸੁਨਹਿਰੀ-ਨੀਲੀ ਚਮਕ।

ਉਹ ਪਾਣੀ ਦੀ ਛੋਹ ਨੂੰ ਮਹਿਸੂਸ ਕਰਦਾ ਤੇ ਮਾਣਦਾ ਰਿਹਾ। ਵਿਚਾਰ ਸ਼ੁੰਨਯ ਜਿਹਾ ਖੜ੍ਹਾ ਰਿਹਾ। ਲਹਿਰਾਂ ਆ ਜਾ ਰਹੀਆਂ ਸਨ। ਉਹਨਾਂ ਦੀ ਧੀਮੀ ਆਵਾਜ਼ ਤੇ ਸਮੁੰਦਰ ਦੀ ਚੁੱਪ। ਬੇੜੀਆਂ ਨਹੀਂ ਸਨ। ਸੂਰਜ ਆਸਮਾਨ ਵਿਚ ਉੱਚਾ ਚੜ੍ਹਿਆ, ਸਾਰੀ ਦੁਨੀਆਂ ਨੂੰ, ਵੰਗਾਰ ਰਿਹਾ ਸੀ...ਤੇ ਸਮੁੰਦਰ ਚੁੱਪਚਾਪ ਉਸਦੀ ਅੱਗ ਨੂੰ ਪੀ ਜਾਣ ਦੀ ਮੁਦਰਾ ਵਿਚ ਸੀ।

ਪਤਾ ਨਹੀਂ ਉਹ ਕਿੰਨੀ ਦੇਰ ਓਵੇਂ ਈ ਖੜ੍ਹਾ ਰਿਹਾ। ਮਨ ਵਿਚ ਗਾੜ੍ਹੀ ਚੁੱਪ ਭਰੀ ਹੋਈ ਸੀ। ਸਮਝ ਵਿਚ ਨਹੀਂ ਸੀ ਆ ਰਿਹਾ ਕਿ ਕੀ ਕਰੇ ? ਇਕ ਤਰ੍ਹਾਂ ਨਾਲ ਸ਼ੁੰਨ ਦਾ ਮੁਕਾਬਲਾ ਕਰ ਰਿਹਾ ਸੀ। ਧੁੱਪ ਸੀ, ਹੁੰਮਸ ਸੀ, ਪਰ ਉਹ ਇਸ ਅਹਿਸਾਸ ਤੋਂ ਵਾਂਝਾ ਤੇ ਖਾਲੀ-ਖਾਲੀ ਸੀ। ਸਾਹਮਣੇ ਅਸੀਮ ਸਮੁੰਦਰ ਏ ਪਰ ਮੈਂ ਇਸ ਦਾ ਕੀ ਕਰਾਂ ? ਉਸਨੇ ਸੋਚਿਆ।

ਉਸਨੂੰ ਲੱਗਿਆ ਜੇ ਮੈਂ ਮਛੇਰਾ ਹੁੰਦਾ ਤਾਂ ਘੱਟੋਘੱਟ ਮੈਨੂੰ ਪਤਾ ਤਾਂ ਹੁੰਦਾ ਕਿ ਸਮੁੰਦਰ ਦਾ ਕੀ ਕਰਾਂ ? ਮਛੇਰੇ ਚੰਗੀ ਤਰ੍ਹਾਂ ਜਾਣਦੇ ਨੇ ਕਿ ਸਮੁੰਦਰ ਦਾ ਕੀ ਕਰਨਾ ਚਾਹੀਦਾ ਏ ? ਉਹਨਾਂ ਕੋਲ ਜਾਲ ਹੁੰਦੇ ਨੇ। ਬੇੜੀਆਂ ਹੁੰਦੀਆਂ ਨੇ। ਉਹ ਮੱਛੀਆਂ ਫੜ੍ਹਦੇ ਨੇ—ਸਮੁੰਦਰ ਦੀ ਟੋਹ ਵਿਚ ਰਹਿੰਦੇ ਨੇ। ਜਾਂ ਮੈਨੂੰ ਕੈਪਟਨ ਹੋਣਾ ਚਾਹੀਦਾ ਸੀ। ਇਕ ਉਦੇਸ਼ ਸਾਹਵੇਂ ਹੁੰਦਾ। ਮਾਲ ਲਾਹੁਣ, ਮਾਲ ਲਦਵਾਉਣ ਦਾ—ਫੇਰ ਕਿਸੇ ਹੋਰ ਬੰਦਰਗਾਹ ਵੱਲ ਚੱਲ ਪੈਣ ਦਾ। ਮੈਂ ਤਾਂ ਇਸ ਕਿਨਾਰੇ ਨੂੰ ਵੀ ਚੰਗੀ ਤਰ੍ਹਾਂ ਨਹੀਂ ਜਾਣਦਾ। ਦੋ ਦਿਨਾਂ ਲਈ ਆਇਆਂ—ਅਜਨਬੀ ਆਂ। ਬੱਸ, ਸਿਰਫ ਸਮੁੰਦਰ ਦੇਖ ਰਿਹਾਂ। ਉਹ ਵੀ ਤਿੱਖੜ ਦੁਪਹਿਰ ਸਮੇਂ। ਗੋਡਿਆਂ ਤਕ ਪਾਣੀ ਵਿਚ ਖੜ੍ਹਾ।

ਭਾਸਕਰ ਨੂੰ ਆਪਣੀਆਂ ਸੋਚਾਂ 'ਤੇ ਹਾਸਾ ਆ ਗਿਆ। ਉਸਨੇ ਹੇਠਾਂ ਝੁਕ ਕੇ ਚੁਲੀ ਵਿਚ ਪਾਣੀ ਭਰ ਲਿਆ। ਕੁਝ ਪਲ ਉਸਨੂੰ ਦੇਖਦਾ ਰਿਹਾ। ਪਾਣੀ ਚਮਕ ਰਿਹਾ ਸੀ। ਫੇਰ ਉਂਗਲਾਂ ਦੀਆਂ ਵਿਰਲਾਂ ਵਿਚੋਂ ਰਿਸਣ ਦਿੱਤਾ। ਹੱਥ 'ਤੇ ਗਿੱਲਾਪਨ ਬਾਕੀ ਰਹਿ ਗਿਆ। ਉਸਨੇ ਫੇਰ ਉਹੀ ਕ੍ਰਿਆ ਦੁਹਰਾਈ। ਉਂਗਲਾਂ ਨੂੰ ਇਕ ਦੂਜੀ ਨਾਲ ਕੱਸ ਕੇ ਮੇਲੀ ਰੱਖਿਆ। ਪਾਣੀ ਚੁਲੀ ਵਿਚ ਚਮਕਦਾ ਰਿਹਾ। ਉਹ ਸੋਚਦਾ ਰਿਹਾ—ਕਿੰਨੀ ਦੇਰ ? ਮੈਂ ਪਾਣੀ ਨੂੰ ਇੰਜ ਕਦ ਤਕ ਰੋਕ ਸਕਾਂਗਾ ? ਇਕ ਮਿੰਟ ? ਦੋ ਮਿੰਟ ? ਪੰਜ ਮਿੰਟ ? ਫੇਰ ਵੀ ਪਾਣੀ ਨਿਕਲ ਈ ਜਾਏਗਾ। ਉਹ ਉਂਗਲਾਂ ਦੀ ਚੁਲੀ ਨਾਲੋਂ ਸੂਖਮ ਏ। ਪਤਾ ਵੀ ਨਹੀਂ ਲੱਗੇਗਾ ਕਦ ਖਿਸਕ ਗਿਆ। ਤੇ ਮੈਂ ਸਿਰਫ ਦੇਖਦਾ ਰਹਿ ਜਾਵਾਂਗਾ। ਪਾਣੀ ਦਾ ਸੁਭਾਅ ਈ ਏ। ਅਛੋਪਲੇ ਤੇ ਸਹਿਜੇ ਈ ਉਹ ਖਿਸਕ-ਰਿਸਕ ਜਾਂਦਾ ਏ। ਜਾਂ ਭਾਫ ਬਣ ਕੇ ਉਡ ਜਾਂਦਾ ਏ—ਆਸਮਾਨ ਵਿਚ; ਜਾਂ ਆਪਣੇ ਵਿਸ਼ੇਸ਼ ਸਥਾਨ ਵੱਲ। ਜਿੱਥੋਂ ਉਹ ਆਉਂਦਾ ਏ, ਉਧਰ ਵੱਲ। ਉਸਨੂੰ ਯਾਦ ਆਇਆ ਹਾਇਡਰਾਲੋਜੀ ਪੜ੍ਹਾਉਣ ਵਾਲੇ ਪ੍ਰੋਫੈਸਰ ਕਹਿੰਦੇ ਹੁੰਦੇ ਸਨ, "ਸਾਨੂੰ ਪਤਾ ਨਹੀਂ ਲੱਗਦਾ ਪਰ ਪਾਣੀ ਦੀ ਹਰ ਬੂੰਦ ਆਪਣੀ ਮੂਲ ਜਗਾਹ 'ਤੇ ਜਾਣ ਲਈ ਕੋਸ਼ਿਸ਼ ਕਰਦੀ ਰਹਿੰਦੀ ਏ। ਅਸੀਂ ਭਾਵੇਂ ਲੱਖ ਕੋਸ਼ਿਸ਼ਾਂ ਕਰੀਏ ਉਸਨੂੰ ਰੋਕਣ ਦੀਆਂ ਪਰ ਹਰ ਬੂੰਦ ਆਖ਼ਰ ਕਾਮਯਾਬ ਹੋ ਜਾਂਦੀ ਏ—ਸਾਡੇ ਲਾਏ ਸਾਰੇ ਅੜਿੱਕਿਆਂ, ਰੋਕਾਂ ਨੂੰ ਪਾਰ ਕਰਕੇ ਆਪਣੇ ਮੂਲ ਸਥਾਨ 'ਤੇ ਜਾਣ ਵਿਚ। ਜ਼ਮੀਨ 'ਤੇ ਡਿੱਗੇਗੀ ਧਾਰ ਬਣ ਕੇ ਵਹਿ ਤੁਰੇਗੀ। ਬੰਨ੍ਹ ਲਾ ਕੇ ਰੱਖਿਆ ਤਾਂ ਭਾਫ ਬਣ ਕੇ ਉੱਡ ਜਾਏਗੀ।" ਉਦੋਂ ਮੈਨੂੰ ਇਹ ਸੁਣ ਕੇ ਹਾਸਾ ਆਉਂਦਾ ਹੁੰਦਾ ਸੀ। ਇਸ ਲਈ ਕਿ ਪਾਣੀ ਦੀ ਬੂੰਦ ਨੂੰ ਕਰਤਾ ਮੰਨਣਾ ਹੁੰਦਾ ਸੀ। ਪਿੱਛੋਂ ਸਮਝ ਵਿਚ ਆਇਆ ਕਿ



ਇਹ ਸੱਚ ਏ। ਯੂ ਕਾਂਟ ਹੈਲਪ ਇਟ। ਪਾਣੀ ਨੂੰ ਰੋਕੀ ਰੱਖਣਾ ਪਾਗਲਪਨ ਏ। ਫੇਰ ਉਸਨੇ ਚੁਲੀ ਵਿਚ ਘਿਰੇ ਪਾਣੀ ਦਾ ਅਰਘ ਦੇ ਦਿੱਤਾ। ਉਸਦੀ ਚੁਲੀ ਖਾਲੀ ਹੋ ਗਈ। ਉਹ ਬੜਬੜਾਇਆ—'ਜਾਓ ! ਆਪਣੀ ਜਗਾਹ 'ਤੇ ਜਾਓ।'

ਕੁਝ ਚਿਰ ਬਾਅਦ ਉਸ ਲਈ ਧੁੱਪ ਵਿਚ ਖੜ੍ਹੇ ਰਹਿਣਾ ਅਸਹਿ ਹੋ ਗਿਆ। ਉਹ ਵਾਪਸ ਚੱਲ ਪਿਆ। ਰੁੱਖਾਂ ਹੇਠ ਆਇਆ। ਕੋਈ ਖਾਸ ਛਾਂ ਨਹੀਂ ਸੀ। ਸੂਰਜ ਸਿੱਧਾ ਸਾਹਮਣੇ ਸੀ। ਹੇਠਾਂ ਸੁੱਕੇ ਪੱਤੇ, ਟਾਹਣੀਆਂ ਖਿੱਲਰੀਆਂ ਸਨ। ਥੋੜ੍ਹੀ ਕੁ ਥਾਂ ਸਾਫ ਕਰਕੇ ਉਹ ਬੈਠ ਗਿਆ। ਫੇਰ ਲੇਟ ਗਿਆ। ਰੇਤ ਦੀ ਮੁਲਾਇਮ ਛੋਹ ਉਸਨੂੰ ਚੰਗੀ ਲੱਗੀ। ਉਸਨੇ ਅੱਖਾਂ ਮੀਚ ਲਈਆਂ। ਅੱਖਾਂ 'ਤੇ ਲਾਲ ਚਾਨਣ ਪਸਰ ਗਿਆ। ਸੂਰਜ ਆਪਣੀ ਹੋਂਦ ਨੂੰ ਹਾਲੇ ਵੀ ਦਰਸਾਅ ਰਿਹਾ ਸੀ। ਉਸਨੇ ਟੋਪੀ ਅੱਖਾਂ 'ਤੇ ਰੱਖ ਲਈ। ਚਿਹਰੇ ਲਈ ਛਾਂ ਬਣ ਗਈ, ਏਨੇ ਨਾਲ ਈ ਉਸਨੂੰ ਠੰਡਕ ਮਹਿਸੂਸ ਹੋਈ।

ਹੁਣ ਨੀਂਦ ਆ ਜਾਏ ਤਾਂ ਕਿੰਨਾ ਚੰਗਾ ਹੋਏ—ਉਸਨੇ ਸੋਚਿਆ। ਮਨ ਵਿਚ ਸ਼ੰਕਿਆਂ ਦੇ ਭੂਤ ਨੱਚ ਰਹੇ ਨੇ। ਸਾਹਮਣੇ ਏਨਾ ਪਾਣੀ ਏ ਪਰ ਠੰਡਕ ਨਹੀਂ। ਸੂਰਜ ਦਾ ਮੁਕਾਬਲਾ ਅਸੀਂ ਨਹੀਂ ਕਰ ਸਕਦੇ। ਭਾਵੇਂ ਉਹ ਸਵੇਰ ਦਾ ਸੂਰਜ ਹੋਵੇ ਜਾਂ ਦੁਪਹਿਰ ਦਾ। ਸ਼ਾਮ ਦਾ ਸੂਰਜ ਠੀਕ ਏ। ਡੁੱਬਣ ਵੇਲੇ। ਤੇ ਫੇਰ ਚੰਨ-ਤਾਰਿਆਂ ਭਰਿਆ ਆਸਮਾਨ। ਠੰਡਕ। ਭਾਵੇਂ ਕਿੰਨੀ ਦੇਰ ਤਕ ਉਹਨਾਂ ਨੂੰ ਦੇਖਦੇ ਰਹੋ। ਤਦ ਆਸਮਾਨ ਉੱਤੇ ਟਿਕੀਆਂ ਅੱਖਾਂ ਹਟਾਇਆਂ ਨਹੀਂ ਹਟਾਈਆਂ ਜਾਂਦੀਆਂ। ਇੱਥੇ ਰਾਤ ਨੂੰ ਆਉਣਾ ਚਾਹੀਦਾ ਏ। ਸਹੀ ਸਮਾਂ। ਠੰਡੀ ਹਵਾ। ਲਹਿਰਾਂ। ਹਵਾਵਾਂ। ਉਹੀ ਸਹੀ ਸਮਾਂ ਏ।

ਉਹ ਅੱਖਾਂ ਮੀਚ ਕੇ ਲੇਟਿਆ ਰਿਹਾ ਪਰ ਨੀਂਦ ਨਹੀਂ ਆਈ। ਸਮਾਂ ਅੱਗੇ ਖਿਸਕਦਾ ਗਿਆ। ਉਹ ਸੋਚਣ ਲੱਗਾ—ਨੰਦਨੀ ਚਾਹੁੰਦੀ ਸੀ ਕਿ ਮੈਂ ਉਸ ਕੋਲ ਬੈਠਾ ਰਹਾਂ। ਪਰ ਮੇਰੇ ਲਈ ਇਹ ਸੰਭਵ ਨਹੀਂ ਸੀ। ਉਹ ਸ਼ਾਇਦ ਮਨ ਵਿਚ ਕਹਿ ਰਹੀ ਸੀ। ਪਰ ਬਹੁਤ ਸਾਰੀਆਂ ਗੱਲਾਂ ਸਮਝ ਵਿਚ ਨਹੀਂ ਆਉਂਦੀਆਂ। ਸਵੇਰ ਦਾ ਮਨ ਉਚਾਟ ਹੋਇਆ ਹੋਇਆ ਏ। ਹੁਣ ਵੀ ਏ। ਕੀ ਕਰਾਂ ? ਇਹੋ ਸਮਝ ਵਿਚ ਨਹੀਂ ਆ ਰਿਹਾ। ਇੰਜ ਇਸ ਤੋਂ ਪਹਿਲਾਂ ਕਦੀ ਨਹੀਂ ਹੋਇਆ ਸੀ। ਬੇਚੈਨੀ ਮਨ ਵਿਚ ਭਰੀ ਪਈ ਏ। ਗੁੱਸਾ ਵੀ ਏ। ਸੁਭਾਅ ਦੇ ਖ਼ਿਲਾਫ਼ ਕੁਝ ਕਰਨਾ ਪੈ ਰਿਹੈ। ਅੰਦਰੇ-ਅੰਦਰ ਕੁਝ ਧੁਖ ਰਿਹਾ ਏ। ਗਰਮ ਲੂ ਵਾਂਗ। ਪਰ ਕੁਝ ਫਟਦਾ ਨਹੀਂ। ਬੱਸ ਦਿਲ, ਦਿਮਾਗ਼, ਦੇਹ ਠੁਸ ਹੋਏ ਜਾਪਦੇ ਨੇ।

ਕੀ ਕਰਨਾ ਚਾਹੀਦਾ ਏ ? ਸਿਰਫ ਸੁਣਦਾ ਰਹਾਂ ?

ਇੰਜ ਤਾਂ ਕਰਨਾ ਈ ਪਏਗਾ। ਹੋਰ ਫੇਰ ਕੀ ? ਮੇਰੇ ਹੱਥ ਵਿਚ ਹੈ ਈ ਕੀ ? ਕੀ ਕਰ ਸਕਦਾਂ ? ਉਹ ਹੋਰ ਬੇਚੈਨ ਹੋ ਗਿਆ। ਪਿਆ ਪਾਸੇ ਪਰਤਦਾ ਰਿਹਾ ਤੇ ਰੇਤ ਦੇ ਕਣ ਖਿਸਕ ਖਿਸਕ ਕੇ ਜਗਾਹ ਦੇਂਦੇ ਰਹੇ। ਕੀ ਇਸੇ ਰੇਤ ਵਿਚ ਦਫ਼ਨਾ ਲਵਾਂ ਖ਼ੁਦ ਨੂੰ ? ਸਿਰ ਦਫ਼ਨਾਵਾਂ ਜਾਂ ਧੜ ? ਉਹ ਆਪਣੇ ਆਪ 'ਤੇ ਹਿਰਖ ਗਿਆ। ਇਹ ਵੀ ਕੈਸਾ ਵਿਚਾਰ ਏ ? ਇੰਜ ਕਰਨ ਦੀ ਲੋੜ ਈ ਕੀ ਏ ? ਇੰਜ ਤਾਂ ਪਹਿਲਾਂ ਕਦੀ ਮੈਂ ਸੋਚਿਆ ਨਹੀਂ ਸੀ। ਅਜਿਹਾ ਕੁਝ ਸੋਚਣ ਨਾਲੋਂ ਤਾਂ ਇਹੋ ਚੰਗਾ ਏ ਕਿ ਮੈਂ ਸਮੁੰਦਰ ਨੂੰ ਈ ਤੱਕਦਾ ਰਹਾਂ।

ਉਸਨੇ ਅੱਖਾਂ ਖੋਲ੍ਹੀਆਂ। ਕੂਹਣੀਆਂ ਭਾਰ ਰੇਤ 'ਤੇ ਈ ਲੇਟਿਆ ਰਿਹਾ। ਸੂਰਜ ਥੋੜ੍ਹਾ ਹੇਠਾਂ ਝੁਕ ਗਿਆ ਸੀ। ਉਹ ਰੁੱਖਾਂ ਦੇ ਝੁੰਡ ਹੇਠ ਲੇਟਿਆ ਸੀ ਇਸ ਲਈ ਧੁੱਪ ਤੋਂ ਬਚ ਗਿਆ ਸੀ ਪਰ ਹੁੰਮਸ ਬੜੀ ਸੀ। ਪਿੰਡਾ ਤਪ ਗਿਆ ਸੀ। ਜਵਾਰਭਾਟਾ ਵਧ ਰਿਹਾ ਸੀ। ਲਹਿਰਾਂ ਹੁਣ ਹੋਰ ਨੇੜੇ ਆ ਰਹੀਆਂ ਸਨ। ਉਸਨੂੰ ਯਾਦ ਆਇਆ ਕਿ ਉਹ ਸਵੀਮਿੰਗ ਸੂਟ ਤੇ ਹੋਰ ਲੋੜੀਂਦਾ ਸਾਮਾਨ ਨਾਲ ਲਿਆਇਆ ਏ। ਪਾ ਕੇ ਆਉਂਦਾ ਤਾਂ ਤੈਰ ਲੈਂਦਾ। ਪਾਣੀ ਵਿਚ ਠੰਡਕ ਮਹਿਸੂਸ ਹੁੰਦੀ। ਉਸਨੇ ਸੋਚਿਆ—ਵੈਸੇ ਵੀ ਕਾਟੇਜ ਦੂਰ ਨਹੀਂ, ਉਹ ਲਿਆ ਸਕਦਾ ਏ ਪਰ ਉਸਨੇ ਇਹ ਵਿਚਾਰ ਝਟਕ

ਦਿੱਤਾ। ਮਨ ਵਿਚ ਸੋਚਣ ਲੱਗਾ ਕਿ ਕਲ੍ਹ ਤੈਰਾਕੀ ਕਰਾਂਗਾ। ਤੇ ਇਸ ਸੋਚ ਦੇ ਨਾਲ ਈ ਤ੍ਰਬਕਿਆ। ਕੀ ਮੈਂ ਕਲ੍ਹ ਵੀ ਇੱਥੇ ਈ ਹੋਵਾਂਗਾ? ਪ੍ਰੋਗਰਾਮ ਦੇ ਹਿਸਾਬ ਨਾਲ ਤਾਂ ਰਹਿਣਾ ਏ ਪਰ ਹੁਣ ਏਥੇ ਰਹਿ ਕੇ ਵੀ ਕੀ ਕਰਾਂਗਾ?

ਤੇ ਘਰ ਵਾਪਸ ਜਾ ਕੇ ਵੀ ਕੀ ਕਰ ਲਵਾਂਗਾ? ਦੂਜੇ ਪਾਸੇ ਉਸਨੇ ਸੋਚਿਆ। ਉੱਥੇ ਫੈਕਟਰੀ ਜਾ ਸਕਦਾ ਆਂ। ਉਹ ਰਾਹਾਂ 'ਚ ਭਟਕਣ ਲੱਗਾ। ਪਰ ਘਰ ਤਾਂ ਜਾਣਾ ਈ ਪਏਗਾ। ਹਰ ਰਸਤੇ ਭਟਕਣ ਪਿੱਛੋਂ ਇਕੋ ਸਿਰਾ ਸੀ। ਇਸ ਤੋਂ ਚੰਗਾ ਏ ਇੱਥੇ ਸਮੁੰਦਰ ਏ। ਸ਼ਾਂਤੀ ਏ। ਸਮਾਂ ਮੇਰਾ ਆਪਣਾ ਏਂ।

ਕਾਫੀ ਦੇਰ ਹੋ ਗਈ ਸੀ। ਉਹ ਥਕਾਣ ਮਹਿਸੂਸ ਕਰਨ ਲੱਗਾ। ਜੇ ਮੈਂ ਹੋਰ ਇੰਜ ਈ ਪਿਆ ਰਿਹਾ ਤਾਂ ਥੱਕ ਜਾਵਾਂਗਾ ਤੇ ਹੋਏਗਾ ਕੁਝ ਨਹੀਂ। ਉਸਨੇ ਮਨ ਨੂੰ ਸਮਝਾਉਣਾ ਚਾਹਿਆ। ਇਹ ਸਮਾਂ ਸਮੁੰਦਰ ਦੇਖਣ ਦਾ ਨਹੀਂ। ਵੈਸੇ ਵੀ ਸਮੁੰਦਰ ਕਿੱਥੇ ਦਿਖ ਰਿਹੈ—ਲਿਸ਼ਕੋਰਾਂ ਮਾਰਦੀ ਧੁੱਪ ਈ ਦਿਸ ਰਹੀ ਏ। ਉਸਨੇ ਘੜੀ ਦੇਖੀ। ਪੰਜ ਵੱਜ ਚੱਲੇ ਸਨ। ਠੀਕ ਏ। ਸਮੁੰਦਰ ਰਾਤ ਨੂੰ ਦੇਖਾਂਗਾ। ਹੁਣ ਜਿੰਮ ਜਾ ਸਕਦਾਂ। ਵੈਸੇ ਵੀ ਅੱਜ ਕਸਰਤ ਨਹੀਂ ਕੀਤੀ। ਪਰ ਟਾਵਲ? ਉਸਨੇ ਜੇਬਾਂ ਵਿਚ ਹੱਥ ਮਾਰਿਆ। ਇਕ ਰੁਮਾਲ ਮਿਲਿਆ। ਠੀਕ ਏ, ਇਸੇ ਨਾਲ ਕੰਮ ਚੱਲ ਜਾਏਗਾ—ਰੂਮ 'ਚ ਜਾਣ ਦੀ ਲੋੜ ਨਹੀਂ।

ਉਹ ਉਸੇ ਰਾਹ ਪਰਤ ਆਇਆ। ਜਿੰਮ ਖੁੱਲ੍ਹੀ ਸੀ। ਕਲ੍ਹ ਵਾਲਾ ਇੰਸਟਕਟਰ ਕਿਧਰੇ ਦਿਖਾਈ ਨਹੀਂ ਦਿੱਤਾ। ਉਸਨੂੰ ਹੋਰ ਵੀ ਸ਼ਾਂਤੀ ਮਹਿਸੂਸ ਹੋਈ। ਚੱਪਲਾਂ ਲਾਹ ਕੇ ਉਹ ਸਾਈਕਲ 'ਤੇ ਚੜ੍ਹ ਗਿਆ।

ਸ਼ੁਰੂ ਵਿਚ ਠੀਕ ਸੀ। ਪਿੱਛੋਂ ਉਦਾਸੀ ਨੇ ਘੇਰ ਲਿਆ। ਉਸਨੇ ਸੋਚਿਆ ਖਾਣਾ ਖਾਣ ਕਰਕੇ ਹੋਏਗਾ। ਫੇਰ ਉਸਨੂੰ ਲੱਗਿਆ, ਸਰੀਰ ਸੁਸਤ ਏ। ਏਨੀ ਛੇਤੀ ਹਲਕਾ ਨਹੀਂ ਹੋਏਗਾ। ਮੈਨੂੰ ਕਰਦੇ ਰਹਿਣਾ ਚਾਹੀਦਾ ਏ। ਫੇਰ ਵੀ ਉਸ ਤੋਂ ਪੈਡਲ ਮਾਰੇ ਨਹੀਂ ਸੀ ਜਾ ਰਹੇ। ਉਹ ਸਾਈਕਲ ਤੋਂ ਹੇਠਾਂ ਉਤਰ ਗਿਆ। ਹੁਣੇ ਤੁਰ ਕੇ ਆਇਆ ਆਂ। ਵਾਰਮਿੰਗ ਅੱਪ ਹੋਇਆ ਆਂ। ਚਲੋ ਸਿੱਧੇ ਮਸ਼ੀਨ ਵੱਲ।

ਉਸਨੇ ਫਲੀ ਵਿਚ ਹਮੇਸ਼ਾ ਜਿੰਨਾ ਵਜਨ ਚੜ੍ਹਾਇਆ। ਰਾਡ ਦੇ ਸਿਰੇ ਫੜ੍ਹੇ ਤੇ ਖਿੱਚਣਾ ਸ਼ੁਰੂ ਕਰ ਦਿੱਤਾ। ਦੂਜੇ ਸੈਟ ਵਿਚ ਬਾਹਾਂ ਜਵਾਬ ਦੇਣ ਲੱਗੀਆਂ। ਹਮੇਸ਼ਾ ਵਾਂਗ ਤਾਂ ਸੀ। ਪਰ ਸਰੀਰ ਵਿਚ ਜਿਵੇਂ ਤਾਕਤ ਈ ਨਹੀਂ ਸੀ। ਉਸਨੇ ਨੈਟ ਲਾਇਆ ਪਰ ਰਾਡ ਹੇਠਾਂ ਨਹੀਂ ਕਰ ਸਕਿਆ। ਮੱਥੇ 'ਤੇ ਪਸੀਨਾ ਆ ਗਿਆ।

ਮੂਰਖ! ਕਿਉਂ ਕਰ ਰਿਹਾ ਆਂ ਮੈਂ ਇਹ ਸਭ? ਉਸਨੇ ਖ਼ੁਦ ਨੂੰ ਨੇਹਣਾ ਸ਼ੁਰੂ ਕਰ ਦਿੱਤਾ। ਨੰਦਨੀ ਨੂੰ ਇਸ ਸਭ ਨਹੀਂ ਚਾਹੀਦਾ। ਉਸਦੀਆਂ ਨਜ਼ਰਾਂ ਵਿਚ ਕੁਛ ਕੀਮਤ ਨਹੀਂ ਇਸਦੀ। ਉਹ ਕਿਹੜਾ ਘੀਲਾ ਸੀ। ਮੈਂ ਇਕ ਘਸੁੰਨ ਜੜ ਦੇਂਦਾ ਤਾਂ ਪਾਣੀ ਨਹੀਂ ਸੀ ਮੰਗਣਾ। ਪਰ ਉਹੀ ਚੰਗਾ ਲੱਗਿਆ ਸੀ ਨੰਦਨੀ ਨੂੰ? ਮੇਰਾ ਇਹ ਚੌੜਾ ਸੀਨਾ, ਇਹ ਬਾਏਸੇਪਸ, ਨਿੱਗਰ ਪਿੰਜਨੀਆਂ, ਕਸਿਆ ਹੋਇਆ ਪੇਟ—ਕਿਸਨੂੰ ਚਾਹੀਦਾ ਏ? ਨੰਦਨੀ ਨੂੰ ਤਾਂ ਉਸ ਮਰੀਅਲ ਦੀਆਂ ਮਿੱਠੀਆਂ ਗੱਲਾਂ ਈ ਚੰਗੀਆਂ ਲੱਗੀਆਂ ਨਾ? ਤੇ ਮੈਂ ਕਿਉਂ ਇੱਥੇ ਸਰੀਰ ਦੀ ਮਜ਼ਬੂਤੀ ਬਣਾਉਣ ਲਈ ਪਸੀਨਾ ਵਹਾਅ ਰਿਹਾਂ?

ਉਸਦੇ ਹੱਥੋਂ ਰਾਡ ਛੁੱਟ ਗਿਆ। ਪੁਲੀ ਦੇ ਵਜਨ ਟਨ ਕਰਕੇ ਟਕਰਾਏ। ਉਸਨੇ ਝੂਲਦੇ ਹੱਥ ਪੈਰਾਂ ਨਾਲ ਲਾਏ ਤਾਂ ਚੱਕਰ ਜਿਹਾ ਆ ਗਿਆ। ਕਮਜ਼ੋਰੀ ਮਹਿਸੂਸ ਹੋਣ ਲੱਗੀ। ਲੱਗਿਆ ਸਰੀਰ ਨਾਂ ਦੀ ਕੋਈ ਚੀਜ਼ ਹੈ ਈ ਨਹੀਂ। ਝੁਕ ਕੇ ਉਸਨੇ ਮਸ਼ੀਨ ਦਾ ਖੰਭਾ ਫੜ ਲਿਆ। ਹੱਥਾਂ ਵਿਚ



ਸਿਰ ਫੜ੍ਹ ਕੇ ਬੈਠ ਗਿਆ।

ਕੁਝ ਚਿਰ ਪਿੱਛੋਂ ਉਸਨੇ ਸਿਰ ਚੁੱਕਿਆ। ਅਜੇ ਤਕ ਜਿੰਮ ਵਿਚ ਕੋਈ ਨਹੀਂ ਸੀ ਆਇਆ। ਉਸਦਾ ਸੰਘ ਸੁੱਕ ਰਿਹਾ ਸੀ। ਉਹ ਜਿਵੇਂ ਤਿਵੇਂ ਉਠਿਆ। ਫਿਲਟਰ ਵਿਚੋਂ ਪਾਣੀ ਪੀ ਕੇ ਉਹ ਮੈਟ ਵਿਛਾ ਕੇ ਸ਼ਵ-ਆਸਨ ਕਰਨ ਲੱਗਾ।

ਚਲੋ ਚੰਗਾ ਏ ਏਥੇ ਕੋਈ ਨਹੀਂ ਏ। ਵਰਨਾ ਹੋਰ ਬੇਇੱਜ਼ਤੀ ਹੁੰਦੀ। ਪਹਿਲਾਂ ਇੰਜ ਕਦੀ ਨਹੀਂ ਹੋਇਆ ਸੀ। ਜਿੰਮ 'ਚ ਮੈਂ ਕਿੰਨਾ ਹੌਸਲੇ 'ਚ ਰਹਿੰਦਾ ਆਂ? ਸੱਚਮੁੱਚ ਮੈਨੂੰ ਕੁਝ ਹੋ ਗਿਆ ਏ ਕਿ? ਸ਼ੰਕਾਵਾਂ ਨੇ ਉਸਨੂੰ ਘੇਰਿਆ ਹੋਇਆ ਸੀ। ਮੈਂ ਸਾਰੀ ਜਾਂਚ ਤਾਂ ਕਰਵਾਈ ਹੋਈ ਏ। ਸਭ ਕੁਝ ਨਾਰਮਲ ਏ। ਫੇਰ ਵੀ? ਨਸਾਂ ਵਿਚ ਕੁਝ ਗੜਬੜ ਏ ਕਿ? ਸਰੀਰ ਨੂੰ ਕਦ ਕੁਛ ਹੋ ਜਾਂਦਾ ਏ ਇਸਦਾ ਕੁਛ ਭਰੋਸਾ ਨਹੀਂ। ਇਸ ਵਿਚਾਰ ਦੇ ਆਉਂਦਿਆਂ ਈ ਉਸਨੇ ਸਾਰੀਆਂ ਸ਼ੰਕਾਵਾਂ ਨੂੰ ਝਟਕ ਦਿੱਤਾ। ਅਜੇ ਸਵਾਲ ਮਨ ਦਾ ਏ। ਸਰੀਰ ਦੀ ਪ੍ਰਵਾਹ ਨਹੀਂ। ਜੋ ਹੋਏਗਾ ਨਿਬੜ ਲਵਾਂਗਾ, ਪਰ ਇਸ ਮਨ ਦਾ ਕੀ ਕਰਾਂ?

ਕਿਸ ਦੇ ਮਨ ਦਾ? ਉਸਨੇ ਆਪਣੇ ਆਪ ਨੂੰ ਪੁੱਛਿਆ। ਉਸਦੇ ਜਾਂ ਮੇਰੇ? ਜਦ ਮੈਂ ਕੁਛ ਕੀਤਾ ਈ ਨਹੀਂ ਫੇਰ ਮੈਂ ਕਿਉਂ ਚਿੰਤਾ ਕਰ ਰਿਹਾਂ? ਮੈਨੂੰ ਕਸਰਤ ਕਰਨ ਵਿਚ ਕਿਉਂ ਦਿੱਕਤ ਆ ਰਹੀ ਏ? ਠੀਕ ਏ। ਨਹੀਂ ਕਰਨੀ ਕਸਰਤ ਤਾਂ ਯੋਗਾਸਨ ਕਰ ਲਵਾਂ। ਜਾਂ ਫੇਰ ਲੇਟਿਆ ਰਹਾਂ ਸਵ-ਆਸਨ 'ਚ ਈ। ਇਹ ਚੰਗੀ ਕਿਰਿਆ ਏ। ਕੁਝ ਨਾ ਕਰਨਾ ਹੋਏ ਤਾਂ ਬੱਸ ਸਵ-ਆਸਨ ਵਿਚ ਲੇਟ ਜਾਓ।

ਉਹ ਚੁੱਪਚਾਪ ਅੱਖਾਂ ਮੀਚ ਕੇ ਲੇਟਿਆ ਰਿਹਾ, ਦੁਨੀਆਂ ਵੱਲੋਂ ਬੇਧਿਆਨਾਂ। ਕੁਝ ਚਿਰ ਬਾਅਦ ਦਰਵਾਜ਼ੇ ਦੀ ਆਵਾਜ਼ ਆਈ। ਇੰਸਟਕਰ ਆ ਗਿਆ ਸੀ। ਭਾਸਕਰ ਨੇ ਅੱਖਾਂ ਖੋਲ੍ਹੀਆਂ। ਦੋਵਾਂ ਨੇ ਇਕ ਦੂਜੇ ਨੂੰ ਦੇਖਿਆ।

"ਗੁੱਡ ਈਵਨਿੰਗ ਸਰ। ਕੂਲਿੰਗ ਡਾਊਨ?"

ਇੰਸਟਕਟਰ ਨੇ ਪੁੱਛਿਆ।

ਉਹ ਸਿਰਫ ਮੁਸਕਰਾਇਆ, "ਤੁਸੀਂ ਕਿਤੇ ਗਏ ਸੀ?"

"ਹਾਂ, ਇੱਥੇ ਈ ਆਫਿਸ ਤਕ ਸਰ। ਹਿਸਾਬ ਦੇਣਾ ਸੀ। ਤੁਹਾਨੂੰ ਕੋਈ ਦਿੱਕਤ ਤਾਂ ਨਹੀਂ ਹੋਈ?"

"ਬਿਲਕੁਲ ਨਹੀਂ।" ਉੱਠਦਿਆਂ ਹੋਇਆਂ ਭਾਸਕਰ ਨੇ ਕਿਹਾ। "ਤੁਸੀਂ ਮਸ਼ੀਨਾਂ ਬੜੀਆਂ ਵਧੀਆ ਰੱਖੀਆਂ ਹੋਈਆਂ ਨੇ।"

"ਹਾਂ ਸਰ, ਪਰ ਇਹਨਾਂ ਦਾ ਲਾਭ ਨਹੀਂ ਲਿਆ ਜਾ ਰਿਹਾ। ਏਥੇ ਕੋਈ ਆਉਂਦਾ ਈ ਨਹੀਂ।"

"ਤੁਸੀਂ ਪਿੰਡ ਦੇ ਬੱਚਿਆਂ ਨੂੰ ਇੱਥੇ ਆਉਣ ਦਿਆ ਕਰੋ। ਉਹਨਾਂ ਨੂੰ ਲਾਭ ਹੋਏਗਾ।"

"ਹਾਂ ਸਰ, ਇੰਜ ਈ ਕਰਨਾ ਚਾਹੀਦਾ ਏ। ਸਰ ਤੁਸੀਂ ਜਾ ਰਹੇ ਓਂ?"

"ਹਾਂ, ਗੁੱਡ ਬਾਏ।" ਤੇ ਭਾਸਕਰ ਬਾਹਰ ਨਿਕਲ ਆਇਆ।

ਉਸਦੇ ਸਾਹਮਣੇ ਹੁਣ ਵੀ ਇਹੋ ਸਵਾਲ ਸੀ, ਕੀ ਕਰੇ? ਕਿਥੇ ਜਾਏ? ਸ਼ਾਮ ਹੋ ਗਈ ਸੀ ਫੇਰ ਵੀ ਤੇਜ਼ ਰੋਸ਼ਨੀ ਸੀ। ਜਿੰਮ ਦੇ ਗੇਟ ਤੋਂ ਉਸਨੂੰ ਉਸ ਪਾਰ ਦਾ ਰਸਤਾ ਦਿਸ ਰਿਹਾ ਸੀ। ਵਾਪਸ ਸਮੁੰਦਰ ਕਿਨਾਰੇ ਜਾਵਾਂ? ਉਹ ਸੋਚਣ ਲੱਗਾ। ਹੁਣ ਉੱਥੇ ਧੁੱਪ ਨਹੀਂ ਹੋਏਗੀ। ਸੂਰਜ ਦੇਖ ਸਕਾਂਗਾ। ਜਾਂ ਇਸ ਪਗਡੰਡੀ ਉੱਤੇ ਅੱਗੇ ਤਕ ਨਿਕਲ ਜਾਵਾਂ? ਪਹਾੜੀ ਤੀਕ। ਨਹੀਂ, ਨਹੀਂ। ਹੁਣ ਕੁਝ ਚਿਰ ਬਾਅਦ ਹਨੇਰਾ ਹੋ ਜਾਏਗਾ। ਮਜ਼ਾ ਨਹੀਂ ਆਏਗਾ।

ਉਹ ਗੇਟ ਵੱਲ ਤੁਰ ਪਿਆ। ਉਸਨੂੰ ਯਾਦ ਆਇਆ ਜਦੋਂ ਦਾ ਆਇਆ ਆਂ, ਕਾਰ ਵੱਲ ਦੇਖਿਆ ਈ ਨਹੀਂ। ਇਹਨਾਂ ਲੋਕਾਂ ਠੀਕ-ਠਾਕ ਰੱਖੀ ਹੋਏਗੀ। ਫੇਰ ਵੀ ਮੈਨੂੰ ਇਕ ਵਾਰ ਦੇਖ ਆਉਣਾ ਚਾਹੀਦਾ ਏ।

ਸ਼ੈਡ ਵਿਚ ਕਈ ਗੱਡੀਆਂ ਸਨ। ਉਸਦੀ ਗੱਡੀ ਥੋੜ੍ਹੀ ਹਟ ਕੇ ਸ਼ਾਨ ਨਾਲ ਖੜ੍ਹੀ ਸੀ। ਛੋਟੀਆਂ ਗੱਡੀਆਂ ਵਿਚਕਾਰ ਰੋਅਬ-ਦਾਅਬ ਨਾਲ। ਉਸਨੇ ਦੂਰੋਂ ਦੇਖਿਆ ਤਾਂ ਆਪਣੇਪਨ ਦੀ ਉਮੰਗ ਤਨ-ਮਨ ਵਿਚ ਦੌੜ ਗਈ। ਕੋਲ ਆ ਕੇ ਜਦੋਂ ਉਸਨੇ ਬੋਨੇਟ ਉੱਤੇ ਹੱਥ ਰੱਖਿਆ ਉਸਦਾ ਮਨ ਉਛਾਲੇ ਖਾਣ ਲੱਗਾ। ਚਾਬੀ ਲਿਆਉਣੀ ਚਾਹੀਦੀ ਸੀ। ਦਰਵਾਜ਼ਾ ਖੋਲ੍ਹ ਕੇ ਅੰਦਰ ਬੈਠ ਸਕਦਾ ਸਾਂ। ਇਹ ਆਪਣੀ ਗੱਡੀ ਏ। ਸਿਰਫ ਗੱਡੀ ਵਿਚ ਬੈਠਣ ਨਾਲ ਈ ਸਕੂਨ ਮਿਲਦਾ। ਕਿੰਨਾ ਭਰੋਸਾ ਏ ਇਸ ਗੱਡੀ ’ਤੇ। ਹਰ ਸਮੇਂ ਸਾਥ ਨਿਭਾਉਂਦੀ ਏ।

ਉਸਨੇ ਗੱਡੀ ਦਾ ਚੱਕਰ ਲਾਇਆ। ਸਾਰੇ ਟਾਇਰ ਦੇਖੇ। ਸ਼ੀਸ਼ੇ ਲਿਸ਼ਕ ਰਹੇ ਸਨ। ਵਾਚਮੈਨ ਨੇ ਗੱਡੀ ਸਾਫ ਕਰ ਦਿੱਤੀ ਸੀ। ਜਾਣ ਵੇਲੇ ਉਸਨੂੰ ਟਿੱਪ ਦੇਣੀ ਚਾਹੀਦੀ ਏ।

ਉਹ ਗੇਟ ’ਚੋਂ ਬਾਹਰ ਨਿਕਲ ਆਇਆ। ਸਾਫ ਸੁਥਰਾ ਰੱਸਤਾ ਦੂਰ ਤਕ ਵਿਛਿਆ ਹੋਇਆ ਸੀ। ਦੋਵੇਂ ਪਾਸੇ ਘਾਹ ਉਗਾਈ ਹੋਈ ਸੀ। ਛੋਟੇ ਛੋਟੇ ਬੂਟੇ ਲਾਏ ਸਨ। ਭੀੜ ਨਹੀਂ ਸੀ। ਤੁਰਨਾ ਚੰਗਾ ਲੱਗ ਰਿਹਾ ਸੀ। ਉਹ ਤੁਰਦਾ ਰਿਹਾ।

ਕਾਫੀ ਦੂਰੀ ਤੈਅ ਕਰ ਲੈਣ ਪਿੱਛੋਂ ਉਸਨੇ ਸੋਚਿਆ ਮੈਂ ਕਿਉਂ ਤੁਰਿਆ ਜਾ ਰਿਹਾ ਆਂ? ਸਮਾਂ ਬਿਤਾਉਣ ਖਾਤਰ? ਰੂਮ ਵਿਚ ਈ ਬੈਠਣਾ ਚਾਹੀਦਾ ਸੀ ਮੈਨੂੰ। ਮੈਂ ਕਿਉਂ ਇਧਰ-ਉਧਰ ਮੂੰਹ ਲੁਕਾਉਂਦਾ ਫਿਰ ਰਿਹਾਂ? ਕੀ ਕੀਤਾ ਏ ਮੈਂ? ਜੇ ਮੈਂ ਉਸਦੇ ਨਾਲ ਨਹੀਂ ਰਹਿਣਾ ਚਾਹੁੰਦਾ ਤਾਂ ਮੈਨੂੰ ਚਾਹੀਦਾ ਏ ਕਿ ਮੈਂ ਬਸ ਦਾ ਟਿਕਟ ਉਸਦੀ ਹਥੇਲੀ ’ਤੇ ਰੱਖ ਦਿਆਂ ਤੇ ਕਹਾਂ ‘ਚਲੀ ਜਾਅ।’ ਮੈਂ ਕਿਉਂ ਭੱਜ ਰਿਹਾਂ? ਕੀ ਮੈਂ ਕਿਸੇ ਨੂੰ ਰਿਸ਼ਵਤ ਦਿੱਤੀ ਏ? ਕਿਸੇ ਦਾ ਪ੍ਰਾਵੀਡੈਂਟ ਫੰਡ ਦੇਣ ਤੋਂ ਮੁੱਕਰਿਆ ਆਂ? ਜ਼ਹਿਰੀਲਾ ਪਾਣੀ ਨਦੀ ਵਿਚ ਛੱਡਿਆ ਏ? ਫੇਰ ਕਿਉਂ ਭੱਜ ਰਿਹਾਂ ਮੈਂ?

ਸੱਚ, ਮੈਂ ਕਿਉਂ ਪਾਗਲਪਨ ਕਰ ਰਿਹਾਂ? ਮੈਂ ਡਰਪੋਕ ਆਂ ਕੋਈ? ਕੈਸਾ ਡਰ? ਡਰ ਜਾਂ ਜੋ ਵੀ ਕੁਝ ਹੋਏ ਨੰਦਨੀ ਨੂੰ ਹੋਣਾ ਚਾਹੀਦਾ ਏ। ਜੋ ਵੀ ਸਿੱਟਾ ਹੋਏ ਉਸਨੇ ਭੋਗਣਾ ਏਂ। ਜੇ ਮੈਂ ਉਸ ਨਾਲ ਗੱਲ ਕਰਨੀ ਨਹੀਂ ਚਾਹੁੰਦਾ ਤਾਂ ਨਾ ਸਹੀ। ਗੱਡੀ ਕੱਢ ਕੇ ਪੰਜ ਛੇ ਘੰਟਿਆਂ ਵਿਚ ਘਰ ਪਹੁੰਚ ਸਕਦਾ ਆਂ। ਦੇਖਾਂਗਾ ਉੱਥੇ ਜਾ ਕੇ ਜੋ ਹੋਏਗਾ ਉਹ। ਭਾਸਕਰ ਆਪਣੀ ਉਧੇੜ-ਬੁਨ ਵਿਚ ਤੁਰਦਾ ਜਾ ਰਿਹਾ ਸੀ।

ਉਸਨੇ ਪਿੱਛੇ ਮੁੜ ਕੇ ਦੇਖਿਆ। ਫੇਰ ਸੋਚਿਆ ਭਾਵੇਂ ਏਥੇ ਆਂ ਜਾਂ ਉੱਥੇ ਹੋਵਾਂ—ਹੋਣਾ ਕੀ ਏ? ਸੁਣਿਆ। ਅੱਗੇ? ਸਮਝਿਆ। ਅੱਗੇ?

ਅਚਾਨਕ ਉਸਦੇ ਮਨ ਵਿਚ ਗੁੱਸਾ ਭਰਨ ਲੱਗਾ। ਲੱਤ ਮਾਰ ਕੇ ਕੱਢ ਦੇਣਾ ਚਾਹੀਦਾ ਏ। ਉਹ ਸਮਝਦੀ ਕੀ ਏ ਆਪਣੇ ਆਪ ਨੂੰ? ਭੌਂਕਦੀ ਫਿਰਨ ਦਿਓ ਉਸਨੂੰ ਜਿੱਥੇ ਫਿਰਦੀ ਏ। ਆਈ ਡੋਂਟ ਕੇਅਰ।

ਉਹ ਆਪਣੇ ਆਪ ਉੱਤੇ ਹੱਸਿਆ। ਉਦਾਸ-ਜਿਹਾ। ਇੰਜ ਹੁੰਦਾ ਤਾਂ ਕਿੰਨਾ ਆਸਾਨ ਸੀ। ਇਹ ਤਾਂ ਕੋਈ ਵੀ ਕਰ ਸਕਦਾ ਏ। ਨੰਦਨੀ ਨੇ ਨਾ ਕਦੀ ਨੌਕਰੀ ਕੀਤੀ ਨਾ ਵਪਾਰ। ਉਹ ਪੂਰੀ ਤਰ੍ਹਾਂ ਮੇਰੇ ਉੱਤੇ ਨਿਰਭਰ ਏ। ਮੈਂ ਜਾਣ ਲਈ ਕਹਾਂਗਾ ਤਾਂ ਉਸਨੂੰ ਜਾਣਾ ਪਏਗਾ। ਜਾਏਗੀ ਵੀ। ਜਿਵੇਂ-ਤਿਵੇਂ ਆਪਣਾ ਪੇਟ ਵੀ ਪਲੇਗੀ। ਜਿਉਂ ਲਏਗੀ ਆਪਣੇ ਬਲ-ਬੂਤੇ ’ਤੇ। ਦੁਨੀਆਂ ’ਚ ਲੱਖਾਂ ਕਰੋੜਾਂ ਲੋਕ ਜਿਉਂ ਰਹੇ ਨੇ। ਆਪਣੇ ਪੈਰਾਂ ’ਤੇ ਖੜ੍ਹੇ ਨੇ ਮੇਰੇ ਬਗ਼ੈਰ। ਯਾਨੀ ਮੈਂ ਥੋੜ੍ਹਾ ਈ ਸਭ ਨੂੰ ਪਾਲ-ਪੋਸ ਰਿਹਾਂ। ਹਰ ਕੋਈ ਆਪਣੀ ਰੋਜ਼ੀ-ਰੋਟੀ ਕਮਾਅ ਈ ਲੈਂਦਾ ਏ। ਕੋਈ ਮਦਦ ਨਹੀਂ



ਕਰੇਗਾ ਤਾਂ ਰਾਜੂ ਤਾਂ ਹੈ ਨਾ। ਰਾਜੂ ਹਰ ਮਹੀਨੇ ਉਸਨੂੰ ਪੈਸੇ ਭੇਜ ਦਏਗਾ। ਰਾਜੂ ਨੂੰ ਮੇਰਾ ਉਸਨੂੰ ਘਰੋਂ ਕੱਢਣਾ ਚੰਗਾ ਨਹੀਂ ਲੱਗੇਗਾ। ਇੰਜ ਕਰਕੇ ਮੈਂ ਕਿਹੜਾ ਤੀਰ ਮਾਰ ਦੇਣਾ ਏਂ?

ਤੇ ਜਾਂਦੀ ਜਾਂਦੀ ਜੇ ਉਹ ਕਹਿੰਦੀ, “ਹਾਂ ਕੀਤਾ ਏ ਮੈਂ; ਹੋਰ ਕੀ ਪੁੱਛਣਾ ਏਂ? ਕੱਢ ਦਿਓ ਮੈਨੂੰ ਘਰੋਂ ਬਾਹਰ। ਚਲੀ ਜਾਣੀ ਆਂ।” ਫੇਰ ਮੇਰੇ ਕੋਲ ਕਹਿਣ ਲਈ ਕੀ ਬਚਦਾ? ਹੱਥ ਮਲਦੇ ਰਹਿ ਜਾਣ ਵਾਲੀ ਨੌਬਤ ਆ ਜਾਏਗੀ ਨਾ?

ਉਸਦਾ ਗੱਚ ਭਰ ਆਇਆ। ਲੰਮਾ ਹਉਕਾ ਜਿਹਾ ਲਿਆ। ਥਾਵੇਂ ਖਲੋ ਕੇ ਲੱਕ ਉੱਤੇ ਹੱਥ ਰੱਖ ਕੇ ਇਧਰ ਉਧਰ ਦੇਖਿਆ। ਰਸਤੇ ’ਤੇ ਉਹ ਇਕੱਲਾ ਸੀ। ਸਾਹਮਣੇ ਰਿਸਾਰਟ ਦਾ ਗੇਟ ਦਿਸ ਰਿਹਾ ਸੀ। ਆਸਮਾਨ ਵਿਚ ਪੰਛੀਆਂ ਦਾ ਝੁੰਡ ਪਹਾੜੀ ਵੱਲ ਉਡਿਆ ਜਾ ਰਿਹਾ ਸੀ। ਉਹ ਇਕ ਪਾਸੇ ਹੋ ਕੇ ਖਲੋ ਗਿਆ। ਫੇਰ ਉਸਨੂੰ ਲੱਗਿਆ ਇਹ ਗੱਲ ਜਿੰਨੀ ਆਸਾਨ ਲੱਗ ਰਹੀ ਏ ਓਨੀ ਆਸਾਨ ਹੈ ਨਹੀਂ। ਉਸਨੂੰ ਸੁਲਾਝਾਉਣ ਦਾ ਰਸਤਾ ਕੋਈ ਆਮ ਰਸਤਾ ਨਹੀਂ। ਠੀਕ ਏ ਪਤਾ ਲੱਗਣਾ ਚਾਹੀਦਾ ਏ ਉਸ ਰਸਤੇ ਦਾ ਮੈਨੂੰ।

ਉਹ ਕਾਟੇਜ ਕੋਲ ਆਇਆ। ਦਰਵਾਜ਼ਾ ਬੰਦ ਸੀ। ਨੰਦਨੀ ਕਿਧਰੇ ਦਿਖਾਈ ਨਹੀਂ ਦਿੱਤੀ। ਉਹ ਰਿਸੈਪਸ਼ਨ ਕੋਲ ਆਇਆ। ਚਾਬੀ ਕਾਊਂਟਰ ’ਤੇ ਸੀ।

“ਮੈਡਮ ਤੁਹਾਨੂੰ ਲੱਭ ਰਹੇ ਸੀ, ਸਰ।” ਉੱਥੋਂ ਦੇ ਆਦਮੀ ਨੇ ਕਿਹਾ।

“ਹਾਂ, ਦੇਖਦਾਂ” ਉਸਨੇ ਕਿਹਾ।

ਉਹ ਕਾਟੇਜ ਤਕ ਆਇਆ। ਉਸਨੂੰ ਪਤਾ ਸੀ ਨੰਦਨੀ ਸਮੁੰਦਰ ਕਿਨਾਰੇ ਗਈ ਹੋਏਗੀ। ਉਸਨੂੰ ਉੱਥੇ ਜਾਣ ਦੀ ਇੱਛਾ ਹੋਈ। ਇਕੋ ਰਸਤਾ ਸੀ। ਉਹ ਜ਼ਰੂਰ ਮਿਲ ਜਾਏਗੀ ਉਸਨੂੰ। ਉਹ ਮੈਨੂੰ ਲੱਭਣ ਈ ਗਈ ਹੋਏਗੀ। ਪਰ ਉਸਨੇ ਉੱਥੇ ਨਾ ਜਾਣ ਦਾ ਸੋਚਿਆ। ਸੱਤ ਵੱਜ ਚੱਲੇ ਸਨ। ਹਨੇਰਾ ਹੋਣ ਲੱਗ ਪਿਆ ਸੀ। ਉਸਨੇ ਦਰਵਾਜ਼ਾ ਖੋਲ੍ਹਿਆ। ਰੇਸਟੋਰੇਂਟ ਵਿਚ ਫ਼ੋਨ ਕਰਕੇ ਚਾਹ ਲਿਆਉਣ ਲਈ ਕਿਹਾ। ਮੂੰਹ ਹੱਥ ਧੋਤੇ ਤੇ ਬਾਹਰ ਆ ਕੇ ਟੀ.ਵੀ. ਚਾਲੂ ਕਰਨ ਈ ਲੱਗਾ ਸੀ ਨੰਦਨੀ ਆ ਗਈ, ਹਫੀ ਹੋਈ।

“ਭਾਸਕਰ ਕਿੱਥੇ ਸੀ ਤੁਸੀਂ? ਮੈਂ ਕਿੰਨਾ ਲੱਭਿਆ ਤੁਹਾਨੂੰ?” ਉਸਨੇ ਦਰਵਾਜ਼ੇ ਕੋਲੋਂ ਈ ਕਿਹਾ।

“ਏਥੇ ਈ ਸੀ!”

“ਪਰ ਕਿੱਥੇ? ਦੱਸ ਤਾਂ ਜਾਂਦੇ।”

“ਕਿਉਂ? ਏਨੀ ਆਜ਼ਾਦੀ ਵੀ ਨਹੀਂ ਮੈਨੂੰ?” ਉਸਨੇ ਪਹਿਲਾਂ ਵਾਂਗ ਈ ਕਿਹਾ।

“ਐਂ ਨਹੀਂ ਜੀ। ਪਰ ਦੱਸ ਕੇ ਜਾਇਆ ਕਰੋ ਨਾ। ਮੈਨੂੰ ਇਕੱਲਾ ਛੱਡ ਕੇ ਨਾ ਜਾਣਾ ਕਦੀ।”

ਉਹ ਕੁਝ ਨਹੀਂ ਬੋਲਿਆ। ਉਸਨੇ ਟੀ.ਵੀ. ਚਲਾ ਦਿੱਤਾ। ਨੰਦਨੀ ਨੇ ਸੋਫੇ ਉੱਤੇ ਆਪਣੇ ਆਪ ਨੂੰ ਲੁਟਕਾਅ ਦਿੱਤਾ।

“ਚਾਹ ਲਵੇਂਗੀ?” ਕੁਝ ਚਿਰ ਬਾਅਦ ਭਾਸਕਰ ਨੇ ਪੁੱਛਿਆ।

“ਹਾਂ ਲਵਾਂਗੀ। ਤੁਸੀਂ ਕਹਿ ਦਿੱਤਾ ਏ ਨਾ?”

“ਹਾਂ! ਹੋਰ ਲਿਆਉਣ ਲਈ ਕਹਿ ਦੇਂਦਾ ਆਂ।”

ਉਸਨੇ ਫ਼ੋਨ ਕਰਕੇ ਇਕ ਚਾਹ ਹੋਰ ਲੈ ਆਉਣ ਲਈ ਕਿਹਾ। ਨੰਦਨੀ ਮੂੰਹ ਹੱਥ ਧੋ ਆਈ। ਉਹ ਟੀ.ਵੀ. ਚੈਨਲ ਬਦਲਦਾ ਰਿਹਾ। ਕਿਤੇ ਕੋਈ ਚੱਜ ਦਾ ਪ੍ਰੋਗਰਾਮ ਨਹੀਂ ਸੀ। ਉਹ ਖ਼ਬਰਾਂ ਸੁਣਨ ਲੱਗ ਪਿਆ।

"ਮੈਂ ਤੁਹਾਨੂੰ ਸਮੁੰਦਰ ਕਿਨਾਰੇ ਦੇਖਣ ਗਈ ਸਾਂ। ਫੇਰ ਜਿੰਮ 'ਚ ਦੇਖਿਆ। ਉਹ ਬੰਦ ਸੀ। ਤੁਸੀਂ ਕਿੱਥੇ ਸੀ?" ਚਾਹ ਪੀਂਦਿਆਂ ਹੋਇਆਂ ਨੰਦਨੀ ਨੇ ਪੁੱਛਿਆ।

"ਮੇਰੇ ਹੋ ਆਉਣ ਤੋਂ ਬਾਅਦ ਉਹਨਾਂ ਬੰਦ ਕਰ ਦਿੱਤੀ ਹੋਏਗੀ। ਮੈਂ ਪਿੱਛੋਂ ਗੱਡੀ ਦੇਖ ਕੇ ਉਸੇ ਰਸਤੇ 'ਤੇ ਨਿਕਲ ਗਿਆ ਸਾਂ।"

"ਭਾਸਕਰ, ਮੈਂ ਕਿੰਨੀ ਵਾਰੀ ਕਿਹਾ ਏ, ਮੈਨੂੰ ਇਕੱਲਿਆਂ ਨਾ ਛੱਡ ਕੇ ਜਾਇਆ ਕਰੋ। ਇੱਥੇ ਅਸੀਂ ਦੋਵੇਂ ਆਏ ਆਂ ਨਾ?"

"ਤੇਰੀ ਤਾਂ ਆਦਤ ਏ ਬੱਸ।"

"ਆਦਤ ਨਹੀਂ! ਮਜ਼ਬੂਰੀ।"

"ਮਜ਼ਬੂਰੀ?"

"ਹਾਂ! ਸਮੇਂ ਸਮੇਂ ਦੀ ਗੱਲ ਹੁੰਦੀ ਏ। ਤੁਹਾਡਾ ਕੋਈ ਦੋਸ਼ ਨਹੀਂ ਉਸ ਵਿਚ। ਮੈਂ ਈ ਖਾਲੀ ਸਮੇਂ ਦੀ ਸ਼ਿਕਾਰ ਸੀ। ਕੋਈ ਚਾਰਾ ਨਹੀਂ ਸੀ। ਸੱਚ ਏ ਇਹ, ਉਸ ਵਕਤ ਮੈਂ ਬੇਹੱਦ ਇਕੱਲੀ ਸਾਂ। ਰਾਜੂ ਹੋਸਟਲ 'ਚ ਸੀ। ਤੁਸੀਂ ਆਪਣੇ ਰੁਝੇਵਿਆਂ ਵਿਚ। ਉਹਨੀਂ ਦਿਨੀਂ ਤੁਸੀਂ ਸਵੇਰੇ ਨੌਂ ਵਜੇ ਚਲੇ ਜਾਂਦੇ ਸੀ ਤੇ ਸ਼ਾਮ ਨੂੰ ਸਤ ਵਜੇ ਆਉਂਦੇ ਸੀ। ਪੂਰਾ ਦਿਨ ਮੈਂ ਇਕੱਲੀ। ਇਕੱਲਾਪਨ ਖਾਣ ਨੂੰ ਆਉਂਦਾ ਸੀ। ਮਨ ਤਾਂ ਭੱਜਦਾ ਰਹਿੰਦਾ ਏ ਇਕੱਲੇਪਨ 'ਚ।"

ਭਾਸਕਰ ਨੇ ਸੋਚਿਆ। ਸ਼ਾਇਦ ਇੰਜ ਹੋਏਗਾ। ਮੈਂ ਕਦੀ ਇਸ ਤਰ੍ਹਾਂ ਸੋਚਿਆ ਈ ਨਹੀਂ। ਨੌਕਰੀ ਨਾ ਕਰਨ ਦਾ ਵਿਚਾਰ, ਫੈਸਲਾ ਨੰਦਨੀ ਦਾ ਈ ਸੀ। ਜੇ ਉਹ ਨੌਕਰੀ ਕਰਨਾ ਚਾਹੁੰਦੀ ਤਾਂ ਮੈਂ ਮਨ੍ਹਾ ਨਾ ਕੀਤਾ ਹੁੰਦਾ। ਖ਼ੁਦ ਪੈਸੇ ਕਮਾਉਣ ਵਿਚ ਕਿੰਨਾ ਸੁਖ ਹੁੰਦਾ ਏ—ਮੈਂ ਚੰਗੀ ਤਰ੍ਹਾਂ ਜਾਣਦਾ ਆਂ। ਮੈਂ ਕਿਹਾ ਵੀ ਸੀ ਪਰ ਉਸਨੇ ਗ਼ੌਰ ਨਹੀਂ ਸੀ ਕੀਤਾ। ਨੌਕਰੀ ਕਰ ਲੈਣੀ ਚਾਹੀਦੀ ਸੀ ਉਸਨੂੰ। ਤਕਲੀਫ ਹੁੰਦੀ। ਭੱਜ ਨੱਠ, ਖਿਝ, ਝੁੰਜਲਾਹਟ ਸਭ ਕੁਝ ਹੁੰਦਾ ਪਰ ਸਰੀਰ ਵਿਚਲੀ ਉਰਜਾ ਨੂੰ ਸਹੀ ਦਿਸ਼ਾ ਮਿਲਦੀ।

ਹੁਣ ਇਹ ਸਭ ਸੋਚ ਕੇ ਕੀ ਫ਼ਾਇਦਾ? ਉਸਨੇ ਸੋਚਿਆ। ਜੋ ਹੋ ਗਿਆ ਏ ਉਸ ਬਾਰੇ ਸਿਰਫ ਸਫਾਈ! ਸਪਸ਼ਟੀਕਰਣ, ਸਥਿਤੀਆਂ ਨੂੰ ਉਲਾਂਭੇ।

"ਮੇਰਾ ਇਕੱਲਾਪਨ, ਖਾਲੀਪਨ ਤੁਹਾਡੇ ਕਰਕੇ ਤਾਂ ਸੀ ਨਹੀਂ। ਉਹ ਸੀ। ਤੇ ਇੰਜ ਦੂਰ ਕੀਤਾ ਗਿਆ। ਬੱਸ ਏਨਾ ਈ ਸੀ। ਤਦ ਮੈਂ ਇਹ ਸਮਝਦੀ ਸੀ ਇਸ ਲਈ ਕੁਝ ਗ਼ਲਤ ਨਹੀਂ ਲੱਗਿਆ।"

"ਹੋ ਸਕਦਾ ਏ। ਪਰ ਹਰ ਗੱਲ ਦੇ ਸਿੱਟੇ ਹੁੰਦੇ ਨੇ।"

"ਜਾਣਦੀ ਆਂ। ਤੁਸੀਂ ਕਹਿਣਾ ਸ਼ੁਰੂ ਕੀਤਾ ਤਦ ਵੀ ਜਾਣਦੀ ਸੀ—ਸਿੱਟੇ ਭੋਗਣ ਦੀ ਤਿਆਰੀ ਵੀ ਕਰਨੀ ਪਏਗੀ ਮੈਨੂੰ।"

ਭਾਸਕਰ ਨੇ ਨੰਦਨੀ ਵੱਲ ਦੇਖਿਆ। ਉਹ ਵੀ ਉਸੇ ਵੱਲ ਦੇਖ ਰਹੀ ਸੀ। ਅੱਖਾਂ, ਨੱਕ, ਮੱਥਾ, ਠੋਡੀ। ਪਲ ਭਰ ਲਈ ਉਸਨੂੰ ਲੱਗਿਆ—ਮੈਂ ਕਿਸ ਨੂੰ ਦੇਖ ਰਿਹਾ ਆਂ? ਨੰਦਨੀ ਨੂੰ ਜਾਂ ਕਿਸੇ ਹੋਰ ਨੂੰ? ਫੇਰ ਉਸਨੂੰ ਖ਼ਿਆਲ ਆਇਆ ਉਹ ਸਿੱਟਿਆਂ ਬਾਰੇ ਕਹਿ ਰਹੀ ਸੀ। ਸਵੇਰ ਵਾਲੀ ਡਰੈੱਸ ਹੁਣ ਵੀ ਉਸਦੇ ਸਰੀਰ 'ਤੇ ਸੀ। ਬਾਹਰ ਘੁੰਮਦਾ ਹੋਇਆ ਉਹ ਵੀ ਸਿੱਟਿਆਂ ਬਾਰੇ ਈ ਸੋਚ ਰਿਹਾ ਸੀ। ਉਸਨੂੰ ਹਾਸਾ ਆ ਗਿਆ। ਇਹ ਗੱਲ ਨੰਦਨੀ ਨੂੰ ਕਹਿਣ ਦਾ ਕੋਈ ਫਾਇਦਾ ਨਹੀਂ ਕਿ ਸਿੱਟੇ ਇਕੱਲੀ ਨੂੰ ਨਹੀਂ, ਸਾਰਿਆਂ ਨੂੰ ਭੋਗਣੇ ਪੈਣਗੇ।

"ਕਿਉਂ, ਹੱਸ ਕਿਉਂ ਰਹੇ ਓਂ?"

ਉਸਨੇ ਗਰਦਨ ਹਿਲਾਈ। ਕੁਝ ਚਿਰ ਬਾਅਦ ਪੁੱਛਿਆ, "ਜੇ ਅਜਿਹਾ ਕੁਛ ਮੈਥੋਂ ਹੋ



ਜਾਂਦਾ, ਤਾਂ ਤੂੰ ਕੀ ਕਰਦੀ?"

ਉਹ ਚੁੱਪ ਰਹੀ।

"ਦੱਸ ਵੀ।"

"ਮੈਂ ਇਸ ਬਾਰੇ ਸੋਚਿਆ ਨਹੀਂ।"

"ਸੋਚ!"

ਖ਼ਬਰਾਂ ਸਮਾਪਤ ਹੋਈਆਂ ਤਾਂ ਉਸਨੇ ਚੈਨਲ ਬਦਲ ਦਿੱਤਾ। ਉਹੀ-ਉਹੀ—ਇਕੋ ਜਿਹੇ ਪ੍ਰੋਗਰਾਮ। ਉਹ ਫੁੱਟਬਾਲ ਦਾ ਮੈਚ ਦੇਖਣ ਲੱਗ ਪਿਆ।

ਭਾਸਕਰ ਨੂੰ ਲੱਗਿਆ ਕਿ ਨੰਦਨੀ ਚਾਹ ਰਹੀ ਏ ਕਿ ਮੈਂ ਉਸਨੂੰ ਆਪਣੇ ਕੋਲ ਬੁਲਾ ਲਵਾਂ। ਪਰ ਇਸ ਵੇਲੇ ਇੰਜ ਕਰਨਾ ਸੰਭਵ ਨਹੀਂ ਸੀ। ਮਨ ਵਿਚ ਕੁਝ ਜੰਮ ਗਿਆ ਏ। ਉਹ ਉਮੰਗਾਂ ਕਤਈ ਨਹੀਂ।

ਉਹ ਦੋਵੇਂ ਚੁੱਪ ਸਨ। ਸਮਾਂ ਬੀਤਦਾ ਗਿਆ। ਢਿੱਡ 'ਚ ਚੂਹੇ ਦੌੜਨ ਲੱਗੇ ਸਨ—ਮੈਚ ਖ਼ਤਮ ਹੁੰਦਿਆਂ ਈ ਉਸਨੂੰ ਅਹਿਸਾਸ ਹੋਇਆ। ਉਸਨੇ ਫ਼ੋਨ 'ਤੇ ਪੁੱਛਿਆ। ਖਾਣਾ ਤਿਆਰ ਸੀ।

ਵਾਪਸ ਆਏ ਤਾਂ ਕਰਨ ਲਈ ਕੁਝ ਵੀ ਨਹੀਂ ਸੀ। ਉਸਨੇ ਟੀ.ਵੀ. ਚਲਾ ਦਿੱਤਾ। ਹਰ ਚੈਨਲ ਉੱਤੇ ਕੋਈ ਨਾ ਕੋਈ ਫ਼ਿਲਮ ਚੱਲ ਰਹੀ ਸੀ। ਇਕ ਕਾਊਬੁਆਏ ਫ਼ਿਲਮ ਉਹ ਦੇਖਣ ਲੱਗ ਪਿਆ। ਨੰਦਨੀ ਬੈੱਡ 'ਤੇ ਲੇਟ ਕੇ ਕਿਤਾਬ ਪੜ੍ਹਨ ਲੱਗੀ ਪਰ ਕੁਝ ਚਿਰ ਵਿਚ ਈ ਸੌਂ ਗਈ। ਉਸਨੇ ਟਿਊਬ ਲਾਈਟ ਬੰਦ ਕੀਤੀ ਤੇ ਛੋਟੀ ਬੱਤੀ ਜਗਾ ਦਿੱਤੀ।

ਫ਼ਿਲਮ ਗਿਆਰਾਂ ਵਜੇ ਖ਼ਤਮ ਹੋਈ। ਟੀ.ਵੀ. ਦੀ ਆਵਾਜ਼ ਧੀਮੀ ਸੀ ਪਰ ਉਸਦੇ ਬੰਦ ਹੁੰਦਿਆਂ ਈ ਗੂੜ੍ਹੀ ਚੁੱਪ ਵਾਪਰ ਗਈ। ਉਹ ਓਵੇਂ ਈ ਸੋਫੇ 'ਤੇ ਲੇਟਿਆ ਰਿਹਾ। ਅੱਖਾਂ ਵਿਚ ਨੀਂਦ ਦਾ ਨਾਂ-ਨਿਸ਼ਾਨ ਨਹੀਂ ਸੀ। ਫ਼ਿਲਮ ਖ਼ਤਮ ਹੁੰਦਿਆਂ ਈ ਉਹ ਜਿਵੇਂ ਵਧੇਰੇ ਸੁਚੇਤ ਹੋ ਗਿਆ ਸੀ। ਕੁਝ ਨਾ ਸੁਝਣ 'ਤੇ ਉਹ ਬਾਹਰ ਨਿਕਲ ਆਇਆ।

ਬਾਹਰ ਚਾਰੇ ਪਾਸੇ ਸ਼ਾਂਤੀ ਦਾ ਰਾਜ ਸੀ। ਕਾਟੇਜ ਕੋਲ ਸਫੈਦ ਬੱਲਬ ਜਗ ਰਿਹਾ ਸੀ। ਬੱਲਬ ਦੇ ਆਸੇ-ਪਾਸੇ ਮੱਛਰ-ਭਮੱਕੜ ਚੱਕਰ ਲਾ ਰਹੇ ਸਨ। ਹਰਿਆਲੀ, ਰੁੱਖ ਸਾਰੇ ਈ ਰਹੱਸਮਈ ਧੁੰਦ ਵਿਚ ਲਿਪਟੇ ਹੋਏ ਸਨ। ਬੀਡਿੰਆਂ ਦੀ ਆਵਾਜ਼ ਗੂੰਜ ਰਹੀ ਸੀ। ਕੁਝ ਚਿਰ ਉਹ ਪੌੜੀਆਂ 'ਤੇ ਬੈਠਾ ਰਿਹਾ। ਸਾਹਮਣੇ ਨਾਰੀਅਲ ਦੇ ਰੁੱਖ ਹਨੇਰੇ ਵਿਚ ਗਵਾਚੇ ਜਿਹੇ ਹੋਏ ਸਨ। ਉਹਨਾਂ ਪਿੱਛੇ ਪਾਣੀ ਦੀ ਚਮਕਦੀ ਲਕੀਰ ਸਾਫ ਦਿਖਾਈ ਦੇ ਰਹੀ ਸੀ। ਕੁਝ ਚਿਰ ਬਾਅਦ ਲਹਿਰਾਂ ਦੀ ਗੂੰਜ ਵੀ ਸੁਣਾਈ ਦੇਣ ਲੱਗੀ।

ਕਮਰੇ ਵਿਚ ਬੈਠਣ ਨਾਲੋਂ ਇੱਥੇ ਉਸਨੂੰ ਚੰਗਾ ਲੱਗਿਆ। ਏਥੇ ਹਵਾ ਵੀ ਠੰਡੀ ਸੀ। ਉਸਨੇ ਮੱਥੇ ਉੱਤੇ ਹੱਥ ਫੇਰਿਆ। ਕੁਝ ਠੰਡਾ ਪੀਣ ਲਈ ਮਿਲ ਜਾਂਦਾ ਤਾਂ ਚੰਗਾ ਲੱਗਦਾ। ਉਸਨੇ ਸੋਚਿਆ, ਫ਼ੋਨ 'ਤੇ ਆਰਡਰ ਦੇ ਕੇ ਮੰਗਾ ਲਿਆ ਜਾਏ—ਪਰ ਇੰਜ ਨਹੀਂ ਕੀਤਾ। ਉਹ ਅੰਦਰ ਆਇਆ। ਨੰਦਨੀ ਗੂੜ੍ਹੀ ਨੀਂਦ ਸੁੱਤੀ ਹੋਈ ਸੀ। ਆਵਾਜ਼ ਨਾ ਕਰਦਿਆਂ ਹੋਇਆਂ ਉਸਨੇ ਚੱਪਲਾਂ ਪਾਈਆਂ ਤੇ ਚਾਬੀ ਲੈ ਕੇ ਦਰਵਾਜ਼ਾ ਹੌਲੀ ਜਿਹੀ ਬੰਦ ਕਰ ਦਿੱਤਾ।

ਰੇਸਟੋਰੇਂਟ ਬੰਦ ਸੀ। ਉਹ ਰਿਸੈਪਸ਼ਨ ਕਾਊਂਟਰ ਕੋਲ ਗਿਆ। ਉੱਥੇ ਰੱਖਿਆ ਲਾਲ ਫਰਿਜ ਉਸਨੇ ਦੇਖਿਆ। ਉੱਥੇ ਡਿਊਟੀ ਦੇ ਰਹੇ ਆਦਮੀ ਨੇ ਉਸਨੂੰ ਕੋਕ ਦੀ ਬੋਤਲ ਦੇ ਦਿੱਤੀ। ਬੋਤਲ ਲੈ ਕੇ ਉਹ ਕਾਟੇਜ ਕੋਲ ਆ ਗਿਆ। ਠੰਡਾ ਘੁੱਟ ਗਲ਼ੇ 'ਚੋਂ ਉਤਰਦਾ ਹੋਇਆ ਬੜਾ ਚੰਗਾ ਲੱਗਿਆ। ਹੁਣ ਨੀਂਦ ਆਉਣ ਦਾ ਸਵਾਲ ਈ ਨਹੀਂ। ਇਸ ਠੰਡੇ ਦਾ ਕੱਫੇਨ ਮੈਨੂੰ ਜਗਾਈ ਰੱਖੇਗਾ। ਉਸਨੇ ਮਨ ਵਿਚ ਕਿਹਾ।

ਰਾਤ ਦੀ ਚੁੱਪ ਵਿਚ ਸਮੁੰਦਰ ਦੀਆਂ ਲਹਿਰਾਂ ਦਾ ਮਚਲਣਾ ਸਾਫ ਸੁਣਾਈ ਦੇ ਰਿਹਾ ਸੀ। ਪੌੜੀਆਂ 'ਤੇ ਬੈਠ ਕੇ ਉਹ ਉਹਨਾਂ ਦੀ ਆਵਾਜ਼ ਸੁਣਦਾ ਰਿਹਾ। ਸਮੁੰਦਰ ਕੋਲ ਜਾਣ ਦੀ ਇੱਛਾ ਹੋਈ। ਚੰਦ-ਚਾਨਣੀ ਵਿਚ ਸਮੁੰਦਰ ਦੇਖਣਾ ਚਾਹੀਦਾ ਏ। ਦਿਨ ਦੀ ਧੁੱਪ ਵਿਚ ਤਾਂ ਮੈਂ ਉਸਨੂੰ ਦੇਖ ਈ ਚੁੱਕਿਆਂ।

ਉਹ ਪਗਡੰਡੀ ਤੋਂ ਹੇਠਾਂ ਉਤਰਿਆ। ਹੁਣ ਉੱਥੇ ਬੱਤੀਆਂ ਦੀ ਰੋਸ਼ਨੀ ਨਹੀਂ ਸੀ ਪਹੁੰਚ ਰਹੀ। ਰੁੱਖਾਂ ਦੀ ਛਾਂਵੇਂ ਹਨੇਰਾ ਛਾਇਆ ਸੀ ਪਰ ਕਿਨਾਰੇ 'ਤੇ ਚਾਨਣੀ ਖਿੱਲਰੀ ਹੋਈ ਸੀ। ਉਹ ਹੌਲੀ ਹੌਲੀ ਅੱਗੇ ਵਧ ਰਿਹਾ ਸੀ। ਕਿਨਾਰਾ ਸੁੰਨਾ ਪਿਆ ਸੀ। ਸਮੁੰਦਰ ਦਾ ਪਾਣੀ ਸਿਆਹ ਚਮਕੀਲਾ ਸੀ। ਆਸਮਾਨ ਵਿਚ ਅੱਧਾ ਚੰਦ ਤੇ ਕੁਝ ਤਾਰੇ ਜਗਮਗਾ ਰਹੇ ਸਨ। ਨਮਕੀਨ ਹਵਾ ਦੇ ਬੁੱਲ੍ਹੇ ਤੇ ਮਸਤੀ-ਲਹਿਰਾਂ। ਕਿਨਾਰੇ ਉੱਤੇ ਚਾਂਦੀ ਦੀ ਚਾਦਰ ਵਿਛਾਅ ਕੇ ਲਹਿਰਾਂ ਵਾਪਸ ਪਰਤ ਜਾਂਦੀਆਂ ਸਨ।

ਉਹ ਰੇਤ 'ਤੇ ਖੜ੍ਹਾ ਸਮੁੰਦਰ ਨੂੰ ਦੇਖਦਾ ਰਿਹਾ। ਇਕ ਵਾਰੀ ਮਨ ਵਿਚ ਵਿਚਾਰ ਆਇਆ ਚਲੋ ਪਾਣੀ ਵਿਚ ਉਤਰਿਆ ਜਾਏ। ਪਰ ਉਸਨੇ ਇੰਜ ਨਹੀਂ ਕੀਤਾ। ਉਸਨੂੰ ਲੱਗਿਆ ਇੱਥੋਂ ਸਮੁੰਦਰ ਨੂੰ ਚੰਗੀ ਤਰ੍ਹਾਂ ਦੇਖਿਆ ਜਾ ਸਕਦਾ ਏ। ਪਾਣੀ ਵਿਚ ਜਾਂਦਿਆਂ ਈ ਮੈਂ ਸਮੁੰਦਰ ਦਾ ਹਿੱਸਾ ਬਣ ਜਾਂਦਾ ਆਂ। ਇਹ ਠੀਕ ਨਹੀਂ। ਇੱਥੇ ਆਹਮਣੇ-ਸਾਹਮਣੇ ਈ ਠੀਕ ਏ। ਸਮੁੰਦਰ ਇਕੱਲਾ ਏ, ਮੈਂ ਵੀ ਇਕੱਲਾ। ਹੁਣ ਬੋਲੋ ਕੀ-ਕੀ ਕਹਿਣਾ-ਸੁਣਨਾ ਏਂ, ਓਵੇਂ ਈ।

ਖ਼ਾਮੋਸ਼ ਤੇ ਧੁੰਦਲੀ ਰੋਸ਼ਨੀ ਨੂੰ ਸਰੀਰ 'ਤੇ ਝੱਲਦਾ ਹੋਇਆ ਉਹ ਖੜ੍ਹਾ ਰਿਹਾ। ਫੇਰ ਰੇਤ 'ਤੇ ਬੈਠ ਗਿਆ।

ਹਵਾ ਦੇ ਬੁੱਲਿਆਂ ਤੇ ਲਹਿਰਾਂ ਦਾ ਸੰਗੀਤ। ਉਸਨੂੰ ਸ਼ਾਂਤੀ ਮਿਲ ਰਹੀ ਸੀ। ਮਨ ਵਿਚ ਖ਼ਿਆਲ ਉਠਿਆ—ਮੈਂ ਸਭ ਕੁਝ ਸਹੀ ਕਰ ਰਿਹਾ ਆਂ ਨਾ? ਇਮਾਨਦਾਰੀ ਨਾਲ ਢਿੱਡ ਪਾਲ ਰਿਹਾਂ। ਮਨ ਲਾ ਕੇ ਕੰਮ ਕਰ ਰਿਹਾਂ। ਫੇਰ ਮੈਂ ਦੁਖੀ ਕਿਉਂ ਹੋਵਾਂ? ਕੀ ਮੈਂ ਆਰਾਮ ਨਾਲ ਇਹ ਸਭ ਬਰਦਾਸ਼ਤ ਨਹੀਂ ਕਰ ਸਕਦਾ? ਮੈਂ ਕਦੀ ਕਿਸੇ ਨੂੰ ਦੁਖ ਨਹੀਂ ਦਿੱਤਾ। ਸਾਰਿਆਂ ਦਾ ਭਲਾ ਸੋਚਿਆ ਏ—ਕਰਦਾ ਰਿਹਾਂ—ਫੇਰ ਮੈਂ ਕਿਉਂ ਦੁਖੀ ਹੋਵਾਂ?

ਉਸਨੂੰ ਇਸ ਵਿਚਾਰ ਵਿਚ ਤੱਥ ਲੱਗਿਆ। ਮੈਂ ਬੇਚੈਨ ਕਿਉਂ ਹੋਵਾਂ? ਫੈਸਲਾ ਉਸਦਾ ਸੀ। ਫਲ ਉਹ ਭੋਗੇਗੀ। ਮੈਂ ਉਸ ਫੈਸਲੇ ਵਿਚ ਭਾਈਵਾਲ ਨਹੀਂ ਸਾਂ—ਫਲ ਵਿਚ ਵੀ ਸਾਂਝੀਦਾਰ ਨਹੀਂ ਹੋਵਾਂਗਾ। ਇਹਨਾਂ ਲਹਿਰਾਂ ਵਾਂਗ ਸ਼ਾਂਤ-ਲੈਅ-ਬੱਧ ਸਾਡਾ ਜੀਵਨ ਚਲਦਾ ਰਹਿਣਾ ਚਾਹੀਦਾ ਏ। ਸਮੁੰਦਰ ਕਿੰਜ ਸੁਸਤਾ ਰਿਹਾ ਏ। ਸਾਰਾ ਦਿਨ ਸੂਰਜ ਨੇ ਤਪਾਇਆ। ਸ਼ਾਮ ਨੂੰ ਸੂਰਜ ਚਲਾ ਗਿਆ। ਰਾਤ ਨੂੰ ਚੰਦ ਆਇਆ। ਥੱਕ ਕੇ ਸਵੇਰੇ ਉਹ ਵੀ ਚਲਾ ਜਾਏਗਾ। ਬੇੜੀਆਂ ਆਉਣਗੀਆਂ। ਲੋਕ ਪਾਣੀ ਵਿਚ ਉਤਰਨਗੇ। ਕੁਝ ਬੂੰਦਾਂ ਉਛਲਣਗੀਆਂ। ਫੇਰ ਸਮੁੰਦਰ ਵਿਚ ਈ ਡਿੱਗ ਪੈਣਗੀਆਂ। ਭਾਫ ਬਣੇਗੀ। ਬੱਦਲਾਂ ਸੰਗ ਦੂਰ ਦੁਰੇਡੇ ਚਲੀ ਜਾਏਗੀ। ਫੇਰ ਪਾਣੀ ਬਰਸੇਗਾ। ਇਸੇ ਸਮੁੰਦਰ ਵਿਚ ਉਹ ਪਾਣੀ ਸਮਾਅ ਜਾਏਗਾ। ਤੂਫ਼ਾਨ ਉੱਠਣਗੇ। ਕਿਨਾਰੇ ਨਾਲ ਟਕਰਾਉਣਗੇ। ਫੇਰ ਪਾਣੀ ਵਿਚ ਈ ਲੁਪਤ ਹੋ ਜਾਣਗੇ। ਫੇਰ ਮੈਂ ਫਿਕਰ ਕਿਉਂ ਕਰਾਂ? ਮੈਂ ਐਸ਼-ਆਰਾਮ ਨਾਲ ਨਹੀਂ ਰਹਿ ਸਕਦਾ? ਸ਼ਾਂਤ। ਚਿੰਤਾ ਮੁਕਤ। ਮੈਨੂੰ ਕੋਈ ਕਿਉਂ ਪ੍ਰੇਸ਼ਾਨ ਕਰੇ?

ਉਹ ਸਥਿਰ ਨਜ਼ਰ ਨਾਲ ਦੇਖਦਾ ਰਿਹਾ। ਉਸਨੂੰ ਰਾਤ ਸੁੰਦਰ ਲੱਗੀ। ਹਵਾ ਠੰਡੀ ਲੱਗੀ। ਰੇਤ ਦਾ ਫਰਸ਼, ਉਮੰਗਾਂ। ਉਸਨੂੰ ਲੱਗਿਆ ਇਹ ਕਿਨਾਰਾ ਸਿਰਫ ਤੇ ਸਿਰਫ ਮੇਰੇ ਲਈ ਏ। ਵਿਸ਼ਾਲ, ਨਿਡਰ ਤੇ ਚਿੰਤਾ-ਮੁਕਤ।

ਉਹ ਬੈਠਾ ਰਿਹਾ। ਹੁਣ ਉਸਦੀਆਂ ਪਲਕਾਂ ਭਾਰੀ ਹੋਣ ਲੱਗ ਪਈਆਂ ਸਨ। ਉੱਥੇ ਈ



ਲੇਟ ਜਾਣ ਦੀ ਇੱਛਾ ਹੋਈ। ਕੋਈ ਚਿੰਤਾ ਨਹੀਂ। ਜਵਾਰਭਾਟਾ ਇੱਥੋਂ ਤਕ ਪਾਣੀ ਨਹੀਂ ਲਿਆ ਸਕਦਾ। ਸਵੇਰੇ ਆਪਣੇ ਆਪ ਅੱਖ ਖੁੱਲ੍ਹ ਜਾਏਗੀ। ਤਦ ਕਮਰੇ 'ਚ ਚਲਾ ਜਾਵਾਂਗਾ। ਕਿਸੇ ਨੂੰ ਪਤਾ ਵੀ ਨਹੀਂ ਲੱਗੇਗਾ। ਪਰ ਉਹ ਉੱਥੋਂ ਉਠਿਆ। ਪੈਂਟ ਨਾਲ ਚਿੰਬੜੀ ਰੇਤ ਝਾੜੀ। ਇੱਥੇ ਏਨੀ ਰਾਤ ਗਏ ਮੈਂ ਆਇਆ ਆਂ, ਇਹੋ ਅਜੀਬ ਏ। ਨੰਦਨੀ ਦੀ ਅੱਖ ਖੁੱਲ੍ਹੇਗੀ ਤੇ ਉਹ ਮੈਨੂੰ ਉੱਥੇ ਨਹੀਂ ਦੇਖੇਗੀ ਤਾਂ ਸਾਰਿਆਂ ਨੂੰ ਜਗਾਅ ਦਏਗੀ। ਹੁਣ ਵੀ ਜੇ ਉਹ ਜਾਗ ਪਈ ਹੋਈ ਤਾਂ ਲੱਭ ਰਹੀ ਹੋਏਗੀ ਮੈਨੂੰ।

ਉਹ ਕਮਰੇ ਵਿਚ ਪਰਤਿਆ ਤਾਂ ਨੰਦਨੀ ਨੂੰ ਗੂੜ੍ਹੀ ਨੀਂਦ ਵਿਚ ਸੁੱਤਿਆਂ ਦੇਖਿਆ। ਉਸਨੇ ਆਵਾਜ਼ ਨਾ ਕਰਦਿਆਂ ਹੋਇਆਂ ਦਰਵਾਜ਼ਾ ਬੰਦ ਕਰ ਦਿੱਤਾ। ਛੋਟੀ ਬੱਤੀ ਦੀ ਪੀਲੀ ਰੋਸ਼ਨੀ ਕਮਰੇ ਵਿਚ ਫੈਲੀ ਹੋਈ ਸੀ। ਉਹ ਸੋਫੇ 'ਤੇ ਲੇਟ ਗਿਆ। ਕਿਨਾਰੇ ਉੱਤੇ ਉਨੀਂਦਾ ਜਿਹਾ ਲੱਗਦਾ ਸੀ, ਇੱਥੇ ਆਉਂਦਿਆਂ ਈ ਨੀਂਦ ਉਡੰਤਰ ਹੋ ਗਈ ਸੀ।

ਉਹ ਓਵੇਂ ਈ ਲੇਟਿਆ ਰਿਹਾ। ਕਮਰੇ ਵਿਚ ਗਰਮਾਹਟ ਭਰੀ ਸ਼ਾਂਤੀ ਸੀ। ਖਿੜਕੀਆਂ 'ਤੇ ਪਰਦੇ ਸਨ। ਪੱਖੇ ਦੀ ਆਵਾਜ਼ ਤੇ ਉਹ ਪੀਲੀ ਰੋਸ਼ਨੀ। ਬੈੱਡ ਉੱਤੇ ਨੰਦਨੀ—ਉਸ ਵੱਲ ਪਿੱਠ ਕਰੀ ਪਈ ਸੀ।

ਕੁਝ ਪਲ ਨੰਦਨੀ ਦੇ ਸਰੀਰ ਦੇ ਇਰਦ-ਗਿਰਦ ਰੀਂਘ ਕੇ ਉਸਦੀਆਂ ਨਜ਼ਰਾਂ ਸਾਰੇ ਕਮਰੇ 'ਚ ਭੌਂਦੀਆਂ ਰਹੀਆਂ। ਰੋਸ਼ਨੀ ਮੱਧਮ ਸੀ ਪਰ ਸਾਰੀਆਂ ਚੀਜ਼ਾਂ ਪਛਾਣੀਆਂ ਜਾ ਰਹੀਆਂ ਸਨ। ਬਾਥਰੂਮ ਦਾ ਦਰਵਾਜ਼ਾ, ਟੇਬਲ, ਲੱਕੜ ਦੀ ਕੁਰਸੀ, ਟੇਬਲ ਲੈਂਪ, ਕੰਧ-ਘੜੀ, ਸੋਫਾ-ਸੈੱਟ ਦੀਆਂ ਕੁਰਸੀਆਂ, ਖਿੜਕੀਆਂ ਦੇ ਪਰਦੇ, ਤਿਪਾਈ, ਟੀ.ਵੀ., ਫਲਾਵਰ ਪਾਟ, ਬੈੱਡ, ਉਸ ਉੱਤੇ ਗੂੜ੍ਹੀ ਨੀਂਦ ਸੁੱਤੀ ਹੋਈ ਨੰਦਨੀ। ਆਪਣੀ ਈ ਨੀਂਦ ਵਿਚ ਗਵਾਚੀ ਜਿਹੀ। ਇੰਜ ਕਿ ਰਾਤ ਤੇ ਮੇਰੇ ਦੇਖਣ—ਇਹਨਾਂ ਸਭਨਾਂ ਤੋਂ ਬੇਖ਼ਬਰ ਏ ਉਹ।

ਉਸ ਸ਼ਾਂਤ ਮੱਧਮ ਰੋਸ਼ਨੀ ਵਿਚ ਨੰਦਨੀ ਵੱਲ ਦੇਖਦਿਆਂ ਹੋਇਆਂ ਉਸਨੂੰ ਲੱਗਿਆ ਕਿ ਇਸ ਕਮਰੇ ਦੀਆਂ ਇਹਨਾਂ ਸਾਰੀਆਂ ਵਸਤਾਂ ਵਾਂਗ ਨੰਦਨੀ ਵੀ ਇਕ ਵਸਤੂ ਏ—ਆਜ਼ਾਦ ਵਸਤੂ। ਮੇਰੇ ਨਾਲ ਨਹੀਂ ਵੱਝੀ ਹੋਈ। ਉਸ ਟੇਬਲ, ਕੁਰਸੀ, ਸੋਫੇ, ਟੀ.ਵੀ. ਵਾਂਗ ਉਹਦਾ ਵੀ ਇਕ ਸੁਤੰਤਰ ਵਿਅਕਤੀਤਵ ਏ।

ਉਹ ਟੇਬਲ ਮੇਰਾ ਨਹੀਂ—ਮੈਂ ਇੱਥੇ ਰਹਾਂ ਨਾ ਰਹਾਂ, ਉਹ ਟੇਬਲ ਇੱਥੇ ਈ ਰਹੇਗਾ। ਉਸਨੂੰ ਯਾਦ ਆਇਆ ਸਕੂਲ ਵਿਚ ਉਸਨੇ ਨਿਬੰਧ ਲਿਖਿਆ ਸੀ—'ਟੇਬਲ ਦੀ ਆਤਮ ਕਥਾ'। ਉਸਨੇ ਲਿਖਿਆ ਸੀ—ਟੇਬਲ ਕਹਿੰਦਾ ਏ, 'ਆ ਮੇਰੇ ਕੋਲ ਬੈਠ, ਲਿਖ ਪਰ ਮੈਂ ਸੁਤੰਤਰ ਹਾਂ। ਤੇਰਾ-ਮੇਰਾ ਨਾਤਾ ਹੈ, ਪਰ ਤੂੰ ਏਥੇ ਹੋਵੇਂ ਜਾਂ ਨਾ ਹੋਵੇਂ, ਮੈਂ ਇੱਥੇ ਹੀ ਰਹਾਂਗਾ'। ਟੇਬਲ ਨਿਰਜੀਵ ਏ ਪਰ ਨੰਦਨੀ ਸੰਜੀਵ ਏ। ਉਹ ਵਰਤਮਾਨ ਵਿਚ ਪਰਤ ਆਇਆ।

ਉਸਨੂੰ ਹੈਰਾਨੀ ਹੋਈ ਕਿ ਇਹ ਗੱਲ ਮੈਂ ਪਹਿਲਾਂ ਕਿਉਂ ਨਹੀਂ ਸੋਚੀ? ਨੰਦਨੀ ਮੇਰੇ ਨਾਲੋਂ ਵੱਖ ਏ। ਉਹ ਹੈ, ਪਰ ਮੈਂ ਉਸਦਾ ਮਾਲਕ ਨਹੀਂ ਆਂ। ਮੈਂ ਹੋਵਾਂ ਜਾਂ ਨਾ ਹੋਵਾਂ। ਉਹ ਆਪਣੇ ਆਪ ਵਿਚ ਹੈ। ਉਸਦੀ ਮੇਰੇ ਨਾਲ ਸ਼ਾਦੀ ਹੋਈ ਇਸ ਲਈ ਮੈਂ ਉਸਨੂੰ ਜਾਣਦਾ ਆਂ। ਪਰ ਮੂਲ ਤੌਰ 'ਤੇ ਤਾਂ ਉਹ ਆਪਣੇ ਆਪ ਵਿਚ ਸੁਤੰਤਰ ਈ ਏ ਨਾ? ਹੁਣ ਜਿਵੇਂ ਉਸਦੀ ਨੀਂਦ ਉਸਦੇ ਨਾਲ ਏ, ਓਵੇਂ ਈ ਉਸਦਾ ਸਰੀਰ ਵੀ। ਹੱਥ, ਮੋਢੇ, ਬਾਹਾਂ, ਪਿੱਠ, ਲੱਕ ਸਭ ਉਸਦਾ ਆਪਣਾ ਏਂ। ਤੇ ਇਹਨਾਂ ਸਭਨਾਂ ਵਿਚ ਵਿਆਪਕ ਉਸਦਾ ਮਨ ਵੀ ਹਰ ਪਲ ਉਸਦਾ ਆਪਦਾ ਏਂ।

ਹੁਣ ਉਸਨੇ ਦੇਖਿਆ ਤਾਂ ਉਹ ਯਕਦਮ ਪਰਾਈ ਲੱਗਣ ਲੱਗ ਪਈ। ਉਸਨੇ ਸੋਚਿਆ, ਨੰਦਨੀ ਦੀ ਆਪਣੀ ਇਕ ਸੁੰਤਤਰ ਹਸਤੀ ਏ ਤੇ ਉਸ ਹਸਤੀ ਨੂੰ ਉਹ ਜਿਵੇਂ ਚਾਹੇ ਜਿਉਂ ਸਕਦੀ

ਏ। ਮੈਂ ਉਸ ਨਾਲ ਪ੍ਰੇਮ ਕਰਦਾ ਆਂ, ਠੀਕ ਏ ਪਰ ਤਦ ਵੀ ਉਸਦੀ ਆਪਣੀ ਸੁਤੰਤਰ ਹਸਤੀ ਏ। ਉਹ ਮਿਟ ਕਿਵੇਂ ਸਕਦੀ ਏ? ਉਹ ਮੇਰੀ ਪਤਨੀ ਏਂ ਇਸ ਲਈ ਲੋੜੀਂਦਾ ਸਭ ਕੁਝ ਕਰਦੀ ਵੀ ਏ ਤਦ ਵੀ ਉਸਦੀ ਉਹ ਸੁਤੰਤਰ ਹਸਤੀ ਉਸਦੇ ਨਾਲ ਈ ਹੁੰਦੀ ਏ ਨਾ! ਹੁਣ ਜਿਵੇਂ ਉਹ ਗੂੜ੍ਹੀ ਨੀਂਦ ਸੁੱਤੀ ਹੋਈ ਏ ਉਹ ਉਸਦੀ ਆਪਣੀ ਹੋਂਦ ਏ। ਇਹ ਹੋਂਦ ਮੇਰੀ ਹਸਤੀ ਦਾ ਹਿੱਸਾ ਨਹੀਂ। ਉਸਦੀ ਨੀਂਦ ਜਿਸ ਤਰ੍ਹਾਂ ਉਸਦੀ ਆਪਣੀ ਏ, ਉਸਦੀ ਹਸਤੀ ਦਾ ਅੰਗ ਏ ਤੇ ਜਿਸਦਾ ਨੀਂਦ ਨਾਲ ਕੋਈ ਨਾਤਾ ਨਹੀਂ, ਠੀਕ ਇਸੇ ਤਰ੍ਹਾਂ ਉਸਦੀ ਉਹ ਹਸਤੀ ਏ। ਮੈਂ ਫੈਸਲਾ ਕਰ ਸਕਦਾ ਆਂ ਕਿ ਮੈਂ ਉਸ ਨਾਲ ਰਹਿਣਾ ਏ ਕਿ ਨਹੀਂ, ਤਦ ਵੀ ਉਸਦੀ ਆਪਣੀ ਹੋਂਦ ਹੋਏਗੀ ਈ। ਇਸ ਕਮਰੇ ਨੂੰ ਛੱਡੋ, ਮੇਰੇ ਆਪਣੇ ਘਰ ਦੀਆਂ ਵਸਤਾਂ ਦੀ ਹੋਂਦ ਵੀ ਜਦੋਂ ਮੇਰੇ ਬਗ਼ੈਰ ਹੈ, ਤਦ ਨੰਦਨੀ ਦੀ ਕਿਉਂ ਨਹੀਂ ਹੋ ਸਕਦੀ? ਉਹ ਕੀ ਕਰੇਗੀ, ਉਹ ਉਸਦਾ ਆਪਣਾ ਫੈਸਲਾ ਏ। ਉਸਦੇ ਇਸ ਜੀਵਨ ਦੀ ਹਸਤੀ ਨੇ ਇਹ ਅਧਿਕਾਰ ਦਿੱਤਾ ਹੋਇਆ ਏ ਉਸਨੂੰ।

ਪਰ ਪ੍ਰਤੀਬੱਧਤਾ ਨਾਂ ਦੀ ਚੀਜ਼ ਵੀ ਤਾਂ ਹੁੰਦੀ ਏ ਕੋਈ? ਇਕ ਦੂਜੇ ਨਾਲ ਰਹਿੰਦਿਆਂ ਹੋਇਆਂ ਇਕ ਦੂਜੇ ਨਾਲ ਪ੍ਰਮਾਣਿਕ ਹੋਣ ਦੀ ਪ੍ਰਤੀਬੱਧਤਾ?

ਪਰ ਪ੍ਰਤੀਬੱਧਤਾ ਨੂੰ ਉਸਨੇ ਥੋੜ੍ਹਾ ਈ ਤੋੜਿਆ ਏ? ਉਸਦੇ ਮਨ ਨੇ ਤੁਰੰਤ ਉਸਨੂੰ ਸੁਣਾਇਆ। ਉਸਨੇ ਪ੍ਰਮਾਣਿਕਤਾ ਨਾਲ ਸਭ ਕੁਝ ਦੱਸ ਦਿੱਤਾ ਏ ਨਾ? ਤੇ ਹੋਰ ਬਹੁਤਾ ਕੁਝ ਕਹਿਣ ਨਾ ਕਹਿਣ ਦਾ ਕੋਈ ਸਵਾਲ ਈ ਕਿੱਥੇ ਰਹਿ ਗਿਆ ਏ? ਮੂਲ ਤੌਰ 'ਤੇ ਇਹ ਮੁੱਦਾ ਪ੍ਰਤੀਬੱਧਤਾ ਦਾ ਅੰਸ਼ ਨਹੀਂ। ਹਸਤੀ ਦਾ ਮੁੱਦਾ ਪ੍ਰਤੀਬੱਧਤਾ ਦੀ ਕਿਹੜੀ ਮਦ ਵਿਚ ਆਉਂਦਾ ਏ? ਆ ਈ ਨਹੀਂ ਸਕਦਾ। ਨਾਲ ਰਹਿਣ ਦਾ ਵਾਅਦਾ ਉਸਨੇ ਸੁਚੱਜੇ ਢੰਗ ਨਾਲ ਨਿਭਾਇਆ। ਉਸਦੀ ਹਸਤੀ ਇਸ ਵਾਅਦੇ ਨਾਲੋਂ ਪਰ੍ਹੇ ਦੀ ਚੀਜ਼ ਏ, ਜਿਵੇਂ ਹਰੇਕ ਦੀ ਹੁੰਦੀ ਏ। ਮੈਂ ਇਹ ਕੰਪਨੀ ਚਲਾਵਾਂ ਜਾਂ ਕੋਈ ਹੋਰ ਕੰਪਨੀ, ਇਹ ਧੰਦਾ ਕਰਾਂ ਜਾਂ ਕੋਈ ਹੋਰ, ਇਹ ਗੱਲ ਜਿਵੇਂ ਉਸ ਵਾਅਦੇ ਦਾ ਅੰਗ ਨਹੀਂ ਓਵੇਂ ਈ ਉਹ ਗੱਲ ਏ। ਇਸ ਨੂੰ ਕੋਈ ਕਿਸ ਗੱਲ ਨਾਲ ਮੇਲੇਗਾ?

ਉਹ ਆਪਣੇ ਆਪ ਨੂੰ ਫਰੋਲਦਾ ਰਿਹਾ। ਉਸਨੂੰ ਕਿਸੇ ਫੁਰਨੇ ਵਾਂਗ ਈ ਫੁਰਿਆ ਕਿ ਇਹ ਸਭ ਜਿਹੜਾ ਮੇਰੀ ਸਮਝ 'ਚ ਆ ਰਿਹਾ ਏ, ਬੜਾ ਵਧੀਆ ਹੋ ਰਿਹਾ ਏ। ਇਸ ਸਮਝ ਸਦਕਾ ਸੁਖ ਮਿਲੇਗਾ ਜਾਂ ਭਟਕਣ ਵਧੇਗੀ ਪਤਾ ਨਹੀਂ, ਪਰ ਸਮਝ ਰਿਹਾਂ, ਇਹ ਚੰਗੀ ਗੱਲ ਏ। ਇਹ ਰਾਤ ਸੱਚਮੁੱਚ ਸੁੰਦਰ ਰਾਤ ਏ। ਕੁਝ ਚਿਰ ਪਹਿਲਾਂ ਕਿਨਾਰੇ 'ਤੇ ਫੈਲੀ ਹੋਈ ਸ਼ਾਂਤੀ ਮੈਂ ਆਪਣੇ ਤਨ-ਮਨ ਵਿਚ ਭਰ ਲਈ ਸੀ ਤੇ ਹੁਣ ਇਸ ਕਮਰੇ ਦਾ ਸੱਚ। ਇਸ ਨਾਲ ਸਰੀਰ ਭਾਰੀ ਹੋਇਆ ਏ। ਅੱਖਾਂ 'ਚ ਨੀਂਦ ਏ, ਸਿਰ ਭਾਰੀ ਏ ਪਰ ਅੰਦਰ ਹਲਕਾ। ਉਸਨੇ ਦੇਖਿਆ ਨੰਦਨੀ ਨੀਂਦ ਵਿਚ ਬਿਸਤਰੇ ਦੇ ਇਕ ਸਿਰੇ 'ਤੇ ਪਈ ਏ, ਦੂਜਾ ਸਿਰਾ ਖਾਲੀ ਏ—ਉਸਨੇ ਉਸ ਖਾਲੀ ਜਗਾਹ ਆਪਣੇ ਆਪ ਨੂੰ ਲੁੜਕਾ ਦਿੱਤਾ।

ਸਵੇਰੇ ਉਹ ਦੇਰ ਨਾਲ ਜਾਗਿਆ। ਖਿੜਕੀਆਂ ਦੇ ਪਰਦੇ ਹਟਾਏ ਹੋਏ ਸਨ। ਕਮਰੇ ਵਿਚ ਸਫੈਦ ਰੋਸ਼ਨੀ ਫੈਲੀ ਸੀ। ਉਸਨੇ ਨਜ਼ਰਾਂ ਦੌੜਾਈਆਂ। ਨੰਦਨੀ ਸੋਫੇ 'ਤੇ ਬੈਠੀ ਸੀ—ਅਖ਼ਬਾਰ ਹੱਥ ਵਿਚ ਫੜੀ। ਸਾਹਮਣੇ ਚਾਹ ਦੀ ਟਰੇਅ ਸੀ। ਚਾਹ ਦੀ ਖ਼ੁਸ਼ਬੂ ਕਮਰੇ ਵਿਚ ਫੈਲੀ ਹੋਈ ਸੀ।

ਉਸਦੀ ਹਿਲਜੁਲ ਦੇਖ ਕੇ ਉਸਨੇ ਪੇਪਰ ਪਰ੍ਹੇ ਹਟਾਇਆ ਤੇ ਉਸ ਵੱਲ ਦੇਖ ਕੇ ਮੁਸਕਰਾਈ।

"ਗੁੱਡ ਮਾਰਨਿੰਗ।" ਨੰਦਨੀ ਨੇ ਕਿਹਾ।

"ਹੂੰ!" ਉਹ ਅੱਖਾਂ ਮਲਦਾ ਹੋਇਆ ਬੈਠ ਗਿਆ।

"ਚਾਹ ਦਿਆਂ? ਹੁਣੇ ਆਈ ਏ। ਗਰਮ ਏਂ।"



"ਹੂੰ!"

ਉਹ ਮੂੰਹ ਧੋਣ ਬਾਰੇ ਸੋਚ ਰਿਹਾ ਸੀ ਤਦ ਤਕ ਨੰਦਨੀ ਨੇ ਕੱਪ ਉਸਦੇ ਸਾਹਮਣੇ ਕਰ ਦਿੱਤਾ ਤੇ ਕਿਹਾ, "ਲਓ।"

ਉਹ ਉੱਥੇ ਬੈਠਾ ਬੈਠਾ ਈ ਚਾਹ ਦੀਆਂ ਚੁਸਕੀਆਂ ਲੈਣ ਲੱਗਾ।

"ਕਦੋਂ ਸੁੱਤੇ ਸੌ ਤੁਸੀਂ? ਫ਼ਿਲਮ ਕਦੋਂ ਤਕ ਚੱਲੀ?"

"ਗਿਆਰਾਂ ਵਜੇ ਤਕ।"

"ਜੀ, ਵਰਾਂਡੇ 'ਚ ਕਿਸੇ ਨੇ ਕੋਕਾ ਕੋਲਾ ਦੀ ਬੋਤਲ ਰੱਖੀ ਏ। ਕੋਈ ਆ ਕੇ ਇੱਥੇ ਬੈਠਾ ਹੋਏਗਾ? ਅਸੀਂ ਤਾਂ ਇੱਥੇ ਕਿਸੇ ਨੂੰ ਦੇਖਿਆ ਨਹੀਂ। ਕੌਣ ਹੋਏਗਾ?"

"ਮੈਂ ਈ ਪੀਤੀ ਸੀ।"

"ਕਦ? ਰਾਤੀਂ?"

"ਹਾਂ, ਫ਼ਿਲਮ ਖਤਮ ਹੋਣ ਪਿੱਛੋਂ। ਮੈਂ ਸਮੁੰਦਰ ਕਿਨਾਰੇ ਵੀ ਗਿਆ ਸਾਂ।"

"ਭਾਸਕਰ!"

ਉਸਨੇ ਚੁੱਪਚਾਪ ਚਾਹ ਖਤਮ ਕੀਤੀ। ਉਸਨੇ ਸੋਚਿਆ, ਨੰਦਨੀ ਨੂੰ ਇਹ ਵੀ ਦੱਸ ਦਿਆਂ ਕਿ ਵਾਪਸ ਆ ਕੇ ਮੈਂ ਇੱਥੇ ਈ ਤੇਰੇ ਕੋਲ ਬੈਠਾ ਸਾਂ, ਤੈਨੂੰ ਦੇਖਦਾ, ਜਾਗਦਾ ਹੋਇਆ। ਪਰ ਉਹ ਕੁਝ ਬੋਲਿਆ ਨਹੀਂ।

"ਭਾਸਕਰ, ਤੁਸੀਂ ਅੱਧੀ ਰਾਤ ਨੂੰ ਸਮੁੰਦਰ ਕੋਲ ਗਏ ਸੀ?"

ਉਸਨੇ ਗਰਦਨ ਹਿਲਾਈ ਤੇ ਦੇਖਿਆ ਕਿ ਉਹ ਬੈੱਡ ਉੱਤੇ ਉਸਦੇ ਕੋਲ ਆ ਕੇ ਬੈਠ ਗਈ ਏ।

"ਭਾਸਕਰ, ਮੈਂ ਕਿਹਾ ਸੀ ਨਾ ਕਿ ਮੈਨੂੰ ਛੱਡ ਕੇ ਨਾ ਜਾਣਾ।"

"ਛੱਡ ਕੇ ਕਿੱਥੇ ਗਿਆ ਸਾਂ। ਇੱਥੇ ਤਾਂ ਸਾਂ। ਤੂੰ ਗੂੜ੍ਹੀ ਨੀਂਦ 'ਚ ਸੁੱਤੀ ਹੋਈ ਸੈਂ।"

"ਉਹ ਤਾਂ ਮੈਂ ਸੌਣਾ ਈ ਸੀ। ਤੁਸੀਂ ਹੁੰਦੇ ਓਂ ਤਾਂ ਮੈਂ ਗੂੜ੍ਹੀ ਨੀਂਦ ਸੌਂ ਸਕਦੀ ਆਂ।"

"ਤਾਂ ਫੇਰ ਕੀ ਸੀ?"

"ਤੁਸੀਂ ਹਾਸੇ 'ਚ ਨਾ ਉਡਾਓ! ਮੈਂ ਸੀਰੀਅਸਲੀ ਕਹਿ ਰਹੀ ਆਂ ਕਿ ਮੈਨੂੰ ਛੱਡ ਕੇ ਨਾ ਜਾਇਆ ਕਰੋ।"

"ਠੀਕ ਏ!" ਕਹਿੰਦਾ ਹੋਇਆ ਉਹ ਉਠਿਆ ਤੇ ਬਾਥਰੂਮ ਵਿਚ ਚਲਾ ਗਿਆ।

ਨਾਸ਼ਤਾ ਕਰਨਾ ਏਂ, ਪਰ ਕਿੱਥੇ ਕੀਤਾ ਜਾਏ? ਭਾਸਕਰ ਸੋਚ ਈ ਰਿਹਾ ਸੀ ਕਿ ਨੰਦਨੀ ਬੋਲੀ, "ਭਾਸਕਰ ਅਸੀਂ ਉਸ ਪਹਾੜੀ 'ਤੇ ਚੱਲੀਏ? ਤੁਸੀਂ ਕਿਹਾ ਸੀ ਨਾ ਕਿ ਇੱਥੇ ਆ ਕੇ ਓਥੇ ਚੱਲਾਂਗੇ।"

"ਤੂੰ ਚੜ੍ਹ ਸਕੇਂਗੀ?"

"ਚੜ੍ਹ ਜਾਵਾਂਗੀ। ਸਾਹ ਚੜ੍ਹ ਗਿਆ ਤਾਂ ਰਸਤੇ 'ਚ ਬੈਠ ਜਾਵਾਂਗੀ। ਸ਼ਾਇਦ ਜ਼ਿਆਦਾ ਉੱਚੀ ਨਹੀਂ।"

ਉਹ ਸੋਚ ਵਿਚ ਪੈ ਗਿਆ। ਫੇਰ ਬੋਲਿਆ, "ਬੂਟ ਪਾ ਲੈ। ਟੋਪੀ ਵੀ ਲੈ ਲਵੀਂ।"

ਰਾਹ ਕਾਟੇਜ ਦੇ ਪਿੱਛੇ ਦੀ ਸੀ। ਕਲ੍ਹ ਉਹ ਗਿਆ ਸੀ, ਦੂਜੇ ਰਸਤੇ ਤੋਂ—ਪਰ ਪਹਾੜੀ ਉਹੀ ਸੀ। ਲਾਲ ਮਿੱਟੀ। ਪੱਥਰੀਲੀ ਜ਼ਮੀਨ। ਦੋਵੇਂ ਪਾਸੇ ਸੁੱਕੀ ਘਾਹ। ਬੂਟੇ, ਹਰੇ ਜਾਂ ਸੁੱਕੇ। ਸੂਰਜ ਮੱਥੇ 'ਤੇ ਚੜ੍ਹ ਆਇਆ ਸੀ ਪਰ ਧੁੱਪ ਸਹਿੰਦੀ-ਸਹਿੰਦੀ ਸੀ। ਆਸਮਾਨ ਸਾਫ ਸੀ। ਵਿਚ ਵਿਚ ਆਉਂਦੇ ਹਵਾ ਦੇ ਬੁੱਲ੍ਹੇ। ਥੋੜ੍ਹਾ ਉਪਰ ਚੜ੍ਹਨ 'ਤੇ ਅਸੀਮ ਨੀਲਾ ਸਮੁੰਦਰ ਦਿਖਾਈ ਦੇਣ ਲੱਗ

ਪਿਆ।

"ਵਾਹ! ਕਿੰਨਾ ਸੁੰਦਰ ਸਮੁੰਦਰ ਏ।" ਪਿੱਛੇ ਦੇਖਦੀ ਹੋਈ ਉਹ ਬੋਲੀ। "ਏਥੋਂ ਹੋਰ ਵੀ ਸੁੰਦਰ ਦਿਸ ਰਿਹਾ ਏ। ਸਾਡੇ ਕਮਰੇ 'ਚੋਂ ਏਨਾ ਵਿਸਥਾਰ ਨਹੀਂ ਦਿਸਦਾ।"

ਉਸਨੇ ਰੁਕ ਕੇ ਨੰਦਨੀ ਵਾਂਗ ਸਮੁੰਦਰ ਦੇਖਿਆ। ਰੁੱਖਾਂ ਦੇ ਪਰ੍ਹੇ ਵਿਛੀ ਰੇਤ ਦਾ ਲੰਮਾ ਕਿਨਾਰਾ ਤੇ ਨੀਲਾ ਪਾਣੀ। ਝੱਗੋਝੱਗ ਲਹਿਰਾਂ। ਦੂਰ ਕਿਤੇ ਟਾਵਾਂ ਟਾਵਾਂ ਜਹਾਜ਼! ਕਿਨਾਰੇ ਖੜ੍ਹੀਆਂ ਬੇੜੀਆਂ।

"ਦਿਨੇ ਸਮੁੰਦਰ ਕਿੰਨਾ ਅਲੱਗ ਦਿਖਦਾ ਏ ਹੈ-ਨਾ?" ਨੰਦਨੀ ਕਹਿ ਰਹੀ ਸੀ, "ਸ਼ਾਮ ਵੇਲੇ ਕਿੰਨਾ ਅਜੀਬ ਲੱਗਦਾ ਏ! ਕਲ੍ਹ ਮੈਂ ਤੁਹਾਨੂੰ ਲੱਭਣ ਉਧਰ ਗਈ ਸੀ ਨਾ, ਓਦੋਂ ਦੇਖਿਆ ਸੀ। ਕਾਲਾ ਪਾਣੀ। ਮੈਂ ਡਰ ਗਈ ਸੀ। ਤੁਸੀਂ ਰਾਤ ਨੂੰ ਕਿੰਜ ਚਲੇ ਗਏ ਉਧਰ? ਕੋਈ ਹੋਟਲ ਵਾਲਾ ਨਾਲ ਸੀ ਕਿ?"

"ਨਹੀਂ, ਕੋਈ ਨਹੀਂ ਸੀ।"

ਕੁਝ ਚਿਰ ਰੁਕ ਕੇ ਉਹ ਫੇਰ ਤੁਰ ਪਏ। ਪਗਡੰਡੀ ਪਹਾੜੀ ਦੀ ਕੱਛ ਵਿਚੋਂ ਹੋ ਕੇ ਜਾ ਰਹੀ ਸੀ, ਸਿੱਧੀ ਉਪਰ। ਉਹ ਅੱਗੇ ਤੁਰ ਰਿਹਾ ਸੀ। ਨੰਦਨੀ ਪਿੱਛੇ। ਚੜ੍ਹਾਨ 'ਤੇ ਨੰਦਨੀ ਨੂੰ ਸਾਹ ਚੜ੍ਹਣ ਲੱਗਾ। ਵਿਚਕਾਰ ਚਟਾਨ ਟੁੱਟੀ ਸੀ। ਛਾਲ ਮਾਰ ਕੇ ਉਹ ਪਾਰ ਕਰ ਗਿਆ।

"ਮੈਨੂੰ ਸਹਾਰਾ ਦਿਓਗੇ?"

ਉਸਨੇ ਹੱਥ ਵਧਾਇਆ। ਉਸਨੂੰ ਉਪਰ ਖਿੱਚਿਆ। ਉਹ ਹੌਂਕਣ ਲੱਗੀ।

"ਖੜ੍ਹੀ ਚਟਾਨ ਏ! ਹੋਰ ਕਿੰਨੀ ਕੁ ਦੂਰ ਏ?"

"ਜ਼ਿਆਦਾ ਨਹੀਂ। ਅਸੀਂ ਅੱਧੀ ਚੜ੍ਹਾਈ ਚੜ੍ਹ ਆਏ ਆਂ।"

ਉਹ ਚੜ੍ਹਦੇ ਗਏ। ਪਗਡੰਡੀ ਚੌੜੀ ਸੀ। ਧੁੱਪ ਅੱਖਾਂ ਵਿਚ ਚੁਭ ਰਹੀ ਸੀ। ਕਿਤੇ ਵੀ ਛਾਂ ਨਹੀਂ ਸੀ। ਪੈਰਾਂ ਹੇਠ ਭੁਰਭੁਰੀ ਸੁੱਕੀ ਮਿੱਟੀ ਸੀ।

"ਮੈਨੂੰ ਸਾਹ ਚੜ੍ਹ ਗਿਐ।"

"ਰੁਕ ਜਾਣੇ ਆਂ ਥੋੜ੍ਹੀ ਦੇਰ ਇੱਥੇ। ਉਸ ਪੱਥਰ 'ਤੇ ਬੈਠ ਜਾ।"

ਉਹ ਫੇਰ ਤੁਰ ਪਏ। ਕੁਝ ਦੂਰ ਜਾ ਕੇ ਉਸਨੂੰ ਫੇਰ ਬੈਠਣਾ ਪਿਆ।

"ਮੇਰੇ ਕਾਰਨ ਤੁਹਾਨੂੰ ਵੀ ਰੁਕਣਾ ਪੈ ਰਿਹੈ। ਤੁਸੀਂ ਉਪਰ ਜਾ ਕੇ ਬੈਠੋ। ਮੈਂ ਹੌਲੀ ਹੌਲੀ ਆਉਂਦੀ ਆਂ।"

"ਇਕੋ ਗੱਲ ਏ। ਕੋਈ ਫਰਕ ਨਹੀਂ ਪੈਣ ਲੱਗਾ।"

"ਹੱਥ ਫੜ੍ਹ ਲਓ ਮੇਰਾ।"

ਉਸਦਾ ਹੱਥ ਫੜ੍ਹ ਕੇ ਉਹ ਚੜ੍ਹਨ ਲੱਗੀ ਪਰ ਹੁਣ ਚੜ੍ਹਾਨ ਸਿੱਧੀ ਹੋ ਗਈ ਸੀ। ਚਾਰ ਪੰਜ ਕਦਮ ਤੁਰ ਕੇ ਈ ਉਸਨੂੰ ਰੁਕਣਾ ਪੈਂਦਾ।

"ਆਦਤ ਨਹੀਂ ਨਾ, ਸਾਹ ਚੜ੍ਹ ਜਾਂਦੈ।" ਲੱਕ 'ਤੇ ਹੱਥ ਰੱਖ ਕੇ ਉਹ ਸਾਹਾਂ 'ਤੇ ਕਾਬੂ ਪਾਉਣ ਲੱਗੀ ਤੇ ਸਮੁੰਦਰ ਵੱਲ ਦੇਖਦੀ ਰਹੀ। ਉਹ ਇਕ ਕਦਮ ਅੱਗੇ ਜਾ ਕੇ ਰੁਕਿਆ।

"ਫੇਰ ਹੱਥ ਫੜੋ ਮੇਰਾ। ਤੁਸੀਂ ਅੱਗੇ ਚੱਲੋ ਤੇ ਮੈਂ ਤੁਹਾਡਾ ਹੱਥ ਫੜ੍ਹ ਕੇ ਚੱਲਾਂਗੀ।"

ਉਸਨੇ ਹੱਥ ਪਿੱਛੇ ਕੀਤਾ। ਹੁਣ ਉਸਦੇ ਪੂਰੇ ਸਰੀਰ ਦਾ ਭਾਰ ਭਾਸਕਰ ਨੂੰ ਆਪਣੇ ਉੱਤੇ ਮਹਿਸੂਸ ਹੋਣ ਲੱਗਾ। ਮਾਸ ਪੇਸ਼ੀਆਂ ਕਸੀਆਂ ਗਈਆਂ। ਉਸਨੂੰ ਲੱਗਿਆ ਹੁਣ ਪੈਰ ਜਮਾਅ ਕੇ ਤੁਰਨ ਦੀ ਲੋੜ ਏ। ਮਿੱਟੀ ਸਖ਼ਤ ਨਹੀਂ ਸੀ, ਪੱਥਰ ਹੁੰਦੇ ਤਾਂ ਕੋਈ ਗੱਲ ਨਹੀਂ ਸੀ। ਪੈਰ ਤਿਲ੍ਹਕਣ ਦਾ ਡਰ ਸੀ। ਉਸਨੇ ਉਪਰ ਵੱਲ ਦੇਖਿਆ। ਟੀਸੀ ਨੇੜੇ ਈ ਸੀ। ਕੁਝ ਕਰਮਾਂ ਦੀ ਦੂਰੀ 'ਤੇ। ਉਸਨੇ ਸੋਚਿਆ ਲੋੜ ਪਈ ਤਾਂ ਉਹ ਉਸਨੂੰ ਚੁੱਕ ਕੇ ਵੀ ਚੜ੍ਹ ਸਕਦਾ ਏ। ਵੈਸੇ ਨੰਦਨੀ ਦਾ ਭਾਰ ਥੋੜ੍ਹਾ



ਵਧ ਗਿਆ ਏ। ਨਵੀਂ-ਨਵੀਂ ਸ਼ਾਦੀ ਹੋਈ ਤਾਂ ਮੈਂ ਉਸਨੂੰ ਆਸਾਨੀ ਨਾਲ ਗੋਦੀ ਚੁੱਕ ਕੇ ਬੈੱਡ 'ਤੇ ਲਿਟਾਅ ਦੇਂਦਾ ਸਾਂ। ਕਦੀ ਉਸਨੂੰ ਡਰਾਉਣ ਦੀ ਲਲਕ ਜਾਗਦੀ ਸੀ ਤਾਂ ਉਸਨੂੰ ਫੜ੍ਹ ਕੇ ਗੋਲ-ਗੋਲ ਘੁਮਾਅ ਵੀ ਦੇਂਦਾ ਸਾਂ। ਉਦੋਂ ਉਹ ਅੱਖਾਂ ਮੀਚ ਕੇ ਮੇਰੇ ਗਲ਼ੇ ਵਿਚ ਬਾਹਾਂ ਪਾ ਕੇ ਝੂਲ ਜਾਂਦੀ ਸੀ। ਚੜ੍ਹਦੇ ਚੜ੍ਹਦੇ ਉਸਨੇ ਲੰਮਾਂ ਸਾਹ ਖਿੱਚਿਆ।

ਕੁਝ ਚਿਰ ਵਿਚ ਉਹ ਟੀਸੀ 'ਤੇ ਪਹੁੰਚ ਗਏ। ਨੰਦਨੀ ਨੇ ਉਸਦਾ ਹੱਥ ਛੱਡਿਆ ਤੇ ਚਟਾਨ 'ਤੇ ਬੈਠ ਗਈ।

"ਉਈ ਮਾਂ! ਪਹੁੰਚ ਗਏ ਜਿਵੇਂ-ਤਿਵੇਂ। ਮੈਨੂੰ ਵਿਚਕਾਰ ਜਿਹੇ ਲੱਗਿਆ ਸੀ ਹੁਣ ਨਹੀਂ ਚੜ੍ਹ ਸਕਾਂਗੀ।" ਉਸਨੇ ਛਾਤੀ 'ਤੇ ਹੱਥ ਰੱਖਦਿਆਂ ਕਿਹਾ।

"ਬੋਲ ਨਾ। ਸਾਹ ਠੀਕ ਹੋ ਲੈਣ ਦੇ।" ਭਾਸਕਰ ਨੇ ਕਿਹਾ।

ਉਸਨੇ ਜਿਵੇਂ ਪਹਿਲਾਂ ਦੇਖਿਆ ਸੀ, ਓਵੇਂ ਈ ਸੀ—ਸਪਾਟ ਜਗਾਹ ਸੀ, ਸੂਰਜ ਸਿੱਧਾ ਤਨ 'ਤੇ ਧੁੱਪ ਬਰਸਾ ਰਿਹਾ ਸੀ ਪਰ ਧੁੱਪ ਤਿੱਖੀ ਨਹੀਂ ਸੀ। ਸਮੁੰਦਰ ਵੱਲੋਂ ਸਵੇਰ ਦੀ ਤਾਜ਼ੀ ਹਵਾ ਆ ਰਹੀ ਸੀ। ਨੀਲਾ ਸਮੁੰਦਰ ਦੂਰ ਤਕ ਫੈਲਿਆ ਹੋਇਆ ਸੀ। ਉਪਰ ਕਿਲੇ ਦਾ ਖੰਡਰ ਸੀ। ਉਸ ਤੋਂ ਪਰ੍ਹੇ ਪੁਰਾਣਾ ਲਾਈਟ ਹਾਊਸ। ਇੱਥੋਂ ਹੇਠਾਂ ਰੁੱਖ, ਬੇੜੀਆਂ, ਖਪਰੈਲੀ-ਘਰ ਸਭ ਕੁਝ ਸਾਫ-ਸਾਫ ਦਿਸ ਰਿਹਾ ਸੀ।

"ਵਾਹ! ਸੋਹਣੀ ਹਵਾ ਏ। ਸਮੁੰਦਰ ਕੇਡਾ ਵੱਡਾ ਦਿਸ ਰਿਹਾ ਏ। ਉਪਰ ਚੜ੍ਹਨਾ ਸਾਰਥਕ ਹੋ ਗਿਆ।" ਨੰਦਨੀ ਬੋਲੀ।

ਉਹ ਲੱਕ ਉੱਤੇ ਰੱਖ ਕੇ ਸਮੁੰਦਰ ਦੇਖ ਰਹੀ ਸੀ।

"ਇੱਥੇ ਈ ਬੈਠਣਾ ਏਂ ਜਾਂ ਕਿਧਰੇ ਹੋਰ ਜਾਣਾ ਏਂ?" ਨੰਦਨੀ ਨੇ ਪੁੱਛਿਆ।

"ਏਥੇ ਇਹ ਕਿਲ੍ਹਾ ਦੇਖਣ ਵਾਲਾ ਐ।" ਉਸਨੇ ਨਜ਼ਰਾਂ ਨਾਲ ਦਿਖਾਇਆ। "ਪਤਾ ਨਹੀਂ ਅੰਦਰ ਕੀ ਏ? ਕੁਛ ਹੋਏਗਾ ਵੀ ਜਾਂ ਨਹੀਂ। ਪਰ ਦੇਖਣ ਵਾਲਾ ਹੋਏਗਾ।"

"ਚੱਲੋ ਫੇਰ।"

"ਥੋੜ੍ਹਾ ਤੁਰਣਾ ਪਏਗਾ।"

"ਤੁਰਾਂਗੀ। ਸਪਾਟ ਜ਼ਮੀਨ 'ਤੇ ਤੁਰਨਾ ਹੋਏ ਤਾਂ ਫੇਰ ਕੋਈ ਗੱਲ ਨਹੀਂ। ਪਰ ਚੜ੍ਹਾਨ ਹੋਏ ਤਾਂ! ਉਫ਼!"

ਉਹ ਕਿਲ੍ਹੇ ਤਕ ਗਏ। ਪਹਾੜੀ ਦੇ ਇਕ ਸਿਰੇ 'ਤੇ—ਲਾਲ, ਜਾਮਨੀ ਪੱਥਰਾਂ ਦੀ ਜ਼ਮੀਨ। ਸੁੱਕਾ ਘਾਹ। ਕਿਲ੍ਹੇ ਦੀਆਂ ਕੰਧਾਂ ਵੀ ਜਾਮਨੀ ਪੱਥਰ ਦੀਆਂ। ਕੰਧਾਂ ਵਿਚ ਉਗ ਆਇਆ ਘਾਹ। ਟੁੱਟੀ ਵਾੜ। ਸੰਰਕਸ਼ਿਤ ਸਮਾਰਕ (ਸਰਕਾਰੀ ਨਿਗਰਾਨੀ ਤੇ ਸਾਂਭ-ਸੰਭਾਲ ਅਧੀਨ ਇਤਿਹਾਸਕ ਜਗਾਹ) ਦੀ ਨੀਲੇ ਰੰਗ ਦੀ ਤਖ਼ਤੀ। ਜਰ ਖਾਧੀ। ਉਸ ਉਤੋਂ ਸਫੇਦ ਅੱਖਰ ਮਿਟ ਗਏ ਸਨ। ਉਹਨਾਂ ਨੂੰ ਪੜ੍ਹਨ ਦੀ ਕੋਸ਼ਿਸ਼ ਕੀਤੀ ਪਰ ਪੜ੍ਹ ਨਾ ਸਕਿਆ।

"ਚੌਕੀਦਾਰ ਵੀ ਸ਼ਾਇਦ ਨਹੀਂ ਹੋਏਗਾ।" ਭਾਸਕਰ ਬੋਲਿਆ।

ਅੱਧ ਖੁੱਲ੍ਹੇ ਲੱਕੜ ਦੇ ਫਾਟਕ ਵਿਚੋਂ ਉਹ ਅੰਦਰ ਲੰਘ ਗਏ। ਪੱਥਰ ਦੀ ਲੰਮੀ ਚੌੜੀ ਦਹਿਲੀਜ਼, ਪੱਥਰ ਦੇ ਖੰਭੇ, ਛੋਟਾ ਜਿਹਾ ਵਿਹੜਾ, ਪੱਥਰ ਦੇ ਚਬੂਤਰੇ। ਤੇ ਅੰਦਰ ਜਾਣ 'ਤੇ ਸਮੁੱਚਾ ਕਿਲ੍ਹਾ ਦਿਖਾਈ ਦੇਣ ਲੱਗਾ। ਛੱਤਾਂ ਢੱਠੀਆਂ ਹੋਈਆਂ। ਪੱਥਰ ਦੀਆਂ ਮੋਟੀਆਂ ਕੰਧਾਂ ਠੀਕ ਖੜ੍ਹੀਆਂ ਸੀ। ਆਲੇ ਦੁਆਲੇ ਚਟਾਨਾਂ ਸਨ। ਇਮਾਰਤ ਦੀ ਉਚਾਈ ਦਾ ਅੰਦਾਜ਼ਾ ਇਸ ਖੰਡਰ ਵਿਚ ਖਲੋ ਕੇ ਸਾਫ ਲਾਇਆ ਜਾ ਸਕਦਾ ਸੀ। ਉੱਚਾ ਉਗਿਆ ਘਾਹ। ਗੂਲਰ ਦੇ ਰੁੱਖ। ਹੇਠਾਂ ਗੂਲਰ ਈ ਗੂਲਰ ਡਿੱਗੇ ਹੋਏ। ਕਾਟੋਆਂ ਭੱਜੀਆਂ ਫਿਰਦੀਆਂ ਸਨ। ਧੁੱਪ ਦੇ ਟੁਕੜੇ ਇਧਰ ਉਧਰ ਖਿੱਲਰੇ ਹੋਏ ਸਨ। ਕੰਧਾਂ ਦੀ ਕਾਲੀ, ਗੂੜ੍ਹੀ ਠੰਡੀ ਛਾਂ ਜ਼ਮੀਨ 'ਤੇ ਲੇਟੀ ਹੋਈ ਸੀ।

ਕਿਲ੍ਹੇ ਦੇ ਚਾਰੇ ਪਾਸੇ ਚੱਕਰ ਲਾਉਣ ਲਈ ਰਸਤਾ ਬਣਿਆ ਹੋਇਆ ਸੀ। ਕੁਝ ਦੂਰੀ ਉੱਥੇ ਥਾਂ-ਥਾਂ ਬੁਰਜ ਸਨ। ਉਹਨਾਂ ਵਿਚ ਖਿੜਕੀਆਂ, ਖਾਨੇ ਬਣੇ ਸਨ। ਉਹਨਾਂ ਵਿਚੋਂ ਸਮੁੰਦਰ ਦਿਸ ਰਿਹਾ ਸੀ। ਚਟਾਨਾਂ ਨਾਲ ਲਹਿਰਾਂ ਖਹਿ ਰਹੀਆਂ ਸਨ। ਉਹਨਾਂ ਦੀ ਆਵਾਜ਼ ਹਵਾ ਵਿਚ ਤੈਰ ਰਹੀ ਸੀ। ਇਕ ਜਹਾਜ਼ ਦੂਰ ਡੂੰਘੇ ਸਮੁੰਦਰ ਵਿਚ ਨਜ਼ਰ ਆਇਆ। ਬਾਕੀ ਨੀਲਾ ਪਾਣੀ ਈ ਪਾਣੀ।

ਇਕ ਚੱਕਰ ਲਾ ਕੇ ਉਹ ਫੇਰ ਵਿਹੜੇ ਵਿਚ ਆ ਗਏ। ਬੁਰਜ ਟੁੱਟੇ ਹੋਏ। ਕੰਧਾਂ ਵਿਚ ਪਾੜ। ਖਿੱਲਰੀਆਂ ਹੋਈਆਂ ਚਟਾਨਾਂ। ਉੱਥੇ ਛਾਂ ਸੀ ਤੇ ਸਮੁੰਦਰ ਦਾ ਨਜ਼ਾਰਾ ਵੀ।

"ਏਥੇ ਬੈਠੀਏ?" ਨੰਦਨੀ ਨੇ ਪੁੱਛਿਆ।

"ਜਿਵੇਂ ਤੇਰੀ ਇੱਛਾ!" ਭਾਸਕਰ ਨੇ ਕਿਹਾ।

ਉਹ ਇਕ ਚਟਾਨ 'ਤੇ ਬੈਠ ਗਏ। ਕੰਧਾਂ ਕਰਕੇ ਇੱਥੇ ਧੁੱਪ ਨਹੀਂ ਸੀ ਪਹੁੰਚ ਰਹੀ। ਪੱਥਰਾਂ ਨਾਲ ਲੱਗ ਕੇ ਬੈਠਣ ਲਈ ਤੇ ਪੈਰ ਰੱਖਣ ਲਈ ਖਾਸੀ ਜਗਾਹ ਬਣੀ ਹੋਈ ਸੀ ਉੱਥੇ। ਸਮੁੰਦਰ ਵੱਲੋਂ ਆਉਣ ਵਾਲੀ ਨਮਕੀਨ ਹਵਾ ਕਰਕੇ ਹੁੰਮਸ ਵੀ ਨਹੀਂ ਸੀ।

ਨੰਦਨੀ ਹਥੇਲੀਆਂ ਉੱਤੇ ਚਿਹਰਾ ਟਿਕਾਅ ਕੇ ਚੁੱਪਚਾਪ ਸਮੁੰਦਰ ਦੇਖਦੀ ਰਹੀ। ਭਾਸਕਰ ਚਟਾਨ 'ਤੇ ਬੈਠ ਗਿਆ। ਫੇਰ ਉਸਨੇ ਦੇਖਿਆ ਕਿ ਚਟਾਨ ਖਾਸੀ ਲੰਮੀ-ਚੌੜੀ ਏ। ਉਸ ਵੀ ਲੱਤਾਂ ਪਸਾਰ ਕੇ ਤੇ ਅੱਧ ਲੇਟਿਆ ਜਿਹਾ ਹੋ ਕੇ ਆਰਾਮ ਨਾਲ ਸਮੁੰਦਰ ਵੱਲ ਦੇਖਣ ਲੱਗ ਪਿਆ।

ਕੁਝ ਚਿਰ ਬਾਅਦ ਬੇਚੈਨੀ ਹੋਣ ਲੱਗੀ। ਨਜ਼ਰਾਂ ਦੇ ਪਰ੍ਹੇ ਵੀ ਸਮੁੰਦਰ ਹਿਚਕੋਲੇ ਖਾ ਰਿਹਾ ਸੀ। ਉੱਤੇ ਆਸਮਾਨ ਦੀ ਚਮਕਦੀ ਛੱਤ ਸੀ। ਪਲ ਭਰ ਲਈ ਉਸਨੇ ਸੋਚਿਆ, ਕਿਉਂ ਆਇਆ ਆਂ ਇੱਥੇ? ਮੈਂ ਇਹ ਕਿਲ੍ਹਾ ਦੇਖਣਾ ਚਾਹੁੰਦਾ ਸੀ। ਜਗਾਹ, ਮੇਰੀ ਚੁਣੀ ਹੋਈ ਸੀ। ਦਿਨ, ਮੈਂ ਤੈਅ ਕੀਤਾ ਸੀ ਪਰ ਜਿਹੜੇ ਪਲ ਮੈਂ ਚਾਹੁੰਦਾ ਸਾਂ, ਕੀ ਉਹ ਇਹ ਪਲ ਨੇ? ਇਹ ਕੀ ਏ ਜਿਹੜਾ ਮੈਨੂੰ ਘੇਰੀ ਬੈਠਾ ਏ? ਅੱਗੇ ਕੀ ਹੋਣ ਵਾਲਾ ਏ? ਕੀ ਅਸੀਂ ਇਵੇਂ ਈ ਚੁੱਪ ਬੈਠੇ ਰਹਿਣ ਲਈ ਆਏ ਆਂ; ਬੈਠੇ ਰਹਾਂਗੇ?

ਕੁਝ ਚਿਰ ਬਾਅਦ ਨੰਦਨੀ ਨੇ ਗਰਦਨ ਭੁਆਂ ਕੇ ਉਸ ਵੱਲ ਦੇਖਿਆ। ਉਸਨੇ ਵੀ। ਫੇਰ ਭਾਸਕਰ ਨਜ਼ਰਾਂ ਭੁਆਂ ਕੇ ਸਮੁੰਦਰ ਵੱਲ ਦੇਖਣ ਲੱਗਾ।

"ਭਾਸਕਰ ਮੈਂ ਜਾਣਦੀ ਆਂ ਇਹ ਸਭ ਤੁਹਾਡੇ ਲਈ ਭਾਰੀ ਹੋ ਰਿਹੈ ਪਰ ਅਜੇ ਤਕ ਮੇਰੀ ਗੱਲ ਪੂਰੀ ਨਹੀਂ ਹੋਈ..."

ਉਸਨੇ ਤ੍ਰਭਕ ਕੇ ਉਸ ਵੱਲ ਦੇਖਿਆ। ਉਸਦੇ ਮਨ ਅੰਦਰ ਫੇਰ ਪੀੜ ਉੱਠੀ।

"ਜੋ ਮੈਂ ਦੱਸਿਆ ਸੀ ਉਸ ਪਿੱਛੋਂ ਕੀ ਹੋਇਆ—ਇਹ ਮੈਂ ਤੁਹਾਨੂੰ ਅਜੇ ਦੱਸਿਆ ਨਹੀਂ ਏ। ਮੈਂ ਜਾਣਦੀ ਆਂ ਕਿ ਤੁਸੀਂ ਪੁੱਛੋਗੇ ਵੀ ਨਹੀਂ, ਪਰ ਮੈਂ ਦੱਸੇ ਬਗ਼ੈਰ ਰਹਿ ਨਹੀਂ ਸਕਦੀ। ਤੁਸੀਂ ਸੋਚਦੇ ਹੋਵੋਗੇ ਸ਼ਾਇਦ ਬਈ ਇਹ ਮੇਰੀ ਦੋਸਤੀ ਕਿੰਨੇ ਦਿਨ ਚੱਲੀ ਤੇ ਪਿੱਛੋਂ ਕੀ ਹੋਇਆ?"

ਉਹ ਕੁਝ ਪਲ ਲਈ ਰੁਕੀ। ਉਸਨੇ ਭਾਸਕਰ ਵੱਲ ਦੇਖਿਆ। ਉੱਥੇ ਡਿੱਗੀ ਇਕ ਸੁੱਕੀ ਟਾਹਣੀ ਚੁੱਕ ਕੇ ਉਸ ਵਿਚ ਰੁੱਝ ਗਈ।

"ਮੈਂ ਉਸ ਸਭ ਨੂੰ ਦੋਸਤੀ ਦਾ ਹਿੱਸਾ ਮੰਨ ਕੇ ਚੱਲੀ ਸਾਂ। ਪ੍ਰਕ੍ਰਿਤਕ ਸਮਝ ਰਹੀ ਸਾਂ। ਪੂਰੀ ਤਰ੍ਹਾਂ ਕੁਝ ਸਮਝ ਵੀ ਨਹੀਂ ਸੀ ਆ ਰਿਹਾ। ਇਕ ਕਿਸਮ ਦੀ ਸੰਮੋਹਨ ਅਵਸਥਾ ਵਿਚ ਸਾਂ। ਪਰ ਤੀਜੀ ਵੇਰ...ਪਤਾ ਏ ਤੀਜੀ ਵੇਰ ਕੀ ਹੋਇਆ..."

ਭਾਸਕਰ ਨੇ ਦੇਖਿਆ, ਉਸਦੀਆਂ ਅੱਖਾਂ ਸਿੱਜਲ ਹੋ ਗਈਆਂ ਨੇ। ਸਿਸਕੀਆਂ ਨੂੰ ਉਹ ਅੰਦਰੇ-ਅੰਦਰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਏ। ਨੱਕ ਲਾਲ ਹੋ ਗਿਆ ਏ। ਸਿਸਕੀ ਦਬਾਉਂਦਿਆਂ ਹੋਇਆਂ ਉਸਨੇ ਕਿਹਾ, "ਉਹ ਹੋਣ ਪਿੱਛੋਂ ਅਸੀਂ ਖੜ੍ਹੇ ਸਾਂ। ਅਸੀਂ ਕਿਧਰੇ ਜਾਣਾ ਸੀ। ਨਿਕਲਣ



ਦੀ ਤਿਆਰੀ ਕਰ ਰਹੇ ਸਾਂ।...ਤੇ ਉਹ ਬੋਲਿਆ, ਅੰਗਰੇਜ਼ੀ ਵਿਚ..."

ਫੇਰ ਉਹ ਉੱਚੀ-ਉੱਚੀ ਸਿਸਕਣ ਲੱਗ ਪਈ। ਹੰਝੂ ਵਹਿ ਤੁਰੇ। ਨੱਕ ਲਾਲ ਹੋ ਗਿਆ। ਚਿਹਰਾ ਅੱਥਰੂਆਂ ਨਾਲ ਭਿੱਜ ਗਿਆ। ਉਸਦੇ ਕੋਲ ਰੁਮਾਲ ਨਹੀਂ ਸੀ। ਭਾਸਕਰ ਨੇ ਸੋਚਿਆ ਜੇਬ ਵਿਚੋਂ ਰੁਮਾਲ ਕੱਢ ਕੇ ਦੇ ਦਿਆਂ, ਪਰ ਉਹ ਖ਼ੁਦ ਉਸ ਚਟਾਨ ਉੱਤੇ ਚਟਾਨ ਵਾਂਗ ਚਿਪਕ ਗਿਆ ਸੀ। ਉਹ ਹੰਝੂ ਰੋਕਣ ਦੀ ਕੋਸ਼ਿਸ਼ ਕਰ ਰਹੀ ਸੀ। ਉਸਨੇ ਬੁੱਲ੍ਹ ਭੀਚ ਲਏ।

ਕੁਝ ਚਿਰ ਬਾਅਦ ਉਹ ਸੰਭਲ ਗਈ। ਉਸਨੇ ਹੱਥ ਨਾਲ ਨੱਕ ਪੂੰਝਿਆ, ਕੁਰਤੇ ਨਾਲ ਅੱਖਾਂ...ਤੇ ਬੁੱਲ੍ਹ ਅਕੜਾ ਕੇ ਬੋਲੀ—

"ਉਸਨੇ ਕਿਹਾ, 'ਹਾਊ ਵੁੱਡ ਯੂਵਰ ਹਜਬੰਡ ਫੀਲ ਇਫ ਹੀ ਕਮਸ ਟੂ ਨੋ ਦੈਟ...ਆਈ ਐਮ ਸਕ੍ਰਇੰਗ ਹਿਜ ਵਾਈਫ?' ਪਹਿਲਾਂ ਤਾਂ ਮੇਰੀ ਸਮਝ ਵਿਚ ਕੁਝ ਨਹੀਂ ਆਇਆ ਪਰ ਭਾਸਕਰ, ਅਗਲੇ ਛਿਣ ਮੇਰੇ ਦਿਮਾਗ਼ ਵਿਚ ਬਿਜਲੀ ਕਰੜਕੀ। ਆਪ ਮੁਹਾਰੇ ਮੇਰਾ ਹੱਥ ਉੱਠਿਆ ਤੇ ਮੈਂ ਉਸਦੀ ਗੱਲ੍ਹ 'ਤੇ ਏਡਾ ਕਰਾਰਾ ਥੱਪੜ ਮਾਰਿਆ ਕਿ ਕਮਰੇ ਵਿਚ ਉਸਦੀ ਆਵਾਜ਼ ਗੂੰਜੀ। ਬਾਹਰ ਤਕ ਗਈ ਹੋਏਗੀ ਉਹ ਆਵਾਜ਼।"

ਭਾਸਕਰ ਨੇ ਉਸਦਾ ਤਪਿਆ ਹੋਇਆ ਸੁਰਖ਼ ਚਿਹਰਾ ਦੇਖਿਆ। ਹੁਣ ਉਹਨਾਂ ਅੱਖਾਂ ਵਿਚ ਅੱਥਰੂਆਂ ਦੀ ਥਾਂ ਜਵਾਲਾ ਭੜਕ ਰਹੀ ਸੀ।

"ਮੇਰੇ ਦਿਮਾਗ਼ ਵਿਚ ਕਰੋਧ, ਨਫ਼ਰਤ ਦੀ ਅੱਗ ਭੜਕ ਉੱਠੀ ਸੀ। ਉਹ ਸਮਝਦਾ ਕੀ ਸੀ ਆਪਣੇ ਆਪ ਨੂੰ? ਭਾਸਕਰ ਤੁਸੀਂ ਮੇਰੇ ਦੇਵਤਾ ਓਂ। ਤੇ ਉਸਨੇ ਤੁਹਾਡੇ ਬਾਰੇ ਇੰਜ ਕਿਹਾ ਸੀ? ਉਸਦੀ ਹਿੰਮਤ ਕਿੰਜ ਪਈ? ਉਹ ਮੇਰੇ ਬਾਰੇ ਕੁਝ ਵੀ ਕਹਿੰਦਾ ਤਾਂ ਮੈਂ ਬਰਦਾਸ਼ਤ ਕਰ ਲੈਂਦੀ—ਪਰ ਉਸਨੇ ਤੁਹਾਡੇ ਬਾਰੇ ਇੰਜ ਕਿਹਾ ਸੀ। ਮੈਂ ਉਸਦੇ ਕੋਲ ਗਈ ਸੀ, ਇਸਦਾ ਮਤਲਬ ਇਹ ਨਹੀਂ ਸੀ ਕਿ ਮੈਨੂੰ ਕਿਸੇ ਚੀਜ਼ ਦੀ ਕਮੀ ਸੀ। ਪਰ ਉਹ ਰੋਅਬ ਝਾੜ ਰਿਹਾ ਸੀ...ਯਾਨੀ ਉਸਦੇ ਦਿਮਾਗ਼ ਵਿਚ ਇਹ ਪਹਿਲਾਂ ਈ ਸੀ...ਜਦੋਂ ਦੀ ਉਸਨੇ ਮੇਰੇ ਨਾਲ ਦੋਸਤੀ ਕੀਤੀ ਸੀ—ਉਦੋਂ ਦਾ?"

ਉਸਦੇ ਸ਼ਬਦ ਪੱਥਰਾਂ ਵਿਚ ਗੂੰਜਦੇ ਹੋਏ ਭਾਸਕਰ ਦੇ ਕੰਨਾਂ ਵਿਚ ਧਸਦੇ ਰਹੇ। ਉਹ ਚੁੱਪਚਾਪ ਸੁਣਦਾ ਰਿਹਾ।

"ਮੈਂ ਸੱਚ ਕਹਿੰਦੀ ਆਂ ਭਾਸਕਰ, ਜ਼ਿੰਦਗੀ ਵਿਚ ਮੈਂ ਪਹਿਲੀ ਵੇਰ ਕਿਸੇ ਨੂੰ ਮਾਰਿਆ ਸੀ। ਮੈਂ ਬਚਪਨ ਤੋਂ ਲੈ ਕੇ ਅੱਜ ਤੀਕ ਕਿਸੇ ਦੇ ਪਿਆਰ ਨਾਲ ਵੀ ਚਪੇੜ ਨਹੀਂ ਮਾਰੀ—ਨਾ ਭਰਾ-ਭੈਣਾਂ ਦੇ ਨਾ ਸਹੇਲੀਆਂ ਦੇ। ਰਾਜੂ ਦੇ ਵੀ ਨਹੀਂ। ਤੇ ਉਸਦੇ ਏਡਾ ਫੌਲਾਦੀ ਥੱਪੜ ਜੜ ਦਿੱਤਾ—ਪਤਾ ਨਹੀਂ ਕਿੰਜ। ਮੈਂ ਉਸ ਨਾਲ ਦੋਸਤੀ ਕੀਤੀ ਸੀ, ਪਤੀ ਨੂੰ ਛੱਡ ਕੇ ਨਹੀਂ ਸੀ ਆਈ ਮੈਂ। ਪਤੀ ਤਾਂ ਮੇਰੇ ਕੋਲ ਈ ਸੀ। ਕੋਲ ਕੀ ਮੇਰੇ ਅੰਦਰ ਈ। ਜਦੋਂ ਮੈਂ ਉਸਦੇ ਮਾਰਿਆ ਸੀ ਉਦੋਂ ਵੀ ਮੈਨੂੰ ਲੱਗਿਆ ਸੀ ਜਿਵੇਂ ਉਹ ਤੁਹਾਡੀ ਈ ਤਾਕਤ ਹੋਵੇ। ਵਰਨਾ ਏਡੀ ਜ਼ੋਰਦਾਰ ਗੋਲੀ ਚੱਲਣ ਵਰਗੀ ਆਵਾਜ਼ ਆਈ ਸੀ ਤੇ ਮੇਰੀਆਂ ਪੰਜੇ ਉਂਗਲਾਂ ਉਸਦੀ ਗੱਲ 'ਤੇ ਛਪ ਗਈਆਂ ਸੀ।"

"ਫੇਰ?"

"ਫੇਰ ਕੀ ਹੋਣਾ ਸੀ ਭਾਸਕਰ? ਮੈਂ ਉਸੇ ਵੇਲੇ ਉੱਥੋਂ ਨਿਕਲ ਆਈ। ਉਸੇ ਵੇਲੇ ਮੇਰੇ ਦਿਮਾਗ਼ ਵਿਚ ਸਭ ਕੁਛ ਸਾਫ, ਸਾਕਾਰ ਹੋ ਗਿਆ। ਮੈਂ ਸਭ ਸਮਝ ਗਈ। ਫੇਰ ਉਸ ਨਾਲ ਸੰਪਰਕ ਰੱਖਣ ਦਾ ਸਵਾਲ ਈ ਨਹੀਂ ਸੀ ਤੇ ਉਸਦੀ ਹਿੰਮਤ ਨਹੀਂ ਸੀ ਮੇਰੇ ਨਾਲ ਮਿਲਣ ਦੀ। ਫੇਰ ਉਸਦੀ ਬਦਲੀ ਹੋ ਗਈ ਹੋਏਗੀ।"

ਉਹ ਕੁਝ ਚਿਰ ਚੁੱਪ ਰਹੀ। ਧੁੱਪ ਵਧ ਰਹੀ ਸੀ। ਛਾਂ ਹੁਣ ਉਸਦੇ ਪੈਰਾਂ ਤਕ ਸੁੰਗੜ ਆਈ ਸੀ। ਹਵਾ ਚੱਲ ਰਹੀ ਸੀ ਇਸ ਲਈ ਗਰਮੀ ਮਹਿਸੂਸ ਨਹੀਂ ਸੀ ਹੋ ਰਹੀ।

"ਇਹੀ ਤੁਹਾਨੂੰ ਕਹਿਣਾ ਚਾਹੁੰਦੀ ਸੀ। ਮੈਂ ਸੱਚਮੁੱਚ ਤੁਹਾਨੂੰ ਦੇਵਤਾ ਮੰਨਦੀ ਆਂ।

ਭਾਵੇਂ ਮੈਂ ਬੋਹੜ ਦੀ ਪੂਜਾ ਨਾ ਕਰਾਂ ਜਾਂ ਕਰਵਾ ਚੌਥ ਦਾ ਵਰਤ ਨਾ ਰੱਖਾਂ, ਪਰ ਕੋਈ ਮੈਥੋਂ ਪੁੱਛੇ ਕਿ ਜਨਮ-ਜਨਮ ਇਹੋ ਪਤੀ ਚਾਹੀਦਾ ਏ? ਤਾਂ ਮੈਂ ਝੱਟ ਹਾਂ ਕਹਾਂਗੀ। ਮੇਰੇ ਜੀਵਨ ਵਿਚ ਤੁਹਾਡਾ ਇਹੋ ਸਥਾਨ ਏ। ਮੈਂ ਉਸ ਨਾਲ ਦੋਸਤੀ ਕੀਤੀ ਸੀ, ਪ੍ਰੇਮ ਨਹੀਂ। ਪ੍ਰੇਮ ਸਿਰਫ ਤੁਹਾਡੇ ਨਾਲ ਕੀਤਾ ਏ। ਉਹ ਇਕ ਪ੍ਰਯੋਗ ਸੀ ਸ਼ਾਇਦ। ਭਾਵੇਂ ਮੋਹਣਾ ਵੀ ਲੱਗਿਆ ਹੋਏਗਾ ਪਰ ਪ੍ਰੇਮ ਸਿਰਫ ਤੁਹਾਡੇ ਨਾਲ ਸੀ। ਤੁਹਾਡੇ ਨਾਲ ਕੋਈ ਬਰਾਬਰੀ ਨਹੀਂ ਕਰ ਸਕਦਾ। ਮੇਰੇ ਨਾਲ ਈ ਨਹੀਂ ਤੁਸੀਂ ਹੋਰਾਂ ਨਾਲ ਵੀ ਕਿੰਨਾ ਸੁਹਿਰਦ ਵਿਹਾਰ ਕਰਕੇ ਓਂ। ਮੈਂ ਤੁਹਾਡੇ ਅਜਿਹੇ ਕਈ ਪੱਖ ਜਾਣਦੀ ਆਂ। ਤੁਹਾਡੀ ਕੰਪਨੀ ਵਿਚ ਕਦੀ ਇਕ ਦਿਨ ਲਈ ਵੀ ਹੜਤਾਲ ਨਹੀਂ ਹੋਈ। ਤੁਸੀਂ ਜਦ ਘਰ ਨਹੀਂ ਹੁੰਦੇ ਤਦ ਤੁਹਾਡੇ ਕਈ ਅਫ਼ਸਰ ਕੁਛ ਦੇਣ-ਲੈਣ, ਕੋਈ ਸੁਨੇਹਾ ਦੇਣ ਘਰ ਆਉਂਦੇ ਨੇ ਉਦੋਂ ਮੈਂ ਉਹਨਾਂ ਦੀਆਂ ਗੱਲਾਂ ਸੁਣਦੀ ਆਂ। ਉਹਨਾਂ ਲਈ ਵੀ ਤੁਸੀਂ ਦੇਵਤਾ ਸਮਾਨ ਓਂ।"

ਉਹ ਸਮੁੰਦਰ ਵੱਲ ਦੇਖਦਾ ਰਿਹਾ।

"ਇਸ ਲਈ ਮੈਂ ਕਹਿੰਦੀ ਆਂ ਕਿ ਜੋ ਮੈਂ ਕੀਤਾ ਉਹ ਤੁਹਾਡੇ ਨਾਲ ਸੰਬੰਧਤ ਕੋਈ ਪ੍ਰਤੀਕ੍ਰਿਆ ਨਹੀਂ ਸੀ। ਮੇਰੇ ਜੀਵਨ 'ਚ ਮੇਰਾ ਕੀਤਾ ਹੋਇਆ ਪ੍ਰਯੋਗ ਕਹਿ ਲਓ ਭਾਵੇਂ ਉਸਨੂੰ। ਕਿਉਂ ਕੀਤਾ? ਇਸ ਦਾ ਕੋਈ ਅਰਥ ਨਹੀਂ—ਬੱਸ ਸਮਾਂ ਚੱਲ ਰਿਹਾ ਸੀ ਓਹੋ ਜਿਹਾ। ਪਰ ਉਦੋਂ ਵੀ ਤੁਸੀਂ ਮੇਰੇ ਕੋਲ ਸੀ। ਜਾਂ ਇੰਜ ਕਹੋ ਕਿ ਉਹ ਪ੍ਰਯੋਗ ਮੈਂ ਤੁਹਾਡੇ ਬਲਬੂਤੇ 'ਤੇ ਈ ਕੀਤਾ ਸੀ। ਤੁਸੀਂ ਨਾਲ ਸੀ ਤੇ ਰਹੋਗੇ ਇਹ ਅੰਦਰ ਵਿਸ਼ਵਾਸ ਸੀ ਇਸ ਲਈ ਕਰ ਗਈ ਸੀ ਮੈਂ ਉਹ।"

ਭਾਸਕਰ ਸਿਰਫ ਨੀਲਾ ਸਮੁੰਦਰ ਦੇਖ ਰਿਹਾ ਸੀ। ਉਹ ਜਹਾਜ਼ ਕਦੋਂ ਦਾ ਚਲਾ ਗਿਆ ਸੀ। ਹੁਣ ਸਿਰਫ ਦੂਰ ਤਕ ਚਮਕਦਾ ਹੋਇਆ ਪਾਣੀ ਸੀ। ਸੁਨਹਿਰੀ ਲਹਿਰਾਂ ਸਨ। ਚਾਰੇ ਪਾਸੇ ਸ਼ਾਂਤੀ ਸੀ। ਉਸਨੇ ਦੇਖਿਆ ਸਫੈਦ ਪੰਛੀਆਂ ਦਾ ਇਕ ਝੁੰਡ ਆਕਾਸ਼ ਵਿਚ ਉਡਿਆ ਜਾ ਰਿਹਾ ਏ। ਖੰਭਾਂ ਦੀ ਲੈਅ-ਬੱਧ ਹਲਚਲ ਨੀਲੇ ਆਸਮਾਨ ਵਿਚ ਨੱਕਾਸ਼ੀ ਕਰਦੀ ਜਾ ਰਹੀ ਏ। ਕਿੱਥੋਂ ਨੇ, ਕੌਣ ਨੇ ਉਹ ਪੰਛੀ? ਹਜ਼ਾਰਾਂ ਮੀਲ ਸਫ਼ਰ ਕਰਦੇ ਰਹਿੰਦੇ ਨੇ। ਹੁਣ ਏਥੇ ਨੇ ਬੱਸ! ਉਹ ਨਜ਼ਰਾਂ ਘੁਮਾਅ ਕੇ ਉਹਨਾਂ ਨੂੰ ਦੇਖਦਾ ਰਿਹਾ—ਉਹਨਾਂ ਦੇ ਦਿਸਦੇ ਰਹਿਣ ਤਕ।

ਉਹ ਚੁੱਪਚਾਪ ਬੈਠੇ ਸਨ। ਸੂਰਜ ਮੱਥੇ 'ਤੇ ਚੜ੍ਹ ਆਇਆ ਸੀ। ਕੰਧਾਂ ਦੀ ਛਾਂ ਸੁੰਗੜ ਗਈ ਸੀ। ਚਟਾਨਾਂ ਤਪਣ ਲੱਗ ਪਈਆਂ ਸਨ। ਗਰਮੀ, ਹੁੰਮਸ ਵਧ ਰਹੇ ਸਨ। ਹਵਾ ਰੁਕ ਜਿਹੀ ਗਈ ਸੀ।

"ਚੱਲੀਏ ਇੱਥੋਂ?" ਨੰਦਨੀ ਦੇ ਸਰੀਰ ਤਕ ਧੁੱਪ ਆਉਣ ਕਰਕੇ ਉਸਨੇ ਕਿਹਾ।

"ਹੂੰ।"

"ਮੈਂ ਉਸੇ ਰਸਤੇ ਉਤਰ ਨਹੀਂ ਸਕਾਂਗੀ। ਉਤਰਦਿਆਂ ਹੋਇਆਂ ਹੋਰ ਔਖ ਹੋਏਗੀ।"

"ਓਧਰ, ਓਸ ਪਾਸੇ ਵੱਡਾ ਰਸਤਾ ਏ। ਓਧਰੋਂ ਚੱਲਾਂਗੇ। ਉਹ ਰਸਤਾ ਪਿੰਡ ਵੱਲੋਂ ਹੋ ਕੇ ਲੰਘਦਾ ਏ। ਲੰਮਾਂ ਰਸਤਾ ਏ ਪਰ ਸਿੱਧਾ ਹੋਟਲ ਪਹੁੰਚਾ ਦਏਗਾ।"

ਉਹ ਖਾਣਾ ਖਾਣ ਲਈ ਰੇਸਟੋਰੈਂਟ ਚਲੇ ਗਏ। ਰਿਸੈਪਸ਼ਨ ਵਾਲੇ ਆਦਮੀ ਨੇ ਕੋਲ ਆ ਕੇ ਕਿਹਾ, "ਸਰ, ਤੁਸੀਂ ਇੱਥੇ ਨਹੀਂ ਸੀ, ਤੁਹਾਡੇ ਬੇਟੇ ਦਾ ਫ਼ੋਨ ਆਇਆ ਸੀ।"

"ਓਅ! ਫੇਰ?"

"ਉਹ ਦੁਬਾਰਾ ਫ਼ੋਨ ਕਰਨਗੇ, ਮੈਂ ਉਹਨਾਂ ਨੂੰ ਕਿਹਾ ਸੀ ਸ਼ਾਇਦ ਸਰ ਖਾਣੇ ਦੇ ਸਮੇਂ ਤਕ ਆ ਜਾਣਗੇ।"

"ਏਥੇ ਸੈਲਫ਼ੋਨ ਕੰਮ ਨਹੀਂ ਕਰਦਾ?"

"ਨਹੀਂ ਸਰ!"

"ਇਹ ਫ਼ੋਨ ਰੂਮ 'ਚ ਟਰਾਂਸਫਰ ਹੋ ਸਕਦਾ ਏ?"

"ਹਾਂ ਸਰ!"



"ਠੀਕ ਏ। ਹੁਣ ਆਏ ਤਾਂ ਰੂਮ 'ਚ ਟਰਾਂਸਫਰ ਕਰ ਦੇਣਾ।"

"ਓ ਕੇ ਸਰ!"

ਉਹ ਕਾਟੇਜ ਵਿਚ ਆਏ ਈ ਸੀ ਕਿ ਫ਼ੋਨ ਆ ਗਿਆ। ਲਾਈਨ ਵਿਚ ਖ਼ਰਾਬੀ ਸੀ ਤੇ ਆਵਾਜ਼ ਸਾਫ ਸੁਣਾਈ ਨਹੀਂ ਸੀ ਦੇ ਰਹੀ।

"ਕਿਉਂ ਬਾਊ ਜੀ? ਕੈਸਾ ਚੱਲ ਰਿਹੈ ਤੁਹਾਡਾ ਹਨੀਮੂਨ?" ਭਾਸਕਰ ਦੇ ਕੰਨ ਵਿਚ ਰਾਜੂ ਦੀ ਹਮੇਸ਼ਾ ਵਾਂਗ ਚਹਿਕਦੀ ਹੋਈ ਆਵਾਜ਼ ਗੂੰਜੀ।

"ਵਧੀਆ!" ਉਸਨੇ ਮੁਸਕਰਾਉਂਦਿਆਂ ਹੋਇਆਂ ਕਿਹਾ।

"ਐਂਜੁਆਇੰਗ? ਰਿਸੋਰਟ ਕੈਸਾ ਏ?"

"ਫਸਟ ਕਲਾਸ! ਤੂੰ ਸੁਣਾ, ਕਿੱਥੇ ਐਂ?"

"ਜਕਾਰਤਾ! ਅੱਜ ਈ ਪਹੁੰਚਿਆਂ। ਅੱਠ ਦਿਨ ਇੱਥੇ ਰਹਾਂਗਾ। ਮਾਂ ਹੈ ਨਾ?"

"ਹਾਂ।"

"ਉਹਨੂੰ ਦਿਓ ਨਾ।"

ਉਸਨੇ ਫ਼ੋਨ ਨੰਦਨੀ ਨੂੰ ਫੜਾ ਦਿੱਤਾ। ਸੋਫੇ 'ਤੇ ਬੈਠ ਕੇ ਉਹਨਾਂ ਦੀਆਂ ਗੱਪਾਂ ਸੁਣਨ ਲੱਗਾ—ਹਮੇਸ਼ਾ ਵਾਂਗ। ਉਹ ਕੀ ਗੱਲਾਂ ਕਰਨਗੇ, ਉਸਨੂੰ ਜ਼ੁਬਾਨੀ ਯਾਦ ਸੀ। ਰਾਜੂ ਦੀ ਆਵਾਜ਼ ਭਾਵੇਂ ਸੁਣਾਈ ਨਹੀਂ ਸੀ ਦੇ ਰਹੀ, ਪਰ ਉਹ ਉਸਦੇ ਸਾਰੇ ਜਵਾਬ ਜਾਣਦਾ ਸੀ। ਖਾਣੇ ਦਾ ਹਾਲ, ਤਬੀਅਤ ਦੀ ਫਿਕਰ, ਕੰਮ, ਜਾਗਣਾ, ਸਮੋਕਿੰਗ ਘੱਟ, ਖ਼ੁਦ ਨੂੰ ਸੰਭਾਲ। ਜੌਬ ਬਦਲਣਾ—ਉਸਦੀਆਂ ਅੱਖਾਂ ਸਾਹਵੇਂ ਉਹ ਅਣਦੇਖੀ ਬੰਦਰਗਾਹ ਆ ਗਈ। ਰਾਜੂ ਪਹਿਲਾਂ ਉੱਥੇ ਈ ਗਿਆ ਹੋਏਗਾ ਤਾਂ ਫੋਟੋ ਹੋਣਗੀਆਂ। ਨਹੀਂ ਤਾਂ ਭੇਜ ਦਏਗਾ। ਇਕੋ ਜਿਹਾ ਵਾਤਾਵਰਣ...ਆਦਮੀ ਅਲੱਗ ਪਰ ਉਸਦਾ ਜੀਵਨ ਉਹੀ। ਠੀਕ ਏ—ਰਾਜੂ ਜਵਾਨ ਏਂ, ਜਦ ਤਕ ਰਹਿਣਾ ਚਾਹੇ, ਜੌਬ ਕਰਨਾ ਚਾਹੇ—ਕਰੇ। ਫੇਰ ਦੇਖੀ ਜਾਏਗੀ।

ਪੁੱਤਰ ਦੀ ਯਾਦ ਆਉਂਦਿਆਂ ਈ ਉਸਦਾ ਕਾਲਜਾ ਠਰ ਗਿਆ। ਉਹ ਮੇਰੇ ਵਰਗਾ ਏ ਜਾਂ ਨੰਦਨੀ ਵਰਗਾ? ਨਹੀਂ ਕਹਿ ਸਕਦਾ। ਸ਼ਾਇਦ ਦੋਵਾਂ ਵਰਗਾ। ਕਾਲਜ ਗਿਆ ਸੀ, ਓਦੋਂ ਤਕ ਝਾਕ ਰੱਖਦਾ ਸੀ-—ਨਾ ਸਮਝੀ ਵਿਚ! ਪਰ ਇਹ ਲਾਈਨ ਲੱਭ ਲਈ। ਹੁਣ ਮਜ਼ੇ 'ਚ ਏ। ਕੰਪਨੀ 'ਚ ਰੁਚੀ ਲਏਗਾ ਜਾਂ ਨਹੀਂ—ਪਤਾ ਨਹੀਂ? ਸ਼ਾਇਦ ਕੁਝ ਸਾਲ ਬਾਅਦ ਲਏਗਾ। ਹੋ ਸਕਦਾ ਏ ਨਾ ਈ ਲਏ। ਪਰ ਇਸ ਨਾਲ ਕੁਝ ਵਿਗੜਨ ਨਹੀਂ ਲੱਗਾ। ਜਦ ਤਕ ਮੈਂ ਚਾਹਾਂਗਾ ਚਲਾਵਾਂਗਾ। ਮੈਨੇਜਰਜ਼ ਕਾਫੀ ਨੇ। ਨੌਜਵਾਨ, ਚੰਗੇ ਮੁੰਡੇ—ਠੀਕ ਤਨਖ਼ਾਹ ਦਿਆਂਗਾ ਤਾਂ ਮਨ ਲਾ ਕੇ ਕੰਮ ਕਰਦੇ ਰਹਿਣਗੇ। ਕੰਮ ਵੀ ਕਾਫੀ ਏ ਤੇ ਲੋਕ ਵੀ।

"ਬਚੂ ਮਜ਼ੇ 'ਚ ਏ।" ਫ਼ੋਨ ਰੱਖਦੀ ਹੋਈ ਨੰਦਨੀ ਬੋਲੀ। "ਚੰਗਾ ਕੀਤਾ ਜੋ ਤੁਸੀਂ ਇੱਥੋਂ ਦਾ ਨੰਬਰ ਦੇ ਦਿੱਤਾ। ਦੂਜਾ ਸ਼ਿੱਪ ਜੁਆਇਨ ਕਰਨ ਬਾਰੇ ਸੋਚ ਰਿਹਾ ਏ।"

"ਠੀਕ ਏ।"

ਨੰਦਨੀ ਉਸਦੇ ਸਾਹਮਣੇ ਸੋਫੇ 'ਤੇ ਬੈਠ ਗਈ। ਖਿੜਕੀਆਂ ਖੁੱਲ੍ਹੀਆਂ ਸਨ, ਪਰਦੇ ਖਿਸਕਾਏ ਹੋਏ। ਪੱਖਾ ਘੁੰਮ ਰਿਹਾ ਸੀ। ਗਰਮੀ ਮਹਿਸੂਸ ਹੋ ਰਹੀ ਸੀ। ਹੁਣੇ ਖਾਣਾ ਖਾਧਾ ਹੋਣ ਕਰਕੇ ਕੁਝ ਵੱਧ ਈ ਲੱਗ ਰਹੀ ਸੀ। ਇਕ ਛਿਣ ਲਈ ਉਸਨੇ ਸੋਚਿਆ, ਏ.ਸੀ. ਚਾਲੂ ਕਰ ਦਿਆਂ, ਪਰ ਚਲਾਇਆ ਨਹੀਂ—ਕਿਉਂਕਿ ਇਕ ਵਾਰੀ ਏ.ਸੀ. ਚਲਾ ਦਿੱਤਾ ਤਾਂ ਲਗਾਤਾਰ ਚਲਾਉਣਾ ਪਏਗਾ ਤੇ ਬਾਹਰ ਗਏ ਤਾਂ ਹੋਰ ਤਕਲੀਫ਼ ਹੋਏਗੀ।

"'ਕੱਲੇ ਬੱਚੇ ਜ਼ਿਆਦਾ ਹੋਮਸਿਕ ਨਹੀਂ ਹੋ ਜਾਂਦੇ ਨੇ ਨਾ?" ਨੰਦਨੀ ਨੇ ਪੁੱਛਿਆ।

"ਪਤਾ ਨਹੀਂ! ਸ਼ਾਇਦ ਨਹੀਂ। ਭਰਾ-ਭੈਣ ਹੋਣ ਤਾਂ ਘਰ ਦੀ ਵਧੇਰੇ ਯਾਦ ਆਉਂਦੀ

ਹੋਏਗੀ।”

“ਰਾਜੂ ਦਾ ਵੀ ਕੋਈ ਹੋਰ ਭੈਣ-ਭਰਾ ਹੋਣਾ ਚਾਹੀਦਾ ਸੀ ਸ਼ਾਇਦ।” ਨੰਦਨੀ ਨੇ ਅੱਗੇ ਜੋੜਿਆ, “ਪਰ ਉਦੋਂ ਇੰਜ ਕੁਛ ਨਹੀਂ ਸੀ ਲੱਗਿਆ।”

“ਹੰ।”

“ਮਾਂ ਜਾਂ ਦੂਜੇ ਲੋਕ ਕਹਿੰਦੇ ਸਨ। ਤਦ ਵੀ ਮੈਨੂੰ ਨਹੀਂ ਸੀ ਲੱਗਿਆ।”

“ਮੈਨੂੰ ਨਹੀਂ ਲੱਗਦਾ। ਮੇਰੇ ਕਿਹੜਾ ਕੋਈ ਭੈਣ-ਭਰਾ ਸੀ? ਚਚੇਰੇ ਸਨ; ਪਰ ਦੂਜੇ ਪਿੰਡ। ਮਾਸੀ ਦੀਆਂ ਕੁੜੀਆਂ ਸੀ, ਬੱਸ ਓਨਾ ਈ।”

“ਮੇਰੇ ਘਰ ਵੀ ਮੈਂ ਇਕੱਲੀ ਸੀ। ਸ਼ਾਇਦ ਇਸ ਲਈ ਲੱਗਦਾ ਏ ਜ਼ਿਆਦਾ ਲੋਕ ਹੋਣ।”

“ਹਾਂ।”

“ਅਸਲ ਗੱਲ ਓਦੋਂ ਸਮਝ ਆਉਂਦੀ ਏ ਜਦੋਂ ਬਾਹਰਲੇ ਲੋਕਾਂ ਨਾਲ ਤਾਲ-ਮੇਲ ਬਿਠਾਉਣਾ ਪੈਂਦਾ ਏ—ਓਦੋਂ ਗੜਬੜ ਹੋ ਜਾਂਦੀ ਏ। ਵੱਡੇ ਪਰਿਵਾਰਾਂ ਵਿਚ ਸ਼ਾਇਦ ਲੋਕ ਆਪਣੇ ਆਪ ਸਿੱਖ ਜਾਂਦੇ ਹੋਣਗੇ।”

“ਕੁਛ ਕਹਿ ਨਹੀਂ ਸਕਦੇ।” ਭਾਸਕਰ ਨੇ ਕਿਹਾ, “ਜ਼ਰੂਰੀ ਨਹੀਂ ਕਿ ਵੱਡੇ ਪਰਿਵਾਰਾਂ ਵਿਚ ਸਾਰੇ ਖ਼ੁਸ਼ ਰਹਿੰਦੇ ਨੇ। ਅਕਸਰ ਲੋਕ ਇਕ ਦੂਜੇ ਤੋਂ ਅੱਕ ਚੁੱਕੇ ਹੁੰਦੇ ਨੇ।”

“ਹਾਂ, ਇਹ ਵੀ ਸੱਚ ਏ। ਸਵਾਲ ਤਾਲ-ਮੇਲ ਬਿਠਾਉਣ ਦਾ ਈ ਹੁੰਦਾ ਏ। ਉੱਥੇ ਈ ਸਭ ਗੜਬੜ ਹੋ ਜਾਂਦੀ ਏ।”

ਭਾਸਕਰ ਨੇ ਇਸ ਬਾਰੇ ਕੁਝ ਨਹੀਂ ਕਿਹਾ। ਸੋਚਣ ਲੱਗਾ, ਟੀ.ਵੀ. ਚਲਾ ਦਿਆਂ? ਦੁਪਹਿਰ ਲੰਮੀ ਏਂ, ਬਾਹਰ ਜਾ ਨਹੀਂ ਸਕਦੇ, ਨੀਂਦ ਆਏਗੀ ਨਹੀਂ। ਉਸਨੂੰ ਲੱਗਿਆ, ਹੁਣ ਇਕਾਂਤ ਮਿਲ ਜਾਏ ਤਾਂ ਠੀਕ ਰਹੇਗੀ। ਸਵੇਰ ਦਾ ਜੜ ਹੁੰਦਾ ਜਾ ਰਿਹਾਂ। ਵੈਸੇ ਏਥੇ ਆਉਂਦਿਆਂ ਈ ਇਹ ਸਰੀਰ, ਮਨ ਵਿਚ ਧਸ ਗਿਆ ਸੀ।

“ਭਾਸਕਰ ਕੀ ਹੁਣ ਵੀ ਤੁਹਾਡੇ ਮਨ ਵਿਚ ਕੋਈ ਸ਼ੰਕਾ ਏ? ਹੈ ਤਾਂ ਪੁੱਛੋ। ਕਹਿਣਾ ਇਕੋ ਇਕ ਉਪਾਅ ਏ। ਮੈਂ ਜਾਣਦੀ ਆਂ ਇਹ ਸਭ ਸਹਿਜ ਨਹੀਂ। ਫੇਰ ਵੀ ਕਹਿਣ, ਸੁਣਨ ਨਾਲ ਈ ਗੁੱਥੀਆਂ ਸੁਲਝਦੀਆਂ ਨੇ। ਮੈਨੂੰ ਬੜਾ ਚੰਗਾ ਲੱਗ ਰਿਹਾ ਏ। ਮੈਂ ਕਦੋਂ ਦੀ ਇਹ ਸਭ ਦੱਸਣਾ ਚਾਹ ਰਹੀ ਸੀ। ਪਰ ਮੌਕਾ ਨਹੀਂ ਸੀ ਮਿਲ ਰਿਹਾ। ਚੰਗਾ ਹੋਇਆ ਅਸੀਂ ਇੱਥੇ ਆ ਗਏ।”

ਉਹ ਚੁੱਪ ਈ ਰਿਹਾ।

“ਮੈਂ ਜਾਣ ਗਈ ਆਂ ਭਾਸਕਰ ਕਿ ਲੋਕ ਭਾਵੇਂ ਇਕ ਦੂਜੇ ਦੇ ਕਿੰਨੇ ਈ ਨੇੜੇ ਹੋਣ ਪਰ ਜ਼ਰੂਰੀ ਨਹੀਂ ਉਹਨਾਂ ਦੇ ਮਨ ਮਿਲੇ ਹੋਏ ਹੋਣ। ਮਨ ਕੋਹਾਂ ਦੂਰ ਹੁੰਦੇ ਨੇ। ਪਤਾ ਨਹੀਂ ਇਕ ਦੂਜੇ ਨੂੰ ਸਮਝ ਕਿੰਜ ਲੈਂਦੇ ਨੇ? ਵਪਾਰਕ ਸਤਰ ’ਤੇ ਠੀਕ ਏ। ਉੱਥੇ ਉਦੇਸ਼ ਸਾਫ ਹੁੰਦਾ ਏ। ਕਦੋਂ, ਕਿਵੇਂ ਕਿੱਥੇ ਤਕ ਪਹੁੰਚਣਾ ਏਂ ਇਸਦਾ ਪਤਾ ਹੁੰਦਾ ਏ। ਪਰ ਇਸਦੇ ਉਲਟ—ਇੱਥੇ ਮਨ ਪਤਾ ਨਹੀਂ ਕਿਵੇਂ, ਕੀ ਸੋਚਦਾ ਏ ਤੇ ਹਰ ਕੋਈ ਅਲੱਗ ਈ ਸੋਚਦਾ ਏ।”

“ਹੰ।”

“ਮੈਂ ਹੋਰ ਇਕ ਗੱਲ ਜਾਣ ਲਈ ਏ। ਉਹ ਇਹ ਕਿ ਔਰਤ ਮਰਦ ਦੇ ਮਨ ਤੇ ਸੋਚਣ ਦਾ ਢੰਗ ਬਿਲਕੁਲ ਵੱਖਰਾ ਹੁੰਦਾ ਏ। ਮੈਂ ਸੈਕਸ ਦੇ ਬਾਰੇ ਵਿਚ ਕਹਿਣਾ ਚਾਹ ਰਹੀ ਆਂ। ਕਿੰਨਾ ਅਲੱਗ ਸੋਚਦੇ ਨੇ ਦੋਵੇਂ! ਪਤੀ-ਪਤਨੀ ਦੇ ਨਾਤੇ ਇਹ ਦੂਰੀ ਧਿਆਨ ’ਚ ਨਹੀਂ ਆਉਂਦੀ ਕਿਉਂਕਿ ਉਹਨਾਂ ਪਹਿਲਾਂ ਤੇ ਬਾਅਦ ਵਿਚ ਇਕੱਠੇ ਇਕੋ ਘਰ ਵਿਚ ਰਹਿਣਾ ਹੁੰਦਾ ਏ। ਪਰ ਬਾਹਰ...ਸੈਕਸ ਤੋਂ ਪਹਿਲਾਂ ਵਾਲਾ ਮਰਦ ਤੇ ਬਾਅਦ ਵਾਲਾ ਮਰਦ ਦੋਵੇਂ ਬਿਲਕੁਲ ਵੱਖਰੇ ਹੁੰਦੇ ਨੇ।”

ਉਹ ਕੁਝ ਚਿਰ ਰੁਕੀ।



“ਮੈਂ ਦੂਜੀਆਂ ਔਰਤਾਂ ਬਾਰੇ ਨਹੀਂ ਜਾਣਦੀ ਪਰ ਮੈਨੂੰ ਲੱਗਦਾ ਸੀ ਅਸੀਂ ਜਿਵੇਂ ਸ਼ੇਕ-ਹੈਂਡ ਕਰਦੇ ਆਂ, ਓਨਾ ਈ ਸਹਿਜ ਉਹ ਵੀ ਏ। ਪਰ ਇੰਜ ਨਹੀਂ। ਜੇ ਉਹ ਉਹ ਗੱਲ ਨਾ ਕਹਿੰਦਾ ਤਾਂ ਸ਼ਾਇਦ ਇਸ ਫਰਕ ਦਾ ਪਤਾ ਵੀ ਨਾ ਲੱਗਦਾ। ਪਰ ਹੁਣ ਮੈਂ ਜਾਣ ਗਈ ਆਂ। ਮੈਨੂੰ ਯਾਦ ਆਉਂਦਾ ਏ ਉਸਦੇ ਵਰਤਾਅ ਵਿਚ ਜਿਹੜਾ ਅੰਤਰ ਆਇਆ ਸੀ ਉਹ। ਤੁਰੰਤ ਉਸਦਾ ਰਵੱਈਆ ਬਦਲ ਗਿਆ ਸੀ। ਉਸਨੂੰ ਲੱਗਿਆ ਸੀ ਕਿ ਉਸਨੇ ਮੈਨੂੰ ਫਤਹਿ ਕਰ ਲਿਆ ਏ। ਉਸਦੀ ਉਹ ਗੱਲ ਇਸੇ ਦਾ ਸਬੂਤ ਸੀ। ਉਸਨੇ ਮੇਰੇ ਮਨ ਤੋਂ ਜਾਂ ਮੇਰੀ ਦੋਸਤੀ ਤੋਂ ਕੁਛ ਵੀ ਨਹੀਂ ਸੀ ਲੈਣਾ-ਦੇਣਾ। ਦੋਸਤੀ, ਸਹੀ ਜਾਂ ਗ਼ਲਤ? ਇਸ ਮੁੱਦੇ ਨੂੰ ਪਾਸੇ ਵੀ ਰੱਖੀਏ ਪਰ ਉਸਦੇ ਦਿਮਾਗ਼ ਵਿਚ ਜੋ ਚੱਲ ਰਿਹਾ ਸੀ ਉਹ ਸ਼ੁਰੂ ਤੋਂ ਈ ਸੀ। ਉਸਦੇ ਦਿਮਾਗ਼ ਵਿਚ ਤੁਸੀਂ ਸੀ। ਤੁਹਾਡੇ ਨਾਲ ਉਸਦੀ ਉਹ ਲੜਾਈ ਸੀ। ਮਰਦਾਂ ਦੇ ਦਿਮਾਗ਼ ਵਿਚ ਕੀ ਇਹੋ ਕੁਝ ਹੁੰਦਾ ਏ?”

ਉਹ ਦੋਵੇਂ ਇਕੱਠੇ ਤ੍ਰਬਕੇ, ਇਕ ਦੂਜੇ ਵੱਲ ਦੇਖਿਆ। ਤੇ ਉਹਨਾਂ ਦੀਆਂ ਨਜ਼ਰਾਂ ਹਵਾ ਵਿਚ ਲਟਕ ਗਈਆਂ।

“ਭਾਸਕਰ ਮੈਂ ਮਰਦ ਯਾਨੀ ਤੁਹਾਨੂੰ ਜਾਣਦੀ ਸੀ। ਸਾਡੇ ਦੋਵਾਂ ਵਿਚ ਅਜਿਹਾ ਕੋਈ ਸਵਾਲ ਨਹੀਂ ਸੀ, ਸਵਾਮੀਤਵ ਦਾ। ਤੁਸੀਂ ਤਾਂ ਪਹਿਲਾਂ ਈ ਸਭ ਕੁਝ ਪਤਨੀ ਦੇ ਹਵਾਲੇ ਕਰ ਚੁੱਕੇ ਸੀ। ਪਰ ਅਜਿਹਾ ਸੋਚਣਾ ਮੇਰੇ ਲਈ ਵੀ ਦੁਖਦਾਈ ਸੀ। ਮਨ ਈ ਸ਼ੁੱਧ ਨਾ ਹੋਏ ਤਾਂ ਕੀ ਹੋਏਗਾ?”

ਉਹ ਸੋਫੇ ਤੋਂ ਉੱਠ ਗਈ। ਟੇਬਲ ਉੱਤੇ ਰੱਖੇ ਜਗ ਵਿਚੋਂ ਗਲਾਸ ਵਿਚ ਪਾਣੀ ਪਾ ਕੇ ਪੀਣ ਲੱਗੀ...ਤੇ ਫੇਰ ਉੱਥੇ ਈ ਬੈਠ ਗਈ।

“ਤੁਸੀਂ ਮੈਥੋਂ ਪੁੱਛਿਆ ਸੀ ਨਾ—ਕਿ ਮੈਂ ਅਜਿਹਾ ਕੁਛ ਕਰਦਾ ਤਾਂ ਤੂੰ ਕੀ ਕਰਦੀ?...ਮੈਂ ਉਦੋਂ ਦੱਸ ਨਹੀਂ ਸੀ ਸਕੀ। ਪਰ ਹੁਣ ਕਹਿ ਸਕਦੀ ਆਂ ਕਿ ਮੈਂ ਇਹੀ ਦੇਖਿਆ ਹੁੰਦਾ ਤੁਸੀਂ ਦੋਸਤੀ ਕਿਉਂ ਕੀਤੀ? ਹੁਣ ਤਕ ਦਾ ਮੈਂ ਕੁਛ ਜਾਣ ਨਹੀਂ ਸਕੀ ਪਰ ਹੁਣ ਜੇ ਅਜਿਹੀ ਦੋਸਤੀ ਹੋਏ ਕਿਸੇ ਨਾਲ ਤਾਂ ਇਸ ਨਜ਼ਰੀਏ ਨਾਲ ਨਾ ਕਰਨਾ। ਉਸਦਾ ਕੋਈ ਪਤੀ ਹੋਏਗਾ ਤਾਂ ਉਸਨੂੰ ਜਿੱਤਣ ਜਾਂ ਹਰਾਉਣ ਦਾ ਖ਼ਿਆਲ ਮਨ ਵਿਚ ਨਾ ਲਿਆਉਣਾ ਕਦੀ। ਹੋ ਸਕਦਾ ਏ ਉਸਦਾ ਪਤੀ ਤੁਹਾਡੇ ਨਾਲੋਂ ਕਈ ਗੁਣਾਂ ਚੰਗਾ ਹੋਏ। ਸ਼ੁੱਧ ਮੰਸ਼ਾ ਨਾਲ ਦੋਸਤੀ ਹੋਏ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਹੋਏਗਾ।”

ਉਹ ਚੁੱਪਚਾਪ ਬੈਠਾ ਰਿਹਾ। ਦੁਪਹਿਰ ਦਾ ਸੰਨਾਟਾ ਦਿਮਾਗ਼ ਵਿਚ ਭਰਿਆ ਪਿਆ ਸੀ। ਏ.ਸੀ. ਚਲਾਉਣ ਦੀ ਤੀਬਰ ਇੱਛਾ ਹੋਈ ਉਸਦੀ। ਉਸਨੇ ਸੋਚਿਆ—ਸਰੀਰ ਦਾ ਭਾਵੇਂ ਕੁਝ ਵੀ ਹਾਲ ਹੋਏ, ਕਮਰੇ ਦੀ ਹਵਾ ਵਿਚ ਤਾਂ ਠੰਡਕ ਆਏਗੀ। ਇੰਜ ਤਾਂ ਉਹ ਸੰਨਾਟਾ ਟੁੱਟੇਗਾ ਨਹੀਂ। ਫੇਰ ਸਮੁੰਦਰ ਦੀ ਨਮਕੀਨ ਹਵਾ ਨਾਲ ਤਨ, ਮਨ ਨੂੰ ਭਰ ਲਵਾਂਗਾ। ਪਰ ਹੁਣ?

“ਭਾਸਕਰ, ਮੈਂ ਲੇਟ ਜਾਵਾਂ ਥੋੜ੍ਹੀ ਦੇਰ ਉੱਥੇ? ਲੇਟਣ ਨਾਲ ਕੁਝ ਠੀਕ ਲੱਗੇਗਾ।” ਉਸਨੇ ਕਿਹਾ।

“ਹੰ!” ਉਸਨੇ ਉੱਠਦਿਆਂ ਹੋਇਆਂ ਕਿਹਾ। “ਪੱਖਾ ਤੇਜ਼ ਕਰ ਦਿਆਂ ਜਾਂ ਏ.ਸੀ. ਚਲਾ ਦਿਆਂ?”

“ਏ.ਸੀ. ਨਹੀਂ। ਪੱਖਾ ਈ ਠੀਕ ਏ। ਤੁਸੀਂ ਕੀ ਕਰੋਗੇ?”

“ਟੀ.ਵੀ. ’ਤੇ ਦੇਖਦਾਂ, ਕੀ ਆ ਰਿਹੈ?”

ਉਸਨੇ ਟੀ.ਵੀ. ਚਲਾਇਆ। ਉਹੀ-ਉਹੀ ਧਾਰਾ-ਵਾਹਕ। ਇਕ ਦੋ ਚੈਨਲਾਂ ’ਤੇ ਹਿੰਦੀ ਫ਼ਿਲਮ। ਕਾਰਟੂਨ ਨੈਟ-ਵਰਕ। ਡਿਸਕਵਰੀ ’ਤੇ ਮਗਰਮੱਛ ਦੀ ਫ਼ਿਲਮ। ਕੋਈ ਪੁਰਾਣਾ ਕ੍ਰਿਕਟ ਮੈਚ। ਉਸਨੇ ਧੀਮੀ ਆਵਾਜ਼ ਵਿਚ ਹਿੰਦੀ ਫ਼ਿਲਮ ਲਾ ਲਈ। ਸੋਫੇ ’ਤੇ ਲੇਟ ਗਿਆ। ਉਸਨੂੰ

ਲੱਗਿਆ ਨੀਂਦ ਆਏਗੀ ਪਰ ਫ਼ਿਲਮ ਵਿਚ ਫਾਈਟਿੰਗ ਸੀ, ਸਮੁੰਦਰ ਦੇ ਸਟੰਟ। ਨਾ ਚਾਹੁੰਦਾ ਹੋਇਆ ਵੀ ਉਹ ਦੇਖਦਾ ਰਿਹਾ। ਵਿਚ ਵਿਚ ਕਦੀ ਉਹ ਨੰਦਨੀ ਵੱਲ ਦੇਖ ਲੈਂਦਾ, ਉਹ ਸੌਂ ਗਈ ਸੀ।

ਘੰਟੇ ਕੁ ਵਿਚ ਫ਼ਿਲਮ ਖਤਮ ਹੋ ਗਈ। ਸਿਰ ਵਿਚ ਫੇਰ ਉਹੀ ਸੰਨਾਟਾ ਭਰ ਗਿਆ। ਪੱਖਾ ਚੱਲ ਰਿਹਾ ਸੀ ਫੇਰ ਵੀ ਹੁੰਮਸ ਸੀ। ਉਹ ਵਰਾਂਡੇ ਵਿਚ ਆ ਗਿਆ।

ਬਾਹਰ ਧੁੱਪ ਸੀ। ਵਰਾਂਡੇ ਵਿਚ ਛਾਂ ਸੀ। ਉਹ ਖੜ੍ਹਾ ਰਿਹਾ ਤੇ ਪਤਾ ਨਹੀਂ ਕਦੋਂ ਪੌੜੀਆਂ 'ਤੇ ਬੈਠ ਗਿਆ। ਨਾਰੀਅਲ ਦੇ ਰੁੱਖਾਂ ਪਿੱਛੇ ਸਮੁੰਦਰ ਦਾ ਚਮਕਦਾ ਪਾਣੀ। ਉਸਨੇ ਧਿਆਨ ਨਾਲ ਦੇਖਿਆ—ਜਵਾਰ ਏ ਕਿ ਭਾਟਾ ਜਾਣਨ ਲਈ, ਪਰ ਪਤਾ ਨਹੀਂ ਲੱਗਿਆ। ਰਿਸੋਰਟ ਦੇ ਆਸ-ਪਾਸ ਹਮੇਸ਼ਾ ਵਾਂਗ ਸ਼ਾਂਤੀ ਸੀ।

ਉਹ ਉੱਥੇ ਈ ਕੰਧ ਨਾਲ ਢੋਅ ਲਾਈ ਬੈਠਾ ਰਿਹਾ। ਉਸਨੂੰ ਬਚਪਨ ਦਾ ਉਹ ਬੰਜਰ ਪਿੰਡ ਯਾਦ ਆਇਆ। ਉਦੋਂ ਵੀ ਇਹੋ ਜਿਹੀ ਧੁੱਪ ਹੁੰਦੀ ਸੀ। ਸਫੈਦ ਮਿੱਟੀ ਦੀਆਂ ਮੋਟੀਆਂ ਕੰਧਾਂ ਤੇ ਉਹਨਾਂ 'ਤੇ ਉਗੇ ਬੂਟੇ। ਕਿਕਰ ਦੇ ਰੁੱਖ। ਤੇ ਮੈਂ ਦੁਪਹਿਰੇ ਕਿਤਾਬ ਲੈ ਕੇ ਬੈਠ ਜਾਂਦਾ ਸਾਂ। ਅੱਧਾ ਧਿਆਨ ਕਿਤਾਬ 'ਚ, ਅੱਧਾ ਉਸ ਦੁਪਹਿਰ ਵਿਚ। ਤਿੱਖੜ-ਦੁਪਹਿਰ। ਉਹ ਗਲੀਆਂ। ਵਾੜ। ਘਰ। ਬੱਲਦਾਂ ਦੇ ਗਲ਼ਾਂ ਦੀਆਂ ਟੱਲੀਆਂ। ਹਫ਼ਤਾ ਵਾਰੀ ਹਾਟ-ਬਾਜ਼ਾਰ ਦੀ ਭੱਜ-ਨੱਠ। ਇਹੀ ਦੁਨੀਆਂ ਸੀ। ਤਨ-ਮਨ ਨੂੰ ਥਾਪੜਦੀ-ਪਲੋਸਦੀ ਰਹੀ ਤੇ ਮੈਂ ਵੱਡਾ ਹੋ ਗਿਆ। ਫੇਰ ਸ਼ਹਿਰ ਦਾ ਇਕ ਕਾਲਜ। ਨੌਕਰੀਆਂ। ਕਾਰਖ਼ਾਨਾ। ਲੋਹੇ ਦੀ ਖਣਕਾਰ। ਗਰੀਸ ਦੀ ਗੰਧ। ਫੇਰ ਪਿੰਡ ਦੇ ਬਾਹਰ ਮੇਰਾ ਖਰੀਦਿਆ ਹੋਇਆ ਪਲਾਟ। ਕੰਪਨੀ। ਫੇਰ ਵਧਦੀਆਂ ਹੋਈਆਂ ਕੰਪਨੀਆਂ। ਪਹਿਲਾਂ ਸਕੂਟਰ ਦੌੜਾਂਦੇ ਆਉਂਦੇ-ਜਾਂਦੇ ਰਹਿਣਾ। ਰੁੱਖ ਘਟਦੇ ਗਏ। ਰਸਤੇ ਵਧਦੇ ਗਏ। ਮੈਂ ਹੋਰ ਜਗਾਹ ਖਰੀਦੀ। ਮਜ਼ਦੂਰਾਂ ਦੀ ਗਿਣਤੀ ਵਧੀ। ਸਟਾਫ਼ ਵਧ ਗਿਆ। ਵਪਾਰ ਵਧ ਗਿਆ।

ਇਹ ਦੁਨੀਆਂ ਚਾਰ-ਚੁਫੇਰੇ ਸੀ ਪਰ ਮੈਂ ਸਿਰਫ 'ਮੈਂ' ਨੂੰ ਮਹਿਸੂਸ ਕਰਦਾ ਰਿਹਾ। ਇਹ ਸਾਰੇ ਨਾਲ ਹੁੰਦੇ ਈ ਨੇ ਫੇਰ ਵੀ ਅਸੀਂ ਸੁਤੰਤਰ ਹੁੰਦੇ ਆਂ। ਕੁਛ ਨਾ ਕੁਛ ਹੁੰਦਾ ਰਹਿੰਦਾ ਏ। ਦਿਨ ਚੜ੍ਹਦੇ ਨੇ। ਦੁਪਹਿਰਾਂ ਹੁੰਦੀਆਂ ਨੇ। ਬੱਦਲ ਛਾਉਂਦੇ ਨੇ। ਮੀਂਹ ਵਰ੍ਹਦੇ ਰਹਿੰਦੇ ਨੇ। ਰਾਤਾਂ ਆਉਂਦੀਆਂ ਨੇ। ਚੰਦ ਨਿਕਲਦਾ ਏ। ਜਵਾਰਭਾਟਾ ਆਉਂਦਾ ਏ, ਜਹਾਜ਼ ਕਿਨਾਰੇ ਨਾਲ ਲੱਗ ਜਾਂਦੇ ਨੇ। ਇਹ ਸਭ ਕੁਝ ਹੁੰਦਾ ਰਹਿੰਦਾ ਏ। ਨਾ ਵੀ ਹੋਏ ਪਰ ਅਸੀਂ, ਅਸੀਂ ਈ ਹੁੰਦੇ ਆਂ। ਆਪਣੇ ਇਸ ਹੋਣ ਨੂੰ ਮੈਂ ਸਮਝਣਾ ਏਂ। ਉਸਨੇ ਆਪਣੇ ਆਪ ਨੂੰ ਕਿਹਾ। ਬੱਸ ਹੁਣ ਚੈਨ ਨਾਲ ਰਹਿਣਾ ਏਂ। ਸ਼ਾਂਤ ਰਹਿਣਾ ਏਂ। ਭਾਟਾ ਪੰਜ ਮਿੰਟ ਬਾਅਦ ਸ਼ੁਰੂ ਹੋਣਾ ਏਂ ਜਾਂ ਚੰਦ ਬੱਦਲਾਂ ਵਿਚ ਛਿਪ ਜਾਣਾ ਏਂ—ਤੋਂ ਮੈਨੂੰ ਕੀ ਦਿੱਕਤ? ਉਹ ਵੀ ਵੈਸਾ ਏ। ਦੁਨੀਆਂ ਨੂੰ ਉਸਦੀ ਆਪਣੀ ਮਰਜ਼ੀ ਨਾਲ ਚੱਲਣ ਦਿਓ। ਧੁੱਪ ਵਿਚ ਛਾਂ ਲੱਭਣ ਦਾ ਹੁਨਰ ਜਾਣਦਾ ਏਂ ਨਾ? ਫੇਰ ਕੋਈ ਗੱਲ ਨਹੀਂ। ਉਸਦੇ ਮਨ ਨੇ ਉਸਨੂੰ ਸਮਝਾਇਆ।

ਉਹ ਨਿਰਵਿਕਾਰ, ਅਡੋਲ, ਸ਼ਾਂਤ ਬੈਠਾ ਰਿਹਾ। ਦੇਰ ਤਕ ਬੈਠਾ ਰਿਹਾ। ਉਸਦੀ ਸਮਝ ਵਿਚ ਆਉਣ ਲੱਗਾ ਕਿ ਸੱਚਮੁੱਚ ਮੈਨੂੰ ਕੋਈ ਫਰਕ ਨਹੀਂ ਪੈਂਦਾ। ਕੁਝ ਵੀ ਮੇਰੇ ਨਾਲ ਚਿਪਕ ਨਹੀਂ ਰਿਹਾ। ਦੁਨੀਆਂ ਦੀ ਜ਼ਿੰਮੇਵਾਰੀ ਮੇਰੇ 'ਤੇ ਤਾਂ ਨਹੀਂ। ਕਿਸੇ ਵੀ ਗੱਲ ਦੀ ਨਹੀਂ। ਮੈਂ ਸਿਰਫ ਆਪਣੀ ਕਰਨੀ ਲਈ ਉਤਰਦਾਈ ਆਂ। ਸਿਰਫ ਆਪਣੇ ਫੈਸਲਿਆਂ ਪ੍ਰਤੀ। ਰੁੱਖਾਂ ਦੇ ਸੁੱਕੇ ਪੱਤੇ ਜ਼ਮੀਨ 'ਤੇ ਡਿੱਗਣ ਜਾਂ ਹਵਾ ਵਿਚ ਉੱਡ-ਪੁੱਡ ਜਾਣ, ਮੇਰਾ ਕੋਈ ਲਾਗ-ਦੇਗਾ ਨਹੀਂ।

ਤੇ ਹੁਣ ਜਦੋਂ ਉਹ ਜਿੰਮ ਵਿਚ ਗਿਆ ਤਾਂ ਉਸਦੇ ਸਰੀਰ ਵਿਚ ਨਵਾਂ ਉਤਸਾਹ, ਨਵੀਂ ਸ਼ਾਂਤੀ ਭਰੀ ਉਮੰਗ ਸੀ। ਉਸਨੂੰ ਸਾਈਕਲ ਚਲਾਉਣ ਦੀ ਲੋੜ ਨਹੀਂ ਪਈ। ਸਿੱਧੀ ਮਸ਼ੀਨ। ਉਸਨੇ ਹਮੇਸ਼ਾ ਵਾਂਗ ਵਜਨ ਰੱਖੇ। ਕਿੱਲੀ ਹਟਾਈ। ਤਦ ਉਸਦੇ ਮਨ ਵਿਚ ਵਿਚਾਰ ਆਇਆ, ਇਹ ਸਭ



ਮੈਂ ਆਪਣੀ ਖਾਤਰ ਕਰ ਰਿਹਾਂ। ਪੱਠੇ, ਪਿੰਜਨੀਆਂ, ਬਾਹਾਂ, ਇਹਨਾਂ ਦਾ ਕਸਾਅ...ਮੇਰੇ ਆਪਣੇ ਪੈਰ ਬੁਲੰਦੀ ਤੋਂ ਜ਼ਮੀਨ 'ਤੇ ਅਡੋਲ ਖੜ੍ਹੇ ਰੱਖਣ ਲਈ ਏ, ਕਿਸੇ ਹੋਰ ਨੂੰ ਪ੍ਰਭਾਵਿਤ ਕਰਨ ਲਈ ਨਹੀਂ। ਲੋੜ ਪਈ ਤਾਂ ਮੈਂ ਮਦਦ ਲਈ ਹੱਥ ਵਧਾਵਾਂਗਾ ਪਰ ਮੇਰਾ ਸਰੀਰ ਸਭ ਤੋਂ ਪਹਿਲਾਂ ਮੇਰੇ ਲਈ ਏ। ਕਿਸੇ ਨੂੰ ਚੰਗਾ ਲੱਗੇ ਨਾ ਲੱਗੇ, ਜਚੇ ਨਾ ਜਚੇ। ਉਹਨਾਂ ਦੀ ਰਾਏ ਦਾ ਮੇਰੇ ਸਰੀਰ ਨਾਲ, ਮੇਰੇ ਨਾਲ ਕੋਈ ਸੰਬੰਧ ਨਹੀਂ। ਮੇਰਾ ਸਰੀਰ ਮੇਰਾ ਏ ਤੇ ਹੋਰਾਂ ਦਾ ਮੁਥਾਜ ਨਹੀਂ। ਜਿਹੜਾ ਇਹ ਪਸੀਨਾ ਵਹਿ ਰਿਹਾ ਏ ਉਹ ਮੇਰੀ ਹੋਂਦ ਦਾ ਸਾਰ ਏ। ਮੈਂ ਆਪਣੀ ਥਾਂ ਆਪਣੇ ਪੈਰਾਂ 'ਤੇ ਅੜਿੰਗ ਖੜ੍ਹਾ ਆਂ। ਮੈਂ ਕਿਉਂ ਕਿਸੇ ਦੇ ਸੋਚਣ-ਕਰਨ ਦੀ ਫਿਕਰ ਕਰਾਂ?

ਸ਼ਵ-ਆਸਨ ਵਿਚ ਲੇਟਿਆਂ ਉਸਨੂੰ ਆਪਣਾ ਮਨ ਪੂਰਾ ਸ਼ਾਂਤ ਲੱਗਿਆ। ਸਾਰੇ ਤਣਾਅ ਢਿੱਲੇ ਪੈ ਗਏ ਸਨ। ਜੇ ਮੈਂ ਆਪਣੇ ਨਾਲ ਆਂ ਤਾਂ ਹੋਰ ਕਿਸੇ ਦੇ ਹੋਣ ਦੀ ਲੋੜ ਕੀ ਏ? ਤੇ ਹੋਰ ਜਿਹੜੇ ਮੇਰੇ ਨਾਲ ਹੁੰਦੇ ਨੇ ਅਸਲ ਵਿਚ ਉਹ ਵੀ ਖ਼ੁਦ ਆਪਣੇ ਨਾਲ ਹੁੰਦੇ ਨੇ। ਅਸੀਂ ਨਾਲ ਚੱਲਦੇ ਆਂ ਯਾਨੀ ਨਾਲ ਹੁੰਦੇ ਆਂ। ਅਸੀਂ ਆਪਣੇ ਨਾਲ ਈ ਹੁੰਦੇ ਆਂ। ਅਜਿਹਾ ਹੁੰਦਾ ਏ ਇਸੇ ਲਈ ਅਸੀਂ ਕਿਸੇ ਨਾਲ ਨਿਭ ਸਕਦੇ ਆਂ।

ਨੰਦਨੀ ਨੇ ਕਿਹਾ ਇਸ ਲਈ ਉਹ ਸ਼ਾਮ ਨੂੰ ਸਮੁੰਦਰ ਕਿਨਾਰੇ ਚਲੇ ਗਏ। ਜਵਾਰਭਾਟੇ ਦਾ ਸਮਾਂ ਸੀ। ਲਹਿਰਾਂ ਦਾ ਉਹੀ ਖੇਲ੍ਹ। ਮਨ-ਬੇਮਨ ਕਿਨਾਰੇ 'ਤੇ ਆਉਣਾ ਤੇ ਪਰਤ ਜਾਣਾ। ਕੁਝ ਮਛੇਰੇ ਪਾਣੀ ਵਿਚ ਬੇੜੀਆਂ ਲਈ ਫਿਰਦੇ ਸਨ। ਉਹਨਾਂ ਨੇ ਸੂਰਜ-ਅਸਤ ਦੇਖਿਆ।

"ਤੁਸੀਂ ਹੁਣ ਗੁੱਸੇ ਤਾਂ ਨਹੀਂ?" ਨੰਦਨੀ ਨੇ ਉਸ ਵੱਲ ਦੇਖਦਿਆਂ ਪੁੱਛਿਆ।

ਉਹ ਚੁੱਪ ਰਿਹਾ। ਦਿਸਹੱਦੇ 'ਤੇ ਪਸਰੀ ਲਾਲੀ ਦਾ ਸੰਸਾਰ ਦੇਖਦਾ ਰਿਹਾ।

'ਠੀਕ ਏ। ਮੈਂ ਸਮਝਦਾ ਆਂ। ਪਰ ਅੰਦਰ ਕਿਤੇ ਚੁਭਨ ਤਾਂ ਰਹੇਗੀ ਈ ਨਾ!' ਕੁਝ ਚਿਰ ਬਾਅਦ ਉਸਨੇ ਕਿਹਾ, "ਮੈਂ ਕੋਈ ਸੰਤ-ਮਹਾਤਮਾ ਨਹੀਂ।"

"ਸੱਚ ਏ, ਮੈਂ ਤੁਹਾਨੂੰ ਦੁੱਖ ਪਹੁੰਚਾਉਣਾ ਨਹੀਂ ਚਾਹੁੰਦੀ ਸੀ। ਮੈਨੂੰ ਬੇਹੱਦ ਅਫ਼ਸੋਸ ਏ ਇਸ ਗੱਲ ਦਾ।" ਨੰਦਨੀ ਨੇ ਉਸਦੀ ਬਾਂਹ ਫੜ੍ਹਦਿਆਂ ਹੋਇਆਂ ਕਿਹਾ।

ਰਾਤ ਦੇ ਖਾਣੇ ਤੋਂ ਬਾਅਦ ਉਹ ਫੇਰ ਸਮੁੰਦਰ ਕਿਨਾਰੇ ਚਲਾ ਗਿਆ—ਨੰਦਨੀ ਨੂੰ ਦੱਸ ਕੇ। ਪਿਛਲੀ ਰਾਤ ਵਾਂਗ ਈ ਹਵਾ ਸ਼ਾਂਤ, ਅਡੋਲ ਸੀ। ਚੰਦ ਚੜ੍ਹਿਆ ਹੋਇਆ ਸੀ। ਕੁਝ ਤਾਰੇ। ਪੀਲੀਆਂ ਬੱਤੀਆਂ। ਸਮੁੰਦਰ ਤੇ ਆਸਮਾਨ ਇਕੋ ਹਨੇਰੇ ਵਿਚ ਡੁੱਬੇ ਹੋਏ। ਕਿਨਾਰੇ 'ਤੇ ਚੰਦ ਦੀ ਰੋਸ਼ਨੀ ਫੈਲੀ ਸੀ। ਰੇਤ ਉੱਤੇ ਬੈਠਣ ਦੀ ਬਜਾਏ ਉਹ ਸਮੁੰਦਰ ਕਿਨਾਰੇ ਵਾਲੀ ਚਟਾਨ 'ਤੇ ਜਾ ਬੈਠਿਆ।

ਸਮੁੰਦਰ ਦਾ ਜੋਸ਼ ਸਿਰੇ ਦਾ ਸੀ। ਲਹਿਰਾਂ ਚਟਾਨਾਂ ਨਾਲ ਖਹਿ ਰਹੀਆਂ ਸਨ। ਕਲੱਤਣ ਘੁਲੀ, ਸੁਨਹਿਰੀ ਝੱਗ। ਲਹਿਰਾਂ ਦਾ ਸੰਗੀਤ। ਉਹ ਬੈਠਾ ਰਿਹਾ। ਹੁਣ ਪਾਣੀ ਦੀ ਗਹਿਰ ਗੂੜ੍ਹੀ ਦਿਖਾਈ ਦੇਣ ਲੱਗੀ ਸੀ। ਦਿਸਹੱਦੇ ਕੋਲ ਆਸਮਾਨ ਦਾ ਗਹਿਰਾ ਰੰਗ ਵੀ ਉਸ ਵਿਚ ਘੁਲਿਆ ਹੋਇਆ ਸੀ।

ਹੌਲੀ ਹੌਲੀ ਸ਼ਾਂਤੀ ਗੂੜ੍ਹੀ ਹੁੰਦੀ ਗਈ। ਹਵਾ ਵਿਚ ਠੰਡਕ ਵਧਦੀ ਗਈ। ਸਮੁੰਦਰ ਦੇਖਦੇ ਦੇਖਦੇ ਉਸਦੇ ਮਨ ਵਿਚ ਵਿਚਾਰ ਆਇਆ—ਇਹ ਪਾਣੀ, ਇਹ ਲਹਿਰਾਂ ਭਾਵੇਂ ਕਿੰਨਾ ਮੱਛਰ ਲੈਣ, ਇਹ ਤਾਂ ਸਮੁੰਦਰ ਦਾ ਸਿਰਫ ਬਾਹਰੀ ਰੂਪ ਏ। ਸਰਫੇਸ! ਸਮੁੰਦਰ ਦੀ ਆਤਮਾ ਅੰਦਰ ਏ—ਡੂੰਘਿਆਈ ਵਿਚ, ਰਹੱਸ ਵਿਚ, ਅਥਾਹ-ਅਸੀਮ ਪਾਣੀ ਵਿਚ। ਉੱਥੇ ਨਾ ਤਾਂ ਸੂਰਜ ਪਹੁੰਚ ਸਕਦਾ ਏ ਤੇ ਨਾ ਈ ਤੂਫ਼ਾਨ। ਉਹ ਅਸਲੀ ਸਮੁੰਦਰ ਏ—ਅਤਲ, ਅਸੀਮ।...ਤੇ ਉਹ ਸਿਰਫ ਪਾਣੀ ਦੀ ਭਰਮਾਰ ਨਹੀਂ। ਸਮੁੱਚੇ ਗੂੜ੍ਹ ਤੇ ਰਹੱਸਮਈ ਹੋਂਦ ਦੀ ਗਹਿਰਾਈ ਏ।

ਉਸਨੂੰ ਲੱਗਿਆ, ਮੈਂ ਏਨੇ ਵਰ੍ਹਿਆਂ ਦਾ ਸਮੁੰਦਰ ਦੇਖ ਰਿਹਾਂ ਪਰ ਇਹ ਸੱਚ ਪਹਿਲੀ ਵਾਰੀ ਸਾਕਾਰ ਹੋਇਆ ਏ—ਹੁਣੇ, ਏਸੇ ਵੇਲੇ। ਲਹਿਰਾਂ, ਯਾਨੀ ਸਮੁੰਦਰ ਨਹੀਂ। ਉਹ ਉਪਰਲਾ ਭਾਗ ਏ। ਹਵਾ ਨਾਲ ਹਿੱਲਣ ਵਾਲਾ। ਪੈਰਾਂ ਕੋਲ ਆ ਕੇ ਮੱਛਰਣ ਵਾਲਾ। ਅਸਲੀ ਸਮੁੰਦਰ ਇਸ ਤੋਂ ਵੱਖਰਾ ਐ। ਉਹ ਦਿਸਦਾ ਨਹੀਂ ਸਿਰਫ ਮਹਿਸੂਸ ਕੀਤਾ ਜਾ ਸਕਦੈ। ਉਹ ਡੂੰਘਿਆਈ ਵਿਚ ਸਮਾਧੀ ਲਾਈ ਬੈਠਾ ਏ। ਉੱਤੇ ਕੀ ਹਲਚਲੇ ਚੱਲ ਰਹੇ ਨੇ ਇਸਦੀ ਉਸਨੂੰ ਪ੍ਰਵਾਹ ਨਹੀਂ। ਸੂਰਜ ਅੱਗ ਉਗਲਦਾ ਏ, ਬੱਦਲ ਆਉਂਦੇ ਨੇ, ਬਰਸਾਤਾਂ ਹੁੰਦੀਆਂ ਨੇ, ਤੂਫ਼ਾਨ ਉੱਠਦੇ ਨੇ, ਆਸਮਾਨ ਵਿਚ ਤਾਰੇ ਟੁੱਟਦੇ ਨੇ। ਜਹਾਜ਼ ਤੈਰਦੇ ਨੇ। ਇਹ ਸਾਰੀਆਂ ਬਾਹਰੀ ਗੱਲਾਂ ਨੇ। ਸਮੁੰਦਰ ਅੰਦਰ ਜਿਹੋ ਜਿਹਾ ਹੁੰਦਾ ਏ ਓਹੋ ਜਿਹਾ ਈ ਰਹਿੰਦਾ ਏ। ਸਥਿਰ, ਸ਼ਾਂਤ, ਆਪਣੀ ਹੋਂਦ ਵਿਚ ਮਗਨ।

ਭਾਸਕਰ ਨੂੰ ਲੱਗਿਆ, ਇਹ ਰਹੱਸ ਏ। ਉਂਜ ਈ ਕਿਸੇ ਦੀ ਸਮਝ ਵਿਚ ਨਾ ਆਉਣ ਵਾਲਾ। ਸਮੁੰਦਰ ਦੇ ਤਲ ਵਿਚਲੀਆਂ ਦੇਵ-ਮੱਛੀਆਂ ਨੂੰ ਸ਼ਾਇਦ ਪਤਾ ਹੋਏ ਜਾਂ ਫੇਰ ਜਲ-ਪਰੀਆਂ ਨੂੰ। ਅੱਜ ਮੈਂ ਸਮਝਿਆ—ਇਹ ਬੜੀ ਚੰਗੀ ਗੱਲ ਏ। ਸ਼ਾਇਦ ਇਸੇ ਨੂੰ ਜਾਣਨ ਖਾਤਰ ਮੈਂ ਇੱਥੇ ਆਇਆ ਆਂ। ਤੇ ਕਲ੍ਹ ਚਲਾ ਜਾਵਾਂਗਾ। ਇਸ ਉਘੜੇ ਹੋਏ ਰਹੱਸ ਨੂੰ ਨਾਲ ਲੈ ਕੇ। ਮਨ ਵਿਚ ਵਸਾਅ ਕੇ। ਇਸ ਨਮਕੀਨ ਗਿੱਲੇਪਨ ਸਮੇਤ।

ਜਦੋਂ ਉਹ ਕਮਰੇ ਵਿਚ ਪਰਤਿਆ, ਨੰਦਨੀ ਉਮੀਦ ਅਨੁਸਾਰ ਸੁੱਤੀ ਹੋਈ ਸੀ। ਪੱਖਾ ਚੱਲ ਰਿਹਾ ਸੀ। ਛੋਟੀ ਬੱਤੀ ਜਗ ਰਹੀ ਸੀ। ਉਸਦੀ ਮੱਧਮ ਪੀਲੀ ਰੋਸ਼ਨੀ ਕਮਰੇ ਵਿਚ ਫੈਲੀ ਹੋਈ ਸੀ। ਬਿੰਦ ਦਾ ਬਿੰਦ ਉਸਨੇ ਸੋਚਿਆ, ਕਲ੍ਹ ਵਾਂਗ ਸੋਫੇ 'ਤੇ ਬੈਠ ਜਾਵਾਂ। ਪਰ ਅਣਜਾਣੇ ਈ ਉਸਦੇ ਪੈਰ ਬੈੱਡ ਵਲ ਹੋ ਲਏ। ਖਾਲੀ ਜਗਾਹ 'ਤੇ ਉਹ ਬੈਠ ਗਿਆ—ਆਵਾਜ਼ ਨਾ ਕਰਦਾ ਹੋਇਆ। ਗੱਦੇ 'ਤੇ ਹੱਥ ਟਿਕਾਅ ਕੇ ਉਸਨੇ ਨੰਦਨੀ ਨੂੰ ਦੇਖਿਆ। ਉਧਰ ਮੂੰਹ ਕਰੀ ਉਹ ਗੂੜ੍ਹੀ ਨੀਂਦ ਸੁੱਤੀ ਹੋਈ ਸੀ। ਉਸਦੇ ਚਿਹਰੇ 'ਤੇ ਸ਼ਾਂਤੀ ਸੀ। ਵਾਲ ਖਿੱਲਰੇ ਸਨ, ਪਲਕਾਂ ਬੰਦ। ਇਕ ਹੱਥ ਗੱਲ੍ਹ ਹੇਠ, ਇਕ ਢਿੱਡ ਕੋਲ। ਵੀਣੀ ਵਿਚ ਸੋਨੇ ਦੀ ਚੂੜੀ ਚਮਕ ਰਹੀ ਸੀ। ਉਂਗਲ ਵਿਚ ਅੰਗੂਠੀ। ਗਲ਼ੇ ਕੋਲ ਟੋਇਆ।

ਉਹ ਨੰਦਨੀ ਦੇ ਚਿਹਰੇ ਵੱਲ ਬਿਨਾਂ ਅੱਖਾਂ ਝਪਕਿਆਂ ਦੇਖਦਾ ਰਿਹਾ। ਸ਼ਾਂਤੀ, ਕੁਝ ਥਕਾਣ ਵੀ, ਪਰ ਭਾਵਹੀਣ ਚਿਹਰਾ। ਉਹ ਸੋਚਣ ਲੱਗਾ, ਇਸ ਚਿਹਰੇ ਦੇ ਅਗਿਣਤ ਰੂਪ ਦੇਖੇ ਨੇ ਮੈਂ। ਸ਼ਾਦੀ ਵੇਲੇ ਨਵੀਂ ਲਾੜੀ ਵਾਲਾ ਰੂਪ, ਝੁਕੀਆਂ ਪਲਕਾਂ ਵਾਲਾ ਚਿਹਰਾ। ਉਸ ਭੀੜ ਵਿਚ ਵੀ ਉਸ ਚਿਹਰੇ 'ਤੇ ਫੈਲੇ ਵਿਸ਼ਵਾਸ ਨੇ ਮੈਨੂੰ ਮੋਹ ਲਿਆ ਸੀ। ਰਾਜੂ ਦੇ ਜਨਮ ਪਿੱਛੋਂ ਥਕਿਆ ਜਿਹਾ, ਵਾਸਤਲ ਭਰਪੂਰ ਸੁੱਤਾ-ਸੁੱਤਾ ਚਿਹਰਾ। ਆਪਣੀਆਂ ਜ਼ਿੰਮੇਵਾਰੀਆਂ ਨਿਭਾ ਕੇ ਸੰਤੋਖ ਭਰੇ ਮਨ ਨਾਲ ਸਿਰਹਾਣੇ 'ਤੇ ਟਿਕਿਆ ਚਿਹਰਾ। ਹਮੇਸ਼ਾ ਰਸੋਈ ਵਿਚ, ਬਗ਼ੀਚੇ ਵਿਚ, ਕਾਰ ਵਿਚ, ਫ਼ੋਨ ਕਰਦੀ ਦਾ ਚਿਹਰਾ। ਦੁਕਾਨ ਵਿਚ, ਚੈੱਕ ਉੱਤੇ ਜਿੱਥੇ-ਜਿੱਥੇ ਮੈਂ ਦਸਤਖ਼ਤ ਕਰਨ ਲਈ ਕਹਿੰਦਾ, ਉੱਥੇ-ਉੱਥੇ ਦਸਤਖ਼ਤ ਕਰਦੀ ਦਾ ਚਿਹਰਾ, ਗੁਆਂਢਣਾਂ ਨਾਲ ਹੱਸ-ਹੱਸ ਗੱਲਾਂ ਕਰਦੀ ਦਾ ਚਿਹਰਾ ਤੇ ਹੁਣ ਮੇਰੇ ਉੱਤੇ ਹਮੇਸ਼ਾ ਵਾਂਗ ਭਰੋਸਾ ਕਰਕੇ ਸੁੱਤੀ ਦਾ ਚਿਹਰਾ।

ਉਸ ਵੱਲ ਦੇਖਦਿਆਂ ਹੋਇਆਂ ਭਾਸਕਰ ਦੇ ਮਨ ਵਿਚ ਉਸ ਲਈ ਹਮਦਰਦੀ ਜਾਗੀ। ਤਿੱਖੜ ਦੁਪਹਿਰ ਵਿਚ ਮੈਨੂੰ ਲੱਭਣ ਕਿੰਜ ਗਈ ਹੋਏਗੀ? ਹਫਦੀ ਹੋਈ ਵਾਪਸ ਆਈ ਸੀ। ਅੱਖਾਂ ਵਿਚ ਅੱਥਰੂ। ਕਮਲੀ। ਮੈਨੂੰ ਕਹਿੰਦੀ ਤਾਂ ਮੈਂ ਉੱਥੇ ਆ ਕੇ ਲੈ ਆਉਂਦਾ। ਉਸਨੇ ਸੋਚਿਆ, ਨੰਦਨੀ ਸਭ ਪਚਾਅ ਲੈਂਦੀ ਏ, ਉਪਰ ਕੁਝ ਦਿਖਾਈ ਨਹੀਂ ਦੇਂਦਾ ਬੱਸ ਮਨ ਵਿਚ ਸ਼ਾਂਤ, ਭੋਲੀ ਏ। ਉਸਨੂੰ ਦੁਨੀਆਂ ਦਾ ਪਤਾ ਨਹੀਂ। ਉਸਨੇ ਦੁਨੀਆਂ ਦੇਖੀ ਈ ਕਿੱਥੇ ਐ? ਉਸਨੂੰ ਸਭ ਕੁਝ ਸਹਿਜ, ਪ੍ਰਕ੍ਰਿਤਿਕ ਲੱਗਦਾ ਏ। ਉਸਨੂੰ ਲੱਗਿਆ ਚੰਗਾ ਹੋਇਆ ਨੰਦਨੀ ਦੀ ਮੇਰੇ ਨਾਲ ਸ਼ਾਦੀ ਹੋ ਗਈ।



ਨੰਦਨੀ ਤੇਰਾ ਵਿਸ਼ਵਾਸ ਗ਼ਲਤ ਨਹੀਂ। ਆਈ ਲਵ ਯੂ! ਨੰਦਨੀ! ...ਉਹ ਬੜਬੜਾਇਆ।

ਤੇ ਹੈਰਾਨੀ! ਪਹਿਲਾਂ ਉਸਨੂੰ ਪਤਾ ਨਹੀਂ ਲੱਗਿਆ ਕਿ ਨੰਦਨੀ ਦੀਆਂ ਅੱਖਾਂ ਖੁੱਲ੍ਹੀਆਂ ਨੇ। ਹਨੇਰੇ ਵਿਚ ਉਸਨੇ ਦੇਖਿਆ ਕਿ ਨੀਂਦ ਦੇ ਡੂੰਘੇ ਖ਼ੂਹ ਵਿਚੋਂ ਜਾਗ ਕੇ ਨੰਦਨੀ ਉਸ ਵੱਲ ਦੇਖ ਰਹੀ ਏ। ਉਸਦੀਆਂ ਨਜ਼ਰਾਂ ਦੀਆਂ ਕਿਰਨਾਂ ਮੇਰੀਆਂ ਅੱਖਾਂ ਵਿਚ ਜਾ ਰਹੀਆਂ ਨੇ। ਉਹ ਕਿੰਨੀ ਗੂੜ੍ਹੀ ਨੀਂਦ ਸੌਂਦੀ ਏ ਪਰ ਹੁਣ ਸਿਰਫ ਮੇਰੇ ਦੇਖਣ ਕਰਕੇ ਜਾਗ ਗਈ ਏ। ਉਸਦੇ ਸਾਰੇ ਪਿੰਡੇ ਵਿਚ ਧੁੜਧੁੜੀ ਜਿਹੀ ਫਿਰ ਗਈ। ਉਹਨਾਂ ਦੀਆਂ ਨਜ਼ਰਾਂ ਇਕ ਦੂਜੇ ਦੀਆਂ ਨਜ਼ਰਾਂ ਵਿਚ ਗੁੰਦੀਆਂ ਗਈਆਂ। ਭਾਸਕਰ ਨੇ ਆਪਣੇ ਚਿਹਰੇ 'ਤੇ ਫੁੱਟ ਰਹੀ ਮੁਸਕਾਨ ਨੂੰ ਮਹਿਸੂਸ ਕੀਤਾ ਤੇ ਉਸਨੂੰ ਦੇਖ ਕੇ ਨੰਦਨੀ ਵੀ ਮੁਸਕਰਾਈ ਸੀ।

ਫੇਰ ਉਸਨੂੰ ਪਤਾ ਲੱਗਿਆ ਕਿ ਨੰਦਨੀ ਨੇ ਆਪਣੀਆਂ ਬਾਹਾਂ ਉਸਦੇ ਗਲ਼ ਵਿਚ ਪਾ ਦਿੱਤੀਆਂ ਨੇ। ਤੇ ਉਹਦੇ ਮਨ ਵਿਚ ਕੁਝ ਤੀਬਰ, ਸੁੰਦਰ, ਬਲਸ਼ਾਲੀ ਉਭਰ ਰਿਹਾ ਏ। ਉਹ ਜਿਹੜਾ ਹਮੇਸ਼ਾ ਡੂੰਘਾਈ ਵਿਚ, ਮਨ ਅੰਦਰ ਕਿਤੇ ਛੁਇਆ ਹੁੰਦਾ ਏ। ਜਿਸਦਾ ਸਿਰਫ ਅਹਿਸਾਸ ਹੁੰਦਾ ਏ ਅੱਜ ਉਹ ਉਭਰ ਕੇ ਬਾਹਰ ਆ ਰਿਹਾ ਏ, ਪੂਰੀ ਦੇਹ ਵਿਚ ਫੈਲ ਰਿਹਾ ਏ। ਕਿਸੇ ਮਿੱਠੇ ਅੰਮ੍ਰਿਤ ਵਾਂਗ।

ਉਸਨੂੰ ਅਹਿਸਾਸ ਹੋਇਆ ਮੈਂ ਆਪਣੀਆਂ ਬਾਹਾਂ ਫੈਲਾ ਕੇ ਨੰਦਨੀ ਨੂੰ ਨਾਲ ਘੁੱਟ ਰਿਹਾਂ ਤੇ ਆਪਣਾ ਸਰੀਰ ਹੇਠਾਂ ਖਿਸਕਾ ਕੇ ਉਸਦੇ ਸਰੀਰ ਵਿਚ ਸਮਾ ਰਿਹਾਂ। ਮੇਰੇ ਸਰੀਰ 'ਚੋਂ ਸੁੰਦਰ ਲਹਿਰਾਂ ਉਭਰ ਰਹੀਆਂ ਨੇ, ਮੱਛਰ ਰਹੀਆਂ ਨੇ। ਇਹ ਲਹਿਰਾਂ ਬਾਹਰੀ ਸਤਹਿ ਦੀਆਂ ਨਹੀਂ ਅੰਦਰੋਂ ਉਠ ਰਹੀਆਂ ਨੇ—ਆਪਣੀ ਪੂਰੀ ਹਸਤੀ ਸਮੇਤ, ਕਿਸੇ ਝਣਕਾਰ ਵਾਂਗ। ਬੁੱਲ੍ਹਾਂ ਰਾਹੀਂ ਸੀਨੇ ਅੰਦਰ ਇਕ ਸੁਰਖ਼ ਗਰਮ ਲਕੀਰ ਭੇਜੀ ਜਾ ਰਹੀ ਏ ਤੇ ਰੋਮ-ਰੋਮ ਵਿਚ ਝਿਲਮਿਲਾਉਂਦੀਆਂ ਫੁਆਰਾਂ ਮਚਲ ਰਹੀਆਂ ਨੇ। ਨੰਦਨੀ ਦੇ ਸਰੀਰ ਵਿਚੋਂ ਵੀ ਆਨੰਦ ਦੀ ਝੱਗ ਉੱਫਨ ਰਹੀ ਏ। ਅਜਿਹੀ ਉੱਫਨਦੀ ਝੱਗ ਪਹਿਲਾਂ ਕਦੀ ਮਹਿਸੂਸ ਨਹੀਂ ਸੀ ਕੀਤੀ। ਅਜਿਹਾ ਅਲੌਕਿਕ ਸੁਖ ਪਹਿਲਾਂ ਕਦੀ ਭੋਗਿਆ ਈ ਨਹੀਂ ਸੀ। ਸ਼ਾਂਤ, ਸੰਤੋਖ ਭਰਿਆ ਸਮੁੰਦਰ ਮਚਲ ਰਿਹਾ ਏ ਤੇ ਲਹਿਰਾਂ ਉੱਤੇ ਸਵਾਰ ਹੋ ਕੇ ਦੂਰ-ਦੂਰ ਤਕ ਜਾਇਆ ਜਾ ਰਿਹਾ ਏ। ਨੀਲੀ, ਮਦਹੋਸ਼ ਝੱਗ ਤੇ ਉੱਡਦੀਆਂ ਬੂੰਦਾਂ ਵਿਚ ਭਿੱਜਿਆ ਜਾ ਰਿਹਾ ਏ। ਉਚਾਈ ਉੱਤੇ ਜਾ ਰਹੇ ਆਂ, ਅਸੀਂ ਦੋਵੇਂ—ਸਹਿਜੇ, ਸਹਿਜੇ ਆਪਣੇ ਈ ਜੋਸ਼ ਵਿਚ—ਉਸ ਨੀਲੇ ਆਕਾਸ਼ ਵਿਚ—ਲਹਿਰਾਂ ਉੱਤੇ ਸਵਾਰ। ਲਹਿਰਾਂ ਦੇਹ ਨਾਲ ਲਿਪਟੀਆਂ ਨੇ ਪਰ ਉਡਾਨ ਆਕਾਸ਼ ਵਿਚ ਏ—ਝੂਲਾ-ਝੂਲ ਰਹੇ ਆਂ।

ਉਹ ਹਰ ਲਹਿਰ ਦੇ ਨਾਲ ਹੋਰ ਉਚਾਈ 'ਤੇ ਚੜ੍ਹਦਾ ਗਿਆ ਤੇ ਉਸਨੇ ਮਹਿਸੂਸ ਕੀਤਾ ਕਿ ਨੰਦਨੀ ਖੁਸ਼ੀ ਦੀ ਮਾਰੀ ਹੱਸ ਰਹੀ ਏ। ਆਪਣੇ ਵੇਗ ਦੀ ਹਰ ਟਕਰਾਹਟ ਦੇ ਨਾਲ ਉਸਦੇ ਮੂੰਹੋਂ ਹਾਸੀ ਦੇ ਫੁਆਰੇ ਫੁੱਟ ਰਹੇ ਨੇ। ਉਹਦਾ ਲੂਈਂ ਕੰਡਾ ਖੜ੍ਹਾ ਹੋ ਗਿਆ। ਕਈ ਵਰ੍ਹਿਆਂ ਬਾਅਦ ਉਸਦੀ ਹਾਸੀ ਸੁਣ ਰਿਹਾ ਸੀ। ਸ਼ਾਦੀ ਪਿੱਛੋਂ ਬੱਚੇ ਦੇ ਜਨਮ ਸਮੇਂ ਇਹੀ ਹਾਸੀ ਉਸਨੇ ਸੁਣੀ ਸੀ। ਏਨਾ ਵਰ੍ਹਿਆਂ ਦੀ ਉਹ ਹਾਸੀ ਸ਼ਾਇਦ ਗਵਾਚੀ ਹੋਈ ਸੀ ਕਿਧਰੇ। ਹੁਣ ਫੇਰ ਲੱਭ ਪਈ ਸੀ—ਨਿਰਮਲ, ਮੁਕਤ ਹਾਸੀ। ਉਸਨੇ ਹਾਸੀ ਦੀ ਲਹਿਰ ਉੱਤੇ ਆਪਣੇ ਆਪ ਨੂੰ ਮੁਕਤ ਛੱਡ ਦਿੱਤਾ ਤੇ ਆਸਮਾਨ ਦੀਆਂ ਤੇਜ਼ਸਵੀ ਕਿਰਨਾਂ ਉਸਦੀਆਂ ਅੱਖਾਂ ਵਿਚ ਉਤਰੀਆਂ ਫੇਰ ਨੀਲੇ, ਸੁਨਹਿਰੇ ਪਾਣੀ ਨਾਲ ਸੁਰ ਮਿਲਾਉਂਦੀਆਂ ਸਮੁੰਦਰ ਦੀ ਤਲਹੀਣ ਗਹਿਰਾਈ 'ਚ ਵਿਸ਼ਰਾਮ ਕਰਨ ਲੱਗੀਆਂ।

ਸਵੇਰੇ ਨਾਸ਼ਤਾ ਕਰਕੇ ਉਹ ਨਿਕਲੇ ਤਾਂ ਰਿਜ਼ੋਰਟ ਦਾ ਸਾਰਾ ਸਟਾਫ਼ ਉਹਨਾਂ ਨੂੰ ਵਿਦਾਅ ਕਰਨ ਲਈ ਹਾਜ਼ਰ ਸੀ।

"ਸਰ ਫੇਰ ਕਦੋਂ ਆਓਗੇ?" ਰਿਸੈਪਸ਼ਨ ਵਾਲੇ ਨੌਜਵਾਨ ਨੇ ਪੁੱਛਿਆ, "ਤੁਹਾਡੇ

ਵਰਗੇ ਗੈਸਟ ਆਉਂਦੇ ਨੇ ਤਾਂ ਸਾਨੂੰ ਖ਼ੁਸ਼ੀ ਹੁੰਦੀ ਏ।"

"ਆਵਾਂਗੇ ਜ਼ਰੂਰ! ਹਰ ਸਾਲ!" ਕਹਿੰਦਿਆਂ ਹੋਇਆਂ ਭਾਸਕਰ ਨੇ ਜੇਬ ਵਿਚੋਂ ਪੈਕੇਟ ਕੱਢਿਆ ਤੇ ਕੁਝ ਨੋਟ ਉਹਨਾਂ ਨੂੰ ਦੇਂਦਿਆਂ ਹੋਇਆਂ ਕਿਹਾ, "ਸਾਰਿਆਂ ਲਈ। ਤੇ ਹਾਂ, ਜਿੰਮ ਪਿੰਡ ਦੇ ਬੱਚਿਆਂ ਲਈ ਖੋਹਲ ਦਿਓ। ਚੰਗੀ ਰਹੇਗੀ। ਇਸਦਾ ਇਸਤੇਮਾਲ ਹੁੰਦਾ ਰਹੇਗਾ।"

"ਜ਼ਰੂਰ ਸਰ! ਅਗਲੀ ਵਾਰੀ ਤੁਹਾਨੂੰ ਇਹੋ ਦਿਖੇਗਾ! ਥੈਂਕ ਯੂ ਮੈਡਮ। ਵਾਪਸ ਜ਼ਰੂਰ ਆਉਣਾ।"

ਵਾਚਮੈਨ ਨੇ ਗੱਡੀ ਸਵੇਰੇ ਈ ਸਾਫ ਕਰ ਦਿੱਤੀ ਸੀ। ਧੁੱਪ ਵਿਚ ਹੋਰ ਚਮਕ ਰਹੀ ਸੀ। ਭਾਸਕਰ ਨੇ ਉਸਨੂੰ ਵੱਖਰੇ ਪੈਸੇ ਦਿੱਤੇ। ਗੱਡੀ ਸਟਾਰਟ ਕਰਕੇ ਉਹ ਇੰਜਨ ਦੀ ਆਵਾਜ਼ ਸੁਣਦਾ ਰਿਹਾ—ਜਾਣੀ-ਪਛਾਣੀ ਆਵਾਜ਼! ਤਦ ਤਕ ਸਾਮਾਨ ਚੜ੍ਹਾ ਦਿੱਤਾ ਗਿਆ। ਨੰਦਨੀ ਆ ਕੇ ਬੈਠ ਗਈ। ਆਖ਼ਰੀ ਵਾਰ ਹੱਥ ਹਿਲਾ ਕੇ ਉਸਨੇ ਗੱਡੀ ਗੇਟ 'ਚੋਂ ਬਾਹਰ ਕੱਢ ਲਈ।

ਸ਼ੁਰੂ ਵਿਚ ਰਸਤਾ ਸੁੰਨਸਾਨ ਸੀ। ਸਵੇਰ ਦੀ ਤਾਜ਼ਗੀ ਸੀ। ਕੋਮਲ ਧੁੱਪ! ਫੇਰ ਪਿੰਡ ਵਿਚੋਂ ਹੋ ਕੇ ਲੰਘਦਾ ਰਸਤਾ। ਭੀੜ। ਦੁਕਾਨਾਂ ਖੁੱਲ੍ਹ ਰਹੀਆਂ ਸਨ। ਫੁੱਲਾਂ ਦੀਆਂ ਟੋਕਰੀਆਂ ਲਈ ਔਰਤਾਂ ਬੈਠੀਆਂ ਸਨ। ਸਬਜ਼ੀਆਂ ਦੇ ਢੇਰ। ਲਾਲ ਰੰਗ ਦੀ ਬਸ! ਸਾਈਕਲਾਂ, ਬਲ੍ਹਦ-ਗੱਡੀਆਂ।

"ਮੈਂ ਬਿਲਕੁਲ ਵੀ ਨਹੀਂ ਸੌਂਵਾਂਗੀ।" ਨੰਦਨੀ ਨੇ ਜਿਵੇਂ ਪ੍ਰਤੀਗਿਆ ਕਰਨ ਵਾਲੀ ਆਵਾਜ਼ ਵਿਚ ਕਿਹਾ।

ਉਹ ਸਿਰਫ ਮੁਸਕਰਾਇਆ ਤੇ ਸਾਹਮਣੇ ਦੇਖ ਕੇ ਗੱਡੀ ਚਲਾਉਂਦਾ ਰਿਹਾ।

"ਤੁਹਾਨੂੰ ਯਕੀਨ ਨਹੀਂ ਆ ਰਿਹਾ ਨਾ?"

ਉਹ ਕੁਝ ਨਹੀਂ ਬੋਲਿਆ। ਉਸਨੇ ਮਨ ਈ ਮਨ ਵਿਚ ਕਿਹਾ, ਮੇਰੇ ਨਾਲ ਸੱਚਾ ਪ੍ਰੇਮ ਹੋਏਗਾ ਤਾਂ ਤੂੰ ਸੌਂ ਜਾਏਂਗੀ। ਤੇ ਨੰਦਨੀ ਨੂੰ ਕਿਹਾ, "ਸਵੇਰ ਦਾ ਸਮਾਂ ਏਂ। ਸਵੇਰੇ ਸਵੇਰੇ ਥੋੜ੍ਹਾ ਈ ਕੋਈ ਸੌਂਵੇਂਗਾ?"

"ਇਹ ਗੱਲ ਨਹੀਂ—ਮੈਂ ਫੈਸਲਾ ਕਰ ਲਿਆ ਏ ਨਾ ਸੌਣ ਦਾ।"

"ਦੇਖਾਂਗੇ।" ਭਾਸਕਰ ਨੇ ਕਿਹਾ।

"ਦੇਖੋਗੇ ਈ! ਇਸ ਵਾਰੀ ਮੈਂ ਸੌਣ ਨਹੀਂ ਲੱਗੀ।"

ਉਹ ਸਿਰਫ ਮੁਸਕਰਾਇਆ ਤੇ ਸਹਿਜ ਨਾਲ ਅੱਗੇ ਦੇਖ ਕੇ ਗੱਡੀ ਚਲਾਉਂਦਾ ਰਿਹਾ। ਉਸਦਾ ਅੰਦਾਜ਼ਾ ਝੂਠਾ ਨਹੀਂ ਨਿਕਲਿਆ। ਨੰਦਨੀ ਪਹਿਲਾਂ ਤਾਂ ਗੱਲਾਂ ਕਰਦੀ ਰਹੀ ਪਰ ਗੱਡੀ ਹਾਈ ਵੇ 'ਤੇ ਪਹੁੰਚਦੇ ਪਹੁੰਚਦੇ ਉਹ ਸੌਂ ਗਈ। ਉਸਨੇ ਗਰਦਨ ਭੁਆਂ ਕੇ ਦੇਖਿਆ। ਖਿੜਕੀ ਵਿਚੋਂ ਠੰਡੀ ਹਵਾ ਅੰਦਰ ਆ ਰਹੀ ਸੀ। ਉਸਦੇ ਵਾਲ ਲਹਿਰਾ ਰਹੇ ਸਨ। ਗੱਡੀਆਂ ਦੀਆਂ ਆਵਾਜ਼ਾਂ, ਡੀਜ਼ਲ ਦੀ ਗੰਧ, ਰਸਤੇ ਦੀ ਭੀੜ—ਉਸਨੂੰ ਕਿਸੇ ਵੀ ਗੱਲ ਦੀ ਸੁੱਧ ਨਹੀਂ ਸੀ। ਹਮੇਸ਼ਾ ਵਾਂਗ ਉਸਦੀਆਂ ਪਲਕਾਂ ਜੁੜ ਗਈਆਂ। ਸੀਟ ਉੱਤੇ ਕੁਝ ਸੁੰਗੜ ਕੇ ਉਹ ਆਰਾਮ ਨਾਲ ਸੌਂ ਗਈ ਸੀ। ਇਕ ਛਿਣ ਲਈ ਭਾਸਕਰ ਨੇ ਸੋਚਿਆ ਉਸਨੂੰ ਜਗਾ ਕੇ ਕਹੇ—ਦੇਖ ਤੂੰ ਸੌਂ ਗਈ ਏਂ। ਪਰ ਉਸਨੇ ਇੰਜ ਨਹੀਂ ਕੀਤਾ। ਉਹ ਸਿਰਫ ਮੁਸਕਰਾਇਆ ਤੇ ਬੈਲਟ ਠੀਕ ਕਰਕੇ ਇੰਜਨ ਦੀ ਆਵਾਜ਼ ਵਿਚ ਸਮੁੰਦਰ ਦੀ ਗੂੰਜ ਸੁਣਦਾ ਹੋਇਆ ਗੱਡੀ ਚਲਾਉਂਦਾ ਰਿਹਾ।





# ਚੇਕ ਵਾਸੀ ਹਿੰਦੀ ਕਵੀ ਔਦੋਲੇਨ ਸਮੇਕਲ ਦੀਆਂ ਕਵਿਤਾਵਾਂ

ਅਨੁਵਾਦ : ਡਾ. ਬਲਦੇਵ ਸਿੰਘ ਬੱਦਨ

## ਕੀ ਹੈ ਕਵਿਤਾ

ਇਕ ਦੁਰਲੱਭ ਬੇਲਾ ਦੀ ਝਾਕੀ
ਹੈ ਕਵਿਤਾ
ਬਚਪਨ ਦੀ
ਮਾਂ ਦੀ ਮਮਤਾ ਦੀ
ਮਾਨਵ ਕਰੁਣਾ ਦੀ
ਤੁਕਾਂ 'ਚ ਸ਼ਬਦਾਂ 'ਚ
ਬੰਨ੍ਹੀ , ਚਿਤਰੀ
ਛਿਣ-ਪਲ 'ਚ ਹੀ ।

## ਦੀਵਾ-ਬੱਤੀ

ਆਈ ਕੱਲ੍ਹ
ਮੇਰੇ ਦਵਾਰ
ਪੌਣ ਆਜ਼ਾਦ
ਹੌਲੀ-ਹੌਲੀ
ਸਾਹਾਂ ਨਾਲ ਸਹਿਲਾਉਂਦਿਆਂ
ਆਖਿਆ -
ਭਰਾ
ਦੀਵਾ ਤਾਂ ਬਾਲ
ਦੇਖਿਆ ਨਾ
ਸੰਸਾਰ ਵਿਚ
ਛਾਇਆ ਹੈ ਅੰਧਕਾਰ
ਸੁਪਨੇ ਵਾਂਗ ਫਿਰ
ਲੋਕ-ਪਰੀ ਜਿਹੀ
ਧੁੰਦਲਕੇ ਵਿਚ
ਗਈ ਸਮਾਅ।

## ਉਸ ਨੂੰ ਜੋ ਤੱਕਿਆ

ਤੱਕਿਆ ਜੋ ਇਕ ਵਾਰ
ਤੱਕੇਗਾ ਦੁਬਾਰਾ
ਖੇੜੇ ਵਰਗੀ ਜੋ ਸੁਪਨਿਲੀ
ਮੁਹੱਬਤ ਵਰਗੀ ਜੋ ਪੌਣ-ਜਿਹੀ
ਸਮੀਰ ਜਿਹੀ ਜੋ ਸਨੇਹ ਭਰੀ
ਉਸ ਨੂੰ ਤੱਕਿਆ ਜੋ ਇਕ ਵਾਰ
ਤੱਕਣਾ ਉਸ ਨੂੰ ਪਏਗਾ
ਦੁਬਾਰਾ ।

## ਯਾਦਾਂ ਦੀਆਂ ਛਾਵਾਂ

ਉਹ ਧੁੱਪ-ਧੋਤੀਆਂ ਰਾਹਵਾਂ
ਰਾਹੀਆਂ ਨੂੰ
ਕੁਝ ਬਹੁਤ ਜ਼ਰੂਰੀ
ਕਹਿਣਾ ਚਾਹਵਣ

ਉਹ ਤਪਸ਼-ਭਰੀਆਂ
ਮੁਸਾਫਿਰਾਂ ਦੇ ਸਾਹਮਣੇ
ਖੋਲ੍ਹ-ਖੋਲ੍ਹ ਦੇਣ
ਧੂੜ ਭਰੀਆਂ ਬਾਹਵਾਂ

ਰਾਹੀਆਂ ਦੇ ਪੈਰ
ਜ਼ਰੂਰ ਜਾਂਦੇ ਡੋਲ
ਛੱਡ ਜਾਂਦੇ
ਯਾਦਾਂ ਦੀਆਂ ਛਾਵਾਂ ।

## ਸਾੜ੍ਹੀ

ਕਿਤੇ ਵੀ ਦੇਖ
ਬਸੰਤੀ ਅੰਕੁਰ
ਪਟੜੀ 'ਤੇ
ਮੈਦਾਨ 'ਤੇ
ਸੁਤਲੀ 'ਤੇ

ਹਰ ਥਾਂ
ਸੰਸਾਰੀ ਸ਼ੋਭਾ
ਵਧਾਉਂਦੀ
ਮਸਤੀ-ਜਿਹੀ ਭੰਗੁਰ

ਸਾੜ੍ਹੀ ਤਾਂ ਸਾੜ੍ਹੀ ਹੈ
ਸਾੜ੍ਹੀ ਵਿਚ
ਹਰ ਨਾਰੀ ਹੀ
ਸੁੰਦਰ ਹੈ

ਮੈਂ ਤਾਂ ਕੀ
ਗਲੀ ਦੇ
ਸੜਕ ਦੇ
ਬਸਤੀ ਦੇ
ਸਾਰੇ-ਸਮੁੱਚੇ
ਵੀਰ-ਭਰਾ
ਉਸ ਦੇ ਪੱਲੇ ਪਿੱਛੇ
ਪਾਗਲ ਹਨ

ਸਾੜ੍ਹੀ
ਜਿਸ ਵਿਚ ਧਰਤੀ 'ਤੇ
ਨਾਰੀ
ਸੂਰਜ ਵਾਂਗੂੰ
ਰੋਸ਼ਨ ਕਰਦੀ
ਸੰਸਾਰ ਨੂੰ ।

## ਰੇਤ ਤੋਂ ਬ੍ਰਹਿਮੰਡ ਤੱਕ/ਸਰਬਜੀਤ ਕੌਰ ਜੱਸ

ਮੈਂ ਰੇਤ ਹਾਂ
ਕਿੰਨਾ ਕੁ ਸੰਭਾਲ ਕੇ ਰੱਖੇਂਗਾ
ਖਿਆਲਾਂ ਦੀ ਪਕੜ ਵਿੱਚ
ਕਿਰ ਜਾਵਾਂਗੀ
ਤੇਰੀ ਸੋਚ ਦੀ ਮੁੱਠੀ ਵਿਚੋਂ
ਛੱਡ ਦੇ ਮੈਨੂੰ ਅੰਦਰੋਂ-ਬਾਹਰੋਂ
ਪੜ੍ਹਨ ਦਾ ਵਹਿਮ
ਮੈਂ ਉਹ ਕਿਤਾਬ ਹਾਂ
ਜੋ ਚੁੱਪ ਦੀ ਭਾਸ਼ਾ 'ਚ ਲਿਖੀ ਹੋਈ ਹਾਂ
ਕਿੰਨਾ ਕੁ ਜਾਣੇਂਗਾ ਮੈਨੂੰ
ਕਿੰਨਾ ਕੁ ਪਰਖੇਂਗਾ ਮੈਨੂੰ
ਮੈਂ ਆਦਿ-ਅੰਤ ਤੋਂ ਮੁਕਤ
ਵਿਸ਼ਾਲ ਬ੍ਰਹਿਮੰਡ ਹਾਂ
ਮੁਮਕਿਨ ਨਹੀਂ ਤੇਰਾ
ਮੇਰੀ ਸਮੁੱਚਤਾ ਤੱਕ ਪਹੁੰਚਣਾ
ਮੈਂ ਰੇਤ ਤੋਂ ਬ੍ਰਹਿਮੰਡ ਤੱਕ ਖੁੱਲ੍ਹਦੀ ਹੋਈ
ਉਹ ਖਿੜਕੀ ਹਾਂ
ਜਿਸ ਦਾ ਤੂੰ ਕਿਆਸ ਨਹੀਂ ਕਰ ਸਕੇਂਗਾ
ਬੰਦ ਹਾਂ ਜਾਂ ਖੁੱਲ੍ਹੀ ਹਾਂ
ਮੈਂ ਰੇਤ ਦਾ ਕਣ ਵੀ ਹਾਂ
ਆਦਿ-ਅੰਤ ਤੋਂ ਮੁਕਤ
ਬ੍ਰਹਿਮੰਡ ਵੀ ਹਾਂ.....।



# ਦਲਬੀਰ ਕੌਰ ਦੀਆਂ ਦੋ ਕਵਿਤਾਵਾਂ

## ਸਾਂਝਾ ਤਿਉਹਾਰ!

ਦਹਿੰਸਰ ਨੂੰ ਅੱਗ ਲਾਈ ਜਾਵੇਗੀ
ਨੌਂ ਸਿਰ
ਅਤਸ਼ਬਾਜ਼ੀ ਸਮੇਤ ਜਲ ਜਾਣਗੇ
ਦਸਵਾਂ ਸਿਰ ਜਸ਼ਨ ਮਨਾਂ
.. ਲੋਕਾਂ ਦੀ ਭੀੜ ਸਮੇਤ
ਘਰ ਵਾਪਿਸ ਪਰਤ ਜਾਏਗਾ !

ਲੰਕਾ ਦੀ ਰਾਖੀ ਕੌਣ ਕਰੇਗਾ!
ਸੰਨ੍ਹ ਲੱਗ ਚੁੱਕੀ ਹੈ
ਦਰਵਾਜ਼ਾ ਨਹੀਂ ਹੈ!
ਸੀਤਾ ਦੀ ਮਹਿਕ ਚੋਰੀ ਕਿਵੇਂ ਹੋਈ ?
ਧੋਬਣ ਧੋਬੀ ਵੱਲ
ਚੋਰ ਅੱਖੇ ਵੇਖ ਰਹੀ ਹੈ
ਰਾਵਣ ਧੋਬੀ ਪੱਟੜਾ ਲਾ ਕੇ ਚੁੱਕਾ ਹੈ!!

## ਇਨਕਲੋਜ਼ਰ

ਸੂਕਦੀ ਧਰਤ
ਕਿਆਮਤੀ ਤੋੜ ਭੱਜ
ਤੜਥੱਲ਼ ..
ਗਰਮ ਲਾਵਿਆਂ ਦੇ
'ਲਾਂਬੂ'
ਕਿਸ ਵੇਲੇ ਤੋਂ
ਹੋ ਰਹੇ
ਤਰਲ ..ਸਰਦ
ਸੀਤ !
ਮੈਂ ਪੈਰ ਨੰਗਾ ਕਰ
ਚੁੱਪ! ਕਾਲ ਪੁਰਾਣੀ
ਚਟਾਨ ਮੱਥੇ ਧਰ ਦਿੱਤਾ
ਬੋਲ ਉਗਮਿਆਂ
ਜੀਵਨ ਪਰਤਿਆ
ਸਮੇਟ ਰਹੀ ਹੈ ਧਰਤੀ
ਸਾਜ਼ੋ-ਸਮਾਨ
ਦਿਨ ਢਲ ਰਿਹੈ
ਆਖਰੀ ਲਿਸ਼ਕੋਰ!
ਧੜਕਦੀ ਚਟਾਨ
.........
'ਇਹ ਕਿਸਦਾ ਨੰਗਾ ਪੈਰ'

## ਗ਼ਜ਼ਲ/ਸੁਸ਼ੀਲ ਰਹੇਜਾ

ਕਦੇ ਕਦਮਾਂ ’ਚ ਡੁੱਲਦੀ ਰਾਖ਼ ਨੂੰ ਸ਼ਿਕਵਾ ਨਹੀਂ ਹੁੰਦਾ ?
ਉਦਾਸੀ ਦੇ ਦਿਨਾਂ ਅੰਦਰ, ਕੋਈ ਆਪਣਾ ਨਹੀਂ ਹੁੰਦਾ।

ਮੈਂ ਤੇਰੇ ਬਰਫ਼ ਹੋਏ ਪਾਣੀਆਂ ਨੂੰ ਕਿਸ ਤਰ੍ਹਾਂ ਕਹਿੰਦਾਂ ?
ਜਦੋਂ ਵੀ ਪਿਆਸ ਲੱਗਦੀ ਹੈ, ਕੋਈ ਦਰਿਆ ਨਹੀਂ ਹੁੰਦਾ।

ਮੁਹੱਬਤ ਦਾ ਅਧੂਰਾ ਰਾਗ ਹਿੱਕ ਅੰਦਰ ਹੀ ਮਰ ਜਾਣਾ,
ਕਦੇ ਵਾਜਾ ਨਹੀਂ ਹੁੰਦਾ, ਕਦੇ ਤਬਲਾ ਨਹੀਂ ਹੁੰਦਾ।

ਮੈਂ ਸਰਕਸ ਦੇ ਕਿਸੇ ਫ਼ਨਕਾਰ ਨੂੰ ਪੁੱਛਿਆ ਤਾਂ ਉਹ ਕਹਿੰਦਾ,
ਮੁਕੱਦਰ ਦੀ ਘਸੀ ਰੱਸੀ ਤੇ ਹੁਣ ਜਲਵਾ ਨਹੀਂ ਹੁੰਦਾ।

ਤੂੰ ਦਰਜ਼ੀ ਵਾਂਗ ਆਪਣੇ ਆਪ ਨੂੰ ਸੀਮਤ ਜਿਹਾ ਕੀਤਾ,
ਕਦੇ ਰੂਹਾਂ ਨੂੰ ਨਾਪਣ ਵਾਸਤੇ ਫ਼ੀਤਾ ਨਹੀਂ ਹੁੰਦਾ।

ਜਦੋਂ ਘੁਮਿਆਰ ਦੇ ਆਵੇ ’ਚ ਪੱਕਣਾ ਯਾਦ ਆਉਂਦਾ ਹੈ,
ਤਾਂ ਖਾਲੀ ਭਾਂਡਿਆਂ ਵਿਚਕਾਰ ਵੀ ਖੜਕਾ ਨਹੀਂ ਹੁੰਦਾ।



## ਅਸੀਂ ਸਰਾਪੇ ਹੋਏ ਲੋਕ ਹਾਂ—ਮਕਸੂਦ ਸਾਕਿਬ

### ਮੁਲਾਕਾਤੀ : ਤਲਵਿੰਦਰ ਸਿੰਘ

? : ਸਾਕਿਬ ਸਾਹਿਬ, ਮੈਂ ਤੁਹਾਡੀ ਕਹਾਣੀ ਪੜ੍ਹੀ ਏ। ਬੇਸ਼ਕ ਸਾਰੀ ਨਹੀਂ, ਓਨੀ ਕੁ ਜਿੰਨੀ ਕੁ ਮੈਂ ਤੁਹਾਡੇ ਇਧਰ ਚੜ੍ਹਦੇ ਪੰਜਾਬ ਵਿਚ ਛਪੀ ਕਥਾ-ਪੁਸਤਕ ‘ਧੋਤੇ ਪੰਨਿਆਂ ਦੀ ਇਬਾਰਤ’ ਵਿਚ ਸੰਪਾਦਤ ਕੀਤੀ ਏ। ਮੈਂ ਮਹਿਸੂਸ ਕੀਤੈ, ਇਸ ਕਹਾਣੀ ਵਿਚ ਇਕ ਤਬਦੀਲੀ ਵਾਪਰਦੀ ਤੁਸੀਂ ਦਿਖਾਉਂਦੇ ਹੋ। ਇਹ ਸ਼ਹਿਰ ਦੇ ਬਦਲ ਰਹੇ ਮੁਹਾਂਦਰੇ ਦੀ ਹੈ, ਰਿਸ਼ਤਿਆਂ ਵਿਚ ਹੈ, ਸਮਾਜਕ ਮਾਹੌਲ ਵਿਚ ਤੇ ਆਰਥਿਕ ਮਸਲਿਆਂ ਵਿਚ ਹੈ। ਇਸ ਤਬਦੀਲੀ ਦੇ ਸੁਆਲ ਨੂੰ ਤੁਸੀਂ ਕਿਵੇਂ ਫੜਦੇ ਓ ?

—: ਇਹ ਬਾਰੀਕ ਸੁਆਲ ਹੈ। ਜਦੋਂ ਕਲਾ ਦੇ ਹਵਾਲੇ ਨਾਲ ਗੱਲ ਕਰਾਂਗੇ ਤਾਂ ਗੱਲ ਹੋਰ ਬਾਰੀਕ ਹੋ ਜਾਏਗੀ। ਮਸਲਾ ਇਹ ਐ ਕਿ ਜਿਹੜੀਆਂ ਤਬਦੀਲੀਆਂ ਆ ਰਹੀਆਂ ਨੇ ਜਾਂ ਅਸੀਂ ਨੋਟ ਕਰ ਰਹੇ ਆਂ, ਉਹਦੇ ਬਹੁਤ ਪਾਸਾਰ ਨੇ। ਅਸੀਂ ਇਹ ਨਹੀਂ ਕਹਿੰਦੇ ਕਿ ਤਬਦੀਲੀ ਨਾ ਵਾਪਰੇ ਜਾਂ ਤਬਦੀਲੀ ਨੂੰ ਕੋਈ ਰੋਕ ਏ ਜਾਂ ਅਸੀਂ ਤਬਦੀਲੀ ਤੋਂ ਸੌੜੇ ਪੈ ਰਹੇ ਆਂ। ਮਸਲਾ ਏ ਕਿ ਇਹ ਤਬਦੀਲੀਆਂ ਕਿਸੇ ਉਸਾਰ ਦਾ ਹਿੱਸਾ ਨਹੀਂ। ਕਿਸੇ ਵਿਕਾਸ ਪ੍ਰਣਾਲੀ ’ਚੋਂ ਲੰਘ ਕੇ ਆਈ ਤਬਦੀਲੀ ਨਹੀਂ। ਪੰਜਾਬ ਦੇ ਕੁਦਰਤੀ ਵਧਣ-ਫੁੱਲਣ ਵਿਚ ਆਉਣ ਵਾਲੀ ਤਬਦੀਲੀ ਵਿਚ ਕਈ ਮੁਸ਼ਕਲਾਂ ਆਈਆਂ। ਪਹਿਲਾਂ ਬਸਤੀਵਾਦ ਆਇਆ, ਜਿਸ ਨੇ ਬੜਾ ਧੱਪਾ ਮਾਰਿਆ। ਨੈਚੁਰਲ ਗ੍ਰੋਥ ਨੂੰ ਦਬਾਅ ਕੇ ਨਵਾਂ ਸਿਸਟਮ ਲਾਗੂ ਕਰ ਦਿੱਤਾ। ਬਸਤੀਵਾਦ ਨੇ ਪੈਸੇ ਦੀ ਖੇਡ ਖੇਡੀ ਤੇ ਸਰਮਾਏਦਾਰੀ ਦੀ ਪੁੱਠ ਚਾੜ੍ਹ ਦਿੱਤੀ। ਤਕਸੀਮ ਤੋਂ ਬਾਅਦ ਜਿਹੜਾ ਪੱਤੀ-ਖੋਰ ਧਨਾਢ ਆਇਆ, ਕਮਿਸ਼ਨ ਤੇ ਪਲਣ ਵਾਲਾ, ਵੱਡੀ ਸਰਮਾਏਦਾਰੀ ਦਾ ਕਮਿਸ਼ਨ ਏਜੰਟ, ਉਸ ਕਮਿਸ਼ਨ ਏਜੰਟ ਨੇ ਇਕ ਖ਼ਾਸ ਤਰੀਕੇ ਨਾਲ ਚੀਜ਼ਾਂ ਦੀ ਗ੍ਰੋਥ ਨੂੰ, ਬੰਦਿਆਂ ਦੀ ਗ੍ਰੋਥ ਨੂੰ, ਸਮਾਜ ਤੇ ਕਲਚਰ ਦੀ ਗ੍ਰੋਥ ਨੂੰ ਰੋਕ ਕੇ ਆਪਣਾ ਢੰਗ ਚਲਾਇਆ। ਇਹ ਇਕ ਗ਼ੈਰ-ਕੁਦਰਤੀ ਤਬਦੀਲੀ ਸੀ—ਬੇਰਹਿਮ, ਮੁਨਾਫ਼ੇ ਨਾਲ ਜੁੜੀ ਹੋਈ। ਜਿਹੜੀ ਕਲਚਰ ਨੂੰ ਖਾਂਦੀ ਏ, ਬੰਦੇ ਨੂੰ ਵੀ ਖਾਂਦੀ ਏ, ਬੰਦੇ ਦੀ ਕ੍ਰੀਏਟਿਵਟੀ ਨੂੰ ਮੁਤਾਸਿਰ ਕਰਦੀ ਏ। ਅਸੀਂ ਆਪਣੀ ਕਹਾਣੀ ਰਾਹੀਂ ਇਸ ਵਰਤਾਰੇ ਨੂੰ ਚੈਲੰਜ ਕਰਨੇ ਆਂ। ਉਹਦੇ ਬਾਰੇ ’ਚ ਆਲੋਚਨਾਤਮਕ ਰੁਖ਼ ਅਪਣਾਉਂਦੇ ਆਂ। ਸ਼ੈਵਾਂ ਨੂੰ ਵਰਤਣਾ ਵਿਕਾਸ ਨਹੀਂ ਐ। ਚੀਜ਼ਾਂ ਦੀ ਡਿਵੈਲਪਮੈਂਟ ਹੋਣੀ ਚਾਹੀਦੀ ਆ। ਅਸੀਂ ਬੇਰਹਿਮਪੁਣੇ ਦੇ ਵਿਰੋਧ ਵਿਚ ਹਾਂ। ਗ੍ਰੋਥ ਨੂੰ ਰੋਕਣ ਵਾਲੀ ਤਬਦੀਲੀ ਮਸਨੂਈ ਤਬਦੀਲੀ ਐ। ਇਹਦੇ ਵਿਚ ਮਨੁੱਖੀ ਰਿਸ਼ਤਿਆਂ ਨੂੰ ਮਾਨਵੀ ਪੱਧਰ ’ਤੇ ਲਿਆਉਣ ਵਾਲੀ ਕੋਈ ਚੀਜ਼ ਨਹੀਂ। ਨੰਗਾ ਚਿੱਟਾ ਪੈਸੇ ਨਾਲ ਜੋੜ ਕੇ, ਗਰਜਾਂ ਨਾਲ ਜੋੜ ਕੇ, ਏਜੰਟੀ ਵਿਚ ਬਣਨ ਵਾਲਾ ਸਮਾਜ ਤਾਰੀ ਕਰਨਾ, ਜਿਸ ਵਿਚ ਹਰ ਤਰ੍ਹਾਂ ਦੇ ਸਾਧਨਾਂ ਦੀ ਲੁੱਟ ਹੁੰਦੀ, ਸਿਰਫ਼ ਪਦਾਰਥਕ ਸਾਧਨਾਂ ਦੀ ਹੀ ਨਹੀਂ, ਮਾਨਵੀ ਸਾਧਨ ਵੀ ਲੁੱਟੇ ਜਾਂਦੇ ਨੇ। ਮੈਂ ਉਸ ਪੀੜ ਨੂੰ ਲਿਖਣ ਦੀ ਕੋਸ਼ਿਸ਼ ਕਰਨਾ ਵਾਂ। ਪੀੜ ਲਿਖਣ ਦੇ ਨਾਲ ਇਸ ਦੀ ਸਮਝ ਵੀ ਪੈਦਾ ਕਰਨੀ ਚਾਹੁੰਨਾਂ। ਮਸਲਾ ਪੀੜ ਨੂੰ ਸਾਂਝਾ ਕਰਨਾ ਨਹੀਂ ਐ। ਉਸ ਖ਼ਤਰੇ ਤੋਂ ਵੀ ਸੁਚੇਤ ਕਰਾਉਣਾ ਹੈ ਜਿਹੜਾ ਨਵ-ਬਸਤੀਵਾਦ ਪੈਦਾ ਕਰ ਰਿਹਾ। ਬੰਦਾ ਆਪਣੀ ਸੁਰਤ ਸੰਭਾਲਣ ਦੀ ਕੋਸ਼ਿਸ਼ ਕਰੇ। ਤਰੱਕੀ ਦੇ ਨਾਂ ’ਤੇ ਹੋ ਰਹੇ ਕਰੂਰ ਵਰਤਾਰਿਆਂ ਨੂੰ ਠੱਲ੍ਹ ਪਾਉਣੀ ਐ। ਇਹ ਤਰੱਕੀ ਨਹੀਂ, ਬੰਦੇ ਦੀ ਲੁੱਟ ਐ। ਸਾਡੇ ਸਮਾਜਾਂ ਦੀ ਲੁੱਟ ਐ। ਸਾਡੇ ਵਸੇਬਾਂ ਦੀ ਲੁੱਟ ਐ। ਰੀਸੋਰਸਸ ਦੀ ਲੁੱਟ ਐ। ਸਮਾਜ ਨੇ ਬਦਲਣਾ ਐ। ਇਹਦੇ ਵਿਚ ਤਬਦੀਲੀਆਂ ਵਾਪਰਨੀਆਂ ਪਰ ਇਹ ਤਬਦੀਲੀਆਂ ਆਪਣੇ ਤੌਰ ’ਤੇ ਆਉਣੀਆਂ ਚਾਹੀਦੀਆਂ। ਏਧਰ ਆਪਣੇ ਆਪ ਤਾਂ ਆਈਆਂ ਨਹੀਂ, ਸਾਡੇ ’ਤੇ ਮੜ੍ਹੀਆਂ ਜਾ ਰਹੀਆਂ ਨੇ। ਇਹਦੇ ਵਿਚ ਸਾਡੀ ਬਹੁਤ ਵੱਡੀ ਟੁੱਟ-ਭੱਜ ਆ। ਤੁਸੀਂ ਵੇਖੋ ਸਾਡੇ ਰਿਸ਼ਤੇ ਕਿੰਨੇ ਕਰੀਬੀ ਸਨ, ਸਭ ਇਕੱਠੇ ਸਾਂ, ਲਾਗੇ-ਲਾਗੇ ਸਾਂ। ਟੁੱਟ-ਭੱਜ ਵਾਲਾ ਪੁਆੜਾ ਕਿਥੋਂ ਪਿਆ ?

ਬ੍ਰਿਟਿਸ਼ ਸਰਕਾਰ ਦੇ ਬਸਤੀਵਾਦੀ ਵਾਰ ਨੇ ਇਹ ਸਾਰਾ ਕੁਝ ਕੀਤਾ।

?: ਤੁਸੀਂ ਇਕ ਮੈਟਰੋਪੋਲੀਟਨ ਸ਼ਹਿਰ ਵਿਚ ਰਹਿ ਰਹੇ ਓ। ਇਸ ਮਹਾਨਗਰੀ ਮਾਹੌਲ ਦਾ ਪ੍ਰਭਾਵ ਵੀ ਤੁਹਾਡੇ ਉੱਪਰ ਹੋਵੇਗਾ। ਤੁਸੀਂ ਵੇਖਦੇ ਤੇ ਮਹਿਸੂਸ ਕਰਦੇ ਓ। ਬਤੌਰ ਕਹਾਣੀਕਾਰ ਤੁਸੀਂ ਲਾਹੌਰ ਦਾ ਤਿੰਨ ਕੁ ਦਹਾਕੇ ਪੁਰਾਣਾ ਰੂਪ ਵੀ ਚਿਤਰਦੇ ਓ ਤੇ ਹੁਣ ਵਾਲਾ ਵੀ। ਤੁਸੀਂ ਇਸ ਅਰਸੇ ਦੌਰਾਨ ਏਥੋਂ ਦੀ ਮੈਟਰੋ ਲਾਈਫ਼ ਨੂੰ ਕਿਵੇਂ ਵੇਖਦੇ ਓ ?

—: ਮੈਂ ਲਾਹੌਰ ਦਾ ਸਿੰਬਲ ਵਰਤ ਕੇ ਕੁੱਲ ਪੰਜਾਬ ਦੀ ਗੱਲ ਕਰਨਾ ਵਾਂ। ਮੇਰਾ ਪਿੱਛੋਂ ਤਾਅਲੁਕ ਸ਼ੇਖ਼ੂਪੁਰੇ ਨਾਲ ਏ। ਸ਼ੇਖ਼ੂਪੁਰਾ ਲਾਹੌਰ ਦਾ ਬਹੁਤ ਕਰੀਬੀ ਸ਼ਹਿਰ ਏ। ਲਾਹੌਰ ਦਾ ਪਰਛਾਵਾਂ ਉਹਦੇ ਉਪਰ ਬਹੁਤ ਆ। ਸਿਰਫ਼ ਵੀਹ ਮੀਲ ਦਾ ਪੰਧ ਆ। ਹੁਣ ਉਹ ਲਾਹੌਰ ਦੀ ਇਕ ਐਕਸਟੈਨਸ਼ਨ ਬਣ ਚੁੱਕਿਆ ਏ। ਲਾਹੌਰ ਨਾਲ ਬਹੁਤ ਸਾਰੀਆਂ ਚੀਜ਼ਾਂ ਰਲਦੀਆਂ ਨੇ। ਲਾਹੌਰ ਤੋਂ ਜ਼ਰਾ ਥੱਲੇ ਉਤਰ ਜਾਈਏ ਤਾਂ ਅਸੀਂ ਵੇਖਦੇ ਆਂ ਕਿ ਕਿਉਂਕਿ ਏਥੇ ਸਰਕਲਜ਼ ਨੇ। ਅਸੀਂ ਸਰਕਲਾਂ ਵਿਚ ਰਹਿ ਰਹੇ ਆਂ। ਇਕ ਹੇਠਲਾ ਸਰਕਲ ਏ। ਆਮ ਖ਼ਲਕਤ ਏ। ਜਿਥੇ ਸਾਡੇ ਮੁਹੱਲੇ ਬਸਤੀਆਂ ਨੇ। ਜਿਹਦੇ ਉੱਪਰ ਲਾਹੌਰ ਸ਼ਹਿਰ ਚੱਲਣ ਡਿਹਾ। ਉਸ ਸਾਰੀ ਵੱਸੋਂ ਵਿਚ ਪੰਜਾਬੀਅਤ ਮੌਜੂਦ ਏ। ਮੈਂ ਆਪਣੀ ਕਹਾਣੀ ਵਿਚ ਮਿਡਲ ਕਲਾਸ ਦੇ ਪਾਤਰ ਲੈਨਾ—ਲੋਅਰ ਮਿਡਲ ਕਲਾਸ ਦੇ। ਮਿਹਨਤੀ ਵਰਗ ਦੇ। ਮੇਰੀ ਸੰਵੇਦਨਾ ਉਨ੍ਹਾਂ ਦੇ ਨਾਲ ਐ। ਮੈਂ ਉਨ੍ਹਾਂ ਵਿਚ ਰਿਹਾਂ। ਮੈਂ ਜਿਹੜੀਆਂ ਕਹਾਣੀਆਂ ਲਿਖੀਆਂ, ਉਨ੍ਹਾਂ ਵਿਚ ਮੈਂ ਆਪਣਾ ਜੋੜ ਉਸ ਕਲਾਸ ਨਾਲ ਜੋੜਨ ਦੀ ਕੋਸ਼ਿਸ਼ ਕੀਤੀ। ਉਂਜ ਗੱਲ ਤਾਂ ਕੋਈ ਵੀ ਹੋ ਸਕਦੀ ਆ। ਇਹ ਨਹੀਂ ਕਿ ਕਹਾਣੀ ਲਈ ਇਕ ਫਰੇਮ ਵਰਕ ਮਸੂਹ ਏ। ਮਸਲਾ ਥੱਲੇ ਵਾਲੇ ਪਾਤਰਾਂ ਨੂੰ ਵੇਖਣਾ, ਉਨ੍ਹਾਂ ਵਿਚਲੀ ਮਾਨਵਤਾ ਨੂੰ ਮਹਿਸੂਸ ਕਰਨਾ ਏ। ਉਹ ਸਖ਼ਤ ਜੀਵਨ ਜੀਉਂਦੇ ਹੋਏ ਵੀ ਬੰਦੇ ਲਈ ਕੋਈ ਨਾ ਕੋਈ ਕਦਰ ਪਾਲਣ ਡਹੇ ਨੇ। ਹਾਲਾਂਕਿ ਬੇਰਹਿਮੀ ਦੇ ਚੁੰਗਲ ਵਿਚ ਫਸੇ ਹੋਏ ਨੇ। ਬੇਰਹਿਮੀ ਨੇ ਉਨ੍ਹਾਂ ਨੂੰ ਚੱਕ ਭਰਿਆ ਹੋਇਆ ਏ। ਉਨ੍ਹਾਂ ਉੱਤੇ ਭਾਰ ਆ ਤੇ ਇਸ ਭਾਰ ਕਾਰਨ ਉਨ੍ਹਾਂ ਨੂੰ ਵੀ ਬੇਲਿਹਾਜ਼ ਹੋਣਾ ਪੈਂਦਾ। ਪਰ ਇਹ ਬੇਲਿਹਾਜ਼ੀ ਉਨ੍ਹਾਂ ਦੀ ਆਪ ਪੈਦਾ ਕੀਤੀ ਹੋਈ ਨਹੀਂ। ਤੁਸੀਂ ਵੇਖੋਗੇ ਉਨ੍ਹਾਂ ਵਿਚ ਬੰਦਿਆਈ ਦਾ ਪਹਿਲੂ ਫਿਰ ਵੀ ਕਾਇਮ ਆ। ਕੰਮ ਨਾਲ ਉਨ੍ਹਾਂ ਦੀ ਵਫ਼ਾਦਾਰੀ ਆ। ਮੈਂ ਅਜਿਹੇ ਪਾਤਰ ਵਿਖਾਏ ਨੇ ਜਿਹੜੇ ਕੰਮ ਕਰਦੇ ਨੇ ਤੇ ਉਹਦਾ ਸੁਆਦ ਲੈਂਦੇ ਨੇ। ਕੰਮ ਤਾਂ ਉਹ ਚੀਜ਼ਾਂ ਬਣਾਉਣ ਦਾ ਕਰਦੇ ਨੇ ਪਰ ਉਨ੍ਹਾਂ ਦਾ ਰਵੱਈਆ ਮਕੈਨੀਕਲ ਨਹੀਂ ਐ, ਆਰਟਿਸਟਿਕ ਆ। ਸਾਡੇ ਪੰਜਾਬ ਵਿਚ ਕੰਮ ਕਰਨ ਵਾਲੀ ਖ਼ਲਕਤ ਦਾ ਏਹੀ ਰਵੱਈਆ ਸੀ। ਲੋਕ ਬੜੇ ਸੁਆਦ ਨਾਲ ਕੰਮ ਕਰਦੇ ਸਨ। ਜਿਹੜਾ ਬੰਦਾ ਕੰਮ ਕਰਦਿਆਂ ਸੁਆਦ ਲੈਂਦਾ, ਉਹ ਜੀਣ ਦਾ ਵੀ ਸੁਆਦ ਲੈਂਦਾ। ਉਹ ਮਿਲਣ-ਵਰਤਣ ਦਾ ਵੀ ਸੁਆਦ ਲੈਂਦਾ। ਇਹ ਉਹਦਾ ਸੁਭਾਅ ਹੁੰਦਾ। ਇਹ ਨਹੀਂ ਕਿ ਇਕ ਖ਼ਾਨਾ ਕੰਮ ਕਰ ਰਿਹਾ ਏ ਤੇ ਬਾਕੀ ਖ਼ਾਨੇ ਬੰਦ ਨੇ। ਸੁਆਦ ਨਾਲ ਕੀਤੇ ਜਾ ਰਹੇ ਕੰਮ ਵਿਚੋਂ ਖ਼ੂਬਸੂਰਤੀ ਪੈਦਾ ਹੁੰਦੀ ਐ। ਇਹ ਸੁਆਦ ਮਨੁੱਖਤਾ ਦਾ ਸੁਆਦ ਐ। ਦੂਜੇ ਬੰਨੇ, ਇਹ ਕਿਹੜਾ ਕਾਹਲ ਦਾ ਯੁੱਗ ਏ, ਮੈਟਰੋ ਜੀਵਨ ਏ, ਇਹਦੇ 'ਚ ਬੰਦੇ ਆਪਣੇ ਕੰਮ ਦਾ ਸੁਆਦ ਨਹੀਂ ਲੈ ਸਕਦੇ। ਮਸ਼ੀਨਾਂ ਨਾਲ ਬੱਧੇ ਹੋਏ ਬੰਦੇ ਨੇ। ਟਾਇਮ ਦੀ ਵੰਡ ਹੋਈ ਹੋਈ ਆ। ਚੱਕਰਵਿਊ ਵਿਚ ਫਸੇ ਬੰਦੇ ਨੇ ਕੀ ਸੁਆਦ ਲੈਣਾ ? ਬੰਦੇ ਨੂੰ ਜਿਹੜਾ ਕੰਮ ਵਿਚ ਸੁਆਦ ਦਾ ਘਾਟਾ ਪੈਂਦਾ, ਉਹ ਕਿਸੇ ਹੋਰ ਜ਼ਰੀਏ ਪੂਰਿਆਂ ਕਰਦਾ। ਸਾਡੀ ਇਹ ਖ਼ਲਕਤ, ਜਿਸ ਨੂੰ ਮੈਂ ਲਾਹੌਰ ਦੇ ਹੇਠਲੇ ਸਰਕਲ ਦੀ ਕਿਹਾ ਏ, ਇਹ ਜ਼ੁਬਾਨ ਨੂੰ ਜ਼ਿੰਦਾ ਰੱਖ ਰਹੀ ਆ। ਇਹ ਪੰਜਾਬ ਦੀ ਪਾਲਣਹਾਰ ਆ। ਇਹ ਮਹਾਨਗਰ ਉਸ ਉਪਰ ਪਲਦਾ। ਇਹ ਮਹਾਨਗਰ ਇਤਿਹਾਸ ਦੀ ਅਣਦੇਖੀ ਕਰ ਰਿਹਾ, ਜ਼ੁਬਾਨ ਦੀ ਅਣਦੇਖੀ ਕਰ ਰਿਹਾ। ਇਸ ਦਾ ਮਨੋਰਥ ਮੁਨਾਫ਼ਾ ਆ—ਮਨੀ ਮੇਕਿੰਗ ਆ। ਮੈਟਰੋ ਮਨੀ ਮੇਕਿੰਗ ਦਾ ਵੱਡਾ ਕਾਰਖਾਨਾ ਐ। ਇਥੇ ਭਾਂਤ-ਸੁਭਾਂਤੇ ਲੋਕ ਆਉਂਦੇ ਤੇ ਜੁੜ ਜਾਂਦੇ ਨੇ। ਕੌਮਾਂ ਵਿਚ ਵਿਸ਼ਾਲਤਾ ਚਾਹੀਦੀ ਆ ਪਰ ਵਿਸ਼ਾਲਤਾ 'ਚੋਂ ਜੇ ਆਰਟ ਨਿਕਲੇ। ਪਰ ਇੰਜ ਹੈ ਨਹੀਂ। ਇਥੇ ਆਪਾਧਾਪੀ ਤੇ ਘੜਮੱਸ ਆ। ਮਹਾਨਗਰ ਨੇ ਬੜੀ ਵੱਡੀ



ਸਨਅਤ ਖੜੀ ਕੀਤੀ ਆ। ਇਥੇ ਹਿਸਾਬ ਕਿਤਾਬ ਦਾ, ਅਕਾਊਂਟਸ ਦਾ ਲੰਮਾ ਚੌੜਾ ਸਿਲਸਿਲਾ ਆ। ਇਹ ਮਹਾਨਗਰ ਪਲ ਕਿਥੋਂ ਰਿਹਾ ? ਕਿਥੇ ਉਪਜਦਾ ਹੈ ਸਾਰਾ ਕੁਝ ? ਕਿਥੋਂ ਆਉਂਦਾ ਹੈ ? ਮਜ਼ਦੂਰਾਂ ਦੀਆਂ ਕਈ ਕੌਮੀਅਤਾਂ ਨੇ, ਮੁਖ਼ਤਲਿਫ ਧਰਮ ਨੇ, ਕਈ ਰੰਗ ਨੇ। ਮਨੁੱਖੀ ਰਿਸ਼ਤੇ ਉਨ੍ਹਾਂ ਨੂੰ ਜੋੜਦੇ ਆ। ਫਿਰਕਾਬੰਦੀ ਤੇ ਰੰਗ ਨਸਲ ਤੋਂ ਨਿਰਲੇਪ ਉਹ ਲੋਕ ਹੇਠਾਂ ਜੁੜਦੇ ਨੇ। ਜੇ ਤੁਸਾਂ ਮੁੰਬਈ ਨੂੰ ਵੇਖਣਾ ਹੈ ਤਾਂ ਥੱਲੇ ਵੇਖਣਾ ਪਵੇਗਾ। ਕਲਕੱਤਾ ਵੇਖਣਾ ਹੋਵੇ ਤਾਂ ਥੱਲਿਓਂ ਵੇਖਣਾ ਪਵੇਗਾ। ਲਾਹੌਰ ਵੇਖਣਾ ਹੋਵੇ ਤਾਂ ਥੱਲਿਓਂ ਵੇਖਣਾ ਪਵੇਗਾ। ਉਥੋਂ ਪਤਾ ਲੱਗੇਗਾ ਕਿ ਇਨਸਾਨੀ ਭਾਈਚਾਰਾ ਰੰਗ ਨਸਲ ਤੋਂ ਬੇਨਿਆਜ਼ ਹੋ ਕੇ ਕਿਵੇਂ ਕੰਮ ਕਰਦਾ। ਮੁਖ਼ਤਲਿਫ਼ ਕੌਮੀਅਤਾਂ ਦਾ ਜੋੜ ਥੱਲੇ ਹੀ ਹੁੰਦਾ। ਮਹਾਨਗਰ ਤਾਂ ਉੱਤੇ ਟੰਗਿਆ। ਕਲਰਕ ਕਿਥੋਂ ਆਇਆ, ਅਫ਼ਸਰ ਕਿਹੜੀ ਥਾਂ ਦਾ ਏ, ਇਥੇ ਕੰਪੀਟੀਸ਼ਨ ਐ, ਬਦੋਬਦੀ ਦੀ ਖੇਡ ਆ। ਇਹ ਲਾਹੌਰ ਦੀ ਹੀ ਨਹੀਂ, ਸਮੁੱਚੇ ਪੰਜਾਬ ਦੀ ਗੱਲ ਆ ਜਾਂ ਇਨ੍ਹਾਂ ਵਰਤਾਰਿਆਂ ਵਿਚ ਗ੍ਰਸੇ ਹਰ ਮੁਲਕ ਦੀ। ਮੇਰੀ ਅੱਖ ਇਨ੍ਹਾਂ ਵਰਤਾਰਿਆਂ ਨੂੰ ਇੰਜ ਹੀ ਤੱਕਦੀ ਏ।

?: ਤੁਸੀਂ ਕਹਾਣੀ ਦੇ ਹਵਾਲੇ ਨਾਲ ਗੱਲ ਕਰੋ। ਇਸ ਸਾਰੇ ਮਾਮਲਾਤ ਨੂੰ, ਜਿਸ ਦਾ ਤੁਸੀਂ ਜ਼ਿਕਰ ਕੀਤਾ। ਇਸ ਵਰਤਾਰੇ ਨੂੰ ਸਮਝਣ ਸਮਝਾਉਣ ਲਈ ਤੁਸਾਂ ਕਹਾਣੀ ਦਾ ਮਾਧਿਅਮ ਕਿਉਂ ਚੁਣਿਆ।

—: ਦੋ ਸੁਆਲ ਨੇ। ਪਹਿਲਾ ਕਹਾਣੀ ਨਾਲ ਜੁੜਨ ਦਾ ਮਸਲਾ। ਮੈਨੂੰ ਲੱਗਾ ਕਿ ਕਹਾਣੀ ਨਾਲ ਸਹਿਵਨ ਹੀ ਜੁੜਿਆ ਗਿਆ। ਮੇਰੀ ਸੋਚ ਦਾ ਉਲਾਰ ਸਾਰਾ ਕਹਾਣੀ ਵਾਲੇ ਪਾਸੇ ਸੀ। ਸ਼ੁਰੂ ਵਿਚ ਜਦੋਂ ਲਿਖਣਾ ਸ਼ੁਰੂ ਕੀਤਾ, ਲੜਕਪਨ ਦਾ ਜ਼ਮਾਨਾ ਸੀ। ਸੈਕੰਡ ਯੀਅਰ 'ਚ ਪੜ੍ਹਦਾ ਸਾਂ। ਇਥੇ ਲਾਹੌਰ ਯੂਨੀਵਰਸਿਟੀ ਵਿਚ। 71-72 ਦਾ ਜ਼ਮਾਨਾ ਹੋਏਗਾ। ਮੈਂ ਚੀਜ਼ਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ। ਘੋਖਣ ਦੀ ਕੋਸ਼ਿਸ਼ ਕਰਦਾ। ਵੇਖੇ ਨੂੰ ਕਲਾ ਬਣਾਉਣ ਦਾ ਯਤਨ ਕਰਦਾ। ਸ਼ਾਇਰੀ ਮੈਂ ਕਰਦਾ ਨਹੀਂ ਸਾਂ। ਮੈਨੂੰ ਲੱਗਾ ਕਿ ਮੈਂ ਆਪਣੀਆਂ ਔਬਜ਼ਰਵੇਸ਼ਨਜ਼ ਕਹਾਣੀ ਰਾਹੀਂ ਦੱਸ ਸਕਨਾ ਵਾਂ। ਕਹਾਣੀ ਦਾ ਮਾਧਿਅਮ ਉਂਜ ਵੀ ਪਸੰਦ ਸੀ। ਬਹੁਤ ਕਹਾਣੀਆਂ ਪੜ੍ਹੀਆਂ ਵੀ। ਪੱਛਮੀ ਕਹਾਣੀ ਵੀ ਪੜ੍ਹੀ। ਉਰਦੂ ਕਹਾਣੀ ਦਾ ਤਾਂ ਗੁੜ੍ਹਤੀ ਵਾਲਾ ਈ ਹਿਸਾਬ ਸੀ, ਜਿਹੜੀ ਏਥੇ ਲਾ ਈ ਦਿੱਤੀ ਜਾਂਦੀ ਆ। ਫਿਰ ਜਦੋਂ ਆਪਣੇ ਲੇਖਕ ਪੜ੍ਹੇ, ਜਿਵੇਂ—ਵਿਰਕ, ਧੀਰ, ਦੁੱਗਲ ਉਸ ਨਾਲ ਕਹਾਣੀ ਨਾਲ ਹੋਰ ਪੱਕੀ ਤਰ੍ਹਾਂ ਜੁੜਿਆ। ਮੈਨੂੰ ਗੱਲ ਕਰਨ ਦਾ ਤਰੀਕਾ ਆਉਂਦਾ ਲੱਗਾ। ਕਿਉਂਕਿ ਮੈਨੂੰ ਉਹ ਮਸਲੇ, ਜਿਨ੍ਹਾਂ ਦਾ ਮੈਂ ਜ਼ਿਕਰ ਕਰ ਰਿਹਾਂ, ਵਧੇਰੇ ਮਹਿਸੂਸ ਹੁੰਦੇ ਸਨ। ਦੁੱਖ ਦੇ, ਤਕਲੀਫ਼ ਦੇ...ਕਿ ਬੰਦੇ ਨਾਲ ਕੀ ਵਰਤ ਰਹੀ ਏ, ਸਮਾਜ ਕੀ ਕਰ ਰਿਹਾ ਏ। ਬੰਦੇ ਵਰਤਾਰਿਆਂ 'ਤੇ ਕਿਵੇਂ ਰੀ-ਐਕਟ ਕਰਦੇ ਨੇ ? ਇਹਨੂੰ ਲੈਂਦੇ ਕਿਵੇਂ ਨੇ ? ਕਈ ਰੰਗ ਸਨ ਮੇਰੇ ਸਾਹਮਣੇ। ਕੁਝ ਆਪਣੇ ਨਾਲ ਵੀ ਵਰਤੀਆਂ ਸਨ, ਕੁਝ ਸੱਜੇ-ਖੱਬੇ ਵਰਤਦੀਆਂ ਤੱਕੀਆਂ ਸਨ। ਕੁਝ ਕਲਪਨਾ ਦਾ ਰਲਾਅ ਵੀ ਪਿਆ। ਇੰਜ ਗੱਲ ਨਿਖਰਨੀ ਤੇ ਨਿਤਰਨੀ ਸ਼ੁਰੂ ਹੋਈ। ਤੁਸੀਂ ਆਪ ਕਹਾਣੀਕਾਰ ਓ, ਬੜੇ ਸੁਹਣੇ ਤੇ ਸੁਚੱਜੇ। ਬੜੀ ਬਾਰੀਕ ਕਹਾਣੀ ਲਿਖਦੇ ਓ। ਇਕ ਵੇਲੇ ਤਕ ਅਸੀਂ ਤੁਹਾਡੀ ਕਹਾਣੀ ਤੋਂ ਮਹਿਰੂਮ ਰਹੇ ਆਂ। ਕਹਾਣੀ ਤਾਂ ਬੰਦੇ ਦੀ ਜ਼ਿੰਦਗੀ ਦੇ ਕੁਝ ਪਲ ਹੁੰਦੇ ਨੇ, ਕੁਝ ਚਮਤਕਾਰੀ ਪਲ। ਉਸ ਚਮਤਕਾਰ ਦਾ ਮੂੰਹ ਥੋੜ੍ਹਾ ਏਧਰੋਂ ਵੇਖਣਾ, ਥੋੜ੍ਹਾ ਓਧਰੋਂ ਵੇਖਣਾ। ਕੁਝ ਅੱਗਾ, ਕੁਝ ਪਿੱਛਾ। ਕੁਝ ਸੱਜਾ, ਕੁਝ ਖੱਬਾ ਤੇ ਉਹ ਚਮਤਕਾਰ ਜਾਂ ਚਮਕਾਰਾ ਕਹਾਣੀ ਵਿਚ ਢਲ ਜਾਂਦਾ।

?: ਤੁਸਾਂ ਕਹਾਣੀ ਨਾਲ ਜੁੜਨ ਤੇ ਕਹਾਣੀ ਵਿਚ ਪੇਸ਼ ਮਸਲਿਆਂ ਬਾਰੇ ਗੱਲ ਕੀਤੀ ਆ—ਬਹੁਤ ਵਧੀਆ ਤੇ ਵਿਸਥਾਰ ਨਾਲ। ਤੁਹਾਡੀ ਅਦਬੀ ਤਰਬੀਅਤ ਦੇ ਪਿੱਛੇ ਕੋਈ ਪਰਿਵਾਰਕ ਮਾਹੌਲ ਵੀ ਰਿਹਾ ਜਾਂ ਤੁਸਾਂ ਹੀ ਇਸ ਪਾਸੇ ਮੋੜ ਕੱਟਿਆ।

—: ਮੇਰੇ ਵਾਲਿਦ ਹੀਰ ਵਾਰਿਸ ਦੇ ਬਹੁਤ ਵੱਡੇ ਆਸ਼ਕ ਸਨ। ਉਹ ਓਨੀ ਕੁਰਾਨ ਨਹੀਂ ਸਨ ਪੜ੍ਹਦੇ ਜਿੰਨੀ ਹੀਰ ਪੜ੍ਹਦੇ। ਸਾਨੂੰ ਲਾਗੇ ਬਿਠਾ ਕੇ ਸੁਣਾਉਂਦੇ ਵੀ। ਮੇਰੀ ਵਾਲਿਦਾ ਨੂੰ ਵੀ

ਪੜ੍ਹਨ ਦਾ ਬਹੁਤ ਸ਼ੌਕ ਸੀ। ਸਾਡੇ ਘਰ ਲਖਨਊ ਦੀ ਕਿਸ਼ੋਰ ਪ੍ਰੈੱਸ ਦੀਆਂ ਛਪੀਆਂ ਬਹੁਤ ਕਿਤਾਬਾਂ ਸਨ। ਹਾਤਮਤਾਈ ਦੀ ਕਹਾਣੀ, ਕਈ ਕਿੱਸੇ, ਪੰਜਾਬੀ ਦਾ ਬਹੁਤ ਸਾਰਾ ਲਿਟਰੇਚਰ। ਵੱਡਿਆਂ ਵੱਲ ਵੇਖ ਕੇ ਸਾਨੂੰ ਵੀ ਸ਼ੌਕ ਪੈਦਾ ਹੋ ਗਿਆ। ਫਿਰ ਅਸੀਂ ਪੜ੍ਹਨ ਲੱਗ ਪਏ। ਮੈਂ ਆਪਣੀ ਵਾਲਿਦਾ ਨੂੰ ਨਾਵਲ ਪੜ੍ਹ-ਪੜ੍ਹ ਸੁਣਾਉਂਦਾ ਹੁੰਦਾ ਸਾਂ। ਇਸ ਪੜ੍ਹਨ ਪੜ੍ਹਾਉਣ ਤੇ ਸੁਣਨ ਸੁਣਾਉਣ ਦੇ ਸਿਲਸਿਲੇ ਵਿਚੋਂ ਜਿਹੜਾ ਮਾਹੌਲ ਬਣਦਾ, ਉਹ ਇਕ ਕਿਸਮ ਦਾ ਲਿਟਰੇਰੀ ਮਾਹੌਲ ਈ ਸੀ। ਇਕ ਤਾਂ ਇਹ ਬਣਿਆ ਸਬੱਬ। ਦੂਜੇ ਕਹਾਣੀ ਦੀ ਰੀਤ ਤਾਂ ਸਾਰੇ ਪੰਜਾਬੀ ਘਰਾਂ ਵਿਚ ਮੌਜੂਦ ਹੁੰਦੀ ਆ। ਸਾਡੀ ਨਾਨੀ ਆਪਣੇ ਵੇਲੇ ਦੀਆਂ ਛੋਟੀਆਂ-ਛੋਟੀਆਂ ਕਹਾਣੀਆਂ ਸੁਣਾਉਂਦੀ ਹੁੰਦੀ ਸੀ। ਇੰਜ ਕਹਾਣੀ ਵੱਲ ਉਲਾਰ ਦੀ ਵਜ੍ਹਾ ਬਹੁਤ ਹੱਦ ਤਕ ਘਰ ਦਾ ਮਾਹੌਲ ਸੀ। ਕਹਾਣੀ ਦੀ ਸਿਨਫ਼ ਮੈਨੂੰ ਓਪਰੀ ਨਹੀਂ ਲੱਗੀ। ਫਿਰ, ਕਹਾਣੀ ਦੀ ਗੋਂਦ ਜਾਂ ਸਟਰੱਕਚਰ ਦੀ ਗੱਲ ਕਿ ਕਿਸੇ ਗੱਲ ਨੇ ਕਹਾਣੀ ਬਣਨਾ ਕਿਵੇਂ ਹੈ। ਕਿਹੜੀ ਗੱਲ ਪਹਿਲਾਂ ਕਹਿਣੀ ਹੈ ਤੇ ਕਿਹੜੀ ਪਿੱਛੋਂ ? ਇਹ ਜੁਗਤ ਮੈਨੂੰ ਆਪਣੇ ਆਪ ਵਿਚ ਬਹੁਤ ਪਹਿਲਾਂ ਈ ਨਜ਼ਰ ਆਉਣ ਲੱਗੀ ਸੀ। ਕਾਫ਼ੀ ਕੁਝ ਹੋਰ ਕਹਾਣੀ ਦੀਆਂ ਕਿਤਾਬਾਂ ਪੜ੍ਹ ਕੇ ਸਮਝ ਆਇਆ। ਇਥੇ ਇਕ ਮੈਗਜ਼ੀਨ ਨਿਕਲਦਾ ਸੀ, 'ਲਕੂਸ਼'। ਉਹਨੇ ਇਕ ਬੜਾ ਭਰਪੂਰ ਕਹਾਣੀ ਨੰਬਰ ਕੱਢਿਆ। ਉਹ ਸਾਡੇ ਘਰ ਪਿਆ ਹੁੰਦਾ ਸੀ। ਉਸ ਨੂੰ ਪੜ੍ਹ ਕੇ ਕਾਫ਼ੀ ਸਮਝ ਆਈ। ਉਦੋਂ ਕਹਾਣੀ ਦਾ ਅੰਤ ਬੜਾ ਵਿਸਫ਼ੋਟਕ ਜਿਹਾ ਹੁੰਦਾ ਸੀ। ਕਹਾਣੀ 'ਠਾਹ' ਕਰਕੇ ਮੁੱਕਦੀ ਸੀ। ਉਹ ਟੈਕਨੀਕ ਵੀ ਚੰਗੀ ਲੱਗਦੀ ਸੀ। ਕਹਾਣੀ ਦਾ ਰਿਜ਼ਲਟ ਜ਼ੂਮ ਕਰਕੇ ਬਾਹਰ ਆ ਜਾਂਦਾ। ਬਾਅਦ ਵਿਚ ਇਸ ਗੱਲ ਨੂੰ ਹੋਰ ਤਰੀਕੇ ਨਾਲ ਵੇਖਣ ਦੀ ਲੋੜ ਪਈ ਕਿ ਸਿਰਫ਼ ਧਮਾਕਾ ਹੀ ਨਹੀਂ ਹੁੰਦਾ, ਬਾਅਜ਼ ਵੇਲੇ ਬੜੀ ਖ਼ਾਮੋਸ਼ੀ ਨਾਲ ਵੀ ਗੱਲ ਕਹੀ ਜਾ ਸਕਦੀ ਏ। ਫਿਰ ਇਸ ਟੈਕਨੀਕ ਦੀ ਸਮਝ ਪਈ। ਗੱਲ ਕਰਨ ਦਾ ਚਸਕਾ ਮੇਰੇ ਵਿਚ ਪਹਿਲਾਂ ਤੋਂ ਹੀ ਆ। ਮੈਂ ਦੋਸਤਾਂ ਵਿਚ ਬਹਿ ਕੇ ਬੜੀਆਂ ਗੱਲਾਂ ਸੁਣਾਨਾਂ। ਸਾਨੂੰ ਪੰਜਾਬੀਆਂ ਨੂੰ ਸ਼ਾਇਰੀ ਦੇ ਨਾਲ-ਨਾਲ ਕਹਾਣੀ ਦੀ ਵੀ ਗੁੜ੍ਹਤੀ ਆ।

? : ਤੁਹਾਡੀ ਗੱਲ 'ਚੋਂ ਗੱਲ ਨਿਕਲੀ ਐ, ਜਿਸ ਨੂੰ ਮੈਂ ਤੁਹਾਡੀਆਂ ਕਹਾਣੀਆਂ ਪੜ੍ਹਦਿਆਂ ਮਹਿਸੂਸ ਵੀ ਕੀਤਾ ਕਿ ਇਨ੍ਹਾਂ ਵਿਚ ਇਕ ਐਸਾ ਪਾਤਰ ਆਉਂਦੈ ਜਿਹੜਾ ਕਹਾਣੀ ਸੁਣਾਉਂਦਾ ਆ। ਕਿਸੇ ਸੱਥ ਵਿਚ, ਮਹਿਫ਼ਲ ਵਿਚ ਬੈਠਾ ਗੱਲਾਂ 'ਚੋਂ ਗੱਲ ਕੱਢ ਰਿਹਾ। ਮੈਂ ਉਹਨੂੰ ਗਾਲ੍ਹੜੀ ਕਿਸਮ ਦਾ ਬੰਦਾ ਨਹੀਂ ਕਹਿੰਦਾ। ਉਹ ਗੱਲਾਂ ਰਾਹੀਂ ਆਸੇ-ਪਾਸੇ ਨੂੰ ਐਕਸਪੋਜ਼ ਕਰਦਾ। ਮੈਨੂੰ ਲੱਗਦਾ ਉਹ ਪਾਤਰ ਤੁਹਾਡੇ ਅੰਤਰਮਨ ਨੂੰ ਜਾਂ ਜਿਵੇਂ ਤੁਸੀਂ ਖ਼ੁਦ ਵੀ ਕਿਹੈ ਕਿ ਮੈਂ ਯਾਰਾਂ ਮਿੱਤਰਾਂ ਵਿਚ ਬਹਿ ਕੇ ਗੱਲਾਂ ਨੂੰ ਚਸਕੇ ਲਾ ਲਾ ਸੁਣਾਨਾ, ਨੂੰ ਨਹੀਂ ਰੀਪ੍ਰੀਜ਼ੈਂਟ ਕਰਦਾ ?

—: ਇਹ ਬਿਲਕੁਲ ਠੀਕ ਆ। ਮੈਂ ਆਪਣੇ ਲਿਖਣ ਦੇ ਪ੍ਰੋਸੈੱਸ ਵਿਚ ਇਕ ਗੱਲ ਨੋਟ ਕੀਤੀ ਆ ਕਿ ਜਦੋਂ ਉਹ ਪਾਤਰ ਕੋਈ ਗੱਲ ਸੁਣ ਰਿਹਾ ਹੁੰਦਾ ਤਾਂ ਉਹ ਮਸਲੇ ਦੀਆਂ ਕਈ ਪਰਤਾਂ ਉਜਾਗਰ ਕਰ ਰਿਹਾ ਹੁੰਦਾ। ਉਸ ਦਾ ਗਲਾਧੜੀ ਹੋਣ ਨਾਲੋਂ ਏਹੀ ਫ਼ਰਕ ਏ ਕਿ ਉਹਨੂੰ ਗੱਲ ਕਰਨੀ ਆਉਂਦੀ ਆ। ਕਹਾਣੀਕਾਰ ਵੀ ਉਹੀ ਆ, ਜੀਹਨੂੰ ਗੱਲ ਕਰਨੀ ਆਉਂਦੀ ਆ। ਇਸੇ ਬੇਸ 'ਤੇ ਹੀ ਅਸੀਂ ਕਹਿੰਨੇ ਆ ਕਿ ਫਲਾਣੇ ਕਹਾਣੀਕਾਰ ਨੂੰ ਬੜੀ ਵਧੀਆ ਗੱਲ ਕਹਿਣੀ ਆਉਂਦੀ ਆ, ਉਹ ਬੜਾ ਆਹਲਾ ਕਹਾਣੀਕਾਰ ਆ। ਵੇਖਿਆ ਸੁਣਿਆ ਤਾਂ ਜ਼ਿੰਦਗੀ 'ਚੋਂ ਹੀ ਹੁੰਦਾ। ਫਿਰ ਉਹਨੂੰ ਪੜ੍ਹਨ ਨਾਲ ਪਕਾਇਆ-ਗਾਲ਼ਿਆ ਹੁੰਦਾ। ਫਿਰ ਉਹ ਬੰਦੇ ਦਾ ਆਪਣਾ ਇਕ ਹਿੱਸਾ ਬਣ ਜਾਂਦਾ।

? : ਕੁਝ ਦਿਨ ਪਹਿਲਾਂ ਸਾਡਾ ਮਿੱਤਰ ਹਰਜੀਤ ਅਟਵਾਲ ਇੰਗਲੈਂਡ ਤੋਂ ਆਇਆ ਸੀ। ਉਹ ਜਿੰਦਰ ਨਾਲ ਅੰਬਰਸਰ ਆਇਆ। ਅਸੀਂ ਜੋਗਿੰਦਰ ਸਿੰਘ ਰਾਹੀਂ ਹੋਰਾਂ ਕੋਲ ਬੈਠੇ ਸਾਂ। ਕਹਾਣੀ ਦੀ ਆਲੋਚਨਾ 'ਤੇ ਗੱਲ ਹੋ ਰਹੀ ਸੀ। ਰਾਹੀ ਸਾਹਿਬ ਆਪਣੀ ਨਵੀਂ ਛਪੀ ਕਿਤਾਬ 'ਪੰਜਾਬੀ ਕਹਾਣੀ ਸਫ਼ਰ ਤੇ ਸ਼ਾਸਤਰ' ਬਾਰੇ ਗੱਲ ਕਰ ਰਹੇ ਸਨ। ਉਹ ਕਹਾਣੀ ਦੇ ਕਲਾਤਮਕ ਪੱਖ ਬਾਰੇ ਚਰਚਾ ਕਰਦਿਆਂ ਕਹਿ ਰਹੇ ਸਨ ਕਿ ਵਿਸ਼ੇ ਦੀ ਅਹਿਮੀਅਤ ਬੇਸ਼ਕ ਹੈ, ਪਰ ਕਲਾਤਮਕ



ਜੁਗਤਾਂ ਬਹੁਤ ਅਹਿਮ ਨੇ। ਤੁਸੀਂ ਕਿਵੇਂ ਸੋਚਦੇ ਓ ?

—: ਮੈਂ ਵੀ ਸਮਝਨਾ ਕਿ ਵਿਸ਼ਾ ਆਪਣੀ ਜਗ੍ਹਾ ਹੈ। ਇਹ ਬਹੁਤ ਬੁਨਿਆਦੀ ਚੀਜ਼ ਹੈ। ਜੇ ਏਡੀ ਬੁਨਿਆਦੀ ਚੀਜ਼ ਨੂੰ ਕੁਚੱਜੇ ਤਰੀਕੇ ਨਾਲ ਪੇਸ਼ ਕਰਾਂਗੇ ਤਾਂ ਗੱਲ ਨਹੀਂ ਬਣੇਗੀ। ਮਾਰਕਸੀ ਵਿਚਾਰਧਾਰਾ ਵਾਲੇ ਲੇਖਕਾਂ ਨੇ ਗੱਲ ਫੜ ਲਈ ਕਿ ਅਸਲ ਮਸਲਾ ਵਿਸ਼ੇ ਦਾ ਈ ਆ। ਕਿਸੇ ਵੀ ਰਚਨਾ ਦਾ ਮਿਆਰ ਵਿਸ਼ੇ ਨੇ ਹੀ ਤੈਅ ਕਰਨਾ। ਵਿਸ਼ਾ ਤਾਂ ਗੁੱਝੀ ਸੈਨਤ ਕਰਦਾ ਆ, ਲੇਖਕ ਉਸ ਸੈਨਤ ਨੂੰ ਪਛਾਨਣ ਜੋਗਾ ਤਾਂ ਹੋਵੇ। ਕਲਾ ਤੇ ਕਾਰੀਗਰੀ ਦੀ ਸਿੰਞਾਣ ਰੱਖਣ ਵਾਲਾ ਹੋਵੇ। ਤੁਹਾਨੂੰ ਉਹਦੇ ਵਿਚੋਂ ਹੀ ਵਿਸ਼ਾ ਦਿਸੇਗਾ। ਗੱਲ ਕਰਨ ਦੀ ਜਾਚ ਤੋਂ ਬਿਨਾਂ ਵਿਸ਼ਾ ਭਾਵੇਂ ਜਿੰਨਾ ਮਰਜ਼ੀ ਵੱਡਾ ਹੋਵੇ, ਗੱਲ ਨਹੀਂ ਬਣੇਗੀ। ਜੇ ਤੁਹਾਨੂੰ ਪੇਸ਼ਕਾਰੀ ਦਾ ਚੱਜ ਨਹੀਂ ਆਇਆ ਤਾਂ ਰਚਨਾ ਦਾ ਬੇੜਾ ਗਰਕ ਹੋ ਜਾਏਗਾ। ਰਚਨਾ ਦਾ ਬੇੜਾ ਤਾਰਨ ਲਈ, ਵਿਸ਼ੇ ਦੀਆਂ ਗੁੱਝੀਆਂ ਰਮਜ਼ਾਂ ਸਮਝਣੀਆਂ ਪੈਣਗੀਆਂ। ਫਿਰ ਇਕ ਘਾੜਤ ਘੜਨ ਦੀ ਜੁਗਤ ਹੋਣੀ ਚਾਹੀਦੀ ਆ। ਗੱਲ ਨੂੰ ਕਿਥੋਂ ਫੜਨਾ, ਕਿਥੇ ਛੱਡਣਾ, ਕਿਥੋਂ ਉਜਾਗਰ ਕਰਨਾ, ਕਿਥੋਂ ਲਫ਼ਜ਼ ਕੱਟਣੇ, ਕਿਥੇ ਜੋੜਨੇ, ਕਿਥੋਂ ਖਿਲਾਰਨੇ, ਕਿਥੋਂ ਸਮੇਟਣੇ ਇਹ ਜੁਗਤ ਆਉਣੀ ਜ਼ਰੂਰੀ ਆ। ਇਹ ਪੜ੍ਹਨ ਨਾਲ ਆਉਂਦੀ ਆ। ਇਹਦੀ ਕੋਈ ਗਾਈਡ ਨਹੀਂ, ਨਾ ਹਿਸਾਬ ਵਰਗਾ ਕੋਈ ਫਾਰਮੂਲਾ।

? : ਸਾਡਾ ਇਕ ਕਹਾਣੀਕਾਰ ਆ—ਸੁਖਜੀਤ। ਆਪਣੀ ਇਕ ਇੰਟਰਵਿਊ 'ਚ ਉਹ ਚੰਗੇ ਕਹਾਣੀਕਾਰ ਦੀ ਤੁਲਨਾ ਇਕ ਸੁੱਘੜ ਔਰਤ ਨਾਲ ਕਰਦਾ। ਜਿਸ ਨੂੰ ਦਹੀਂ ਚਾਟੀ ਵਿਚ ਪਾਉਂਦੇ ਸਮੇਂ ਪਤਾ ਹੁੰਦਾ ਕਿ ਕਿੰਨਾ ਕੁ ਪਾਣੀ ਪਾਉਣਾ। ਕੁਚੱਜੀ ਔਰਤ ਪਾਣੀ ਦੀ ਵਾਧ ਘਾਟ ਨਾਲ ਖਿਲਾਰਾ ਪਾ ਬਹਿੰਦੀ ਆ। ਕਹਾਣੀਕਾਰ ਦੀ ਪ੍ਰਬੀਨਤਾ ਅਸੀਂ ਇਸ ਗੱਲ 'ਚੋਂ ਹੀ ਲੱਭਾਂਗੇ ਕਿ ਉਹ ਵਿਸ਼ੇ ਨੂੰ ਕਿੰਨੀ ਸਮਰੱਥਾ ਨਾਲ ਪੇਸ਼ ਕਰ ਸਕਿਆ। ਕਈ ਵਿਸ਼ੇ ਤਾਂ ਏਨੇ ਸੂਖ਼ਮ ਹੁੰਦੇ ਨੇ ਕਿ ਉਹ ਕਹਾਣੀ ਦੀ ਇਬਾਰਤ ਵਿਚੋਂ ਹੀ ਨਜ਼ਰ ਆਉਂਦੇ ਨੇ, ਓਦਾਂ ਨਹੀਂ।

—: ਬਾਅਜ਼ ਵੇਲੇ ਮੈਨੂੰ ਵੀ ਲਗਦੈ ਕਿ ਕੁਝ ਚੀਜ਼ਾਂ ਆਪਣਾ ਰੂਪ ਮੰਗ ਰਹੀਆਂ ਨੇ। ਉਹ ਕੋਈ ਬਣੀ ਬਣਾਤੀ ਸ਼ੈਅ ਨਹੀਂ ਹੁੰਦੀ। ਲਿਖਦਿਆਂ ਹੀ ਵਿਸ਼ਾ ਬਣਨਾ ਸ਼ੁਰੂ ਹੁੰਦਾ। ਤੁਸੀਂ ਕਿਸੇ ਪਲ ਨੂੰ ਗੂੜ੍ਹੇ ਅਰਥਾਂ ਵਿਚ ਪੇਸ਼ ਕਰਦੇ ਓ। ਆਪਣੇ ਉਪਰ ਕਿਸੇ ਵਿਸ਼ੇਸ਼ ਕੈਫ਼ੀਅਤ ਨੂੰ ਪਾਠਕਾਂ ਨਾਲ ਸਾਂਝਾ ਕਰਦੇ ਓ। ਇਹ ਲੇਖਕ ਨੇ ਵੇਖਣਾ ਕਿ ਇਸ ਦਾ ਅੱਗੇ ਪਿੱਛਾ ਕਿਵੇਂ ਬਣੇ ? ਕੁਝ ਤੁਸੀਂ ਆਪਣੀਆਂ ਭਾਵਨਾਵਾਂ ਜੋੜਦੇ ਓ। ਰੂਪ ਲੈਣ ਦੇ ਅਮਲ ਵਿਚੋਂ ਹੀ ਵਿਸ਼ਾ ਉਜਾਗਰ ਹੋ ਰਿਹਾ ਹੁੰਦਾ। ਇਕ ਨੁਕਤਾ ਹੀ ਤੁਸੀਂ ਤੈਅ ਕਰਦੇ ਹੋ, ਬਾਕੀ ਸਭ ਕੁਝ ਕਲਮ ਦੇ ਅਮਲ ਵਿਚ ਹੀ ਪੂਰਾ ਹੁੰਦਾ। ਕਲਾ ਦੇ ਮਾਮਲੇ ਬਹੁਤ ਅਹਿਮ ਨੇ। ਇਹ ਤੁਹਾਡੀ ਆਪਣੀ ਕੈਮਿਸਟਰੀ ਦਾ ਹਿੱਸਾ ਹੋਣੀ ਚਾਹੀਦੀ ਆ। ਇਹ ਕੈਮਿਸਟਰੀ ਹੀ ਵਿਸ਼ੇ ਦੀ ਚੋਣ ਕਰਦੀ ਐ। ਤੁਸੀਂ ਕੋਈ ਚੀਜ਼ ਵੇਖਦੇ ਹੋ ਤੇ ਆਖਦੇ ਹੋ, ਇਸ ਉੱਪਰ ਕਹਾਣੀ ਬਣ ਸਕਦੀ ਆ। ਫਿਰ ਉਸ ਨਿੱਕੇ ਜਿਹੇ ਬਿੰਦੂ ਨੂੰ ਆਪਣੇ ਜ਼ਿਹਨ ਵਿਚ ਪਕਾਉਂਦੇ ਹੋ। ਫਿਰ ਜਾ ਕੇ ਉਹ ਆਪਣਾ ਰੂਪ ਅਖ਼ਤਿਆਰ ਕਰਦੀ ਆ। ਉਹ ਬਿੰਦੂ ਉਭਰਦਾ ਉਦੋਂ ਹੀ ਆ ਜਦੋਂ ਉਸ ਦੇ ਦੁਆਲੇ ਇਕ ਤਾਣਾ-ਬਾਣਾ ਉਸਾਰ ਦਿੱਤਾ ਜਾਵੇ। ਕਹਾਣੀਕਾਰ ਇਹ ਮਿਥ ਕੇ ਨਹੀਂ ਲਿਖਦਾ ਕਿ ਇਹਦੇ ਵਿਚ ਕਿੰਨਾ ਮਸਾਲਾ ਪਾਉਣਾ ਜਾਂ ਕਿੰਨਾ ਨਹੀਂ। ਇਹ ਉਸ ਦੀ ਕੈਮਿਸਟਰੀ ਤੈਅ ਕਰਦੀ ਆ ਕਿ ਮੈਂ ਕਿਵੇਂ ਚਲਣਾ।

? : ਤੁਸੀਂ ਇਸ ਗੱਲ ਨਾਲ ਵੀ ਸਹਿਮਤ ਹੋਵੋਗੇ ਕਿ ਕਦੋਂ ਕਹਾਣੀ ਆਪਣੀ ਰਫ਼ਤਾਰ ਫੜ ਲੈਂਦੀ ਆ ਤਾਂ ਉਹਦੇ ਉੱਪਰ ਲੇਖਕ ਦਾ ਆਪਣਾ ਵੀ ਹੋਲਡ ਨਹੀਂ ਰਹਿੰਦਾ। ਅਸੀਂ ਬਹੁਤੀ ਵਾਰ ਕਹਾਣੀ ਦਾ ਸਿਖ਼ਰ ਜਾਂ ਅੰਤ ਪਹਿਲਾਂ ਕਿਆਸ ਕੇ ਨਹੀਂ ਤੁਰਦੇ। ਅਚਾਨਕ ਲੱਗਦੈ ਕਿ ਇਕ ਵਾਕ ਤੋਂ ਬਾਅਦ ਕਹਾਣੀ ਅੱਗੇ ਨਹੀਂ ਜਾਣੀ। ਜਦੋਂ ਤੁਸੀਂ ਸ਼ਿਲਪਕਾਰੀ ਦੇ ਰਾਹੇ ਪਏ ਓ ਤਾਂ ਇੰਜ ਹੀ ਹੋਵੇਗਾ। ਤੁਸੀਂ ਚੜ੍ਹਦੇ ਪੰਜਾਬ ਦੇ ਸਿਰਕੱਢ ਲੇਖਕ ਪੜ੍ਹੇ ਨੇ, ਨਵੇਂ ਵੀ ਪੜ੍ਹਦੇ ਓ। ਇਹ ਤੁਹਾਡੀ ਸਿਫ਼ਤ ਐ ਕਿ ਤੁਸੀਂ ਪੰਜਾਬੀ ਦੀ ਸਮੁੱਚੀ ਕਹਾਣੀ ਦੀ ਨਬਜ਼ ਪਛਾਣਦੇ ਓ। ਪਹਿਲਾਂ

ਤੁਸੀਂ ਚੜ੍ਹਦੇ ਪੰਜਾਬ ਦੇ ਹਵਾਲੇ ਨਾਲ ਗੱਲ ਕਰ ਲਓ ਕਿ ਸਮਕਾਲੀ ਪੰਜਾਬੀ ਕਹਾਣੀ ਦਾ ਦ੍ਰਿਸ਼ ਤੁਸੀਂ ਕਿਸਰਾਂ ਦਾ ਮਹਿਸੂਸ ਕਰਦੇ ਓ ?

—: ਬਹੁਤ ਔਖਾ ਸੁਆਲ ਆ।

? : ਇਹਦਾ ਮਤਲਬ ਕਿ ਹੁਣ ਇਕ ਸਿਗਰਟ ਪੀਣੀ ਪਏਗੀ ਤੁਹਾਨੂੰ। (ਹਾਸਾ) ਜ਼ਰਾ ਵੇਖ ਲਓ ਮੁੱਕ ਤਾਂ ਨੀ ਗਈਆਂ ?

—: ਨਹੀਂ ਹੈ ਨੇ, ਐਧਰ ਦਰਾਜ ਵਿਚ ਪਈਆਂ। ਤੁਸੀਂ ਰਤਾ ਏਧਰ ਹੋ ਜਾਓ, ਧੂੰਆਂ ਨਾ ਪਏ।

? : ਕੋਈ ਗੱਲ ਨਹੀਂ, ਮੈਂ ਦਿਲਦਾਰ ਨੂੰ ਕਹਿੰਨਾ ਕਿ ਮੇਰੇ ਲਈ ਇਕ ਫਿੱਕੀ ਚਾਹ ਬਣਾ ਦਏ। ਤੁਸੀਂ ਗੱਲ ਕਰੋ।

—: ਸੁਆਲ ਥੋੜ੍ਹਾ ਔਖਾ ਪਰ ਮੈਂ ਕੁਝ ਕਰਦਾਂ ਹੀਲਾ ਗੱਲ ਕਰਨ ਦਾ। ਮਸਲਾ ਏ ਵੀਰ ਜੀ ਕਿ ਅਸੀਂ ਤਾਂ ਚੋਣਵਾਂ ਚੋਣਵਾਂ ਈ ਵੇਖਨੇ ਆਂ ਤੁਹਾਡੇ ਵੱਲ ਦਾ ਲਿਟਰੇਚਰ। ਕਈ ਵਾਰ ਜ਼ਿਆਦਾ ਪੜ੍ਹਿਆ ਜਾਏ ਤਾਂ ਵਾਕਫ਼ੀਅਤ ਵਧ ਵੀ ਜਾਂਦੀ ਆ। ਏਨੀ ਗੱਲ ਤਾਂ ਬੜੇ ਯਕੀਨ ਨਾਲ ਕਹੀ ਜਾ ਸਕਦੀ ਆ ਕਿ ਚੜ੍ਹਦੇ ਪੰਜਾਬ ਦੀ ਕਹਾਣੀ ਬੜੀ ਰਿੱਚ ਆ। ਟੈਕਨੀਕ ਦੇ ਵੀ ਸਾਰੇ ਤਜਰਬੇ ਹੋਏ ਨੇ। ਅੱਜ ਕੱਲ੍ਹ ਥੋੜ੍ਹਾ ਹੋਰ ਤਰ੍ਹਾਂ ਦੀ ਟੈਕਨੀਕ ਵਿਚ ਵੀ ਪੈ ਗਈ ਆ, ਲੇਕਿਨ ਹੈ ਸਾਰਾ ਉਹ ਵਿਕਾਸ ਦਾ ਹੀ ਮਸਲਾ। ਉਥੇ ਕੁਝ ਲੋਕ ਮੁਖਾਲਫ਼ਿਤ ਵੀ ਕਰ ਰਹੇ ਨੇ। ਕੁਝ ਚੀਜ਼ਾਂ ਐਸੀਆਂ ਹੁੰਦੀਆਂ ਨੇ ਜਿਨ੍ਹਾਂ ਤੋਂ ਬੰਦਾ ਸਮਾਂ ਪਾ ਕੇ ਅਵਾਜ਼ਾਰ ਹੋਣਾ ਸ਼ੁਰੂ ਹੁੰਦਾ। ਤੁਹਾਡੇ ਸਮਾਜਕ ਯਥਾਰਥ ਦੀ ਬਥੇਰੀ ਵਰਤੋਂ ਹੋਈ। ਇਸ ਵਰਤੋਂ ਨਾਲ ਨੀਂਹਾਂ ਬੜੀਆਂ ਪੱਕੀਆਂ ਧਰੀਆਂ ਗਈਆਂ। ਇਸ ਨੇ ਲੋਕ ਕਹਾਣੀ ਦੀ ਰੀਤ ਨੂੰ ਵੀ ਨਾਲ ਤੋਰਿਆ ਤੇ ਪੱਛਮ ਦਾ ਤਜਰਬਾ ਵੀ ਗ੍ਰਹਿਣ ਕੀਤਾ। ਕਿਸੇ ਮਸਲੇ ਨੂੰ ਇਕ ਖ਼ਾਸ ਤਰ੍ਹਾਂ ਦੇ ਮੇਚੇ ਵਿਚ ਫਿੱਟ ਕਰਨਾ। ਇਹ ਤਜਰਬਾ ਸਫ਼ਲ ਰਿਹਾ। ਅਗਲੇ ਤਜਰਬੇ ਕਰਨੇ ਆਸਾਨ ਹੋ ਗਏ। ਲੋਕ ਉਨ੍ਹਾਂ ਤਜਰਬਿਆਂ ਨੂੰ ਸਮਝਣ ਜੋਗੇ ਹੋ ਗਏ। ਇਕ ਨਿੱਗਰ ਨੀਂਹ ਜੁ ਪਿੱਛੋਂ ਤੁਰੀ ਆਉਂਦੀ ਸੀ। ਅੱਜ ਚੜ੍ਹਦੇ ਪੰਜਾਬ ਦੇ ਹਰ ਕਹਾਣੀਕਾਰ ਨੂੰ ਉਸ ਦੀ ਪੁੱਠ ਆ। ਉਸ ਪੁੱਠ ਦੀ ਬੁਨਿਆਦ ਮੌਜੂਦ ਆ। ਪ੍ਰੇਮ ਪ੍ਰਕਾਸ਼ ਜਿੰਨੀਆਂ ਮਰਜ਼ੀ ਛਾਲਾਂ ਮਾਰੇ, ਉਹ ਆਪਣੇ ਪਿੱਛੇ ਬੱਝੀ ਹੋਈ ਸੱਥਰ ਤੋਂ ਨਹੀਂ ਬਚ ਸਕਦਾ। ਉਹ ਸੱਥਰ ਥਾਂ ਦਿੰਦੀ ਆ, ਉਹ ਉਥੋਂ ਹੀ ਅਗਾਂਹ ਤੁਰਦਾ। ਜਿਹੜੀ ਕਹਾਣੀ ਲਿਖੀ ਜਾ ਰਹੀ ਆ ਉਹਦੇ ਵਿਚ ਮੌਜੂਆਤ ਦੀ ਬੜੀ ਵਰਾਇਟੀ ਆ। ਸਿੱਧੀ ਸਾਹਵੀਂ ਲੁੱਟ ਖਸੁੱਟ ਤੋਂ ਲੈ ਕੇ ਨਫਸਿਆਤੀ ਮਾਮਲਿਆਂ ਤੀਕਰ। ਨਫਸਿਆਤੀ ਮਾਮਲਿਆਂ ਵਿਚੋਂ ਜਿਨਸੀ ਮਸਲਾ, ਉਹਦਾ ਮਾਨਸਿਕ ਸਿਹਤ ਉੱਪਰ ਅਸਰ, ਸਮਾਜੀ ਚਲਨ ਨਾਲ ਜੁੜਿਆ ਇਨਸਾਨੀ ਮਸਲਾ। ਤੁਸਾਂ ਇਹ ਸਾਰਾ ਕੁਝ ਆਪਣੀ ਕਹਾਣੀ ਵਿਚ ਬੜੀ ਵਰਾਇਟੀ ਨਾਲ ਵਿਖਾਇਆ। ਉਸ ਨੂੰ ਕੌਣ ਵਧੀਆ ਢੰਗ ਨਾਲ ਵਿਖਾ ਸਕਿਆ, ਕਿਸ ਬੰਦੇ ਦਾ ਭਰਵਾਂ ਯੋਗਦਾਨ ਆ, ਇਹ ਵੇਖਦੇ ਆਂ। ਜਿੰਦਰ ਚੰਗਾ ਲਿਖਦਾ, ਲੇਕਿਨ ਉਹਦਾ ਮਸਲਾ ਐ। ਕਦੀ ਕਦੀ ਲੱਗਣ ਲੱਗਦਾ ਉਹ ਬਹੁਤਾ ਹੀ ਅੱਕਿਆ ਹੋਇਆ। ਨਫਸਿਆਤੀ ਮਸਲਿਆਂ ਨੂੰ ਸਮਾਜੀ ਚਲਨ ਨਾਲੋਂ ਵੱਖਰਿਆਂ ਹੋ ਕੇ ਸਮਝਣ ਦੀ ਕੋਸ਼ਿਸ਼ ਕਰਦਾ। ਤੁਹਾਡੀ ਕਹਾਣੀ 'ਚ ਮੈਂ ਨੋਟ ਕੀਤਾ ਕਿ ਤੁਸੀਂ ਸਮਾਜਕ ਸਿਸਟਮ ਨੂੰ ਘੁਮਿਆਰ ਦੇ ਚੱਕ ਵਾਂਗ ਵੇਖਦੇ ਓ, ਜਿਵੇਂ ਚੱਕ ਪਿਆ ਚਲਦਾ ਹੋਵੇ ਤੇ ਉਹਦੇ ਉੱਪਰ ਭਾਂਡੇ ਬਣੀ ਤੁਰੇ ਜਾਂਦੇ ਹੋਣ। ਚੱਕ ਦੀ ਚਾਲ ਦਾ ਪਤਾ ਹੋਣਾ ਚਾਹੀਦਾ ਕਿ ਬੰਦੇ ਬਣੇ ਕਾਹਦੇ ਤੋਂ ਨੇ। ਚੱਕ ਦਾ ਚਲਣ ਵਿਖਾਉਣਾ ਜ਼ਰੂਰੀ ਆ। ਸਮੱਸਿਆ ਨੂੰ ਫੜਨਾ। ਇਹ ਕੋਈ ਅਸਮਾਨੋਂ ਲੱਥੀ ਸ਼ੈਅ ਨਹੀਂ। ਇਹ ਜ਼ਿੰਦਗੀ ਦੇ ਕਿਸੇ ਹਿਸਾਬ ਕਿਤਾਬ ਵਿਚੋਂ ਨਿਕਲੀ ਆ। ਤੁਹਾਡੀ ਕਹਾਣੀ ਵਿਚ ਮੈਨੂੰ ਬਹੁਤ ਬਾਰੀਕੀ ਨਜ਼ਰ ਆਈ ਆ। ਇਹ ਇਸ ਲਈ ਨਹੀਂ ਕਹਿ ਰਿਹਾ ਕਿ ਤੁਸੀਂ ਮੇਰੇ ਸਾਹਮਣੇ ਬੈਠੇ ਓ। ਮੈਂ ਪਹਿਲਾਂ ਬਹੁਤ ਸਾਰੀਆਂ ਕਹਾਣੀਆਂ ਪੜ੍ਹੀਆਂ। ਤੁਹਾਡੀ ਕਹਾਣੀ ਤੋਂ ਜਾਣੂ ਨਹੀਂ ਸਾਂ, ਲੇਕਿਨ ਜਦੋਂ ਪੜ੍ਹੀਆਂ ਤਾਂ ਬਿਲਕੁਲ ਅਜੀਬ ਤਰ੍ਹਾਂ ਦੀ ਕੈਫ਼ੀਅਤ



ਹੋ ਗਈ ਕਿ ਏਨੀਆਂ ਬਾਰੀਕ ਗੱਲਾਂ। ਮੈਨੂੰ ਲੱਗਾ ਕਿ ਜਿਨ੍ਹਾਂ ਗੱਲਾਂ ਨੂੰ ਕਈ ਕਹਾਣੀਕਾਰ ਨਜ਼ਰਅੰਦਾਜ਼ ਕਰਦੇ ਨੇ ਕਿ ਸ਼ਾਇਦ ਇਹ ਗੱਲਾਂ ਪਾਇਆਂ ਕਹਾਣੀ ਨਹੀਂ ਬਣਨੀ ਤੁਸਾਂ ਉਹ ਗੱਲਾਂ ਰੱਖ ਕੇ ਕਹਾਣੀ ਉਸਾਰੀ ਔਰ ਸਾਬਤ ਕੀਤਾ ਕਿ ਜਨਾਬ ਇਨ੍ਹਾਂ ਗੱਲਾਂ ਨਾਲ ਹੀ ਕਹਾਣੀ ਬਣਦੀ ਆ। ਮਸਲਾ ਇਹ ਨਹੀਂ ਆ ਕਿ ਤੁਸਾਂ ਕਿਸੇ ਸਮੱਸਿਆ ਤੋਂ ਜਾਣੂ ਕਰਾਉਣਾ, ਉਹਦੀ ਜੜ੍ਹਤਕਾਰੀ ਦਾ ਜਿਹੜਾ ਸੁਆਦ ਹੁੰਦਾ ਕਿ ਤੁਸੀਂ ਲੱਜਤ ਦੇ ਨਾਲ ਚੇਤੰਨ ਵੀ ਹੋ ਰਹੇ ਓ। ਬੇਸੁਆਦੀ ਨਾਲ ਕਾਂਸ਼ਿਅਸ਼ ਨਹੀਂ ਹੋ ਰਹੇ। ਕਲਾ ਨੂੰ ਮਾਨਣ ਦਾ ਇਹ ਬੜਾ ਮੈਚਿਓਰ ਸੁਆਦ ਆ। ਕਲਾ ਜਿਵੇਂ-ਜਿਵੇਂ ਅੱਗੇ ਜਾਂਦੀ ਆ, ਉਸ ਦਾ ਸੁਆਦ ਮੈਚਿਓਰ ਹੁੰਦਾ ਜਾਂਦਾ। ਸੁਆਦ ਦੀਆਂ ਡੂੰਘੀਆਂ ਤੋਂ ਡੂੰਘੀਆਂ ਪਰਤਾਂ ਨੇ। ਰੀਡਰ ਨੂੰ ਤੁਸੀਂ ਮਨੋਰੰਜਨ ਦੇ ਉਸ ਲੈਵਲ 'ਤੇ ਲੈ ਜਾਂਦੇ ਓ, ਜਿਥੇ ਜਾਣਕਾਰੀ ਦਾ ਵੀ ਉੱਚਾ ਲੈਵਲ ਆ। ਤੁਹਾਡੀ ਕਹਾਣੀ ਵਿਚ ਇਹ ਗੱਲ ਮੈਨੂੰ ਚੰਗੀ ਲੱਗੀ ਆ। ਮੌਜੂਆਤ ਦੀ ਬਾਰੀਕੀ, ਉਨ੍ਹਾਂ ਦੀਆਂ ਛੋਟੀਆਂ ਛੋਟੀਆਂ ਤੇ ਬਹੁਤ ਚੁਣੀਆਂ ਹੋਈਆਂ ਡੀਟੇਲਜ਼। ਬਹੁਤ ਘੱਟ ਲਫ਼ਜ਼ਾਂ ਵਿਚ। ਥੋੜ੍ਹੇ ਜਿਹੇ ਪਾਸਾਰ ਵਿਚ ਹੀ ਉਹ ਡੀਟੇਲਜ਼ ਨਜ਼ਰ ਆਉਣੀਆਂ ਸ਼ੁਰੂ ਹੋ ਜਾਂਦੀਆਂ। ਬੰਦਾ ਉਹਨੂੰ ਫੀਲ ਕਰਨ ਲੱਗ ਪੈਂਦਾ। ਬੰਦੇ ਦੀ ਸਾਇਕੀ ਉਹਦੇ ਡਾਇਲਗ 'ਚੋਂ ਬੋਲਦੀ ਆ। ਔਰਤ ਦੇ ਨਾਲ ਜਿਹੜੇ ਮਸਲੇ ਮਸਾਇਲ ਨੇ, ਉਹ ਵੀ ਸਾਰੇ ਡਾਇਲਾਗ ਰਾਹੀਂ ਉਜਾਗਰ ਹੁੰਦੇ ਨੇ। ਵਾਕਿਆਤ ਉਸ ਦੀ ਪਰਸਨੈਲਿਟੀ 'ਤੇ ਕਿਸਰਾਂ ਦਾ ਅਸਰ ਪਾ ਰਹੇ ਨੇ। ਸਿਸਟਮ ਉਹਨੂੰ ਕਿਹੜੀਆਂ ਜਾਚਾਂ ਸਿਖਾਣ ਡਿਹਾ ਏ। ਮੈਂ ਚਾਹੁੰਨਾ ਕਿ ਇਸ ਮੁੱਦੇ ਉੱਪਰ ਤਫਸੀਲ ਨਾਲ ਲਿਖਾਂ। ਪਾਕਿਸਤਾਨੀ ਕਹਾਣੀ ਵਿਚ ਇਹ ਸਭ ਕੁਝ ਬਣਾਉਣ ਦੀ ਕੋਸ਼ਿਸ਼ ਵਿਚ ਅਸੀਂ ਪਏ ਹੋਏ ਆਂ। ਏਥੇ ਓਪਰੀ ਬੋਲੀ ਦੀਆਂ ਕਹਾਣੀਆਂ ਨੂੰ ਬੜੀ ਥਾਂ ਦਿੱਤੀ ਗਈ। ਮੰਟੋ, ਕ੍ਰਿਸ਼ਨ ਚੰਦਰ, ਇਸਮਤ ਵਗੈਰਾ ਏਥੇ ਆਮ ਪੜ੍ਹੇ ਜਾਂਦੇ ਰਹੇ ਲੇਕਿਨ ਆਪਣੀ ਕਹਾਣੀ, ਜਿਹਦੇ 'ਚੋਂ ਆਪਣਾ ਸਮਾਜ ਨਜ਼ਰੀਂ ਪਏ, ਗੁੱਠੇ ਲੱਗੀ ਰਹੀ। ਅਕਬਰ ਲਾਹੌਰੀ ਨੇ ਮੁੱਢ ਬੰਨ੍ਹਿਆ, ਰੰਧਾਵੇ ਨੇ ਗੱਲ ਤੋਰੀ, ਅਗਾਂਹ ਕੁਝ ਹੋਰ ਵੀ ਆਏ। ਇਹ ਕੋਈ ਬਹੁਤੀ ਪੁਰਾਣੀ ਗੱਲ ਨਹੀਂ, ਸਾਡੇ ਤੋਂ ਥੋੜ੍ਹਾ ਕੁ ਪਹਿਲਾਂ ਦੀ ਏ। ਅਸਾਂ ਬਹੁਤ ਯਤਨ ਕਰਕੇ ਲੋਕਾਂ ਨੂੰ ਥੋੜ੍ਹੀ ਚੇਟਕ ਲਾਈ ਏ। ਆਲੋਚਨਾ ਬਾਰੇ ਮੈਂ ਬਹੁਤਾ ਕੁਝ ਨਹੀਂ ਕਹਿ ਸਕਦਾ। ਜ਼ੁਬਾਨ ਦਾ ਅਕੈਡਮਿਕ ਕੰਮ ਤਾਂ ਹੋਇਆ ਈ ਨਹੀਂ। ਇਹ ਪੱਖ ਬੜਾ ਕਮਜ਼ੋਰ ਆ। ਅਸੀਂ ਕਰ ਰਹੇ ਆਂ, ਕੁਝ ਪਾਠਕ ਜੁੜੇ ਨੇ, ਕਹਾਣੀ ਪੜ੍ਹੀ ਜਾਣ ਲੱਗੀ ਹੈ। ਕਈ ਪਾਠਕ ਸੁਝਾਅ ਵੀ ਦੇਣ ਲੱਗੇ ਨੇ। ਕੁਝ ਲੋਕਾਂ ਨੇ ਅਦਬ ਨੂੰ ਪਰਖਣ, ਲੇਖਾ ਜੋਖਾ ਕਰਨ ਦਾ ਕੰਮ ਵੀ ਆਰੰਭਿਆ ਏ। ਉਂਜ ਕੋਈ ਪੱਕਾ ਪੀਡਾ ਕੰਮ ਨਹੀਂ ਹੋਇਆ। ਆਲੋਚਨਾ ਦੀ ਕੋਈ ਬਿਹਤਰ ਕਿਤਾਬ ਨਹੀਂ ਲਿਖੀ ਗਈ। ਕਹਾਣੀ ਉਪਰ ਭਰਪੂਰ ਬਹਿਸ ਵਾਲੀਆਂ ਬੈਠਕਾਂ ਵੀ ਨਹੀਂ ਹੁੰਦੀਆਂ। ਸੈਮੀਨਾਰ ਨਹੀਂ ਹੁੰਦੇ। ਛੇ ਕੁ ਸਾਲ ਪਹਿਲਾਂ ਮੈਂ ਇਕ ਕਹਾਣੀ ਦਰਬਾਰ ਕਰਾਉਣ ਦਾ ਉਪਰਾਲਾ ਕੀਤਾ ਸੀ। ਉਸ ਤੋਂ ਬਾਅਦ ਫਿਰ ਚੁੱਪ। ਪਰ ਏਨਾ ਜ਼ਰੂਰ ਆ ਕਿ ਕਹਾਣੀ ਨੇ ਆਪਣੀ ਥਾਂ ਬਣਾਈ ਆ। ਗੁੱਝਾ ਗੁੱਝਾ ਲੇਖਾ ਜੋਖਾ ਵੀ ਹੋਣ ਲੱਗਾ ਹੈ ਪਰ ਹਾਲੇ ਸਿਲਸਿਲੇਵਾਰ ਨਹੀਂ। ਕਾਫ਼ੀ ਲੇਖਕ ਕਹਾਣੀ ਲਿਖਣ ਲੱਗੇ ਨੇ, ਪਰ ਉਨ੍ਹਾਂ ਨੂੰ ਕੀ ਤੇ ਕਿਵੇਂ ਲਿਖਣਾ ਚਾਹੀਦਾ, ਅਜਿਹੀ ਸੇਧ ਦੇਣ ਵਾਲਾ ਕੋਈ ਨਹੀਂ। ਚੰਗੇ ਪੱਧਰ ਦਾ ਆਲੋਚਕ ਏਥੇ ਮੌਜੂਦ ਨਹੀ। ਇੰਜ ਲਿਖਣ ਵਾਲੇ ਨੇ ਹਰ ਗੱਲ ਨੂੰ ਕਹਾਣੀ ਸਮਝ ਲਿਆ। ਮੌਜੂ ਦੇ ਮਾਮਲੇ ਵੀ ਨਹੀਂ ਉੱਘੜ ਰਹੇ। ਕਹਾਣੀਆਂ ਤਕਨੀਕੀ ਪੱਖੋਂ ਕਚੇਰੀਆਂ ਨੇ। ਲੋਕਾਂ ਨੂੰ ਪੜ੍ਹਨ ਦਾ ਸ਼ੌਕ ਐ। ਏਸੇ ਲਈ ਪੰਚਮ ਦੀ ਥਾਂ ਬਣੀ ਏ। ਇਸ ਤੋਂ ਪਹਿਲਾਂ ਮੈਂ 'ਮਾਂ ਬੋਲੀ' ਪਰਚਾ ਕੱਢਦਾ ਸਾਂ, ਉਹਦੀ ਵੀ ਬੜੀ ਥਾਂ ਸੀ। ਇਹ ਥਾਂ ਕਹਾਣੀ ਦੀ ਵਜ੍ਹਾ ਨਾਲ ਬਣੀ।

? : ਸਾਡੇ ਵੱਲ ਜਿਹੜੀ ਆਲੋਚਨਾ ਅਕਾਦਮਿਕ ਲੋੜਾਂ 'ਚੋਂ ਪੈਦਾ ਹੋਈ, ਉਸ ਨੇ ਆਲੋਚਨਾ ਦਾ ਪੱਧਰ ਸਥਾਪਤ ਕਰਨ ਵਿਚ ਬਹੁਤ ਮਦਦ ਕੀਤੀ। ਆਲੋਚਨਾ ਦੀ ਜੇ ਕੋਈ ਕਿਤਾਬ ਛਪਦੀ ਐ ਤਾਂ ਕਿਤੇ ਨਾ ਕਿਤੇ ਉਹ ਵਰਤੀ ਜਾਂਦੀ ਆ। ਕੋਈ ਵਿਦਿਆਰਥੀ ਐੱਮ.ਫਿਲ ਕਰਦਾ ਜਾਂ ਪੀਐੱਚ.ਡੀ. ਕਰਦਾ, ਉਹ ਕਿਤਾਬ ਉਸ ਦੀ ਲੋੜ ਪੂਰੀ ਕਰਦੀ ਆ। ਲੋੜਾਂ ਵਿਚੋਂ ਹੋਰ

ਕਿਤਾਬ ਨਿਕਲਦੀ ਆ ਤੇ ਨਵੇਂ ਤਜਰਬੇ ਵੀ। ਤੁਸੀਂ ਜਿਹੜੇ ਏਧਰ ਕਹਾਣੀ ਲਿਖ ਰਹੇ ਓ, ਬੜੀ ਬਹਾਦਰੀ ਦਾ ਕੰਮ ਕਰ ਰਹੇ ਹੋ, ਤੁਹਾਨੂੰ ਪਤਾ ਹੈ ਕਿ ਇਸ ਕਿਤਾਬ ਨੇ ਨਾ ਕਿਸੇ ਕੋਰਸ ਵਿਚ ਲੱਗਣਾ ਨਾ ਕਿਸੇ ਪ੍ਰੋਫ਼ੈਸਰ ਨੇ ਇਹਦੇ ਉੱਪਰ ਕੋਈ ਥੀਸਿਸ ਲਿਖਾਉਣਾ। ਤੁਸੀਂ ਤਾਂ ਹਨੇਰਿਆਂ ਵਿਚ ਦੀਵੇ ਜਗਾ ਰਹੇ ਓ। ਮੇਰਾ ਸੁਆਲ ਹੈ ਕਿ ਭਾਵੇਂ ਪੰਚਮ ਦੇ ਬਹਾਨੇ ਜਾਂ ਤੁਹਾਡੇ ਕਹਾਣੀ ਨਾਲ ਜੁੜੇ ਹੋਣ ਕਰਕੇ ਤੁਹਾਨੂੰ ਏਧਰਲੀ ਕਹਾਣੀ ਦਾ ਕਾਫ਼ੀ ਪਤਾ ਹੈ। ਕੀ ਤੁਸੀਂ ਥੋੜ੍ਹੀ ਨਿਸ਼ਾਨਦੇਹੀ ਕਰੋਗੇ ਕਿ ਕਿਹੜੇ ਕਹਾਣੀਕਾਰ ਨੇ, ਜਿਨ੍ਹਾਂ ਵਿਚ ਕੁਝ ਸੰਭਾਵਨਾ ਨਜ਼ਰ ਆਉਂਦੀ ਆ ? ਇਸੇ ਬਹਾਨੇ ਸਾਨੂੰ ਪਾਕਿਸਤਾਨੀ ਪੰਜਾਬੀ ਕਹਾਣੀ ਦਾ ਵਰਤਮਾਨ ਦ੍ਰਿਸ਼ ਵੀ ਨਜ਼ਰ ਆ ਜਾਏਗਾ।

—: ਪਹਿਲੀ ਗੱਲ ਜਿਹੜੀ ਤੁਸੀਂ ਕਾਲਜਾਂ ਯੂਨੀਵਰਸਿਟੀ ਦੇ ਵਿਚ ਪੜ੍ਹਾਈ ਲਿਖਾਈ ਬਾਰੇ ਕੀਤੀ ਆ, ਉਸ ਮਾਮਲੇ ਵਿਚ ਸਾਨੂੰ ਬਹੁਤ ਕੁਝ ਕਰਨ ਦੀ ਲੋੜ ਆ। ਪਰ ਬਾਵਜੂਦ ਇਸ ਦੇ ਲੋਕਾਂ ਨੂੰ ਕਹਾਣੀ ਪੜ੍ਹਨ ਦਾ ਸੁਆਦ ਪਿਆ ਹੈ। ਬਹੁਤ ਨਵੇਂ ਲਿਖਾਰੀ ਕਹਾਣੀ ਵੱਲ ਅਹੁਲੇ ਨੇ। ਉਨ੍ਹਾਂ ਦੀ ਕਹਾਣੀ ਨੂੰ ਲੋਕ ਰਸਾਲਿਆਂ ਰਾਹੀਂ ਪੜ੍ਹਦੇ ਨੇ। ਦੂਜੀ ਗੱਲ, ਜਿਸ ਦੀ ਬਹੁਤ ਘਾਟ ਆ, ਸਾਨੂੰ ਸੰਗਤਾਂ ਬੰਨ੍ਹਣੀਆਂ ਪੈਣਗੀਆਂ। ਯੂਨੀਵਰਸਿਟੀਆਂ ਤੋਂ ਇਲਾਵਾ ਤੁਹਾਡੇ ਪਾਸੇ ਸੰਗਤਾਂ ਨੇ ਬੜਾ ਰੋਲ ਅਦਾ ਕੀਤਾ। ਤੁਸੀਂ ਪਿੰਡ ਪਿੰਡ ਸੰਗਤ ਕੀਤੀ। ਤੁਹਾਡੀ ਕੇਂਦਰੀ ਸਭਾ ਤੇ ਪੰਜਾਬੀ ਅਕੈਡਮੀਆਂ ਨੇ ਬੜਾ ਕੰਮ ਕੀਤਾ। ਕਮਿਊਨਿਸਟ ਮੂਮੈਂਟ ਦਾ ਵੀ ਬੜਾ ਰੋਲ ਰਿਹਾ। ਰੀਡਰ ਕਹਾਣੀ ਪੜ੍ਹ ਵੀ ਰਿਹਾ, ਸਰੋਤਾ ਸੁਣ ਵੀ ਰਿਹਾ। ਯੂਨੀਵਰਸਿਟੀਆਂ ਨੇ ਕੰਮ ਤਾਂ ਕੀਤਾ ਕਿਉਂਕਿ ਥੱਲੇ ਮੌਜੂਦ ਸੀ। ਜੇ ਥੱਲੇ ਮੌਜੂਦ ਨਾ ਹੁੰਦੇ ਤਾਂ ਯੂਨੀਵਰਸਿਟੀਆਂ ਨੇ ਕੀ ਕਰਨਾ ਸੀ ? ਕਾਰਗੁਜ਼ਾਰੀ ਤਾਂ ਆਪਣੀ ਹੁੰਦੀ ਆ। ਸਾਨੂੰ ਸੰਗਤਾਂ ਕਾਇਮ ਕਰਨ ਦੀ ਲੋੜ ਆ। ਪਿੰਡ-ਪਿੰਡ ਗਰਾਂ-ਗਰਾਂ ਗੱਲ ਪਹੁੰਚਣੀ ਚਾਹੀਦੀ ਆ। ਪੰਜਾਬੀ ਭਾਵੇਂ ਨਹੀਂ ਪੜ੍ਹਾਈ ਜਾਂਦੀ, ਪਰ ਲਿਖੀ ਜਾਂਦੀ ਏ। ਸ਼ਾਇਰ ਸ਼ਾਇਰੀ ਕਰਦਾ ਪਿਐ। ਆਪਣੇ ਲੈਵਲ ’ਤੇ ਲੋਕ ਕਹਾਣੀਆਂ ਲਿਖ ਰਹੇ ਨੇ। ਭਾਵੇਂ ਉਨ੍ਹਾਂ ਕੋਲ ਕੋਈ ਸੇਧ ਨਹੀਂ। ਉਰਦੂ ਵੱਲੋਂ ਪੜ੍ਹ ਕੇ ਬੁੱਤਾ ਸਾਰ ਲੈਂਦੇ ਨੇ। ਉਨ੍ਹਾਂ ਦੇ ਗੁੱਟ ਬੱਝਣ, ਗਰੁੱਪਬੰਦੀ ਦੀ ਸ਼ਕਲ ਵਿਚ ਨਹੀਂ, ਦਾਇਰਿਆਂ ਦੇ ਰੂਪ ਵਿਚ। ਦਾਇਰੇ ਬਹੁਤ ਕੰਮ ਕਰ ਸਕਦੇ ਨੇ। ਨਵੇਂ ਮੌਜੂਆਤ ਲੱਭਣ ’ਚ ਮਦਦ ਕਰ ਸਕਦੇ ਨੇ। ਬਹੁਤ ਸਾਰੇ ਨਵਿਆਂ ਵਿਚ ਜਾਨ ਹੈ। ਉਨ੍ਹਾਂ ਕੋਲ ਵੇਖਣ ਪਰਖਣ ਦੀ ਤਿੱਖੀ ਨਜ਼ਰ ਆ। ਪੰਚਮ ਤੋਂ ਬਹੁਤ ਸਾਰੇ ਮੁਤਾਸਿਰ ਨੇ। ਚੰਗੀ ਕਹਾਣੀ ਨੂੰ ਖ਼ਾਸ ਢੰਗ ਨਾਲ ਛਾਪਣ ਦਾ ਅਸੀਂ ਉਪਰਾਲਾ ਕੀਤਾ। ਇਹਦੇ ਨਾਲ ਚੰਗੀ ਜਾਗ ਲੱਗਦੀ ਆ। ਤੁਸੀਂ ਖਾਲਿਦ ਫਰਹਾਦ ਦਾ ਨਾਂ ਲੈ ਸਕਦੇ ਓ। ਮਲਿਕ ਮਿਹਰ ਅਲੀ ਸਾਡਾ ਬਹੁਤ ਅੱਛਾ ਕਹਾਣੀਕਾਰ ਆ। ਇਕ ਮੁੰਡਾ ਮੁਦੱਸਰ ਆ, ਉਹ ਵੀ ਚੰਗਾ ਲਿਖਦਾ। ਹੋਰ ਵੀ ਲੋਕ ਨੇ। ਕੁੜੀਆਂ ਵੀ ਨੇ। ਮੈਨੂੰ ਲੱਗਦਾ ਕਿ ਸਿਲਸਿਲਾ ਅੱਗੇ ਤੁਰੇਗਾ। ਇਸ ਸਿਲਸਿਲੇ ਨੂੰ ਉਭਾਰਨ ਵਿਚ ਬਹੁਤ ਕੁਝ ਕਰਨ ਦੀ ਲੋੜ ਆ। ਤਨਕੀਦੀ ਬੈਠਕਾਂ ਤੇ ਸੰਗਤਾਂ ਕਰਨ ਦੀ ਲੋੜ ਆ। ਅਸੀਂ ਸਾਰਾ ਕੁਝ ਯੂਨੀਵਰਸਿਟੀਆਂ ’ਤੇ ਨਹੀਂ ਛੱਡ ਸਕਦੇ।

? : ਮੈਂ ਤੁਹਾਡੇ ਨਾਲ ਇਕ ਗੱਲ ਹੋਰ ਸਾਂਝੀ ਕਰਨੀ ਚਾਹੁੰਨਾ ਤੇ ਉਸ ਦੀ ਸੰਭਾਵਨਾ ਵੀ ਜਾਨਣੀ ਚਾਹੁੰਨਾ। ਅਸੀਂ ਪੰਜਾਬ ਤੋਂ ਇਲਾਵਾ ਹਿੰਦੁਸਤਾਨ ਤੇ ਹੋਰ ਕੋਣਿਆਂ ’ਚ ਬੈਠੇ ਪੰਜਾਬੀਆਂ ਦੀ ਇਕ ਸਾਂਝੀ ਤਨਜ਼ੀਮ ਵਿਚ ਕੰਮ ਕਰਦੇ ਆਂ। ਇਸ ਤਨਜ਼ੀਮ ਵਿਚ ਮੁਲਕ ਤੋਂ ਬਾਹਰਲੇ ਵੀ ਲੇਖਕ ਨੇ। ਉਹ ਪੰਜਾਬੀ ਨਾਲ ਜੁੜੇ ਵਡੇਰੇ ਮਸਲਿਆਂ ਉਪਰ ਗੱਲ ਕਰਦੀ ਆ। ਜੇ ਸਰਕਾਰ ਉਪਰ ਕੋਈ ਦਬਾਅ ਪਾਉਣਾ ਐ ਤਾਂ ਲੇਖਕ ਉਸ ਬੈਨਰ ਹੇਠ ਇਕੱਠੇ ਹੋ ਕੇ ਜ਼ਿੰਦਾਬਾਦ ਮੁਰਦਾਬਾਦ ਵੀ ਕਰਦੇ ਆ। ਕੀ ਉਸ ਤਰਜ਼ ਉੱਤੇ ਪਾਕਿਸਤਾਨ ਵਿਚ ਕੋਈ ਉਪਰਾਲਾ ਹੋ ਸਕਦੈ ? ਬੇਸ਼ਕ ਵਿਚਾਰਧਾਰਾਵਾਂ ਵੱਖ-ਵੱਖ ਹੋਣ, ਪਰ ਇਕ ਵੱਡੇ ਤੇ ਸਾਂਝੇ ਮੁੱਦੇ ਲਈ ਕੋਈ ਸਹਿਮਤੀ ਬਣ ਸਕਦੀ ਆ ?

—: ਮੈਨੂੰ ਇਹ ਗ਼ੈਰ-ਕੁਦਰਤੀ ਜਿਹਾ ਲੱਗਦਾ। ਇਕ ਗ਼ੈਰ ਫਿਤਰੀ ਜਿਹਾ ਕੰਮ ਨਜ਼ਰ



ਆਉਂਦਾ। ਸ਼ਾਇਦ ਹਾਲੇ ਅਸੀਂ ਉਸ ਥਾਂ ਉੱਤੇ ਆਂ ਜਿਥੇ ਸਾਨੂੰ ਇਹ ਗੱਲ ਬਹੁਤ ਭਾਰੀ ਲੱਗ ਰਹੀ ਆ। ਏਥੇ ਅਜਿਹਾ ਕੰਮ ਕਰਨ ਦੀ ਹਾਲੇ ਕੋਈ ਬੁਨਿਆਦ ਨਹੀਂ। ਇਹ ਮੈਨੂੰ ਵੇਲਿਓਂ ਪਹਿਲਾਂ ਕਰਨ ਵਾਲਾ ਕੰਮ ਲੱਗਦਾ। ਫਿਰ ਇਹ ਐ ਕਿ ਸਰਕਾਰ ਨੂੰ ਕੀ ਕਹਿਣਾ, ਕੀ ਨਹੀਂ ਕਹਿਣਾ, ਇਸ ਬਾਰੇ ਸਾਨੂੰ ਬਹੁਤੀ ਕਲੈਰਿਟੀ ਵੀ ਨਹੀਂ। ਮੁੱਦੇ ਬਾਰੇ ਪੂਰੀ ਸਮਝ ਨਾ ਹੋਵੇ ਤੇ ਤੁਰ ਪਈਏ ਸਰਕਾਰ ਨਾਲ ਗੱਲ ਕਰਨ, ਐਂ ਤਾਂ ਕੁਝ ਨਹੀਂ ਬਣੇਗਾ। ਦੂਜਾ ਮਾਮਲਾ ਜ਼ੁਬਾਨ ਦਾ ਐ। ਜ਼ੁਬਾਨ ਲੋਕਾਂ ਦੀ ਏ ਤੇ ਅਸੀਂ ਲੋਕਾਂ ’ਚੋਂ ਆਂ। ਜਿੰਨਾ ਚਿਰ ਸਾਡਾ ਲੋਕਾਂ ਵਿਚ, ਜ਼ੁਬਾਨ ਵਿਚ ਵਿਸ਼ਵਾਸ ਨਹੀਂ, ਓਨਾ ਚਿਰ ਕੁਝ ਵੀ ਨਹੀਂ ਕੀਤਾ ਜਾ ਸਕਦਾ। ਅਜੇ ਤਾਂ ਜੋ ਰੋਲ ਰਸਾਲਿਆਂ ਨੂੰ ਅਦਾ ਕਰਨਾ ਚਾਹੀਦਾ, ਉਹ ਵੀ ਨਹੀਂ ਹੋਇਆ। ਉਹ ਅਜੇ ਆਪਣੇ ਪ੍ਰੋਸੈੱਸ ਵਿਚ ਆ। ਇਹ ਗੱਲ ਕਿ ਲੋਕਾਂ ਨੂੰ ਕੱਠਿਆਂ ਕਰਨਾ, ਲੇਖਕਾਂ ਨੂੰ ਜੋੜਨਾ ਬੜੀ ਅਗਾਂਹ ਦੀ ਗੱਲ ਆ। ਲੇਖਕ ਤਾਂ ਹਾਲੇ ਪੁਰਾਣੇ ਜਿਲ੍ਹਣਾਂ ਵਿਚ ਹੀ ਫਸਿਆ ਹੋਇਆ। ਉਹਨੂੰ ਉਸ ਜਿਲ੍ਹਣ ’ਚੋਂ ਕੱਢ ਕੇ ਉਥੇ ਲਿਆਉਣਾ ਜਿਥੇ ਅੱਜ ਦੇ ਮਾਮਲਾਤ ਨੇ, ਉਹਦੇ ਵਾਸਤੇ ਹਾਲੇ ਰਸਾਲਿਆਂ ਨੇ ਜ਼ਮੀਨ ਤਿਆਰ ਕਰਨੀ ਆ। ਇਸ ਵੇਲੇ ਜੋ ਤੁਸਾਂ ਕਰਨ ਨੂੰ ਕਿਹਾ, ਜੇ ਕਰ ਲਿਆ ਜਾਏ ਤਾਂ ਕੁਰਾਹੇ ਪੈਣ ਦੇ ਜ਼ਿਆਦਾ ਚਾਨਸ ਨੇ। ਅਜੇ ਗਰਾਊਂਡ ਮੇਰੇ ਹਿਸਾਬ ਨਾਲ ਤਿਆਰ ਨਹੀਂ ਆ। ਹਾਂ, ਸੰਪਰਕ ਹੋਣਾ ਚਾਹੀਦਾ, ਲੋਕਾਂ ਦਾ, ਲੇਖਕਾਂ ਦਾ, ਬਾਹਰ ਵਾਲਿਆਂ ਦਾ। ਕੋਈ ਇਕ ਫੱਟਾ ਲਾ ਕੇ ਹਾਲੇ ਕੋਈ ਕੰਮ ਹੋਵੇਗਾ, ਮੈਨੂੰ ਇਸ ਦੀ ਆਸ ਨਹੀਂ।

? : ਸਾਕਿਬ ਸਾਹਿਬ, ਆਪਾਂ ਥੋੜ੍ਹੀ ਗੱਲ ਬਦਲਦੇ ਆਂ। ਤੁਸੀਂ ਜ਼ਿਕਰ ਕੀਤਾ ਆਪਣੇ ਪਰਚੇ ‘ਮਾਂ ਬੋਲੀ’ ਦਾ, ਜਿਸ ਦਾ ਤੁਸਾਂ ਵਿਰਕ ਵਿਸ਼ੇਸ਼ ਅੰਕ ਵੀ ਕੱਢਿਆ ਸੀ, ਕਿਸ ਤਰ੍ਹਾਂ ਦਾ ਰਿਹਾ ਸੀ ਉਹ ਤਜਰਬਾ ?

—: ਬੇਹੱਦ ਕਾਮਯਾਬ। ਉਹ ਪਰਚਾ ਹਾਲੇ ਵੀ ਲੋਕ ਲੱਭਦੇ ਆ। ਵਿਰਕ ਨਾਲ ਮੇਰੀ ਦਿਲੀ ਸਾਂਝ ਸੀ। ਉਸ ਦੀ ਸ਼ਕਲ ਮੇਰੇ ਪਿਓ ਨਾਲ ਮਿਲਦੀ ਸੀ। ਉਹਦੀ ਤੱਕਣੀ, ਦਾੜ੍ਹੀ, ਕੇਸ। ਮੈਂ ਭਾਪਾ ਪ੍ਰੀਤਮ ਸਿੰਘ ਨੂੰ ਚਿੱਠੀ ਲਿਖੀ ਕਿ ਮੈਨੂੰ ਵਿਰਕ ਹੋਰਾਂ ਦੀਆਂ ਤਸਵੀਰਾਂ ਚਾਹੀਦੀਆਂ। ਉਨ੍ਹਾਂ ਮੈਨੂੰ ਫਰੇਮਾਂ ਵਿਚੋਂ ਕੱਢ ਕੇ ਫੋਟੋਆਂ ਭੇਜੀਆਂ। ਇਹ ਜਾਣ ਕੇ ਡਾਢਾ ਧੱਕਾ ਲੱਗਾ ਕਿ ਉਦੋਂ ਵਿਰਕ ਹੋਰਾਂ ਨੂੰ ਫੌਤ ਹੋਇਆਂ ਤਿੰਨ ਸਾਲ ਹੋ ਗਏ ਸਨ। ਕਿੱਡੇ ਦੁੱਖ ਦੀ ਗੱਲ ਏ ਕਿ ਏਡੀ ਵੱਡੀ ਗੱਲ ਦੀ ਏਨੇ ਸਾਲ ਸਾਨੂੰ ਭਿਣਕ ਵੀ ਨਹੀਂ ਪਈ। ਉਸ ਦੀਆਂ ਤਸਵੀਰਾਂ ਵੇਖ ਕੇ ਮਨ ਹੋਰ ਪੰਘਰ ਗਿਆ। ਉਹ ਮੈਨੂੰ ਆਪਣਾ ਪਿਓ ਲੱਗਿਆ। ਆਪਣੇ ਵਾਲਿਦ ਨੂੰ ਫੋਟੋਆਂ ਵਿਖਾਈਆਂ ਤਾਂ ਉਨ੍ਹਾਂ ਦੱਸਿਆ ਕਿ ਸ਼ੇਖ਼ੂਪੁਰੇ ਨਾਲ ਸਕੂਲ ਵਿਚ ਮੁੰਡੇ ਪੜ੍ਹਦੇ ਸਨ, ਇਹ ਉਨ੍ਹਾਂ ਵਿਚੋਂ ਲੱਗਦਾ ਮੈਨੂੰ। ਜਿਸ ਦਿਨ ਮਾਂ ਬੋਲੀ ਦਾ ਵਿਰਕ ਨੰਬਰ ਛਪਿਆ, ਪਹਿਲਾਂ ਇਕ ਕਾਪੀ ਆਈ। ਮੈਂ ਉਡੀਕਦਾ ਬਹੁਤ ਲੇਟ ਹੋ ਗਿਆ ਸਾਂ। ਉਦੋਂ ਮੈਂ ਦਾੜ੍ਹੀ ਰੱਖੀ ਹੋਈ ਸੀ, ਕੰਨੀਂ ਮੇਰੇ ਮੁੰਦਰਾਂ ਸਨ ਤੇ ਸੱਜੇ ਹੱਥ ਮੈਂ ਕੜਾ ਪਾਇਆ ਹੋਇਆ ਸੀ। ਰਿਕਸ਼ਾ ਲੈ ਕੇ ਘਰ ਨੂੰ ਚੱਲਿਆ ਤਾਂ ਰਾਹ ਵਿਚ ਪੁਲਿਸ ਨੇ ਡੱਕ ਲਿਆ। ਉਨ੍ਹਾਂ ਮੇਰੇ ਚਿਹਰੇ ’ਤੇ ਲਾਈਟ ਮਾਰੀ ਤੇ ਪੁੱਛਿਆ ਕਿ ਕੌਣ ਆ ? ਮੈਂ ਦੱਸਿਆ। ਕੰਨੀਂ ਮੁੰਦਰਾਂ ਤੇ ਹੱਥ ਕੜਾ ਵੇਖ ਉਨ੍ਹਾਂ ਨੂੰ ਮੇਰੇ ਉੱਤੇ ਸ਼ੱਕ ਹੋਇਆ। ਕਹਿਣ ਲੱਗੇ ਤੂੰ ਤਾਂ ਸਾਨੂੰ ਸਿੱਖ ਲਗਦੈਂ। ਮੇਰੇ ਹੱਥ ਫੜਿਆ ਰਸਾਲਾ ਵੇਖਿਆ। ਟਾਈਟਲ ’ਤੇ ਵਿਰਕ ਦੀ ਫੋਟੋ ਵੇਖ ਕੇ ਪੁੱਛਣ ਲੱਗੇ, ਇਹ ਕੌਣ ਆ ? ਮੈਂ ਦੱਸਿਆ ਬਹੁਤ ਵੱਡਾ ਰਾਈਟਰ ਆ। ਫਿਰ ਪੁੱਛਿਆ, ਤੂੰ ਕੌਣ ਹੁੰਨਾ ? ਮੈਂ ਕਿਹਾ, ਜੱਟ। ਫੇਰ ਪੁੱਛਿਆ—ਇਹ ਸਰਦਾਰ ਜਿਦ੍ਹੀ ਤੂੰ ਫੋਟੋ ਛਾਪੀ ਆ, ਇਹ ਕੌਣ ਹੁੰਦਾ ? ਮੈਂ ਕਿਹਾ, ਇਹ ਵੀ ਜੱਟ ਆ। ਉਨ੍ਹਾਂ ਮੈਨੂੰ ਚੰਗੀ ਤਰ੍ਹਾਂ ਘੇਰ ਲਿਆ ਤੇ ਕਿਹਾ—ਤੂੰ ਜਰਾਇਮ ਪੇਸ਼ਾ ਬੰਦਾ ਏਂ, ਤੂੰ ਇੰਡੀਆ ਦਾ ਜਸੂਸ ਏਂ। ਮੈਂ ਕਿਹਾ—ਮੈ ਆਪ ਲੇਖਕ ਆਂ, ਫ਼ਕੀਰ ਬੰਦਾ। ਆਹ ਵੇਖੋ ਰਸਾਲੇ ਉਪਰ ਮੇਰਾ ਨਾਂ ਛਪਿਆ। ਉਨ੍ਹਾਂ ਮੇਰੀ ਤਲਾਸ਼ੀ ਲਈ। ਕੋਈ ਮੁੱਦਾ ਲੱਭਣ ਲੱਗੇ। ਕਹਿੰਦੇ ਆਪਣੀ ਆਈ.ਡੀ. ਵਿਖਾ, ਨਹੀਂ ਤੇ ਤੈਨੂੰ ਅੰਦਰ ਕਰਦੇ ਆਂ। ਬੜੇ ਫ਼ੋਨ ਖੜਕੇ। ਬੜੀ ਜਿਰਾਹ ਹੋਈ ਤਾਂ

ਜਾ ਕੇ ਜਾਨ ਛੁੱਟੀ। ਮੈਨੂੰ ਬਹੁਤ ਧੱਕਾ ਲੱਗਾ। ਕੀ ਹੈ ਸਾਡੀ ਜ਼ਿੰਦਗੀ ? ਅਸੀਂ ਪੰਜਾਬੀ, ਸਾਂਝੀਵਾਲਤਾ ਦੇ ਮੁਦੱਈ। ਅਸੀਂ ਕੋਈ ਸਿਆਸਤਾਂ ਕਰ ਰਹੇ ਆਂ ? ਮੇਰਾ ਬਾਬਾ ਜਥੇ ਵਿਚ ਆਉਣ ਵਾਲੇ ਪੰਜਾਬੀ ਭਰਾਵਾਂ ਨੂੰ ਬੜਾ ਪਿਆਰਦਾ ਸੀ, ਰੋਂਦਾ ਸੀ। ਉਹ ਪੀੜ ਮੇਰੇ ਅੰਦਰ ਆ। ਵੰਡ ਹੋਈ ਤਾਂ ਮੇਰਾ ਪਿਉ ਕਹਿੰਦਾ ਹੁੰਦਾ ਸੀ, ਪੰਜਾਬ ਦੀ ਬਰਕਤ ਚਲੀ ਗਈ। ਅਸੀਂ ਤਾਂ ਭਾਈ ਇਕ ਰੱਤ ਆਂ। ਪਰ ਅਸੀਂ ਸਰਾਪੇ ਹੋਏ ਲੋਕ ਆਂ। ਸੰਤਾਲੀ ਮੇਰੇ ਅੰਦਰੋਂ ਨਹੀਂ ਜਾਂਦਾ। ਮੇਰੀ ਮਾਂ ਦੀ ਇਕ ਸਹੇਲੀ ਹੁੰਦੀ ਸੀ। ਉਸ ਸਹੇਲੀ ਦੇ ਮਾਪਿਆਂ ਮੇਰੀ ਮਾਂ ਦੇ ਨਿਕਾਹ ਵੇਲੇ ਆਪਣੀ ਧੀ ਵਾਂਗ ਸਾਰੇ ਸ਼ਗਨ ਕੀਤੇ। ਉਹ ਸਹੇਲੀ ਦੇ ਬਾਪੂ ਨੂੰ ਯਾਦ ਕਰ-ਕਰ ਰੋਂਦੀ। ਮਾਂ ਦੇ ਸੰਦੂਕ ਵਿਚ ਉਨ੍ਹਾਂ ਦੇ ਦਿੱਤੇ ਕੱਪੜੇ ਕਈ ਵਰ੍ਹੇ ਪਏ ਰਹੇ।

? : ਤੁਸਾਂ ਠੀਕ ਆਖਿਆ, ਪੰਜਾਬੀ ਸਰਾਪੀ ਹੋਈ ਕੌਮ ਆ। ਪੰਜਾਬੀਆਂ ਨਾਲ ਵਿਤਕਰੇਬਾਜ਼ੀ ਦੀ ਕਹਾਣੀ ਦਾ ਕੋਈ ਸਿਰਾ ਨਹੀਂ—ਨਾ ਆਦਿ, ਨਾ ਅੰਤ।

—: ਮੇਰਾ ਤਾਂ ਗੱਲ ਕਰਦਿਆਂ ਗੱਚ ਭਰ ਆਉਂਦਾ। ਜਦੋਂ ਟੀ.ਵੀ. ਫਿਲਮਾਂ ਵਿਚ ਮੈਂ ਸਿੱਖ ਪਾਤਰਾਂ ਦਾ ਮਖ਼ੌਲ ਉਡਾਇਆ ਜਾਂਦਾ ਵੇਖਦਾਂ ਤਾਂ ਮੇਰਾ ਖ਼ੂਨ ਖੌਲਦਾ। ਇਕ ਇਕ ਸਾਜ਼ਿਸ਼ ਐ। ਏਧਰ ਵੀ ਤੇ ਤੁਹਾਡੇ ਵਾਲੇ ਪਾਸੇ ਵੀ। ਸਿੱਖ ਦਾ ਤਵਾ ਮੇਰੇ ਤੋਂ ਬਰਦਾਸ਼ਤ ਨਹੀਂ ਹੁੰਦਾ। ਇਹ ਲੋਕ ਪੰਜਾਬੀ ਕੌਮ ਨੂੰ ਜ਼ਲੀਲ ਕਰਦੇ ਨੇ। ਕੁਝ ਅਸੀਂ ਆਂ ਕਿ ਵੰਡੇ ਪਏ ਆਂ। ਏਡੀ ਵੱਡੀ ਵਿਰਾਸਤ, ਏਡਾ ਸ਼ਾਨਦਾਰ ਇਤਿਹਾਸ, ਏਨੀਆਂ ਕੁਰਬਾਨੀਆਂ ਤੇ ਆਹ ਹਾਲ। ਵੰਡ ਹੋਣ ਨਾਲ ਜਿਥੇ ਬਹੁਤ ਸਾਰੇ ਹੋਰ ਘਾਟੇ ਪਏ, ਉਥੇ ਗੁਰਬਾਣੀ ਦਾ ਬੜਾ ਵੱਡਾ ਘਾਟਾ ਪਿਆ। ਸਾਡੇ ਏਧਰ ਹਾਲੇ ਵੀ ਜ਼ਨਾਨੀਆਂ ਗੁਰਦੁਆਰਿਆਂ ਵਿਚ ਜਾ ਕੇ ਮੰਨਤਾਂ ਮੰਨਦੀਆਂ ਨੇ। ਸਾਡੇ ਥਾਂ ਸਾਂਝੇ ਨੇ। ਪੰਜਾਬੀਅਤ ਸਾਡਾ ਸਾਂਝਾ ਧਰਮ ਆ। ਸਾਨੂੰ ਆਪਣੀ ਪਛਾਣ ਜ਼ਾਹਰ ਕਰਨੀ ਚਾਹੀਦੀ ਆ। ਸਾਊਪੁਣੇ ਨਾਲ ਹੀ ਜ਼ੁਬਾਨ ਦਾ ਮਸਲਾ ਹੱਲ ਕਰੀਏ। ਆਪਣੀ ਬੋਲੀ, ਰਹਿਤਲ ਤੇ ਵਿਰਸੇ ਪ੍ਰਤੀ ਚੇਤੰਨ ਹੋਈਏ। ਸਾਨੂੰ ਆਪ ਹੀ ਆਪਣਾ ਮੁਸਤਕਬਿਲ ਸੁਰੱਖਿਅਤ ਕਰਨਾ ਪੈਣਾ। ਆਪਣੀਆਂ ਕੋਸ਼ਿਸ਼ਾਂ ਨਾਲ, ਰਲ ਮਿਲ ਕੇ।

? : ਸਾਕਿਬ ਸਾਹਿਬ ਇਕ ਮਸਲਾ ਮੈਂ ਹੋਰ ਤੁਹਾਡੇ ਨਾਲ ਵਿਚਾਰਨਾ ਚਾਹੁੰਨਾ। ਸਾਡੇ ਏਧਰ ਸਾਹਿਤ ਦੇ ਪਾਠਕ ਦਿਨੋ-ਦਿਨ ਘਟ ਰਹੇ ਨੇ। ਕਿਸੇ ਵੇਲੇ ਕਿਤਾਬ ਦਾ ਇਕ ਐਡੀਸ਼ਨ ਹਜ਼ਾਰ-ਗਿਆਰਾਂ ਸੌ ਤਕ ਛਪਦਾ ਸੀ, ਜੋ ਹੁਣ ਘਟ ਕੇ ਪੰਜ ਸੌ ਤੋਂ ਵੀ ਹੇਠਾਂ ਆ ਗਿਆ। ਪਾਠਕਾਂ ਦੀ ਸਥਿਤੀ ਤੁਹਾਡੇ ਪਾਸੇ ਕਿਵੇਂ ਹੈ ?

—: ਸਾਡੇ ਵਾਲੇ ਪਾਸੇ ਇਹ ਮਸਲਾ ਬਹੁਤ ਹੀ ਜ਼ਿਆਦਾ ਗੰਭੀਰ ਆ। ਪਾਠਕ ਉੱਕਾ ਈ ਨਹੀਂ ਆ। ਵੱਡਾ ਕਾਰਨ ਆ ਲੋਕਾਂ ਦਾ ਪੰਜਾਬੀ ਨਾਲ ਅੱਖ ਦਾ ਰਿਸ਼ਤਾ ਨਹੀਂ—ਆਈ ਕਾਨਟੈਕਟ ਨਹੀਂ। ਪੰਜਾਬੀ ਲਫ਼ਜ਼ ਨਾਲ ਉਨ੍ਹਾਂ ਦਾ ਵਾਹ-ਵਾਸਤਾ ਈ ਨਹੀਂ। ਉਨ੍ਹਾਂ ਨੂੰ ਲਫ਼ਜ਼ ਪਛਾਣਨ ਵਿਚ ਮੁਸ਼ਕਲ ਆਉਂਦੀ ਆ। ਜੋ ਉਹ ਬੋਲਦੇ ਨੇ, ਜਦੋਂ ਲਿਖਿਆ ਵੇਖਦੇ ਨੇ ਤਾਂ ਪਛਾਣਦੇ ਨਹੀਂ। ਬੁੱਲ੍ਹੇ ਸ਼ਾਹ ਦੇ ਕਲਾਮ ਬਾਰੇ ਕਹਿਣਗੇ ਕਿ ਜਨਾਬ ਇਹ ਉਰਦੂ ਵਿਚ ਨਹੀਂ ਮਿਲ ਸਕਦਾ ? ਹੁਣ ਬਾਬਾ ਜੀ ਨੂੰ ਕੌਣ ਜਾ ਕੇ ਕਹੇ ਕਿ ਤੁਹਾਡੀ ਖ਼ਲਕਤ ਤੁਹਾਡਾ ਲਿਖਿਆ ਪਛਾਣਦੀ ਨਹੀਂ ਤੇ ਅਗਾਂਹ ਤੋਂ ਉਰਦੂ ਵਿਚ ਲਿਖਣਾ ਸ਼ੁਰੂ ਕਰੋ। ਅਸੀਂ ਤਾਂ ਜ਼ੁਬਾਨ ਵਿਸਾਰ ਬੈਠੇ ਆਂ। ਚੇਤਨਾ ਪੈਦਾ ਕਰਨ ਲਈ ਸੰਘਰਸ਼ ਜ਼ਰੂਰ ਕਰ ਰਹੇ ਆਂ। ਏਥੇ ਲੋਕ ਬੋਲਣਗੇ ਪੰਜਾਬੀ ਤੇ ਕਹਿਣਗੇ ਸਾਡੀ ਜ਼ੁਬਾਨ ਉਰਦੂ ਆ। ਹੁਣ ਕਿਹੜਾ ਉਰਦੂ ਵਾਲਾ ਹੋਏਗਾ ਜੋ ਆਖੇ ਕਿ ਮੇਰੀ ਜ਼ੁਬਾਨ ਪੰਜਾਬੀ ਆ, ਜਾਂ ਕੋਈ ਅਰਬੀ ਆਖੇ ਕਿ ਮੇਰੀ ਜ਼ੁਬਾਨ ਉਰਦੂ ਆ। ਏਥੇ ਪੰਜਾਬੀ ਨਾ ਤਾਂ ਪੜ੍ਹਾਈ ਜਾਂਦੀ ਆ, ਨਾ ਲਿਖਾਈ ਜਾਂਦੀ ਆ, ਪਰ ਇਹ ਫਿਰ ਵੀ ਜੀਂਦੀ ਪਈ ਆ। ਇਹ ਜੀਂਦੀ ਪਈ ਆ ਮਰਨ ਵਾਸਤੇ। ਇਹਦੇ ਵਿਚ ਹਜ਼ਾਰਾਂ ਸਾਲਾਂ ਦੀ ਤਾਕਤ ਆ, ਇਹ ਸਾਡਾ ਖ਼ਮੀਰ ਆ, ਇਸ ਨੂੰ ਮਰਨ ਤਾਂ ਨਹੀਂ ਦੇਵਾਂਗੇ ਪਰ ਇਸ ਨੂੰ ਬਰਬਾਦ ਹੋਣੋਂ ਕੋਈ ਨਹੀਂ ਰੋਕ ਸਕਦਾ। ਆਹ ਜਿਹੜੇ ਲਫ਼ਜ਼



ਅਸੀਂ ਕੱਲ੍ਹ ਤਕ ਘਰਾਂ ਵਿਚ ਬੋਲਦੇ ਸਾਂ, ਅੱਜ ਲੋਕ ਕਹਿੰਦੇ ਨੇ ਤੁਸੀਂ ਪੰਜਾਬੀ ਬੜੀ ਔਖੀ ਬੋਲਦੇ ਓ। ਹੁਣ ਦੱਸੋ ਇਹ ਲਫ਼ਜ਼ 'ਬੀਬਾ', 'ਹਲਾ', 'ਆਹੋ' ਸਾਡੇ ਆਮ ਜੀਵਨ ਦੇ ਲਫ਼ਜ਼ ਨਹੀਂ ? ਏਥੇ ਦੂਜੀ ਬੋਲੀ ਘੜੀ-ਮੁੜੀ ਸੁਣਾਈ ਜਾ ਰਹੀ ਆ। ਰੇਡੀਓ, ਟੀ.ਵੀ. ਲਗਾਤਾਰ ਫ਼ੁਹਾਰੇ ਮਾਰ ਰਿਹਾ। ਅਖ਼ਬਾਰ ਰਸਾਲੇ ਦੁਹਾਈ ਦੇ ਰਹੇ ਨੇ। ਅਖੇ ਜੀ ਸਾਡੇ ਸਟੇਟਸ ਦਾ ਸੁਆਲ ਆ। ਉਰਦੂ ਬਗ਼ੈਰ ਸਾਡਾ ਸਟੈਂਡਰਡ ਨਹੀਂ ਬਣਦਾ। ਸਾਨੂੰ ਹਵਾਈ-ਖ਼ਿਆਲੀ ਵਿਰਸੇ ਨਾਲ ਜੋੜ ਰਹੇ ਨੇ। ਬਾਦਸ਼ਾਹੀਆਂ ਨਾਲ ਰਿਸ਼ਤੇਦਾਰੀਆਂ ਕੱਢ ਰਹੇ ਨੇ। ਉਰਦੂ ਨੂੰ ਮੁਸਲਮ ਸਮਾਜ ਦਾ ਸਿਖ਼ਰ ਕਹਿ ਕੇ ਵਡਿਆ ਰਹੇ ਨੇ। ਸੋ ਸੁਆਲ ਤਾਂ ਸੀ ਪਾਠਕ ਦਾ। ਪਾਠਕ ਹੋਏਗਾ ਤਾਂ ਜ਼ੁਬਾਨ ਵਧੇ-ਫੁੱਲੇਗੀ। ਤੁਹਾਡੇ ਵੱਲ ਇਸ ਲਈ ਮੌਜੂਦ ਆ ਕਿ ਇਥੇ ਰੀਡਰ ਹੈ। ਪੰਜਾਬੀ ਪੜ੍ਹਾਈ ਲਿਖਾਈ ਵਿਚ ਵਰਤੀ ਜਾ ਰਹੀ ਆ। ਜੇ ਰੀਡਰ ਟੁੱਟ ਰਿਹੈ ਤਾਂ ਚਿੰਤਾ ਵਾਲੀ ਗੱਲ ਆ। ਰੱਬ ਨਾ ਕਰੇ ਉਹ ਦਿਨ ਆਏ। ਸਾਡੀ ਬੋਲੀ ਦਾ ਪੇਕਾ-ਸਹੁਰਾ ਤੁਹਾਡੇ ਵੱਲ ਈ ਆ। ਅਸੀਂ ਜਦੋਂ ਤੁਹਾਡੇ ਵੱਲ ਹਿੰਦੀ ਦਾ ਵਧਦਾ ਅਸਰ ਵੇਖਦੇ ਆਂ ਤਾਂ ਦਿਲ ਡੁੱਬਦਾ। ਅਸੀਂ ਜਿੰਨੇ ਜੋਗੇ ਆ, ਹੀਲਾ ਕਰ ਰਹੇ ਆਂ, ਪੰਜਾਬੀ ਦੀ ਜਾਗ ਲਾਉਣ ਦੀ। ਪੰਜਾਬੀ ਪ੍ਰਤੀ ਜਾਗਰਤੀ ਪੈਦਾ ਕਰਨਾ ਸਾਡਾ ਯਤਨ ਆ।

? : ਇਕ ਅੱਧ ਗੱਲ ਆਪਾਂ ਸ਼ਾਇਰੀ ਦੇ ਹਵਾਲੇ ਨਾਲ ਕਰੀਏ। ਸਾਨੂੰ ਜਾਪਦਾ ਕਿ ਪਾਕਿਸਤਾਨ ਵਿਚ ਸ਼ਾਇਰੀ ਸੂਫ਼ੀ ਧਾਰਾ ਤੋਂ ਅਗਾਂਹ ਨਹੀਂ ਤੁਰਦੀ, ਉਂਜ ਵੇਖੀਏ ਤਾਂ ਸ਼ਾਇਰਾਂ ਦੀ ਇਕ ਵੱਡੀ ਤਾਦਾਦ ਨਜ਼ਰ ਆਉਂਦੀ ਆ। ਉਨ੍ਹਾਂ ਦੀ ਸ਼ਾਇਰੀ ਕਿਥੇ ਕੁ ਖਲੋਤੀ ਹੈ ?

—: ਤੁਸਾਂ ਠੀਕ ਦੱਸਿਆ, ਇਥੇ ਤਾਂ ਇੱਟ ਪੁੱਟੋ ਤਾਂ ਸ਼ਾਇਰ ਲੱਭਦਾ। ਇਨ੍ਹਾਂ ਵਿਚੋਂ ਬਹੁਤੇ ਉਰਦੂ ਦੇ ਅਸਰ ਥੱਲੇ ਤੁਕਬੰਦੀ ਕਰਦੇ ਨੇ। ਇਹ ਅਗਵਾਈ ਲੈਂਦੇ ਨੇ ਅਲਾਮਾ ਇਕਬਾਲ ਤੋਂ, ਮੀਰ ਤਕੀ ਮੀਰ ਤੋਂ ਤੇ ਏਦਾਂ ਦੇ ਹੋਰਾਂ ਤੋਂ। ਇਨ੍ਹਾਂ ਦੇ ਮੌਜ਼ੂਆਤ ਇਕੋ ਜਿਹੇ ਨੇ ਤੇ ਸ਼ਾਇਰੀ ਵਿਚ ਬਹੁਤ ਜ਼ਿਆਦਾ ਇਕਹਿਰਾਪਨ ਹੈ। ਦੂਜੀ ਗੱਲ ਸੂਫ਼ੀ ਸ਼ਾਇਰੀ ਦੀ ਕਰੀਏ ਤਾਂ ਮੈਂ ਸਮਝਨਾਂ ਸੂਫ਼ੀਵਾਦ ਉਪਰ ਤੁਹਾਡੇ ਵਾਲੇ ਪਾਸੇ ਸਗੋਂ ਜ਼ਿਆਦਾ ਕੰਮ ਹੋਇਆ। ਸਾਡੇ ਏਧਰ ਵੀ ਦਾਨਿਸ਼ਵਰ ਲੋਕਾਂ ਨੇ ਸੂਫ਼ੀ ਰੀਤ ਨੂੰ ਜਿਉਂਦਿਆਂ ਰੱਖਿਆ। ਉਹ ਪੜ੍ਹਦੇ ਵੀ ਨੇ ਤੇ ਵਿਚਾਰਦੇ ਵੀ ਨੇ। ਕੁਝ ਵਧੀਆ ਸ਼ਾਇਰ ਉਸ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਨੇ। ਸਮਝ ਕੇ ਨਵੇਂ ਤਜਰਬੇ ਵੀ ਕਰਦੇ ਨੇ। ਕਲਾਸਿਕ ਤੱਕ ਤਾਂ ਕੋਈ ਨਹੀਂ ਅੱਪੜ ਸਕਦਾ। ਅੱਗੋਂ ਮਾਡਰਨ ਕਲਾਸਿਕ ਈ ਬਣਦੀ ਏ। ਪੂਰੀ ਦੁਨੀਆ ਵਿਚ ਇੰਜ ਈ ਏ। ਇਹ ਸ਼ਾਇਰੀ ਆਪਣੀਆਂ ਬੁਲੰਦੀਆਂ ਆਪ ਤੈਅ ਕਰੇਗੀ, ਨਵੀਆਂ ਗੱਲਾਂ ਦੱਸੇਗੀ, ਨਵੇਂ ਮਾਪਦੰਡ ਸਿਰਜੇਗੀ। ਜਿਹੜੀ ਨਜ਼ਮ ਏਧਰ ਲਿਖੀ ਜਾ ਰਹੀ ਆ, ਉਹ ਤੁਹਾਡੀ ਨਜ਼ਮ ਤੋਂ ਬਹੁਤ ਅੱਗੇ ਆ। ਤੁਹਾਡੀ ਨਜ਼ਮ ਤਾਂ ਹੁਣ ਸਮਝ ਤੋਂ ਪਰ੍ਹੇ ਦੀ ਕੋਈ ਸ਼ੈ ਬਣ ਗਈ ਆ। ਇਹ ਤਾਂ ਇਉਂ ਐ ਜਿਵੇਂ ਹਵਾ ਵਿਚੋਂ ਕੁਝ ਫੜੇ ਤੇ ਉਹਨੂੰ ਨਵੇਂ ਤਜਰਬੇ ਕਹਿ ਕੇ ਵਡਿਆ ਦਏ। ਪਿਛਲੇ ਲਿਖੇ ਨੂੰ ਰੀਨਿਊ ਕਰਨਾ ਨਵੀਂ ਸੈਂਸਿਬਿਲਟੀ ਨਾਲ, ਵੱਖਰੀ ਕਰਾਫਟਮੈਨਸ਼ਿਪ ਨਾਲ, ਤਜਰਬਾ ਇਹੋ ਜਿਹਾ ਹੋਣਾ ਚਾਹੀਦਾ ਹੈ। ਹਵਾ ਵਿਚ ਨਹੀਂ। ਸ਼ਾਇਰੀ ਵਿਚ ਬੋਲੀ ਦੀ ਸੁਚੱਜੀ ਵਰਤੋਂ ਹੋਵੇ, ਇਸ ਨੂੰ ਪੁੱਠਿਆਂ ਨਾ ਟੰਗਿਆ ਜਾਵੇ।

## ਚੌਧਰੀ ਦੀ ਧੀ/ਅਕਬਰ ਲਾਹੌਰੀ

ਪਹਿਰ ਰਾਤ ਬੀਤ ਚੁੱਕੀ ਸੀ। ਮੈਂ ਹੀਰਾ ਮੰਡੀ ਦੇ ਇਕ ਉੱਚੇ ਚੁਬਾਰੇ ਦੀਆਂ ਪੌੜੀਆਂ ਅੱਗੇ ਲੋਕਾਂ ਦੀ ਭੀੜ ਡਿੱਠੀ। ਮੈਂ ਆਪਣੇ ਇਕ ਜਾਣੂ ਪਾਨਾਂ ਵਾਲੇ ਨੂੰ ਜਿਹੜਾ ਹੇਠੋਂ ਉਤਰ ਕੇ ਏਸ ਭੀੜ ਵਿਚ ਜਾ ਖਲੋਤਾ ਸੀ, ਪੁੱਛਿਆ—'ਯਾਰ! ਇਹ ਕੇਹੀ ਭੀੜ ਏ ?' ਉਹਨੇ ਕੋਈ ਖੁੱਲ੍ਹ ਕੇ ਗੱਲ ਨਾ ਕੀਤੀ। ਹੋਠਾਂ ਵਿਚ ਬੁੜਬੁੜ ਕਰਦਿਆਂ ਏਨਾ ਦੱਸਿਆ—'ਚੁਬਾਰੇ ਵਾਲੀ ਦੀ ਅਜੇਹੀ ਚੀਕ ਸੁਣੀ ਪਈ ਜਿਵੇਂ ਕੋਈ ਉਹਦਾ ਗਾਟਾ ਵੱਢਦਾ ਹੋਵੇ ਜਾਂ ਜਿਵੇਂ ਉਹ ਕਿਸੇ ਦਾ ਗਾਟਾ ਵੱਢਦੀ ਹੋਵੇ। ਵਧੀਆ ਸੂਟ ਪਾਏ ਹੋਏ ਗੱਭਰੂ ਨੂੰ ਧੌਣ ਪਰਨੇ ਪੌੜੀਆਂ ਵਿਚੋਂ ਰਿੜ੍ਹਦਾ ਡਿੱਠਾ।' ਪਾਨਾਂ ਵਾਲੇ ਤੋਂ ਏਨੀ ਗੱਲ ਸੁਣ ਕੇ ਮੈਂ ਬੇਵੱਸਾ ਅਗਾਂਹ ਵਧ ਕੇ ਕੀ ਵੇਹਨਾਂ, ਪਈ ਡਿੱਗਣ ਵਾਲਾ ਧੌਣ ਪਰਨੇ ਪਿਆ ਹੋਇਆ ਏ। ਉਹਦੇ ਜੁੱਸੇ ਦੀ ਰੱਤ ਸੜਕ 'ਤੇ ਜੰਮ ਗਈ। ਚੰਗੀ ਪੁਸ਼ਾਕ ਤੇ ਪੁਜੀਸ਼ਨ ਵਾਲੇ ਕੁਝ ਲੋਕ, ਜਿਨ੍ਹਾਂ ਵਿਚ ਇਕ ਦੋ ਨੇ ਵਰਦੀ ਵੀ ਪਾਈ ਹੋਈ ਸੀ, ਨੀਵੀਂ ਪਾ ਕੇ ਖਲੋਤੇ ਹੋਏ ਸਨ। ਇੰਜ ਜਾਪਦਾ ਸੀ ਪਈ ਕਿਸੇ ਨੂੰ ਇਹ ਨਹੀਂ ਸੁੱਝਦਾ ਪਈ ਹੁਣ ਕੀ ਕਰੀਏ।

ਏਨੇ ਵਿਚ ਚੁਬਾਰਿਉਂ ਇਕ ਜ਼ਨਾਨੀ ਦੀ ਗੂੰਜਦਾਰ ਆਵਾਜ਼ ਆਈ, "ਏਸ ਸੂਰ ਦੀ ਲੋਥ ਨੂੰ ਏਥੋਂ ਚਾ ਲਵੋ, ਨਹੀਂ ਤੇ ਹੁਣੇ ਕੜ੍ਹਦੇ ਤੇਲ ਦੀ ਕੜਾਹੀ ਤੁਹਾਡੇ ਉੱਤੇ ਡੋਲ੍ਹ ਕੇ ਤੁਹਾਨੂੰ ਤਮਾਸ਼ਬੀਨੀ ਦਾ ਸਵਾਦ ਚਖਾਨੀ ਆਂ।"

ਉਹਦੇ ਕੋਲੋਂ ਇਹ ਝਾੜ ਸੁਣ ਕੇ ਉਹ ਭੀੜ ਇੰਜ ਖਿੰਡ ਗਈ ਜਿਵੇਂ ਅਸਮਾਨੋਂ ਪੈਂਦੀ ਬਿਜਲੀ ਦੇ ਡਰ ਤੋਂ ਲੋਕ ਭੱਜ ਵਗਦੇ ਨੇ। ਚਿੱਟ ਕੱਪੜੀਏ ਸਾਥੀਆਂ ਨੇ ਡਿੱਗੇ ਹੋਏ ਗੱਭਰੂ ਨੂੰ ਹੱਥੋ-ਹੱਥ ਚੁੱਕਿਆ ਤੇ ਜ਼ਰਾ ਦੁਰੇਡੇ ਖਲੋਤੀ ਹੋਈ ਲੰਮੀ ਜੇਹੀ ਕਾਰ ਵਿਚ ਜਾ ਪਾਇਆ। ਇੰਜ ਜਾਪਦਾ ਸੀ ਪਈ ਉਹਦੀ ਜਿੰਦ ਤੇ ਬਚ ਗਈ ਏ, ਪਰ ਚੁਬਾਰਿਉਂ ਡਿੱਗਦਿਆਂ ਤੇ ਪੌੜੀਆਂ ਵਿਚ ਉਲਟਬਾਜ਼ੀਆਂ ਖਾਂਦਿਆਂ ਤਾਲੂ ਨੇ ਸੜਕ ਨਾਲ ਜੇਹੀ ਟੱਕਰ ਖਾਧੀ ਏ ਪਈ ਸਿਰ ਦੀ ਸਾਰੀ ਰੱਤ ਨੁੱਚੜ ਗਈ ਏ। ਉਹਦੇ ਸਾਥੀਆਂ ਵਿਚ ਸਰਕਾਰੀ ਬੰਦੇ ਵੀ ਸਨ, ਪਰ ਏਸ ਵੇਲੇ ਨਾ ਕਿਸੇ ਦੇ ਮੂੰਹੋਂ ਸ਼ਿਕਾਇਤ ਦਾ ਹਰਫ਼ ਨਿਕਲਿਆ ਨਾ ਕਿਸੇ ਨੇ ਉੱਚੀ ਸਾਹ ਕੱਢਿਆ। ਚੁੱਪ-ਚੁਪੀਤਿਆਂ ਫੱਟੜ ਤੇ ਬੇਸੁਰਤ ਸਾਥੀ ਨੂੰ ਇੰਜ ਮੋਟਰ ਵਿਚ ਪਾ ਕੇ ਲੈ ਗਏ ਜਿਵੇਂ ਕਰਮਾਂ ਮਾਰੇ ਅੰਗ ਸਾਕ ਫਾਹੇ ਲੱਗੇ ਦੀ ਲੋਥ ਨੂੰ ਲੈ ਕੇ ਜੇਲ੍ਹ ਦੇ ਫਾਟਕੋਂ ਦੁਰੇਡੇ ਖਿਸਕ ਜਾਂਦੇ ਨੇ।

ਮੇਰੇ ਯਾਰ ਪਾਨਾਂ ਵਾਲੇ ਨੇ ਮੇਰੇ ਲਈ ਪਾਨ ਲਾਂਦਿਆਂ ਹੋਇਆਂ ਕਿਹਾ, "ਦੇਖੋ ਜੀ, ਕਿੰਨੇ ਅਚੰਭੇ ਦੀ ਗੱਲ ਏ ਕਿ ਆਮ ਲੋਕਾਂ ਨੂੰ ਭੇਡਾਂ ਬੱਕਰੀਆਂ ਵਾਂਗੂੰ ਕੋਹ ਦੇਣ ਵਾਲੇ ਤੇ ਗਾਈਆਂ ਮਹੀਆਂ ਵਾਂਗੂੰ ਕੁੱਟ ਕੱਢਣ ਵਾਲੇ ਏਥੇ ਆ ਕੇ ਆਪ ਦੁੰਬਿਆਂ ਵਾਂਗੂੰ ਕੁਸਦੇ ਤੇ ਭੋਹ ਵਾਂਗੂੰ ਕੁਟੀਂਦੇ ਜੇ ਤੇ ਕੋਈ ਉੱਚੀ ਸਾਹ ਨਹੀਂ ਜੇ ਲੈਂਦਾ। ਰੋਜ਼ ਦਿਹਾੜੀ ਏਸ ਬਾਜ਼ਾਰ ਵਿਚ ਏਹੋ ਤਮਾਸ਼ਾ ਹੁੰਦਾ ਜੇ। ਨਿਲੱਜੀਆਂ ਮੋਰੀ ਦੀ ਇੱਟ ਵਰਗੀਆਂ ਦੋ ਕੌਡੀ ਦੀਆਂ ਕੰਜਰੀਆਂ ਤੇ ਉਨ੍ਹਾਂ ਦੇ ਗੁੰਡੇ ਨੌਕਰਾਂ ਕੋਲੋਂ ਮਾਰ ਖਾਣ ਵਾਲੇ ਉੱਚੀ ਸਾਹ ਨਹੀਂ ਲੈਂਦੇ ਤੇ ਮੂੰਹੋਂ ਆਵਾਜ਼ ਨਹੀਂ ਕੱਢਦੇ, ਜਿਵੇਂ ਕੋਈ ਮੁਰਦਾ ਕਬਰ ਵਿਚ ਮੁਨਕਿਰ-ਨਕੀਰ ਤੋਂ ਹੱਡ ਭੰਨਵਾ ਰਿਹਾ ਹੋਵੇ।"

ਮੈਂ ਆਖਿਆ, "ਯਾਰ ਇਹ ਕੋਠਾ ਤੇ ਇਹ ਚੁਬਾਰਾ ਤਾਂ ਸ਼ਹਿਰ ਦੀ ਮਸ਼ਹੂਰ ਗਾਣ ਵਾਲੀ ਦਾ ਏ। ਏਥੋਂ ਤੇ ਕਦੀ ਏਹੋ ਜਿਹਾ ਰੌਲਾ ਗੌਲਾ ਜਾਂ ਲੜਾਈ ਹੰਗਾਮਾ ਨਹੀਂ ਸੁਣਿਆ। ਏਸ ਬਾਜ਼ਾਰ ਵਿਚ ਕਈ ਇੱਜ਼ਤਦਾਰ ਚੁਬਾਰੇ ਨੇ ਜਿਨ੍ਹਾਂ ਵਿਚੋਂ ਇਹ ਚੁਬਾਰਾ ਏਸ ਗਾਉਣ ਵਾਲੀ ਦਾ ਏ। ਏਥੇ ਅੱਜ ਇਹ ਕੀ ਨਵੀਂ ਕਰਤੂਤ ਹੋਈ ਏ ? ਇਹਦਾ ਪਤਾ ਲਾਉਣਾ ਚਾਹੀਦਾ ਏ।"



ਪਾਨਾਂ ਵਾਲੇ ਨੇ ਆਖਿਆ, "ਤੇ ਫੇਰ ਢਿੱਲ ਕਾਹਦੀ ਏ। ਭੀੜ ਖਿੰਡ ਗਈ ਏ। ਰੌਲਾ ਗੌਲਾ ਮੁੱਕ ਗਿਆ ਏ। ਅਗਾਂਹ ਵਧੋ ਤੇ ਦਿਲ ਦੀ ਖੁਤਖੁਤੀ ਮੁਕਾ ਲਵੋ।"

ਮੈਨੂੰ ਉਹਦੀ ਗੱਲ ਨਾਲ ਕੁਝ ਹੌਸਲਾ ਹੋਇਆ ਤੇ ਮੈਂ ਚੁੱਪ ਚੁਪੀਤਾ ਪੌੜੀਆਂ ਚੜ੍ਹ ਗਿਆ। ਕੋਈ ਇੱਕੀ ਬਾਈ ਪੌੜੀਆਂ ਹੋਣਗੀਆਂ, ਜਿਨ੍ਹਾਂ ਵਿਚ ਮੋੜ ਕੋਈ ਨਹੀਂ ਸੀ। ਮੈਂ ਐਥੋਂ ਜਾਹ ਕੀਤੀ ਪਈ ਡਿੱਗਣ ਵਾਲੇ ਦਾ ਜੋੜ-ਜੋੜ ਫਿਸ ਚੁੱਕਿਆ ਹੋਵੇਗਾ ਤੇ ਉਹਦਾ ਪਲੇਥਣ ਹੋ ਗਿਆ ਹੋਵੇਗਾ ਤੇ ਜਿਉਂਦਾ ਵੀ ਬਚਿਆ ਤੇ ਘੱਟੋ ਘੱਟ ਛੇ ਮਹੀਨੇ ਪਲੱਸਤਰ ਦੀ ਕੁੜਿੱਕੀ ਵਿਚ ਕੱਸਿਆ ਰਹੇਗਾ। ਪਾਨਦਾਨ ਨਾਲ ਬੂਟ ਰਗੜਦਿਆਂ ਹੋਇਆਂ ਮੈਂ ਪੁੱਛਿਆ :

"ਮੈਂ ਅੰਦਰ ਆ ਸਕਨਾ ਵਾਂ ?" ਦੋਹਰੇ ਜੁੱਸੇ ਦੀ ਤੇ ਲੰਮੀ ਪੋਰੀ ਦੀ ਸਾਂਵਲੀ ਸਲੋਨੀ ਮੁਟਿਆਰ ਫੱਟੜ ਸ਼ੇਰਨੀ ਵਾਂਗੂੰ ਲੰਮੀਆਂ ਪਲਾਂਘਾਂ ਭਰਦੀ ਤੇ ਪੈਰ ਜ਼ੋਰੀਂ ਫਰਸ਼ 'ਤੇ ਮਾਰਦੀ ਕਮਰੇ ਵਿਚ ਪਈ ਫਿਰਦੀ ਸੀ, ਅਚਨਚੇਤੀ ਖਲੋ ਗਈ ਤੇ ਆਖਣ ਲੱਗੀ, "ਨਹੀਂ ਅੱਜ ਨਹੀਂ, ਫੇਰ ਕਦੀ।" ਮੈਂ ਤਪਾਈ ਤੇ ਰੱਖੇ ਹੋਏ ਜੱਗ ਵਿਚੋਂ ਬਰਫ਼ ਦਾ ਠੰਡਾ ਪਾਣੀ ਗਲਾਸ ਵਿਚ ਲੂੰਦਦਿਆਂ ਹੋਇਆਂ ਆਖਿਆ, "ਲਵੋ ਥੋੜ੍ਹਾ ਜੇਹਾ ਠੰਡਾ ਪਾਣੀ ਪੀ ਲਵੋ। ਇਹਦੇ ਨਾਲ ਤਬੀਅਤ ਨੂੰ ਖਲੇਰ ਹੋ ਜਾਵੇਗੀ। ਕੀ ਇਕ ਬੰਦੇ ਦੀ ਜਾਨ ਲੈ ਕੇ ਵੀ ਤੁਹਾਡੇ ਗੁੱਸੇ ਦੀ ਅੱਗ ਠੰਡੀ ਨਹੀਂ ਹੋਈ ?" ਕੰਧ ਨਾਲ ਲੱਗੇ ਹੋਏ ਸੋਫ਼ੇ 'ਤੇ ਡਿੱਗਦੀ ਹੋਈ ਬੋਲੀ, "ਕੀ ਉਹ ਮਰ ਗਿਆ ਏ ?" ਮੈਂ ਆਖਿਆ, "ਮਰਿਆ ਤੇ ਨਹੀਂ, ਪਰ ਮੈਂ ਉਹਦੇ ਸਾਥੀਆਂ ਨੂੰ ਵੇਖਿਆ ਏ ਪਈ ਉਹਨੂੰ ਸਹਾਰਾ ਦੇ ਕੇ ਮੋਟਰ ਦੀ ਪਿਛਲੀ ਗੱਦੀ 'ਤੇ ਪਏ ਲਿਟਾਂਦੇ ਸਨ। ਉਹਨੂੰ ਸੱਟਾਂ ਲੱਗੀਆਂ ਨੇ ਪਈ ਛੀਆਂ ਮਹੀਨਿਆਂ ਤਕ ਮੰਜੀਉਂ ਉੱਠ ਨਹੀਂ ਸਕਣ ਲੱਗਾ।" ਆਖਣ ਲੱਗੀ—"ਮਰ ਵੀ ਜਾਂਦਾ ਤੇ ਮੈਂ ਆਖਦੀ ਧਰਤੀ ਦਾ ਭਾਰ ਹੌਲਾ ਹੋ ਗਿਆ ਏ। ਏਹੋ ਜਿਹੇ ਕਈ ਮਰਦੂਦ ਸ਼ਰਾਬ ਨੇ ਨਸ਼ੇ ਵਿਚ ਗੁੱਟ ਭੁਆਂਟਣੀ ਖਾ ਕੇ ਪੌੜੀਆਂ ਤੋਂ ਡਿੱਗਦੇ ਨੇ ਤੇ ਹੱਡੀਆਂ ਪਸਲੀਆਂ ਭਨਾ ਬਹਿੰਦੇ ਨੇ।" ਮੈਂ ਆਖਿਆ,"ਏਹੋ ਜਿਹੀਆਂ ਗੱਲਾਂ ਤੇ ਰੋਜ਼ ਵਿੰਹਨੇਂ ਆਂ, ਪਰ ਤੁਹਾਡੇ ਚੁਬਾਰੇ ਤੋਂ ਕਿਸੇ ਬੰਦੇ ਦਾ ਏਸ ਤਰ੍ਹਾਂ ਡਿੱਗਣਾ ਬੜੀ ਅਚੰਭੇ ਦੀ ਗੱਲ ਏ।" ਆਖਣ ਲੱਗੀ—"ਹਾਂ, ਮੇਰੀਆਂ ਪੌੜੀਆਂ ਤੋਂ ਕਿਸੇ ਪ੍ਰਾਹੁਣੇ ਦਾ ਮੂੰਹ ਭਾਰ ਡਿੱਗਣਾ ਅਚੰਭੇ ਦੀ ਗੱਲ ਏ।" ਮੈਂ ਆਖਿਆ—"ਏਸ ਅਚਰਜ ਗੱਲ ਦਾ ਕਾਰਨ ਪੁੱਛਣ ਲਈ ਤੇ ਮੈਂ ਆਇਆ ਵਾਂ।" ਬਰਫ਼ ਵਾਲੇ ਪਾਣੀ ਦਾ ਗਲਾਸ ਭਰ ਕੇ ਪੀਂਦੀ ਹੋਈ ਬੋਲੀ—"ਨਹੀਂ, ਅੱਜ ਨਹੀਂ। ਫੇਰ ਕਦੀ ਆਉਣਾ। ਮੈਂ ਸਭ ਕੁਝ ਤੁਹਾਨੂੰ ਵੇਰਵਾ ਕਰਕੇ ਦੱਸਾਂਗੀ।" ਮੈਂ ਉਹਦੇ ਕੋਲੋਂ ਵੇਲਾ ਪੁੱਛ ਕੇ ਆਪਣੇ ਡੇਰੇ 'ਤੇ ਆ ਗਿਆ।

ਦੱਸੇ ਹੋਏ ਵੇਲੇ 'ਤੇ ਜਾ ਕੇ ਉਹਦੇ ਕੋਲੋਂ ਓਸ ਗੱਲ ਦਾ ਵੇਰਵਾ ਚਾਹਿਆ। ਉਹ ਮੈਨੂੰ ਨਵੇਕਲੀ ਕੋਠੜੀ ਵਿਚ ਲੈ ਗਈ। ਮੇਰੇ ਲਈ ਚਾਹ ਬਣਾਈ ਤੇ ਫੇਰ ਵਿਹਲਿਆਂ ਬਹਿ ਕੇ ਆਪਣੀ ਕਹਾਣੀ ਇੰਜ ਸੁਣਾਈ—

ਏਸ ਸ਼ਹਿਰ ਤੋਂ ਕੋਈ ਸੌ ਕੋਹ 'ਤੇ ਸਾਡਾ ਟੱਬਰ ਇਕ ਪਿੰਡ ਵਿਚ ਰਹਿੰਦਾ ਸੀ। ਇਹ ਪਿੰਡ ਬਹੁਤ ਵੱਡਾ ਤੇ ਨਹੀਂ ਸੀ ਪਰ ਏਡਾ ਛੋਟਾ ਵੀ ਨਹੀਂ ਸੀ ਪਈ ਇਹਦੇ ਵਿਚ ਗਾਉਣ ਬੋਲਣ ਵਾਲੇ ਦੋ ਚਹੁੰ ਟੱਬਰਾਂ ਦਾ ਗੁਜ਼ਰ ਨਾ ਹੋ ਸਕੇ। ਅਸੀਂ ਲੋਕ ਗਾਵਣ ਵਜਾਵਣ ਦਾ ਧੰਦਾ ਕਰਦੇ ਸਾਂ। ਉਨ੍ਹਾਂ ਦਿਨਾਂ ਵਿਚ ਕੋਈ ਵੀ ਜੰਞ ਮੁਜਰੇ ਬਿਨਾਂ ਨਹੀਂ ਸੀ ਢੁੱਕਦੀ। ਵਹੁਟੀ ਦੀ ਡੋਲੀ ਵਿਹੜੇ ਵੜਦਿਆਂ ਈ ਮੁਜਰੇ ਦੀ ਮਹਿਫ਼ਲ ਸਜਾਈ ਜਾਂਦੀ ਸੀ। ਏਸੇ ਲਈ ਮੇਰੀ ਮਾਂ ਨੂੰ ਜਿਹੜੀ ਓਸ ਵੇਲੇ ਦੀ ਮਸ਼ਹੂਰ ਗਾਉਣ ਵਾਲੀ ਸੀ, ਦੂਰੋਂ-ਦੂਰੋਂ ਸਾਈਆਂ ਆਉਂਦੀਆਂ ਹੁੰਦੀਆਂ ਸਨ। ਇਨ੍ਹਾਂ ਦਿਨਾਂ ਵਿਚ ਈ ਪਿੰਡ ਦੇ ਲੰਬਰਦਾਰ ਦਾ ਮੇਰੀ ਮਾਂ ਕੋਲ ਬਹਿਣ ਖਲੋਣ ਹੋ ਗਿਆ। ਲੰਬਰਦਾਰ ਦਾ ਬੁੱਢੜਾ ਪਿਉ ਜਿਊਂਦਾ ਸੀ, ਪਰ ਉਹਨੇ ਲੰਬਰਦਾਰ ਦੇ ਕੰਮਾਂ ਵਿਚ ਦਖ਼ਲ ਦੇਣ ਦੀ ਲੋੜ ਨਾ ਸਮਝੀ ਤੇ ਦਖ਼ਲ ਦੇਂਦਾ ਵੀ ਕਿਸ ਤਰ੍ਹਾਂ, ਉਹ ਆਪ ਆਪਣੇ ਵੇਲੇ ਬੜਾ ਸ਼ੌਕੀਨ ਤੇ ਐਸ਼ੀ ਪੱਠਾ ਰਹਿ ਚੁੱਕਿਆ ਸੀ।

ਹੁੰਦਿਆਂ-ਹੁੰਦਿਆਂ ਚੌਧਰੀ ਤੇ ਮੇਰੀ ਮਾਂ ਇਕ ਦੂਜੇ ਦੇ ਢੇਰ ਨੇੜੇ ਹੋ ਗਏ। ਚੌਧਰੀ ਨੇ ਮੇਰੀ ਮਾਂ ਨੂੰ ਆਖਿਆ ਪਈ ਇਹ ਔਗਣਹਾਰੀ ਹਯਾਤੀ ਛੱਡ ਕੇ ਮੇਰੀ ਸੁਆਣੀ ਬਣ ਜਾ। ਪਰ ਮੇਰੀ ਮਾਂ ਨੇ ਇਹ ਗੱਲ ਨਾ ਮੰਨੀ। ਦੁਨੀਆ ਜਾਣਦੀ ਏ ਪਈ ਪਿਆਰ ਤੇ ਵੈਰ ਇਕ ਦੂਜੇ ਤੋਂ ਬਹੁਤੇ ਦੂਰ ਨਹੀਂ ਹੁੰਦੇ। ਦੋਹਾਂ ਵਿਚ ਗੰਢੇ ਦੀ ਛਿੱਲੜ ਦਾ ਪਰਦਾ ਹੁੰਦਾ ਏ। ਥੋੜ੍ਹੇ ਦਿਨ ਪਹਿਲਾਂ ਚੌਧਰੀ ਮੇਰੀ ਮਾਂ ਨੂੰ ਵੇਖ-ਵੇਖ ਜਿਊਂਦਾ ਸੀ, ਪਰ ਹੁਣ ਉਹ ਉਹਦੀ ਜਾਨ ਦਾ ਵੈਰੀ ਹੋ ਗਿਆ। ਸਰਕਾਰੇ ਦਰਬਾਰੇ ਉਹਦੀ ਪਹੁੰਚ ਤੇ ਉਹਦੇ ਧਾਸੇ ਤੋਂ ਡਰਦਿਆਂ ਹੋਇਆਂ ਸਾਡੇ ਟੱਬਰ ਨੇ ਪਿੰਡ ਛੱਡ ਦਿੱਤਾ ਤੇ ਏਸ ਸ਼ਹਿਰ ਵਿਚ ਆ ਲੁਕੇ।

ਦਿਲਾਂ ਦਾ ਸਿਰਜਣਹਾਰ ਈ ਜਾਣੇਂ ਪਈ ਉਨ੍ਹਾਂ ਦੇ ਅੰਦਰ ਕੀ ਕਾਰਖਾਨੇ ਲੱਗੇ ਹੋਏ ਨੇ—ਦਿਲ ਦਰਿਆ ਸਮੁੰਦਰੋਂ ਡੂੰਘੇ, ਕੌਣ ਦਿਲਾਂ ਦੀਆਂ ਜਾਣੇਂ।

ਚੌਧਰੀ ਸਮਝਦਾ ਸੀ ਪਈ ਉਹਨੂੰ ਹੁਣ ਮੇਰੀ ਮਾਂ ਨਾਲ ਪਿਆਰ ਨਹੀਂ ਰਿਹਾ, ਪਰ ਵਿਚਲੀ ਗੱਲ ਇਹ ਸੀ ਪਈ ਉਹਨੂੰ ਆਪਣੇ ਦਿਲ ਦਾ ਆਪ ਵੀ ਪਤਾ ਨਹੀਂ ਸੀ। ਏਸੇ ਦਿਲ ਦੇ ਹੱਥੋਂ ਸਤ ਕੇ ਉਹ ਸ਼ਹਿਰ ਆ ਗਿਆ ਤੇ ਆ ਕੇ ਮੇਰੀ ਮਾਂ ਦੇ ਪੈਰਾਂ 'ਤੇ ਸਿਰ ਰੱਖ ਦਿੱਤਾ। ਪੁਰਾਣਾ ਪਿਆਰ ਫੇਰ ਜਾਗ ਪਿਆ। ਬਹਿਣ ਖਲੋਣ ਸ਼ੁਰੂ ਹੋ ਗਿਆ। ਮੈਂ ਕਰਮਾਂ ਮਾਰੀ ਏਸੇ ਬਹਿਣ ਖਲੋਣ ਦੀ ਪੈਦਾਵਾਰ ਹਾਂ। ਮੇਰੇ ਜੰਮਣ 'ਤੇ ਚੌਧਰੀ ਨੇ ਚਾਂਦੀ ਦੇ ਹਜ਼ਾਰ ਰੁਪਏ ਮੇਰੀ ਮਾਂ ਦੀ ਝੋਲੀ ਪੁਆਏ। ਏਦੂੰ ਪਿੱਛੇ ਇਹ ਪੱਕੀ ਹਵੇਲੀ ਬਣਾ ਕੇ ਦਿੱਤੀ। ਮੇਰਾ ਬਾਲਪਣਾ ਚੌਧਰੀ ਦੇ ਲਿਆਂਦੇ ਕੱਪੜੇ ਗਹਿਣਿਆਂ ਤੇ ਖਿਡੌਣਿਆਂ ਵਿਚ ਲੰਘਿਆ। ਜਿਵੇਂ ਜਿਵੇਂ ਮੈਂ ਸਿਆਣੀ ਹੁੰਦੀ ਗਈ, ਚੌਧਰੀ ਆਪਣਾ ਬਹੁਤਾ ਵੇਲਾ ਸਾਡੇ ਘਰ ਰਹਿਣ ਲੱਗਾ। ਓਸ ਕਈ ਵਾਰੀ ਮੇਰੀ ਮਾਂ ਅੱਗੇ ਸਵਾਲ ਪਾਇਆ। ਉਹ ਮੈਨੂੰ ਆਪਣੇ ਘਰ ਲਿਜਾ ਕੇ ਰੱਖਣ ਦਾ ਚਾਹਵਾਨ ਸੀ, ਪਰ ਮੇਰੀ ਮਾਂ ਉਹਦੀ ਇਹ ਗੱਲ ਨਾ ਮੰਨੀ। ਉਹ ਏਸ ਗੱਲ 'ਤੇ ਅੜੀ ਰਹੀ ਪਈ ਤੂੰ ਏਸ ਕਾਕੀ ਨੂੰ ਵੇਖ ਕੇ ਆਪਣੀਆਂ ਅੱਖਾਂ ਠੰਡੀਆਂ ਕਰ ਲੈ, ਪਰ ਮੈਂ ਇਹਦੇ ਤੋਂ ਮਾਂ ਦਾ ਹੱਕ ਚਾਣ ਲਈ ਕਦੀ ਤਿਆਰ ਨਹੀਂ ਹੋਣਾ। ਕਿਉਂ ਜੁ ਇਹ ਕੰਜਰੀ ਦੇ ਕੋਠੇ 'ਤੇ ਜੰਮੀ ਏ, ਏਸ ਲਈ ਇਹਦੇ ਪਿਉ ਨੂੰ, ਪਿਉ ਹੁੰਦਿਆਂ ਹੋਇਆਂ ਵੀ, ਪਿਉ ਦਾ ਕਾਨੂੰਨੀ ਹੱਕ ਨਹੀਂ ਮਿਲ ਸਕਦਾ। ਮੇਰੀ ਮਾਂ ਨੇ ਮੇਰੇ ਲਈ ਗੁਣੀ ਤੇ ਹੁਸ਼ਿਆਰ ਉਸਤਾਦ ਨੌਕਰ ਰੱਖੇ। ਉਨ੍ਹਾਂ ਉਸਤਾਦਾਂ ਦੀ ਚੰਡੀ ਹੋਈ ਮੈਂ ਆਪਣੀ ਮਾਂ ਵਾਂਗੂੰ ਮਸ਼ਹੂਰ ਗਾਉਣ ਵਾਲੀ ਬਣ ਗਈ ਤੇ ਸੰਗੀਤ ਕਲਾ ਦੀ ਪਛਾਣ ਵਾਲੇ ਦੂਰੋਂ-ਦੂਰੋਂ ਮੇਰੇ ਲਈ ਸਾਈਆਂ ਦੇਣ ਆਉਣ ਲੱਗ ਪਏ। ਕੁਦਰਤ ਨੇ ਅਜਬ ਲੋਹੜਾ ਮਾਰਿਆ ਪਈ ਮੈਂ ਮੂੰਹ ਮੁਹਾਂਦਰੇ, ਗੱਲਬਾਤ ਤੇ ਰੰਗ ਰੂਪ ਵੱਲੋਂ ਆਪਣੇ ਪਿਉ ਦੀ ਮੂਰਤ ਸਾਂ। ਮੈਨੂੰ ਸੈਂਕੜਿਆਂ ਵਿਚ ਖਲੋਤਿਆਂ ਵੇਖ ਕੇ ਚੌਧਰੀ ਦੀ ਓਪਰੀ ਸਿਆਣ ਵਾਲਾ ਬੰਦਾ ਵੀ ਬੇਵਸਾਹ ਮੈਨੂੰ ਚੌਧਰੀ ਦੀ ਧੀ ਆਖ ਦਿੰਦਾ ਸੀ। ਜਿਉਂ-ਜਿਉਂ ਮੇਰੀਆਂ ਧੁੰਮਾਂ ਦੂਰ-ਦੂਰ ਖਿਲਰੀਆਂ ਮੇਰੇ ਤੇ ਚੌਧਰੀ ਦੇ ਮੂੰਹ ਮੁਹਾਂਦਰੇ ਦੀ ਸਾਂਝ ਦੀ ਧੁੰਮ ਵੀ ਓਵੇਂ ਈ ਖਿਲਰਦੀ ਗਈ। ਹੁੰਦਿਆਂ-ਹੁੰਦਿਆਂ ਇਹ ਗੱਲ ਚੌਧਰੀ ਦੇ ਕੰਨ ਤੀਕ ਅੱਪੜੀ ਪਈ ਜਦੋਂ ਮੈਨੂੰ ਚੌਧਰੀਆਂ ਦੀਆਂ ਜੰਞਾਂ ਵਿਚ ਸੱਦਦੇ ਨੇ ਤੇ ਚੌਧਰੀ ਤੇ ਉਹਦੇ ਪਿਉ ਦਾਦੇ ਦੇ ਵੈਰੀ ਹੱਸਦੇ ਗੁੜ੍ਹਕਦੇ ਤੇ ਖਿੱਲੀ ਮਾਰਦੇ ਨੇ ਪਈ ਏਸ ਜੰਞ 'ਤੇ ਫਲਾਣੇ ਚੌਧਰੀ ਦੀ ਕੁੜੀ ਦਾ ਮੁਜਰਾ ਹੋਵੇਗਾ। ਚੌਧਰੀ ਇਨ੍ਹਾਂ ਗੱਲਾਂ ਨੂੰ ਸੁਣਦਾ ਅਤੇ ਅੰਦਰੇ-ਅੰਦਰ ਕੁੜ੍ਹਦਾ। ਮੇਰੇ ਵਿੰਹਦਿਆਂ-ਵਿੰਹਦਿਆਂ ਉਹਦਾ ਡੀਲ ਡੌਲ ਤੇ ਕੱਦ ਬੁੱਤ ਅੱਧਾ ਵੀ ਨਾ ਰਿਹਾ। ਮੈਂ ਵੀ ਉਹਨੂੰ ਵੇਖ-ਵੇਖ ਕੇ ਅੰਦਰੇ ਅੰਦਰ ਕੁੜ੍ਹਦੀ ਰਹਿੰਦੀ ਤੇ ਕਈ ਵਾਰ ਮੇਰਾ ਸਰਾਹਣਾ ਸੁੱਤਿਆਂ ਪਿਆਂ ਹੰਝੂਆਂ ਨਾਲ ਭਿੱਜ ਜਾਂਦਾ। ਚੌਧਰੀ ਨੇ ਮੇਰੀ ਮਾਂ ਅੱਗੇ ਆਪਣੀ ਮੰਗ ਫੇਰ ਦੁਹਰਾਈ। ਮੇਰੀ ਮਾਂ ਨੇ ਆਖਿਆ—ਤੂੰ ਨਿਰਾ ਅਹਿਮਕ ਏਂ। ਮੇਰੀ ਧੀ ਨੇ ਤੁਹਾਡੇ ਸਮਾਜ ਵਿਚ ਨਾ ਖਪਣਾ ਤੇ ਨਾ ਰਾਜ਼ੀ ਰਹਿਣਾ। ਚੌਧਰੀ ਨੇ ਵੇਲੇ ਦੇ ਬਦਲਦੇ ਰੰਗ, ਲੋਕਾਂ ਦੀ ਨਵੀਂ ਰੌਂ ਤੇ ਅਗਾਂਹ ਵਧਦੀ ਸੋਚ ਦਾ ਵਾਸਤਾ ਪਾਇਆ। ਪਰ ਮੇਰੀ ਮਾਂ 'ਤੇ ਇਨ੍ਹਾਂ ਗੱਲਾਂ ਦਾ ਰਤਾ ਅਸਰ ਨਾ



ਹੋਇਆ। ਓੜਕ ਇਕ ਦਿਹਾੜੇ ਚੌਧਰੀ ਦੋ ਤੋਲੇ ਅਫ਼ੀਮ ਕੌੜੇ ਤੇਲ ਨਾਲ ਲੰਘਾਣ ਲੱਗਾ ਸੀ ਪਰ ਮੇਰੀ ਮਾਂ ਨੂੰ ਵੇਲੇ ਸਿਰ ਪਤਾ ਲੱਗ ਗਿਆ ਤੇ ਉਹਨੇ ਅਫ਼ੀਮ ਬਾਰੀਉਂ ਬਾਹਰ ਗਲੀ ਵਿਚ ਸੁੱਟ ਦਿੱਤੀ ਤੇ ਰੋ ਰੋ ਕੇ ਚੌਧਰੀ ਤੋਂ ਆਪਣੀ ਜਾਨ ਨਾ ਗੁਆਉਣ ਦੀ ਸਹੁੰ ਲੈ ਲਈ। ਚੌਧਰੀ ਦੀ ਇਕੋ ਸ਼ਰਤ ਸੀ ਪਈ ਮੇਰੀ ਧੀ ਨੂੰ ਮੇਰੇ ਨਾਲ ਘੱਲ ਦੇ। ਮੇਰੀ ਮਾਂ ਨੇ ਬੇਵੱਸਿਆਂ ਹੋ ਕੇ ਇਹ ਸ਼ਰਤ ਮੰਨ ਲਈ ਤੇ ਮੈਨੂੰ ਵਿਦਿਆ ਕਰਕੇ ਆਪ ਸਿਰ ਫੜ ਕੇ ਬਹਿ ਗਈ। ਓਸੇ ਈ ਦਿਨ ਤੋਂ ਤਗੜੀ ਨਾ ਰਹੀ ਤੇ ਹੁੰਦਿਆਂ-ਹੁੰਦਿਆਂ ਰੋਗ ਏਨਾ ਵਧਿਆ ਪਈ ਕੋਈ ਦਵਾ-ਦਾਰੂ ਨਾ ਫੁਰਿਆ ਤੇ ਉਹ ਮੰਜੀ ਨਾਲ ਮੰਜੀ ਹੋ ਗਈ।

ਚੌਧਰੀ ਬੜੇ ਲਾਡ ਤੇ ਚਾਅ ਸਭਾਅ ਨਾਲ ਮੈਨੂੰ ਨਾਲ ਲੈ ਕੇ ਪਿੰਡ ਆਇਆ। ਏਥੇ ਮੈਨੂੰ ਵੱਖਰੀ ਹਵੇਲੀ ਵਿਚ ਉਤਾਰਿਆ। ਮੇਰੀ ਸੇਵਾ ਲਈ ਨੌਕਰ ਚਾਕਰ ਤੇ ਕੰਮ ਕਰਨ ਵਾਲੀਆਂ ਮਾਈਆਂ ਕੱਠੀਆਂ ਕਰ ਦਿੱਤੀਆਂ। ਪਿੰਡ ਦੀਆਂ ਮੁਟਿਆਰਾਂ, ਛੋਹਰੀਆਂ, ਬੁੱਢੜੀਆਂ ਤੇ ਚੌਧਰਾਣੀਆਂ ਮੈਨੂੰ ਵੇਖਣ ਲਈ ਹੁੰਮ-ਹੁਮਾ ਕੇ ਆਈਆਂ। ਹਾਂ, ਚੌਧਰੀ ਦੀ ਆਪਣੀ ਚੌਧਰਾਣੀ ਤੇ ਉਹਦੇ ਪੁੱਤਰ ਦੀ ਵਹੁਟੀ ਮੈਥੋਂ ਦੂਰ ਈ ਰਹੀਆਂ। ਜ਼ਨਾਨੀਆਂ ਦੀ ਭੀੜ ਵਿਚ ਇਹ ਗੱਲ ਮੁੜ-ਮੁੜ ਸੁਣੀ ਜਾਂਦੀ ਸੀ—ਨੀ ਵੇਖ ਤੇ ਸਹੀ ਇਹ ਚੌਧਰੀ ਦੀ ਧੀ ਕਿਵੇਂ ਨਹੀਂ ? ਓਹੋ ਈ ਨੱਕ ਨਕਸ਼ਾ, ਓਹੋ ਈ ਰੰਗ ਢੰਗ, ਓਹੋ ਹੀ ਪੋਰੀ ਵਰਗਾ ਕੱਦ, ਓਹੋ ਈ ਖੁੱਲ੍ਹੇ ਹੱਥ ਪੈਰ, ਓਹੋ ਈ ਮੂੰਹ ਮੁਹਾਂਦਰਾ। ਚੌਧਰੀ ਦੀ ਜਿਊਂਦੀ ਜਾਗਦੀ ਮੂਰਤ ਏ। ਇਹਦਾ ਰੰਗ ਤੇ ਇਹਦੇ ਭਰਾ ਤੋਂ ਵੀ ਬਹੁਤਾ ਉਘੜਵਾਂ ਤੇ ਸਾਫ਼ ਏ। ਹੂਬਹੂ ਚੌਧਰੀ ਦੇ ਰੰਗ ਵਾਂਗੂੰ। ਜਿਥੇ ਐਨੀਆਂ ਜ਼ਨਾਨੀਆਂ ਕੱਠੀਆਂ ਹੋਣ, ਓਥੇ ਘਰ ਦੀ ਸੱਤਵੀਂ ਕੋਠੜੀ ਵਿਚ ਆਖੀ ਹੋਈ ਗੱਲ ਵੀ ਲੁਕੀ ਨਹੀਂ ਰਹਿ ਸਕਦੀ। ਹੁੰਦਿਆਂ-ਹੁੰਦਿਆਂ ਮੈਨੂੰ ਪਤਾ ਲੱਗ ਗਿਆ ਪਈ ਚੌਧਰੀ ਦਾ ਪੁੱਤਰ ਮੇਰੇ ਏਥੇ ਲਿਆਉਣ 'ਤੇ ਬੜਾ ਤੈਸ਼ ਵਿਚ ਏ। ਉਹਨੇ ਮੈਨੂੰ ਜਾਨ ਤੋਂ ਲੰਘਾਣ ਦੀ ਸਹੁੰ ਖਾਧੀ ਏ। ਉਹਦੀ ਮਾਂ ਹੋਰ ਨਹੀਂ ਤੇ ਖ਼ਸਮ ਦੀ ਖ਼ਾਤਰ ਈ ਮੈਨੂੰ ਵੇਖਣ ਲਈ ਜ਼ਰੂਰ ਆਉਂਦੀ ਪਰ ਪੁੱਤਰ ਨੇ ਉਹਨੂੰ ਠਾਕਿਆ ਪਈ ਜੇ ਤੂੰ ਓਸ ਕੰਜਰੀ ਨੂੰ ਵੇਖਣ ਗਈਉਂ ਤਾਂ ਫੇਰ ਕਦੀ ਆਪਣੇ ਪੁੱਤਰ ਦਾ ਮੂੰਹ ਨਾ ਵੇਖ ਸਕੇਂਗੀ ਤੇ ਜੇ ਤੈਨੂੰ ਮੇਰੀ ਹਯਾਤੀ ਵਿਚ ਮੌਤ ਆ ਗਈ ਤਾਂ ਮੈਂ ਤੈਨੂੰ ਆਪਣੇ ਵੱਡਿਆਂ ਦੇ ਕਬਰਸਤਾਨ ਵਿਚ ਨਹੀਂ ਦੱਬਣ ਦੇਣਾ। ਤੇ ਜੇ ਚੌਧਰੀ ਨੇ ਬਰਾਦਰੀ ਦੇ ਜ਼ੋਰ ਨਾਲ ਤੈਨੂੰ ਮੇਰੇ ਦਾਦੇ ਤੇ ਦਾਦੀ ਕੋਲ ਦੱਬਿਆ ਤਾਂ ਮੈਂ ਵੇਲਾ ਤਾੜ ਕੇ ਤੇਰੀਆਂ ਹੱਡੀਆਂ ਨੂੰ ਸੂਰ ਦੇ ਹੱਡਾਂ ਵਾਂਗੂੰ ਪੁੱਟ ਕੇ ਬਾਹਰ ਵਗਾਹਵਾਂਗਾ। ਮਾਂ ਦਾ ਦਿਲ ਇਹ ਗੱਲਾਂ ਸੁਣ ਕੇ ਦਹਿਲ ਗਿਆ। ਉਹ ਸਹਿਮੀ ਹੋਈ ਆਪਣੇ ਘਰ ਵਿਚ ਲੁਕੀ ਰਹੀ। ਮੈਨੂੰ ਕੀ, ਕਿਸੇ ਨਾਲ ਵੀ ਨਹੀਂ ਸੀ ਮਿਲਦੀ। ਚੌਧਰੀ ਨਾਲ ਵੀ ਉਹਦਾ ਕਦੇ-ਕਦੇ ਮੇਲ ਹੁੰਦਾ ਸੀ। ਕਿਉਂਕਿ ਉਹ ਹਮੇਸ਼ਾ ਓਸ ਹਵੇਲੀ ਦੀ ਬੈਠਕ ਵਿਚ ਡੇਰਾ ਲਾਈ ਰੱਖਦੇ ਸਨ, ਜੀਹਦੇ ਚੁਬਾਰੇ ਵਿਚ ਮੇਰਾ ਉਤਾਰਾ ਕੀਤਾ ਸੀ।

ਚੌਧਰੀ ਦੇ ਪੁੱਤਰ ਦੀਆਂ ਡਰਾਉਣੀਆਂ ਗੱਲਾਂ ਸੁਣ-ਸੁਣ ਕੇ ਮੈਂ ਅੰਦਰੇ-ਅੰਦਰ ਸਹਿਮੀ ਤੇ ਰਹਿੰਦੀ ਸਾਂ ਪਰ ਇਕ ਸ਼ੈ ਜਿਹੜੀ ਅੱਜ ਤੀਕ ਮੇਰੀ ਹਯਾਤੀ ਵਿਚ ਨਹੀਂ ਸੀ ਵੜੀ, ਹੁਣ ਚੁੱਪ ਚੁਪੀਤੀ ਮੇਰੇ ਦਿਲ ਵਿਚ ਘਰ ਬਣਾਣ ਲੱਗ ਪਈ ਸੀ। ਉਹ ਸ਼ੈ ਸੀ ਭਰਾ ਦਾ ਪਿਆਰ। ਉਹ, ਜਦੋਂ ਓਧਰੋਂ ਲੰਘਦਾ, ਮੈਂ ਉਹਨੂੰ ਦੂਰੋਂ ਵੇਖ ਕੇ ਸਦਕੇ ਕੁਰਬਾਨ ਪਈ ਹੁੰਦੀ। ਮੇਰਾ ਉਹਦਾ ਮੂੰਹ ਮੁਹਾਂਦਰਾ ਏਨਾ ਰਲਦਾ ਸੀ ਪਈ ਸਾਨੂੰ ਕੋਈ ਪਰਦੇਸੀ ਵੀ ਵੇਖ ਲੈਂਦਾ ਤਾਂ ਝੱਟ ਭੈਣ ਭਰਾ ਆਖ ਦਿੰਦਾ। ਮੈਂ ਨਮਾਜ਼ਾਂ ਪੜ੍ਹ-ਪੜ੍ਹ ਦੁਆਵਾਂ ਮੰਗਦੀ—ਪਾਕ ਪਰਵਰਦਗਾਰ, ਮੇਰੇ ਭਰਾ ਦੇ ਦਿਲ ਨੂੰ ਬਦਲ ਦੇ। ਜੇ ਉਹਦੇ ਦਿਲ ਵਿਚ ਮੇਰਾ ਪਿਆਰ ਨਹੀਂ ਜੰਮ ਸਕਦਾ ਤਾਂ ਘੱਟੋ ਘੱਟ ਉਹਨੂੰ ਏਨੀ ਹਿੰਮਤ ਦੇ ਪਈ ਉਹ ਪਿਉ ਦੇ ਲਹੂ ਦੀ ਖ਼ਾਤਰ ਏਸ ਬਸਤੀ ਵਿਚ ਮੇਰੇ ਹੋਣ ਨੂੰ ਸਹਿ ਜਾਵੇ। ਇਆਣਿਆਂ ਦਾ ਤੇ ਸੰਸਾਰ ਈ ਵੱਖਰਾ ਏ। ਉਹਦਾ ਚਾਰ ਪੰਜ ਵਰ੍ਹਿਆਂ ਦਾ ਬਾਲ ਭੱਜਾ-ਭੱਜਾ ਆਉਂਦਾ, ਦਾਦੇ ਦੀ

ਗੋਦੀ ਵਿਚੋਂ ਨਿਕਲ ਕੇ ਆਂਹਦਾ ਮੈਂ ਫੁੱਫੀ ਕੋਲ ਜਾਣਾ ਏ। ਦਾਦਾ ਉਹਨੂੰ ਗੋਦੀ ਵਿਚ ਚਾ ਕੇ ਮੇਰੇ ਕੋਲ ਆਉਂਦਾ ਤੇ ਮੇਰਾ ਰੂਹ ਖਿੜ ਜਾਂਦਾ। ਉਹਦਾ ਮੂੰਹ ਸਿਰ ਚੁੰਮਦੀ, ਉਹਨੂੰ ਕਲੇਜੇ ਨਾਲ ਲਾਂਦੀ, ਉਹਦੇ ਲਈ ਸਵਾਦਲੇ ਪਕਵਾਨ ਪਕਾਂਦੀ ਤੇ ਉਹਨੂੰ ਗੋਦੀ ਬਹਾ ਕੇ ਖੁਆਂਦੀ। ਉਹਦਾ ਵੱਡਾ ਭਰਾ ਤੀਜੀ ਚੌਥੀ ਜਮਾਤੇ ਪੜ੍ਹਦਾ ਸੀ। ਲੁਕ-ਲੁਕ ਕੇ ਮੈਨੂੰ ਮਿਲਣ ਆਉਂਦਾ। ਮੇਰੇ ਗਲ ਵਿਚ ਬਾਹਾਂ ਪਾ ਦਿੰਦਾ ਤੇ ਆਂਹਦਾ ਵੇਖ ਲਈਂ ਫੁੱਫੀ ਇਕ ਦਿਨ ਤੈਨੂੰ ਮਨਾ ਕੇ ਲੈ ਜਾਵਾਂਗਾ। ਤੂੰ ਸਾਡੀ ਫੁੱਫੀ ਏਂ ਨਾ ? ਅਸੀਂ ਆਪਨੀ ਫੁੱਫੀ ਨੂੰ ਬਾਹਰ ਨਹੀਂ ਕੱਢਣਾ। ਫੁੱਫੀ ਦਾ ਵਿਆਹ ਏਸੇ ਈ ਪਿੰਡ ਵਿਚ ਕਰਨਾ ਏ। ਮੈਂ ਆਪਨਾ ਫੁੱਫੜ ਵੀ ਡਿੱਠਾ ਹੋਇਆ ਏ। ਮੈਂ ਇਹ ਗੱਲ ਸੁਣ-ਸੁਣ ਕੇ ਰਾਜ਼ੀ ਵੀ ਹੁੰਦੀ ਤੇ ਅਚੰਭੇ ਵਿਚ ਵੀ ਪੈ ਜਾਂਦੀ। ਏਸ ਬਾਲ ਦੀਆਂ ਗੱਲਾਂ ਤੋਂ ਪਤਾ ਲੱਗਦਾ ਸੀ ਪਈ ਚੌਧਰੀ ਦੀ ਬੈਠਕ ਵਿਚ ਮੇਰੇ ਵਿਆਹ ਦੀ ਗੱਲਬਾਤ ਛਿੜਦੀ ਰਹਿੰਦੀ ਏ। ਵਿਆਹ—ਇਹ ਕਿੰਨਾ ਸੋਹਣਾ ਲਫ਼ਜ਼ ਏ। ਪਰ ਅਸਾਂ ਬਾਜ਼ਾਰ ਵਿਚ ਬਹਿਣ ਵਾਲਿਆਂ ਦੀ ਹਯਾਤੀ ਤੋਂ ਇਹ ਪਾਕ ਲਫ਼ਜ਼ ਏਨਾ ਈ ਦੂਰ ਏ ਜਿੰਨਾ ਕਿਸੇ ਕੰਜਰੀ ਦੇ ਘਰ ਤੋਂ ਜ਼ਮਜ਼ਮ ਦਾ ਚਸ਼ਮਾ। ਮੈਂ ਸੋਚਦੀ ਮੇਰਾ ਵਿਆਹ ਕੀਹਦੇ ਨਾਲ ਹੋਵੇਗਾ ? ਸੋਚਦੀ-ਸੋਚਦੀ ਮੈਂ ਤਾਰਿਆਂ ਦੀ ਦੁਨੀਆ ਵਿਚ ਅੱਪੜ ਜਾਂਦੀ। ਓਥੇ ਇਕ ਚੰਨ ਦੇ ਮੱਥੇ ਵਾਲਾ ਵੱਡਾ ਸਾਰਾ ਤਾਰਾ ਲਿਸ਼ਕਦਾ ਡਲ੍ਹਕਾਂ ਮਾਰਦਾ ਵੇਖਦੀ। ਉਹਦੇ ਤੀਕ ਅੱਪੜਨ ਲਈ ਉੱਡਦੀ-ਉੱਡਦੀ ਹੱਥ ਵਧਾਂਦੀ, ਪਰ ਮੈਂ ਜਿੰਨਾ ਅਗਾਂਹ ਵਧਦੀ ਉਹ ਓਨਾ ਈ ਦੂਰ ਹੋ ਜਾਂਦਾ। ਪਰ ਉਹਦੀ ਠੰਡੀ ਰੌਸ਼ਨੀ ਨਾਲ ਅੱਖਾਂ ਨੂੰ ਠੰਡ ਤੇ ਦਿਲ ਨੂੰ ਖਲੇਰ ਮਿਲਦੀ। ਮੈਂ ਸੌਂਦੀ ਜਾਗਦੀ ਆਪਨੇ ਦਿਨ ਰਾਤ ਤਾਰਿਆਂ ਦੇ ਸੰਸਾਰ ਵਿਚ ਪਈ ਲੰਘਾਂਦੀ ਸਾਂ। ਹਾਂ, ਕਦੀ-ਕਦੀ ਇਕ ਝਟਕਾ ਅਜਿਹਾ ਲਗਦਾ ਸੀ ਪਈ ਬੱਦਲਾਂ ਦੀ ਉਚਾਈ ਤੋਂ ਧਰਤੀ ਦੀ ਜਿਲ੍ਹਣ ਵਿਚ ਜਾ ਪੈਂਦੀ ਸਾਂ। ਮੈਂ ਤੁਹਾਨੂੰ ਇਕ ਅਜਿਹੇ ਝਟਕੇ ਦਾ ਹਾਲ ਦੱਸਨੀ ਆਂ।

ਮੇਰਾ ਭਰਾ ਕਦੀ ਕਦੀ ਹਵੇਲੀ ਦੇ ਅੱਗੋਂ ਲੰਘਦਾ ਸੀ। ਉਹਦੇ ਘਰੋਂ ਨਿਕਲਦਿਆਂ ਪੈਲੀ ਬੰਨੇ ਫੇਰਾ ਮਾਰਨ ਲਈ ਇਹ ਈ ਰਾਹ ਨੇੜੇ ਸੀ, ਨਹੀਂ ਤੇ ਉਹ ਏਸ ਰਾਹ ਨੂੰ ਈ ਛੱਡ ਜਾਂਦਾ। ਇਕ ਦਿਹਾੜੇ ਉਹਦਾ ਨਿੱਕਾ ਮੁੰਡਾ ਮੈਨੂੰ ਮਿਲ ਕੇ ਬਾਹਰ ਹਵੇਲੀ ਦੇ ਬੂਹਿਓਂ ਪਿਆ ਨਿਕਲਦਾ ਸੀ। ਪਿਉ ਨੇ ਵੇਖ ਲਿਆ ਤੇ ਪੁੱਛਿਆ, "ਕਿਥੇ ਗਿਆ ਸੈਂ ਓਏ ?" ਜੇ ਉਹ ਆਖ ਦਿੰਦਾ ਦਾਦੇ ਕੋਲੋਂ ਆਇਆਂ ਤੇ ਖ਼ੈਰ ਹੁੰਦੀ। ਪਰ ਓਸ ਆਖਿਆ, ਫੁੱਫੀ ਕੋਲੋਂ ਆਇਆਂ। ਮੇਰੀ ਫੁੱਫੀ ਬੜੀ ਚੰਗੀ ਏ। ਏਨਾ ਸੁਣਨਾ ਸੀ ਜੋ ਭਰਾ ਹੋਰੀਂ ਗੁੱਸੇ ਨਾਲ ਪਾਗਲ ਹੋ ਗਏ। ਮਾਰ ਮਾਰ ਕੇ ਇਆਣੇ ਨੂੰ ਲਹੂ-ਲੁਹਾਨ ਕਰ ਦਿੱਤਾ। ਦਾਦੇ ਨੇ ਛੁਡਾਣਾ ਚਾਹਿਆ ਪਰ ਪੁੱਤਰ ਨੇ ਧੱਕਾ ਦੇ ਉਨ੍ਹਾਂ ਨੂੰ ਵੀ ਡੇਗ ਦਿੱਤਾ। ਡਿੱਗਦਿਆਂ ਉਨ੍ਹਾਂ ਦੀ ਪੱਗ ਮੋਰੀ ਵਿਚ ਜਾ ਪਈ। ਮੈਂ ਇਹ ਸਭ ਕੁਝ ਆਪਨੀਆਂ ਅੱਖਾਂ ਨਾਲ ਡਿੱਠਾ। ਮੇਰਾ ਦਿਲ ਕਰਦਾ ਸੀ ਓਥੋਂ ਈ ਸਿਰ ਭਾਰ ਡਿੱਗ ਕੇ ਜਾਨ ਦੇ ਦਿਆਂ। ਮੈਥੋਂ ਆਪਨੇ ਬੁੱਢੇ ਪਿਉ ਦੀ ਲਹਾਈ ਵੇਖੀ ਨਹੀਂ ਸੀ ਜਾਂਦੀ। ਭਰਾ ਹੋਰੀਂ ਚੀਕ-ਚੀਕ ਕੇ ਪਏ ਆਂਹਦੇ ਸਨ, ਸਾਰੀ ਉਮਰ ਕੰਜਰਖਾਨੇ ਵਿਚ ਗੁਜ਼ਾਰੀ ਸੂ। ਹੁਣ ਘਰ ਨੂੰ ਵੀ ਕੰਜਰਖਾਨਾ ਬਣਾ ਦਿੱਤਾ ਸੂ। ਵੱਡਾ ਆਇਆ ਏ ਧੀ ਦਾ ਪਿਉ। ਭੋਏਂ ਦੀ ਪੈਦਾ ਨਾਲ ਢਿੱਡ ਨਹੀਂ ਸੂ ਭਰਦਾ। ਹੁਣ ਪਿੰਡ ਵਿਚ ਪੇਸ਼ੇ ਦੀ ਕਮਾਈ ਖਾਣ ਲਈ ਨਾਚੀ ਲੈ ਆਇਆ ਜੇ। ਪਿਉ ਖਲੋਤਾ ਕੰਬਦਾ ਸੀ ਪਿਆ। ਇਹ ਗੱਲ ਸੁਣਦਿਆਂ ਈ ਪਿਛਲੀ ਪੈਰੀਂ ਡਿੱਗਾ ਤੇ ਦੰਦਲ ਪੈ ਗਈ। ਭਰਾ ਹੋਰੀਂ ਪੁੱਤਰ ਨੂੰ ਘਸੀਟਦੇ ਹੋਏ ਜਾ ਚੁੱਕੇ ਸੀ। ਏਸ ਟੱਬਰ ਦੀਆਂ ਤਿੰਨ ਪੁਸ਼ਤਾਂ ਮੇਰੇ ਏਥੇ ਆਣ ਨਾਲ ਮੁਸੀਬਤ ਤੇ ਦੁੱਖ ਵਿਚ ਫਸ ਗਈਆਂ ਸਨ। ਮੈਂ ਸੋਚਦੀ ਸਾਂ ਪਈ ਕੀ ਮੇਰੇ ਪਿਉ ਦਾ ਇਹ ਵਿਚਾਰ ਨਿਰਾ ਵਹਿਮ ਤੇ ਝੂਠ ਨਹੀਂ ਪਈ ਉਹਨੇ ਆਪਨੀ ਧੀ ਨੂੰ ਬਾਜ਼ਾਰ ਵਿਚੋਂ ਆਪਨੇ ਵੱਡਿਆਂ ਦੇ ਪਿੰਡ ਵਿਚ ਲਿਆ ਕੇ ਨੇਕੀ ਕੀਤੀ ਏ। ਜੇ ਨੇਕੀ ਏਹੋ ਈ ਏ ਤਾਂ ਇਹਦਾ ਬਾਹਰਲਾ ਰੂਪ ਬਦੀ ਤੋਂ ਵੀ ਢੇਰ ਭੈੜੀ ਸੂਰਤ ਵਾਲਾ ਏ। ਗਲੀ ਵਿਚ ਤਿਲ ਧਰਨ ਨੂੰ ਥਾਂ ਨਹੀਂ। ਜ਼ਨਾਨੀਆਂ ਤੇ ਬੰਦੇ, ਬਾਲ ਤੇ ਬੁੱਢੇ ਉੱਚੀ-ਉੱਚੀ ਪਏ



ਬੋਲਦੇ ਸਨ। ਉਨ੍ਹਾਂ ਦੀਆਂ ਗੱਲਾਂ ਵਿਚ ਇਕ ਗੱਲ ਸਾਂਝੀ ਸੀ, ਪਈ ਉਨ੍ਹਾਂ ਆਪਨੀ ਹਯਾਤੀ ਵਿਚ ਪਹਿਲੀ ਵਾਰ ਚੌਧਰੀ ਨੂੰ ਰੋਂਦਿਆਂ ਤੇ ਪਿਛਲੀ ਪੈਰੀਂ ਡਿੱਗਦਿਆਂ ਡਿੱਠਾ ਏ।

ਏਹੋ ਜੇਹੇ ਵੇਲੇ ਲੋਕ ਪੁਰਾਣੀਆਂ-ਪੁਰਾਣੀਆਂ ਗੱਲਾਂ ਯਾਦ ਕਰਦੇ ਨੇ। ਏਸ ਪਿੰਡ ਦੀ ਮਸ਼ਹੂਰ ਲੜਾਈ ਦਾ ਨਾਂ ਲੈਂਦੇ ਸਨ ਜਦੋਂ ਸੌ ਡਾਂਗਾਂ ਚੌਧਰੀ 'ਤੇ ਵਰ੍ਹੀਆਂ ਤੇ ਉਹਦੇ ਸਿਰ ਦੇ ਤੂੰਬੇ ਉੱਡ ਗਏ। ਪਰ ਉਹਨੇ ਡੱਬ ਵਿਚੋਂ ਪਿਸਤੌਲ ਕੱਢ ਕੇ ਆਪਨੇ ਤਿੰਨ ਵੈਰੀਆਂ ਨੂੰ ਓਥੇ ਈ ਢੇਰ ਕਰ ਦਿੱਤਾ। ਉਹਦੇ ਸਿਰ 'ਤੇ ਕਿੰਨੇ ਫੱਟ ਸਨ, ਉਹੋ ਅਦਾਲਤ ਵਿਚ ਉਹਦੇ ਸਾਫ਼ ਬਰੀ ਹੋਣ ਦਾ ਕਾਰਨ ਹੋਏ। ਕੋਈ ਆਂਹਦਾ ਚੌਧਰੀ ਓਸ ਵੇਲੇ ਏਨਾ ਬੁੱਢਾ ਨਹੀਂ ਸੀ। ਕੋਈ ਆਂਹਦਾ ਹਾਲੀ ਵੀ ਉਹ ਮੋਇਆ ਨਹੀਂ, ਉਮਰ ਦਾ ਬੁੱਢਾ ਏ ਪਰ ਹੌਸਲੇ ਦਾ ਜਵਾਨ ਏ। ਅੱਜ ਦੀ ਸੱਟ ਉਹਨੂੰ ਪੁੱਤਰ ਦੇ ਹੱਥੋਂ ਲੱਗੀ ਏ, ਉਹ ਵੀ ਜੁੱਸੇ 'ਤੇ ਨਹੀਂ, ਜਾਨ 'ਤੇ ਲੱਗੀ ਏ। ਕੋਈ ਆਂਹਦਾ ਛੱਡੋ ਯਾਰ, ਸਾਰੀ ਉਮਰ ਓਸ ਬੁੱਢੀ ਕੰਜਰੀ ਨਾਲ ਮੂੰਹ ਕਾਲਾ ਕਰਦਾ ਰਿਹਾ, ਹੁਣ ਮੁਕਾਲੇ ਦੇ ਫਲ ਨੂੰ ਧੀ ਬਣਾ ਕੇ ਏਥੇ ਲੈ ਆਇਆ ਏ। ਮੁਸਲਮਾਨ ਪੁੱਤਰ ਏਡਾ ਹਨੇਰ ਕਿਵੇਂ ਸਹਿ ਸਕਦਾ ਏ ? ਪਰ ਇਨ੍ਹਾਂ ਸਾਰੀਆਂ ਗੱਲਾਂ ਤੋਂ ਵੱਧ ਚੌਧਰੀ ਦਾ ਆਪਨਾ ਹਾਲ ਸੀ। ਮੈਂ ਕਾਮਿਆਂ ਕੋਲੋਂ ਹਵੇਲੀ ਦਾ ਬੂਹਾ ਭਿੜਾ ਦਿੱਤਾ। ਦੀਵਾਨਖ਼ਾਨੇ ਵਿਚੋਂ ਸਭ ਲੋਕ ਕਢਾ ਦਿੱਤੇ ਤੇ ਪਿਉ ਦੀ ਸੇਵਾ ਲਈ ਆਪ ਚੁਬਾਰਿਉਂ ਲਹਿ ਕੇ ਦੀਵਾਨਖ਼ਾਨੇ ਆ ਗਈ। ਉਹ ਵਰ੍ਹਿਆਂ ਦਾ ਰੋਗੀ ਜਾਪਦਾ ਸੀ। ਪੰਦਰਾਂ ਵੀਹਾਂ ਦਿਨਾਂ ਪਿਛੋਂ ਚੌਧਰੀ ਵਿਚ ਕਿਤੇ ਏਨੀ ਆਂਕਸ ਆਈ ਪਈ ਉਹ ਬੈਠਕੋਂ ਨਿਕਲ ਕੇ ਹਵੇਲੀ ਦੇ ਵਿਹੜੇ ਵਿਚ ਟਹਿਲ ਸਕੇ। ਪਰ ਉਹਦਾ ਹਰ ਵੇਲੇ ਹਾਏ-ਹਾਏ ਕਰਨਾ ਤੇ ਹਉਕੇ ਨਾ ਮੁੱਕਣੇ ਸੀ, ਨਾ ਮੁੱਕੇ। ਭੁੱਖ ਜਿਵੇਂ ਪਰ ਲਾ ਕੇ ਉੱਡ ਗਈ ਸੀ। ਮੈਥੋਂ ਉਹਦਾ ਇਹ ਹਾਲ ਡਿੱਠਾ ਨਹੀਂ ਸੀ ਜਾਂਦਾ। ਉਹ ਹੁਣ ਮੇਰੇ ਨਾਲ ਬਹੁਤੀਆਂ ਗੱਲਾਂ ਵੀ ਨਹੀਂ ਸੀ ਕਰਦਾ।

ਇਕ ਦਿਨ ਜਦੋਂ ਉਹਦੀ ਤਬੀਅਤ ਸੰਭਲੀ, ਉਹਨੇ ਨਾਲ ਦੇ ਪਿੰਡ ਤੋਂ ਆਪਨੇ ਯਾਰ ਮਿਰਜ਼ੇ ਹੋਰਾਂ ਨੂੰ ਸੱਦ ਘੱਲਿਆ। ਮਿਰਜ਼ੇ ਹੋਰੀਂ ਪੁਲਿਸ ਵਿਚ ਡਿਪਟੀ ਸਨ ਤੇ ਪਿਨਸ਼ਨ ਪਾ ਕੇ ਆਪਨੇ ਪਿੰਡ ਵਿਚ ਆ ਰਹਿ ਸਨ। ਇਕ ਇੱਜ਼ਤਦਾਰ, ਸੋਚ ਸਮਝ ਤੇ ਪਹੁੰਚ ਵਾਲੇ ਬੰਦੇ ਸਨ। ਚੌਧਰੀ ਹੋਰਾਂ ਇਨ੍ਹਾਂ ਦੇ ਕੰਨ ਵਿਚ ਕੁਝ ਗੱਲਾਂ ਕੀਤੀਆਂ। ਉਹ ਆਪਨੇ ਨੌਕਰ ਨੂੰ, ਓਥੇ ਛੱਡ ਕੇ ਚੁੱਪ ਚੁਪੀਤੇ ਬਾਹਰ ਨਿਕਲ ਗਏ। ਸ਼ਾਮ ਦਾ ਵੇਲਾ ਸੀ। ਮੈਂ ਸਮਝਿਆ ਨਮਾਜ਼ ਪੜ੍ਹਨ ਮਸੀਤ ਤੀਕ ਗਏ ਨੇ, ਪਰ ਉਹ ਘੰਟੇ ਤਕ ਪਰਤ ਕੇ ਆਏ। ਉਨ੍ਹਾਂ ਨਾਲ ਇਕ ਗੱਭਰੂ ਸੀ, ਚੰਗੀ ਪੁਸ਼ਾਕ ਤੇ ਪੁਜ਼ੀਸ਼ਨ ਵਾਲਾ। ਮੈਂ ਉਹਨੂੰ ਪਹਿਲਾਂ ਵੀ ਦੀਵਾਨਖ਼ਾਨੇ ਵਿਚ ਚੌਧਰੀ ਹੋਰਾਂ ਨਾਲ ਗੱਲਾਂ ਕਰਦਿਆਂ ਵੇਖਿਆ ਸੀ ਤੇ ਅੱਜ ਉਹ ਖ਼ੂਬ ਬਣ ਸੱਜ ਕੇ ਆਇਆ ਸੀ, ਜਿਵੇਂ ਜੰਞ ਵਿਚ ਲਾੜ੍ਹਾ ਹੁੰਦਾ ਏ। ਮੈਂ ਚਿਖ ਪਿੱਛੇ ਬੈਠੀ ਸਭ ਕੁਝ ਪਈ ਵਿੰਹਦੀ ਸਾਂ ਤੇ ਗੱਲ ਗੱਲ ਨੂੰ ਕੰਨਾਂ ਵਿਚ ਪਈ ਪਾਉਂਦੀ ਸਾਂ। ਪਤਾ ਲੱਗਾ ਪਈ ਇਹ ਗੱਭਰੂ ਚੌਧਰੀ ਹੋਰਾਂ ਦਾ ਸਕਾ ਭਤੀਜਾ ਸੀ। ਉਹਦੇ ਪਿਉ ਦੇ ਮਰਨ ਪਿੱਛੋਂ ਚੌਧਰੀ ਹੋਰਾਂ ਉਹਨੂੰ ਪਾਲਿਆ ਪੋਸਿਆ ਤੇ ਪੜ੍ਹਾਇਆ ਲਿਖਾਇਆ ਤੇ ਆਪਨੇ ਪਿਉ ਦਾਦੇ ਦੇ ਨੇਕ ਕੰਮਾਂ ਦਾ ਵਾਸਤਾ ਦੇ ਕੇ ਸਰਕਾਰ ਕੋਲੋਂ ਉਹਨੂੰ ਤਹਿਸੀਲਦਾਰ ਦੀ ਨੌਕਰੀ ਦਵਾਈ। ਤੇ ਆਪ ਈ ਮਿਰਜ਼ਾ ਸਾਹਿਬ ਦੇ ਆਉਣ ਤੋਂ ਪਹਿਲਾਂ ਉਹਨੂੰ ਅਖਵਾ ਭੇਜਿਆ ਸੀ। ਪਈ ਚੰਗੀ ਪੁਸ਼ਾਕ ਪਾ ਕੇ ਤਿਆਰ ਰਵ੍ਹੀਂ, ਖ਼ਾਸ ਕੰਮ ਵਾਸਤੇ ਬੁਲਾਣਾ ਏ। ਇਹ ਸਾਰੀਆਂ ਗੱਲਾਂ ਓਸੇ ਵੇਲੇ ਮੈਂ ਚੌਧਰੀ ਦੀ ਜ਼ਬਾਨ ਤੋਂ ਸੁਣੀਆਂ।

ਮੈਂ ਸੋਚਦੀ ਸਾਂ ਪਈ ਚੌਧਰੀ ਹੋਰੀਂ ਇਹਦੇ ਨਾਲ ਕੀ ਗੱਲਾਂ ਕਰਨਗੇ।

ਚੌਧਰੀ ਹੋਰਾਂ ਹੁਣ ਗੱਲਬਾਤ ਛੋਹੀ, ਪਰ ਜਿਵੇਂ ਕੋਈ ਡਰ-ਡਰ ਕੇ ਬੋਲਦਾ ਏ—"ਪੁੱਤਰਾ, ਮੈਂ ਹੁਣ ਤੀਕਰ ਤੇਰੀ ਜਿੰਨੀ ਸੇਵਾ ਕੀਤੀ ਏ, ਅੱਜ ਮੈਂ ਤੇਰੇ ਕੋਲੋਂ ਉਹਦਾ ਮੁੱਲ ਮੰਗਣਾ ਤੇ ਆਸ ਏ ਤੂੰ ਉਹਦਾ ਮੁੱਲ ਪਾਵੇਂਗਾ ਤੇ ਮੇਰੀ ਗੱਲ ਮੋੜੇਂਗਾ ਨਹੀਂ। ਮੈਂ ਆਪਨੀ ਧੀ ਦਾ ਨਿਕਾਹ ਤੇਰੇ ਨਾਲ

ਕਰਨਾ ਲੋੜਨਾ ਤੇ ਹੁਣੇ ਈ, ਏਸੇ ਵਾਸਤੇ ਮੈਂ ਡਿਪਟੀ ਸਾਹਿਬ ਨੂੰ ਵੀ ਤਕਲੀਫ਼ ਦਿੱਤੀ ਏ।"

ਗੱਭਰੂ ਬੋਲਿਆ। ਉਹਦੀ ਆਵਾਜ਼ ਵਿਚ ਕ੍ਰੋਧ ਦੱਬਿਆ ਹੋਇਆ ਸੀ—ਪਰ ਚਾਚਾ ਉਹ ਤੇ ਕੰਜਰੀ ਦੇ ਪੇਟੋਂ ਏਂ।

ਚੌਧਰੀ ਦਾ ਰੰਗ ਪੀਲਾ ਪੈ ਗਿਆ। ਉਹਨੇ ਸਿਰਹਾਣੇ ਨੂੰ ਢੋਅ ਲਾਂਦਿਆਂ ਹੋਇਆਂ ਆਖਿਆ—ਪੁੱਤਰ ਆਪਣੇ ਬੁੱਢੇ ਚਾਚੇ ਨੂੰ ਏਦੂੰ ਵੱਧ ਨਾ ਰੋਲੋ। ਮੈਂ ਤੇਰੀਆਂ ਸਾਰੀਆਂ ਵਾਰੀਆਂ ਜਾਣਨਾਂ। ਘਰ ਦੇ ਜੰਮਿਆਂ ਦੇ ਦੰਦ ਕਿਸੇ ਨਹੀਂ ਗਿਣੇ। ਤੇ ਮੈਂ ਤੇਰੇ ਭਲੇ ਬੁਰੇ ਨੂੰ ਵੀ ਜਾਣਨਾਂ। ਮੈਂ ਤੈਨੂੰ ਕੋਈ ਮੰਦਾ ਕੰਮ ਕਰਨ ਲਈ ਆਖ ਵੀ ਨਹੀਂ ਸਕਦਾ। ਉਹ ਮੇਰੀ ਧੀ ਏ, ਪੜ੍ਹੀ ਲਿਖੀ, ਸੁੱਘੜ ਸੁਚੱਜੀ। ਉਹ ਪਿਆਰ ਦੀ ਪੁਤਲੀ ਏ। ਮੈਂ ਸਿਰਫ਼ ਉਹਦੇ ਦਮ ਬਦਲੇ ਆਪਣੀ ਹਯਾਤੀ ਦਾ ਲੰਮਾ ਹਿੱਸਾ ਉਹਦੀ ਮਾਂ ਦੇ ਕੋਠੇ 'ਤੇ ਲੰਘਾਇਆ ਏ। ਸਦਾ ਇਹਦੀ ਪੁੱਛ ਪੜਤਾਲ ਰੱਖੀ ਏ। ਆਪਣੀਆਂ ਅੱਖਾਂ ਅੱਗੇ ਉਹਨੂੰ ਪਾਲਿਆ ਪੋਸਿਆ ਏ, ਏਸੇ ਦਿਨ ਲਈ। ਵੇਖ ਤੇ ਕੰਨ ਖੋਲ੍ਹ ਕੇ ਸੁਣ। ਮੈਂ ਤੇਰੇ ਅੱਗੇ ਇਕ ਗੱਲ ਮਰਦਾਂ ਵਾਲੀ ਕਰਨ ਲੱਗਾ ਵਾਂ। ਵੱਡੀ ਤੋਂ ਵੱਡੀ ਏਤਬਾਰ ਵਾਲੀ ਲੇਡੀ ਡਾਕਟਰ ਤੋਂ ਇਹਦਾ ਮੁਲਾਹਜ਼ਾ ਕਰਾ। ਜੇ ਤੇਰੀ ਤਸੱਲੀ ਦੇ ਲਾਇਕ ਸਰਟੀਫ਼ਿਕੇਟ ਮਿਲ ਜਾਏ ਪਈ ਮੇਰੀ ਧੀ ਨੂੰ ਹਾਲੇ ਕਿਸੇ ਮਰਦ ਨੇ ਹੱਥ ਨਹੀਂ ਲਾਇਆ ਤਾਂ ਮੇਰੀ ਖ਼ਾਤਰ ਇਹਦੀ ਮਾਂ ਦੇ ਸੰਬੰਧ ਨੂੰ ਭੁੱਲ ਜਾ ਤੇ ਚੁੱਪਚਾਪ ਇਹਦੇ ਨਾਲ ਨਿਕਾਹ ਪੜ੍ਹਾ ਲੈ। ਤੇਰਾ ਬੁੱਢਾ ਚਾਚਾ ਤੇਰੇ ਅੱਗੇ ਆਪਣੀ ਹਯਾਤੀ ਦੀ ਅਖ਼ੀਰਲੀ ਮਿੰਨਤ ਕਰਦਾ ਏ। ਏਦੂੰ ਪਿੱਛੋਂ ਤੇਰੇ ਬੁੱਢੇ ਚਾਚੇ ਨੇ ਕਦੀ ਕੁਝ ਨਹੀਂ ਆਖਣਾ, ਕਦੀ ਕੋਈ ਤਕਲੀਫ਼ ਨਹੀਂ ਦੇਣੀ। ਤੇ ਸੁਣ ਮੈਂ ਆਪਣੀ ਅੱਧੀ ਜਾਇਦਾਦ ਭੋਏਂ ਭਾਂਡਾ ਏਸ ਕੰਮ ਦੇ ਬਦਲੇ ਤੇਰੇ ਨਾਂ ਲਾਨਾਂ ਵਾਂ।

ਗੱਭਰੂ ਉੱਠ ਖਲੋਤਾ ਤੇ ਗੱਜ ਕੇ ਆਖਣ ਲੱਗਾ—ਮੈਂ ਸੱਤਰੇ ਬਹੱਤਰੇ ਬੁੱਢੇ ਦੇ ਪਾਗਲਪਣ ਉੱਤੇ ਆਪਣੀ ਹਯਾਤੀ ਦੀ ਕੁਰਬਾਨੀ ਦੇਣ ਲਈ ਤਿਆਰ ਨਹੀਂ।

ਚੌਧਰੀ ਨੇ ਆਪਣੀ ਚਿੱਟੀ ਪੱਗ ਲਾਹ ਕੇ ਉਹਦੇ ਪੈਰਾਂ ਵਿਚ ਰੱਖ ਦਿੱਤੀ। ਇਹ ਵੇਖ ਕੇ ਉਨ੍ਹਾਂ ਦੇ ਪੱਗ-ਵੱਟ ਭਰਾ ਮਿਰਜ਼ੇ ਹੋਰਾਂ ਦੀ ਚੀਕ ਨਿਕਲ ਗਈ। ਉਨ੍ਹਾਂ ਦਿਲ ਦੇ ਦਰਦ ਹੱਥੋਂ ਚੀਕ ਮਾਰ ਕੇ ਆਖਿਆ—ਓਏ ਜ਼ਾਲਮਾ, ਰੱਬ ਦੇ ਵਾਸਤੇ ਇਹ ਤਾਂ ਸਮਝ ਪਈ ਤੇਰੇ ਪੈਰਾਂ ਵਿਚ ਅੱਜ ਓਸ ਮਰਦ ਨੇ ਪੱਗ ਲਾਹ ਕੇ ਰੱਖੀ ਏ, ਜੀਹਦੇ ਲਈ ਸਿਰ ਲਾਹੁਣਾ ਸੌਖਾ ਏ ਤੇ ਪੱਗ ਕਿਸੇ ਦੇ ਪੈਰਾਂ 'ਤੇ ਰੱਖਣਾ ਔਖਾ ਏ। ਮੈਂ ਇਹਦੀ ਰਗ ਰਗ ਦਾ ਜਾਣੂ ਆਂ। ਤੂੰ ਇਹਦੀ ਗੱਲ ਮੰਨ ਲੈ। ਮੈਂ ਵੀ ਤੇਰੀ ਇਹ ਨੇਕੀ ਸਾਰੀ ਹਯਾਤੀ ਨਾ ਭੁੱਲਾਂਗਾ। ਪਰ ਉਹ ਗੱਭਰੂ ਪੱਗ ਨੂੰ ਪੈਰਾਂ ਵਿਚ ਰੋਲਦਾ ਬਾਹਰ ਨਿਕਲ ਗਿਆ।

ਹੁਣ ਚੌਧਰੀ ਡਿੱਗ ਪਿਆ। ਕਿਸੇ ਖ਼ਮੀਰੇ ਗਾਉਜ਼ਬਾਨ, ਕਿਸੇ ਯਾਕੂਤੀ, ਕਿਸੇ ਅਣਵਿੱਧੇ ਮੋਤੀਆਂ ਦੇ ਨੁਸਖ਼ੇ ਤੇ ਕਿਸੇ ਟੀਕੇ ਨਾਲ ਉਹਦੇ ਦਿਲ ਨੂੰ ਸਹਾਰਾ ਨਾ ਮਿਲ ਸਕਿਆ ਤੇ ਨਾ ਈ ਹੰਝੂ ਉਹਦੀਆਂ ਅੱਖਾਂ ਵਿਚੋਂ ਸੁੱਕ ਸਕੇ। ਉਹ ਪਾਰੇ ਵਾਂਗੂੰ ਤੜਫ਼ਦਾ ਸੀ, ਹਉਕੇ ਭਰਦਾ ਸੀ ਤੇ ਆਂਹਦਾ ਸੀ—ਓਏ ਬੁੱਢਿਆ, ਦੁਰਫਿਟੇ ਮੂੰਹ ਈ। ਓਏ ਭੈੜੇ ਲੇਖਾਂ ਦਿਆ ਤੇਰੀ ਚਿੱਟੀ ਪੱਗ ਤੇਰੇ ਪੁੱਤਰ ਨੇ ਮੋਰੀ ਵਿਚ ਸੁੱਟ ਦਿੱਤੀ। ਤੇਰੇ ਦਿਲ ਨੂੰ ਤੀਰ ਮਾਰਿਆ। ਰਹਿੰਦੀ ਕਸਰ ਭਤਰੀਏ ਨੇ ਕੱਢ ਦਿੱਤੀ ਆ। ਤੇਰੀ ਪੱਗ ਨੂੰ ਪੈਰਾਂ ਥੱਲੇ ਰੋਲਦਾ ਟੁਰ ਗਿਆ ਈ। ਇਕ ਫੱਟ ਪੁੱਤਰ ਹੱਥੋਂ ਲੱਗਾ ਸੀ, ਭਤਰੀਏ ਅਖ਼ੀਰਲੀ ਸੱਟ ਉਹ ਲਾਈ ਏ ਪਈ ਤੂੰ ਮਰ ਗਿਆ ਏਂ। ਹੁਣ ਕੀ ਉਡੀਕਨਾ ਏਂ ? ਕਬਰ ਵਿਚ ਕਿਉਂ ਨਹੀਂ ਲਹਿ ਜਾਂਦਾ ? ਓਏ ਏਸ ਚੰਦ ਮੂੰਹ 'ਤੇ ਮਿੱਟੀ ਕਿਉਂ ਨਹੀਂ ਪੈਣ ਦਿੰਦਾ ਤਾਂ ਜੇ ਹੁਣ ਤੇਰਾ ਭੈੜਾ ਮੂੰਹ ਕੋਈ ਨਾ ਵੇਖੇ ?

ਮਿਰਜ਼ੇ ਹੋਰੀਂ ਇਕ ਪਲ ਵੀ ਉਹਦੇ ਸਿਰਾਹਣਿਉਂ ਲਾਂਭੇ ਨਹੀਂ ਸਨ ਹੁੰਦੇ। ਚੌਧਰੀ ਪੰਦਰਾਂ ਵੀਹ ਦਿਨ ਅੱਡੀਆਂ ਰਗੜ ਕੇ ਏਸ ਸੰਸਾਰ ਨੂੰ ਛੱਡ ਕੇ ਓਸ ਸੰਸਾਰ ਵਿਚ ਚਲਾ ਗਿਆ, ਜਿਥੇ



ਕੋਈ ਕਿਸੇ ਨੂੰ ਫੱਟ ਨਹੀਂ ਲਾ ਸਕਦਾ। ਜਿਥੇ ਕੋਈ ਕਿਸੇ ਦੀਆਂ ਸੱਧਰਾਂ ਦਾ ਖ਼ੂਨ ਨਹੀਂ ਕਰ ਸਕਦਾ। ਜਿਥੇ ਕੋਈ ਕਿਸੇ ਦੀ ਚਿੱਟੀ ਪੱਗ ਨਹੀਂ ਰੋਲ ਸਕਦਾ। ਉਹਨੂੰ ਦੱਬ ਕੇ ਤੇ ਤੀਜਾ ਕਰ ਕੇ ਮਿਰਜ਼ੇ ਹੋਰੀਂ ਆਪਣੀ ਮੋਟਰ ਲੈ ਕੇ ਆਏ ਤੇ ਮੇਰੇ ਪਿਉ ਦੀ ਵਸੀਅਤ ਦਾ ਪਾਲਣ ਕਰਦਿਆਂ ਹੋਇਆਂ ਮੈਨੂੰ ਮੋਟਰ ਵਿਚ ਬਿਠਾ ਕੇ ਫੇਰ ਏਥੇ ਈ ਛੱਡ ਗਏ, ਮੇਰੀ ਮਾਂ ਦੀ ਹਵੇਲੀ ਵਿਚ, ਜਿਹੜੀ ਮੇਰੇ ਪਿਉ ਨੇ ਮੇਰੀ ਮਾਂ ਲਈ ਬਣਾਈ ਸੀ। ਥੋੜ੍ਹੇ ਦਿਨ ਹੋਏ ਇਕ ਬੁੱਢਾ ਸਰਕਾਰੀ ਅਹਿਲਕਾਰ ਇਹ ਆਖ ਗਿਆ ਸੀ, ਸਾਡੇ ਤਹਿਸੀਲਦਾਰ ਹੋਰਾਂ ਨੂੰ ਵੱਡਾ ਅਹੁਦਾ ਲੱਭਾ ਏ। ਉਹ ਮਾਲ ਅਫ਼ਸਰ ਬਣ ਗਏ ਨੇ। ਉਹ ਆਪਣੇ ਯਾਰਾਂ ਨਾਲ ਏਥੇ ਆ ਕੇ ਮੌਜ ਮੇਲਾ ਕਰਨਗੇ ਤੇ ਰਾਗ ਰੰਗ ਦੀ ਮਹਿਫ਼ਲ ਸਜਾਣਗੇ। ਮੈਂ ਪੈਸੇ ਮੁਕਾ ਕੇ ਵਕਤ ਦੇ ਦਿੱਤਾ।

ਜਦੋਂ ਮੈਂ ਪ੍ਰਾਹੁਣਿਆਂ ਦੇ ਸਵਾਗਤ ਲਈ ਬੂਹੇ 'ਤੇ ਗਈ ਤੇ ਚੌਧਰੀ ਦਾ ਓਹੋ ਭਤਰੀਆ ਖਲੋਤਾ ਦੰਦ ਪਿਆ ਕੱਢਦਾ ਸੀ। ਉਹਨੂੰ ਵਿੰਹਦਿਆਂ ਈ ਮੈਂ ਕੱਸ ਕੇ ਲੱਤ ਮਾਰੀ ਜੀਹਦਾ ਨਤੀਜਾ ਤੁਸੀਂ ਵੇਖ ਈ ਲਿਆ ਸੀ। ਮੈਨੂੰ ਪਤਾ ਨਹੀਂ ਪਈ ਓਸ ਵੇਲੇ ਦੰਦ ਕੱਢਣਾ ਉਹਦਾ ਅਖ਼ੀਰੀ ਦੰਦ ਕੱਢਣਾ ਬਣਿਆ ਜਾਂ ਨਾ ਬਣਿਆ, ਪਰ ਏਨੀ ਗੱਲ ਜ਼ਰੂਰ ਏ ਪਈ ਜਿਸ ਦਗਾਬਾਜ਼ ਨਮਕ ਹਰਾਮ ਕੁੱਤੇ ਨੇ...ਮੇਰੇ ਬੁੱਢੇ ਪਿਉ ਦਾ ਮਾਣ ਤੋੜਿਆ ਸੀ, ਉਹਦੀ ਔਗੁਣਾਂ ਭਰੀ ਧੀ ਨੇ ਓੜਕ ਉਹਦੇ 'ਤੇ ਆਪਣਾ ਗ਼ੁੱਸਾ ਕੱਢ ਲਿਆ। ਮੈਨੂੰ ਪੂਰਾ ਯਕੀਨ ਏ ਕਿ ਮੇਰੇ ਏਸ ਕੰਮ 'ਤੇ ਜੰਨਤ ਵਿਚ ਮੇਰੇ ਪਿਉ ਦੀ ਰੂਹ ਨੂੰ ਜ਼ਰੂਰ ਖ਼ੁਸ਼ੀ ਨਸੀਬ ਹੋਈ ਹੋਵੇਗੀ।

## ਆਪਣੀ ਆਪਣੀ ਅੱਗ ਆਪਣਾ ਆਪਣਾ ਸੇਕ/ਕੰਵਲ ਮੁਸ਼ਤਾਕ

"ਗੱਲ ਤਾਂ ਬੜੀ ਮਾੜੀ ਹੋਈ ਆ, ਪਰ ਲਗਦਾ ਸੀ ਇੰਜੇ ਹੋਣੀ ਸੀ।" ਹਾਕੂ ਨੇ ਚਾਰ ਖਾਨਿਆਂ ਵਾਲੇ ਮੈਲੇ ਖੇਸ ਦੀ ਬੁੱਕਲ ਨੂੰ ਘੁੱਟਿਆ ਤੇ ਨਿੱਸਲ ਹੋ ਕੇ ਲੱਕੜ ਦੇ ਬੈਂਚ ਉੱਤੇ ਬਹਿ ਗਿਆ। ਨੂਰਾ ਹੁੰਗਾਰਾ ਭਰਨ ਜਾਂ ਕੋਈ ਜਵਾਬ ਦੇਣ ਦੀ ਬਜਾਇ ਚਾਹ ਬਣਾਉਣ ਲਈ ਮਿੱਟੀ ਦੇ ਤੇਲ ਵਾਲੇ ਸਟੋਵ ਵਿਚ 'ਵਾ ਭਰਦਾ ਰਿਹਾ, ਕਿਉਂਕਿ ਚੁੱਲ੍ਹੇ ਵਿਚ 'ਵਾ ਘੱਟ ਹੋਣ ਨਾਲ ਉਹਦੀ ਲਾਟ ਮੱਠੀ ਪੈ ਗਈ ਸੀ। ਨੂਰਾ ਉਦੋਂ ਤੀਕ ਦੰਦ ਕਰੀਚਦਾ 'ਵਾ ਭਰਦਾ ਰਿਹਾ, ਜਦੋਂ ਤਕ ਚੁੱਲ੍ਹੇ ਦੀ ਸ਼ਾਂ ਸ਼ਾਂ ਤੇ ਲਾਟ ਤਿੱਖੀ ਨਾ ਹੋ ਗਈ। 'ਵਾ ਭਰ ਕੇ ਚਾਹ ਲਈ ਪਾਣੀ ਸਟੋਵ ਉੱਤੇ ਧਰ ਕੇ ਨੂਰੇ ਨੇ ਹਾਕੂ ਵੱਲ ਇੰਜ ਵੇਖਿਆ ਜਿਵੇਂ ਉਹਦੀ ਗੱਲ ਦਾ ਜਵਾਬ ਨਾ ਦੇਣਾ ਹੋਵੇ, ਸਿਰਫ਼ ਇਹ ਵੇਖਣਾ ਹੋਵੇ ਪਈ ਉਹ ਬੈਠਾ ਹੋਇਆ ਏ ਨਾ। ਨੂਰੇ ਨੂੰ ਚਾਹ ਬਣਾਉਣ ਦੇ ਧਿਆਨੇ ਲੱਗੇ ਵੇਖ ਕੇ ਹਾਕੂ ਨੇ ਫੇਰ ਉਹਦਾ ਧਿਆਨ ਆਪਣੇ ਵੱਲ ਕਰਾਉਣ ਲਈ ਆਖਿਆ;

"ਏਸ ਤੋਂ ਵੱਧ ਕਿਸੇ ਨਾਲ ਕੀ ਹੋਣੀ ਏ ?"

ਪਰ ਨੂਰੇ ਦਾ ਧਿਆਨ ਐਤਕੀਂ ਰਸਾਂ ਵਾਲੇ ਪੀਪੇ ਵਿਚ ਟੁਰਦੇ ਦੋ ਕਾਢਿਆਂ ਵੱਲ ਸੀ। ਉਹਨੇ ਸ਼ੀਸ਼ੇ ਵਿਚੋਂ ਦੀ ਉਨ੍ਹਾਂ ਨੂੰ ਅੱਗੜ ਪਿੱਛੜ ਦੌੜਦਿਆਂ ਵੇਖਿਆ ਤੇ ਵੱਟ ਜਿਹਾ ਖਾ ਕੇ ਪੀਪੇ ਦਾ ਢੱਕਣ ਚੁੱਕਿਆ ਤੇ ਪਰ੍ਹਾਂ ਸੜਕ 'ਤੇ ਵਗਾਹ ਮਾਰਿਆ।

"ਖਾਣ ਦੇ ਇਨ੍ਹਾਂ ਨੂੰ। ਇਨ੍ਹਾਂ ਦੀ ਵੀ ਤੇ ਇੰਜੇ ਈ ਲਿਖੀ ਹੋਈ ਏ।"

ਹਾਕੂ ਨੇ ਗੱਲ ਦਾ ਸਿਰਾ ਨੂਰੇ ਨੂੰ ਫੜਾਂਦਿਆਂ ਕਿਹਾ ਤੇ ਨੂਰੇ ਨੇ ਅੱਗੋਂ ਖਿਝੇ ਹੋਏ ਲਹਿਜੇ ਨਾਲ ਜਵਾਬ ਦਿੱਤਾ, "ਮਾਂ ਦੇ ਦੀਨੇ, ਖਾਂਦੇ ਥੋੜ੍ਹਾ ਤੇ ਭੋਰਦੇ ਬਹੁਤਾ ਨੇ।"

ਹਾਕੂ ਦੇ ਤੇ ਜਿਵੇਂ ਗੱਲ ਹੱਥ ਆ ਗਈ ਹੋਵੇ। ਉਹਨੇ ਕਿਹਾ, "ਆਪਣਾ ਆਪਣਾ ਕਾਰਾ ਹੁੰਦਾ ਏ। ਤੂੰ ਸੱਚ ਦੱਸ ਅੱਡੇ ਵਿਚ ਉਨ੍ਹਾਂ ਨੂੰ ਕਿਸੇ ਨਾ ਵੇਖਿਆ ਤੇ ਕਿਸੇ ਨਾ ਸਿਹਾਣਿਆ ?"

"ਖ਼ੁਦਾਈ ਢੁਕਦੀ ਏ ਆਵਾਜਾਈ ਦੀ। ਠਾਹਰ ਜੋ ਹੋਈ। ਕਿਸੇ ਦੇ ਮੱਥੇ 'ਤੇ ਲਿਖਿਆ ਏ ਪਈ ਚੋਰ ਏ ਕਿ ਸਾਧ ਏ ?" ਹੁਣ ਨੂਰਾ ਆਪਣੀ ਗੱਲ ਭੁੰਞੇ ਨਹੀਂ ਸੀ ਪੈਣ ਦੇ ਰਿਹਾ। ਉਹ ਬੋਲ ਰਿਹਾ ਸੀ;

"ਪਿੱਛੇ ਜਦੋਂ ਪਟਵਾਰੀਆਂ ਨੇ ਨੰਬਰਦਾਰਾਂ ਦੇ ਭਤੀਜੇ ਨੂੰ ਦਿਨ ਦੀਵੀਂ ਵੱਢ ਦਿੱਤਾ ਸੀ ਤੇ ਕਿਵੇਂ ਸ਼ਾਮੀਂ ਆਲੇ ਭੋਲੇ ਬਣ ਕੇ ਲਾਰੀਓਂ ਲੱਥੇ ਸਨ ਤੇ ਬੜੇ ਘੇਸਲੇ ਹੋ ਕੇ ਏਥੇ ਚਾਹ ਪੀਣ ਬਹਿ ਗਏ ਸਨ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਪਈ ਨੰਬਰਦਾਰਾਂ ਦਾ ਭਤੀਜਾ ਅੱਜ ਦੁਪਹਿਰੀਂ ਕਿਸੇ ਵੱਢ ਦਿੱਤਾ ਏ ਤਾਂ ਇਹ ਸੁਣ ਕੇ ਉਹ ਇੰਜ ਭੁੜਕੇ ਜਿਵੇਂ ਉਨ੍ਹਾਂ ਦੇ ਪੈਰਾਂ ਥੱਲੇ ਕੋਈ ਨੂੰਹਾਂ ਆ ਗਿਆ ਹੋਵੇ। ਕੱਪਾਂ ਵਿਚ ਪਈ ਚਾਹ ਛੱਡ ਕੇ ਵਗ ਤੁਰੇ। ਕਿਉਂ ਸ਼ੱਕ ਵਿਚ ਸਾਰਾ ਪਿੰਡ ਥਾਣੇ ਬਠਾਈ ਰੱਖਿਆ ਤੇ ਕਈਆਂ ਦੀ ਕਿਵੇਂ ਛਤਰੌਲ ਕਰਾਈ। ਕੋਈ ਅਠਵੇਂ ਦਿਹਾੜੇ ਜਾ ਕੇ ਪਤਾ ਲੱਗਾ ਪਈ ਇਹ ਤੇ ਉਨ੍ਹਾਂ ਦਾ ਹੀ ਕਾਰਾ ਏ।"

ਐਨੇ ਨੂੰ ਕਰਮੇ ਨੇ ਸਾਇਕਲ ਹੱਟੀ ਉੱਤੇ ਆ ਚਾੜ੍ਹੀ। ਹੈਂਡਲ ਤੋਂ ਦੁੱਧ ਦਾ ਕੈਨ ਲਾਹ ਕੇ ਚੁੱਲ੍ਹੇ ਕੋਲ ਪਏ ਸਿਲਵਰ ਦੇ ਵੱਡੇ ਤਸਲੇ ਵਿਚ ਦੁੱਧ ਪਾਉਣ ਲੱਗ ਪਿਆ। ਜਦੋਂ ਉਹਨੇ ਹੱਟੀ ਦੇ ਧੁਆਂਖੇ ਹੋਏ ਘਸਮੈਲੇ ਬੈਂਚ 'ਤੇ ਬੈਠ ਹਾਕੂ ਨੂੰ ਗੁੱਛਾ-ਮੁੱਛਾ ਹੋਇਆ ਵੇਖਿਆ ਤੇ ਉਹਨੂੰ ਛੇੜਦਿਆਂ ਹੋਇਆਂ ਕਿਹਾ, "ਸੁਣਾ ਚਾਚਾ, ਚਾੜ੍ਹ ਦਿੱਤਾ ਈ ਨਵਾਂ ਚੰਦ ?"

"ਉਏ ਇਹ ਤਾਂ ਤੁਹਾਡੇ ਜਿਹੇ ਤੱਤੇ ਲਹੂ ਵਾਲੇ ਮੁੰਡਿਆਂ ਖੁੰਡਿਆਂ ਦਾ ਕੰਮ ਏ।"

"ਭੇਜਦਾ ਆਂ ਥਾਣੇਦਾਰ ਨੂੰ। ਮੈਂ ਹੁਣ ਉਹਦੇ ਘਰ ਈ ਦੁੱਧ ਛੱਡਣ ਜਾ ਰਿਹਾ ਆਂ।"

"ਆਹੋ ਕਹਿ ਦੇ, ਕਹਿ ਦੇ। ਥਾਣੇਦਾਰ ਦਾ ਤੂੰ ਸਾਲਾ ਜੂ ਲਗਦਾ ਏਂ, ਜੋ ਕਹੇਂਗਾ ਉਹੋ ਮੰਨੂੰ।"

ਕਰਮੇ ਨੇ ਸੁੱਕੇ ਬਾਜਰੇ ਵਰਗੇ ਖਿੜੇ ਹਾਸੇ ਦਾ ਛੱਟਾ ਦੇਂਦਿਆਂ ਨੂਰੇ ਵੱਲ ਸੈਨਤ ਮਾਰਦਿਆਂ ਕਿਹਾ;

"ਈਮਾਨ ਨਾਲ ਏਸ ਦਾ ਮੂੰਹ ਮਾਰਦਾ ਏ, ਨਹੀਂ ਤਾਂ...।"

"ਉਏ ਜਾਹ ਵੀ ਹੁਣ। ਨਹੀਂ ਤੇ ਸੁਣਦਾ ਏਂ ਮੇਰੇ ਕੋਲੋਂ...।"

ਹਾਕੂ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਕਰਮੂ ਸਾਇਕਲ 'ਤੇ ਲੱਤ ਤੇ ਸ਼ਾਂ ਕਰਦਾ ਅਹੁ ਗਿਆ।

ਨੂਰੇ ਨੇ ਚਾਹ ਬਣਾ ਕੇ ਹਾਕੂ ਨੂੰ ਫੜਾਈ ਤੇ ਹਾਕੂ ਨੇ ਕਿਹਾ, "ਇਕ ਰਸ ਵੀ ਫੜ੍ਹਾ ਉਰ੍ਹਾਂ। ਅੰਦਰ ਖੋਹ ਜਿਹੀ ਪੈ ਰਹੀ ਏ। ਨਿਰੀ ਚਾਹ ਤੇ ਨਿੱਘ ਦਾ ਤਰਲਾ ਏ। ਇਕ ਤਾਂ ਉਂਜ ਸਾਡੇ ਹੱਡ ਬੁਢੜੇ ਹੋ ਗਏ ਨੇ, ਉੱਤੋਂ ਐਦਕੀਂ ਸੁੱਕਾ ਪਾਲਾ ਵੀ ਅੰਤ ਦਾ ਪਿਆ ਏ।"

ਨੂਰੇ ਨੇ ਪੀਪੇ ਵਿਚੋਂ ਇਕ ਰਸ ਕੱਢ ਕੇ ਹਾਕੂ ਨੂੰ ਫੜਾਇਆ। ਰਸ ਫੜ੍ਹਦਿਆਂ ਹਾਕੂ ਨੇ ਫੇਰ ਗੱਲ ਟੋਰੀ;

"ਚੰਗਾ ਹੋਇਆ ਪਤਾ ਲੱਗ ਗਿਆ ਨਹੀਂ ਤਾਂ ਆਪਣੇ ਮੁੰਡੇ ਤਾਂ ਐਵੇਂ ਦਾਗ਼ੀ ਹੋ ਜਾਣੇ ਸਨ। ਜਿਨ੍ਹਾਂ ਖਾਧੀਆਂ ਗਾਜਰਾਂ ਢਿੱਡ ਉਨ੍ਹਾਂ ਦੇ ਪੀੜ, ਸਾਨੂੰ ਕੀ ?" ਨੂਰੇ ਬੜੀ ਲਾਪਰਵਾਹੀ ਜਤਾਉਂਦਿਆਂ ਕਿਹਾ। ਪਰ ਹਾਕੂ ਨੇ, ਜਿਹੜਾ ਬੜਾ ਫ਼ਿਕਰਮੰਦ ਸੀ, ਜਵਾਬ ਦਿੱਤਾ, "ਪਰ ਭਾਅ ਜੀ! ਇਹ ਵੀ ਨਹੀਂ। ਮਾਂਹ ਕਈਆਂ ਲਈ ਬਾਦੀ, ਕਈਆਂ ਲਈ ਸੁਆਦੀ।"

ਲਾਰੀ ਅੱਡੇ 'ਤੇ ਘਸਮੈਲੀ ਜਿਹੀ ਸ਼ਾਮ ਹੁਣ ਹਨੇਰੇ ਦੀ ਬੁੱਕਲ ਨੂੰ ਸੰਵਾਰ ਰਹੀ ਸੀ। ਐਨੇ ਨੂੰ ਸੜਕ 'ਤੇ ਇਕ ਬੱਸ ਰੁਕੀ ਤੇ ਉਹਦੇ ਵਿਚੋਂ ਕੁਝ ਸਵਾਰੀਆਂ ਲੱਥੀਆਂ। ਉਨ੍ਹਾਂ ਵਿਚ ਤੁਫੈਲਾ ਮੋਚੀ ਤੇ ਉਹਦੀ ਜ਼ਨਾਨੀ ਅੱਗੜ-ਪਿੱਛੜ ਲੱਥੇ। ਤੁਫੈਲ ਨੇ ਬੋਸਕੀ ਦੀ ਕਮੀਜ਼ ਉੱਤੇ ਧੁੱਸੇ ਦੀ ਝੁੰਬ ਮਾਰੀ ਹੋਈ ਸੀ। ਸਿਰ 'ਤੇ ਬਿਨਾਂ ਕੁਲੇ ਦੇ ਮਸੱਦੀ ਬੰਨ੍ਹੀ ਹੋਈ ਸੀ, ਜਿਹਨੂੰ ਧੁੱਸੇ ਦੇ ਝੁੰਬ ਨੇ



ਲੁਕਾਇਆ ਹੋਇਆ ਸੀ। ਤੁਫੈਲ ਦੀ ਜ਼ਨਾਨੀ ਫ਼ੈਜਾ ਨੇ ਵੀ ਏਸ ਉਮਰੇ ਬੜੇ ਫੰਦ ਖਿਲਾਰੇ ਹੋਏ ਸਨ। ਸੱਕ ਸੁਰਮੇ ਦੇ ਨਾਲ-ਨਾਲ ਵਾਲ ਕਾਲੇ ਕਰਨ ਵਾਲੀ ਟਿਊਬ ਵੀ ਵਰਤੀ ਹੋਈ ਸੀ। ਬੱਸ ਤੋਂ ਲਹਿ ਕੇ ਤੁਫੈਲ ਨੇ ਭੋਏਂ ਤੇ ਚਮੜੇ ਦਾ ਬਕਸਾ ਰੱਖਿਆ ਤੇ ਬੱਸ ਵਿਚ ਬਹਿ ਬਹਿ ਕੇ ਢਿੱਲੀ ਹੋਈ ਧੋਤੀ ਨੂੰ ਸਾਂਭਣ ਲੱਗ ਪਿਆ। ਫ਼ੈਜਾ ਨੇ ਗਰਮ ਸ਼ਾਲ ਦੀ ਬੁੱਕਲ ਸਵਾਰੀ ਤੇ ਦੋਵੇਂ ਘਰ ਵੱਲ ਨੂੰ ਟੁਰ ਪਏ। ਹਾਲੇ ਦੋ ਤਿੰਨ ਪੈਰ ਈ ਪੁੱਟੇ ਹੋਣਗੇ ਕਿ ਤੁਫੈਲ ਦੀ ਨਜ਼ਰ ਹਾਕੂ 'ਤੇ ਪਈ, ਜਿਹੜਾ ਨੂਰੇ ਦੀ ਹੱਟੀ ਅੰਦਰ ਬੈਠਾ ਚਾਹ ਦੇ ਘੁੱਟ ਭਰ ਰਿਹਾ ਸੀ। ਤੁਫੈਲ ਨੂੰ ਇਕ ਅਛਵੈਣੀ ਜਿਹੀ ਲੱਗੀ। ਉਹਨੇ ਫ਼ੈਜਾ ਵੱਲ ਚਮੜੇ ਦਾ ਬਕਸਾ ਕਰਦਿਆਂ ਹੋਇਆ ਕਿਹਾ, "ਇਹ ਲੈ ਚੱਲ ਘਰ ਨੂੰ। ਮੈਂ ਤੇਰੇ ਮਗਰ ਮਗਰ ਟੁਰਿਆ ਆਉਣਾ।" ਫ਼ੈਜ਼ਾ ਨੂੰ ਖਿਝ ਚੜ੍ਹੀ, ਉਹ ਬੋਲੀ; "ਐਵੇਂ ਗੱਲੀਂ ਨਾ ਬਹਿ ਜਾਵੀਂ। ਤੇਰੀ ਤੇ ਆਦਤ ਏ ਬੰਦਾ ਲੱਭਾ ਨਹੀਂ ਤੇ ਤੂੰ ਗੱਲੀਂ ਪਿਆ ਨਹੀਂ।"

"ਚੁੱਪ ਕਰ, ਐਵੇਂ ਨਾ ਟੁੱਟੇ ਛਿੱਤਰ ਵਾਂਗ ਵਧੀ ਜਾ।" ਤੁਫੈਲ ਨੇ ਅੱਗੋਂ ਝਾੜ ਪਾਈ।

"ਖਸਮਾਂ ਨੂੰ ਖਾ।" ਫ਼ੈਜ਼ਾ ਭੈੜੇ ਸਾਥ ਤੋਂ ਪਹਿਲੇ ਈ ਤੰਗ ਪਈ ਹੋਈ ਸੀ। ਉਹ ਬੁੜ-ਬੁੜ ਕਰਦੀ ਘਰ ਵੱਲ ਟੁਰ ਪਈ।

ਤੁਫੈਲ ਨੇ ਹੱਟੀ ਲਾਗੇ ਅੱਪੜ ਕੇ ਕਿਹਾ, "ਬੈਠਾ ਏਂ ਹਾਕੂ ?"

"ਆ ਭਈ ਤੁਫੈਲ ਮੁਹੰਮਦਾ, ਆ ਜਾ ਤੂੰ ਵੀ।"

"ਬਣਾ ਭਈ ਚਾਹ।" ਤੁਫੈਲ ਨੇ ਨੂਰੇ ਨੂੰ ਚਾਹ ਦੀ ਵਾਜ ਲਾਈ ਤੇ ਹਾਕੂ ਕੋਲ ਬੈਂਚ 'ਤੇ ਬਹਿੰਦਿਆਂ ਹੋਇਆ ਬੋਲਿਆ :

"ਪਹਿਲਾਂ ਪਾਣੀ ਦਾ ਘੁੱਟ ਪਿਆਈਂ।"

ਨੂਰੇ ਨੇ ਛੇਤੀ ਨਾਲ ਸਿਲਵਰ ਦੇ ਗਲਾਸ ਨੂੰ ਪਾਣੀ ਨਾਲ ਉਂਘਾਲ ਕੇ ਉਹਦੇ ਵਿਚ ਤਾਜ਼ਾ ਪਾਣੀ ਭਰ ਕੇ ਤੁਫੈਲ ਨੂੰ ਫੜਾ ਦਿੱਤਾ। ਤੁਫੈਲ ਨੇ ਨੱਕ ਚੜ੍ਹਾ ਕੇ ਕਿਹਾ, "ਕਿੰਨੀ ਵਾਰੀ ਤੈਨੂੰ ਕਿਹਾ ਏ ਦੋ ਸ਼ੀਸ਼ੇ ਦੇ ਗਲਾਸ ਲਿਆ ਰੱਖ। ਬੰਦਾ ਕੁਬੰਦਾ ਵੇਖਣਾ ਪੈਂਦਾ ਏ। ਪੱਕੇ ਭਾਂਡੇ ਦੀ ਤੇ ਜੂਠ ਈ ਨਹੀਂ ਜਾਂਦੀ, ਨੂਰਿਆ! ਖ਼ਿਆਲ ਰੱਖਿਆ ਕਰ।"

ਤੁਫੈਲ ਮੁਹੰਮਦ ਨੇ ਜਰ ਜਿਹਾ ਲਿਆ ਸੀ, ਪਰ ਫੇਰ ਵੀ ਉਹ ਬੋਲਣੋਂ ਨਾ ਰਹਿ ਸਕਿਆ।

"ਤੇਰੇ ਵਾਂਗ ਥੋੜ੍ਹੇ ਆ। ਆਪਾਂ ਤੇ ਖਾਂਦੇ ਪੀਂਦੇ ਆ। ਮੁੰਡਾ ਕਹਿੰਦਾ ਏ ਪੁਜੀਸ਼ਨ ਰੱਖ ਆਪਣੀ। ਭਾਰਾ ਗੌਰਾ ਹੋ ਕੇ ਗੱਲ ਬਾਤ ਕਰਿਆ ਕਰ, ਹਾਕਮਾ, ਬਸ ਐਦਕੀਂ ਖੜ੍ਹਾ ਕਰ ਦੇਣਾ ਏ ਕੋਠਾ ਪਟਵਾਰੀਆਂ ਦੇ ਚੁਬਾਰੇ ਤੋਂ ਦੋ ਗਜ਼ 'ਤਾਂਹ। ਤੂੰ ਤੇ ਹਾਕਮਾ ਜਿੰਦ ਈ ਗਾਲ਼ ਦਿੱਤੀ ਆ ਜ਼ਿਮੀਂਦਾਰ ਅਖਵਾਉਣ ਲਈ। ਉਏ ਦੋ ਕਿੱਲੇ ਜ਼ਮੀਨ ਵੀ ਮੂਰਖਾ ਕਾਹਦੀ ਜ਼ਿਮੀਂਦਾਰੀ। ਹੁਣ ਮਿੱਟੀ ਨਾਲ ਮਿੱਟੀ ਹੋਇਆ ਰਹਿਣਾ ਕੋਈ ਮਾਣ ਨਹੀਂ। ਹੁਣ ਕਿਹੜਾ ਜੱਟ ਭੋਏਂ ਨੂੰ ਮਾਂ ਕਹਿੰਦਾ। ਲਿਆ ਖਾਂ ਮੇਰੇ ਮੂਹਰੇ ਉਹਨੂੰ, ਮੈਂ ਤੈਨੂੰ ਕਹਿੰਨਾ ਵੇਚ ਦੇ ਜ਼ਮੀਨ। ਜੱਟ ਤੇ ਓਦੋਂ ਗਹਿਣੇ ਪਾ ਦੇਂਦਾ ਸੀ ਜਦੋਂ ਉਹ ਇਹਨੂੰ ਮਾਂ ਕਹਿੰਦਾ ਸੀ। ਛੱਡ ਇਹ ਬਾਤਾਂ। ਕੋਈ ਨਵੀਂ ਕਹਾਣੀ ਕਰ। ਲੁਹਾਰਾ ਤਰਖਾਣਾ ਸਿਖਾ ਤੇ ਟੋਰ ਦੇ ਪੁੱਤਰ ਬਾਹਰ। ਤੇਰੇ ਨਾਲ ਪੁਰਾਣਾ ਮੇਲ ਵਰਤਣ ਆ। ਤੇਰਾ ਸੇਕ ਆਉਂਦਾ। ਕਹਵੇਂ ਤੇ ਮੰਗਵਾ ਦਿਆਂ ਵੀਜ਼ਾ ?"

"ਉਏ ਤੂੰ ਇਹ ਦੱਸ ਆਇਆ ਕਿਥੋਂ ਏਂ ?" ਹਾਕੂ ਇੰਜੇ ਡੌਰਾ-ਭੌਰਾ ਹੋਇਆ ਬੈਠਾ ਸੀ।

"ਗਿਆ ਸਾਂ ਮੁੰਡੇ ਦੇ ਸਹੁਰਿਆਂ ਦੇ। ਓਥੋਂ ਅੱਗੇ ਆਪਣੀ ਫਾਤਮਾ ਲਈ ਦੱਸ ਪਈ ਸੀ। ਮੁੰਡਾ ਬਾਹਰ ਗਿਆ ਹੋਇਆ ਏ। ਘਰ ਠੀਕ ਠਾਕ ਏ। ਮੁੰਡਾ 'ਕੱਲਾ ਏ। ਕਮਾ ਕਮਾ ਕੇ ਘਰ ਭਰੀ ਜਾਂਦਾ ਏ। ਬਸ ਉਹਨੂੰ ਸਾਂਭਣ ਵਾਸਤੇ ਕੁੜੀ ਦੀ ਲੋੜ ਆ। ਅੱਜ ਕੱਲ੍ਹ ਮੁੰਡਾ ਆਇਆ ਹੋਇਆ ਏ ਮਹੀਨੇ ਦੀ ਛੁੱਟੀ। ਤੇ ਤੈਨੂੰ ਇਕ ਹਾਸੇ ਵਾਲੀ ਗੱਲ ਸੁਣਾਵਾਂ। ਉਥੇ ਕਿਸੇ ਨੇ ਕਿਹਾ, ਕੁੜੀ ਕਿੰਨਾ ਪੜ੍ਹੀ ਲਿਖੀ ਆ। ਇਕ ਵਾਰ ਤੇ ਮੈਨੂੰ ਕੰਬਣੀ ਜਿਹੀ ਆ ਗਈ। ਐਡਾ ਵੱਡਾ ਘਰ ਖੁੱਸਣ

ਦਾ ਝੋਰਾ ਜਾਗਿਆ। ਪਰ ਮੇਰੀ ਹੋਣ ਵਾਲੀ ਕੁੜਮਣੀ ਨੇ ਕੰਨਾਂ ਨੂੰ ਹੱਥ ਲਾ ਕੇ ਕਿਹਾ, ਨਾ ਅਸਾਂ ਨਹੀਂ ਪੜ੍ਹੀ ਲਿਖੀ ਨੂੰਹ ਲਿਆਉਣੀ। ਤੋਬਾ ਤੋਬਾ ਪੜ੍ਹੀਆਂ ਲਿਖੀਆਂ, ਉਹ ਛਾਲੇ ਪਾਂਦੀਆਂ ਨੇ ਕਿ ਰਹੇ ਨਾਂ ਰੱਬ ਦਾ। ਪਰ ਉਸ ਮਾਂ ਦੇ ਦੀਨੇ ਨੇ ਅੱਗੋਂ ਕਿਹਾ;

"ਕਬੀਲਦਾਰੀਆਂ ਵਿਚ ਬੜੇ ਬਹੀ ਖ਼ਾਤਿਆਂ ਦੀ ਲੋੜ ਹੁੰਦੀ ਏ ਨਾਲੇ ਖ਼ਤ ਪੱਤਰ ਈ ਲਿਖਣਾ ਪੜ੍ਹਨਾ ਪੈ ਜਾਂਦਾ ਏ। ਤੀਵੀਂ ਨੂੰ ਇਹ ਤਾਂ ਪਤਾ ਹੋਵੇ ਪਈ ਇਹ ਸੂਈ ਗੈਸ ਦਾ ਬਿੱਲ ਏ, ਇਹ ਬਿਜਲੀ ਦਾ, ਇਹ ਟੀ.ਵੀ. ਲਾਇਸੈਂਸ ਏ, ਇਹ ਬੈਂਕ ਡਰਾਫਟ ਏ, ਇਹ ਚੈੱਕ ਬੁੱਕ ਏ। ਉਹ ਤੇ ਇੰਜ ਇਕੋ ਸਾਹੇ ਬੋਲੀ ਜਾ ਰਹੀ ਸੀ ਜਿਵੇਂ ਉਹਦੇ ਮੂੰਹ ਦੀਆਂ ਸੀਊਣਾਂ ਉਧੜੀਆਂ ਹੋਣ। ਇਕ ਪਲ ਤੇ ਮੇਰੇ ਕੁੜਮ ਦੇ ਮੱਥੇ 'ਤੇ ਕਿਸੇ ਸੋਚ ਨੇ ਵੱਟ ਪਾਇਆ। ਉਹਨੇ ਅੱਖੀਆਂ ਚੁੰਨ੍ਹੀਆਂ ਕਰਕੇ ਕਿਹਾ;

"ਹਾਂ ਇਹ ਗੱਲ ਤੇ ਸੁੱਟਣ ਵਾਲੀ ਨਹੀਂ। ਮੇਰੇ ਦਿਮਾਗ਼ ਵਿਚ ਆਈ, ਲੈ ਭਈ ਇਹ ਤੇ ਸੜਕੋਂ ਲੱਥ ਕੇ ਕੱਚੀ 'ਤੇ ਪੈ ਗਿਆ ਏ, ਪਰ ਦੂਜੇ ਪਲ ਉਹਦੀ ਜ਼ਨਾਨੀ, ਭਈ ਕੀ ਉਹਦਾ ਫੇਰ ਸੀ, ਜਿਵੇਂ ਸ਼ੀਂਹ ਬਘਿਆੜ, ਭੁੱਬ ਮਾਰ ਕੇ ਬੋਲੀ, ਮੈਂ ਨਹੀਂ ਸਾਂ ਜੀ ਅਨਪੜ੍ਹ ? ਮੈਂ ਨਹੀਂ ਵਸ ਕੇ ਵਖਾਇਆ ? ਗੈਰਾਂ ਵਿਚ ਰਹੀ, ਹੁਣ ਕਿਸੇ ਕੋਲ ਟਾਈਮ ਏ ? ਹੁਣ ਲਿਖਣ ਤੇ ਪੜ੍ਹਨ ਦਾ ਨਹੀਂ, ਵੇਖਣ ਤੇ ਸੁਣਨ ਦਾ ਵੇਲਾ ਏ। ਪਹਿਲਾਂ ਜਦੋਂ ਮੇਰੇ ਮਾਪਿਆਂ ਵਲੋਂ ਕੋਈ ਖ਼ਤ ਪੱਤਰ ਆਉਂਦਾ। ਜਿਹੜੇ ਕਿਹੜੇ ਕੋਲੋਂ ਵੀ ਪੜ੍ਹਾਉਣਾ ਉਹਨੇ ਸਿਰਫ਼ ਇਹੋ ਦੱਸਣਾ, ਯਹਾਂ ਪਰ ਖ਼ੈਰੀਅਤ ਹੈ। ਆਪ ਕੀ ਖੈਰੀਅਤ ਖੁਦਾਵੰਦ ਕਰੀਮ ਸੇ ਨੇਕ ਮਤਲੂਬ ਚਾਹਤਾ ਹੂੰ, ਸੂਰਤ ਅਹਵਾਲ ਯਹ ਹੈ ਕਿ ਥੋੜ੍ਹੇ ਲਿਖੇ ਨੂੰ ਜ਼ਿਆਦਾ ਸਮਝੋ। ਖ਼ਤ ਦਾ ਜਵਾਬ ਜਲਦੀ ਦੇਂ।"

"ਖ਼ਤ ਭੈੜਾ ਕੀ ਸੀ, ਨਿਰੀ ਖੇਚਲ ਹੁੰਦੀ ਸੀ। ਹੁਣ ਯੂਨਸ ਨੇ ਬਾਹਰੋਂ ਟੇਪ ਰਿਕਾਰਡ ਭੇਜੀ ਏ, ਰੱਬ ਦੀ ਸਹੁੰ ਸਵਾਦ ਆ ਜਾਂਦਾ ਏ। ਉਹ ਗੱਲਾਂ ਟੇਪ ਕਰਕੇ ਘੱਲ ਦੇਂਦਾ ਹੈ, ਮੈਂ ਬਟਨ ਨੱਪ ਕੇ ਸੁਣ ਲੈਨੀ ਆਂ ਤੇ ਇੰਜ ਲਗਦਾ ਏ ਪੁੱਤਰ ਸਮੁੰਦਰ ਪਾਰ ਨਹੀਂ ਸਗੋਂ ਦੂਜੇ ਅੰਦਰ ਬੈਠਾ ਹੋਇਆ ਗੱਲਾਂ ਕਰ ਰਿਹਾ ਏ। ਕਈ ਗੱਲਾਂ ਤੇ ਖ਼ਤਾਂ ਵਿਚ ਲਿਖੀਆ ਜਾ ਈ ਨਹੀਂ ਸਕਦੀਆਂ। ਰੱਬ ਦੀ ਸਹੁੰ ਸਾਰੀ ਸੂਰਤੇ-ਹਾਲ ਦਾ ਹੁਣ ਪਤਾ ਲੱਗਾ ਏ ਕਿ ਇਹਨੂੰ ਕਹਿੰਦੇ ਨੇ, ਸੂਰਤੇ-ਹਾਲ। ਉਹਨੇ ਫੇਰ ਗੱਲ ਵਿਚ ਗੰਢ ਮਾਰਨ ਦਾ ਤਰਲਾ ਮਾਰਿਆ, ਪਰ ਮੇਰੀ ਕੁੜਮਣੀ ਨੇ ਕਿਹਾ;

'ਸ਼ਗਨਾਂ ਵੇਲੇ ਇਹੋ ਜਿਹੇ ਵਹਿਮ ਤੇ ਵਿਸ਼ਵਾਸ ਚੰਗੇ ਨਹੀਂ ਹੁੰਦੇ। ਅੱਲ੍ਹਾ ਦਾ ਨਾਂ ਲਵੋ ਤੇ ਮੂੰਹ ਮਿੱਠਾ ਕਰੋ।' ਤੇ ਫੇਰ ਉਹ ਛੇਤੀ ਨਾਲ ਮਠਿਆਈ ਦਾ ਡੱਬਾ ਚੁੱਕ ਲਿਆਈ ਤੇ ਕਿਹਾ;

"ਲਓ ਜੀ ਖਾਓ ਅਮਰਤੀਆਂ।"

"ਅਮਰਤੀਆਂ ?" ਹਾਕੂ ਨੇ ਪੁੱਛਿਆ, "ਉਹ ਕੀ ਹੁੰਦਾ ਏ ?"

"ਹੁੰਦਾ ਨਹੀਂ, ਹੁੰਦੀਆਂ ਨੇ। ਵੱਡੇ ਘਰਾਂ ਦੀਆਂ ਸ਼ਹਿਰੀ ਜਲੇਬੀਆਂ।"

"ਜਲੇਬ ਕਹੋ ਨਾ ਫੇਰ।"

"ਮੈਂ ਤੇਰੇ ਵਾਂਗਰ ਪਾਗਲ ਆਂ ? ਉਏ ਜਲੇਬ ਗੁੜ ਦੇ ਹੁੰਦੇ ਨੇ ਤੇ ਤੇਲ ਵਿਚ ਕੱਢੀਦੇ ਨੇ। ਜਲੇਬੀਆਂ ਉਹ ਜੋ ਖੰਡ ਦੀਆਂ ਹੁੰਦੀਆਂ ਨੇ ਤੇ ਵਲੈਤੀ ਘਿਉ ਵਿਚ ਕੱਢੀਦੀਆਂ ਨੇ ਤੇ ਅਮਰਤੀਆਂ ਮਿਸਰੀ ਦੀਆਂ ਬਣੀਆਂ ਹੁੰਦੀਆਂ ਨੇ, ਜਿਹੜੀਆਂ ਦੇਸੀ ਘਿਉ ਵਿਚ ਤਲੀਆਂ ਹੁੰਦੀਆਂ ਨੇ।"

"ਕੂਜਿਆਂ ਮਿਸਰੀ ਦਿਆਂ ?" ਹਾਕੂ ਦੇ ਮੂੰਹ ਵਿਚੋਂ ਰਾਲ ਜਿਹੀ ਵਗ ਪਈ।

"ਆਹੋ ਲੂਣ ਦਿਆ ਪਹਾੜਾ। ਤੇਰੇ ਪੱਲੇ ਵੀ ਗੱਲ ਬੜੀ ਦੇਰ ਨਾਲ ਪੈਂਦੀ ਏ।"

"ਤੂੰ ਵੀ ਤੇ ਗੱਲਾਂ ਦਾ ਗਲਾਧੜ ਏਂ। ਯੂਸਫ਼ ਜੁਲੈਖਾਂ ਲੈ ਕੇ ਬਹਿ ਜਾਣਾ ਏਂ। ਛੇਤੀ ਨਾਲ ਗੱਲ ਮੁਕਾ। ਅਖ਼ੀਰ ਹੋਇਆ ਕੀ ?"



"ਬੱਸ ਪੱਕੀ ਕਰ ਆਇਆਂ ਮੈਂ। ਪਰਸੋਂ ਉਨ੍ਹਾਂ ਆਉਣਾ ਏ ਦਿਨ ਮਿਥਣ। ਏਸ ਮਹੀਨੇ ਦੇ ਅਖ਼ੀਰਲੇ ਦਿਹਾੜੇ ਕੁੜੀ ਟੋਰ ਦਿਆਂਗੇ। ਅਗਲੇ ਮਹੀਨੇ ਦੀ ਪੰਦਰਾਂ ਨੂੰ ਮੁੰਡੇ ਨੇ ਬਾਹਰ ਜਾਣਾ ਏ ਤੇ ਮੁੜ ਉਹਨੇ ਦੋ ਢਾਈ ਸਾਲਾਂ ਨੂੰ ਪਰਤਣਾ ਏ।"

ਬਾਹਰ ਸੜਕ ਤੇ ਸ਼ਾਮ ਨੇ ਹਨੇਰੇ ਦੀ ਬੁੱਕਲ ਮਾਰ ਲਈ ਸੀ। ਨੂਰਾ ਕੰਧ ਵਿਚ ਲੱਗੀ ਕਿੱਲੀ ਨਾਲੋਂ ਗੈਸ ਲਾਹ ਕੇ ਉਹਨੂੰ ਬਾਲਣ ਲੱਗ ਪਿਆ। ਤੁਫੈਲ ਨੇ ਕੁੜਤੇ ਦੇ ਥੱਲੇ ਪਾਏ ਸਲੂਕੇ ਵਿਚੋਂ ਇਕ ਲਾਲ ਰੰਗ ਦੀ ਖੁੱਲ੍ਹੇ ਹੱਥ ਜੇਡੀ ਚੌੜੀ ਸਿਗਰਟਾਂ ਦੀ ਡੱਬੀ ਤੇ ਇਕ ਸੋਨੇ ਰੰਗ ਦੀ ਤੀਲ੍ਹਾਂ ਦੀ ਡੱਬੀ ਜਿੱਡਾ ਸਿਗਰਟ ਲਾਣ ਵਾਲਾ ਲਾਈਟਰ ਕੱਢਿਆ। ਸਿਗਰਟਾਂ ਦੀ ਡੱਬੀ ਵਿਚੋਂ ਇਕ ਸਿਗਰਟ ਕੱਢ ਕੇ ਹਾਕੂ ਨੂੰ ਫੜਾਉਂਦਿਆਂ ਕਿਹਾ, "ਇਹ ਲੈ ਸਿਗਰਟ ਹਾਕਮਾ!"

"ਨਾ ਭਾਅ ਤੂੰ ਈ ਇਹਨੂੰ ਫੂਕ।" ਹਾਕੂ ਨੇ ਹੁੱਕੇ ਦੇ ਘੁੱਟ ਵਰਗਾ ਕੌੜਾ ਜਵਾਬ ਦਿੱਤਾ ਤੇ ਨੂਰੇ ਵੱਲ ਵੇਖਣ ਲੱਗ ਪਿਆ, ਜਿਹੜਾ ਹੁਣ ਗੈਸ ਬਾਲ ਕੇ ਬੂਹੇ ਦੀ ਸਰਦਲ 'ਤੇ ਲੱਗੀ ਕਿੱਲੀ ਨਾਲ ਟੰਗ ਰਿਹਾ ਸੀ। ਗੈਸ ਨੂੰ ਕਿੱਲੀ ਨਾਲ ਟੰਗ ਕੇ ਨੂਰੇ ਹਾਕੂ ਵੱਲ ਵੇਖਿਆ, ਫੇਰ ਤੁਫੈਲ ਵਲੋਂ ਅੱਖ ਬਚਾ ਕੇ ਸੈਨਤ ਮਾਰੀ ਭਈ ਹੁਣ ਇਹਨੂੰ ਦੱਸ ਵੀ ਦੇ।

ਹਾਕੂ ਨੇ ਹੌਲੀ ਜਿਹੀ ਕਿਹਾ, "ਤੁਫੈਲ ਮੁਹੰਮਦ ਕੰਨ ਉਰ੍ਹਾਂ ਕਰ।"

"ਕਿਉਂ ?"

"ਗੱਲ ਤੇ ਬੜੀ ਮਾੜੀ ਹੋਈ ਏ।"

"ਕਿਥੇ ?"

"ਉਏ ਕੰਨ ਉਰ੍ਹਾਂ ਕਰ ਮੂਰਖਾ। ਐਵੇਂ 'ਵਾ ਵਿਚ ਉੱਡੀ ਫਿਰਨਾ ਏਂ, ਹੁਣੇ ਭੋਏਂ 'ਤੇ ਆ ਜਾਵੇਂਗਾ।"

ਤੁਫੈਲ ਨੂੰ ਜਿਵੇਂ ਕੋਈ ਖੁੜਕ ਗਈ ਹੋਵੇ। ਉਹਨੇ ਹਾਕੂ ਦੇ ਮੂੰਹ ਕੋਲ ਕੰਨ ਕਰਕੇ ਕਿਹਾ :

"ਲਏ! ਤੇਰੀ ਨੂੰਹ ਨੱਸ ਗਈ ਆ।" ਹਾਕੂ ਨੇ ਪੋਲੇ ਜਿਹੇ ਕਹਿ ਦਿੱਤਾ ਪਰ ਤੁਫੈਲ ਨੇ ਕੰਨ ਨੂੰ, ਸਿਰ ਨੂੰ ਇੰਜ ਛੰਡਿਆ ਜਿਵੇਂ ਉਹਦੇ ਕੰਨ ਵਿਚ ਕਿਸੇ ਤੱਤਾ ਤੱਤਾ ਲੋਹਾ ਤੇਲ ਵਾਂਗ ਪਾ ਦਿੱਤਾ ਹੋਵੇ।

"ਹੈਂ...?" ਬੇਯਕੀਨੀ ਨਾਲ ਉਹਦਾ ਮੂੰਹ ਟੁੱਟੇ ਛਿੱਤਰ ਵਾਂਗ ਆਪੇ ਆਪ ਖੁੱਲ੍ਹ ਗਿਆ।

"ਆਹੋ!" ਪੂਰੇ ਯਕੀਨ ਆਹੋ ਕਹਿ ਕੇ ਹਾਕੂ ਨੇ ਤੁਫੈਲ ਦੀ ਜੀਭ 'ਤੇ ਇਕ ਭੁਜਦਾ ਕੋਲਾ ਧਰ ਦਿੱਤਾ।

"ਨਹੀਂ...ਨਹੀਂ, ਨਹੀਂ, ਇਹ ਨਹੀਂ ਹੋ ਸਕਦਾ।" ਤੁਫੈਲ ਅੱਭੜਵਾਹੇ ਉਠਿਆ ਤੇ ਅੰਨ੍ਹੇਵਾਹ ਘਰ ਨੂੰ ਨੱਸ ਦੌੜਿਆ। ਅੱਡੇ ਵਿਚਲੇ ਲੋਕਾਂ ਉਹਨੂੰ ਟੱਡੀਆਂ ਅੱਖਾਂ ਨਾਲ ਵੇਖਿਆ ਤੇ ਵੇਖਦੇ ਈ ਰਹਿ ਗਏ। ਅੱਗੇ ਬਾਜ਼ਾਰ ਵਿਚ ਹੱਟੀਆਂ 'ਤੇ ਬਾਲਣ ਵਾਲੀਆਂ ਬੱਤੀਆਂ ਨੇ ਦਿਨ ਚੜ੍ਹੇ ਵਾਂਗ ਲੋਅ ਕੀਤੀ ਹੋਈ ਸੀ, ਏਸ ਲਈ ਉਹ ਤੇਲੀਆਂ ਵਾਲੀ ਗਲੀ ਨੂੰ ਪੈ ਗਿਆ। ਗਲੀ ਵਿਚ ਅੱਤ ਹਨੇਰਾ ਸੀ। ਉਹ ਜਿਉਂ ਜਿਉਂ ਘਰ ਨੂੰ ਨੱਸ ਰਿਹਾ ਸੀ, ਉਹਨੂੰ ਜਾਪਿਆ ਤਿਉਂ ਤਿਉਂ ਉਹਦਾ ਘਰ ਦੂਰ ਹੋਈ ਜਾ ਰਿਹਾ ਏ। ਥੋੜ੍ਹੀ ਦੂਰ ਜਾ ਕੇ ਉਹਨੂੰ ਲੱਗਾ ਜਿਵੇਂ ਉਹਦੇ ਵਿਚ ਸਾਹ ਸਤ ਈ ਨਹੀਂ ਰਿਹਾ। ਹੁਣ ਉਹ ਹੌਲੀ ਹੌਲੀ ਟੁਰ ਰਿਹਾ ਸੀ। ਕਿਉਂਕਿ ਹੁਣ ਉਹਨੂੰ ਆਪਣੀਆਂ ਲੱਤਾਂ ਥੱਲੇ ਦੋ ਪੈਰ ਨਹੀਂ, ਦੋ ਟੁੱਟੇ ਛਿੱਤਰ ਲੱਗ ਰਹੇ ਸਨ, ਜਿਨ੍ਹਾਂ ਨਾਲ ਟੁਰਦਿਆਂ ਰਾਹ ਖੋਟਾ ਹੁੰਦਾ ਜਾਪਦਾ ਸੀ। ਫੇਰ ਉਹਨੂੰ ਇੰਜ ਲੱਗਾ ਜਿਵੇਂ ਅੰਨ੍ਹੇਰੇ ਵਿਚ ਉਹਨੂੰ ਕੋਈ ਅੱਖਾਂ ਵੇਖ ਰਹੀਆਂ ਨੇ। ਉਹਨੇ ਆਪਣੇ ਆਪ ਨੂੰ ਇੰਜ ਘੁੱਟ ਲਿਆ ਜਿਵੇਂ ਉਹ ਅਲਫ ਨੰਗਾ ਹੋਵੇ। ਉਹ ਕੰਧ ਦੇ ਨਾਲ ਨਾਲ ਉਹਦੇ ਸਹਾਰੇ ਹੌਲੀ ਹੌਲੀ ਟੁਰ ਰਿਹਾ ਸੀ, ਉਹ ਕੰਧ ਦੇ ਨਾਲ ਨਾਲ ਕੋਹਲੂ ਦੇ ਕੋਲ ਅੱਪੜ ਕੇ ਸੁਨਿਆਰਿਆਂ ਦੀ ਗਲੀ ਦੀ ਨੁੱਕਰ 'ਤੇ ਪਹੁੰਚਿਆ ਤੇ ਉਹਨੂੰ ਗਲੀ ਵਿਚ ਕੁਝ ਜ਼ਨਾਨੀਆਂ ਪਰਛਾਵਿਆਂ ਵਾਂਗ

ਖਲੋਤੀਆਂ ਨਜ਼ਰੀਂ ਪਈਆਂ। ਉਹ ਇਕਦਮ ਕੋਹਲੂ ਦੇ ਨਾਲ ਦੀ ਕੰਧ ਨਾਲ ਸਾਹ ਰੋਕ ਕੇ ਖਲੋ ਗਿਆ। ਜ਼ਨਾਨੀਆਂ ਗੱਲਾਂ ਪਈਆਂ ਕਰਦੀਆਂ ਸਨ। ਇਕ 'ਵਾਜ ਉਹਦੀ ਕੰਨੀਂ ਪਈ;

"ਨੀ ਗਹਿਣਿਆਂ ਨੂੰ ਕਿਸੇ ਫੂਕਣਾ ਏ, ਨੀ ਲੀੜਿਆਂ ਨੂੰ ਕਿਸੇ ਸਾੜਨਾ ਏਂ। ਜਵਾਨੀ ਦੀ ਅੱਗ ਤੇ ਹੁਸਨ ਦਾ ਸੇਕ ਤੇ ਆਪਣੇ ਹੱਡਾਂ ਨੂੰ ਫੂਕ ਸੁਟਦਾ ਏ।"

ਇਕ ਹੋਰ ਵਾਜ ਉੱਭਰੀ, "ਆਹੋ ਨੀ ਆਪਣੇ ਹੱਡਾਂ ਦੀ ਅੱਗ ਸੇਕਣਾ ਬੜਾ ਔਖਾ ਏ। ਨੀ ਤੂੰ ਨਹੀਂ ਵੇਖਦੀ ਕਈ ਹਾਂਡੀਆਂ ਜਦੋਂ ਉਬਲਦੀਆਂ ਨੇ ਤੇ ਉਹ ਆਪਣੇ ਕੰਢੇ ਸਾੜ ਲੈਂਦੀਆਂ ਨੇ। ਪਰ ਕਈਆਂ ਹਾਂਡੀਆਂ ਦਾ ਉਬਾਲ ਤੇ ਚੁੱਲ੍ਹਾ ਬੁਝਾ ਦੇਂਦਾ ਏ।"

ਇਕ 'ਵਾਜ ਨੇ ਪੁੱਛਿਆ, "ਨੀ ਘਰ ਨੂੰਹ ਈ ਨਹੀਂ, ਧੀ ਵੀ ਸੀ, ਉਹਨੂੰ ਤੇ ਪਰ ਨਹੀਂ ਲੱਗੇ ? ਉਹ ਤੇ ਨਹੀਂ ਉੱਡੀ ?"

"ਨੀ ਸ਼ਦੈਣੇ ਤੈਨੂੰ ਐਨਾ ਵੀ ਨਹੀਂ ਪਤਾ ? ਜਦੋਂ ਤੇਲੀਆਂ ਦੇ ਕੁੱਤੇ ਨੂੰ ਹੱਡੀ ਦਾ ਚਸਕਾ ਪੈ ਜਾਵੇ ਤੇ ਉਹ ਕੋਹਲੂ ਦੇ ਮੁੱਢ ਨਹੀਂ ਕਸਾਈਆਂ ਦੀ ਮੁੱਢੀਂ ਕੋਲ ਬਹਿੰਦਾ ਏ। ਨਾਲੇ ਕਦੇ ਬੋਲੀਆਂ ਹੋਈਆਂ ਵੀ ਕਿੱਲੇ ਬੱਝੀਆਂ ਨੇ।"

ਤੇਲੀਆਂ ਦੀ ਗਲੀ ਦੀ ਨੁੱਕਰੇ ਕਿਸੇ ਭਾਰੀ ਸ਼ੈਅ ਦੇ ਡਿੱਗਣ ਦੀ ਆਵਾਜ਼ ਹਨੇਰੇ ਵਿਚ ਗੂੰਜੀ, ਕਿਵੇਂ ਕੰਧ ਡਿੱਗ ਪਈ ਹੋਵੇ ਜਾਂ ਕੋਈ ਟਾਹਣ ਟੁੱਟ ਕੇ ਡਿੱਗਿਆ ਹੋਵੇ। ਸਾਰੀਆਂ ਜ਼ਨਾਨੀਆਂ ਆਵਾਜ਼ ਵੱਲ ਉੱਲਰੀਆਂ। ਜ਼ਮੀਨ 'ਤੇ ਡਿੱਗੇ ਪਰਛਾਵੇਂ ਨੂੰ ਸਿਆਣ ਕੇ ਇਕ ਬੋਲੀ;

"ਇਹ ਤੇ ਭਾਅ ਤੁਫੈਲ ਆ।"

ਇਹ ਸੁਣ ਕੇ ਸੱਭੇ ਇਧਰ ਉਧਰ ਖਿੱਲਰ-ਪੁੱਲਰ ਗਈਆਂ। ਤੁਫੈਲ ਹੌਲੀ ਜਿਹੀ ਉਠਿਆ ਤੇ ਪੈਰ ਪੈਰ ਗਲੀ ਵਿਚ ਟੁਰਨ ਲੱਗ ਪਿਆ। ਪਰ ਉਹ ਐਨਾ ਹਫਿਆ ਹੋਇਆ, ਐਨਾ ਟੁੱਟਿਆ ਹੋਇਆ ਸੀ ਪਈ ਉਹ ਫੇਰ ਧੜੰਮ ਕਰਕੇ ਭੋਏਂ 'ਤੇ ਡਿੱਗ ਪਿਆ। ਹੁਣ ਉਹਦੇ ਵਿਚ ਜ਼ਰਾ ਵੀ ਹਿੱਲ-ਜੁੱਲ ਨਹੀਂ ਸੀ ਹੋ ਰਹੀ। ਹੁਣ ਉਹ ਬੰਦਾ ਘੱਟ ਤੇ ਜ਼ਮੀਨ ਵਿਚ ਗੱਡਿਆ ਹੋਇਆ ਕਿੱਲਾ ਬਹੁਤਾ ਲੱਗ ਰਿਹਾ ਸੀ।

## ਉਬੜ ਖਾਬੜ ਸੜਕ/ਫ਼ਰਖੰਦਾ ਲੋਧੀ

ਹਲਾਲ ਅਹਿਮਰ ਦਾ ਮੇਲਾ ਉਂਜ ਤੇ ਹਰ ਸਾਲ ਲੱਗਦਾ ਏ। ਸਕੂਲਾਂ, ਕਾਲਜਾਂ, ਬਾਜ਼ਾਰਾਂ ਤੇ ਪਾਰਕਾਂ ਵਿਚ ਇਹਦਾ ਵੱਸ ਤੇ ਜ਼ੋਰ ਬਹੁਤਾ ਜ਼ਨਾਨੀਆਂ ਵੱਲ ਹੁੰਦਾ ਏ। ਲੀਰੋ-ਲੀਰ ਤੰਬੂਆਂ ਅੱਗੇ ਫੱਟਿਆਂ 'ਤੇ ਨੱਚਣ ਤੋਂ ਲੈ ਕੇ ਮਾਲ ਰੋਡ ਦੇ ਸੋਹਣੇ-ਸੁਥਰੇ ਚੌਕਾਂ ਤਾਈਂ ਇਹੋ ਈ ਦਿਸਦੀ ਏ। ਕਿਤੇ ਹੱਸਦੀ, ਕਿਤੇ ਨੱਚਦੀ ਮੱਲੋਮੱਲੀ ਕਾਰਾਂ ਰੋਕ ਕੇ ਸਾਹਬਾਂ ਦੇ ਸੀਨੇ ਉੱਤੇ ਟਿਕਟ ਲਾਂਦੀ।

ਅੱਜ ਤੋਂ ਦਸ ਕੁ ਵਰ੍ਹੇ ਪਹਿਲਾਂ ਚੋਖਾ ਸਸਤਾ ਵੇਲਾ ਸੀ। ਨੁਮਾਇਸ਼ ਵਿਚ ਦਾਖ਼ਲੇ ਦਾ ਮੁੱਲ ਚਾਰ ਆਨੇ ਸੀ। ਨੁਮਾਇਸ਼ ਦੇ ਅੰਦਰ ਲੱਗੇ ਹੋਏ ਹਰ ਤਮਾਸ਼ੇ ਦਾ ਟਿਕਟ ਵੱਖੋ-ਵੱਖ ਸੀ। ਵੱਧ ਤੋਂ ਵੱਧ ਟਿਕਟ ਅੱਠ ਆਨੇ ਹੋਵੇਗਾ। ਮੈਨੂੰ ਯਾਦ ਏ, 'ਬਿਜਲੀ ਕੀ ਔਰਤ' ਵਾਲੇ ਤੰਬੂ ਦੇ ਅੰਦਰ ਜਾਣ ਦੀ ਟਿਕਟ ਸਿਰਫ਼ ਦੋ ਆਨੇ ਸੀ। ਫੱਟੇ ਉੱਤੇ ਨੱਚਣ ਵਾਲੀਆਂ ਦੇ ਨ੍ਰਿਤ ਭਾਵ ਤੇ ਜੋਬਨੇ ਦੇ ਲਿਸ਼ਕਾਰੇ। ਉੱਚੇ-ਨੀਵੇਂ ਸਾਰੇ ਨਜ਼ਾਰੇ ਉੱਕੇ ਮੁਫ਼ਤ ਸਨ। ਵੇਖੋ ਜਿਥੇ ਮਰਜ਼ੀ ਖਲੋ ਕੇ ਵੇਖੋ, ਬੋਲੀਆਂ ਮਾਰੋ, ਫੱਟੇ ਵਾਲੀ ਦੀ ਪਨੀਰਾਰ ਨੂੰ। ਉਹ ਸੁਣਦੀ ਨਹੀਂ, ਸੁਣ ਈ ਨਹੀਂ ਸਕਦੀ, ਰੀਕਾਰਡਾਂ ਦਾ ਰੌਲਾ ਬਹੁਤ ਹੁੰਦਾ ਏ ਨਾ।

1965 ਈ. ਦੀ ਪਾਕਿ ਭਾਰਤ ਜੰਗ ਮੁੱਕੀ ਨੂੰ ਸਾਲ ਹੋਇਆ ਸੀ। ਮੇਲੇ ਵਿਚ ਹੋਰ ਦੁਕਾਨਾਂ,



ਸਟਾਲਾਂ ਨਾਲ ਫ਼ੌਜੀ ਭਰਾਵਾਂ ਵੀ ਆਪਣੇ ਅਸਲੇ, ਰਾਈਫਲਾਂ ਦਾ ਮੇਲਾ ਲਾਇਆ ਸੀ...ਲੋਕੀ ਨੁਮਾਇਸ਼ ਵਿਚ ਭੌਂਦੇ ਭੌਂਦੇ ਪਲ ਕੁ ਲਈ ਏਸ ਤੰਬੂ ਥੱਲੇ ਵੀ ਆ ਰੁਕਦੇ...ਐਵੇਂ ਕੋਈ-ਕੋਈ। ਬਹੁਤੀ ਭੀੜ ਤੇ ਕੱਜੇ ਤੰਬੂਆਂ ਅੱਗੇ ਸੀ। ਜਿਥੇ ਮੁਟਿਆਰਾਂ ਦਾ ਚਮਕਾਰ ਸੀ। ਪੰਜਾਬੀ ਗਾਣਿਆਂ ਦੇ ਲਚਰ ਬੋਲਾਂ ਉੱਤੇ ਉਹ ਨੱਚ-ਨੱਚ ਫਾਵੀਆਂ ਹੋਈ ਜਾਂਦੀਆਂ ਸਨ। ਹਰ ਸਪੀਕਰ ਤੇ ਮਰਦਾਨੀ ਆਵਾਜ਼ ਹੋਕੇ ਲਾ ਰਹੀ ਸੀ।

'ਆਓ, ਆਓ...ਸਾਰੇ ਨਜ਼ਾਰਿਆਂ ਦਾ ਮੁੱਲ ਦੋ ਆਨੇ...ਦੋ ਆਨੇ...ਆਓ। ਮੂੰਹ ਔਰਤ ਦਾ, ਧੜ ਲੂੰਬੜੀ ਦਾ...ਤੁਸਾਂ ਔਰਤ ਤੇ ਵੇਖੀ ਹੋਵੇਗੀ, ਔਰਤ ਵਿਚੋਂ ਬਿਜਲੀ ਨਿਕਲਦੀ ਵੇਖੋ...ਟਿਕਟ ਸਿਰਫ਼ ਚਾਰ ਆਨੇ...ਵਰਾਇਟੀ ਸ਼ੋਅ...ਲੇਡੀਆਂ ਦੇ ਤਾਜ, ਡਰਾਮੇ, ਗਾਣੇ ਤੇ ਦੂਜੇ ਕਈ ਪ੍ਰੋਗਰਾਮ ਚਵਾਨੀ ਵਿਚ ਵੇਖੋ...ਇਕ ਚਵਾਨੀ ਕਈ ਸਵਾਦ...ਇਕ ਚਵਾਨੀ।'

ਅਸੀਂ ਵਰਾਇਟੀ ਸ਼ੋਅ ਵਾਲੀ ਲਾਇਨ ਵਿਚ ਲੱਗ ਗਏ।

ਉਹ ਫੱਟੇ ਉੱਤੇ ਨੱਚ ਰਹੀ ਸੀ। ਤਾਰਿਆਂ ਭਰਿਆ ਨੀਲਾ ਜੋੜਾ। ਮੂੰਹ 'ਤੇ ਸਸਤੇ ਪਾਊਡਰ ਦੀ ਧੂੜ, ਅੱਖਾਂ ਵਿਚ ਲਪ-ਲਪ ਕੱਜਲ, ਬੁੱਲ੍ਹਾਂ 'ਤੇ ਲਹੂ ਵਰਗੀ ਢੇਰ ਲਾਲੀ। ਵਾਲਾਂ ਨੂੰ ਕੁੰਡਲ ਪਾ ਕੇ ਖਿਲਾਰਿਆ ਹੋਇਆ ਤੇ ਕਲੀਆਂ ਨਾਲ ਸੰਵਾਰਿਆ ਹੋਇਆ। ਉਮਰ ਇਹੋ ਕੋਈ ਤੇਰ੍ਹਾਂ-ਚੌਦਾਂ ਵਰ੍ਹੇ ਹੋਵੇਗੀ। ਹੌਲਾ ਪਿੰਡਾ ਸੀ, ਫੱਟੇ ਉੱਤੇ ਤਤੀਰੀ ਵਾਂਗਰ ਉੱਡਦੀ ਸੀ। ਉਹਦੇ ਨਾਲ ਦੇ ਤੰਬੂ ਅੱਗੇ ਡਾਹਢੀ ਭੀੜ ਸੀ। ਉਹ ਆਪਣਾ ਸਾਰਾ ਜ਼ੋਰ ਲਾ ਕੇ ਨੱਚਦੀ ਵੀ ਉਸ ਭੀੜ ਨੂੰ ਆਪਣੇ ਵੱਲ ਨਹੀਂ ਸੀ ਖਿੱਚ ਸਕਦੀ। ਉਂਜ ਆਪਣੇ ਹੌਲੇ ਤੇ ਪੱਧਰ ਸੀਨੇ ਨੂੰ ਉਹ ਗਵਾਂਢਣ ਨਾਲੋਂ ਵੱਧ ਭੁੜਕਾ ਸਕਦੀ ਸੀ। ਕਿਧਰੇ ਵੱਧ ਤੜਫ਼ ਰਹੀ ਸੀ। ਗਵਾਂਢਣ ਵਾਲੇ ਫੱਟੇ ਅੱਗੇ ਲੋਕੀ ਸਾਹਵਾਂ ਨੱਪੀ ਖਲੋਤੇ ਸਨ। ਉਥੇ ਭਰੀ ਜਵਾਨੀ ਦਾ ਧਮਾਕਾ ਸੀ 'ਬਿਜਲੀ ਦੀ ਔਰਤ' ਵਾਲੇ ਨੇ ਸਮੁੱਚੀ ਮਿਕਨਾਤੀਸੀ ਔਰਤ ਨੂੰ ਸਾਹਮਣੇ ਲਿਆ ਖਿਲਾਰਿਆ ਸੀ। ਉਹ ਸੋਹਣੀ ਤੇ ਖੌਰੇ ਐਨੀ ਨਹੀਂ ਸੀ। ਮੁਟਿਆਰ ਇੰਜ ਜਿਵੇਂ ਸਿਆਲਕੋਟੀ ਪੋਨੇ ਦੀ ਪੋਰੀ। ਬੁੱਢੇ, ਜਵਾਨ, ਬਾਲ, ਬੱਚੇ, ਰੰਨਾਂ, ਕੁੜੀਆਂ ਸਾਰੇ ਇਹਦੇ ਵੱਲ ਮੂੰਹ ਚੁੱਕੀ ਤੱਕੀ ਜਾ ਰਹੇ ਸਨ। ਫੇਰ ਸਾਡੇ ਵਾਲੇ ਤੰਬੂ ਦਾ ਸ਼ੋਅ ਸ਼ੁਰੂ ਹੋ ਗਿਆ। ਅਸੀਂ ਅੰਦਰ ਵੜ ਗਏ। ਤੰਬੂ ਦਾ ਬੂਹਾ ਬੰਦ ਹੋ ਗਿਆ।

ਸਟੇਜ ਦਾ ਸੁੱਟਿਆ ਹੋਇਆ ਪਰਦਾ ਹਾਲੀ ਚੁੱਕਿਆ ਨਹੀਂ ਸੀ ਗਿਆ। ਲੋਕੀ ਟੁੱਟੀਆਂ ਕੁਰਸੀਆਂ 'ਤੇ ਬੈਠਣ ਲੱਗੇ ਰੌਲਾ ਪਾਈ ਜਾ ਰਹੇ ਸਨ। ਹਰ ਕੋਈ ਚੰਗੀ ਸੀਟ ਦੀ ਭਾਲ ਕਰਦਾ ਅੱਗੇ ਪਿੱਛੇ ਆ ਜਾ ਰਿਹਾ ਸੀ। ਐਨੇ ਵਿਚ ਪਰਦਾ ਖਿੱਚਿਆ ਗਿਆ। ਇਕ ਪਿਲਪਿਲੀ ਸਾਹਬ। ਲੰਡੇ ਦੇ ਘਸੇ ਟੁੱਟੇ ਕੱਪੜੇ ਪਾਈ ਹੱਥ ਵਿਚ ਮਾਈਕ ਫੜੀ ਸਟੇਜ 'ਤੇ ਆ ਗਿਆ ਤੇ ਆਪਣੀ ਬੇਸੁਰੀ ਆਵਾਜ਼ ਵਿਚ ਮੁਹੰਮਦ ਰਫ਼ੀ ਦਾ ਗਾਇਆ ਹੋਇਆ ਫ਼ਿਲਮੀ ਗੀਤ ਸੁਣਾਉਣ ਲੱਗ ਪਿਆ। ਕਿਉਂਕਿ ਸਾਰੇ ਤੰਬੂਆਂ ਵਿਚ ਸ਼ੋਅ ਸ਼ੁਰੂ ਹੋ ਗਏ ਸਨ। ਹੁਣ ਅਸੀਂ ਬਾਹਰ ਦੀਆਂ ਵਾਜਾਂ ਤੋਂ ਨਿਸ਼ਚਿੰਤ ਹੋ ਕੇ ਅੰਦਰ ਦੀ ਇਕੋ ਵਾਜ ਨੂੰ ਸੁਣ ਸਕਦੇ ਸਾਂ।

*ਮੋਤੀਏ ਦੇ ਫੁੱਲ ਵਰਗਾ*
*ਨੀ ਦਿਲ ਤੇਰੇ ਤੋਂ ਫ਼ਿਦਾ ਕੀਤਾ*

ਪਿਲਪਿਲੀ ਸਾਹਿਬ ਦਾ ਗੀਤ ਮੁੱਕਿਆ ਤੇ ਐਲਾਨ ਹੋਇਆ ਹੁਣ ਤੁਸੀਂ ਪਰੀਆਂ ਦਾ ਝੁੰਮਰ ਵੇਖੋਗੇ। ਤਮਾਸ਼ਬੀਨਾਂ ਵਿਚੋਂ ਕਿਸੇ ਨੂੰ ਵੀ ਪਿਲਪਿਲੀ ਸਾਹਿਬ ਦਾ ਗਾਉਣ ਪਸੰਦ ਨਹੀਂ ਸੀ ਆਇਆ। ਉਹ ਪਰੀਆਂ ਦੇ ਨਾਂ 'ਤੇ ਹੱਸ ਪਏ। ਪਰੀਆਂ ਦੇ ਆਉਣ ਨੂੰ ਹਾਲੀ ਕੁਝ ਚਿਰ ਸੀ, ਸੋ ਸਟੇਜ 'ਤੇ ਨਕਲਾਂ ਸ਼ੁਰੂ ਹੋ ਗਈਆਂ। ਲੋਕੀ ਓਧਰ ਲੱਗ ਗਏ। ਮੇਰੀ ਕੁਰਸੀ ਸਟੇਜ ਦੇ ਇਕ ਪਾਸੇ ਨੁੱਕਰ 'ਤੇ ਕਰਕੇ ਸੀ। ਮੈਂ ਉਥੇ ਬਹਿ ਕੇ ਸਟੇਜ ਨਾਲੋਂ ਵੱਧ ਸਟੇਜ ਦੇ ਪਿੱਛੇ ਵੇਖ ਸਕਨੀ ਸਾਂ, ਜਿਥੇ ਇਕ ਬਲਬ ਬਲ ਰਿਹਾ ਸੀ। ਪੰਜ-ਸੱਤ ਮੰਜੀਆਂ ਉੱਤੇ ਬਿਸਤਰਿਆਂ ਕੱਪੜਿਆਂ ਦੇ ਢੇਰ ਲੱਗੇ ਹੋਏ

ਸਨ। ਇਕ ਮੰਜੀ ’ਤੇ ਇਕ ਬਾਬਾ ਆਲ-ਦਵਾਲੇ ਤੋਂ ਨਿਸ਼ਚਿੰਤ ਬੈਠਾ ਹੁੱਕਾ ਪੀ ਰਿਹਾ ਸੀ। ਅੱਧੀ ਉਮਰ ਦੀ ਇਕ ਸਵਾਣੀ ਇੱਟਾਂ ਦੇ ਚੁੱਲ੍ਹੇ ਉੱਤੇ ਤਵਾ ਰੱਖੀ ਰੋਟੀਆਂ ਪਕਾ ਰਹੀ ਸੀ। ਦੋ ਬਾਲ ਮਿੱਟੀ ਅਤੇ ਫਸਕੜੇ ਮਾਰੀ ਹੱਥਾਂ ਵਿਚ ਟੁੱਕਰ ਫੜੀ ਕੌਲੀ ਵਿਚੋਂ ਲਾਣ ਲਾ ਲਾ ਕੇ ਰੋਟੀ ਖਾਂਦੇ ਸਨ। ਐਨੇ ਵਿਚ ਫੱਟੇ ’ਤੇ ਨੱਚਣ ਵਾਲੀ ਆਈ, ਇਕ ਬਾਲ ਕੋਲੋਂ ਰੋਟੀ ਖੋਹੀ ਤੇ ਕੌਲੀ ਵਿਚੋਂ ਲਾ ਕੇ ਦੋ ਤਿੰਨ ਬੁਰਕੀਆਂ ਮੂੰਹ ਵਿਚ ਪਾਈਆਂ ਤੇ ਸਟੇਜ ਵੱਲ ਨੱਸ ਆਈ। ਬਾਲ ਤੇ ਬਾਲਾਂ ਦੀ ਮਾਂ ਚੀਕਾਂ ਮਾਰਦੇ ਰਹਿ ਗਏ।

‘ਨੀਂ...ਨੀਂ! ਔਂਤਰ ਜਾਣੀਏ, ਮਸਾਂ ਮਸਾਂ ਪੱਜ ਲਾ ਕੇ ਚੁੱਪ ਕਰਾਏ ਸਨ।’

ਇਹ ਕੁੜੀ ਖੌਰੇ ਏਸ ਜ਼ਨਾਨੀ ਦੀ ਨਨਾਣ ਸੀ...ਨਨਾਣ ਈ ਸੀ ਕਿਉਂ ਜੋ ਉਸ ਭਰਜਾਈਆਂ ਵਾਂਗ ਪਿੱਛੋਂ ਮਿਹਣਾ ਮਾਰਿਆ।

‘ਸ਼ੋਹਦੇ ਭਰਾ ਦੀ ਲੁੱਚੀ ਭੈਣ।’

ਕੁੜੀ ਹਿੜ-ਹਿੜ ਕਰਦੀ ਸਟੇਜ ਦੀਆਂ ਲੀਰਾਂ ਪਿੱਛੇ ਲੁਕ ਗਈ।

ਫੇਰ ਉਹ ਉਧੇੜ ਉਮਰ ਦਾ ਮਰਦ ਜਿਹੜਾ ਤੰਬੂ ਦੇ ਬਾਹਰ ਹੋਕੇ ਲਾ ਰਿਹਾ ਸੀ, ਉੱਡਦਾ ਹੋਇਆ ਉਸ ਜ਼ਨਾਨੀ ਦੇ ਕੋਲ ਆਇਆ।

‘ਸਕੀਨਾ...ਸਕੀਨਾ...! ਸ਼ਮੀਮ ਕਿਥੇ ਵੇ ? ਐਵੇਂ ਦੇਰ ਲਾਈ ਜਾ ਰਹੀ ਏਂ। ਤਮਾਸ਼ਬੀਨ ਔਖੇ ਹੋ ਰਹੇ ਨੇ...।’

‘ਤੂੰ ਜਾਣ ਤੇ ਤੇਰੀ ਭੈਣ...ਹੁਣੇ ਏਥੇ ਸੀ। ਬਾਲਾਂ ਕੋਲੋਂ ਰੋਟੀ ਖੋਹ ਕੇ ਖਾ ਗਈ ਏ। ਭੁੱਖੀ ਔਂਤਰੀ।’

ਸਟੇਜ ’ਤੇ ਮਸਖ਼ਰਾ ਮਸਖ਼ਰੀਆਂ ਵਿਖਾ ਹਟਿਆ ਤਾਂ ਲੀਰੋ ਲੀਰ ਪਰਦਾ ਫੇਰ ਡਿੱਗ ਗਿਆ। ਇਕ ਦੋ ਗਾਣਿਆਂ ਪਿੱਛੋਂ ਫੇਰ ਐਲਾਨ ਹੋਇਆ।

‘ਸਹਿਬਾਨ! ਹੁਣ ਜ਼ਰਾ ਦਿਲ ਫੜ ਕੇ ਬੈਠੋ ਤੇ ਵੇਖੋ ਪਰੀਆਂ ਦਾ ਝੁੰਮਰ।’

ਪਰਦਾ ਹਟਿਆ ਤੇ ਸ਼ਮੀਮ ਆਪਣੀਆਂ ਦੋ ਸਹੇਲੀਆਂ ਵਿਚਕਾਰ ਸਟੇਜ ’ਤੇ ਖੜੀ ਨਿੰਮ੍ਹਾ ਨਿੰਮ੍ਹਾ ਹੱਸ ਕੇ ਤੇ ਸ਼ਰਮਾ ਰਹੀ ਸੀ। ਐਵੇਂ ਕੱਚੀ ਕੋਮਲ ਜਿਹੀ ਕੁੜੀ। ਅਜੇ ਮੂੰਹ ’ਤੇ ਜਵਾਨੀ ਦੀ ਦੇਵੀ ਨੇ ਆਪਣੇ ਖਾਸ ਨੂਰ ਦਾ ਦੀਵਾ ਨਹੀਂ ਸੀ ਬਾਲਿਆ। ਅੱਖਾਂ ਵਿਚ ਮਸਤੀ ਦਾ ਰੰਗ ਨਹੀਂ ਸੀ ਡੋਲ੍ਹਿਆ। ਕੱਦ ਭਾਵੇਂ ਲਗਰ ਵਾਂਗਰ ਵਧ ਗਿਆ ਸੀ, ਜੁੱਸੇ ਉੱਤੇ ਕੱਪੜੇ ਨੂੰ ਫੱਬਣਾ ਨਹੀਂ ਸੀ ਆਇਆ। ਹੁਣ ਦੀ ਵਾਰੀ ਤਿੰਨਾਂ ਜਣੀਆਂ ਇਕ ਨਵੇਂ ਤੇ ਬਹੁਤ ਨੰਗੇ ਗਾਉਣ ਤੇ ਦੜੰਗੇ ਲਾਣੇ ਸ਼ੁਰੂ ਕਰ ਦਿੱਤੇ। ਸਿਰ ਨੂੰ ਝਟਕ ਝਟਕ, ਕੂਲ੍ਹਿਆਂ ਨੂੰ ਮਟਕਾ-ਮਟਕਾ ਕੇ ਉਹ ਨੱਚ-ਨੱਚ ਕੇ ਹਫ਼ੀ ਜਾ ਰਹੀਆਂ ਸਨ। ਜਵਾਨ ਕੁੱਲੀ, ਮਜ਼ਦੂਰ, ਕੋਚਵਾਨ ਤੇ ਹੋਰ ਛੋਟੇ-ਮੋਟੇ ਕਸਬੀ ਮੁੰਡੇ ਸੀਟੀਆਂ ਮਾਰ-ਮਾਰ ਕੇ ਗੰਦੇ-ਗੰਦੇ ਇਸ਼ਾਰੇ ਕਰ ਰਹੇ ਸਨ। ਇਕ ਨੇ ਬੜਾ ਦਿਲ ਕੱਢ ਕੇ ਰੁਪਏ ਦਾ ਨੋਟ ਅੱਗੇ ਕੀਤਾ। ਸ਼ਮੀਮ ਇਕ ਖ਼ਾਸ ਅਦਾ ਵਿਖਾ ਕੇ ਅੱਗੇ ਵਧੀ ਤੇ ਨੋਟ ਫੜ ਲਿਆ। ਫੇਰ ਕੀ ਸੀ ਦਵਾਨੀਆਂ ਚਵਾਨੀਆਂ ਤੋਂ ਲੈ ਕੇ ਪੰਜਾਂ ਦੇ ਨੋਟ ਤਾਈਂ ਜ਼ਿਦਬਾਜ਼ੀ ਹੋ ਗਈ।

ਰੋਜ਼ ਈ ਇੰਜ ਹੁੰਦਾ ਹੋਵੇਗਾ। ਸ਼ਮੀਮ ਦਾ ਭਰਾ ਸਟੇਜ ਦੇ ਖੂੰਜੇ ਨਾਲ ਖੜਾ ਵਰ੍ਹਦੇ ਪੈਸਿਆਂ ਨੂੰ ਚਮਕਦੀਆਂ ਅੱਖਾਂ ਨਾਲ ਤੱਕਦਾ ਡਾਹਢਾ ਖ਼ੁਸ਼ ਸੀ। ਫੇਰ ਮੇਰੀਆਂ ਨਜ਼ਰਾਂ ਮੰਜ਼ਰ ਤੋਂ ਹਟ ਕੇ ਪਸਮੰਜ਼ਰ ਵੱਲ ਹੋ ਗਈਆਂ।

ਸਟੇਜ ਦੇ ਪਿੱਛੇ ਬੈਠੀ ਜ਼ਨਾਨੀ ਰੋਟੀਆਂ ਪਕਾ ਹਟੀ ਤੇ ਬਾਲਾਂ ਲਈ ਵਿਛਾਉਣੇ ਕੀਤੇ। ਬਾਲਾਂ ਨੂੰ ਲੰਮਿਆਂ ਪਾਇਆ। ਸਹੁਰੇ ਨੂੰ ਰੋਟੀ ਪਾ ਕੇ ਦਿੱਤੀ। ਪਸਮੰਜ਼ਰ ਦਾ ਨਾਚ ਮੁੱਕ ਗਿਆ। ਪਰਦਾ ਡਿੱਗ ਪਿਆ...ਮੇਰੀਆਂ ਅੱਖਾਂ ਏਸ ਵੇਲੇ ਅਸਲੀ-ਨਕਲੀ ਤੇ ਅੰਦਰ ਬਾਹਰ ਤੱਕ ਰਹੀਆਂ ਸਨ ਤੇ ਜ਼ਿਹਨ ਵਿਚ ਅਜੀਬ ਖੌਰੂ ਪਿਆ ਹੋਇਆ ਸੀ। ਕਿਸੇ ਦਾ ਵੀ ਅੰਦਰ ਬਾਹਰ ਇਕ ਨਹੀਂ।



ਅੰਦਰ ਸਿੱਧ-ਪਧਰੀ ਇਕ ਤਲਬ ਏ। ਭਾਵੇਂ ਨਫ਼ਸ ਆਖ ਲਓ, ਭਾਵੇਂ ਭੁੱਖ।

ਪਰਦਾ ਫੇਰ ਉੱਠਿਆ। ਹੁਣ ਉਹੋ ਜ਼ਨਾਨੀ ਸਟੇਜ ’ਤੇ ਬੈਠੀ ਕੀਰਨੇ ਪਾ ਰਹੀ ਸੀ। ਲੋਕੋ...ਲੋਕੋ...ਏਸ ਕਰਤੂਤੋਂ ਨਨਾਣ ਮੇਰਾ ਕੱਖ ਨਹੀਂ ਜੇ ਛੱਡਿਆ...ਖਸਮ ਮੈਨੂੰ ਨਿਖੱਟੂ ਜੁੜਿਆ...ਸ਼ਮੀਮ ਭਰਜਾਈ ਨੂੰ ਸਲੋਅਤਾਂ ਸੁਣਾਉਂਦੀ ਆ ਗਈ। ਨਨਾਣ ਭਰਜਾਈ ਦਾ ਲੜਾਈ ਦਾ ਸੀਨ ਹੋਣ ਲੱਗ ਪਿਆ। ਇਹ ਇਕ ਚੀਕਾਂ ਮਾਰਦਾ ਫ਼ਿਲਮੀ ਡਰਾਮਾ ਸੀ। ਆਮ ਤੇ ਹੇਠਲ ਪੱਧਰ ਦੇ ਲੋਕਾਂ ਦੀ ਨਿੱਤ ਵਰਤੋਂ ਦੀ ਕਹਾਣੀ। ਬਹੁਤ ਈ ਬੋਰ ਤੇ ਘਟੀਆ ਦਰਜੇ ਦੀਆਂ ਗੱਲਾਂ ਬਾਤਾਂ ਨਾਲ ਭਰਿਆ ਹੋਇਆ। ਅਸੀਂ ਲੋਕ ਅੱਧ ਵਿਚਕਾਰ ਛੱਡ ਕੇ ਟੁਰ ਆਏ। ਅਗਲੇ ਵਰ੍ਹੇ ਫੇਰ ਗਏ। ਹਰ ਵਰ੍ਹੇ ਦਿਲ ਪ੍ਰਚਾਉਣ ਜਾਨੇ ਆਂ।

ਹਲਾਲ ਅਹਿਮਰ ਦਾ ਨਾਂ ਉਦੋਂ ਰੈੱਡ ਕਰਾਸ ਸੀ। ਇਨ੍ਹਾਂ ਦਸਾਂ ਵਰ੍ਹਿਆਂ ਵਿਚ ਇਹਦਾ ਨਾਂ ਬਦਲ ਗਿਆ। ਪਰ ਮੇਲੇ ਥੇਲੇ ਉਹੋ ਰਹੇ। ਰਤਾ ਫ਼ਰਕ ਨਹੀਂ ਪਿਆ। ਭਲਾ ਨਾਂ ਬਦਲਣ ਨਾਲ ਕੀ ਫ਼ਰਕ ਪੈਂਦਾ ਏ ? ਕੁੜੀਆਂ ਅੱਜ ਵੀ ਉਂਜ ਈ ਫੱਟੇ ’ਤੇ ਨੱਚਦੀਆਂ ਨੇ। ਚਿਲਕਦੇ ਕੱਪੜੇ ਪਾ ਕੇ, ਮੂੰਹ ’ਤੇ ਲਾਲੀ ਪਾਊਡਰ ਲਾ ਕੇ। ਕਦੇ-ਕਦੇ ਤੇ ਮੈਨੂੰ ਇਹ ਸਾਰੀਆਂ ਇਕੋ ਕੁੜੀ ਲੱਗਦੀਆਂ ਨੇ। ਉਹੋ ਈ ਛੀਮੋ...ਛੀਮੋ ਹਰ ਜ਼ਮਾਨੇ ਦੇ ਫ਼ੈਸ਼ਨ ਦੇ ਮੁਤਾਬਕ ਕੱਪੜੇ ਬਦਲ ਲੈਂਦੀ ਏ...ਬਸ ਇਹ ਵੀ ਹੋ ਸਕਦਾ ਏ ਮੇਰਾ ਵਹਿਮ ਈ ਹੋਵੇ...ਏਸ ਖੈਰਾਤੀ ਮੇਲੇ ਨੂੰ ਲਗਦਿਆਂ ਅੱਜ ਕਈ ਵਰ੍ਹੇ ਹੋ ਗਏ ਨੇ। ਇਹ ਕਿਵੇਂ ਹੋ ਸਕਦਾ ਏ ਪਈ ਸ਼ਮੀਮ ਵਿਚ ਕੋਈ ਫ਼ਰਕ ਈ ਨਾ ਪਿਆ ਹੋਵੇ। ਜਵਾਨ ਹੋ ਗਈ ਹੋਵੇਗੀ, ਵਿਆਹੀ ਗਈ ਹੋਵੇਗੀ।

ਕੋਈ ਦਸਾਂ ਪੰਦਰਾਂ ਦਿਨਾਂ ਦੀ ਗੱਲ ਏ। ਬੱਸਾਂ ਵਿਚ ਸਫ਼ਰ ਕਰਨ ਵਾਲਿਆਂ ਨੂੰ ਹਰ ਬੰਦਾ ਜਾਣੂ ਨਜ਼ਰ ਦਾ ਏ। ਬਾਅਜ਼ ਸ਼ਕਲਾਂ ਤੇ ਚੰਗਾ ਗਵੇੜ ਵਿਚ ਮੂੰਹ ਪਾ ਦੇਂਦੀਆਂ ਨੇ...ਦਿਮਾਗ਼ ਸੋਚ-ਸੋਚ ਕੇ ਪਾਗ਼ਲ ਹੋ ਜਾਂਦਾ ਏ। ਇਹ ਮੂੰਹ ਮੁਹਾਂਦਰਾ ਮੈਂ ਕਿਧਰੇ ਤੱਕਿਆ ਜ਼ਰੂਰ ਏ। ਹੋਵੇ ਨਾ ਤੇ ਕਦੇ ਬਹੁਤ ਨੇੜਿਓਂ ਵੇਖਿਆ ਏ।

ਇਹ ਕੌਣ ਏ...ਇਹ ਕੌਣ ਹੋ ਸਕਦਾ ਏ ?...ਇਹ ਮੇਰੇ ਦਿਲ ਦੇ ਮਕਾਨ ਵਿਚ ਕੁਝ ਚਿਰ ਰਿਹਾ ਜ਼ਰੂਰ ਏ। ਇਹਦਾ ਨਾਂ ਕੀ ਏ ? ਹੋ ਸਕਦਾ ਏ ਇਹ ਗੱਲ ਮੇਰੇ ਦਿਮਾਗ਼ ਵਿਚ ਆਉਂਦੀ ਹੋਵੇ...ਹੋਰਾਂ ਨਾਲ ਵੀ ਵਾਪਰੀ ਹੋਵੇਗੀ। ਕੀ ਪਤਾ... ਅਚਨਚੇਤ ਮੇਰੀ ਨਿਗਾਹ ਇੰਜਣ ਦੇ ਨਾਲ ਦੀ ਸੀਟ ’ਤੇ ਪਈ...ਸ਼ਮੀਮ ਦਸਾਂ ਵਰ੍ਹਿਆਂ ਦੀ ਧੂੜ ਛੰਡ ਕੇ ਮੇਰੇ ਸਾਹਮਣੇ ਆਣ ਬੈਠੀ। ਉਹ ਨਾਲ ਦੀ ਨਾਲ ਹੱਸ ਹੱਸ ਕੇ ਗੱਲਾਂ ਕਰ ਰਹੀ ਸੀ। ਮੇਰੇ ਕੰਨ ਉਧਰ ਲੱਗ ਗਏ। ਉਹ ਪਹਿਲੇ ਨਾਲੋਂ ਭਰਵੀਂ ਤੇ ਨਿਖਰੀ ਹੋਈ ਸੀ। ਦੂਜੇ ਨੇ ਸ਼ਮੀਮ ਕੋਲੋਂ ਪੁੱਛਿਆ—

‘ਬਾ ਜੀ! ਕੀ ਸਲਾਹ ਈ ? ਐਦਕਾਂ ਫੇਰ ਪੁਰਾਣੀ ਯਾਦ ਤਾਜ਼ੀ ਨਾ ਕਰੀਏ। ਨਾਚ ਘਰ ਮੇਲਾ ਲੱਗ ਰਿਹਾ ਏ।’

ਸ਼ਮੀਮ ਦੀਆਂ ਜਵਾਨ ਅੱਖਾਂ ਵਿਚ ਲੰਘਿਆ ਵੇਲਾ ਤਰਾਟ ਵਾਂਗ ਫਿਰ ਗਿਆ। ਉਸ ਡਾਹਢੇ ਵਿਚਾਰ ਵਿਚ ਅੱਖਾਂ ਨੂਟ ਲਈਆਂ ਤੇ ਸਿਆਣਿਆਂ ਹਾਰ ਬੋਲੀ—

‘ਹੁਣ ਇਹਦੇ ਵਿਚ ਕੀ ਪਿਆ ਏ...ਮੈਂ ਮਨਸੂਬਾਬੰਦੀ ਵਿਚ ਨੌਕਰੀ ਕਰ ਲਈ ਏ। ਮਹੀਨੇ ਪਿੱਛੋਂ ਤਿੰਨ ਸੌ ਮਿਲ ਜਾਂਦਾ ਏ...ਨਾਲੇ ਸਾਰੇ ਕੰਮ ਸੌਖੇ ਹੋ ਗਏ ਨੇ। ਹੀ...ਹੀ...।’

ਉਸ ਟਿੱਚਰਾਂ ਵਾਂਗ ਡਰਾਈਵਰ ਵੱਲ ਤੱਕ ਕੇ ਠੱਠਾ ਮਾਰਿਆ। ਡਰਾਈਵਰ ਅੱਖ ਘੁੱਟ ਕੇ ਖੋਲ੍ਹ ਲਈ। ਉਹਦੇ ਮੂੰਹ ’ਤੇ ਜਿਨਸੀ ਖ਼ਾਹਸ਼ ਦੀ ਲਾਲੀ ਖਿੰਡ ਗਈ। ਦੂਜੀ ਨੇ ਹੈਰਾਨ ਹੋ ਕੇ ਛੀਮਾਂ ਵੱਲ ਵੇਖਿਆ।

‘ਮੈਂ ਤਾਂ ਨੱਚਾਂਗੀ। ਇਹ ਤੇ ਇਕ ਤਰ੍ਹਾਂ ਦੀ ਖ਼ਿਦਮਤ ਏ। ਖ਼ਿਦਮਤ ਦੀ ਖ਼ਿਦਮਤ, ਸਵਾਦ ਦਾ ਸਵਾਦ।’

'ਲੈ ਲਈਂ ਸਵਾਦ...ਬਿੱਲੋ ਮੇਰੀ ਲੋੜ ਪਈ ਤੇ ਆ ਜਾਵੀਂ। ਖ਼ਲਕਤ ਦੀ ਖ਼ਿਦਮਤ ਤੇ ਸਾਡਾ ਕੰਮ ਹੋਇਆ ਤੇ ਅਸੀਂ ਖ਼ਿਦਮਤਗਾਰ ਆਂ।'

ਛੀਮਾਂ ਦੀਆਂ ਅੱਖਾਂ ਨੇ ਡਰਾਈਵਰ ਦੀਆਂ ਅੱਖਾਂ ਤੋਂ ਹੱਸ ਕੇ ਗਵਾਹੀ ਮੰਗੀ। ਡਰਾਈਵਰ ਫੇਰ ਅੱਖ ਨੂਟ ਕੇ ਗਵਾਹੀ ਪਾ ਦਿੱਤੀ।

ਖ਼ਿਦਮਤ ਦੇ ਇਤਰਾਫ਼ ਵਿਚ ਉਨ੍ਹਾਂ ਵੱਲ ਤੱਕਦੀਆਂ ਕਈ ਹੋਰ ਨਜ਼ਰਾਂ ਆਪੋ-ਆਪ ਨੀਵੀਆਂ ਪੈ ਗਈਆਂ ਤੇ ਬੱਸ ਖ਼ਿਦਮਤ ਖ਼ਿਦਮਤ ਦੇ ਹਾੜੇ ਪਾਉਂਦੀ ਓਬੜ ਖਾਬੜ ਸੜਕ 'ਤੇ ਰਿੜ੍ਹਦੀ ਰਹੀ।

## ਪਿੜੀਆਂ ਵਾਲਾ ਖੇਸ/ਆਸਫ਼ ਮਹਿਮੂਦ

ਮਾਸੀ ਜੈਨਾ ਅੱਧੇ ਅਹਾਤੇ ਦੇ ਉਸ ਟੀਪ ਕੀਤੀਆਂ ਕੰਧਾਂ ਵਾਲੇ ਮਕਾਨ ਦੀ ਡਿਓੜੀ ਵਿਚ ਰੱਸੀ ਨਾਲ ਲਮਕਦਾ ਛਿਜਿਆ ਹੋਇਆ ਚਾਰ ਖਾਨੀਆਂ ਲਾਚੇ ਦਾ ਪਰਦਾ ਜਦੋਂ ਇਕ ਹੱਥ ਨਾਲ ਚਾ ਕੇ, ਦੂਜੇ ਨਾਲ ਸਿਰ 'ਤੇ ਧਰੀ ਪੰਡ ਨੂੰ ਸੰਭਾਲਦੀ, ਪੋਚਾ ਫਿਰੇ ਹੋਏ ਪੱਕੇ ਵਿਹੜੇ ਵਿਚ ਲੰਘੀ ਤਾਂ ਮਾਸਟਰਨੀ ਸਿਰ ਵਿਚ ਮਹਿੰਦੀ ਲਾ ਕੇ ਨੁੱਕਰੇ ਪੀੜ੍ਹੀ 'ਤੇ ਬੈਠੀ ਆਪਣੀ ਪੰਦਰਾਂ ਵਰ੍ਹਿਆਂ ਦੀ ਧੀ ਦਾ ਸਿਰ ਵੇਖ ਰਹੀ ਸੀ। ਦੋ ਨਿੱਕੀਆਂ ਬਾਲੜੀਆਂ ਚੁੰਨੀਆਂ ਦੇ ਲੰਮੇ ਲੰਮੇ ਘੁੰਡ ਕੱਢ ਕੇ ਲਾਗੇ ਵਿਛੀ ਦੱਭ ਦੀ ਫੂਹੜੀ ਉੱਤੇ ਚੌਂਕੜੀ ਮਾਰ ਕੇ ਬੈਠੀਆਂ ਜ਼ੋਰ-ਜ਼ੋਰ ਨਾਲ ਅੱਗੇ-ਪਿੱਛੇ ਹਿਲਦੀਆਂ ਸਪਾਰਿਆਂ 'ਚੋਂ ਸਬਕ ਚੇਤੇ ਕਰ ਰਹੀਆਂ ਸਨ। ਇਕ ਬਾਰਾਂ ਕੁ ਵਰ੍ਹਿਆਂ ਦੀ ਛੋਹਰ ਦੁਪੱਟਾ ਲੱਕ ਨਾਲ ਬੰਨ੍ਹ ਕੇ ਖੁਰੇ ਵਿਚ ਲੱਗੀ ਭੰਡੀਰ ਵੱਲ ਕੰਡ ਕੀਤੀ ਤੌਣ ਨੂੰ ਮੁੱਕੀਆਂ ਦੇ ਰਹੀ ਸੀ ਤੇ ਸੀਖਾਂ ਵਾਲੀ ਬਾਰੀ ਵਿਚੋਂ ਪਿਛਲੇ ਅੰਦਰ ਮਾਸਟਰ ਹੁਰੀਂ ਡੀਗਰ ਦੀ ਨਮਾਜ਼ ਪੜ੍ਹਦੇ ਦਿਸ ਰਹੇ ਸਨ।

'ਤੌਬਾ ਨੀ ਤੌਬਾ...ਹਾਏ...ਊਂ...ਮੈਂ ਤੇ ਕੰਨਾਂ ਨੂੰ ਹੱਥ ਲਾ ਲਏ ਨੀ ਅੱਜ ਤੋਂ ਭੈਣਾ।' ਮਾਸੀ ਗੋਡੇ 'ਤੇ ਸੱਜੇ ਹੱਥ ਨਾਲ ਭਾਰ ਪਾ ਕੇ ਸਿੱਧੀ ਹੁੰਦੀ ਹੋਈ ਹੁੰਗਰਾਂ ਭਰਦੀ ਬੋਲੀ।

'ਬੜੀ ਉਮਰ ਏ ਮਾਸੀ ਤੇਰੀ। ਬਸ ਹੁਣੇ ਈ ਯਾਦ ਪਈਆਂ ਕਰਦੀਆਂ ਸਾਂ ਤੈਨੂੰ ਅਸੀਂ ਦੋਵੇਂ ਮਾਵਾਂ ਧੀਆਂ...ਨੀ ਜਾ ਨੀ, ਪੀੜ੍ਹਾ ਲਿਆ ਮਾਸੀ ਜੀ ਲਈ।' ਮਾਸਟਰਨੀ ਦੋਹਾਂ ਹੱਥਾਂ ਨਾਲ ਧੀ ਨੂੰ ਪੋਲਾ ਜਿਹਾ ਧੱਫਾ ਮਾਰਿਆ ਤੇ ਆਪਣੀ ਥਾਂ ਰਤਾ ਕੁ ਬਦਲ ਕੇ ਮਾਸੀ ਵੱਲ ਮੂੰਹ ਕਰ ਲਿਆ।

ਉਹ ਨੱਠੀ-ਨੱਠੀ ਗਈ ਤੇ ਮਾਸੀ ਦੇ ਨੇੜੇ ਆਉਂਦਿਆਂ ਨੂੰ ਉਹਦੇ ਲਈ ਪੀੜ੍ਹਾ ਲਿਆ ਕੇ ਮਾਂ ਦੇ ਲਾਗੇ ਧਰ ਦਿੱਤਾ। ਫੇਰ ਹੱਥ ਪਵਾ ਦੇ ਪੰਡ ਉਹਦੇ ਸਿਰੋਂ ਲੁਹਾਈ ਤੇ ਪੀੜ੍ਹੇ ਦੇ ਲਾਗੇ ਈ ਖਲੋ ਗਈ।

ਪੰਡ ਲਾਹ ਕੇ ਮਾਸੀ ਧਰਾਅ ਕਰਦੀ ਪੀੜ੍ਹੇ 'ਤੇ ਬੈਠੀ ਤੇ ਸਿਰ ਨੂੰ ਸੱਜੇ ਖੱਬੇ ਹਿਲਾਂਦੀ ਹੋਠਾਂ ਨੂੰ ਫੂਕ ਮਾਰਨ ਵਾਂਗੂੰ ਗੋਲ ਕਰਕੇ ਲੰਮੇ ਲੰਮੇ ਸਾਹ ਲੈਂਦੀ ਆਪਣੇ ਗੂੜ੍ਹੇ ਸਲੇਟੀ ਝੱਗੇ ਦਾ ਘੇਰਾ ਦੋਹਾਂ ਹੱਥਾਂ ਨਾਲ ਚਾ ਕੇ ਆਪਣੇ-ਆਪ ਨੂੰ ਪੱਖਾਂ ਝੱਲਣ ਲੱਗ ਪਈ। ਉਹਦਾ ਭਾਰਾ ਵਜੂਦ ਪੀੜ੍ਹੇ ਤੋਂ ਬਾਹਰ ਲਮਕ ਰਿਹਾ ਸੀ ਤੇ ਝੱਗਾ ਚਾਵਣ ਸਦਕਾ ਵੱਖੀਆਂ ਨੰਗੀਆਂ ਹੋ ਰਹੀਆਂ ਸੀ। ਪੰਡ ਸਿਰੋਂ ਤਿਲਕਵਾਂਦਿਆਂ ਉਹਦੀ ਮਲਮਲ ਦੀ ਚਾਦਰ ਢਿਲਕ ਕੇ ਮੋਢਿਆਂ 'ਤੇ ਆ ਗਈ ਸੀ ਤੇ ਖਿਲਰੇ ਹੋਏ ਚਿੱਟੇ ਵਾਲਾਂ ਦੀਆਂ ਕੁਝ ਲਟਾਂ ਗੱਲ੍ਹਾਂ ਨਾਲ ਆ ਲੱਗੀਆਂ ਸਨ ਜਿਹੜੀਆਂ ਉਹਦੇ ਵਾਹਵਾ ਪੱਕੇ ਰੰਗ ਦੇ ਸਾਹਵੇਂ ਚੋਖੀਆਂ ਈ ਚਿੱਟੀਆਂ ਜਾਪ ਰਹੀਆਂ ਸਨ।

'ਬੇਟਾ, ਪਾਣੀ ਲਿਆ ਮਾਸੀ ਜੀ ਵਾਸਤੇ। ਕੁਝ ਅਕਲ ਕਰਿਆ ਕਰ।' ਮਾਸਟਰਨੀ ਕੋਲ ਖੜ੍ਹੀ ਧੀ ਨੂੰ ਝੂਠੀ-ਮੂਠੀ ਦੇ ਗੁੱਸੇ ਨਾਲ ਆਖਿਆ ਤੇ ਬੜੇ ਚਾਅ ਭਰੇ ਸੁਭਾਅ ਨਾਲ ਮਾਸੀ ਵੱਲ



ਵੇਖਣ ਲੱਗ ਪਈ, 'ਖ਼ੈਰ ਏ ਮਾਸੀ, ਅੱਜ ਤਾਂ ਸਾਹ ਨਾਲ ਸਾਹ ਈ ਨਹੀਂ ਪਿਆ ਰਲਦਾ ਤੇਰਾ ?' ਮਾਸਟਰਨੀ ਨੇ ਪੁੱਛਿਆ।

'ਉਮਰ ਦੀ ਗੱਲ ਏ ਧੀਆ। ਬਥੇਰਾ ਵਾਹਿਆ ਏ ਏਸ ਦੇਹ ਆਪਣੀ ਨੂੰ। ਹੁਣ ਨਾਬਰ ਹੋ ਗਈ ਏ। ਮਰਜ਼ੀ ਏ ਸੋਹਣੇ ਦੀ।' ਮਾਸੀ ਵਲਦਾ ਦਿੱਤਾ।

ਕੁੜੀ ਪਾਣੀ ਲੈ ਆਈ ਸੀ। ਮਾਸੀ ਇਕੋ ਸਾਹੇ ਡੀਕ ਲਾ ਕੇ ਗਲਾਸ ਮੁਕਾਇਆ ਤੇ ਖ਼ਾਲੀ ਗਲਾਸ ਕੁੜੀ ਨੂੰ ਫੜਾ ਮੁੜ ਕੇ ਲੰਮੇ ਲੰਮੇ ਸਾਹ ਲੈਣ ਲੱਗ ਪਈ।

ਥੋੜ੍ਹੇ ਚਿਰ ਲਈ ਉੱਕਾ ਚੁੱਪ ਵਰਤ ਗਈ। ਇਕ ਸਪਾਰਾ ਪੜ੍ਹਦੀਆਂ ਬਾਲੜੀਆਂ ਦੀ ਵਾਜ ਈ ਸੀ। ਜਿਹੜਾ ਕੰਨੀਂ ਪਿਆ ਪੈਂਦਾ ਸੀ। ਫੇਰ ਖ਼ਾਲੀ ਗਲਾਸ ਹੱਥ ਵਿਚ ਫੜ ਕੇ ਉਥੇ ਈ ਖਲੋਤੀ ਸੱਜੇ ਪੈਰ ਨਾਲ ਖੱਬੀ ਲੱਤ ਨੂੰ ਖੁਰਕਦੀ ਕੁੜੀ ਤੋਂ ਰਹਿ ਨਹੀਂ ਹੋਇਆ ਤੇ ਉਹ ਬੋਲ ਪਈ, 'ਮੇਰਾ ਗੁੜ ਲਿਆਂਦਾ ਜੇ ਮਾਸੀ ਜੀ ਮਸਾਲੇ ਵਾਲਾ।'

'ਨੀ ਸਾਹ ਤੇ ਲੈਣ ਦੇ ਮੈਨੂੰ ਮਰਨ ਜੋਗੀਏ। ਕੇਡੀ ਤੈਨੂੰ ਆਖ਼ਰ ਆਈ ਹੋਈ ਏ।' ਮਾਸੀ ਹੱਸ ਕੇ ਬੋਲੀ ਤੇ ਕੁੜੀ ਵੀ ਖਿੜਖਿੜ ਕਰਕੇ ਹੱਸ ਪਈ, ਪਰ ਮਾਂ ਦੀ ਘੁਰਕੀ ਵੇਖ ਕੇ ਮੂੰਹ ਅੱਗੇ ਹੱਥ ਧਰ ਲਿਆ ਤੇ ਅੰਦਰੇ-ਅੰਦਰ ਈ ਗੁੜਕਣ ਲੱਗੀ।

'ਆਹ ਕੋਈ ਰੁੱਤ ਏ ਮੱਲੋ-ਮਸਾਲੇ ਵਾਲੇ ਗੁੜ ਦੀ। ਉਹ ਤਾਂ ਸਿਆਲ ਦਾ ਮੇਵਾ ਹੁੰਦਾ ਏ ਝੱਲੀਏ। ਸੱਤੂ ਲਿਆਂਦੇ ਨੇ ਤੇਰੇ ਲਈ ਉਹ ਪੀਵੀਂ ਕੋਈ ਗਰਮੀ ਨਿਕਲੇ ਤੇਰੇ ਅੰਦਰੋਂ, ਵੇਖਾਂ ਕਿਵੇਂ ਭੁੱਸ ਪਈ ਹੋਈ ਆ ਬਾਂਦਰੀਏ ਜਿਹੀਏ।' ਮਾਸੀ ਨੇ ਕੁੜੀ ਦਾ ਹੱਥ ਫੜ ਕੇ ਪਿਆਰ ਨਾਲ ਪਲੋਸਦਿਆਂ ਆਖਿਆ।

ਕੁੜੀ ਦਾ ਹਾਸਾ ਸੁਣ ਕੇ ਸਪਾਰਾ ਪੜ੍ਹਦੀਆਂ ਬਾਲੜੀਆਂ ਦਾ ਧਿਆਨ ਵੀ ਉੱਖੜ ਗਿਆ ਸੀ ਤੇ ਉਹ ਇਕ-ਦੂਜੇ ਦੇ ਕੰਨਾਂ ਵਿਚ ਖੀ-ਖੀ ਕਰਨ ਲੱਗ ਪਈਆਂ ਹੋਈਆਂ ਸਨ। ਮਾਸਟਰਨੀ ਪਰਤ ਕੇ ਇਕ-ਇਕ ਚਟਾਕੀ ਦੋਹਾਂ ਦੇ ਸਿਰਾਂ ਵਿਚ ਲਾਈ ਤੇ ਉਹ ਫੇਰ ਪੂਰੇ ਜ਼ੋਰ ਨਾਲ ਜੁਟ ਪਈਆਂ। ਫੇਰ ਉਹ ਮਾਸੀ ਵੱਲ ਪਰਤੀ ਤੇ ਉਹਦਾ ਸਾਹ ਹੁਣ ਸਵਾਹਰਾ ਹੋ ਗਿਆ ਵੇਖ ਕੇ ਪੁੱਛਣ ਲੱਗੀ, 'ਫੀਹਾ ਦੀ ਸੁਣਾ ਮਾਸੀ ਕੋਈ ਬਿਲੇ ਲੱਗੀ ਏ ਗੱਲ ਜਾਂ ਖੂਹ 'ਚ ਖੋਤਾ ਉਵੇਂ ਈ ਲਮਕਿਆ ਹੋਇਆ ਏ ?'

'ਬਿਲੇ ਧੀਆ ਕੀ ਲਗਣੀ ਸੀ, ਕੋਈ ਪਿਉ ਭਰਾ ਹੁੰਦੇ ਸਿਰ 'ਤੇ ਤਾਂ ਗੱਲ ਕਰਦਾ ਕੋਈ ਉਹਦੇ ਵੱਲੋਂ ਵੀ। ਸ਼ਰੀਕਾ ਹੇਤੀ ਬਣ ਕੇ ਬੈਠਾ ਹੋਇਆ ਸੀ ਪਰ੍ਹਾ 'ਚ ਸਾਡਾ, ਹੱਥ ਜੋੜ ਕੇ ਤੋਰੀ ਏ ਮੱਲੋ...ਮਰਜ਼ੀ ਏ ਨਾ ਸੋਹਣੇ ਦੀ। ਫੇਰ ਵੀ ਸ਼ੁਕਰ ਏ ਉਹਦਾ। ਚਲੋ ਲਿਫ਼ ਕੇ ਈ ਵਸਦੀ ਰਹੇ।'

ਮਾਸਟਰਨੀ ਦੁਖੀ ਜਿਹੀ ਸ਼ਕਲ ਬਣਾ ਕੇ ਝੱਟ ਕੁ ਸੋਚਦੀ ਰਹੀ ਤੇ ਫੇਰ ਆਪਣਾ ਸਿਰ 'ਤੇ ਮੋਢਾ ਛਿਣਕ ਕੇ ਜਿਵੇਂ ਆਪਣੇ-ਆਪ ਨੂੰ ਹੋਸ਼ ਕਰਾਂਵਦੀ ਹੋਈ ਹਓਕਾ ਭਰ ਕੇ ਬੋਲੀ, 'ਠੀਕ ਆਂਹਨੀ ਏਂ ਮਾਸੀ। ਧੀਆਂ ਵਾਲਿਆਂ ਦਾ ਉਂਜ ਵੀ ਕਾਹਦਾ ਜ਼ੋਰ ਹੁੰਦਾ ਏ।' ਫੇਰ ਕੰਦੂਰੀ ਗਿੱਲੀ ਕਰਕੇ ਤੌਣ ਉੱਤੇ ਖਿਲਾਰਦੀ ਛੋਹਰ ਵੱਲ ਮੂੰਹ ਕਰਕੇ ਬੋਲੀ, 'ਤੂੰ ਤਵਾ ਰੱਖ ਨੀ ਜੈਨਾ, ਆਟਾ ਵਿਸਮ ਜਾਂਦਾ ਏ ਤੇ ਟਿੱਕੀਆਂ ਸਿੱਟ ਮਾਸੀ ਜੀ ਲਈ ਝਟਪਟ।'

'ਨਾ ਕੁੜੀਏ ਰੋਟੀ ਨਹੀਓਂ ਮੈਂ ਖਾਣੀ। ਅੱਗੇ ਈ ਕਵੇਲ ਹੋ ਗਈ ਏ ਮੈਨੂੰ। ਪਿੱਛੇ ਭੈਣ ਕੱਲੀ ਏ ਤੇਰੀ। ਤੂੰ ਅਮਾਨਤ ਸਾਂਭ ਆਪਣੀ ਤੇ ਮੈਂ ਵੀ ਤੁਰਨ ਆਲੀ ਬਣਾਂ।' ਮਾਸੀ ਉਠ ਕੇ ਪੰਡ ਨੂੰ ਖੋਲ੍ਹਦੀ ਬੋਲੀ।

ਮਾਸਟਰਨੀ ਹੱਥ ਨਾਲ ਚੁੱਲ੍ਹੇ ਵੱਲ ਸੈਨਤ ਕਰਕੇ ਮੀਨਾ ਨੂੰ ਸਮਝਾਇਆ ਪਈ ਉਹ ਮਾਸੀ ਦੀ ਗੱਲ ਦਾ ਧਿਆਨ ਨਾ ਕਰੇ ਤੇ ਚੁੱਪ ਕਰਕੇ ਤਵਾ ਰੱਖੇ ਜਿਵੇਂ ਉਸ ਆਖਿਆ ਸੀ। ਫੇਰ ਪੀੜ੍ਹੀ ਧਰੀਕ ਕੇ ਮਾਸੀ ਦੇ ਨੇੜੇ ਹੋ ਗਈ। ਲਾਗੇ ਖਲੋਤੀ ਉਹਦੀ ਧੀ ਵੀ ਟਪੂਸੀ ਮਾਰ ਕੇ ਪੈਰਾਂ ਭਾਰ ਬੈਠੀ ਤੇ

ਬੜੀ ਅਦਾ ਤੇ ਸ਼ੋਖ਼ੀ ਨਾਲ ਆਪਣਾ ਮੰਝੋਂ ਉਤਲਾ ਵਜੂਦ ਫੱਟੇ ਵਾਂਗੂੰ ਅਕੜਾ ਕੇ ਤੇ ਧੌਣ ਇਕਵਾਸੀ ਕਰਕੇ ਮਾਸੀ ਨੂੰ ਗੰਢ ਖੋਲ੍ਹਦਿਆਂ ਵੇਖਣ ਲੱਗ ਪਈ। ਗੰਢ ਦੇ ਵਿਚ ਸਭ ਤੋਂ ਉੱਤੇ ਪੱਕੀ ਮਿੱਟੀ ਦੀ ਇਕ ਕੂੰਡੀ ਉੱਤੇ ਮੂਧੇ ਮਾਰੇ ਲਾਲ ਪਲਾਸਟਿਕ ਦੇ ਛਾਬੇ ਵਿਚੋਂ ਇਕ ਨੀਲਾ ਸ਼ਾਪਰ ਬੈਗ ਦਿਸ ਰਿਹਾ ਸੀ, ਜਿਹਦੇ ਥੱਲੇ ਭੂਸਲੀ ਜਿਹੀ ਚਾਦਰ ਵਿਚ ਕੋਈ ਚੌਰਸ ਸ਼ੈਅ ਵਲ੍ਹੇਟੀ ਹੋਈ ਸੀ। ਹੋਰ ਵੀ ਨਿੱਕੀਆਂ ਮੋਟੀਆਂ ਕਈ ਸ਼ੈਵਾਂ ਸਨ। ਮਾਸੀ ਨੇ ਕੂੰਡੀ ਲਾਹ ਕੇ ਥੱਲੇ ਧਰੀ। ਫੇਰ ਇਕ ਪੋਟਲੀ ਕੱਢ ਕੇ ਕੁੜੀ ਨੂੰ ਫੜਾਈ। 'ਲੈ ਨੀ ਸੌਗਾਤ ਆਪਣੀ ਸਾਂਭ ਲੈ ਨਿੱਕੀਏ।'

ਉਹਨੇ ਝੱਟ ਪੋਟਲੀ ਨੂੰ ਫੜ ਕੇ ਆਪਣੀ ਝੋਲੀ ਵਿਚ ਪਾ ਲਿਆ ਤੇ ਪਹਿਲੋਂ ਵਾਂਗ ਈ ਮਾਸੀ ਨੂੰ ਨਿੱਕ-ਸੁੱਕ ਕੱਢ ਕੇ ਲਾਂਭੇ ਧਰਦਿਆਂ ਵੇਖਣ ਲੱਗ ਪਈ। ਜਦੋਂ ਉਹ ਭੂਸਲੀ ਚਾਦਰ ਨੂੰ ਖੋਲ੍ਹਣ ਲੱਗੀ ਤਾਂ ਕੁੜੀ ਨੇ ਵੀ ਕਾਹਲ ਨਾਲ ਆਪਣੇ ਹੱਥ ਅੱਗੇ ਨੂੰ ਵਧਾਏ ਪਰ ਮਾਂ ਦੀ ਕਚੀਚੀ ਵੇਖ ਕੇ ਪਿਛਾਂਹ ਹਟ ਗਈ। ਫੇਰ ਚਾਦਰ ਖੋਲ੍ਹ ਕੇ ਜਦੋਂ ਲਾਲ ਹਰੇ ਕਾਲੇ ਤੇ ਚਿੱਟੇ ਰੰਗ ਦੀਆਂ ਪਿੜੀਆਂ ਵਾਲੇ ਤਹਿ ਕੀਤੇ ਹੋਏ ਖੇਸਾਂ ਦੀ ਪਾਲ ਵਿਖਾਈ ਦਿੱਤੀ ਤਾਂ ਕੁੜੀ ਮੁੱਠੀਆਂ ਮੀਚ ਕੇ ਬੜੇ ਉਲੇਲ ਨਾਲ ਇਕ ਕਦੂਕੜੀ ਮਾਰਦੀ ਹੋਈ ਬੋਲੀ, 'ਹਾਏ ਅੰਮੀ...ਈ...ਈ...ਈ...ਕੇਡੇ ਸੋਹਣੇ ਨੇ...।'

ਸਪਾਰਾ ਪੜ੍ਹਦੀਆਂ ਬਾਲੜੀਆਂ ਵੀ ਆਪਣੇ ਸਪਾਰੇ ਹੱਥਾਂ ਵਿਚ ਫੜ ਕੇ ਗੋਡਿਆਂ ਭਾਰ ਖਲੋਤੀਆਂ ਮਾਸਟਰਣੀ ਦੇ ਮੋਢਿਆਂ ਉੱਤੋਂ ਉੱਲਰ-ਉੱਲਰ ਕੇ ਅੱਗੇ ਵੇਖਣ ਲੱਗ ਪਈਆਂ ਸਨ।

'ਚੱਲ ਮੇਰੀ ਮਿਹਨਤ ਤੇ ਸਗਾਰਤਾ ਹੋਈ ਜੇ ਧੀ ਮੇਰੀ ਦੇ ਨੱਕ 'ਤੇ ਆ ਗਏ ਨੇ। ਤੇਰੇ ਈ ਦਾਜ ਲਈ ਉਣਾਏ ਨੇ ਮਾਂ ਤੇਰੀ ਨੇ ਫੂਲਾਂ ਰਾਣੀ ਦੇ।' ਮਾਸੀ ਦੋਵੇਂ ਹੱਥ ਕੁੜੀ ਦੀਆਂ ਗੱਲ੍ਹਾਂ 'ਤੇ ਫੇਰ ਕੇ ਉਹਦੀ ਠੋਡੀ ਉਤਾਂਹ ਨੂੰ ਚਾਉਂਦੀ ਹੋਈ ਬੋਲੀ ਤੇ ਕੁੜੀ ਸੰਗ ਕੇ ਆਪਣਾ ਸੁਭਾਅ ਗੰਭੀਰ ਬਣਾਉਣ ਦਾ ਚਾਰਾ ਕਰਨ ਲੱਗ ਪਈ। ਪਰ ਟਲੀ ਨਹੀਂ ਉਥੋਂ। ਉਹਦੀਆਂ ਅੱਖਾਂ ਹੁਣ ਵੀ ਪਹਿਲੋਂ ਵਾਂਗ ਈ ਲਟ-ਲਟ ਕਰ ਰਹੀਆਂ ਸਨ। ਮਾਸਟਰਣੀ ਦੀਆਂ ਅੱਖਾਂ ਵਿਚ ਵੀ ਲਿਸ਼ਕ ਸੀ ਤੇ ਹੋਠਾਂ ਦੇ ਅੰਦਰੇ-ਅੰਦਰ ਈ ਮੁਸਕਰਾ ਰਹੀ ਸੀ। 'ਇਹ ਦੋ ਚੌਕੜੀਆਂ ਨੀ ਧੀਏ, ਵੇਖ ਲੈ।' ਮਾਸੀ ਮਾਸਟਰਣੀ ਵੱਲ ਮੂੰਹ ਕੀਤਾ।

'ਦਸ ਕਿੱਲੋ ਦੀਆਂ ਦੋ ਚੌਕੜੀਆਂ ਕਿਵੇਂ ਬਣ ਗਈਆਂ ਮਾਸੀ ? ਤੂੰ ਤੇ ਆਂਹਦੀ ਸੈਂ ਸੱਤ ਬਣਨਗੇ।' ਮਾਸਟਰਣੀ ਸਭ ਤੋਂ ਉਤਲਾ ਖੇਸ ਖਿੱਚ ਕੇ ਖੋਲ੍ਹਿਆ ਤੇ ਕੰਨੀਂ ਫੜ ਕੇ ਉਹਦੀ ਸਿੱਧ-ਪੁੱਠ ਪਰਤਾ-ਪਰਤਾ ਕੇ ਵੇਖਣ ਲੱਗ ਪਈ।

ਐਨੇ ਚਿਰ ਵਿਚ ਛਰੀਰੇ ਵਜੂਦ ਤੇ ਕਰੜ-ਬਰੜੀ ਦਾੜ੍ਹੀ ਵਾਲੇ ਮਾਸਟਰ ਧੋਤੀ ਤੇ ਬਨੈਣ ਵਿਚ ਪਿਛਲੇ ਅੰਦਰੋਂ ਨਿਕਲ ਕੇ ਮਾਸੀ ਨੂੰ ਸਲਾਮ ਕੀਤਾ ਤੇ ਬੜੇ ਰਸਮੀ ਜਿਹੇ ਢੰਗ ਨਾਲ ਪਿਆਰ ਲੈਣ ਲਈ ਮਾਸੀ ਦੇ ਸਾਹਮਣੇ ਉੜਿਆ, ਪਰ ਉਸ ਦੋਹਾਂ ਹੱਥਾਂ ਨਾਲ ਫੜ ਕੇ ਉਹਦਾ ਸਿਰ ਹੋਰ ਨੀਵਾਂ ਕਰ ਲਿਆ ਤੇ ਗਲ੍ਹ ਨਾਲ ਗਲ੍ਹ ਜੋੜ ਕੇ ਕੰਡ 'ਤੇ ਥਾਪੜਾ ਦੇਂਦੀ ਦੁਆਵਾਂ ਦੇਣ ਲੱਗ ਪਈ। ਕੇਡਾ ਨਿਮੋਹਾ ਹੋ ਗਿਆ ਏਂ ਵੇ ਜੀਵੇਂ ਪਿਆ। ਕਦੀ ਸਾਰ ਵੀ ਲੈ ਲਿਆ ਕਰ ਕਿਸੇ ਨਿਖੁੱਟੇ ਦੀ। ਅਰਸ਼ਾਂ ਦੇ ਰੰਗ ਲਾਏ ਸੋਹਣਾ, ਪੁੱਤਰ ਦਾ ਮੂੰਹ ਵਿਖਾਵੀਂ।'

ਮਾਸਟਰ ਕੋਈ ਵੀ ਉਤਰ ਦਿੱਤੇ ਬਿਨਾਂ ਪੱਕਾ ਜਿਹਾ ਮੂੰਹ ਬਣਾ ਕੇ ਪਰਤਿਆ ਤੇ ਖੁਰੇ ਵਿਚੋਂ ਲੋਟਾ ਭਰ ਕੇ ਪੌੜੀਆਂ ਚੜ੍ਹ ਗਿਆ।

'ਉਹ ਕੇਸਰੀ ਤੇ ਕਾਲੇ ਸਨ ਨਾ ਮਾਸੀ ਪਿਛਲੀ ਵਾਰ ਆਲੇ, ਉਹਦੇ ਰੰਗ ਵੀ ਉਂਜ ਇਨ੍ਹਾਂ ਚਹੁੰ ਤੋਂ ਸੋਹਣੇ ਨਹੀਂ ਸਨ ਲੱਗਦੇ ?' ਮਾਸਟਰਣੀ ਬੋਲੀ।

'ਤੇਰੀ ਪਸੰਦ ਦੀ ਗੱਲ ਏ ਧੀਆ। ਮੈਨੂੰ ਤਾਂ ਉਹ ਸੋਹਣੇ ਲੱਗਦੇ ਸਾ ਨੇ ਜੇ ਸੱਚੀਂ ਪੁੱਛੇਂ ਤੇ।' ਮਾਸੀ ਵਲਦਾ ਦਿੱਤਾ।

'ਦਾਜ 'ਚ ਮਾਸੀ ਸ਼ੋਖੇ ਈ ਫੱਬਦੇ ਨੇ।'



'ਉਹ ਤਾਂ ਠੀਕ ਆਹਨੀ ਏਂ ਧੀਆ ਪਰ ਅਸੀਂ ਕਿਹੜਾ ਹੁਣ ਆਪ ਉਣਦੇ ਆਂ। ਫੀਹਾ ਦੇ ਪਿਉ ਨੂੰ ਅੱਲ੍ਹਾ ਬਖ਼ਸ਼ੇ ਸੁ ਬੜੀ ਦਾਤ ਸੀ ਰੰਗ ਮੇਲਣ ਦੀ। ਇਹ ਅਰੂਪ ਤੋਂ ਉਣਾਏ ਨੀ ਐਤਕੀਂ ਮੈਂ ਸਰਾਜੇ ਤੋਂ। ਉਹ ਵੀ ਸੌ-ਸੌ ਤਰਲਿਆਂ ਨਾਲ। ਦੋਹਰੀਆਂ ਉਣਾਈਆਂ ਦੇ, ਇਕਹਿਰੇ ਕੌਣ ਉਣਦਾ ਈ ਅੱਜ ਕੱਲ੍ਹ। ਹੁਣ ਤਾਂ ਖੱਡੀ ਬਣਾਉਣ ਆਲਾ ਤਰਖਾਣ ਨਹੀਂ ਲੱਭਦਾ ਕੋਈ, ਤੂੰ ਰੰਗ ਮੇਲਣ ਦੀ ਗੱਲ ਕਰਦੀ ਏਂ।'

'ਨਹੀਂ ਮਾਸੀ, ਮੈਂ ਮਾੜਾ ਤੇ ਨਹੀਂ ਪਈ ਆਂਹਦੀ ਇਨ੍ਹਾਂ ਨੂੰ ਪਰ ਉਨ੍ਹਾਂ ਦੀ ਫੱਬ ਹੋਰ ਸੀ।'

'ਉਹ ਤੇਰੇ ਚਾਚੇ ਦਾ ਹੱਥ ਸੀ ਮੱਲੋ। ਰੀਝ ਨਾਲ ਕਰਦਾ ਹੁੰਦਾ ਸੀ ਕੰਮ ਚਾਚਾ ਤੇਰਾ। ਸਰਾਜੇ ਦਾ ਧਿਆਨ ਤੇ ਨਿਖੁੱਟੇ ਦਾ ਰੁਪੱਈਆਂ ਵੱਲ ਈ ਹੋਣਾ ਸੀ ਨਾ, ਕਿੰਨੇ ਲੱਭਦੇ ਸੁ ਵਿਚੋਂ ਐਡੀ ਖੇਚਲ ਕਰਕੇ...ਉਹ ਪਾਣੀ ਦਾ ਗਲਾਸ ਇਕ ਹੋਰ ਲਿਆਈ ਨੀ ਗੁੱਡੀਏ।' ਮਾਸੀ ਲਾਗੇ ਬੈਠੀ ਮਾਸਟਰਣੀ ਦੀ ਧੀ ਵੱਲ ਮੂੰਹ ਕੀਤਾ।

'ਕਿਆ ਬਾਤ ਸੀ ਮਾਸੀ ਚਾਚੇ ਦੀ। ਰੋਜ਼ ਰੋਜ਼ ਕਿਤੇ ਜੰਮਦੇ ਨੇ ਜੀਅ ਇੰਜ ਦੇ ਭਾਗਾਂ ਆਲੇ। ਪਰ ਤੂੰ ਦੱਸਿਆ ਨਹੀਂ, ਇਹ ਦਸ ਕਿੱਲੋ ਵਿਚੋਂ ਅੱਠ ਕਿਵੇਂ ਬਣ ਗਏ ?' ਮਾਸਟਰਣੀ ਮੁੜ ਉਹੋ ਗੱਲ ਪੁੱਛੀ।

'ਬਸ ਧੀਏ ਕੀ ਦੱਸਾਂ...ਮੈਨੂੰ ਤਾਂ ਚੇਤੇ ਸੀ ਗੱਲ ਤੇਰੀ ਪਰ ਉਸ ਸਰਾਜੇ ਔਂਤਰ ਜਾਣੇ ਦੀ ਸਮਝ ਨਹੀਂ ਆਈ।' ਮਾਸੀ ਗੋਲ-ਮੋਲ ਜਵਾਬ ਦਿੱਤਾ।

'ਕੀ ਮਤਲਬ ?' ਮਾਸਟਰਣੀ ਦੇ ਨਕਸ਼ ਖਿੱਚੇ ਗਏ ਸਨ ਤੇ ਕੂਣੀ ਵੀ ਤਿੱਖੀ ਹੋ ਗਈ ਸੀ।

'ਸਮਝ ਤਾਂ ਧੀਏ ਤੈਨੂੰ ਆ ਈ ਗਈ ਏ ਪਰ ਮੈਂ ਵੀ ਦੱਸ ਕਿਹੜੇ ਪਾਸੇ ਜਾਵਾਂ ? ਪਹਿਲੋਂ ਤੇ ਹੱਥ ਈ ਨਹੀਂ ਸੀ ਉਹ ਪਾਉਂਦਾ। ਐਡੇ ਤਰਲਿਆਂ ਨਾਲ ਮੰਨਿਆ ਸੀ। ਸਮਝਾ ਕੇ ਵੀ ਆਈ ਸਾਂ ਪਰ ਉਹ ਆਂਹਦਾ ਏ ਚੇਤਾ ਈ ਨਹੀਂ ਰਿਹਾ ਉਹਨੂੰ ਤਾਣਾ ਲਾਣ ਲੱਗਿਆ।' ਮਾਸੀ ਛਿੱਥੀ ਪੈ ਗਈ ਸੀ ਤੇ ਅੜ-ਅੜ ਕੇ ਮੱਠਾ-ਮੱਠਾ ਬੋਲ ਰਹੀ ਸੀ।

ਉਹਦੀ ਬੋਲਦੀ ਦੇ ਵਿਚਕਾਰ ਈ ਪਹਿਲੋਂ ਮਾਸਟਰ ਪੌੜੀਆਂ ਲਹਿ ਕੇ ਅੰਦਰ ਵੜ ਗਿਆ ਤੇ ਫੇਰ ਕੁੜੀ ਮਾਸੀ ਲਈ ਪਾਣੀ ਲੈ ਆਈ। ਜਿੰਨਾ ਚਿਰ ਉਹ ਪਾਣੀ ਪੀਂਦੀ ਰਹੀ ਸੀ, ਮਾਸਟਰਣੀ ਅੱਖਾਂ ਸੁੰਗੇੜ ਕੇ ਕੌੜ ਨਾਲ ਉਹਦੇ ਵੱਲ ਤੱਕਦੀ ਰਹੀ। ਕੁੜੀ ਖ਼ਾਲੀ ਗਲਾਸ ਲੈ ਕੇ ਪਰਤੀ ਤੇ ਉਹ ਬੋਲ ਪਈ, 'ਮਤਲਬ ਫੇਰ ਕੋਲੋਂ ਪਾ ਦਿੱਤਾ ਈ ਸੂਤਰ ਐਤਕੀਂ ?'

'ਉਹ ਆਂਹਦਾ ਸੀ ਦਾਜ 'ਚ ਤਾਂ ਚੌਕੜੀਆਂ ਈ ਜਾਂਦੀਆਂ ਨੇ ਜੈਨਾਂ, ਤੂੰ ਸਮਝਾਈਂ ਭੈਣ ਹੁਰਾਂ ਨੂੰ। ਨਹਿਸ਼ ਹੁੰਦੇ ਨੇ ਪਾਂਜੇ ਸਤੇ ਸ਼ਗਨਾਂ ਦੇ ਕੰਮ 'ਚ...ਇਕੋ ਈ ਕਿਲੋ ਦੀ ਤਾਂ ਗੱਲ ਏ ਧੀਏ ਤੂੰ ਤੋਲ ਲੈ ਤੱਕੜੀ ਕੱਢ ਕੇ।' ਮਾਸੀ ਦੰਦੀਆਂ ਜੁਲਕਦੀ ਹੋਈ ਬੋਲੀ।

'ਭਾਵੇਂ ਕਿਲੋ ਹੋਵੇ ਮਾਸੀ ਤੇ ਭਾਵੇਂ ਹੋਵੇ ਛਟਾਂਕੀ, ਮੈਂ ਪਹਿਲੋਂ ਆਖਿਆ ਸੀ ਤੈਨੂੰ ਮੈਂ ਨਹੀਉਂ ਦੇਣੇ ਪੈਸੇ ਐਤਕੀਂ ਫਾਲਤੂ, ਨਾ ਸੂਤਰ ਦੇ ਤੇ ਨਾ ਉਣਾਈ ਦੇ।' ਮਾਸਟਰਣੀ ਇਕ ਹੱਥ ਚਾ ਕੇ ਇੰਜ ਬੋਲੀ ਜਿਵੇਂ ਗੱਲ ਮੁੱਕ ਗਈ ਹੋਵੇ ਤੇ ਪੀੜ੍ਹੀ ਖਿੱਚ ਕੇ ਪੁਰਾਣੀ ਥਾਂ 'ਤੇ ਕਰ ਲਈ। ਸਪਾਰਾ ਪੜ੍ਹਦੀਆਂ ਬਾਲੜੀਆਂ ਬੜੇ ਚਿਰ ਤੋਂ ਪਹਿਲੋਂ ਖੇਸਾਂ ਦੇ ਤੇ ਮਗਰੋਂ ਆਪਸ ਵਿਚ ਧਿਆਨੇ ਲੱਗੀਆਂ ਹੋਈਆਂ ਸਨ। ਉਹ ਤ੍ਰਭਕ ਕੇ ਉੱਚੀ-ਉੱਚੀ ਸਬਕ ਪੜ੍ਹਨ ਲੱਗ ਪਈਆਂ। ਮਾਸਟਰਣੀ ਨੇ ਲਾਗੇ ਬੈਠੀ ਨੂੰ ਲਹਿਰਦੇ ਵਾਲਾਂ ਤੋਂ ਫੜ ਕੇ ਚੰਗੀ ਤਰ੍ਹਾਂ ਹਲੂਣਿਆ, 'ਤੁਹਾਡਾ ਕੀ ਖ਼ਿਆਲ ਏ ਪਤਾ ਨਹੀਂ ਲਗਦਾ ਮੈਨੂੰ ?' ਉਹ ਬੁਸਕਣ ਲੱਗ ਪਈ ਤੇ ਦੂਜੀ ਖਿਸਕ ਕੇ ਜ਼ਰਾ ਕੁ ਪਰ੍ਹੇ ਹੋ ਗਈ।

'ਇਹ ਡੰਨ ਤੇ ਮੈਨੂੰ ਪੈ ਗਿਆ ਨਾ ਧੀਏ। ਅੱਗੇ ਤੇ ਮੈਂ ਦੇਣੇ ਈ ਨੇ ਜਿਥੋਂ ਮਰਜ਼ੀ ਲਿਆ ਕੇ ਦੇਵਾਂ।' ਮਾਸੀ ਨਿੰਮੋਝੂਣ ਜਿਹੀ ਹੋ ਕੇ ਬੋਲੀ।

'ਇਹ ਕੋਈ ਪਹਿਲੀ ਵਾਰ ਤੇ ਨਹੀਂ ਨਾ ਮਾਸੀ। ਹਰ ਵਾਰ ਇਕੋ ਗੱਲ, ਹਰ ਵਾਰ ਇਕੋ ਗੱਲ।

ਹੱਦ ਹੁੰਦੀ ਏ ਕਿਸੇ ਗੱਲ ਦੀ। ਤੈਨੂੰ ਆਖਿਆ ਨਹੀਂ ਸੀ ਪਹਿਲੋਂ ਮੈਂ।' ਮਾਸਟਰਣੀ ਤੇਜ਼-ਤੇਜ਼ ਬੋਲ ਰਹੀ ਸੀ ਤੇ ਉਹਦੀ ਵਾਜ ਵੀ ਉਚੇਰੀ ਹੋ ਗਈ ਸੀ।

'ਆਖਿਆ ਤੇ ਹੈ ਤੂੰ ਮੱਲੋ ਪਰ ਮੈਂ ਵੀ ਦੱਸ ਕੀ ਕਰਾਂ ? ਸਮਝਾ ਕੇ ਤੇ ਆਈ ਸਾਂ, ਉਹਨੂੰ ਸਰਾਜੇ ਔਂਤਰਜਾਣੇ ਨੂੰ। ਉਹ ਆਂਹਦਾ ਏ ਭੁਲੇਖਾ ਲੱਗ ਗਿਆ ਏ ਤੇ ਦੱਸ ਮੈਂ ਕੀਹਦੀ ਮਾਂ ਨੂੰ ਮਾਸੀ ਆਖਾਂ ?'

'ਇਹ ਕੋਈ ਪਹਿਲੀ ਵਾਰ ਤੇ ਨਹੀਂ ਨਾ ਪਿਆ ਹੁੰਦਾ। ਮੈਂ ਕੋਈ ਟਕਸਾਲ ਲਾਈ ਹੋਈ ਏ ਘਰ 'ਚ ? ਪਤਾ ਨਹੀਂ ਕਿਥੋਂ-ਕਿਥੋਂ ਕਿਰਸਾਂ ਕਰਕੇ ਮੈਂ ਟਕਾ-ਟਕਾ ਜੋੜਿਆ ਹੁੰਦਾ ਏ ਤੇ ਮਾੜੀ ਜਿਹੀ ਜੀਭ ਹਿਲਾ ਕੇ ਤੂੰ ਡੰਨ ਪਵਾ ਦੇਨੀ ਏਂ ਮੈਨੂੰ ਸੈਂਕੜਿਆਂ ਦੀ।' ਮਾਸਟਰਣੀ ਨੇ ਫੇਰ ਆਪਣੀ ਪੀੜ੍ਹੀ ਭੰਵਾ ਕੇ ਮਾਸੀ ਵੱਲ ਕਰ ਲਈ ਸੀ।

'ਇਕ ਸੌ ਪੈਂਤੀਆਂ ਦੀ ਤੇ ਗੱਲ ਏ ਸਾਰੀ ਮੱਲੋ, ਤੂੰ ਠਹਿਰ ਕੇ ਦੇ ਦੇਈਂ। ਮੈਂ ਉਧਾਰ ਕਰ ਲਾਂਗੀ ਉਹਦੇ ਨਾਲ। ਸ਼ਗਨਾਂ ਦੇ ਕੰਮ 'ਚ ਤਾਂ ਵਾਧੇ-ਘਾਟੇ ਹੋ ਈ ਜਾਂਦੇ ਨੇ।' ਮਾਸੀ ਬੋਲੀ।

'ਮੈਨੂੰ ਨਹੀਂ ਪਤਾ ਕਿਸੇ ਗੱਲ ਦਾ। ਬਥੇਰੇ ਡੰਨ ਭਰੇ ਹੋਏ ਨੇ ਮੈਂ ਪਹਿਲੋਂ ਵੀ, ਐਤਕੀਂ ਨਹੀਂ ਭਰ ਸਕਦੀ।'

ਮਾਸੀ ਚੁੱਪ ਕਰਕੇ ਝੋਲੀ ਵਿਚ ਧਰੇ ਆਪਣੇ ਹੱਥਾਂ ਨੂੰ ਸਿੱਧਾ ਪੁੱਠਾ ਕਰਦੀ ਉਨ੍ਹਾਂ ਵੱਲ ਤੱਕਣ ਲੱਗ ਪਈ। ਮਾਸਟਰਣੀ ਵੀ ਕੁਝ ਚਿਰ ਚੁੱਪ ਕਰਕੇ ਬੈਠੀ ਰਹੀ। ਫੇਰ ਉੱਠ ਕੇ ਪਿਛਲੇ ਅੰਦਰ ਚਲੀ ਗਈ। ਉਹਦੀ ਧੀ ਚੌਂਕੇ ਵਿਚ ਮੀਨਾ ਦੇ ਲਾਗੇ ਖਲੋਤੀ ਹੋਈ ਸੀ, ਜੀਹਨੂੰ ਸਮਝ ਨਹੀਂ ਸੀ ਆ ਰਹੀ ਜੋ ਬਦਲੇ ਹੋਏ ਹਾਲਾਤ ਵਿਚ ਉਹਨੂੰ ਮਾਸੀ ਲਈ ਰੋਟੀ ਪਕਾਉਣੀ ਚਾਹੀਦੀ ਸੀ ਜਾਂ ਨਹੀਂ। ਉਹਨੇ ਤੌਣ ਤੋਂ ਕੰਦੂਰੀ ਲਾਹ ਕੇ ਦੋ ਤਿੰਨ ਥਾਵਾਂ ਉੱਤੇ ਉਂਗਲ ਖੋਭ ਕੇ ਲਿੜ ਬੱਝਣ ਦਾ ਹਿਸਾਬ ਲਾਇਆ। ਫੇਰ ਬਿੰਦ ਕੁ ਸੋਚਦੀ ਰਹੀ ਤੇ ਗੈਸ ਦਾ ਚੁੱਲ੍ਹਾ ਬਾਲ ਕੇ ਮੱਠੀ ਜਿਹੀ ਅੱਗ ਉੱਤੇ ਤਵਾ ਧਰ ਦਿੱਤਾ ਤੇ ਮੁੜ ਕੇ ਖੁਰੇ ਵਿਚ ਆ ਕੇ ਭਾਂਡੇ ਮਾਂਜਣ ਬਹਿ ਗਈ। ਮਾਸਟਰ ਦੀ ਧੀ ਚੌਂਕੇ ਵਿਚ ਈ ਖਲੋਤੀ ਏਧਰ-ਉਧਰ ਸਾਫ਼ੀ ਫੇਰਨ ਲੱਗ ਪਈ ਸੀ।

'ਇਹ ਪੌਣੇ ਦੋ ਸੌ ਨੀ ਮਾਸੀ, ਸੌ ਪਿਛਲਾ ਰਲਾ ਕੇ ਪੌਣੇ ਤਰੈ ਸੌ। ਦੋ ਸੌ ਪੰਤਾਲੀ ਸੱਤਾਂ ਖੇਸਾਂ ਦੀ ਉਣਾਈ, ਪੈਂਤੀਆਂ ਦੇ ਹਿਸਾਬ ਨਾਲ ਤੇ ਬਾਕੀ ਤੇਰਾ ਕਿਰਾਇਆ ਆਉਣ ਜਾਣ ਦਾ।' ਮਾਸਟਰਣੀ ਅੰਦਰੋਂ ਨਿਕਲ ਕੇ ਪੰਜਾਂ-ਪੰਜਾਂ, ਦਸਾਂ-ਦਸਾਂ ਵਾਲੇ ਪੁਰਾਣੇ ਨੋਟਾਂ ਦੀ ਇਕ ਥਹੀ ਮਾਸੀ ਦੀ ਝੋਲੀ ਵਿਚ ਧਰ ਦਿੱਤੀ। ਇਕ ਨੋਟ ਵਿਚ ਪੰਜਾਹਵਾਂ ਦਾ ਵੀ ਸੀ। ਫੇਰ ਪੀੜ੍ਹੀ 'ਤੇ ਬਹਿ ਕੇ ਬਾਲੜੀਆਂ ਨੂੰ ਸਬਕ ਸੁਣਾਉਣ ਦੀ ਸੈਨਤ ਕੀਤੀ। ਸਾਫ਼ ਦਿਸ ਰਿਹਾ ਸੀ, ਜੋ ਉਹਦਾ ਧਿਆਨ ਸਬਕ ਸੁਣਨ ਦੇ ਵਿਚ ਨਹੀਂ ਸੀ ਤੇ ਨਕਸ਼ ਵੀ ਕਿਸੇ 'ਤੇ ਖਪੇ ਹੋਏ ਵਿਖਾਈ ਦੇ ਰਹੇ ਸਨ। ਜਦੋਂ ਦੋਵੇਂ ਸਬਕ ਸੁਣਾ ਹਟੀਆਂ ਤੇ ਸੈਨਤ ਨਾਲ ਈ ਉਹਨੇ ਦੋਹਾਂ ਨੂੰ ਘਰੋ-ਘਰੀ ਜਾਣ ਦਾ ਆਖ ਦਿੱਤਾ।

ਮਾਸੀ ਨੇ ਨੋਟ ਝੋਲੀ ਵਿਚੋਂ ਚਾ ਕੇ ਲਾਗੇ ਪਈ ਖੇਸਾਂ ਦੀ ਪਾਲ ਉੱਤੇ ਧਰ ਦਿੱਤੇ ਹੋਏ ਸਨ ਤੇ ਸਿਰ ਨੀਵਾਂ ਕਰਕੇ ਸੋਚੀਂ ਪਈ ਹੋਈ ਸੀ। ਮਾਸਟਰਣੀ ਜਦੋਂ ਬਾਲੜੀਆਂ ਨੂੰ ਤੋਰ ਕੇ ਵਿਹਲੀ ਹੋਈ ਤਾਂ ਮਾਸੀ ਢਿੱਲੇ ਜਿਹੀ ਵਾਜ ਵਿਚ ਬੋਲੀ, 'ਮੇਰਾ ਗੁਨਾਹ ਤੇ ਮੱਲੋ ਤੇਰੀ ਰੀਝ ਪਿੱਛੇ ਰੁਲਦੀ ਫਿਰਨ ਦਾ ਈ ਹੋ ਗਿਆ ਨਾ। ਯਾਦ ਈ ਕਿਵੇਂ ਮਿੰਨਤਾਂ ਕਰਕੇ ਚੁਕਾਇਆ ਸੀ ਤੂੰ ਸੂਤਰ ਮੈਨੂੰ। ਅੱਜ ਪੈਸੇ ਦੇਣ ਦੀ ਵਾਰੀ ਆਈ ਏ ਤੇ ਅੱਖਾਂ ਮੱਥੇ 'ਤੇ ਧਰ ਲਈਆਂ ਨੀ।'

'ਐਵੇਂ ਅਵਾਹਰੀਆਂ ਸਵਾਹਰੀਆਂ ਨਾ ਸੁਣਾ ਪਈ ਮੈਨੂੰ ਬਹੁਤੀਆਂ। ਸਲੂਕ 'ਚ ਮੈਂ ਵੀ ਘੱਟ ਨਹੀਂ ਕੀਤੀ ਕਦੀ ਜਿੰਨਾ ਪੁੱਜਦਾ ਏ।'

'ਚੱਲ ਧੀ ਤੇ ਤੂੰ ਹੈ ਈ ਏਂ ਨਾ ਮੇਰੀ, ਤੇ ਤੂੰ ਈ ਚਾ ਦੱਸ ਖਾਂ ਮੈਂ ਕੀ ਕਰਾਂ ? ਉਹਨੂੰ ਤੇ ਮੈਂ



ਦੇਣੇ ਈ ਨੇ।' ਮਾਸੀ ਨਵੇਂ ਪੈਂਤੜੇ ਬੋਲੀ।

'ਤੇ ਨਾ ਦੇ ਸੂ ਤੂੰ ਉਹਨੂੰ। ਆਂਹਦੀ ਜੋ ਏ ਸਮਝਾ ਕੇ ਆਈ ਸੈਂ ਚੰਗੀ ਤਰ੍ਹਾਂ। ਫੇਰ ਭੁਲੇਖਾ ਜੇ ਉਹਨੂੰ ਲੱਗਾ ਏ ਤੇ ਡੰਨ ਤੂੰ ਕਿਉਂ ਭਰਦੀ ਏਂ ?' ਮਾਸਟਰਣੀ ਘੜਿਆ ਘੜਾਇਆ ਉਤਰ ਦਿੱਤਾ।

'ਤੇਰੇ ਵਾਂਗ ਨਹੀਂ ਨਾ ਕਰ ਸਕਦੀ ਮੈਂ ਮੱਲੋ। ਮੇਰੀ ਉਹ ਬਰਾਦਰੀ ਹੋਈ। ਸਾਡਾ ਲੇਖਾ ਕੋਈ ਤੇਰੇ ਖੇਸਾਂ ਨਾਲ ਈ ਤੇ ਨਹੀਂ ਨਾ ਮੁੱਕ ਜਾਣਾ।' ਮਾਸੀ ਹੋਰ ਚਿੱਥਦੀ ਹੋਈ ਬੋਲੀ।

'ਆਪਣੇ ਲੇਖੇ ਫੇਰ ਆਪ ਈ ਨਿਬੇੜ ਤੂੰ। ਮੇਰੀ ਤੇ ਪਸਲੀ ਨਹੀਓਂ ਰੋਜ਼ ਐਡੇ ਬੋਝੇ ਕੱਢਣ ਦੀ।' ਮਾਸਟਰਣੀ ਉੱਠ ਕੇ ਚੌਂਕੇ ਵੱਲ ਤੁਰ ਪਈ। ਉਥੇ ਖਲੋਤੀ ਆਪਣੀ ਧੀ ਦੇ ਕੰਨ 'ਚ ਕੁਝ ਘੁਸਰ-ਮੁਸਰ ਕਰਦੀ ਰਹੀ। ਫੇਰ ਖੁਰੇ ਵੱਲ ਆ ਕੇ ਧੋਤੇ ਭਾਂਡਿਆਂ ਵਿਚੋਂ ਇਕ ਪਿਆਲਾ ਚਾ ਕੇ ਨਲਕੇ ਤੋਂ ਪਾਣੀ ਪੀਤਾ ਤੇ ਹੰਗਾਲ ਕੇ ਫੇਰ ਵਾਪਸ ਟੋਕਰੇ ਵਿਚ ਧਰ ਦਿੱਤਾ। ਉਹਨੂੰ ਵੀ ਪਤਾ ਸੀ ਜੋ ਗੱਲ ਅਜੇ ਮੁੱਕੀ ਨਹੀਂ ਸੀ, ਪਰ ਸਮਝ ਨਹੀਂ ਸੀ ਆ ਰਹੀ ਜੋ ਕਰੀਏ ਕੀ। ਫੇਰ ਉਹ ਚੌਂਕੇ ਵੱਲ ਮੁੜ ਪਰਤੀ ਤੇ ਜਾ ਕੇ ਤਵਾ ਲਾਹ ਕੇ ਹਾਂਡੀ ਉੱਤੇ ਚਾੜ੍ਹ ਦਿੱਤੀ। ਮਾਸੀ ਦੀ ਹਾਲਤ ਵੀ ਅੰਦਰੋਂ ਮਾਸਟਰਣੀ ਵਾਂਗ ਈ ਸੀ। ਉਹਨੂੰ ਵੀ ਸਮਝ ਨਹੀਂ ਸੀ ਆ ਰਹੀ, ਜੋ ਅੱਗੋਂ ਗੱਲ ਕਿਵੇਂ ਤੋਰਾਂ। ਉਹ ਕਦੀ ਮਾਸਟਰਣੀ ਵੱਲ ਵੇਖਣ ਲੱਗ ਪੈਂਦੀ, ਕਦੀ ਖੇਸਾਂ ਵੱਲ ਤੇ ਕਦੀ ਝੋਲੀ ਵਿਚ ਧਰੇ ਆਪਣੇ ਹੱਥਾਂ ਵੱਲ। ਅਖ਼ੀਰ ਉਹਨੂੰ ਇਕ ਨਵਾਂ ਖ਼ਿਆਲ ਅਹੁੜਿਆ, "ਚੱਲ ਇੰਜ ਕਰ ਫ਼ਰਖੰਦਾ ਤੂੰ ਪੈਸੇ ਨਹੀਂ ਦੇ ਸਕਦੀ ਤੇ ਖੇਸ ਈ ਲਾਹ ਦੇ ਤੂੰ ਮੈਨੂੰ ਜਿਹੜਾ ਫਾਲਤੂ ਈ।'

'ਕਿਉਂ ਖੇਸ ਕਿਉਂ ਲਾਹ ਦਿਆਂ ਮੈਂ ? ਕਿਲੋ ਕਿਲੋ ਦਾ ਤੇ ਨਹੀਂ ਇਹ ਖੇਸ।' ਚੌਂਕੇ ਵਿਚ ਉਹ ਮਾਸੀ ਤੋਂ ਦੁਰਾਡੀ ਖਲੋਤੀ ਹੋਵਣ ਸਦਕਾ ਉੱਚੀ ਸਾਰੀ ਬੋਲੀ।

'ਤੇਰਾ ਸੱਤਾਂ ਨਾਲ ਸਰਦਾ ਏ ਨਾ ਕੁੜੀਏ, ਤੇਰੇ ਸੱਤ ਪੂਰੇ ਨੇ। ਜਿਹੜਾ ਫਾਲਤੂ ਈ ਉਹ ਮੈਨੂੰ ਲਾਹ ਦੇ ਵਿਚੋਂ। ਲੰਬੜਾਂ ਦੀ ਨੂੰਹ ਨੂੰ ਪੁੱਛਾਂਗੀ ਪਿੰਡ 'ਚ ਖੌਰੇ ਉਹ ਈ ਲੈ ਲਏ।' ਮਾਸੀ ਸਮਝਾਉਣ ਵਾਲੇ ਢੰਗ ਨਾਲ ਬੋਲੀ।

'ਤੇ ਜਿਹੜਾ ਸੂਤਰ ਮੇਰਾ ਜਾਂਦਾ ਏ ਨਾਲ, ਉਹ ਕਿਸ ਖਾਤੇ 'ਚ ਗਿਆ ?' ਮਾਸਟਰਣੀ ਢਾਕਾਂ 'ਤੇ ਹੱਥ ਧਰ ਕੇ ਬੋਲੀ, 'ਚੱਲ ਪੈਸੇ ਕਟਾ ਦੇ ਤੂੰ ਉਹਦੇ ਤੋਲ ਕੇ ਤੇ ਲੈ ਜਾ।' ਮਾਸੀ ਇੰਜ ਦੀ ਹੈਰਾਨੀ ਨੂੰ ਤੱਕਣ ਲੱਗ ਪਈ ਜਿਵੇਂ ਆਪਣੇ ਕੰਨਾਂ ਦਾ ਵਿਸਾਹ ਨਾ ਪਿਆ ਆਉਂਦਾ ਹੋਵੇ।

'ਚੱਲ ਬੀਬਾ ਤੂੰ ਖੇਸ ਵੀ ਰੱਖ ਤੇ ਪੈਸੇ ਵੀ ਰੱਖ। ਉਹ ਵੀ ਰੱਖ ਲੈ ਸਾਂਭ ਕੇ। ਖ਼ੌਰੇ ਕਾਲ ਕਟਿਆ ਜਾਈ ਕੋਈ ਰੰਡੀ ਦਾ ਹੱਕ ਮਾਰ ਕੇ।' ਮਾਸੀ ਦੀ ਭੁੱਬ ਨਿਕਲ ਗਈ ਤੇ ਉਹ ਖੇਸਾਂ ਉੱਤੇ ਪਏ ਨੋਟਾਂ ਵੱਲ ਸੈਨਤ ਕਰਕੇ ਰੋਂਦੀ-ਰੋਂਦੀ ਆਪਣਾ ਨਿੱਕ-ਸੁੱਕ ਫੜ ਕੇ ਪੁਰਾਣੇ ਕੱਪੜੇ ਵਿਚ ਬੰਨ੍ਹਣ ਲੱਗ ਪਈ। ਉਸੇ ਵੇਲੇ ਕਈ ਮਸੀਤਾਂ ਵਿਚੋਂ ਇਕੱਠਿਆਂ ਸ਼ਾਮ ਦੀਆਂ ਬਾਂਗਾਂ ਮਿਲਣ ਲੱਗ ਪਈਆਂ, ਜਿਨ੍ਹਾਂ ਦੇ ਰੌਲੇ ਵਿਚ ਮਾਸੀ ਦੇ ਰੋਵਣ ਦੀ ਵਾਜ ਦੱਬੀ ਗਈ ਸੀ ਪਰ ਹਉਕਿਆਂ ਨਾਲ ਉਹਦਾ ਵਜੂਦ ਅਜੇ ਵੀ ਹਿਚੋਕੇ ਖਾਂਵਦਾ ਸਾਫ਼ ਦਿਸ ਰਿਹਾ ਸੀ।

'ਕਿਉਂ ਉਣਾਈ ਦੇ ਪੈਸੇ ਕਿਉਂ ਰੱਖਾਂ ਮੈਂ। ਹੱਕ ਨਹੀਂ ਮਾਰਿਆ ਕਦੀ ਕਿਸੇ ਦਾ ਅਸੀਂ। ਹਲਾਲ ਦੀ ਬੁਰਕੀ ਖਾਈਦੀ ਏ ਅੱਲ੍ਹਾ ਦੇ ਫ਼ਜ਼ਲ ਨਾਲ।' ਮਾਸਟਰਣੀ ਫਿਰਕੀ ਵਾਂਗੂੰ ਅੱਡੀਆਂ 'ਤੇ ਪਰਤ ਕੇ ਬਾਂਗਾਂ ਦੇ ਰੌਲੇ ਵਿਚੋਂ ਉੱਚੀ ਸਾਰੀ ਚਿਲਕ ਕੇ ਬੋਲੀ, ਮਾਸੀ ਦੇ ਲਾਗੇ ਆਈ ਤੇ ਖੇਸਾਂ ਉੱਤੇ ਰੱਖੇ ਨੋਟ ਚਾ ਕੇ ਫੇਰ ਮਾਸੀ ਦੀ ਝੋਲੀ ਵਿਚ ਵਗਾਹ ਮਾਰੇ। ਪਰ ਮਾਸੀ ਆਪਣੀ ਬੁਚਕੀ ਸਿਰ 'ਤ ਚਾਉਂਦੀ ਰੋਂਦੀ ਹੋਈ ਉੱਠ ਕੇ ਖਲੋ ਗਈ ਤੇ ਨੋਟ ਭੁੰਜੇ ਡਿੱਗ ਪਏ। 'ਪਤਾ ਏ ਮੈਨੂੰ, ਬੜਾ ਵਲ ਏ ਤੁਹਾਨੂੰ ਹਲਾਲ ਕਰਨ ਦਾ। ਇਨ੍ਹਾਂ ਨੂੰ ਵੀ ਹਲਾਲ ਕਰ ਲਿਆ ਜੇ ਤਕਬੀਰ ਪਾ ਕੇ।' ਮਾਸੀ ਨੋਟਾਂ ਵੱਲ ਸੈਨਤ ਕਰਦੀ ਹੋਈ ਮਾਸਟਰਣੀ ਵਾਂਗ ਈ ਬਾਂਗਾਂ ਦੇ ਵਿਚੋਂ ਚਿਲਕ ਕੇ ਰੁੰਨੀ ਵਾਜ ਨਾਲ

ਬੋਲੀ ਤੇ ਬੁਚਕੀ ਸੰਭਾਲਦੀ ਬਾਹਰਲੇ ਬੂਹੇ ਵੱਲ ਹੋ ਤੁਰੀ।

'ਇਹ ਰੁਪਈਏ ਲੈ ਜਾ ਏਥੋਂ ਆਪਣੀ ਉਣਾਈ ਦੇ। ਅਸੀਂ ਕੋਈ ਮੰਗਤੇ ਨਹੀਂ, ਜਿਨ੍ਹਾਂ ਅੱਗੇ ਸੁੱਟ ਕੇ ਪਈ ਜਾਨੀ ਏਂ। ਐਡੀ ਤੂੰ ਸ਼ਾਹੂਕਾਰ।' ਮਾਸਟਰਣੀ ਮਾਸੀ ਨੂੰ ਬਾਂਹੋਂ ਫੜ ਕੇ ਖਿੱਚਿਆ ਤੇ ਭੁੰਜੇ ਡਿੱਗੇ ਹੋਏ ਨੋਟਾਂ ਵੱਲ ਸੈਨਤ ਕੀਤੀ।

'ਸ਼ਾਵਾ ਸ਼ੇ ਧੀਆ ਸ਼ਾਵਾ ਸ਼ੇ...ਇਹ ਹੱਥ ਚਲਾਕੀ ਦੀ ਕਸਰ ਰਹਿ ਗਈ ਸਾਈ। ਉਥੋਂ ਸ਼ੈਅ ਫੜ ਕੋਈ ਮਾਰਨ ਆਸਤੇ ਮੈਨੂੰ...ਹੱਥਾਂ ਨਾਲ ਕੀ ਬਣਨਾ ਈ ? ਨੀ ਇੱਟ ਵੱਟਾ ਫੜਾ ਨੀ ਉਥੋਂ ਮਾਂ ਨੂੰ ਕੋਈ ਮੱਲੋ।' ਮਾਸੀ ਆਪਣੀ ਬਾਂਹ ਛੁਡਾਉਂਦੀ ਨੇ ਭੁੱਬੀਂ ਰੋਂਦਿਆਂ ਮਾਸਟਰਣੀ ਦੀ ਧੀ ਵੱਲ ਮੂੰਹ ਕੀਤਾ।

'ਮੈਂ ਕਿਹੜੀ ਹੱਥ ਚਲਾਕੀ ਕੀਤੀ ਏ ਮਾਸੀ ਤੇਰੇ ਨਾਲ ? ਮੈਂ ਤੇ ਪੈਸੇ ਪਈ ਆਹਨੀ ਆਂ ਤੈਨੂੰ ਲੈ ਕੇ ਜਾ ਜਿਹੜੇ ਬਣਦੇ ਨੇ ਤੇਰੇ ਹੱਕੇ ਸੱਚੇ। ਹੁਣ ਤਮਾਸ਼ਾ ਲੱਗੀ ਏਂ ਬਣਾਉਣ ਸਾਡਾ, ਝੂਠੇ ਇਲਜ਼ਾਮ ਲਾ ਕੇ।' ਮਾਸਟਰਣੀ ਜਿਹੜੀ ਮਾਸੀ ਦਾ ਇਹ ਨਵਾਂ ਪੈਂਤੜਾ ਵੇਖ ਕੇ ਬਡੀਂਡਰੀ ਗਈ ਸੀ, ਇਕ ਪੈਰ ਪਿਛਾਂਹ ਹਟਦੀ ਹੋਈ ਬੋਲੀ।

'ਨੀ ਜੁੱਤੀ ਤੋਂ ਮਾਰਦੀ ਆਂ ਮੈਂ ਪੈਸੇ ਤੇਰੇ। ਐਡੀ ਤੂੰ ਹੱਕ ਸੱਚ ਦੱਸਣ ਆਈ ਮੈਨੂੰ। ਸ਼ੈਅ ਬਣਾ ਲੀਂ ਇਨ੍ਹਾਂ ਦੀ ਵੀ ਕੋਈ ਦਾਜ 'ਚ ਧਰਨ ਆਸਤੇ। ਮਤੇ ਥੁੜ੍ਹ ਜਾਈ ਵੇਲੇ ਸਿਰ।' ਮਾਸੀ ਦੀ ਗੱਲ ਦੇ ਅੱਧ ਵਿਚ ਈ ਬਾਂਗਾਂ ਚਾਣਚੱਕ ਮੁੱਕ ਗਈਆਂ ਸਨ। ਏਸ ਕਰਕੇ ਉਹਦੇ ਚਿਲਕਦੇ ਹੋਏ ਅਖ਼ੀਰਲੇ ਰੁੰਨੇ ਬੋਲ ਵੀ ਇੰਜ ਜਾਪੇ ਸਨ ਜਿਵੇਂ ਲਾਊਡ ਸਪੀਕਰ ਵਿਚੋਂ ਈ ਨਿਕਲੇ ਹੋਵਣ ਤੇ ਕੰਨਾਂ ਦੇ ਵਿਚੋਂ ਦੀ ਲੰਘ ਕੇ ਆਰ-ਪਾਰ ਹੋ ਗਏ ਹੋਵਣ ਪਰ ਜਦੋਂ ਉਹ ਚੁੱਪ ਕੀਤੀ ਤੇ ਇੰਜ ਲੱਗਿਆ ਜਿਵੇਂ ਉੱਕਾ ਈ ਸੁਮ-ਸਮਾਟ ਹੋ ਗਈ ਹੋਵੇ।

ਮਾਸਟਰਣੀ ਕੁਝ ਚਿਰ ਤੇ ਪਹਿਲੋਂ ਵਾਂਗ ਈ ਬਡੀਂਡਰੀ ਹੋਈ ਮਾਸੀ ਨੂੰ ਤੱਕਦੀ ਰਹੀ ਤੇ ਫੇਰ ਦਰਮਿਆਨੀ ਜਿਹੀ ਉੱਚੀ ਵਾਜ 'ਚ ਬੋਲੀ, 'ਐਵੇਂ ਵਧਦੀ ਨਾ ਜਾ ਮਾਸੀ। ਅਸੀਂ ਇੱਜ਼ਤ ਆਲੇ ਲੋਕ ਆਂ। ਐਵੇਂ ਮੁਹੱਲਾ ਲੱਗੀ ਏਂ 'ਕੱਠਾ ਕਰਨ ਖਾਹਮਖਾਹ।'

'ਨੀ ਲੁਕੀ ਨਹੀਂ ਤੂੰ ਮੇਰੇ ਕੋਲੋਂ ਹੋਈ, ਐਡੀ ਤੂੰ ਇਜ਼ਤਾਂ ਆਲੀ।' ਮਾਸੀ ਚਿਲਕ ਕੇ ਬੋਲੀ। ਫੇਰ ਰੋਂਦੀ ਰੋਂਦੀ ਬਾਹਰਲੇ ਬੂਹੇ ਵੱਲ ਪਰਤੀ ਤੇ ਪਹਿਲੋਂ ਤੋਂ ਰਤਾ ਕੁ ਮੱਠੀ ਵਾਜ ਨਾਲ ਬੋਲੀ, 'ਇਜ਼ਤਾਂ ਆਲੇ ਬਣ ਜਾਂਦੇ ਨੇ ਸਾਰੇ ਗਰੀਬਾਂ ਦਾ ਹੱਕ ਮਾਰ ਕੇ... ਨਿਲੱਜੇ...ਬੇਹਯਾ।'

'ਐਵੇਂ ਭੌਂਕਦੀ ਨਾ ਜਾ ਕੁੱਤੇ ਦੀ ਬੱਚੀ...ਬਕਵਾਸ ਕਰੀ ਜਾਂਦੀ ਏ। ਦਫ਼ਾ ਹੋ ਜਾ ਏਥੋਂ ਜੇ ਨਹੀਂ ਲੈਣੇ ਤੂੰ ਪੈਸੇ, ਨਹੀਂ ਤੇ ਚੁੱਕ ਕੇ ਸੁਟਾਵਾਂ ਮੈਂ ਬਾਹਰ ਹੁਣੇ।' ਅੰਦਰੋਂ ਮਾਸਟਰ ਗੱਜਦਾ ਹੋਇਆ ਨਿਕਲਿਆ ਤੇ ਪਿਛਲੇ ਕਮਰੇ ਦੀਆਂ ਬਰੂਹਾਂ ਵਿਚ ਖਲੋ ਗਿਆ।

'ਆ ਪੁੱਤਰ ਆ ! ਬੜਾ ਕਾਲਜਾ ਠਰੇਗਾ ਮਾਂ ਦਾ ਕਬਰ 'ਚ...ਲੈ ਇਹ ਬੈਠੀ ਊਂ ਮੈਂ। ਹੁਣ ਚੁੱਕ ਕੇ ਈ ਸੁੱਟ ਮੈਨੂੰ ਬਾਹਰ।' ਮਾਸੀ ਫੇਰ ਪਰਤੀ ਤੇ ਬੁਚਕੀ ਸਿਰੋਂ ਲਾਹ ਕੇ ਜ਼ੋਰ ਨਾਲ ਭੁੰਜੇ ਵਗਾਹ ਮਾਰੀ। ਕੂੰਡੀ ਭੱਜਣ ਦੀ ਤੜਾਕ ਕਰਦੀ ਵਾਜ ਆਈ। ਫੇਰ ਉਹ ਪਥੱਲਾ ਮਾਰ ਕੇ ਭੁੰਜੇ ਬਹਿ ਗਈ ਤੇ ਵੈਣ ਕਰਨ ਦੇ ਢੰਗ ਵਿਚ ਡਡਿਆਉਣ ਲੱਗ ਪਈ—'ਨੀ ਵੇਖ ਨੀ ਨੈਤਾਂ, ਕਿੱਡਾ ਸੂਰਮਾ ਨਿਕਲਿਆ ਈ ਪੁੱਤਰ ਤੇਰਾ। ਨੀ ਆ ਨੀ ਕਾਲਜੇ ਠੰਡ ਪਾ ਲੈ ਤੂੰ ਵੀ ਨੀਤੀਏ। ਅੱਜ ਚੁੱਕ ਕੇ ਸੁੱਟਣ ਜੋਗਾ ਹੋ ਈ ਗਿਆ ਈ ਲਾਲ ਤੇਰਾ ਜਿਹਨੂੰ ਪੱਟਾਂ 'ਤੇ ਹਗਾਉਂਦੀ ਸਾਂ ਮੈਂ ਚਾਵਾਂ ਨਾਲ...।' ਮਾਸੀ ਸ਼ੁਦਾਈਆਂ ਵਾਂਗ ਝਾਟਾ ਖਿਲਾਰ ਕੇ ਬਾਹਵਾਂ ਉਲਾਰ ਉਲਾਰ ਕੇ ਵੈਣ ਕਰਦੀ ਇੰਜ ਕੁਰਲਾ ਰਹੀ ਸੀ, ਜੋ ਉਹਦੇ ਦਿਲ ਚੀਰਵੇਂ ਤੇ ਅਸਮਾਨਾਂ ਤਾਈਂ ਧਾਂਵਦੇ ਜਾਪ ਰਹੇ ਕੀਰਨਿਆਂ ਨੇ ਹਰ ਸ਼ੈਅ ਨੂੰ ਜਿਵੇਂ ਆਪਣੇ ਕਲਾਵੇ ਵਿਚ ਵਲ ਕੇ ਜਿਥੇ ਹੈ ਸੀ, ਉਥੇ ਦਾ ਉਥੇ ਈ ਕੀਲ ਦਿੱਤਾ ਸੀ। ਮਾਸਟਰਣੀ ਠਠੰਬਰ ਕੇ ਇਕ ਪੈਰ ਪਿਛਾਂਹ ਹਟ ਗਈ ਸੀ ਤੇ ਅੱਡੇ ਹੋਏ ਮੂੰਹ ਨਾਲ ਹੈਰਾਨ ਹੋ ਕੇ



ਮਾਸੀ ਵੱਲ ਤੱਕੀ ਜਾ ਰਹੀ ਸੀ। ਉਹਦੇ ਹੱਥ ਹਵਾ ਵਿਚ ਬੜੇ ਕੁਢੱਬੇ ਢੰਗ ਨਾਲ ਠਹਿਰੇ ਹੋਏ ਸਨ। ਖੁਰੇ ਵਿਚ ਭਾਂਡੇ ਮਾਂਜਦੀ ਛੋਹਰ ਪਾਣੀ ਦੀ ਧਾਰ ਅੱਗੇ ਇਕਵਾਸੀ ਕਰਕੇ ਫੜੀ ਹੋਈ ਪਲੇਟ ਸਣੇ ਲੱਗਦਾ ਸੀ ਜਿਵੇਂ ਪੱਥਰ ਦੀ ਹੋ ਗਈ ਸੀ। ਪਲੇਟ ਵਿਚੋਂ ਉੱਡ ਕੇ ਉਹਦੇ ਲੀੜਿਆਂ 'ਤੇ ਪੈ ਰਹੀਆਂ ਛਿੱਟਾਂ ਦੀ ਉਹਨੂੰ ਕੋਈ ਹੋਸ਼ ਨਹੀਂ ਸੀ ਜਾਪਦੀ। ਚੌਂਕੇ ਵਿਚ ਖਲੋਤੀ ਮਾਸਟਰ ਦੀ ਧੀ ਤਰੱਠੀ ਹੋਈ ਤੇ ਖੱਟੀ ਵਸਾਰ ਇੰਜ ਸੀ ਜਿਵੇਂ ਹੁਣੇ ਈ ਢਹਿ ਪਏਗੀ। ਮਾਸਟਰ ਦਾ ਇਕ ਪੈਰ ਬਰੂਹੋਂ ਅੰਦਰ ਸੀ ਤੇ ਇਕ ਬਾਹਰ, ਪਰ ਉਹਦੇ ਮੂੰਹ ਉੱਤੇ ਹੈਰਾਨੀ ਨਾਲੋਂ ਚੋਖੀ ਕੌੜ ਸੀ। ਇਕ-ਇਕ ਦੋ-ਦੋ ਸ਼ਕਲਾਂ ਬਨੇਰਿਆਂ ਦੇ ਉੱਤੋਂ ਵਿਹੜੇ ਵਿਚ ਝਾਕਦੇ ਗਵਾਂਢੀਆਂ ਦੀਆਂ ਵੀ ਦਿਸਣ ਲੱਗ ਪਈਆਂ ਸਨ।

'ਮੈਨੂੰ ਦਿਨ ਦਿਹਾੜੇ ਠੱਗ ਲਿਆ ਰੰਡੀ ਮਾਈ ਨੂੰ, ਤਰਸ ਨਾ ਆਇਆ। ਮੈਂ ਰੁਲ ਗਈ ਇਨ੍ਹਾਂ ਦੀਆਂ ਰੀਝਾਂ ਪੁਗਾਉਂਦੀ ਕਰਮਾਂ ਮਾਰੀ। ਉਮਰਾਂ ਦੇ ਲੇਖੇ ਭੁੱਲ ਗਏ ਇਨ੍ਹਾਂ ਨੂੰ ਜ਼ਾਲਮਾਂ ਯਜ਼ੀਦਾਂ ਨੂੰ ਘੜੀ 'ਚ ਸੂਤਰ ਦੇ ਕਿੱਲੋ ਪਿੱਛੇ।'

'ਚੁੱਪ ਨਹੀਂ ਕਰਦੀ ਤੂੰ ਬਦਜ਼ਾਤ। ਬਕੀ ਜਾਂਦੀ ਏਂ ਕੁੱਤੇ ਦੀ ਨਸਲ।' ਮਾਸਟਰ ਇਕ ਵਾਰਾਂ ਫੇਰ ਅੱਗੇ ਨੂੰ ਵਧਿਆ ਤੇ ਮਾਸਟਰਣੀ ਨੂੰ ਵੀ ਜਿਵੇਂ ਹੋਸ਼ ਆ ਗਿਆ। ਉਸ ਝੱਟ ਅੱਗੇ ਹੋ ਕੇ ਮਾਸਟਰ ਨੂੰ ਰੋਕ ਲਿਆ ਤੇ ਧੱਕਦੀ ਹੋਈ ਪਿਛਲੇ ਅੰਦਰ ਲੈ ਵੜੀ। ਇਕ ਪਲ ਵੀ ਨਹੀਂ ਲੱਗਾ ਹੋਣਾ ਤੇ ਉਹ ਹੱਥ ਵਿਚ ਪੰਜਾਹ-ਪੰਜਾਹ ਦਸਾਂ-ਦਸਾਂ ਦੇ ਕੁਝ ਹੋਰ ਚੁਰ-ਮੁਰ ਕੀਤੇ ਹੋਏ ਨੋਟ ਫੜੀ ਬਾਹਰ ਆ ਗਈ। ਫੇਰ ਉਡ ਕੇ ਵਿਹੜੇ ਵਿਚ ਮਾਸੀ ਦੀ ਝੋਲੀ ਵਿਚੋਂ ਡਿੱਗੇ ਹੋਏ ਨੋਟ ਵੀ ਚਾਏ ਤੇ ਲਿਆ ਕੇ ਮਾਸੀ ਦੇ ਸਾਹਮਣੇ ਧਰਦੀ ਬੜੇ ਖਰ੍ਹਵੇ ਤੇ ਅਵਾਜ਼ਾਰ ਜਿਹੇ ਢੰਗ ਨਾਲ ਬੋਲੀ, 'ਇਹ ਲੈ ਤੂੰ ਸੂਤਰ ਦੇ ਵੀ ਲੈ ਲਏ। ਮਾਫ਼ੀ ਦੇ ਛੱਡ ਸਾਨੂੰ। ਅਸੀਂ ਨਹੀਂ ਪੂਰੇ ਆ ਸਕਦੇ ਤੇਰੇ ਨਾਲ। ਤੂੰ ਜਾ ਇਥੋਂ ਰੱਬ ਦਾ ਵਾਸਤਾ ਈ। ਬਖ਼ਸ਼ ਦੇ ਸਾਨੂੰ।' ਉਹਨੇ ਇੰਜ ਪੋਲੇ ਜਿਹੇ ਦੋਹਾਂ ਹੱਥਾਂ ਦੀਆਂ ਉਂਗਲਾਂ ਦੇ ਪੋਟੇ ਆਪਸ ਵਿਚ ਜੋੜੇ ਜਿਵੇਂ ਮਾਫ਼ੀ ਮੰਗਣ ਦਾ ਸਾਂਗ ਬਣਾ ਰਹੀ ਹੋਵੇ।

ਮਾਸੀ ਨੂੰ ਤਾਂ ਇੰਜ ਹੋਇਆ ਜਿਵੇਂ ਉਹਦੇ ਤਨ ਬਦਨ ਵਿਚ ਅੱਗ ਲੱਗ ਗਈ ਹੋਵੇ। ਉਹਦਾ ਸੱਜ ਹੱਥ ਮੋਢੇ ਦੇ ਉੱਤੋਂ ਦੀ ਇੰਜ ਹੁਲਾਰੇ ਨਾਲ ਥੱਲੇ ਨੂੰ ਆਇਆ ਜਿਵੇਂ ਮਾਸਟਰਣੀ ਨੂੰ ਚੰਡ ਮਾਰਨ ਲੱਗੀ ਹੋਵੇ। ਮਾਸਟਰਣੀ ਟੱਪ ਕੇ ਪਿਛਾਂਹ ਹਟੀ, ਪਰ ਮਾਸੀ ਦਾ ਹੱਥ ਭੁੰਜੇ ਪਏ ਨੋਟਾਂ ਨੂੰ ਆਪਣੇ ਹੂੰਝੇ ਨਾਲ ਵਿਹੜੇ ਵਿਚ ਖਿਲਾਰਦਾ ਦੂਜੇ ਪਾਸੇ ਨੂੰ ਨਿਕਲ ਗਿਆ, 'ਨਹੀਂ ਜਾਣਾ ਮੈਂ ਏਥੋਂ। ਮੰਜੀਓਂ ਈ ਨਿਕਲੇਗੀ ਮੇਰੀ ਹੁਣ ਤੁਹਾਡੇ ਬੇਗ਼ੈਰਤਾਂ ਦੇ ਘਰੋਂ ਨਿਲੱਜਿਓ। ਉਹਨੂੰ ਕੱਢ ਸੂ ਸੂਰਮੇ ਨੂੰ ਮਾਰੇ ਮੈਨੂੰ ਆ ਕੇ। ਮੈਂ ਮਰ ਕੇ ਨਿਕਲਣਾ ਏ ਏਥੋਂ। ਉਹਦੇ ਹੱਥੋਂ ਮਰਨਾ ਏ।' ਮਾਸੀ ਐਡੇ ਜ਼ੋਰ ਨਾਲ ਚਿਲਕੀ ਸੀ ਕਿ ਵਾਜ ਉਹਦੇ ਸੰਘ ਵਿਚੋਂ ਘਸਰ ਕੇ ਨਿਕਲਦੀ ਜਾਪ ਰਹੀ ਸੀ। ਅਖ਼ੀਰ ਉਹਨੂੰ ਉੱਥੂ ਲੱਗ ਗਿਆ ਤੇ ਖੰਘਦੀ ਖੰਘਦੀ ਦਾ ਸਾਹ ਅੰਦਰ ਬਾਹਰ ਹੋ ਗਿਆ।

ਚੌਂਕੇ ਵਿਚੋਂ ਮਾਸਟਰ ਦੀ ਧੀ ਤ੍ਰਠੀ ਹੋਈ ਤੇ ਰੋਵਣਹਾਕੀ ਵਾਜ ਨਾਲ ਮਾਸੀ ਜੀ, ਮਾਸੀ ਜੀ ਕਰਦੀ ਨੱਠੀ ਤੇ ਮਾਸੀ ਨੂੰ ਪਿੱਛੋਂ ਫੜ ਕੇ ਉਹਦੀ ਕੰਡ ਥਾਪੜਨ ਲੱਗ ਪਈ। ਫੇਰ ਅੱਗੇ ਹੋ ਕੇ ਉਹਨੇ ਮਾਸੀ ਦਾ ਉਤਲਾ ਧੜ ਆਪਣੀ ਝੋਲੀ ਵਿਚ ਲੈ ਲਿਆ। ਮਾਸੀ ਉਸ ਹਾਲ ਵਿਚ ਵੀ ਉਹਨੂੰ ਧੱਕੇ ਦਈ ਜਾ ਰਹੀ ਸੀ। ਪਰ ਉਹਨੇ ਫੇਰ ਵੀ ਕਿਸੇ ਨਾ ਕਿਸੇ ਤਰ੍ਹਾਂ ਮਾਸੀ ਨੂੰ ਸੰਭਾਲਿਆ ਹੋਇਆ ਸੀ। ਉਹਨੇ ਉਥੋਂ ਈ ਖੁਰੇ ਵਿਚ ਭਾਂਡੇ ਮਾਂਜਦੀ ਛੋਹਰ ਤੋਂ ਪਾਣੀ ਦਾ ਗਲਾਸ ਮੰਗਵਾਇਆ ਤੇ ਮਾਸੀ ਦੇ ਮੂੰਹ ਵਿਚ ਪਾਉਣ ਦਾ ਚਾਰਾ ਕਰਨ ਲੱਗੀ ਪਰ ਮਾਸੀ ਨੇ ਦੰਦ ਏਸ ਤਰ੍ਹਾਂ ਘੁੱਟੇ ਹੋਏ ਸਨ ਜੋ ਸਾਰਾ ਪਾਣੀ ਏਧਰ-ਉਧਰ ਵਗਦਾ ਜਾ ਰਿਹਾ ਸੀ। ਮਾਸਟਰਣੀ ਨੇ ਕੋਲੋਂ ਧੀ ਨੂੰ ਹੱਥ ਪਵਾਣ ਦਾ ਚਾਰਾ ਕੀਤਾ ਤੇ ਕੁੜੀ ਨੇ ਉਹਦਾ ਹੱਥ ਛਿਣਕ ਕੇ ਪਰ੍ਹਾਂ ਕਰ ਦਿੱਤਾ, 'ਤੁਸੀਂ ਅੰਦਰ ਜਾਓ ਅੰਮੀ। ਹੁਣ ਲੱਗਾ ਏ ਆਉਣ ਤੁਹਾਨੂੰ ਤਰਸ ਮਾਸੀ ਜੀ 'ਤੇ।' ਮਾਸਟਰਣੀ ਥੋੜ੍ਹਾ ਕੁ ਪਰ੍ਹਾਂ ਹਟ ਕੇ ਬਹਿ ਗਈ, ਪਰ ਉਥੋਂ ਗਈ ਨਹੀਂ।

ਵਾਹਵਾ ਝੱਟ ਪਿੱਛੋਂ ਜਦੋਂ ਮਾਸੀ ਦਾ ਸਾਹ ਥੋੜ੍ਹਾ ਪੱਧਰਾ ਹੋਇਆ ਤਾਂ ਕੁੜੀ ਨੇ ਇਕ ਵਾਰ ਫੇਰ ਮਾਂ ਨੂੰ ਅੰਦਰ ਜਾਣ ਦੀ ਸੈਨਤ ਕੀਤੀ। ਐਤਕੀਂ ਉਹ ਵੀ ਚੁੱਪ ਕਰਕੇ ਉੱਠ ਤੁਰੀ। ਕੁੜੀ ਨੇ ਮਾਸੀ ਦਾ ਮੂੰਹ ਫੇਰ ਕੇ ਆਪਣੇ ਵੱਲ ਕੀਤਾ। ਬਿੰਦ ਕੁ ਉਹਦਾ ਹਉਕੇ ਭਰਦੀ ਤੇ ਡੁਸਕਦੀ ਦਾ ਮੂੰਹ ਬੜੀਆਂ ਅਸਚਰਜ ਨਜ਼ਰਾਂ ਨਾਲ ਵੇਖਦੀ ਰਹੀ ਤੇ ਫੇਰ ਭੁੱਬ ਮਾਰ ਕੇ ਉਹਨੂੰ ਚੰਬੜ ਗਈ। ਮਾਸੀ ਦੀ ਹਿੱਕ ਨਾਲ ਲਗਦਿਆਂ ਉਹਦਾ ਕੁਰਲਾਟ ਛੁੱਟ ਪਿਆ ਸੀ, ਜਿਹੜਾ ਹੌਲੀ-ਹੌਲੀ ਉੱਚਾ ਹੁੰਦਾ ਜਾ ਰਿਹਾ ਸੀ। ਧੀ ਦੇ ਰੋਵਣ ਦੀ ਵਾਜ ਸੁਣ ਕੇ ਮਾਸਟਰਣੀ ਵੀ ਅੰਦਰ ਸੀਖਾਂ ਵਾਲੀ ਬਾਰੀ ਵਿਚ ਆ ਖਲੋਤੀ ਸੀ ਤੇ ਮੂੰਹ ਅੱਗੇ ਹੱਥ ਰੱਖ ਕੇ ਉਹਨੂੰ ਵੇਖੀ ਜਾ ਰਹੀ ਸੀ। ਫੇਰ ਮਾਸੀ ਵੀ ਆਪਣੀਆਂ ਬਾਹਵਾਂ ਉਹਦੇ ਦੁਆਲੇ ਵਲ ਲਈਆਂ ਤੇ ਦੋਵੇਂ ਕਿੰਨਾ ਈ ਚਿਰ ਇਕ ਦੂਜੇ ਨੂੰ ਜੱਫਾ ਮਾਰ ਕੇ ਰੋਂਦੀਆਂ ਰਹੀਆਂ। ਜਦੋਂ ਦੋਹਾਂ ਦਾ ਉਬਾਲ ਜ਼ਰਾ ਕੁ ਮੱਠਾ ਪਿਆ ਤਾਂ ਮਾਸੀ ਉਹਨੂੰ ਚੁੱਪ ਕਰਾਉਣ ਲੱਗ ਪਈ, 'ਨੀ ਤੂੰ ਤੇ ਚੁੱਪ ਕਰ ਨੀ ਗੁੱਡੀਏ। ਤੈਨੂੰ ਕੀ ਹੋ ਗਿਆ ਏ। ਕਿਉਂ ਦਿਲ ਸਾੜਨ ਲੱਗੀ ਏਂ ਹੋਰ ਮੇਰਾ। ਚੁੱਪ ਕਰ ਜਾ ਮੇਰੀ ਧੀ ਸ਼ਾਵਾ ਸ਼ੇ।'

'ਮਾਸੀ ਜੀ ਤੁਸੀਂ ਮਾਫ਼ ਕਰ ਦੇਵੋ। ਤੁਸੀਂ ਮਾਫ਼ ਕਰ ਦੇਵੋ। ਮੈਂ ਮੰਗਨੀ ਆਂ ਮਾਫ਼ੀ ਤੁਹਾਡੇ ਕੋਲੋਂ।' ਤੇ ਇਕ ਵਾਰਾਂ ਫੇਰ ਹੰਭਲੀ ਮਾਰ ਕੇ ਮਾਸੀ ਨੂੰ ਚੰਬੜ ਗਈ ਤੇ ਉੱਚੀ-ਉੱਚੀ ਰੋਵਣ ਲੱਗ ਪਈ।

ਮਾਸੀ ਨੂੰ ਹੁਣ ਆਪਣੀ ਭੁੱਲ ਕੇ ਕੁੜੀ ਦੀ ਪੈ ਗਈ ਸੀ। ਉਹਨੇ ਉਹਦਾ ਸਿਰ ਆਪਣੇ ਮੋਢੇ ਤੋਂ ਚਾ ਕੇ ਉਹਦਾ ਮੂੰਹ ਸਿਰ ਚੁੰਮਿਆ, ਉਹਦੀ ਕੰਡ ਪਲੋਸੀ, ਉਹਦੀਆਂ ਗੱਲ੍ਹਾਂ ਨਾਲ ਗੱਲ੍ਹਾਂ ਰਗੜੀਆਂ ਤੇ ਮਸਾਂ ਕਿਤੇ ਜਾ ਕੇ ਕੁੜੀ ਕੁਝ ਧਰਵਾਸ ਬੱਧਾ। ਫੇਰ ਉਹ ਚਾਣਚੱਕ ਤੜਫ਼ ਕੇ ਉੱਠੀ ਤੇ ਮਾਸੀ ਨੂੰ ਉਥੇ ਈ ਬੈਠੀ ਰਹਿਣ ਦੀ ਸੈਨਤ ਕਰਕੇ ਅੰਦਰ ਤੁਰ ਗਈ। ਜਦੋਂ ਝੱਟ ਪਿੱਛੋਂ ਪਰਤ ਕੇ ਆਈ ਤਾਂ ਉਹਦੇ ਹੱਥ ਵਿਚ ਨਿੱਕਾ ਜਿਹਾ ਟੀਨ ਦਾ ਇਕ ਰਾਂਗਲਾ ਡੱਬਾ ਸੀ, ਜਿਹਦੇ ਵਿਚੋਂ ਉਹਨੇ ਕੁਝ ਗਰੋਲਾ ਜਿਹੇ ਕੀਤੇ ਹੋਏ ਨੋਟ ਕੱਢੇ ਤੇ ਮਾਸੀ ਦੀ ਤਲੀ 'ਤੇ ਰੱਖ ਕੇ ਜ਼ੋਰੋ ਜ਼ੋਰੀ ਉਹਦੀਆਂ ਉਂਗਲਾਂ ਮੀਟਣ ਦਾ ਚਾਰਾ ਕਰਨ ਲੱਗੀ, 'ਤੁਸੀਂ ਇਹ ਲੈ ਲਵੋ ਮਾਸੀ ਜੀ, ਤੁਸੀਂ ਛੱਡੋ ਉਨ੍ਹਾਂ ਰੁਪੱਈਆਂ ਨੂੰ। ਇਹ ਮੇਰੇ ਨੇ। ਮੈਂ ਬੜੇ ਚਿਰਾਂ ਤੋਂ ਸਾਂਭ ਕੇ ਰੱਖੇ ਹੋਏ ਨੇ। ਬਸ ਤੁਸੀਂ ਲੈ ਲਓ। ਇਹ ਤੁਹਾਡੇ ਈ ਨੇ।' ਮਾਸੀ ਰੋਂਦੀ-ਰੋਂਦੀ ਦੇ ਬੁੱਲ੍ਹਾਂ ਤੋਂ ਵੀ ਮੁਸਕਰੇਵੇਂ ਦਾ ਇਕ ਝਓਲਾ ਜਿਹਾ ਆ ਕੇ ਲੰਘ ਗਿਆ, 'ਕਦੇ ਧੀਆਂ ਤੋਂ ਵੀ ਲਈਦਾ ਹੁੰਦਾ ਏ ਸ਼ੁਦੈਣੇ। ਝੱਲੀ ਨਾ ਹੋਵੇ ਤੇ। ਬਸ ਠੀਕ ਏ ਮੱਲੋ। ਨਾ ਨਾ ਮੇਰੀ ਧੀ। ਚੱਲ ਉੱਠ ਤੂੰ ਸ਼ਾਵਾ ਸ਼ੇ। ਫ਼ਿਕਰ ਨਾ ਕਰ ਤੂੰ। ਖ਼ੈਰ ਏ। ਅੱਲ੍ਹਾ ਮਾਲਕ ਏ ਧੀਏ। ਉਹਨੇ ਥੋੜ੍ਹ ਨਹੀਂ ਅੱਗੇ ਵੀ ਕਦੀ ਆਉਣ ਦਿੱਤੀ। ਨਾ ਮੇਰੀ ਧੀ। ਚੱਲ ਤੂੰ ਚੱਲ ਸ਼ਾਵਾਸ਼ੇ।'

ਮਾਸੀ ਨੇ ਉੱਠ ਕੇ ਆਪਣੀ ਬੁਚਕੀ ਕੱਛ ਵਿਚ ਮਾਰੀ ਤੇ ਬਾਹਰ ਨੂੰ ਹੋਰ ਤੁਰੀ। ਕੁੜੀ ਵੀ ਉਹਦੇ ਨਾਲ-ਨਾਲ ਉਹਨੂੰ ਪੈਸੇ ਫੜਾਉਣ ਲਈ ਜ਼ੋਰ ਲਾਉਂਦੀ ਉਹਦੇ ਪਿੱਛੇ-ਪਿੱਛੇ ਤੁਰਦੀ ਡਿਓੜੀ ਵਿਚ ਰੱਸੀ ਨਾਲ ਲਮਕਿਆ ਹੋਇਆ ਚਾਰਖਾਨੀਆਂ ਲਾਚੇ ਦਾ ਪਰਦਾ ਚਾਉਂਦੀ ਲੰਘ ਗਈ। ਨਾਲ ਈ ਮਾਸਟਰਣੀ ਪਿਛਲੇ ਅੰਦਰੋਂ ਨਿਕਲ ਕੇ ਵਿਹੜੇ ਵਿਚ ਆ ਗਈ, ਜਿਥੇ ਹਰ ਪਾਸੇ ਨਿੱਕੇ-ਨਿੱਕੇ ਨੋਟ ਖਿਲਰੇ ਹੋਏ, ਗੂੜ੍ਹੇ ਹੁੰਦੇ ਜਾ ਰਹੇ ਹਨੇਰੇ ਵਿਚ ਰੁੱਖਾਂ ਤੋਂ ਝੜੇ ਹੋਏ ਪੱਤਰਾਂ ਵਾਂਗ ਜਾਪ ਰਹੇ ਸਨ। ਖੁਰੇ 'ਤੇ ਬੈਠੀ ਛੋਹਰ ਸਿਰ ਸੁੱਟ ਕੇ ਬੜੀ ਬੇਦਿਲੀ ਨਾਲ ਹੌਲੀ-ਹੌਲੀ ਭਾਂਡੇ ਹੰਗਾਲ ਰਹੀ ਸੀ। ਖ਼ਾਲੀ ਪੀੜ੍ਹੇ ਦੇ ਨਾਲ ਖੇਸਾਂ ਦੀ ਪਾਲ ਲੱਗੀ ਹੋਈ ਸੀ ਤੇ ਪਾਸੇ ਚੁੱਲ੍ਹੇ 'ਤੇ ਧਰੀ ਹੋਈ ਹਾਂਡੀ ਦੇ ਸੜਨ ਦੀ ਹਵਾੜ ਧੁੰਮੀ ਹੋਈ ਸੀ।



## ਬੰਦੀਵਾਨ/ਮਹਿਮੂਦ ਅਹਿਮਦ ਕਾਜ਼ੀ

ਡਾਰ ਨਾਲੋਂ ਵਿਛੜਿਆ ਇਕ ਪੰਛੀ ਜਦੋਂ ਉਹਦੇ ਬੰਦੀਖਾਨੇ ਦੇ ਵਾਹਦ ਰੋਸ਼ਨਦਾਨ ਦੇ ਅੱਗੋਂ ਲੰਘਿਆ ਤਾਂ ਉਹਨੂੰ ਜਾਪਿਆ ਕਿ ਹੁਣ ਸ਼ਾਮ ਹੋ ਗਈ ਸੀ। ਉਹਨੇ ਰੋਸ਼ਨਦਾਨ ਵੱਲ ਵੇਖਣਾ ਛੱਡ ਕੇ ਰਾਤ ਦਾ ਇੰਤਜ਼ਾਰ ਕਰਨਾ ਸ਼ੁਰੂ ਕਰ ਦਿੱਤਾ।

ਕਈ ਵਰ੍ਹਿਆਂ ਤੋਂ ਇਹ ਕੁਝ ਈ ਹੋ ਰਿਹਾ ਸੀ। ਸਵੇਰ ਹੁੰਦੀ। ਉਹਦੇ ਬੰਦੀਖਾਨੇ ਦੇ ਰੋਸ਼ਨਦਾਨ ਤੋਂ ਪਰ੍ਹਾਂ ਦੂਰ-ਦੂਰ ਦੇ ਦਰਖ਼ਤਾਂ 'ਤੇ ਬੈਠੇ ਪਖ਼ੂ ਹੱਸਣ-ਖੇਡਣ ਲੱਗ ਪੈਂਦੇ। ਉਹ ਸਪਰਿੰਗਾਂ ਵਾਲੇ ਪਲੰਘ ਤੋਂ ਥੱਲੇ ਲਹਿ ਪੈਂਦਾ। ਕਮਰੇ ਨਾਲ ਜੁੜੇ ਹੋਏ ਵਾਸ਼ਰੂਮ ਵੱਲ ਜਾਂਦਾ। ਦੰਦ ਸਾਫ਼ ਕਰਦਾ। ਮੂੰਹ ਹੱਥ ਧੋਂਦਾ। ਦਰਵਾਜ਼ਾ ਜਿਹਦੇ 'ਤੇ ਤਾਲਾ ਲੱਗਾ ਰਹਿੰਦਾ ਸੀ, ਉਹਦੇ ਉਤਰ ਪਾਸੇ ਦੇ ਆਲੇ ਅੱਗੇ ਲੱਗਾ ਲੱਕੜੀ ਦਾ ਤਖ਼ਤਾ ਸਿਰਕਦਾ। ਨਾਸ਼ਤਾ ਅੰਦਰ ਆ ਜਾਂਦਾ। ਉਹ ਨਾਸ਼ਤਾ ਕਰਦਾ ਤੇ ਦੁਪਹਿਰ ਹੋਣ ਦਾ ਇੰਤਜ਼ਾਰ ਕਰਨ ਲੱਗ ਪੈਂਦਾ। ਲੰਚ ਕਰਨ ਤੋਂ ਬਾਅਦ ਉਹ ਥੋੜ੍ਹੀ ਦੇਰ ਲਈ ਸੌਂ ਲੈਂਦਾ। ਸ਼ਾਮ ਚਾਰ ਵਜੇ ਉਹਨੂੰ ਚਾਹ ਦਾ ਇਕ ਪਿਆਲਾ ਮਿਲਦਾ। ਰਾਤ ਦੀ ਰੋਟੀ ਖਾ ਕੇ ਉਹ ਫੇਰ ਬਿਸਤਰੇ 'ਤੇ ਜਾ ਅੱਪੜਦਾ। ਦਿਨ ਦਾ ਜ਼ਿਆਦਾ ਵਕਤ ਉਹ ਇਕ ਕੋਣੇ ਵਿਚ ਪਈ ਕੁਰਸੀ 'ਤੇ ਬਹਿ ਕੇ ਗੁਜ਼ਾਰਦਾ। ਹਰ ਐਤਵਾਰ ਨੂੰ ਆਲੇ 'ਚੋਂ ਈ ਧੋਤੇ ਹੋਏ ਤੇ ਇਸਤਰੀ ਕੀਤੇ ਹੋਏ ਕੱਪੜੇ ਉਹਨੂੰ ਮਿਲਦੇ। ਉਹ ਗੰਦੇ ਕੱਪੜੇ ਏਸੇ ਆਲੇ ਥਾਈਂ ਬਾਹਰ ਸੁੱਟ ਦੇਂਦਾ। ਉਹਨੂੰ ਏਸ ਦੌਰਾਨ ਅਖ਼ਬਾਰ, ਰੇਡੀਓ ਤੇ ਟੀ.ਵੀ. ਤੋਂ ਦੂਰ ਰੱਖਿਆ ਗਿਆ ਸੀ। ਇਨ੍ਹਾਂ ਚੀਜ਼ਾਂ ਦੀ ਥੋੜ ਬਹੁਤ ਜ਼ਿਆਦਾ ਮਹਿਸੂਸ ਕਰਦਾ ਸੀ ਤੇ ਏਸ ਤੋਂ ਅੱਡ ਉਹਦਾ ਜੀ ਚੰਗੀਆਂ ਕਿਤਾਬਾਂ ਪੜ੍ਹਨ ਨੂੰ ਵੀ ਕਰਦਾ ਸੀ ਪਰ ਉਹ ਏਸ ਨੇਅਮਤ ਤੋਂ ਵੀ ਮਹਿਰੂਮ ਕਰ ਦਿੱਤਾ ਗਿਆ ਸੀ।

ਬਾਹਰੋਂ ਆਉਂਦੀ ਹਾਸਿਆਂ ਦੀ ਆਵਾਜ਼ ਤੇ ਗੱਲਾਂ ਦੀ ਬਾਅਜ ਗਸ਼ਤ ਉਹ ਸੁਣਦਾ ਰਹਿੰਦਾ। ਉਹਦੇ ਸੰਗੀ ਸਾਥੀ, ਅੰਗ ਸਾਕ ਤੇ ਉਹਦੀ ਘਰਵਾਲੀ, ਇਹ ਸਾਰੇ ਲੋਕੀ ਕਦੀ-ਕਦੀ ਆਉਂਦੇ, ਆਲੇ ਵਿਚ ਮੂੰਹ ਪਾ ਕੇ ਉਹਦੇ ਵੱਲ ਵੇਖਦੇ। ਲੰਮੀ ਜਿਹੀ ਹਾਅ ਭਰਦੇ ਤੇ ਉਹਦੇ ਨਾਲ ਕੋਈ ਗੱਲਬਾਤ ਕਰਨ ਤੋਂ ਬਗ਼ੈਰ ਈ ਟੁਰ ਜਾਂਦੇ। ਪਹਿਲੋਂ-ਪਹਿਲੋਂ ਤੇ ਹਫ਼ਤੇ ਮਹੀਨੇ ਬਾਅਦ ਇਕ ਅੱਧਾ ਡਾਕਟਰ ਵੀ ਆ ਜਾਂਦਾ ਸੀ। ਉਹਦੇ ਸੀਨੇ 'ਤੇ ਕੰਡ 'ਤੇ ਟੂਟੀਆਂ ਲਾ ਕੇ ਵੇਖਦਾ ਤੇ ਗੁੰਮਸੁੰਮ ਹੋ ਕੇ ਟੁਰ ਜਾਂਦਾ। ਪਿਛਲੀ ਰੋਟੀ ਤਬਦੀਲ ਹੋ ਜਾਂਦੀ। ਨਵੀਂ ਆ ਜਾਂਦੀ। ਉਹ ਗੋਲੀਆਂ ਤੇ ਕੈਪਸੂਲਾਂ ਦਾ ਫੱਕਾ ਮਾਰਨ ਤੋਂ ਪਹਿਲਾਂ ਕੁਝ ਸੋਚਦਾ। ਫੇਰ ਉਹ ਕੁਝ ਖਾ ਲੈਂਦਾ ਤੇ ਬਾਕੀ ਵਾਸ਼ਬੇਸਨ ਵਿਚ ਸੁੱਟ ਦੇਂਦਾ। ਬਹਿੰਦਿਆਂ, ਖਲੋਤਿਆਂ, ਲੰਮਿਆਂ ਪੈਂਦਿਆਂ ਉਹ ਥੱਕ ਜਾਂਦਾ ਤੇ ਕਮਰੇ ਵਿਚ ਤੇਜ਼-ਤੇਜ਼ ਟੁਰਨ ਲੱਗ ਪੈਂਦਾ। ਕਦੀ-ਕਦੀ ਉਹ ਦੌੜਨ ਵੀ ਲੱਗ ਪੈਂਦਾ। ਏਸ ਤਰ੍ਹਾਂ ਉਹ ਆਪਣਾ ਥਕੇਵਾਂ ਲਾਂਹਦਾ। ਕੁਝ ਅਰਸੇ ਤੋਂ ਬਾਅਦ ਉਹਦੇ ਜੋੜਾਂ ਵਿਚ ਦਰਦ ਰਹਿਣ ਲੱਗ ਪਿਆ। ਅੱਖਾਂ ਅੱਗੇ ਜਾਲੇ ਜਿਹੇ ਨੱਚਣ ਲੱਗ ਪਏ। ਹੁਣ ਉਹਨੂੰ ਘੱਟ ਨਜ਼ਰ ਆਉਂਦਾ ਸੀ। ਉਹਦੀ ਏਸ ਸ਼ਿਕਾਇਤ 'ਤੇ ਕਿਸੇ ਨੇ ਕਦੀ ਵੀ ਕੰਨ ਨਹੀਂ ਸਨ ਧਰੇ। ਸਗੋਂ ਡਾਕਟਰ ਨੇ ਆਉਣਾ ਈ ਬੰਦ ਕਰ ਦਿੱਤਾ। ਪਿਛਲੇ ਕੁਝ ਮਹੀਨਿਆਂ ਤੋਂ ਉਹ ਬਗ਼ੈਰ ਕਿਸੇ ਦਵਾ-ਦਾਰੂ ਦੇ ਈ ਰਹਿ ਰਿਹਾ ਸੀ। ਉਹਦੀ ਭੁੱਖ ਘਟ ਗਈ ਸੀ, ਬਲਕਿ ਮਰ ਗਈ ਸੀ। ਉਹ ਸੁਬਹ ਡਬਲ ਰੋਟੀ ਦਾ ਇਕ ਸੁੱਕਾ ਸਲਾਈਸ ਲੈਂਦਾ ਤੇ ਅੱਧੀ ਪਿਆਲੀ ਚਾਹ ਦੀ ਪੀਂਦਾ। ਦੁਪਹਿਰ ਨੂੰ ਥੋੜ੍ਹੀ ਜਿਹੀ ਸਬਜ਼ੀ ਜਾਂ ਇਕ ਬੋਟੀ ਤੇ ਇਕ ਚਪਾਤੀ ਖਾਂਦਾ। ਰਾਤ ਨੂੰ ਉਹ ਬਗ਼ੈਰ ਤੜਕੇ ਵਾਲੇ ਚੌਲ ਤੇ ਥੋੜ੍ਹਾ ਜਿਹਾ ਸਾਲਣ ਲੈ ਲੈਂਦਾ। ਸੌਣ ਲੱਗਿਆਂ ਉਹਨੇ ਦੁੱਧ ਦਾ ਗਲਾਸ ਪੀਣਾ ਵੀ ਛੱਡ ਦਿੱਤਾ ਸੀ। ਪਹਿਲਾਂ ਉਹ ਬਹੁਤ ਬੋਲਦਾ ਸੀ। ਉੱਚੀ ਆਵਾਜ਼ ਨਾਲ ਦਹਾੜਦਾ ਸੀ। ਗੱਜਦਾ ਸੀ। ਜਿਹੜਾ ਆਲੇ ਵੱਲ ਆਉਂਦਾ ਸੀ, ਉਹਨੂੰ ਚੰਗੀਆਂ ਸੁਣਾਂਦਾ ਸੀ। ਦੰਦ ਪੀਂਹਦਾ ਸੀ, ਨਿਓਲੀਆਂ ਵਟਦਾ ਸੀ। ਕਦੀ-ਕਦੀ

ਉਹਦੇ ਮੂੰਹੋਂ ਗਾਲ੍ਹ ਵੀ ਨਿਕਲ ਜਾਂਦੀ ਸੀ। ਉਹ ਕਹਿੰਦਾ— ਮੈਨੂੰ ਏਥੋਂ ਕੱਢੋ। ਪਾਗਲੋ ਮੈਨੂੰ ਏਥੋਂ ਬਾਹਰ ਨਿਕਲਣ ਦਿਓ। ਉਹ ਸੁਣਦੇ, ਹੱਸਦੇ ਤੇ ਪਰ੍ਹਾਂ ਟੁਰ ਜਾਂਦੇ। ਫੇਰ ਉਹ ਰੰਜ ਹੋਣ ਲੱਗ ਪਏ। ਅੱਗੋਂ ਉਹਨੂੰ ਵੀ ਸੌ-ਸੌ ਗੱਲਾਂ ਕਰਨ ਲੱਗ ਪਏ। ਉਹਦੀ ਘਰ ਵਾਲੀ ਉਹਦਾ ਸਿਆਪਾ ਕਰਦੀ। ਹੁਣ ਤੇ ਉਹਨੇ ਏਧਰ ਆਉਣਾ ਈ ਛੱਡ ਦਿੱਤਾ ਸੀ। ਨਵਾਂ ਟੁੱਥਪੇਸਟ, ਸ਼ੇਵ ਕਰਨ ਵਾਲਾ ਬਲੇਡ, ਨਵੀਂ ਕੰਘੀ ਜਾਂ ਫੇਰ ਸਿਰ ’ਤੇ ਲਾਉਣ ਵਾਲਾ ਤੇਲ ਉਹਨੂੰ ਦੇਣ ਲਈ ਹੁਣ ਸਿਰਫ਼ ਨੌਕਰ ਆਉਂਦਾ ਸੀ। ਰੋਟੀ ਦੇਂਦਿਆਂ ਜਾਂ ਉਹਦੀ ਜ਼ਰੂਰਤ ਦੀ ਲੋੜ ਦੀ ਹੋਰ ਕੋਈ ਸ਼ੈਅ ਉਹਨੂੰ ਫੜਾਂਦਿਆਂ ਉਹ ਉਹਦੇ ਵੱਲ ਬਿਟ-ਬਿਟ ਵੇਖਦਾ ਰਹਿੰਦਾ, ਪਰ ਬੋਲਦਾ ਉਹ ਵੀ ਕੁਝ ਨਹੀਂ ਸੀ।

ਇਹ ਇਕ ਚੰਗਾ ਬੰਦਾ ਸੀ। ਪੜ੍ਹਿਆ ਲਿਖਿਆ ਸੀ। ਇਹ ਹਰ ਵੇਲੇ ਇਲਮ ਦਾ ਚੋਲਾ ਪਾ ਕੇ ਹੋਰ ਇਲਮ ਲੋੜਦਾ ਫਿਰਦਾ ਸੀ। ਹਰ ਥਾਂ ’ਤੇ ਨਵੀਆਂ ਗੱਲਾਂ ਦੀ ਚੋਗ ਚੁਗਦਾ ਫਿਰਦਾ ਸੀ। ਸ਼ੁਰੂ ਤੋਂ ਈ ਏਸ ਖੋਜੀ ਬੰਦੇ ਦਾ ਰੁਝਾਨ ਪਰਫਾਰਮਿੰਗ ਆਰਟ ਵੱਲ ਜ਼ਿਆਦਾ ਸੀ। ਉਹਨੇ ਤਾਲੀਮ ਹਾਸਲ ਕਰਨ ਦੇ ਨਾਲ-ਨਾਲ ਥੀਏਟਰ ਜਾਣਾ ਵੀ ਸ਼ੁਰੂ ਕਰ ਦਿੱਤਾ ਸੀ। ਉਹਦੀਆਂ ਫਿਤਰੀ ਸਲਾਹੀਤਾਂ ਨੂੰ ਵੇਖਦਿਆਂ ਹੋਇਆਂ ਉਹਨੂੰ ਸਟੇਜ ’ਤੇ ਕੰਮ ਮਿਲਣ ਲੱਗ ਪਿਆ। ਉਹ ਲਕੀਰ ਦਾ ਫ਼ਕੀਰ ਨਹੀਂ ਸੀ। ਏਸੇ ਲਈ ਉਹ ਸਕਰਿਪਟ ਦਾ ਰੱਟਾ ਨਹੀਂ ਸੀ ਲਾਂਦਾ, ਸਗੋਂ ਆਪਣੇ ਕੋਲੋਂ ਵੀ ਡਾਇਲਾਗ ਬਣਾ ਲੈਂਦਾ ਸੀ ਤੇ ਅਕਸਰ ਹਦਾਇਤਕਾਰ ਉਹਨੂੰ ਏਸ ਕੰਮ ਤੋਂ ਏਸ ਲਈ ਨਹੀਂ ਸੀ ਮੋੜਦਾ ਕਿ ਉਹਦੀ ਜ਼ਬਾਨ ਵਿਚੋਂ ਨਿਕਲਦੇ ਇਹ ਲਫ਼ਜ਼ ਉਹਦੀ ਅਦਾਕਾਰੀ ਦੀ ਸ਼ਾਨ ਵਧੇਰੀ ਕਰ ਛੱਡਦੇ ਸਨ। ਉਹ ਫ਼ਕੀਰ ਬੰਦਾ ਤੇ ਕਈ ਕਈ ਦਿਨ ਫ਼ਕੀਰਾਂ ਨਾਲ ਗੁਜ਼ਾਰਦਾ। ਗੁੰਡੇ ਬਦਮਾਸ਼ ਦਾ ਕਿਰਦਾਰ ਅਦਾ ਕਰਦਾ ਤੇ ਉਨ੍ਹਾਂ ਦੀ ਸੁਹਬਤ ਅਖ਼ਤਿਆਰ ਕਰਦਾ। ਰੋਗੀ, ਹਿਜੜੇ, ਨਾਈ, ਧੋਬੀ, ਲੁਹਾਰ, ਜ਼ਾਲਮ ਤੇ ਮਜ਼ਲੂਮ ਸਭ ਦੇ ਰੂਪ ਧਾਰਨ ਤੋਂ ਪਹਿਲਾਂ ਉਹ ਆਪਣਿਆਂ ਕਿਰਦਾਰਾਂ ਬਾਰੇ ਚੰਗੀ ਜਾਣਕਾਰੀ ਪੈਦਾ ਕਰਦਾ। ਮਸਲਸਲ ਮਿਹਨਤ, ਲਗਨ ਤੇ ਜਜ਼ਬੇ ਦੀ ਸਚਿਆਈ ਪਾਰੋਂ ਉਹ ਆਪਣੇ ਵੇਲੇ ਦਾ ਸਭ ਤੋਂ ਮਸ਼ਹੂਰ ਕਾਮਯਾਬ ਤੇ ਸਟੇਜ ਦਾ ਸਭ ਤੋਂ ਮਹਿੰਗਾ ਅਦਾਕਾਰ ਗਿਣਿਆ ਜਾਂਦਾ ਸੀ। ਤਾਹੀਓਂ ਉਹਨੂੰ ਇਕ ਦਿਨ ਪਾਗਲ ਦਾ ਕਿਰਦਾਰ ਅਦਾ ਕਰਨ ਲਈ ਆਖਿਆ ਗਿਆ।

ਉਹ ਸਕਰਿਪਟ ਪੜ੍ਹਦਾ ਰਿਹਾ ਪਰ ਉਹਦੀ ਤਸੱਲੀ ਨਾ ਹੋਈ। ਆਪਣੇ ਤੋਂ ਪਹਿਲਾਂ ਦੇ ਉਸਤਾਦਾਂ ਦੇ ਫਨ ਦੇ ਨਮੂਨੇ ਉਹਦੇ ਸਾਹਮਣੇ ਸਨ। ਉਨ੍ਹਾਂ ਦੇ ਕੰਮ ਨੂੰ ਵੀ ਉਹਨੇ ਜ਼ਿਹਨ ਵਿਚ ਰੱਖਿਆ ਪਰ ਉਹ ਕੁਝ ਹੋਰ ਚਾਂਹਦਾ ਸੀ। ਉਹ ਆਪਣੇ ਕੰਮ ਵਿਚ ਸਚਿਆਈ ਨੂੰ ਪਾਣ ਵਾਸਤੇ ਤੇ ਨਾਲੇ ਆਪਣੇ ਠਰਕ ਨੂੰ ਪੂਰਾ ਕਰਨ ਲਈ ਪਾ.ਗਲਖਾਨਿਆਂ ਦੇ ਚੱਕਰ ਲਾਣ ਲੱਗ ਪਿਆ। ਉਹ ਫਾਉਂਨਟੇਨ ਹਾਊਸ ਗਿਆ। ਉਥੇ ਇਕ ਬੰਦਾ ਮਿਲਿਆ। ਉਹ ਇਕ ਪਾਸੇ ਬੈਠਾ ਸੀ। ਉਹਦਾ ਲਿਬਾਸ ਵੀ ਸਾਫ਼ ਸੁਥਰਾ ਸੀ। ਉਹਦੇ ਪੈਰਾਂ ਵਿਚ ਪਾਲਿਸ਼ ਕੀਤੀ ਹੋਈ ਜੁੱਤੀ ਸੀ। ਉਹ ਸਿਗਰਟ ਪੀਂਦਾ ਆਸਮਾਨ ਦੀ ਇਕ ਨੁੱਕਰ ਵੱਲ ਤੱਕੀ ਜਾ ਰਿਹਾ ਸੀ। ਇਹ ਉਹਦੇ ਕੋਲ ਆਇਆ। ਦੁਆ ਸਲਾਮ ਹੋਈ। ਕਾਫ਼ੀ ਦੇਰ ਤਕ ਗੱਲਾਂ ਹੋਈਆਂ। ਉਹਨੇ ਕਿਹਾ—ਉਰਦੂ ਬਾਜ਼ਾਰ ਵਿਚ ਮੇਰਾ ਸਟੇਸ਼ਨਰੀ ਦਾ ਥੋਕ ਦਾ ਕਾਰੋਬਾਰ ਸੀ। ਮੇਰੇ ਕੋਲ ਕਈ ਮੁਲਾਜ਼ਮ ਸਨ। ਉਨ੍ਹਾਂ ਵਿਚ ਇਕ ਸਪਲਾਈ ਵਾਲਾ ਬੰਦਾ ਵੀ ਸੀ। ਪੜ੍ਹਿਆ-ਲਿਖਿਆ ਚੰਗੇ ਵਸੇਬ ਵਾਲਾ। ਚੰਗੀ ਗੱਲਬਾਤ ਵਾਲਾ ਤੇ ਸੁਥਰੀ ਰਹਿਤਲ ਬਹਿਤਲ ਵਾਲਾ ਲਗਦਾ ਸੀ। ਮੇਰੀ ਇਜਾਜ਼ਤ ਨਾਲ ਉਹਦਾ ਮੇਰੇ ਘਰ ਆਉਣ-ਜਾਣ ਹੋ ਗਿਆ। ਉਹਦਾ ਅੱਗੇ ਪਿੱਛੇ ਕੋਈ ਨਹੀਂ ਸੀ। ਮੈਂ ਸੋਚ ਰਿਹਾ ਸਾਂ ਕੋਈ ਚੰਗੀ ਜਿਹੀ ਪੜ੍ਹੀ-ਲਿਖੀ ਤੇ ਨਿੱਘੀ ਕੁੜੀ ਵੇਖ ਕੇ ਉਹਦਾ ਵਿਆਹ ਕਰ ਦਿਆਂ ਪਰ ਇਕ ਦੁਪਹਿਰੀਂ ਅਚਨਚੇਤ ਬੁਖ਼ਾਰ ਚੜ੍ਹਨ ਪਾਰੋਂ ਜਦੋਂ ਮੈਂ ਦੁਕਾਨ ਤੋਂ ਘਰ ਵੱਲ ਪਰਤਿਆ ਤੇ ਉਹ ਜਿਸ ਨੂੰ ਕਿ ਸਪਲਾਈ ਵਾਸਤੇ ਦੂਜੇ ਸ਼ਹਿਰ ਵਿਚ ਹੋਣਾ ਚਾਹੀਦਾ ਸੀ ਮੇਰੇ ਘਰ ਵਿਚ ਮੇਰੀ ਘਰਵਾਲੀ ਨਾਲ ਇਕੋ ਮੰਜੀ ’ਤੇ ਬੈਠਾ



ਸੀ। ਮੇਰੇ ਤਨ ਬਦਨ ਵਿਚ ਅੱਗ ਲੱਗ ਗਈ। ਗੁੱਸੇ ਵਿਚ ਸ਼ੂਕਦਿਆਂ ਹੋਇਆਂ ਜਦੋਂ ਮੈਂ ਉਹਦੇ ਵੱਲ ਵਧਣ ਦੀ ਕੋਸ਼ਿਸ਼ ਕੀਤੀ ਤੇ ਉਸ ਮੁੰਡੇ ਨੇ ਮੇਰੇ ਹੱਥ ਫੜ ਕੇ ਪਿਛਾਂਹ ਮਰੋੜੇ ਤੇ ਫੇਰ ਮੈਨੂੰ ਧੱਕਾ ਦੇ ਕੇ ਜ਼ਿਹਨੀ ਮਰੀਜ਼ ਕਰਾਰ ਦੇ ਕੇ ਏਥੇ ਲਿਆ ਸੁੱਟਿਆ। ਛੇ ਮਹੀਨੇ ਹੋ ਗਏ ਨੇ। ਮੈਂ ਕਹਿੰਨਾਂ ਮੈਂ ਨਾਰਮਲ ਆਂ। ਮੈਨੂੰ ਕੋਈ ਜ਼ਿਹਨੀ ਬਿਮਾਰੀ ਨਹੀਂ, ਮੈਂ ਠੀਕ-ਠਾਕ ਆਂ। ਪਰ ਉਹ ਦੋਵੇਂ ਮੇਰੀ ਗੱਲ ਸੁਣ ਕੇ ਹੱਸਦੇ ਨੇ। ਮੇਰਾ ਮਜ਼ਾਕ ਉਡਾਉਂਦੇ ਨੇ। ਡਾਕਟਰ ਵੀ ਨਾਲ ਰਲੇ ਹੋਏ ਨੇ।

ਏਸ ਬੰਦੇ ਦੀ ਇਹ ਅਜੀਬ ਕਹਾਣੀ ਸੀ। ਉਹ ਪਾ.ਗਲ ਨਹੀਂ ਸੀ ਪਰ ਪਾ.ਗਲ ਸੀ। ਉਹ ਪਾ.ਗਲ ਸੀ, ਪਰ ਪਾ.ਗਲ ਨਹੀਂ ਸੀ। ਉਹ ਜਦੋਂ ਫਾਉਂਨਟੇਨ ਹਾਊਸ ਤੋਂ ਪਰਤਿਆ ਤੇ ਸੋਚ ਰਿਹਾ ਸੀ ਕਿ ਉਹਨੂੰ ਜਿਹੜਾ ਕਿਰਦਾਰ ਮਿਲਿਆ ਸੀ ਉਹ ਤੇ ਇਕ ਮੁਕੰਮਲ ਪਾ.ਗਲ ਦਾ ਕਿਰਦਾਰ ਸੀ। ਉਹਦੀ ਮਰਜ਼ੀ ਸੀ ਉਹ ਏਸ ਬੰਦੇ ਦਾ ਕਿਰਦਾਰ ਅਦਾ ਕਰੇ ਜਿਹੜਾ ਕਿ ਇਕੋ ਵਕਤ ’ਚ ਨਾਰਮਲ ਵੀ ਏ ਤੇ ਅਬਨਾਰਮਲ ਵੀ ਏ। ਉਹਦਾ ਖ਼ਿਆਲ ਸੀ ਕਿ ਇਹਦਾ ਤਜਰਬਾ ਚੰਗਾ ਰਵ੍ਹੇਗਾ। ਉਹਨੂੰ ਪਤਾ ਸੀ ਕਿ ਇਹ ਕਿਰਦਾਰ ਕਰਨਾ ਉਹਦੇ ਲਈ ਖਾਸਾ ਮੁਸ਼ਕਿਲ ਹੋਵੇਗਾ। ਉਹਨੇ ਆਪਣੀ ਤਬੀਅਤ ਦੇ ਨਿਵੇਕਲੇ ਹੋਣ ਪਾਰੋਂ ਏਸ ਕਿਰਦਾਰ ਨੂੰ ਇਕ ਚੈਲੰਜ ਸਮਝ ਕੇ ਕਬੂਲ ਕਰ ਲਿਆ। ਉਹਨੇ ਹਦਾਇਤਕਾਰ ਨੂੰ ਦੱਸਿਆ। ਪਹਿਲਾਂ ਤੇ ਉਹ ਹੱਸਿਆ, ਫੇਰ ਸੰਜੀਦਾ ਹੋ ਕੇ ਕਹਿਣ ਲੱਗਾ—ਇਹ ਇਕ ਚੰਗਾ ਖ਼ਿਆਲ ਏ। ਅਸੀਂ ਸਕਰਿਪਟ ਵਿਚ ਥੋੜ੍ਹੀ ਜਿਹੀ ਤਬਦੀਲੀ ਕਰ ਲੈਨੇ ਆਂ। ਰੀਹਰਸਲਾਂ ਹੋਣ ਲੱਗ ਪਈਆਂ। ਉਹਨੇ ਹਕੀਕਤ ਦਾ ਰੰਗ ਭਰਨ ਲਈ ਹਦਾਇਤਕਾਰ ਨੂੰ ਕਿਹਾ, ਜੋ ਉਹ ਉਹਦੇ ਘਰ ਆਵੇ-ਜਾਵੇ ਤੇ ਉਹਦੀ ਬੀਵੀ ਨਾਲ ਝੂਠ-ਮੂਠ ਦਾ ਇਸ਼ਕ ਰਚਾਵੇ ਤਾਂ ਜੋ ਉਹ ਇਹ ਵਾਰਦਾਤ ਅੱਖੀਂ ਵੇਖ ਕੇ ਹੱਕੀ ਸੱਚੀ ਅੰਦਾਜ਼ ਵਿਚ ਸੜੇ ਬਲੇ ਤੇ ਤੜ਼ਫ਼ੇ। ਏਸ ਤਰ੍ਹਾਂ ਉਹਦਾ ਰੀਐਕਸ਼ਨ ਉਹਦੇ ਕਿਰਦਾਰ ਵਿਚ ਉਹ ਜਾਨ ਪਾ ਦੇਵੇਗਾ ਜਿਹੜੀ ਕਿ ਉਹ ਚਾਂਹਦਾ ਸੀ। ਉਹਦੀ ਫਰਮਾਇਸ਼ ’ਤੇ ਉਹਦੀ ਅਦਾਕਾਰੀ ਵਿਚ ਹਕੀਕਤ ਦਾ ਰੰਗ ਭਰਨ ਲਈ ਹਦਾਇਤਕਾਰ ਤੇ ਉਹਦੀ ਬੀਵੀ ਦਾ ਜਾਅਲੀ ਅੱਖ ਮਟੱਕਾ ਸ਼ੁਰੂ ਹੋ ਗਿਆ। ਉਹ ਇਹ ਖੇਲ ਆਪਣੇ ਸਾਹਮਣੇ ਹੁੰਦਾ ਵੇਖਦਾ ਰਿਹਾ ਤੇ ਗੁੱਸੇ ਨਾਲ ਲੂਸਦਾ ਤੇ ਵਿਸ ਵੀ ਘੋਲਦਾ ਰਿਹਾ। ਏਸ ਤਰ੍ਹਾਂ ਉਹ ਕਦੀ ਨਾਰਮਲ ਤੇ ਕਦੀ ਅਬਨਾਰਮਲ ਹੁੰਦਾ ਰਿਹਾ। ਬੜੇ ਦਿਨਾਂ ਤਕ ਰੀਹਰਸਲਾਂ ਹੁੰਦੀਆਂ ਰਹੀਆਂ। ਹਦਾਇਤਕਾਰ ਤੇ ਉਹਦੀ ਬੀਵੀ ਦੇ ਹਾਸੇ ਉਹਦੇ ਘਰ ਵਿਚ ਹਰ ਪਾਸੇ ਖਿਲਰਦੇ ਰਹੇ। ਰੀਹਰਸਲ ਖ਼ਤਮ ਹੋਣ ਵਿਚ ਈ ਨਹੀਂ ਸੀ ਆ ਰਹੀ। ਉਹਨੇ ਰੋਕਿਆ ਟੋਕਿਆ ਪਰ ਇਹ ਸਭ ਕੁਝ ਹੁੰਦਾ ਰਿਹਾ। ਹੁਣ ਵੀ ਹੋ ਰਿਹਾ ਏ।

## ਮਨ ਦੀ ਮੁਰਾਦ/ਮਹਿਤਾਬ ਮਹਿਬੂਬ

ਨੀਲਾ ਅੰਬਰ ਵੀ ਇਹਦਾ ਗਵਾਹ ਏ ਕਿ ਵਡੇਰਾ ਮੁਬਾਰਕ ਅਲੀ ਉੱਕਾ ਬਨਮਾਨਸ ਲਗਦਾ ਸੀ। ਰਹੀ-ਸਹੀ ਕਸਰ ਉਹਦੇ ਭਰਵੱਟਿਆਂ ਨੇ ਪੂਰੀ ਕਰ ਛੱਡੀ ਸੀ, ਜਿਹੜੇ ਗੱਲ੍ਹਾਂ ਤੀਕਰ ਉਲਰੇ ਹੋਏ ਸਨ। ਉਹ ਅੱਧੀ ਉਮਰ ਬਿਤਾ ਬੈਠਾ ਸੀ, ਪਰ ਉਹਦੇ ਮਿਜਾਜ਼ ਵਿਚ ਅਜੇ ਵੀ ਜਵਾਨੀ ਦੇ ਰੰਗ ਢੰਗ ਹੈ ਸਨ। ਬੁੱਢੇ ਸ਼ੇਰ ਵਾਂਗ ਉਹ ਆਪਣੀ ਕਛਾਰ ਵਿਚ ਬੈਠਾ ਸ਼ਿਕਾਰ ਨੂੰ ਤਾੜਦਾ ਰਹਿੰਦਾ। ਜਿਹੜਾ ਵੀ ਦਾਅ ਲੱਗ ਗਿਆ, ਕੰਮ ਬਣ ਗਿਆ। ਜਾਂਦੇ ਸਭ ਵੇਖਦੇ ਸਨ, ਪਰ ਆਉਣ ਵਾਲੇ ਦੀ ਬਿੜਕ ਵੀ ਨਹੀਂ ਸੀ ਹੁੰਦੀ।

ਵਡੇਰੇ ਦੇ ਵਹਿਮ ਗਮਾਨ ਵਿਚ ਵੀ ਨਹੀਂ ਸੀ ਕਿ ਤਪਦੀ ਦੁਪਹਿਰੇ ਵਡੇਰੀ ਸ਼ਾਹ ਬਾਨੋ ਆਪਣੀ ਨਵੀਂ-ਨਵੀਂ ਜਵਾਨ ਹੁੰਦੀ ਨੌਕਰਾਣੀ ਦੇ ਨਾਲ ਕੋਠੜੀ ਤੋਂ ਬਿਸਤਰ ਲਈ ਆਪ ਏਧਰ

ਆ ਨਿਕਲੇਗੀ। ਉਹਨੂੰ ਵੇਖ ਕੇ ਵਡੇਰੇ ਦੇ ਹੱਥਾਂ ਦੇ ਤੋਤੇ ਈ ਉੱਡ ਗਏ।

'ਏਸ ਮੌਸਮ ਵਿਚ ਏਸ ਘੁੱਟ ਵਿਚ ਏਥੇ ਕੀ ਕਰ ਰਹੇ ਓ ?' ਸ਼ਾਹ ਬਾਨੋ ਨੇ ਹੱਥ ਨਾਲ ਐਨਕ ਨੂੰ ਠੀਕ ਕਰਦਿਆਂ ਕੁੰਜੀਆਂ ਦਾ ਗੁੱਛਾ ਨੌਕਰਾਣੀ ਨੂੰ ਫੜਾਇਆ ਤੇ ਵਡੇਰੇ ਤੋਂ ਪੁੱਛਣ ਲੱਗੀ।

'ਠੰਡੀ ਥਾਂ ਏ ਨਾ। ਏਥੇ ਮੈਨੂੰ ਸਕੂਨ ਜਾਪਦਾ ਏ।' ਵਡੇਰਾ ਮਿਣਮਿਣਾਇਆ।

'ਉਥੇ ਏਅਰ ਕੰਡੀਸ਼ਨ ਤੋਂ ਅੰਗਿਆਰੇ ਵਰ੍ਹ ਰਹੇ ਨੇ ਕੀ ?' ਉਹਨੇ ਡਪਟ ਕੇ ਆਖਿਆ।

'ਜਿਹੜਾ ਸਵਾਦ ਕੁਦਰਤੀ ਠੰਡਕ ਵਿਚ ਏ, ਉਹ ਏਅਰ ਕੰਡੀਸ਼ਨਰ ਦੀ ਘੂੰ-ਘੂੰ ਵਿਚ ਕਿਥੇ ?' ਉਹਨੇ ਦੰਦ ਕੱਢੇ। ਪਰ ਨਵੇਂ ਸ਼ਿਕਾਰ ਦੇ ਸਾਫ਼ ਬਚ ਨਿਕਲਣ ਉੱਤੇ ਉਹ ਦਿਲ ਈ ਦਿਲ ਵਿਚ ਕਚੀਚੀਆਂ ਵਟ ਰਿਹਾ ਸੀ।

ਸ਼ਾਹ ਬਾਨੋ ਉਹਨੂੰ ਉਂਜ ਈ ਪਸੰਦ ਨਹੀਂ ਸੀ ਕਿਉਂਕਿ ਖਾਨਦਾਨੀ ਬੀਵੀਆਂ ਤਾਂ ਘੱਟ ਈ ਲੋਕਾਂ ਨੂੰ ਪਸੰਦ ਹੁੰਦੀਆਂ ਨੇ। ਉਹ ਵੀ ਇੰਜੇ ਈ ਵੇਲਾ ਬਿਤਾ ਰਿਹਾ ਸੀ। ਸ਼ਾਹ ਬਾਨੋ ਵੀ ਸਭ ਕੁਝ ਭੁੱਲ ਭੁਲਾ ਕੇ ਰੇਡੀਓ ਸੁਣਨ ਤੇ ਟੀ.ਵੀ. ਵੇਖਣ ਵਿਚ ਗੁੰਮ ਹੋ ਕੇ ਰਹਿ ਗਈ ਸੀ ਤੇ ਕਦੇ-ਕਦੇ ਸੂਫ਼ੀਆਨਾ ਕਲਾਮ ਤੇ ਕਾਫ਼ੀਆਂ ਸੁਣ ਕੇ ਵੀ ਦਿਲ ਵਲਾ ਲੈਂਦੀ ਸੀ।

ਮੁਬਾਰਕ ਅਲੀ ਨੂੰ ਵੀ ਜਦੋਂ ਸ਼ਾਹ ਬਾਨੋ ਤੋਂ ਮਨ ਦੀ ਮੁਰਾਦ ਨਾ ਲੱਭੀ ਤਾਂ ਉਹਨੇ ਦੇਰ ਕੀਤੇ ਬਿਨਾਂ ਦੂਜਾ ਵਿਆਹ ਰਚਾ ਲਿਆ। ਦੂਜੀ ਬੀਵੀ ਨਾਲ ਸ਼ੁਰੂ-ਸ਼ੁਰੂ ਵਿਚ ਤਾਂ ਬੜੀ ਨੇੜਤਾ ਰਹੀ ਪਰ ਕਈ ਸਾਵਣ ਆਏ ਤੇ ਬੀਤ ਗਏ ਤੇ ਜਦੋਂ ਕੋਈ ਬੂਟਾ ਨਾ ਫੁੱਟਿਆ ਤਾਂ ਉਹਨੂੰ ਉੱਠਦਿਆਂ ਬਹਿੰਦਿਆਂ ਮਿਹਣੇ ਤੇ ਤੀਜੇ ਵਿਆਹ ਦੀਆਂ ਤੜੀਆਂ ਮਿਲਣ ਲੱਗੀਆਂ। ਇਹਦੇ ਸਿਟੇ ਉਹ ਵੀ ਡਰ ਕੇ ਦਰਗਾਹਾਂ ਤੇ ਪੀਰਾਂ ਫ਼ਕੀਰਾਂ ਦੇ ਫੇਰੇ ਲਾਣ ਲੱਗੀ। ਰਾਤਾਂ ਕਬਰਸਤਾਨਾਂ ਵਿਚ ਵਜੀਫ਼ੇ ਪੜ੍ਹਦਿਆਂ ਤੇ ਦਿਨ ਦਰਗਾਹਾਂ ਉੱਤੇ ਸਿਰ ਝੁਕਾਏ ਬੀਤਣ ਲੱਗੇ। ਗਲੇ ਵਿਚ ਏਸੇ ਆਸ ਪਾਰੋਂ ਕਈ ਤਾਵੀਜ਼ ਲਮਕ ਰਹੇ ਸਨ ਕਿ ਸ਼ੌਰੇ ਕਿਧਰੋਂ ਮਨ ਦੀ ਮੁਰਾਦ ਲੱਭ ਜਾਵੇ। ਜਾਦੂ ਟੂਣੇ ਕਰਨ ਵਾਲਾ 'ਵਲੋ ਭੂਪਾ' ਤੋਂ ਲੈ ਕੇ 'ਮਾਰਲ ਮਸਤਾਨੀ' ਦੇ ਅਸਤਾਨੇ ਤਕ ਕੋਈ ਦਰ ਅਜਿਹਾ ਨਹੀਂ ਸੀ, ਜਿਹੜਾ ਉਹਨੇ ਨਾ ਖੜਕਾਇਆ ਹੋਵੇ। ਹਵੇਲੀ ਵਿਚ ਤਾਂ ਖੈਰ ਟਿਕਦੀ ਈ ਨਹੀਂ ਸੀ। ਜੇ ਹੁੰਦੀ ਵੀ ਤਾਂ ਆਲ ਦਵਾਲ ਦੀਆਂ ਸਵਾਣੀਆਂ ਉਹਨੂੰ ਘੇਰੀ ਰੱਖਦੀਆਂ। ਹਰ ਸਵਾਣੀ ਇਕ ਨਵੇਂ ਫ਼ਕੀਰ ਜਾਂ ਦਰਗਾਹ ਦਾ ਪਤਾ ਲਈ ਟੁਰੀ ਆਉਂਦੀ ਸੀ। ਵਹਿਮਾਂ ਨੇ ਉਹਨੂੰ ਅਮਰ ਵੇਲ ਵਾਂਗ ਜਕੜ ਲਿਆ ਸੀ। ਦਰਜਨਾਂ ਸਹੇਲੀਆਂ ਨਾਲ ਘਰੋਂ ਬਾਹਰ ਨਿਕਲਦੀ ਤਾਂ ਰਾਹ ਵਿਚ ਜਿਥੇ ਕੋਈ ਫ਼ਕੀਰ ਵੇਖਦੀ, ਠਹਿਰੇ ਬਿਨਾਂ ਨਾ ਰਹਿੰਦੀ ਕਿ ਕਿਧਰੇ ਇਹ ਵਲੀ ਰੁੱਸ ਨਾ ਜਾਏ। ਜੇ ਜੀਪ ਕਦੇ ਅੱਗੇ ਵੀ ਨਿਕਲ ਜਾਂਦੀ ਤਾਂ ਡਰਾਈਵਰ ਨੂੰ ਰੋਕ ਕੇ ਕਹਿੰਦੀ—'ਵੀਰ ਯਾਕੂਬ ਜ਼ਰਾ ਵਾਪਸ ਚਲ ਤਾਂ ਕਿ ਸਲਾਮ ਤੇ ਕਰ ਲਵਾਂ।' ਇੰਜੇ ਈ ਇਕ ਵਾਰੀ ਬੁਰਕਾ ਜੀਪ ਵਿਚ ਉਲਝ ਗਿਆ ਤੇ ਡਿੱਗਦੀ ਡਿੱਗਦੀ ਬਚੀ ਤਾਂ ਫ਼ਖ਼ਰ ਨਾਲ ਕਹਿਣ ਲੱਗੀ—'ਵੇਖਿਆ ਤੂੰ ਮਅਜੁਜ਼ਾ, ਹਰ ਚਾਦਰ ਵਾਲੇ ਪੀਰ ਨੇ ਮੈਨੂੰ ਆਪਣੇ ਵੱਲ ਬੁਲਾਇਆ ਏ। ਹੁਣ ਤੇ ਜ਼ਰੂਰ ਜਾਣਾ ਪਵੇਗਾ।'

ਕਦੇ ਖੁੱਲ੍ਹਮ-ਖੁੱਲ੍ਹਾ ਤੇ ਕਦੇ ਵਡੇਰੇ ਤੋਂ ਲੁਕ ਕੇ ਫਿਰਦੇ-ਫਿਰਦੇ ਉਹਦੇ ਬੁਰਕੇ ਦਾ ਪੱਕਾ ਰੰਗ ਵੀ ਉੱਡ ਗਿਆ ਸੀ ਤੇ ਉਹਦੇ ਚਿਹਰੇ ਦੀ ਰੇਸ਼ਮ ਵਰਗੀ ਖੱਲ ਆਪਣੀ ਲਿਸ਼ਕ ਗਵਾ ਬੈਠੀ ਸੀ।

ਮੁਬਾਰਕ ਅਲੀ ਵੀ ਅਖ਼ੀਰ ਉਹਨੂੰ ਭੁਲਾਉਣ ਲੱਗਿਆ ਤੇ ਉਹਦੀਆਂ ਨਜ਼ਰਾਂ ਇਕ ਬੁਰਕੇ ਵਾਲੀ ਨਰਸ ਦਾ ਘੇਰਾ ਕਰਨ ਲੱਗੀਆਂ। ਇਤਫ਼ਾਕਨ ਉਸ ਨਰਸ ਦੇ ਘਰ ਦਾ ਰਾਹ ਹਵੇਲੀ ਦੇ ਅੱਗੋਂ ਗੁਜ਼ਰਦਾ ਸੀ। ਉਹਦੇ ਨਵੇਂ ਫ਼ੈਸ਼ਨ ਵਾਲੇ ਸੈਂਡਲ ਦੀ ਹੀਲ ਸੁੰਦਰ ਪੈਰਾਂ ਸਮੇਤ ਵਡੇਰੇ ਦੇ ਦਿਲ ਵਿਚ ਕੰਧ ਦੇ ਕਿੱਲ ਵਾਂਗ ਖੁਭ ਗਈ ਸੀ। ਜਿਵੇਂ ਈ ਨਰਸ ਦੇ ਆਉਣ ਦਾ ਵੇਲਾ ਹੁੰਦਾ, ਵਡੇਰਾ ਰੇਡੀਓ ਟੇਪ ਲੈ ਕੇ ਨਿੰਮ੍ਹ ਦੀ ਛਾਂ ਹੇਠ ਰਾਂਗਲੇ ਪਾਵਿਆਂ ਵਾਲਾ ਪਲੰਘ ਵਿਛਾ ਕੇ ਬੈਠਾ ਖੰਘੂਰੇ ਮਾਰਦਾ ਰਹਿੰਦਾ ਤੇ ਨਾਲ ਈ ਮਿੱਤਰਾਂ ਨਾਲ ਗੱਪਾਂ ਮਾਰਦਾ ਰਹਿੰਦਾ। ਜਿਵੇਂ ਈ ਸੈਂਡਲ ਦੀ



ਬਿਰਕ ਆਉਂਦੀ ਤਾਂ ਟੇਪ ਦਾ 'ਪਲੇਅ' ਵਾਲਾ ਬਟਨ ਨੱਪ ਕੇ ਨਰਸ ਨੂੰ ਆਪਣੇ ਦਿਲ ਦੀ ਆਵਾਜ਼ ਗਾਣਿਆਂ ਦੇ ਰੂਪ ਵਿਚ ਸੁਣਾਉਂਦਾ।

'ਪਲ ਪਲ ਤੇਰਾ ਰਾਹ ਵੇਖਾਂ'।

ਤੇ ਕਦੇ ਇਹ—

'ਮੇਰੇ ਵਿਹੜੇ ਵਿਚ ਕਦੇ ਆ ਮਿਲ ਸੱਜਣਾ'।

ਕਦੇ ਕਦੇ ਸ਼ੌਰੇ ਮਰਦ ਦੀ ਕਿਹੜੀ ਅਦਾ ਸਵਾਣੀ ਨੂੰ ਭਾ ਜਾਂਦੀ ਏ। ਸ਼ੌਰੇ ਵਡੇਰੇ ਦਾ ਬਨਮਾਨਸਪਣ ਈ ਨਰਸ ਨੂੰ ਚੰਗਾ ਲੱਗ ਗਿਆ ਕਿ ਉਹ ਵੀ ਰੋਜ਼ ਨਵੀਆਂ-ਨਵੀਆਂ ਸਸਤੀਆਂ ਖ਼ੁਸ਼ਬੂਆਂ ਲਾ ਕੇ ਗੁਜ਼ਰਦੀ ਜਿਹੜੀਆਂ ਸ਼ੌਰੇ ਆਮ ਹਾਲ ਵਿਚ ਕਦੇ ਵੀ ਵਡੇਰੇ ਦਾ ਧਿਆਨ ਨਾ ਖਿੱਚ ਸਕਦੀਆਂ। ਬਹਰਹਾਲ ਛੇਤੀ ਈ ਨਰਸ ਦੁਲਹਨ ਬਣ ਕੇ ਵਡੇਰੇ ਦੀ ਹਵੇਲੀ ਵਿਚ ਆ ਲੱਥੀ, ਪਰ ਉਹੀ ਹੋਇਆ, ਜਿਹੜਾ ਸਦਾ ਹੁੰਦਾ ਆਇਆ ਸੀ। ਉਹ ਵਿਆਹ ਵੀ ਵਡੇਰੇ ਨੂੰ ਰਾਸ ਨਾ ਆਇਆ। ਹਾਂ, ਉਹਨੂੰ ਗੋਡਿਆਂ ਵਿਚ ਪੀੜ ਦਾ ਨਵਾਂ ਰੋਗ ਜ਼ਰੂਰ ਲੱਗ ਗਿਆ। ਉਹ ਸਰਕਾਰੀ ਹਸਪਤਾਲ ਦੇ ਬਾਹਰ ਬਹਿਣ ਵਾਲੀ ਇਕ ਸਵਾਣੀ ਤੋਂ ਜੋਕਾਂ ਖ਼ਰੀਦ ਕੇ ਗੋਡਿਆਂ ਵਿਚ ਲਾ ਕੇ ਪਿਆ ਰਹਿੰਦਾ। ਰਾਤ ਹੁੰਦੀ ਤਾਂ ਗੋਡਿਆਂ ਉੱਤੇ ਮੱਖਣ ਲਾ ਕੇ ਦੋ-ਦੋ ਜੋਕਾਂ ਲਾ ਲੈਂਦਾ। ਤਾਂ ਕਿਧਰੇ ਜਾ ਕੇ ਆਰਾਮ ਮਿਲਦਾ। ਸਾਰਾ ਦਿਨ ਨਰਸ ਦੀ ਝੋਲੀ ਵਿਚ ਸਿਰ ਰੱਖੀ ਉਂਗਲਾਂ ਨਾਲ ਵਾਲਾਂ ਵਿਚ ਕੰਘੀ ਕਰਾਂਦਾ ਰਹਿੰਦਾ ਸੀ। ਏਸ ਪਿਆਰ ਦੀ ਛਾਂ ਹੇਠ ਕੁਝ ਹੀ ਦਿਨ ਬੀਤੇ ਸਨ ਕਿ ਨਰਸ ਉਕਤਾ ਗਈ। ਕੁਝ ਤਾਂ ਜੋਕਾਂ ਪਾਰੋਂ, ਕੁਝ ਹਰ ਵੇਲੇ ਬੇਢੰਗਪਣ ਨਾਲ ਮੂੰਹ ਖੋਲ੍ਹ ਕੇ ਦੰਦ ਸਾਫ਼ ਕਰਨ ਦੀ ਆਦਤ ਪਾਰੋਂ ਤੇ ਕੁਝ 'ਮਨ ਦੀ ਮੁਰਾਦ' ਵਿਚ ਦੇਰ ਹੋਣ ਪਾਰੋਂ ਵਡੇਰਾ ਨਰਸ ਦੇ ਗਲੇ ਵਿਚ ਫਸ ਕੇ ਰਹਿ ਗਿਆ ਸੀ। ਨਾ ਉਗਲਿਆ ਜਾਂਦਾ ਸੀ, ਨਾ ਲੰਘਾਇਆ ਜਾਂਦਾ ਸੀ। ਉਹ ਪਰੇਸ਼ਾਨ ਰਹਿਣ ਲੱਗੀ ਸੀ। ਕਦੇ ਕਿਤਾਬਾਂ ਪੜ੍ਹ ਕੇ ਦਿਲ ਵਲਾ ਲੈਂਦੀ, ਨਹੀਂ ਤਾਂ ਸਿਰ ਉੱਤੇ ਪੱਟੀ ਬੰਨ੍ਹੀ ਮੂੰਹ ਲੁਕਾਈ ਪਈ ਰਹਿੰਦੀ। ਉਹ ਇਹੋ ਚਾਹੁੰਦੀ ਸੀ ਕਿ ਵਡੇਰਾ ਜਿੰਨੀ ਦੂਰ ਰਵ੍ਹੇ ਚੰਗਾ ਏ। ਇਕ ਵਾਰੇ ਉਂਜ ਈ ਵਡੇਰਾ ਮੁੱਛਾ ਸੰਵਾਰਦਾ ਹੋਇਆ ਉਹਦੇ ਲਾਗੇ ਆਇਆ ਤਾਂ ਉਹਨੇ ਨਾ-ਗਵਾਰੀ ਨਾਲ ਆਖਿਆ—

'ਵਡੇਰੇ ਦੂਰ ਈ ਰਹੋ।'

'ਕਿਉਂ ਜੀ, ਕੀ ਹੁਣ ਮੈਂ ਤੈਨੂੰ ਚੰਗਾ ਨਹੀਂ ਲਗਦਾ ?'

'ਨਹੀਂ ਅਜਿਹੀ ਕੋਈ ਗੱਲ ਨਹੀਂ।' ਨਰਸ ਨੇ ਲੱਤਾਂ ਖਲਾਰਦਿਆਂ ਆਖਿਆ, 'ਤੂੰ ਤੇ ਚੰਗਾ ਲੱਗਦਾ ਏਂ ਪਰ ਕੀ ਕਰਾਂ, ਸਿਰ ਵਿਚ ਪੀੜ ਏ ਏਸ ਲਈ ਕੁਝ ਵੀ ਚੰਗਾ ਨਹੀਂ ਪਿਆ ਲਗਦਾ।'

'ਨੇੜੇ ਬੈਠਣ ਉੱਤੇ ਵੀ ਬਾਂਧ ਏ ?'

'ਬੈਠੋ ਸਿਰ ਮੱਥੇ, ਪਰ ਮੰਜੀ ਨੂੰ ਧੱਕਾ ਨਾ ਲਾਓ।'

ਇਹ ਸੁਣਦਿਆਂ ਹੀ ਵਡੇਰੇ ਦੀ ਸਾਰੀ ਖੜਤਾ ਦੂਰ ਹੋ ਗਈ ਤੇ ਉਹ ਸਿਗਰਟ ਧੁਖਾਂਦਿਆਂ ਬੋਲਿਆ :

'ਹੁਣੇ ਤੋਂ ਈ ਤੂੰ ਐਨੀਆਂ ਦੂਰੀਆਂ ਪੈਦਾ ਕਰ ਲਈਆਂ ਨੇ, ਅੱਗੇ ਜਾ ਕੇ ਕੀ ਹੋਵੇਗਾ ?'

'ਨਹੀਂ, ਅਜਿਹੀ ਤਾਂ ਕੋਈ ਗੱਲ ਨਹੀਂ ਏ।'

'ਕੁਝ ਨਾ ਕੁਝ ਤਾਂ ਹੈ।'

'ਖ਼ਾਲੀ ਢਿੱਡ ਚਾਹ ਨਾਲ ਪੀੜ ਦੀਆਂ ਦੋ-ਤਿੰਨ ਗੋਲੀਆਂ ਖਾ ਲਈਆਂ ਸਨ। ਏਸੇ ਲਈ ਦਿਲ ਵੀ ਮਤਲਾ ਰਿਹਾ ਏ। ਕਿੰਨਾ ਚੰਗਾ ਹੋਵੇ ਕਿ ਤੁਸੀਂ ਉਹ ਕੁਰਸੀ ਖਿੱਚ ਕੇ ਬਹਿ ਜਾਓ।'

ਇਹ ਗੱਲ ਵਡੇਰੇ ਨੂੰ ਖਟਕ ਗਈ। ਉਹ ਤੁਰੰਤ ਬੋਲਿਆ—'ਬਸ ਬਸ ਮੈਂ ਸਮਝ ਗਿਆ। ਕੁਝ ਕੱਚਾ ਪੱਕਾ ਏ। ਰੱਬ ਤੋਂ ਬੇਆਸ ਨਹੀਂ ਹੋਣਾ ਚਾਹੀਦਾ। ਉਹਦੇ ਘਰ ਦੇਰ ਏ ਅਨ੍ਹੇਰ ਨਹੀਂ।'

ਇਹ ਆਖਦਾ ਕਮੀਜ਼ ਨੂੰ ਸੰਭਾਲ ਕੇ ਉਹ ਕਿਵੇਂ ਈ ਕਮਰੇ 'ਚੋਂ ਨਿਕਲਿਆ। ਨਰਸ ਨੇ ਦਿਲ ਈ ਦਿਲ ਵਿਚ ਅਖਿਆ।

'ਰੱਬ ਨੇ ਬਲਾ ਟਾਲੀ, ਖਾਹਮਖਾਹ ਪਸਲੀਆਂ ਭੰਨ ਦੇਂਦਾ ਏ। ਅਜਿਹਾ ਪਿਆਰ ਵੀ ਚੁੱਲ੍ਹੇ ਪਵੇ।'

ਵਡੇਰਾ ਬਰਾਂਡੇ ਵਿਚੋਂ ਲੰਘ ਰਿਹਾ ਸੀ ਕਿ ਹਵੇਲੀ ਦੀ ਖ਼ਾਸ ਨੌਕਰਾਣੀ ਜ਼ਅਫ਼ਰਾਂ ਮਿਲੀ, ਜਿਹਦੇ ਨਾਲ ਕਿਸੇ ਸਮੇਂ ਉਹਦੀ ਛੇੜਛਾੜ ਚੱਲਦੀ ਸੀ, ਬੋਲੀ—

'ਵਡੇਰਿਆ ਬੜਾ ਖ਼ੁਸ਼ ਨਜ਼ਰ ਪਿਆ ਆਉਨਾ ਏਂ ?'

'ਮੁਬਾਰਕ ਹੋਵੇ ਜ਼ਅਫ਼ਰਾਂ, ਅੱਜ ਤੇਰੀ ਵਡੇਰੀ ਨੂੰ ਉਭਾਕ ਆ ਰਹੇ ਨੇ।'

'ਅਜਿਹੇ ਉਭਾਕ ਤਾਂ ਮੈਨੂੰ ਦਿਨ ਵਿਚ ਕਈ ਵਾਰ ਆਉਂਦੇ ਨੇ।'

ਇਹ ਸੁਣ ਕੇ ਗੋਲਡ ਲੀਫ ਦਾ ਪੈਕਟ ਵਡੇਰੇ ਦੇ ਹੱਥੋਂ ਛੁੱਟ ਗਿਆ।

'ਵਡੇਰੀ ਨੇ ਜਾਨ ਛੁਡਾਉਣ ਦਾ ਬਹਾਨਾ ਕੀਤਾ ਹੋਵੇਗਾ।' ਜ਼ਅਫ਼ਰਾਂ ਨੇ ਪੈਕਟ ਚੁੱਕ ਕੇ ਦੇਂਦਿਆਂ ਆਖਿਆ।

'ਬਹਾਨਾ ਕਿਉਂ ਕਰੇਗੀ ? ਉਹਨੂੰ ਤੇ ਮੇਰੇ ਨਾਲ ਬਹੁਤ ਪਿਆਰ ਏ। ਜ਼ਅਫ਼ਰਾਂ ਤੂੰ ਸੜਦੀ ਏਂ।'

'ਮਾਰ ਦੇਂਦੋ ਵਡੇਰਿਆ, ਇੰਜ ਦੀ ਗੱਲ ਨਾ ਕਹਿੰਦੋ।' ਜ਼ਅਫ਼ਰਾਂ ਨੇ ਉਹਦੀਆਂ ਅੱਖਾਂ ਵਿਚ ਅੱਖਾਂ ਪਾਂਦਿਆਂ ਆਖਿਆ—'ਮੈਂ ਕਿਉਂ ਤੇਰੀਆਂ ਖ਼ੁਸ਼ੀਆਂ ਤੋਂ ਸੜਾਂ। ਮੈਂ ਤੇ ਆਪ...।'

ਜ਼ਅਫ਼ਰਾਂ ਵੱਲੇ ਧਿਆਨ ਕੀਤੇ ਬਿਨਾਂ ਵਡੇਰਾ ਇਤਰਾਂਦਾ ਹੋਇਆ ਟੁਰ ਪਿਆ ਪਰ ਜ਼ਅਫ਼ਰਾਂ ਦੀ ਤਨਜ਼ ਭਰੀ ਮੁਸਕਾਨ ਨੇ ਉਹਦੇ ਦਿਲ ਵਿਚ ਸ਼ੁਭੇ ਪੈਦਾ ਕਰ ਦਿੱਤੇ ਸਨ।

ਥੋੜ੍ਹੇ ਦਿਨਾਂ ਨੂੰ ਜਦੋਂ ਜ਼ਅਫ਼ਰਾਂ ਦੀ ਗੱਲ ਸੋਲ੍ਹਾਂ ਆਨੇ ਸੱਚ ਨਿਕਲੀ ਤਾਂ ਸਾਰਾ ਇਸ਼ਕ ਝੱਗ ਵਾਂਗ ਬਹਿ ਗਿਆ। ਨਰਸ 'ਆਪਣੇ ਕੀਤੇ ਦਾ ਕੀ ਇਲਾਜ' ਨੂੰ ਸਾਹਮਣੇ ਰੱਖ ਕੇ ਠੰਡੇ ਸਾਹ ਭਰਦੀ ਰਹਿੰਦੀ ਤੇ ਨਾਲ ਉਸ ਘੜੀ ਨੂੰ ਮੰਦਾ ਬੋਲਦੀ ਜਦੋਂ ਵਡੇਰਾ ਉਹਦੇ ਮਨ ਨੂੰ ਭਾਇਆ ਸੀ।

ਵਡੇਰੇ ਮੁਬਾਰਕ ਅਲੀ ਦੀ ਮਾਂ ਤਾਂ ਪੁੱਤਰ ਨਾਲੋਂ ਵੀ ਦੋ ਛਿੱਤਰ ਅਗਾਂਹ ਸੀ। ਹਰ ਰੋਜ਼ ਵਿਹੜੇ ਵਿਚ ਹੁੱਕਾ ਪੀਂਦਿਆਂ ਨੂੰਹਾਂ ਦਾ ਰੋਣਾ ਰੋਂਦੀ ਰਹਿੰਦੀ।

ਕਿਸੇ ਨੇ ਪੁੱਛਿਆ—'ਬੀਬੀ ਕੀ ਵਡੇਰੇ ਦੇ ਘਰ ਖ਼ੁਸ਼ੀ ਹੋਣ ਵਾਲੀ ਏ ?'

'ਕਿਥੋਂ ਖ਼ੁਸ਼ੀ ਹੋਵੇਗੀ ?' ਉਹਨੇ ਛੇਤੀ ਨਾਲ ਜਵਾਬ ਦਿੱਤਾ। 'ਮੇਰੇ ਪੁੱਤਰ ਨੇ ਅਜਿਹੀਆਂ ਗਾਵਾਂ ਬੰਨ੍ਹੀਆਂ ਹੋਈਆਂ ਨੇ, ਜਿਹੜੀਆਂ ਨਾ ਦੁੱਧ ਜੋਗੀਆਂ ਨੇ ਨਾ ਮੌਤ ਜੋਗੀਆਂ। ਮੈਨੂੰ ਤਾਂ ਇਨ੍ਹਾਂ ਤੋਂ ਆਸ ਈ ਕੋਈ ਨਹੀਂ ਰਹੀ। ਮੇਰੇ ਪੁੱਤਰ ਦੇ ਭਾਗਾਂ ਵਿਚ ਬਾਂਝ ਸਵਾਣੀਆਂ ਈ ਲਿਖੀਆਂ ਹੋਈਆਂ ਨੇ।'

'ਬੀਬੀ...ਤਾਂ ਫੇਰ ਇਕ ਹੋਰ ਵਿਆਹ ਈ ਕਰਾ ਦੇ। ਸ਼ਰ੍ਹਾ ਵਿਚ ਕਾਹਦੀ ਸ਼ਰਮ।'

'ਇਹ ਕਿਵੇਂ ਮੁਮਕਿਨ ਏ। ਅੱਖੀਂ ਵੇਖ ਕੇ ਮੱਖੀ ਕੌਣ ਲੰਘਾਂਦਾ ਏ। ਤਿੰਨ-ਤਿੰਨ ਤਾਂ ਪਹਿਲਾਂ ਈ ਬੈਠੀਆਂ ਨੇ, ਚੌਥੀ ਕੌਣ ਦੇਵੇਗਾ ?'

'ਕਿਉਂ ਨਹੀਂ ਦੇਵੇਗਾ। ਦੌਲਤ ਏ ਤਾਂ ਫੇਰ ਕਾਹਦੀ ਪਰਵਾਹ, ਬਹਿ ਕੇ ਸੁਖ ਨਾਲ ਖਾਵੇ ਪੀਵੇਗੀ। ਐਸ਼ ਕਰੇਗੀ।'

'ਖਾਣ ਪੀਣ ਦਾ ਕੀ ਏ। ਤੇ ਮੈਂ ਕੋਈ ਖਾਣ ਪੀਣ ਲਈ ਥੋੜ੍ਹੀ ਲਿਆਵਾਂਗੀ। ਜਿਸ ਹਰਸਤ ਵਿਚ ਮਰੀ ਜਾ ਰਹੀ ਆਂ, ਬਸ ਉਹ ਪੂਰੀ ਹੋ ਜਾਵੇ।'

ਇਹ ਸੁਣ ਕੇ ਗਵਾਂਢ ਦੀਆਂ ਮਛੇਰਨਾਂ 'ਚੋਂ ਇਕ ਬੋਲੀ—'ਬੀਬੀ ਜੇ ਸਾਡੇ ਵਿਚੋਂ ਕਿਸੇ ਨੂੰ ਵਡੇਰਾ ਘਰ ਪਾ ਲੈਂਦਾ ਤਾਂ ਕੋਠੀ ਭਰ ਬਾਲ ਜੰਮ ਪੈਂਦੇ।'



'ਲਓ, ਸਾਨੂੰ ਕੀ ਪਈ ਏ ਕਿ ਮਛੇਰਨਾਂ ਦਾ ਬਾਲ ਘਰ ਪਾਲੀਏ।' ਵਡੇਰੀ ਅੱਗ ਬਬੂਲਾ ਬਣ ਗਈ।

'ਬੀਬੀ ਇਹ ਘੱਟ ਸੀ ਕਿ ਵਡੇਰੇ ਦੀ ਨਸਲ ਵਧ ਜਾਂਦੀ। ਜਿਹੜੀਆਂ ਖਾਨਦਾਨੀ ਸਵਾਣੀਆਂ ਘਰ ਪਾਈਆਂ ਹੋਈਆਂ ਨੇ, ਉਨ੍ਹਾਂ ਨੇ ਤਾਂ ਖਜੂਰ ਦੀ ਗਿਟਕ ਵੀ ਨਾ ਜੰਮੀ।' ਮਛੇਰਨ ਨੇ ਜਤਾਇਆ।

ਵਡੇਰਨ ਕੋਲੋਂ ਕੋਈ ਜਵਾਬ ਨਾ ਦੇ ਹੋਇਆ ਤਾਂ ਹੁੱਕਾ ਗੜਗੜਾਣ ਲੱਗੀ।

ਰੋਜ਼ ਰੋਜ਼ ਦੇ ਮਿਹਣਿਆਂ ਤੋਂ ਤੰਗ ਆ ਕੇ ਅਖ਼ੀਰ ਵਡੇਰੀ ਨੇ ਆਪਣੇ ਪੁੱਤਰ ਦੇ ਚੌਥੇ ਵਿਆਹ ਦਾ ਫ਼ੈਸਲਾ ਕਰ ਈ ਲਿਆ। ਬੰਦੇ ਨੂੰ ਨਾਇਣ ਵੱਲ ਨਸਾਇਆ ਜਿਹੜੀ ਆਪਣੇ ਲਾਲ ਰੁਮਾਲ 'ਤੇ ਨਸਵਾਰ ਦੀ ਡੱਬੀ ਸਮੇਤ ਫ਼ੌਰਨ ਹਵੇਲੀ ਆਣ ਅੱਪੜੀ ਤੇ ਕਿਰਾਏ ਦੇ ਪੈਸੇ ਸਮੇਟ ਕੇ ਮੁਹਿੰਮ ਉੱਤੇ ਟੁਰ ਪਈ।

ਹੁਣ ਕੁਰਾ ਸ਼ਾਹਿਦਾ ਦੇ ਨਾਂ ਦਾ ਨਿਕਲਿਆ। ਜਿਹਦੀ ਸਭ ਤੋਂ ਵੱਡੀ ਬਦਕਿਸਮਤੀ ਇਹ ਸੀ ਕਿ ਉਹ ਆਪਣੇ ਗ਼ਰੀਬ ਮਾਪਿਆਂ ਦੇ ਮੋਢਿਆਂ ਦਾ ਭਾਰ ਸੀ ਤੇ ਵਿਆਹ ਦੇ ਦੋਹਾਂ ਪਾਸੇ ਦੇ ਖਰਚੇ ਵਡੇਰੇ ਨੇ ਪੂਰੇ ਕਰਨ ਦਾ ਵਾਇਦਾ ਕਰ ਲਿਆ ਸੀ। ਪਰ ਜਦੋਂ ਤੀਕ ਵਿਆਹ ਦੇ ਦਿਨ ਨਾ ਮਿੱਥੇ ਗਏ, ਵਡੇਰੇ ਨੂੰ ਯਕੀਨ ਨਾ ਆਇਆ।

ਜਦੋਂ ਸੁਨਹਿਰੇ ਰੰਗ ਵਾਲੀ ਸ਼ਾਹਿਦਾ ਦੁਲਹਨ ਬਣੀ ਗੱਜ-ਵੱਜ ਕੇ ਹਵੇਲੀ ਦੇ ਵਿਹੜੇ ਲੱਥੀ ਤਾਂ ਉਹਨੂੰ ਆਪਣੇ ਜੀਵਨ ਵਿਚ ਬਹਾਰ ਦੇ ਨਵੇਂ ਬੁੱਲ੍ਹੇ ਜਾਪੇ।

ਇਕ ਪਾਸੇ ਸਵਾਣੀਆਂ ਸੁਰੀਲੇ ਗੀਤ ਛੇੜੀ ਬੈਠੀਆਂ ਸਨ ਤੇ ਦੂਜੇ ਪਾਸੇ ਢੋਲਕੀ ਦੀ ਥਾਪ ਖਲੋਣ ਦਾ ਨਾਂ ਨਹੀਂ ਸੀ ਲੈ ਰਹੀ।

ਗਲੀਚਿਆਂ ਵਿਚ ਝਿਲਮਿਲ ਕੱਪੜੇ ਪਾਈ ਪ੍ਰਾਹੁਣਿਆਂ ਤੋਂ ਪਰ੍ਹਾਂ ਤਿੰਨੋਂ ਸੌਂਕਣਾਂ ਜੁੜੀਆਂ ਚੌਥੀ ਦੇ ਆਉਣ ਮਗਰੋਂ ਇਕੋ ਈ 'ਗਰੇਡ' ਵਿਚ ਆ ਕੇ ਆਪਸ ਵਿਚ ਖੰਡ ਘਿਉ ਹੋ ਗਈਆਂ ਸਨ। ਆਪਣੇ ਦਿਲਾਂ ਦਾ ਗ਼ੁਬਾਰ ਕੱਢ ਰਹੀਆਂ ਸਨ। 'ਅਸਾਂ ਕਿਹੜਾ ਤੀਰ ਮਾਰ ਲਿਆ ਏ ਕਿ ਹੁਣ ਇਹ ਕੁੱਕੜੀ ਆਈ ਏ ਸੋਨੇ ਦੇ ਆਂਡੇ ਦੇਣ।'

'ਜੇ ਉਹਨੇ ਵੀ ਧੁੱਪ ਵਿਚ ਨੰਗੇ ਸਿਰ ਮਾਈ ਦੀਆਂ ਸੱਤ ਪੀੜ੍ਹੀਆਂ ਨੂੰ ਨਾ ਮੰਦਾ ਬੋਲਿਆ ਤਾਂ ਮੇਰੇ ਮੂੰਹ ਉੱਤੇ ਥੁੱਕ ਦਈਂ।'

'ਲਓ ਏਸ ਮਾਈ ਨੂੰ ਵੇਖੋ, ਕਿਵੇਂ ਨੱਚ ਰਹੀ ਏ। ਸਾਡੇ ਵਿਆਹ ਉੱਤੇ ਵੀ ਤਾਂ ਇੰਜੇ ਨੱਚੀ ਸੀ।'

'ਨੱਚਣ ਦਿਉ।' ਪਤਾ ਉਦੋਂ ਚੱਲੇਗਾ ਜਦੋਂ ਚੱਕਰ ਖਾ ਕੇ ਡਿੱਗੇਗੀ।'

ਵਿਆਹ ਦੀਆਂ ਰਸਮਾਂ ਮੁੱਕੀਆਂ ਤਾਂ ਦੁਲਹਾ ਆਪਣੇ ਮਿੱਤਰਾਂ ਯਾਰਾਂ ਤੋਂ ਜਾਨ ਛੁਡਾ ਕੇ ਸੱਜੇ ਸਜਾਏ ਕਮਰੇ ਵਿਚ ਆਇਆ ਤੇ ਦੁਲਹਨ ਦਾ ਘੁੰਗਟ ਚੁੱਕਦਿਆਂ ਬੋਲਿਆ—

'ਉਫ਼ ਅਜਿਹਾ ਹੁਸਨ ਮੈਂ ਪਹਿਲਾਂ ਕਦੇ ਨਹੀਂ ਵੇਖਿਆ। ਮੈਂ ਤੇ ਅਜ਼ਲੋਂ ਤੇਰੀ ਨੇੜਤਾ ਦਾ ਤਸਾ ਆਂ।'

ਇਹ ਮਾਖਿਓਂ ਵਰਗੇ ਮਿੱਠੇ ਬੋਲ ਵੀ ਸ਼ਾਹਿਦਾ ਨੂੰ ਕੌੜੇ ਜਾਪੇ। ਅਲਬੱਤਾ ਲਫ਼ਜ਼ਾਂ ਦੀ ਚੋਣ ਚੰਗੀ ਜਾਪੀ।

'ਜਾਨ! ਅੱਖਾਂ ਖੋਲ੍ਹ ਕੇ ਮੇਰੇ ਵੱਲ ਤਾਂ ਵੇਖ।' ਵਡੇਰੇ ਨੇ ਪੋਪਲੇ ਮੂੰਹ ਤੋਂ ਆਵਾਜ਼ ਕੱਢੀ।

ਦੁਲਹਨ ਨੇ ਜਦੋਂ ਵਡੇਰੇ ਦੀ ਪੋਪਲੀ ਆਵਾਜ਼ ਨੂੰ ਮਹਿਸੂਸ ਕੀਤਾ ਤਾਂ ਉਹ ਕਲੀ ਇਕਦਮ ਮੁਝਾ ਜਿਹੀ ਗਈ। ਦੁੱਖਾਂ ਵਿਚ ਪਲੀ ਕੁੜੀ ਨੂੰ ਯਕੀਨ ਹੋ ਗਿਆ ਕਿ ਬਾਕੀ ਜੀਵਨ ਵੀ ਕੰਡਿਆਂ ਭਰਿਆ ਏ। ਉਹਦੀਆਂ ਅੱਖਾਂ ਵਿਚ ਸਾਉਣ ਭਾਦੋਂ ਦੀ ਝੜੀ ਲੱਗ ਗਈ। ਵਡੇਰੇ ਮੁਬਾਰਕ ਅਲੀ ਨੇ ਘਾਬਰ ਕੇ ਉਹਨੂੰ ਸੀਨੇ ਨਾਲ ਲਾਇਆ ਤੇ ਬੋਲਿਆ—

'ਨਾ ਡਰ ਮੇਰੀ ਜਾਨ, ਮੈਂ ਜਾਣਦਾ ਆਂ ਕਿ ਰਿਸ਼ਤੇਦਾਰਾਂ ਦੀ ਜੁਦਾਈ ਨੇ ਤੈਨੂੰ ਬੇਹਾਲ ਕਰ ਦਿੱਤਾ ਏ। ਘਾਬਰ ਨਾ। ਉਨ੍ਹਾਂ ਨੇ ਛੇਤੀ-ਛੇਤੀ ਮੁਲਾਕਾਤ ਹੋਇਆ ਕਰੇਗੀ। ਏਥੇ ਤੈਨੂੰ ਕੋਈ ਤਕਲੀਫ਼ ਨਹੀਂ ਹੋਵੇਗੀ। ਮੈਂ ਉੱਕਾ ਪੁੱਕਾ ਤੇਰਾ ਆਂ ਤੇ ਜਦੋਂ ਤੀਕ ਸਾਹ ਚੱਲ ਰਿਹਾ ਏ, ਤੇਰਾ ਈ ਰਵ੍ਹਾਂਗਾ। ਤੇਰੇ ਨਾਲ ਪਿਆਰ ਕਦੇ ਘਟ ਨਹੀਂ ਹੋਵੇਗਾ।'

ਨਵੀਂ ਦੁਲਹਨ ਨਾਲ ਵਡੇਰੇ ਦੀ ਚਾਹਤ ਵਿਚ ਦਿਨ-ਬਦਿਨ ਵਾਧਾ ਹੁੰਦਾ ਰਿਹਾ। ਏਧਰੋਂ ਉਧਰੋਂ ਘੁੰਮ ਕੇ ਵੀ ਘੜੀ-ਮੁੜੀ ਉਹਦੇ ਕੋਲ ਆਉਂਦਾ ਤੇ ਮਿੱਠੀਆਂ-ਮਿੱਠੀਆਂ ਗੱਲਾਂ ਬਤਾਂਦਾ। ਸੱਸ ਵੀ ਉਹਨੂੰ ਬਹੁਤ ਪਿਆਰ ਕਰਦੀ ਸੀ ਤੇ ਕਹਿੰਦੀ ਰਹਿੰਦੀ ਸੀ ਕਿ 'ਆਪਣੀ ਨੂੰਹ ਤੋਂ ਵਾਰੀ ਸਦਕੇ ਜਾਵਾਂ। ਮੇਰੀ ਜਿੱਤ ਅਖ਼ੀਰ ਤੇਰੇ ਪਾਰੋਂ ਈ ਹੋਵੇਗੀ। ਅਸੀਂ ਮਾਂ ਪੁੱਤਰ ਤੇਰੇ ਤੋਂ ਈ ਆਸ ਲਾਈ ਬੈਠੇ ਆਂ।' ਇੰਜੇ ਇਕ ਦਿਨ ਵਾਰੀ ਸਦਕੇ ਹੁੰਦਿਆਂ ਸੱਸ ਨੇ ਜਦੋਂ ਨੂੰਹ ਨੂੰ ਗਲੇ ਲਾਣ ਦਾ ਯਤਨ ਕੀਤਾ ਤਾ ਉਹਦੇ ਜਬਾੜੇ ਦੀਆਂ ਹੱਡੀਆਂ ਦੁਲਹਨ ਦੀ ਪੁੜਪੁੜੀ ਵਿਚ ਜਾ ਲੱਗੀਆਂ ਤੇ ਉਹਦੇ ਮੂੰਹੋਂ ਚੀਕ ਨਿਕਲ ਗਈ।

'ਚਾਚੀ...ਚਾਚੀ ਤੂੰ ਮਾਰ ਛੱਡਿਆ। ਮੇਰੀ ਪੁੜਪੁੜੀ ਪਾੜ ਦਿੱਤੀ ਏ।'

'ਖੋਤੀ ਨੂੰ ਵੀ ਕਦੇ ਹਾਰ ਪਵਾਏ ਜਾਂਦੇ ਨੇ।' ਸੱਸ ਅੱਗ ਬਗੋਲਾ ਬਣ ਗਈ। 'ਮੇਰੇ ਗਲੇ ਲੱਗਣ ਨਾਲ ਤੇਰੀ ਪੁੜਪੁੜੀ ਪਾਟ ਰਹੀ ਏ ਖ਼ੂਬ। ਐਨੀ ਨਾਜ਼ੁਕ ਪਰੀ ਏਂ। ਕੰਗਲੇ ਮਾਂ-ਪਿਉ ਦੀ ਧੀ ਏ। ਕੀ ਉਥੇ ਵੀ ਇਹੋ ਨਖ਼ਰੇ ਕਰਦੀ ਸੈਂ ? ਸ਼ੁਕਰ ਕਰ ਮੇਰੇ ਸ਼ਹਿਜਾਦੇ ਨੇ ਤੈਨੂੰ ਵਿਆਹ ਲਿਆਂਦਾ। ਨਹੀਂ ਤੇ ਸਾਰੀ ਕਵਾਰੀ ਬੈਠੀ ਰਹਿੰਦੀਓ।'

ਸੱਸ ਬੁਦਬੁੜਾਂਦੀ ਹੋਈ ਜਦੋਂ ਦੂਜੇ ਕਮਰੇ ਵਿਚ ਟੁਰ ਗਈ ਤਾਂ ਸ਼ਾਹਿਦਾ ਨੇ ਨੌਕਰਾਣੀ ਨੂੰ ਆਵਾਜ਼ ਦਿੱਤੀ। ਉਹ ਦੌੜੀ ਆਈ ਤੇ ਪਰੇਸ਼ਾਨ ਹੋ ਕੇ ਬੋਲੀ, 'ਮੈਂ ਸਦਕੇ! ਕੀ ਹੋਇਆ ਮੇਰੀ ਨਿੱਕੀ ਦੁਲਹਨ ਨੂੰ ?'

'ਤੇਰੀ ਬੁੱਢੀ ਵਡੇਰੀ ਦੇ ਪਿਆਰ ਨੇ ਮੇਰੀ ਜਾਨ ਲੈ ਲਈ।'

'ਹਾਏ ਰੱਬਾ ਕੀ ਹੋਇਆ ?' ਨੌਕਰਾਣੀ ਨੇ ਆਪਣੇ ਪੱਟ ਪਿੱਟ ਲਏ। ਵਡੇਰਾ ਆਵੇਗਾ ਤਾਂ ਕੀ ਆਖੇਗਾ ?'

'ਉਹ ਆ ਕੇ ਕੀ ਕਰੇਗਾ ? ਕਾਂ ਦੇ ਖੰਭ ਸੋਨੇ ਦੇ ਹੁੰਦੇ ਤਾਂ ਉਡਦਿਆਂ ਨਜ਼ਰ ਆਉਂਦੇ।'

'ਬੀਬੀ ਅਜਿਹੀ ਮਿਸਾਲ ਤਾਂ ਅਸਾਂ ਨਹੀਂ ਸੁਣੀ। ਉਹ ਤਾਂ ਕੁਝ ਹੋਰ ਈ ਏ।'

'ਛੇਤੀ ਕਰ, ਕੋਈ ਚੀਜ਼ ਲਿਆ ਕੇ ਦੇ ਮੈਂ ਪੁੜਪੁੜੀ ਸੇਕਾਂ।'

'ਅੱਧੀ ਰਾਤ ਨੂੰ ਜਦੋਂ ਵਡੇਰਾ ਬਿਸਤਰੇ ਉੱਤੇ ਬੇਚੈਨੀ ਨਾਲ ਕਰਵਟਾਂ ਬਦਲ ਰਿਹਾ ਸੀ, ਉਹਦੀ ਕੂਹਣੀ ਸ਼ਾਹਿਦਾ ਨੂੰ ਜਾ ਲੱਗੀ, ਜਿਹੜੀ ਨੀਂਦਰ ਵਿਚ ਬੇਜ਼ਾਰੀ ਨਾਲ ਚੀਕ ਪਈ।

'ਕੀ ਕਰਦਾ ਏਂ ਵਡੇਰਿਆ। ਮੇਰੀਆਂ ਪਸਲੀਆਂ ਭੰਨ ਛੱਡੀਆਂ।'

'ਕੀੜਾ' ਵਡੇਰੇ ਨੇ ਕਰ੍ਹਦਿਆਂ ਹੋਇਆ ਨਿਰਾ ਐਨਾ ਆਖਿਆ। ਉਹ ਛਾਲ ਮਾਰ ਕੇ ਬਿਸਤਰੇ ਤੋਂ ਕੁੱਦ ਪਈ ਤੇ ਦਹਿਸ਼ਤ ਭਰੀਆਂ ਨਜ਼ਰਾਂ ਨਾਲ ਚਾਦਰ ਵੇਖਣ ਲੱਗੀ।

'ਡਰ ਨਾ ਬਿਸਤਰੇ ਵਿਚ ਕੀੜਾ ਨਹੀਂ ਏ।'

'ਤੂੰ ਸੁਫ਼ਨੇ ਵਿਚ ਵੇਖਿਆ ਏ ਕੀੜਾ ?'

ਮੈਂ ਐਨਾ ਬਦ ਜ਼ੌਕ ਨਹੀਂ ਆਂ ਕਿ ਸੁਫ਼ਨੇ ਵਿਚ ਕੀੜੇ ਵੇਖਾਂ। ਮੈਂ ਇਹ ਆਖ ਰਿਹਾ ਸਾਂ ਕਿ ਜਾੜ੍ਹ ਦੇ ਕੀੜੇ ਨੇ ਦਰਦ ਨਾਲ ਬੇਹਾਲ ਕਰ ਦਿੱਤਾ ਏ। ਰੱਬਾ...।' ਉਹ ਕਰ੍ਹਿਨ ਲੱਗ ਪਿਆ।

'ਦੰਦਾਂ ਵਿਚ ਵੀ ਕੀੜੇ ਪੈ ਗਏ। ਬਸ ਵਡੇਰੇ ਤੂੰ ਗਿਆ।'

'ਕਿਉਂ ਜਾਵਾਂ ਮੈਂ...ਚੰਗੀ ਗੱਲ ਮੂੰਹੋਂ ਕੱਢਿਆ ਕਰ। ਕਦੇ ਕਦੇ ਕਬੋਲੀਅਤ ਦਾ ਸਮਾਂ ਵੀ ਹੁੰਦਾ ਏ।'



ਫੇਰ ਦਰਦ ਨੂੰ ਬਰਦਾਸ਼ਤ ਕਰਦਿਆਂ ਆਕੜ ਕੇ ਬੋਲਿਆ—'ਸਵੇਰੇ ਈ ਜਾ ਕੇ ਏਸ ਜਾੜ੍ਹ ਨੂੰ ਕਢਵਾ ਦਿਆਂਗਾ।'

'ਕਿਥੇ ਜਾਏਂਗਾ ਜੰਬੂਰ ਨਾਲ ਕਢਵਾਣ। ਇਹ ਆਪੇ ਈ ਡਿੱਗ ਜਾਣਗੇ।'

'ਮੈਂ ਐਨਾ ਬੁੱਢਾ ਵੀ ਨਹੀਂ ਆਂ।'

'ਹੁਣ ਕਿਹੜੀ ਜਵਾਨੀ ਟੁੱਟ ਰਹੀ ਏ ਤੇਰੇ ਉੱਤੇ।'

'ਸਿਰ ਨਾ ਖਾ। ਜਾ ਸੌਂ ਜਾ।' ਇਹ ਆਖ ਕੇ ਉਹ ਜਿਉਂ ਈ ਉੱਠਿਆ, ਲੱਕ ਦੇ ਭਾਰ ਥੱਲੇ ਜਾ ਡਿੱਗਿਆ। ਦੁਲਹਨ ਨੇ ਉੱਠ ਕੇ ਸਹਾਰਾ ਦੇਣ ਦਾ ਯਤਨ ਕੀਤਾ ਤਾਂ ਵਡੇਰੇ ਨੇ ਹੱਥ ਝਟਕ ਦਿੱਤਾ ਤੇ ਬੋਲਿਆ, 'ਤੇਰੀਆਂ ਪੁੱਠੀਆਂ ਸਿੱਧੀਆਂ ਗੱਲਾਂ ਵਿਚ ਉਲਝ ਕੇ ਪੈਰ ਤਿਲਕ ਗਿਆ ਨਹੀਂ ਤੇ ਮੈਂ ਕੋਈ ਬੱਜਲ ਤਾਂ ਨਹੀਂ ਕਿ ਤੂੰ ਮੈਨੂੰ ਚੁੱਕੇਂ।'

'ਪੈਰ ਤਿਲਕ ਗਿਆ ਜਾਂ ਗੋਡਾ ਤਿਲਕ ਗਿਆ ?' ਦੁਲਹਨ ਨੇ ਤਨਜ਼ ਕੀਤਾ।

'ਗੋਡਾ ਕਿਉਂ ਤਿਲਕੇਗਾ। ਇਹ ਤਾਂ ਬਾਦੀ ਦੀ ਪੀੜ ਏ ਨਹੀਂ ਤੇ ਮੈਂ ਕੋਈ ਬੁੱਢਾ ਥੋੜ੍ਹੀ ਆਂ ਕਿ ਹੁਣੇ ਤੋਂ ਮੇਰੇ ਗੋਡੇ ਟੁੱਟ ਜਾਣ। ਉਹਨੇ ਪੱਟੀ ਫੜ ਕੇ ਉੱਠਣ ਦਾ ਯਤਨ ਕੀਤਾ ਤਾਂ ਨਾਲ ਪਿਆ ਹੋਇਆ ਚਾਂਦੀ ਦਾ ਗਲਾਸ ਛਨਾ ਕੇ ਨਾਲ ਥੱਲੇ ਜਾ ਪਿਆ।

'ਅੱਧੀ ਰਾਤੀਂ ਕੀ ਰੌਲਾ ਪਾਇਆ ਹੋਇਆ ਏ। ਕੀ ਚਾਹੀਦਾ ਏ ? ਮੈਨੂੰ ਆਖ, ਮੈਂ ਦੇ ਦਿਆਂ।'

'ਅਲਮਾਰੀ ਵਿਚ ਜਾੜ੍ਹ ਦੀ ਦਵਾਈ ਮਿਲ ਜਾਵੇ ਤਾਂ ਲੈ ਆ।' ਉਹਨੇ ਪਲੰਘ 'ਤੇ ਬਹਿੰਦਿਆਂ ਆਖਿਆ। ਕਮਰੇ ਦੀਆਂ ਚਾਰੇ ਬੱਤੀਆਂ ਬਾਲਣ ਦੇ ਬਾਵਜੂਦ ਦੁਲਹਨ ਨੂੰ ਦਵਾਈ ਨਾ ਦਿਸੀ ਤਾਂ ਅਖ਼ੀਰ ਸੱਸ ਦੀ ਨਸਵਾਰ ਦੀ ਡੱਬੀ ਵਿਚੋਂ ਚੁਟਕੀ ਭਰ ਨਾਸ ਲੈ ਆਈ ਤੇ ਵਡੇਰੇ ਦੀ ਜਾੜ੍ਹ ਵਿਚ ਭਰ ਦਿੱਤੀ।

'ਕਾਸ਼! ਤੇਰੇ ਸੁੰਦਰ ਹੱਥਾਂ ਸਦਕੇ ਪੀੜ ਘਟ ਜਾਵੇ।' ਉਹਨੇ ਲੇਟਦਿਆਂ ਹੋਇਆਂ ਆਖਿਆ।

ਉਹ ਵੀ ਨਾਲ ਬਹਿ ਗਈ। ਜਦੋਂ ਉਹਨੇ ਵੇਖਿਆ ਕਿ ਵਡੇਰੇ ਦੇ ਮੂੰਹੋਂ ਰੰਗ ਬਰੰਗੀ ਫੂੰ ਫਾਂ ਦੀਆਂ ਆਵਾਜ਼ਾਂ ਨਿਕਲਣ ਲੱਗੀਆਂ ਨੇ ਤਾਂ ਉਹ ਸਮਝ ਗਈ ਕਿ ਵਡੇਰੇ ਨੂੰ ਨੀਂਦਰ ਆ ਗਈ ਏ, ਪਰ ਉਹਦੀ ਆਪਣੀ ਨੀਂਦਰ ਉੱਡ ਗਈ ਹੋਈ ਸੀ ਤੇ ਤਕਲੀਫ਼ਦਾਇਕ ਸੋਚਾਂ ਨੇ ਉਹਨੂੰ ਘੇਰ ਲਿਆ ਸੀ। ਜ਼ਾਹਰੀ ਤੌਰ 'ਤੇ ਉਹ ਬੜੇ ਰੋਅਬ ਦਾਬ ਨਾਲ ਰਹਿੰਦੀ ਸੀ ਪਰ ਹਕੀਕਤ ਇਹ ਸੀ ਕਿ ਉਹਨੇ ਕਦੇ ਸੁੱਖ ਦਾ ਸਾਹ ਨਹੀਂ ਸੀ ਲਿਆ। ਇਹ ਜੀਵਨ ਜਿਵੇਂ ਦਾ ਵੀ ਸੀ, ਉਹਨੇ ਮੁਕਦੱਰ ਦਾ ਲੇਖਾ ਸਮਝ ਕੇ ਜਿਵੇਂ ਤਿਵੇਂ ਗੁਜ਼ਾਰਨ ਦਾ ਫ਼ੈਸਲਾ ਕਰ ਲਿਆ ਸੀ ਪਰ ਇਕ ਆਸਰੇ 'ਤੇ ਇਕ ਸਹਾਰੇ ਉੱਤੇ।

ਜਦੋਂ ਕਾਫ਼ੀ ਦਿਨ ਬੀਤ ਗਏ ਤਾਂ ਉਹਨੂੰ ਯਕੀਨ ਹੋ ਗਿਆ ਕਿ ਏਸ ਬਾਗੇ ਵਿਚ ਕਦੇ ਫੁੱਲ ਨਹੀਂ ਖਿੜਨਗੇ। ਉਹਦੇ ਭਾਗਾਂ ਵਿਚ ਕੰਡੇ ਈ ਕੰਡੇ ਨੇ। ਉਹਨੇ ਪੱਕ ਕਰ ਲਿਆ ਕਿ ਹੁਣ ਵਡੇਰੇ ਨਾਲ ਸਖ਼ਤ ਸੁਭਾਅ ਵਰਤੇਗੀ।

ਸਵੇਰ ਹੁੰਦਿਆਂ ਈ ਉਹਨੇ ਆਪਣੇ ਫ਼ੈਸਲੇ ਉੱਤੇ ਅਮਲ ਕਰਦਿਆਂ ਹੋਇਆਂ ਵਡੇਰੇ ਨੂੰ ਝੰਜੋੜ ਛੱਡਿਆ। ਅਜੇ ਉਹਨੇ ਸਿਗਰਟ ਦਾ ਸੂਟਾ ਵੀ ਨਹੀਂ ਸੀ ਲਾਇਆ ਕਿ ਉਹ ਬੋਲੀ, 'ਵਡੇਰੇ ਮੇਰੀਆਂ ਲੋੜਾਂ ਦਾ ਵੀ ਖ਼ਿਆਲ ਰੱਖਿਆ ਕਰ। ਕੀ ਸਵੇਰੇ ਸ਼ਾਮੀਂ ਬੈਠਾ ਸਿਗਰਟ ਫੂਕਦਾ ਰਹਿੰਦਾ ਏ।'

'ਏਸ ਨਿੱਕੇ ਜਿਹੇ ਕਸਬੇ ਵਿਚ ਵੀ ਮੈਂ ਤੈਨੂੰ ਮਲਕਾਵਾਂ ਵਾਂਗ ਆਰਾਮ ਸੁੱਖ ਨਾਲ ਰੱਖਿਆ ਏ। ਹੁਣ ਹੋਰ ਕੀ ਚਾਹੀਦਾ ਏ ?'

'ਮੈਨੂੰ ਨਿਰਾ ਦਿਲ ਦਾ ਚੈਨ ਚਾਹੀਦਾ ਏ। ਵਰ੍ਹੇ ਗੁਜ਼ਰ ਗਏ ਨੇ ਵਡੇਰੇ। ਹੁਣ ਮੈਥੋਂ ਸਹਾਰ ਨਹੀਂ ਹੁੰਦਾ। ਮੈਂ ਚਾਂਹਦੀ ਆਂ ਕਿ ਕੋਈ ਮੈਨੂੰ ਅੰਮੀ ਆਖ ਕੇ ਸੱਦੇ।'

'ਅੱਲ੍ਹਾ ਤੋਂ ਆਸ ਰੱਖ।' ਉਹਨੇ ਸਿਗਰਟ ਦਾ ਅਖ਼ੀਰ ਲਾ ਸੂਟਾ ਲਾ ਕੇ ਸੁੱਟਦਿਆਂ ਆਖਿਆ, 'ਵਜ਼ੀਫ਼ਾ ਤਾਂ ਹਰ ਜੁੰਮੇਰਾਤ ਨੂੰ ਪੜ੍ਹਦਾ ਆ।'

'ਇਹ ਜੁੰਮੇਰਾਤ ਦਾ ਕੀ ਸ਼ੋਸ਼ਾ ਛੱਡਿਆ ਏ ਤੂੰ ?'

'ਏਸ ਵਿਸ਼ੇ ਦਾ ਤੈਨੂੰ ਆਪੇ ਈ ਪਤਾ ਲੱਗ ਜਾਏਗਾ। ਅਖ਼ੀਰ ਆਪਣੇ ਮੌਜ਼ਨ ਸਾਵਣ ਦੇ ਵੀ ਤਾਂ ਕਿਸੇ ਕਾਰਨ ਈ ਅਠਾਰਾਂ ਬਾਲ ਹੋਏ ਸਨ।' ਉਹਨੇ ਅੱਖ ਦਬਾਂਦਿਆਂ ਸਿਰ ਹਿਲਾਂਦਿਆਂ ਆਖਿਆ।

'ਇਹ ਦਿਲਾਸੇ ਕਿਸੇ ਹੋਰ ਨੂੰ ਦੇ।'

'ਨਹੀਂ ਅਜਿਹੀ ਕੋਈ ਗੱਲ ਨਹੀਂ, ਤੂੰ ਵੇਖੀਂ।'

'ਵੇਖਾਂਗੀ ਤੂੰ ਕੀ ਫੁੱਲ ਖਿੜਾਂਦਾ ਏਂ।'

'ਅੱਲ੍ਹਾ ਉੱਤੇ ਛੱਡੇ ਦੇ।' ਉਹ ਸ਼ਿਕਾਰ ਦੀ ਨੀਅਤ ਨਾਲ ਸਵੇਰੇ ਸਵੇਰੇ ਬਿਸਤਰੇ ਤੋਂ ਉੱਠ ਖਲੋਤਾ ਸੀ।

'ਰਾਤੀਂ ਤਾਂ ਪੀੜ ਨਾਲ ਕੁਰਲਾ ਰਿਹਾ ਸੈਂ। ਹੁਣ ਸ਼ਿਕਾਰ ਲਈ ਕਿਥੇ ਚੱਲਿਆ ਏਂ ?'

'ਅਜਿਹੇ ਦਰਦ ਸਾਡਾ ਸਖ਼ਤ ਜਾਨਾਂ ਦਾ ਕੀ ਵਿਗਾੜ ਲੈਣਗੇ।' ਇਹ ਆਖਦਾ ਉਹ ਸੀਨਾ ਤਾਣੀਂ ਕਾਰਤੂਸ ਦੀ ਪੇਟੀ ਚੁੱਕ, ਬੰਦੂਕ ਨੂੰ ਆਪਣੇ ਖੱਬੇ ਮੋਢੇ ਉੱਤੇ ਲਮਕਾਈ ਜੀਪ ਵਿਚ ਜਾ ਬੈਠਾ, ਜਿਥੇ ਦੋ ਚਾਰ ਬੰਦੇ ਪਹਿਲਾਂ ਈ ਉਹਦੀ ਉਡੀਕ ਵਿਚ ਬੈਠੇ ਸਨ।

ਇੰਜੇ ਪੂਰੀਆਂ ਸੋਲ੍ਹਾਂ ਜੁੰਮੇਰਾਤਾਂ ਬੀਤ ਗਈਆਂ ਪਰ ਕੋਈ ਸਿੱਟਾ ਨਾ ਨਿਕਲਿਆ। ਸ਼ਾਹਿਦਾ ਦੇ ਮਿਹਣਿਆਂ ਵਿਚ ਉਹ ਸਾਰੇ ਸ਼ੌਕ ਵੀ ਭੁਲਾ ਬੈਠਾ ਸੀ। ਬਸ ਪਿਆ ਰਹਿੰਦਾ। ਏਸ ਦੌਰਾਨ ਮੁਜ਼ਾਰੇ ਆ ਕੇ ਆਖਦੇ ਕਿ ਸਾਈਂ! ਫ਼ਸਲ ਡੁੱਬ ਰਹੀ ਏ ਤਾਂ ਜਵਾਬ ਦੇਂਦਾ—'ਡੁੱਬਣ ਦਿਓ।'

ਅਖ਼ੀਰ ਜ਼ਮੀਨਾਂ ਦਾ ਕੰਮ ਉਹਦੇ ਰਿਸ਼ਤੇ ਦੇ ਭਰਾਵਾਂ ਨੇ ਸਾਂਭ ਲਿਆ।

ਮਾਂ ਦੇ ਕਹਿਣ ਉੱਤੇ ਉਹਨੇ ਇਹ ਨਵੀਂ ਜੋਕ ਲਵਾਈ ਸੀ। ਪਹਿਲੀਆਂ ਬੀਵੀਆਂ ਤਾਂ ਭਾਗਾਂ ਦਾ ਲੇਖਾ ਸਮਝ ਕੇ ਚੁੱਪ ਹੋ ਗਈਆਂ ਸਨ। ਪਰ ਏਸ ਨੇ ਵਡੇਰੇ ਦੀ ਬੋਲਣੀ ਬੰਦ ਕਰ ਦਿੱਤੀ ਸੀ। ਦਿਨ ਰਾਤ ਚਿਲਕਦੀ ਰਹਿੰਦੀ ਸੀ ਪਰ ਏਸ ਸਾਰੀ ਚੀਕ ਪੁਕਾਰ ਦਾ ਵਡੇਰਾ ਸਿਰਫ਼ ਇਹੋ ਜਵਾਬ ਦੇਂਦਾ ਸੀ।

'ਮੈਂ ਕੀ ਕਰਾਂ, ਮੇਰੇ ਵੱਸ ਵਿਚ ਤਾਂ ਕੁਝ ਨਹੀਂ ਏ। ਮੈਂ ਮੌਲਵੀ ਮੁੱਲਾਂ ਸਭ ਅਜ਼ਮਾ ਲਏ ਨੇ। ਸਭ ਈ ਜੁੰਮੇਰਾਤ ਦਾ ਵਜ਼ੀਫ਼ਾ ਦੱਸਦੇ ਨੇ। ਅਖ਼ੀਰ ਇਹ ਵੀ ਨੇਕ ਫ਼ਾਲ ਤਾਂ ਹੋਵੇਗੀ ਈ।'

'ਜੁੰਮੇਰਾਤ ਦੇ ਚੱਕਰ ਵਿਚ ਕਿਉਂ ਆ ਗਿਆ ਏਂ। ਕਿਸੇ ਹਕੀਮ ਕੋਲ ਕਿਉਂ ਨੀਂ ਜਾਂਦਾ ?' ਸ਼ਾਹਿਦਾ ਦੀ ਏਸ ਗੱਲ ਨਾਲ ਉਹਦੀ ਮਰਦਾਨਗੀ ਉੱਤੇ ਸੱਟ ਵੱਜੀ।

'ਮੈਂ ਕੀ ਇਲਾਜ ਕਰਾਵਾਂ। ਮੈਂ ਤੇ ਠੀਕ ਠਾਕ ਆਂ। ਤੁਸੀਂ ਸਵਾਣੀਆਂ ਆਪਣਾ ਇਲਾਜ ਕਰਾਓ।'

'ਅਜਿਹਾ ਘਮੰਡ ਨਾ ਕਰ ਵਡੇਰਿਆ। ਚਾਰਾਂ ਵਿਚ ਤਾਂ ਐਬ ਨਹੀਂ ਹੋ ਸਕਦਾ। ਇਕੋ ਵਿਚ ਈ ਹੋ ਸਕਦਾ ਏ।'

'ਮੈਨੂੰ ਕੀ ਪਤਾ। ਮੈਂ ਕੋਈ ਦਾਈ ਤਾਂ ਨਹੀਂ ਆਂ।'

'ਔਲਾਦ ਨਾ ਹੋਣ ਦਾ ਇਹ ਮਤਲਬ ਨਹੀਂ ਕਿ ਕੋਈ ਐਬ ਏ। ਇਹ ਤਾਂ ਰੱਬ ਦੀ ਦੇਣ ਏ। ਕਿਸੇ ਨੂੰ ਦੇਵੇ, ਕਿਸੇ ਨੂੰ ਨਾ ਦੇਵੇ। ਅਜਿਹੇ ਵੀ ਸ਼ਰੀਫ਼ ਲੋਕ ਨੇ, ਜਿਹੜੇ ਸਬਰ ਨਾਲ ਬੈਠੇ ਨੇ। ਬੀਵੀ ਵਿਚ ਖ਼ਰਾਬੀ ਹੁੰਦੀ ਤਾਂ ਦੂਜਾ ਵਿਆਹ ਕਰਾ ਲੈਂਦੇ ਨੇ। ਤੂੰ ਜਾਣ ਬੁਝ ਕੇ ਚਾਰ ਜੀਵਨ ਬਰਬਾਦ ਕਰ ਛੱਡੇ ਨੇ। ਫੇਰ ਵੀ ਆਪਣਾ ਇਲਾਜ ਨਹੀਂ ਕਰਾਂਦਾ। ਅਖ਼ੀਰ ਸੱਭੇ ਈ ਤਾਂ ਬਾਂਝ ਨਹੀਂ ਹੋ ਸਕਦੀਆਂ। ਹਕੀਮ ਨਾਲ ਮਸ਼ਵਰਾ ਕਰਨ ਨਾਲ ਕਿਹੜੀ ਬੇਇਜ਼ਤੀ ਹੋ ਜਾਵੇਗੀ।'

'ਬਹੁਤ ਤਕਰੀਰ ਕਰ ਲਈ। ਹੁਣ ਚੁੱਪ ਰਹਿ ਕਿਧਰੇ ਚੱਕਰ ਨਾ ਆ ਜਾਣ।'



'ਚੱਕਰ ਮੈਨੂੰ ਤਾਂ ਨਹੀਂ...।' ਦਸਤਰ ਖ਼ਾਨ ਵਿਛਾਉਣ ਲਈ ਆਉਣ ਵਾਲੀ ਨੌਕਰਾਣੀ ਨੂੰ ਵੇਖ ਕੇ ਲਫ਼ਜ਼ ਉਹਦੇ ਮੂੰਹ ਵਿਚ ਈ ਰਹਿ ਗਏ।

ਮੁਬਾਰਕ ਅਲੀ ਨੇ ਹਕੀਮ ਕੋਲ ਜਾਣ ਤੋਂ ਬਹੁਤ ਜਾਨ ਛੁਡਾਈ ਪਰ ਸ਼ਾਹਿਦਾ ਨੇ ਉਹਨੂੰ ਘੱਲ ਕੇ ਈ ਸਾਹ ਲਿਆ।

ਵਡੇਰਾ ਜਦੋਂ ਹਕੀਮ ਵੱਲੋਂ ਪਰਤਿਆ ਤਾਂ ਉਹਦੇ ਪੈਰ ਲੜਖੜਾ ਰਹੇ ਸਨ।

'ਹਕੀਮ ਨੇ ਕੀ ਆਖਿਆ ?' ਉਹਨੂੰ ਵੇਖਦਿਆਂ ਈ ਸ਼ਾਹਿਦਾ ਨੇ ਹੰਬਲ ਕੇ ਪੁੱਛਿਆ।

'ਹਕੀਮ ਨੇ ਤਾਂ ਮੈਨੂੰ ਵੱਡੇ ਜੰਜਾਲ ਵਿਚ ਪਾ ਛੱਡਿਆ ਏ।' ਉਹਨੇ ਸੋਫ਼ੇ ਉੱਤੇ ਬਹਿੰਦਿਆਂ ਆਖਿਆ।

'ਕਿਹਾ ਜੰਜਾਲ ? ਜਿਹੜੀ ਗੱਲ ਏ ਸਾਫ਼ ਸਾਫ਼ ਦੱਸ। ਦਿਲ ਵਿਚ ਈ ਕਿਉਂ ਘੁੱਟ ਰਿਹਾ ਏਂ ?'

'ਮੇਰੀ ਜਾਨ...।' ਇਹ ਆਖ ਕੇ ਉਹਨੇ ਹੱਥ ਵਿਚ ਦਿੱਤੀ ਹਕੀਮ ਦੀ ਵੱਡੀ ਜਿਹੀ ਪੁੜੀ ਨੂੰ ਵੇਖਿਆ ਤੇ ਸੋਚ ਵਿਚ ਡੁੱਬ ਗਿਆ।

'ਕਿਉਂ ਕਿਸੇ ਸੋਚ ਵਿਚ ਪੈ ਗਿਆ ਏਂ ? ਅਜਿਹੀ ਕਿਹੜੀ ਗੱਲ ਹੋ ਗਈ ?' ਉਹ ਨਾਲ ਆ ਬੈਠੀ।

'ਠੀਕ ਗੱਲ ਦੱਸਾਂ ? ਹਕੀਮ ਨੇ ਆਖਿਆ ਏ ਕਿ ਮੇਰੇ ਵਿਚ ਈ ਥੋੜ੍ਹੀ ਜਹੀ ਖ਼ਰਾਬੀ ਏ।' ਉਹਨੇ ਝਕਦਿਆਂ ਹੋਇਆਂ ਆਖਿਆ।

'ਮੋਏ...ਰੋਗੀ...ਤਾਂ ਮੇਰੇ ਨਾਲ ਵਿਆਹ ਕਿਉਂ ਕੀਤਾ ਸੀ ? ਮੇਰਾ ਚੰਗੀ ਭਲੀ ਕੁੜੀ ਦਾ ਜੀਵਨ ਉਜਾੜ ਦਿੱਤਾ।' ਇਹ ਆਖ ਕੇ ਉਹਨੇ ਆਪਣਾ ਮੂੰਹ ਪਿੱਟਣਾ ਸ਼ੁਰੂ ਕਰ ਦਿੱਤਾ।

'ਹਾਏ ਮੈਨੂੰ ਕੀ ਪਤਾ ਸੀ ਕਿ ਮੇਰੇ ਘਰ ਵਾਲੇ ਮੈਨੂੰ ਬੱਤੀ ਬਿਮਾਰੀਆਂ ਵਾਲੇ ਮਗਰਮੱਛ ਦੇ ਮੂੰਹ ਵਿਚ ਦੇ ਰਹੇ ਨੇ।' ਉਹਦੀਆਂ ਅੱਖਾਂ ਵਿਚੋਂ ਅੱਥਰੂ ਵਗਣ ਲੱਗੇ।

'ਮੇਰੀ ਜਾਨ ਰੋ ਨਾ। ਮੇਰੀ ਪੂਰੀ ਗੱਲ ਤੇ ਸੁਣ।' ਵਡੇਰਾ ਘਘਆਇਆ, 'ਬਸ ਥੋੜ੍ਹੀ ਜਿਹੀ ਖ਼ਰਾਬੀ ਏ...।'

ਸ਼ਾਹਿਦਾ ਨੇ ਗੱਲ ਕੱਟ ਕੇ ਆਖਿਆ, 'ਉਹ ਵਿਚਾਰੀਆਂ ਤਿੰਨੋਂ ਸਾਬਰ ਤੇ ਮਾਸੂਮ ਕੁੜੀਆਂ ਸਨ, ਜਿਨ੍ਹਾਂ ਨੇ ਤੇਰੇ ਦਰ ਉੱਤੇ ਵਾਲ ਚਿੱਟੇ ਕਰ ਲਏ ਤੇ ਦੁਨੀਆ ਜਹਾਨ ਦੇ ਮਿਹਣੇ ਸੁਣ ਕੇ ਵੀ ਚੁੱਪ ਰਹੀਆਂ। ਪਰ ਮੈਂ ਚੁੱਪ ਨਹੀਂ ਰਵ੍ਹਾਂਗੀ।' ਉਹਨੇ ਨਿਡਰਤਾ ਨਾਲ ਆਖਿਆ।

'ਔਲਾਦ ਲਈ ਤੂੰ ਆਪਣੇ ਖਾਵੰਦ ਨੂੰ ਬਦਨਾਮ ਕਰੇਂਗੀ।'

'ਮੈਂ ਕੀ ਕਸੂਰ ਕੀਤਾ ਏ ਕਿ ਤੂੰ ਮੇਰਾ ਜੀਵਨ ਤਬਾਹ ਕਰ ਛੱਡਿਆ। ਸ਼ਰੀਅਤ ਵਿਚ ਤਾਂ ਅਜਿਹੀ ਸ਼ਾਦੀ ਜਾਇਜ਼ ਈ ਨਹੀਂ।'

'ਤੂੰ ਮੇਰੇ ਅਪਰੇਸ਼ਨ ਤਕ ਤਾਂ ਸਬਰ ਕਰ ਲਏ। ਨਾ ਮੈਨੂੰ ਬਦਨਾਮ ਕਰ ਤੇ ਨਾ ਆਪ...।'

'ਏਸ ਬੁਢਾਪੇ ਵਿਚ ਅਪਰੇਸ਼ਨ ਕਰਵਾ ਕੇ ਆਪਣੀ ਖਲ ਲਵ੍ਹਾਏਂਗਾ...ਤੇ ਫੇਰ ਲੱਭਤ ਕੀ ਹੋਵੇਗੀ...?'

'ਤਾਂ ਫੇਰ ਕੀ ਕਰਾਂ। ਤੇਰੇ ਲਈ ਹਕੀਮਾਂ ਤੀਕਰ ਤਾਂ ਅੱਪੜ ਗਿਆ ਸਾਂ।'

'ਮੈਂ ਸਾਰੀ ਉਮਰ ਜਵਾਨ ਤਾਂ ਨਹੀਂ ਰਵ੍ਹਾਂਗੀ ਤੇ ਤੂੰ ਵੀ ਹਮੇਸ਼ਾ ਤਾਂ ਨਹੀਂ ਰਵ੍ਹੇਂਗਾ। ਬੁਢਾਪੇ ਵਿਚ ਤਾਂ ਆਪਣੀ ਔਲਾਦ ਈ ਕੰਮ ਆਉਂਦੀ ਏ।'

'ਮੇਰੀ ਜਾਨ! ਸਾਡੇ ਕੋਲ ਬੇਇੰਤਹਾ ਦੌਲਤ ਏ। ਔਲਾਦ ਦਾ ਕੀ ਕਰੇਂਗੀ ?'

'ਮੈਂ ਦੌਲਤ ਉੱਤੇ ਥੁੱਕਦੀ ਆਂ। ਮੇਰੇ ਸੱਦਣ ਉੱਤੇ ਦੌਲਤ ਤਾਂ ਦੌੜੀ ਨਹੀਂ ਆਵੇਗੀ। ਔਲਾਦ ਰੋਗ ਅਜ਼ਾਰ ਵੇਲੇ ਕੰਮ ਆਉਂਦੀ ਏ। ਇਹ ਬੰਗਲੇ ਹਵੇਲੀਆਂ ਕਿਸ ਕੰਮ ਦੇ ?'

'ਇੰਜ ਦੀਆਂ ਗੱਲਾਂ ਨਾ ਕਰ, ਕੁਝ ਤਾਂ ਸ਼ਰਮ ਕਰ।'

ਉਹ ਕੁਝ ਦੇਰ ਸੋਚੀਂ ਡੁੱਬੀ ਰਹੀ, ਫੇਰ ਬੋਲੀ—'ਓੜਕ ਸ਼ਰਾਹ ਤੈਨੂੰ ਚਾਰ ਵਿਆਹਾਂ ਦੀ ਇਜਾਜ਼ਤ ਦੇਂਦੀ ਏ ਤਾਂ ਮੈਨੂੰ ਵੀ ਤਿੰਨ ਬੋਲ ਲੈ ਲੈਣ ਦਾ ਹੱਕ ਏ ਤਾਂ ਜੋ ਉਹਦੇ ਬਾਅਦ ਮੈਂ ਵੀ ਕਿਸੇ ਠਿਕਾਣੇ ਜਾ ਲੱਗਾਂ।'

ਵਡੇਰਾ ਮੁਬਾਰਕ ਅਲੀ ਜਿਹੜਾ ਹੁਣ ਤੀਕ ਨਰਮੀ ਨਾਲ ਬੋਲ ਰਿਹਾ ਸੀ, ਇਕਦਮ ਭੁੜਕ ਪਿਆ। ਦਵਾਈ ਦੀ ਪੁੜੀ ਬਾਰੀ ਥਾਣੀਂ ਬਾਹਰ ਸੁੱਟ ਕੇ ਸ਼ਾਹਿਦਾ ਨੂੰ ਲੱਤ ਮਾਰਦਿਆਂ ਹੋਇਆ ਬੋਲਿਆ—

'ਔਲਾਦ ਦਾ ਐਨਾ ਈ ਚਾਅ ਏ ਤਾਂ ਪੂਰੀ ਹਵੇਲੀ ਭਰੀ ਪਈ ਏ। ਜਾ ਕੇ ਮੂੰਹ ਕਾਲਾ ਕਰ ਲੈ। ਜੇ ਤਲਾਕ ਦੀ ਗੱਲ ਕੀਤੀ ਤਾਂ ਛਿੱਤਰ ਮਾਰਾਂਗਾ ਈ...।'

## ਸੁੱਚਾ ਤਿੱਲਾ/ਮਕਸੂਦ ਸਾਕਿਬ

ਸੱਚੀ ਪੁੱਛੋ ਤੇ ਮੈਂ ਦਾਰੇ ਵਿਚ ਵੱਡਿਆਂ ਨਾਲ ਜਿਹੜਾ ਘੁਸਰ ਕੇ ਬਹਿੰਦਾ ਸਾਂ ਉਹਦਾ ਇਕੋ ਇਕ ਕਾਰਨ ਬਾਬਾ ਹੁਕਮਾ ਤੇ ਉਹਦੀ ਗੱਲਬਾਤ ਸੀ। ਉਹ ਆਪ ਵੀ ਮੇਰਾ ਬਹੁੰ ਉਚੇਚ ਕਰਦਾ ਸੀ। ਦਾਰੇ ਦੇ ਵੇਲੇ ਤੋਂ ਵਾਹਵਾ ਅਗਦੀਂ ਈ ਮੈਂ ਘਰੋਂ ਨਿਕਲ ਕੇ ਬਾਬੇ ਹੁਕਮੇ ਦੇ ਵਿਹੜੇ ਦਾ ਗੇੜਾ ਲਾ ਆਉਂਦਾ ਹੁੰਦਾ ਸਾਂ। ਇਹ ਤਸੱਲੀ ਕਰਨ ਲਈ ਪਈ ਉਹ ਦਾਰੇ ਵਿਚ ਆਉਂਦਾ ਪਿਆ ਏ ਜਾਂ ਨਹੀਂ ?

'ਸੁਣਾ ਫੇਰ ਬਿੱਲੋ, ਅੱਬੇ ਤੇਰੇ ਦਾ ਕੋਈ ਚਿੱਠੀ ਪੱਤਰ ਆਇਆ ਏ ਕਿ ਨਹੀਂ ?' ਉਹ ਮੇਰੇ ਨਾਲ ਕੋਈ ਹੋਰ ਗੱਲ ਕਰਨ ਤੋਂ ਪਹਿਲਾਂ ਰੋਜ਼ ਦਿਹਾੜੀ ਇਹੋ ਪੁੱਛਦਾ।

ਮੈਂ ਰੋਜ਼ ਦਿਹਾੜੀ ਅੱਗੋਂ ਉਹਨੂੰ ਇਹੋ ਜੁਆਬ ਦੇਂਦਾ, 'ਆਹੋ ਬਾਬਾ ਅੱਜ ਈ ਉਹਦੀ ਚਿੱਠੀ ਆਈ ਏ, ਤੈਨੂੰ ਬੜੀ ਬੜੀ ਸਲਾਮ ਦੁਆ ਲਿਖੀ ਹੋਈ ਸੂ।'

ਉਹ ਮੇਰਾ ਜੁਆਬ ਸੁਣ ਕੇ ਆਪਣੀਆਂ ਵੱਡੀਆਂ ਵੱਡੀਆਂ ਬੱਗੀਆਂ ਮੁੱਛਾਂ ਹੇਠੋਂ ਮੁਸਕਰਾਂਦਾ ਤੇ ਫੇਰ ਹੋਰ ਵੀ ਚਿੱਟੀ ਦੁੱਧ ਦਾੜ੍ਹੀ ਵਿਚ ਉਂਗਲਾਂ ਫੇਰਨ ਲੱਗ ਪਵੰਦਾ। ਉਹਦੇ ਮੁਸਕਰੇਵੇਂ ਤੇ ਦਾੜ੍ਹੀ ਵਿਚ ਉਂਗਲਾਂ ਫੇਰਨ ਤੋਂ ਕਈ ਵਾਰੀ ਮੈਨੂੰ ਇੰਜ ਜਾਪਦਾ ਜਿਵੇਂ ਉਹਨੂੰ ਪਤਾ ਹੋਵੇ ਪਈ ਦੂਰ ਪਰਦੇਸ ਵਿਚ ਗਿਆ ਬੰਦਾ ਰੋਜ਼ ਕਿਵੇਂ ਚਿੱਠੀ ਲਿਖ ਸਕਦਾ ਏ ਤੇ ਉਹਦੀ ਲਿਖੀ ਰੋਜ਼ ਕਿਵੇਂ ਏਥੇ ਪੁੱਜ ਸਕਦੀ ਏ ? ਮੈਂ ਇਕ ਦਿਹਾੜੇ ਉਹਨੂੰ ਏਸ ਬਾਰੇ ਪੁੱਛਿਆ ਤੇ ਉਹ ਆਪਣੇ ਮੂੰਹੋਂ ਈ ਮੰਨ ਗਿਆ, 'ਓ ਬਿੱਲੋ ਪੁੱਤਰ, ਤੇਰਾ ਪਿਉ ਆਪਣਾ ਯਾਰ ਵੀ ਏ ਤੇ ਭਰਾ ਵੀ। ਮੈਂ ਜਦੋਂ ਤੁਹਾਡੀ ਜੂਹੇ ਆਣ ਕੇ ਵੱਸਿਆ ਸਾਂ ਤਾਂ ਉਹਨੇ ਮੇਰਾ ਐਨਾ ਕੁ ਸਾਥ ਦਿੱਤਾ ਸੀ ਜਿੰਨਾ ਕੋਈ ਕੂੜ ਮਾਰ ਲਵੇ। ਸੱਚੀ ਤੇ ਇਹੋ ਈ ਆ ਪਈ ਅੱਜ ਜਿਹੜਾ ਮੈਂ ਏਥੇ ਵਸਦਾ ਪਿਆਂ ਤੇਰੇ ਪਿਉ ਦੀ ਮਿਹਰਬਾਨੀ ਦਾ ਈ ਸਿੱਟਾ ਏ। ਹੁਣ ਉਹ ਚਾਰ ਵਲਾਇਤਾਂ ਪਾਰ ਬੈਠਾ ਹੋਇਆ ਏ ਤੇ ਜੇ ਅਸੀਂ ਚਿੱਠੀ ਪੱਤਰ ਦੇ ਪੱਜੀਂ ਉਹਦਾ ਹਾਲ ਚਾਲ ਵੀ ਨਾ ਪੁੱਛੀਏ ਤਾਂ ਸਾਡੇ ਤੋਂ ਅਗਲੀ ਗੱਲ ਕਿਵੇਂ ਹੋ ਸਕਦੀ ਏ ?'

ਚਿੱਠੀ ਪੱਤਰ ਰਾਹੀਂ ਮੇਰੇ ਅੱਬੇ ਦਾ ਹਾਲ ਪੁੱਛਣ ਮਗਰੋਂ ਬਾਬਾ ਰੋਜ਼ ਦਿਹਾੜੀ ਇਕ ਹੋਰ ਗੱਲ ਵੀ ਕਰਦਾ ਹੁੰਦਾ ਸੀ। ਆਂਹਦਾ ਹੁੰਦਾ ਸੀ, 'ਆਹ ਸੁੱਚਾ ਤਿੱਲਾ ਹੱਥ ਆ ਜਾਏ ਨਾ ਕਿਧਰੋਂ ਫੇਰ ਮੈਂ ਤੇਰੇ ਪਿਉ ਨੂੰ ਇਹੋ ਜਿਹੀ ਬਾਂਕੀ ਤੇ ਫੁੱਲ ਤੋਂ ਵੀ ਹੌਲੀ ਜੁੱਤੀ ਸਿਉਂ ਕੇ ਘੱਲਾਂ ਕਿ ਪੈਰੀਂ ਪਾ ਕੇ ਕਿਤੇ ਬੰਨੇ ਨਿਕਲੇ ਤਾਂ ਮੇਮਾਂ ਉਹਦੇ ਪੈਰਾਂ ਵੱਲ ਈ ਬਿੱਟ ਬਿੱਟ ਤੱਕਦੀਆਂ ਰਹਿ ਜਾਣ। ਪਰ ਹੁਣ ਸੁੱਚਾ ਤਿੱਲਾ ਕਿਥੋਂ ? ਜਦੋਂ ਕਦੀ ਆਉਂਦਾ ਸੀ ਉਦੋਂ ਹਰ ਤਿੰਨੀਂ ਚਹੁੰ ਮਹੀਨੀਂ ਬੜੀ ਰੀਝ ਨਾਲ



ਜੁੱਤੀ ਸਿਉਂ ਕੇ ਦਈਦੀ ਸੀ ਉਹਨੂੰ।' ਐਨੀ ਗੱਲ ਕਰਕੇ ਬਾਬਾ ਹੁਕਮਾ ਚੁੱਪ ਹੋ ਜਾਂਦਾ ਜਿਵੇਂ ਕਿਸੇ ਡੂੰਘੀ ਸੋਚ ਵਿਚ ਪੈ ਗਿਆ ਹੋਵੇ।

'ਚੰਗਾ ਬਾਬਾ ਮੈਂ ਫੇਰ ਜਾਨਾਂ। ਤੂੰ ਦਾਰੇ ਵਿਚ ਆਉਂਦਾ ਪਿਆ ਏ ਨਾ, ਅੱਜ ਰਾਤੀਂ ?' ਮੈਂ ਉਹਦੇ ਵਿਹੜਿਓਂ ਨਿਕਲਣ ਤੋਂ ਪਹਿਲੋਂ ਪੁੱਛਦਾ।

ਉਹ ਮੂੰਹੋਂ ਕੁਝ ਆਖਣ ਦੀ ਥਾਂ ਮਾੜਾ ਜਿਹਾ ਆਪਣਾ ਸਿਰ ਹਿਲੂਣ ਛੱਡਦਾ।

ਬਾਬਾ ਹੁਕਮਾ ਕਸਬ ਵੱਲੋਂ ਮੋਚੀ ਸੀ। ਸਾਡੀ ਜੂਹ ਵਿਚ ਈ ਉਹਦਾ ਅੱਡਾ ਸੀ, ਜਿਥੇ ਉਹਦੇ ਪੁੱਤਰ ਭਤਰੀਏ ਜੁੱਤੀਆਂ ਸੀਉਂਦੇ ਸਨ। ਬਾਬਾ ਹੁਕਮਾ ਕਦੇ ਆਪ ਵੀ ਸੀਉਂਦਾ ਹੋਣਾ ਏ ਮੇਰੇ ਜੰਮਣ ਤੋਂ ਪਹਿਲਾਂ। ਮੈਂ ਤੇ ਜਦੋਂ ਦੀ ਹੋਸ਼ ਸੰਭਾਲੀ ਸੀ ਉਹਨੂੰ ਧਾਗੇ ਨਾਲ ਮੋਮ ਲਾਉਣ ਤੇ ਵੱਟੀ ਤੇ ਔਜ਼ਾਰ ਤ੍ਰਿਖੇ ਕਰਨ ਤੋਂ ਅੱਡ ਕੋਈ ਹੋਰ ਕੰਮ ਕਰਦਿਆਂ ਕਦੀ ਨਹੀਂ ਸੀ ਵੇਖਿਆ। ਅੱਬਾ ਮੇਰਾ ਆਂਹਦਾ ਹੁੰਦਾ ਸੀ, 'ਬਾਬੇ ਹੁਕਮੇ ਤੋਂ ਵਧੀਆ ਜੁੱਤੀ ਸੀਊਣ ਵਾਲਾ ਸਾਡੇ ਇਲਾਕੇ ਵਿਚ ਨਾ ਕਦੀ ਹੋਇਆ ਏ ਤੇ ਨਾ ਈ ਕਦੀ ਹੋਣਾ ਏ। ਵਰ੍ਹਿਆਂ ਤੋਂ ਕੰਮ ਛੱਡਿਆ ਹੋਇਆ ਸੂ ਪਰ ਜੇ ਹੁਣ ਵੀ ਕੰਮ ਤੇ ਬਹਿ ਜਾਵੇ, ਆਹ ਮੁੰਡੇ ਤੇ ਉਹਦੀ ਧੂੜ ਨੂੰ ਨਾ ਅੱਪੜ ਸਕਣ। ਐਵੇਂ ਤੇ ਨਹੀਂ ਨਾ ਆਂਹਦੇ, ਬੱਲੇ ਵਈ ਫਲਾਣਿਆਂ, ਤੂੰ ਤਾਂ ਇੰਜ ਟੁਰਨਾ ਏ ਜਿਵੇਂ ਹੁਕਮੇ ਦੇ ਖਲੇ ਪਾਏ ਹੋਏ ਨੇ।'

ਕੰਮ ਬਾਬੇ ਹੁਕਮੇ ਦੇ ਪੁੱਤਰ ਭਤਰੀਏ ਕਰਦੇ ਸਨ। ਪਰ ਜਿਥੋਂ ਤਾਈਂ ਨਾਂ ਦੀ ਗੱਲ ਸੀ ਉਹ ਬਾਬੇ ਹੁਕਮੇ ਦਾ ਈ ਵਜਦਾ ਸੀ। ਉਹਦੇ ਨਾਂ ਪਿੱਛੇ ਈ ਦੁਨੀਆ ਦੂਰੋਂ-ਦੂਰੋਂ ਜੁੱਤੀਆਂ ਸਿਵਾਉਣ ਲਈ ਸਾਡੀ ਜੂਹੇ ਆਉਂਦੀ ਸੀ। ਅੱਗੋਂ ਉਹ ਥੋੜ੍ਹਾ ਕੀਤਿਆਂ ਸਾਈ ਬਿਆਨਾ ਨਹੀਂ ਸਨ ਫੜਦੇ। ਜੇ ਫੜਦੇ ਸਨ ਤਾਂ ਤਿੰਨਾਂ-ਤਿੰਨਾਂ, ਚਹੁੰ-ਚਹੁੰ ਮਹੀਨਿਆਂ ਤੋਂ ਘੱਟ ਦਾ ਕਾਰਾ ਨਹੀਂ ਸਨ ਕਰਦੇ। ਜੇ ਕੋਈ ਚੋਖਾ ਈ ਕਾਹਲਾ ਹੁੰਦਾ ਤਾਂ ਉਹਨੂੰ ਸਾਫ ਚਿੱਟੇ ਲਫ਼ਜ਼ਾਂ ਵਿਚ ਨਾਂਹ ਕਰ ਛੱਡਦੇ, 'ਮੀਆਂ ਜੀ! ਅਸੀਂ ਕਾਹਲੀ ਦਾ ਤੇ ਕੰਮ ਈ ਨਹੀਂ ਕੀਤਾ ਕਦੀ। ਤੁਸੀਂ ਕਿਤੇ ਹੋਰ ਦਿਓ ਸੀਵਾਂ ਲਵੋ। ਸਾਥੋਂ ਸੀਵਾਣੀ ਜੇ ਤਾਂ ਸਬਰ ਨਾਲ ਸੀਵਾਂਗੇ।' ਓੜਕ ਅਗਲੇ ਨੂੰ ਉਨ੍ਹਾਂ ਦੀ ਮੰਨਣੀ ਈ ਪੈਂਦੀ।

ਮੈਨੂੰ ਬੜੀ ਰੀਝ ਸੀ ਬਾਬੇ ਹੁਕਮੇ ਨੂੰ ਕੰਮ ਕਰਦਿਆਂ ਵੇਖਣ ਦੀ। ਇਹ ਰੀਝ ਮੇਰੇ ਮਨ ਵਿਚ ਉਹਦੀਆਂ ਗੱਲਾਂ ਸੁਣ ਸੁਣ ਕੇ ਈ ਜਾਗੀ ਸੀ। ਮੈਂ ਸੋਚਦਾ ਸਾਂ ਪਈ ਉਹ ਦਾਰੇ ਵਿਚ ਬੈਠਾ ਐਡੇ ਚੱਸ ਨਾਲ ਜਿਹੜੀਆਂ ਗੱਲਾਂ ਕਰ ਲੈਂਦਾ ਏ ਇਹਦੇ ਪਿੱਛੇ ਜ਼ਰੂਰ ਉਹਦੇ ਕਸਬ ਕਲਾ ਦਾ ਹੱਥ ਏ। ਪਰ ਇਹ ਰੀਝ ਜਦੋਂ ਵੀ ਮੇਰੇ ਮਨ ਵਿਚ ਜਾਗਦੀ, ਮੈਨੂੰ ਉਹਦੀ 'ਆਹ ਸੁੱਚਾ ਤਿੱਲਾ ਲੱਭ ਪਵੇ ਨਾ ਕਦੀ' ਵਾਲੀ ਗੱਲ ਚੇਤੇ ਆ ਜਾਂਦੀ। ਮੈਂ ਸੋਚਦਾ, ਕੀ ਇਹ ਸੁੱਚਾ ਤਿੱਲਾ ਸਾਡੇ ਦੇਸ਼ ਵਿਚ ਨਹੀਂ ਹੁੰਦਾ ? ਜੇ ਕਦੀ ਮੈਨੂੰ ਇਹਦੀ ਦੱਸ ਪੈ ਜਾਵੇ ਤਾਂ ਮੈਂ ਆਪ ਮੁੱਲ ਤਾਰ ਕੇ ਬਾਬੇ ਨੂੰ ਲਿਆ ਦੇਵਾਂ ਤੇ ਫੇਰ ਆਖਾਂ, ਲੈ ਬਾਬਾ ਇਹੋ ਈ ਆ ਸੁੱਚਾ ਤਿੱਲਾ ਜਿਹਨੂੰ ਚੇਤੇ ਕਰਦਾ ਹੁੰਦਾ ਸੈਂ...ਲੈ ਆਇਆ ਪਿਆ ਈ। ਹੁਣ ਤੂੰ ਅੱਡੇ 'ਤੇ ਬਹਿ ਕੇ ਮੇਰੇ ਪਿਉ ਦੀ ਜੁੱਤੀ ਸੀਉਂ। ਮੈਂ ਤੈਨੂੰ ਕੰਮ ਕਰਦੇ ਨੂੰ ਤਾਂ ਵੇਖਾਂ, ਭਲਾ ਕਿਵੇਂ ਕਰਨਾ ਏਂ।' ਪਰ ਬੜੀ ਸਾਫ਼ ਗੱਲ ਏ ਪਈ ਸੁੱਚਾ ਤਿੱਲਾ ਜਿਹਦੀ ਗੱਲ ਬਾਬਾ ਹੁਕਮਾ ਐਡੇ ਹਰਖ ਨਾਲ ਕਰਦਾ ਸੀ ਉਹਦੀ ਦੱਸ ਮੈਨੂੰ ਅਸਲੋਂ ਈ ਲਵੇ ਛੋਹਰ ਨੂੰ ਕਿਥੋਂ ਪੈਣੀ ਸੀ।

ਮੈਂ ਤੇ ਬਾਬਾ ਹੁਕਮਾ ਦੋਵੇਂ ਦਾਰੇ ਵਿਚੋਂ ਉੱਠ ਕੇ ਰਾਤ ਨੂੰ ਇਕੱਠੇ ਈ ਘਰਾਂ ਨੂੰ ਪਰਤਦੇ ਹੁੰਦੇ ਸਾਂ। ਮੈਂ ਰੋਜ਼ ਨਿਸ਼ਚਾ ਧਾਰਦਾ ਪਈ ਅੱਜ ਰਾਤੀਂ ਬਾਬੇ ਨੂੰ ਇਹ ਸੁੱਚੇ ਤਿੱਲੇ ਬਾਰੇ ਸਰਪਰ ਪੁੱਛਣਾ ਏ, ਪਰ ਰੋਜ਼ ਰਾਤ ਨੂੰ ਘਰੇ ਮੁੜਦਿਆਂ ਇਹ ਗੱਲ ਮੈਨੂੰ ਭੁੱਲ ਜਾਂਦੀ। ਬਾਬਾ ਰਾਹ ਵਿਚ ਕੋਈ ਨਾ ਕੋਈ ਫੇਰ ਅਜਿਹੀ ਗੱਲ ਛੇੜ ਛੱਡਦਾ ਸੀ ਜਿਹੜੀ ਕਿਸੇ ਹੋਰ ਪਾਸੇ ਚਿੱਤ ਹੋਵਣ ਈ ਨਹੀਂ ਸੀ ਦੇਂਦੀ।

ਇਕ ਰਾਤ ਉਂਜ ਈ ਅਸੀਂ ਦਾਰੇ ਵਿਚੋਂ ਇਕੱਠੇ ਪਰਤਦੇ ਪਏ ਸਾਂ ਕਿ ਮੈਨੂੰ ਇਕੋ ਵਾਰੀ ਸੁੱਚੇ ਤਿੱਲੇ ਦਾ ਚੇਤਾ ਆ ਗਿਆ ਤੇ ਮੈਂ ਬਾਬੇ ਨੂੰ ਪੁੱਛ ਈ ਲਿਆ, 'ਬਾਬਾ ਅੱਜ ਇਹ ਤੇ ਦੱਸ ਪਈ ਕੀ ਇਹ ਤਿੱਲਾ ਏਥੋਂ ਕਿਧਰੋਂ ਨਹੀਂ ਮਿਲਦਾ ?'

'ਮਿਲਦਾ ਏ ਪੁੱਤਰ, ਪਰ ਉਹ ਸੁੱਚਾ ਨਹੀਂ ਹੁੰਦਾ।' ਉਸ ਵਲਦਾ ਦਿੱਤਾ।

'ਤੇ ਫੇਰ ਸੁੱਚਾ ਕਿਥੋਂ ਮਿਲਦਾ ਏ ?' ਮੈਂ ਪੁੱਛਿਆ।

'ਕਦੇ ਏਧਰੋਂ ਮਿਲਦਾ ਹੁੰਦਾ ਸੀ। ਹੁਣ ਮੈਂ ਵੇਖਿਆ ਏ ਉਧਰ ਵੀ ਸੁੱਚਾ ਤਿੱਲਾ ਕੋਈ ਨਹੀਂ ਰਿਹਾ। ਖੋਟ ਈ ਖੋਟ ਹੋ ਗਿਆ ਏ ਦੋਹੀਂ ਪਾਸੀਂ।' ਉਹ ਬੜੀ ਡੂੰਘੀ ਜਿਹੀ ਵਾਜ ਵਿਚ ਬੋਲਿਆ।

'ਬਾਬਾ ਓਧਰੋਂ ਕਿਧਰੋਂ ?'

'ਪਾਰਲੇ ਬੰਨੇ ਦੀ ਗੱਲ ਪਿਆ ਕਰਨਾਂ।'

'ਪਾਰਲੇ ਬੰਨੇ ਦੀ, ਕਿਹੜਾ ਪਾਰਲਾ ਬੰਨਾਂ ?' ਮੈਨੂੰ ਉਹਦੀ ਗੱਲ ਦੀ ਸਮਝ ਨਾ ਆਈ।

'ਹੱਦੋਂ ਪਾਰਲਾ ਬਿੱਲੋ ਹੋਰ ਕਿਹੜਾ ? ਪਿਉ ਤੇਰੇ ਨੂੰ ਤਿੱਲੇ ਵਾਲੀ ਜੁੱਤੀ ਪਾਉਣ ਦਾ ਬੜਾ ਸ਼ੌਂਕ ਸੀ। ਮੈਂ ਵੀ ਹਮੇਸ਼ ਤਿੱਲੇ ਦਾ ਈ ਕੰਮ ਕੀਤਾ ਸੀ। ਏਥੋਂ ਈ ਮੇਰਾ ਉਹਦਾ ਸਲੂਕ ਪਿਆਰ ਬਣਿਆ। ਆਵੇਂ ਨਾ ਝੱਟ ਏਥੇ ਲੱਕੜ ਤੇ ਬਹਿ ਜਾਈਏ ਘੜੀ। ਫੇਰ ਚੱਲਾਂਗੇ। ਨਾਲੇ ਜਿਹੜੀ ਗੱਲ ਛੇੜੀ ਓ ਉਹਨੂੰ ਪੂਰਿਆਂ ਕਰਦਿਆਂ ਚਲੀਏ।'

ਅਸੀਂ ਦੋਵੇਂ ਜਣੇ ਤੇਲੀਆਂ ਦੀ ਕੰਧ ਨਾਲ ਵਰ੍ਹਿਆਂ ਤੋਂ ਪਈ ਪੁਰਾਣੀ ਲੱਕੜ 'ਤੇ ਬਹਿ ਗਏ।

'ਮਗਰੋਂ ਅਸੀਂ ਅੰਬਰਸਰ ਜ਼ਿਲ੍ਹੇ ਦੇ ਆਂ।' ਬਾਬੇ ਨੇ ਗੱਲ ਦਾ ਮੁੱਢ ਬੰਨ੍ਹਿਆ। 'ਤਰਨ ਤਾਰਨ ਤਹਿਸੀਲ ਵਿਚ ਪਿੰਡ ਹੁੰਦਾ ਸੀ ਸਾਡਾ, ਨਾਂ ਕੀ ਲੈਣਾ ਏ। ਉਂਜ ਵੀ ਮੈਂ ਦਿਲ ਦਾ ਚੋਖਾ ਹੌਲਾ ਆਂ। ਐਵੇਂ ਬੇਸਵਾਦੀ ਹੋਵੇਗੀ। ਇਹੋ ਜੁੱਤੀਆਂ ਸੀਊਣ ਦਾ ਕਸਬ ਸੀ ਸਾਡਾ ਉਥੇ ਵੀ। ਜਿਵੇਂ ਏਥੇ ਅੱਲ੍ਹਾ ਦਾ ਢੇਰ ਤਰਸ ਏ ਇੰਜ ਈ ਉਥੇ ਵੀ ਬੜੀ ਖ਼ੈਰ ਸੀ। ਸਾਨੂੰ ਪੰਜਾਂ ਭਰਾਵਾਂ ਨੂੰ ਪਿਉ ਸਣੇ ਕੰਮ ਕਰਦਿਆਂ ਵਾਰ ਨਹੀਂ ਸੀ ਆਉਂਦਾ। ਚਾਰ ਚੌ ਹੱਦੀ ਸਾਡੀਆਂ ਸੀਤੀਆਂ ਜੁੱਤੀਆਂ ਈ ਪਾਂਦੀ ਸੀ। ਉਜਾੜੇ ਪਏ, ਹਰ ਪਾਸੇ ਅੱਗਾਂ ਲੱਗੀਆਂ, ਦੁਨੀਆ ਕੁੱਤਿਆਂ ਬਿੱਲਿਆਂ ਤੇ ਚੂਹਿਆਂ ਵਾਂਗੂੰ ਮਾਰੀ ਜਾਣ ਲੱਗੀ ਤਾਂ ਸਾਡੀਆਂ ਨੀਂਦਰਾਂ ਵੀ ਹਰਾਮ ਹੋਵਣ ਲੱਗ ਪਈਆਂ। ਪਿੰਡ ਵਾਲਿਆਂ ਸਾਨੂੰ ਬਥੇਰੀ ਤਸੱਲੀ ਦਿੱਤੀ, ਸਾਡੇ ਹੁੰਦਿਆਂ ਕੋਈ ਤੁਹਾਡੀ ਧੂੜ ਵਲ ਨਹੀਂ ਵੇਖਣ ਲੱਗਾ...ਤੁਸੀਂ ਚੁੱਪ ਕਰਕੇ ਏਥੇ ਈ ਟਿਕੇ ਰਵ੍ਹੋ। ਪਰ ਸਾਡੇ ਤੋਂ ਉਥੇ ਟਿਕਣਾ ਦਿਨੋ-ਦਿਨ ਔਖਾ ਹੁੰਦਾ ਜਾਂਦਾ ਸੀ। ਜਿਵੇਂ ਜਿਵੇਂ ਲੋਕਾਂ ਦੇ ਮਰਨ ਦੀਆਂ ਖ਼ਬਰਾਂ ਅੱਪੜੀਆਂ ਅਸੀਂ ਹੋਰ ਤ੍ਰੱਠ ਜਾਂਦੇ। ਓੜਕ ਅਸੀਂ ਹਰ ਸ਼ੈ ਸਾਂਭ ਕੁੰਜ ਕੇ ਟੁਰ ਪਏ ਉਥੋਂ। ਸਾਰਾ ਪਿੰਡ ਛੱਡਣ ਆਇਆ ਸਾਨੂੰ ਬਰੂਹਾਂ ਤਾਈਂ। ਹੱਦ ਸਾਥੋਂ ਕੋਈ ਬਹੁਤੀ ਦੁਰਾਡੀ ਨਹੀਂ ਸੀ ਪਰ ਜਿਹੜੀ ਰੱਤ ਦੀ ਹਨੇਰੀ ਝੁੱਲੀ ਹੋਈ ਸੀ ਉਹਦੇ ਪਾਰੋਂ ਵਰ੍ਹਿਆਂ ਦੇ ਪੰਧ 'ਤੇ ਜਾ ਖਲੋਤੀ ਸੀ। ਰਾਹ ਵਿਚ ਸਾਨੂੰ ਹੋਰ ਵੀ ਕਈ ਟਾਬਰੀਆਂ ਰਲੀਆਂ ਉੱਜੜ ਕੇ ਏਧਰ ਨੂੰ ਆਉਂਦੀਆਂ ਹੋਈਆਂ। ਇੰਜ ਅਸੀਂ ਵਾਹਵਾ ਸਾਰੇ ਲੋਕ ਹੋ ਗਏ। ਉਦੋਂ ਅਸੀਂ ਹੱਦ ਤੇ ਅੱਪੜੇ ਈ ਪਏ ਸਾਂ ਜਦੋਂ ਹੋਣੀ ਨੇ ਸਾਡੇ ਉੱਤੇ ਆਪਣਾ ਵਾਰਾ ਕੀਤਾ। ਏਧਰੋਂ ਉੱਜੜ ਕੇ ਜਾਂਦਿਆਂ ਦਾ ਇਕ ਜਥਾ ਆ ਪਿਆ ਸਾਨੂੰ। ਤੀਹ ਚਾਲੀ ਮਾਰੇ ਗਏ। ਸਾਡੇ ਤੇ ਮਰਨ ਵਾਲਿਆਂ ਵਿਚ ਮੈਥੋਂ ਵੱਡੇ ਤਿੰਨੇ ਭਰਾ ਤੇ ਸਾਡਾ ਪਿਉ ਵੀ ਸੀ। ਮੈਨੂੰ ਵੀ ਡਾਢੀਆਂ ਸੱਟਾਂ ਵੱਜੀਆਂ। ਅਗਲਾ ਪੰਧ ਅਸਾਂ ਫੇਰ ਪੁੱਤਰਾ ਸੂਲਾਂ 'ਤੇ ਈ ਕੀਤਾ। ਬੜੀਆਂ ਮੁਸ਼ਕਲਾਂ ਨਾਲ ਅਸੀਂ ਹੱਦ ਲੰਘੇ। ਪਹਿਲਾਂ ਤੇ ਕਿੰਨਾ ਚਿਰ ਏਧਰ ਕੈਂਪ ਵਿਚ ਪਏ ਰਹੇ। ਮੁੜ ਏਥੋਂ ਚੁਕਿਓ ਨੇ ਤੇ ਸ਼ੇਖੂਪੁਰੇ ਲਿਆ ਸੁਟਿਓ ਨੇ। ਥਾਂ ਉਂਜ ਸਾਨੂੰ ਸਿਰ ਲੁਕਾਣ ਲਈ ਵਾਹਵਾ ਈ ਚੰਗੀ ਜੁੜ ਗਈ। ਲਾਲਿਆਂ ਦਾ ਜਹਾਜ਼ ਜੇਡਾ ਘਰ ਸੀ। ਬੜਾ ਈ ਸੋਹਣਾ ਤੇ ਰੀਝਾਂ ਦਾ ਬਣਿਆ ਹੋਇਆ। ਜਿਵੇਂ ਦੇ ਇਨ੍ਹਾਂ ਚੰਦਰਿਆਂ ਦੇ ਬਣੇ ਹੁੰਦੇ ਨੇ। ਸਗਵਾਂ ਉਂਜੇ ਦਾ ਸਗੋਂ ਉਹਦੇ ਤੋਂ ਵੀ ਕੁਝ ਵੱਧ। ਲਾਲੇ ਢੇਰ ਸੌਖੇ ਬੰਦੇ ਜਾਪਦੇ ਸਨ। ਅਸੀਂ ਕਦੇ ਅਜਿਹੇ ਘਰ ਸੁਫ਼ਨੇ ਵਿਚ ਵੀ ਨਹੀਂ ਸਨ ਵੇਖੇ। ਛੱਜਿਆਂ, ਰੌਸਾਂ ਤੇ ਝਰੋਖਿਆਂ ਵਾਲੇ ਘਰ। ਉੱਚੀਆਂ ਛੱਤਾਂ ਤੇ ਖੁੱਲ੍ਹੀਆਂ ਬਾਰੀਆਂ ਵਿਚ ਸੋਹਣੀਆਂ ਕਾਰਨਸਾਂ ਤੇ ਲੱਕੜ ਦੀਆਂ ਅਲਮਾਰੀਆਂ। ਸੱਚੀ ਦੱਸਾਂ



ਤੇ ਸਾਨੂੰ ਉਥੇ ਰਹਿੰਦਿਆਂ ਡਰ ਆਵੇ। ਇਹੋ ਈ ਜਾਪੇ ਹੁਣੇ ਮਾਲਕਾਂ ਆ ਜਾਣਾ ਏ ਤੇ ਸਾਨੂੰ ਕੱਢ ਦੇਣਾ ਏ ਉਨ੍ਹਾਂ ਆਪਣੇ ਐਡੇ ਸੋਹਣੇ ਘਰ ਵਿਚੋਂ। ਤਾਂ ਵੀ ਅਸੀਂ ਦੜ ਵੱਟ ਕੇ ਟਿਕੇ ਰਹੇ। ਟੱਬਰ ਵਿਚ ਹੁਣ ਮੈਂ ਹੀ ਸਾਰਿਆਂ ਤੋਂ ਵੱਡਾ ਸਾਂ। ਨਿੱਕਾ ਅਸਲੋਂ ਹੌਲਾ ਸੀ। ਆਪੋ ਕੋਈ ਕੰਮ ਵਿੱਢਣ ਜੋਗਾ ਨਹੀਂ ਸੀ। ਦੁੱਖਾਂ ਤੇ ਗ਼ਮਾਂ ਦੀ ਫੰਡੀ ਹੋਈ ਵਡੇਰੀ ਮਾਂ, ਮੋਏ ਹੋਏ ਭਰਾਵਾਂ ਦਾ ਜੀਆ-ਜੰਤ, ਦੋ ਨਿੱਕੇ ਭੈਣ-ਭਰਾ ਫੇਰ ਮੇਰੀ ਆਪਣੀ ਇਆਲਦਾਰੀ। ਐਡੀ ਵੱਡੀ ਗੱਡ ਮੈਨੂੰ ਕੱਲੇ ਨੂੰ ਈ ਚੁੱਕਣੀ ਪੈਣੀ ਸੀ। ਬੰਨੇ ਕਿਸੇ ਕੰਮ ਦਾ ਨਾ ਕੋਈ ਹੱਜ ਸੀ ਤੇ ਨਾ ਕੋਈ ਵਨ। ਪੱਲੇ ਅੱਲ੍ਹਾ ਵਾਲੀ ਕੋਈ ਸ਼ੈ ਨਹੀਂ ਸੀ ਜਿਹੜੀ ਵੇਚ ਵੱਟ ਕੇ ਆਪਣਾ ਅੱਡਾ ਈ ਲਾ ਬਹਿੰਦੇ ਕਿਤੇ। ਸਾਰੀ ਦਿਹਾੜੀ ਉਰ੍ਹਾਂ-ਪਰ੍ਹਾਂ ਧੱਕੇ ਠੁੱਡੇ ਖਾ ਕੇ ਜਿਹੜਾ ਛਿੱਲੜ ਲੱਭਦਾ ਉਹਦੇ ਨਾਲ ਡੰਗ ਨਾ ਲੰਘਦਾ। ਕਦੀ ਸੋਚਿਆ ਵੀ ਨਹੀਂ ਸੀ ਇੰਜ ਅਨਾ-ਅਨਾ ਕਰਦਿਆਂ ਫਿਰਨ ਦਾ। ਰੋ ਪਿੱਟ ਕੇ ਵੇਲਾ ਕੱਢਿਆ। ਧੂੜ ਤੇ ਭੁੱਬਲ ਥੋੜ੍ਹਾ ਬਹਿਣ ਲੱਗੀ ਤਾਂ ਨਿੱਕੇ ਮੋਟੇ ਕੰਮਾਂ ਕਾਰਾਂ ਦੀ ਨਿੰਮ੍ਹੀ ਨਿੰਮ੍ਹੀ ਜੋਤ ਮੁੜ ਜਗਣੀ ਚਾਲੂ ਹੋਈ। ਉਦੋਂ ਈ ਮੈਨੂੰ ਸੁੱਚੇ ਤਿੱਲੇ ਵਾਲਾ ਰਾਹ ਵਿਖਾਈ ਦਿੱਤਾ। ਏਧਰ ਸੁੱਚੇ ਤਿੱਲੇ ਦਾ ਲੰਮਾ ਕਾਲ ਸੀ। ਉਧਰ ਮੇਰੇ ਹਿਸਾਬ ਨਾਲ ਕੋਈ ਧੁਰ ਧਜ ਨਹੀਂ ਸੀ। ਦਿਲ ਵਿਚ ਆਈ ਕਿਉਂ ਨਾ ਉਧਰੋਂ ਲਿਆ ਕੇ ਏਧਰ ਵੇਚਾਂ। ਆਸਿਓਂ ਪਾਸਿਓਂ ਸੂਹ ਕੱਢੀ ਤਾਂ ਪਤਾ ਲੱਗਾ ਪਈ ਕਿੰਨੇ ਈ ਲੋਕ ਸਨ ਜਿਹੜੇ ਹੱਦ ਟੱਪ ਕੇ ਓਧਰ ਜਾਂਦੇ ਸਨ ਤੇ ਕਈਆਂ ਵੰਨਾਂ ਦੀਆਂ ਚੀਜ਼ਾਂ ਵਸਤਾਂ ਲਿਆ ਕੇ ਏਧਰ ਖੱਟੀਆਂ ਖੱਟਦੇ ਪਏ ਸਨ। ਹੱਦ ਤੇ ਪਾਹਰਤ ਬੜੀ ਸੀ ਪਰ ਜਿੰਨੀ ਕਰੜੀ ਅੱਜ ਸੁਣਨ ਵਿਚ ਆਉਂਦੀ ਏ, ਐਨੀ ਕਰੜੀ ਨਹੀਂ ਸੀ। ਹੱਦ ਦਾ ਕੰਮ ਕਰਨ ਵਾਲੇ ਰਾਤ ਦੇ ਹਨੇਰੇ ਵਿਚ ਅਡੋਲ ਈ ਪਾਰ ਉਰਾਰ ਹੋ ਜਾਂਦੇ ਸਨ। ਪਾਹਰਵਾਂ ਨੂੰ ਖ਼ਬਰ ਵੀ ਨਹੀਂ ਸੀ ਹੁੰਦੀ।

ਲੈ ਬਈ ਮੈਂ ਵੀ ਟੁਰ ਪਿਆ ਭੁੱਖਾਂ ਦਾ ਮਾਰਿਆ ਤੇ ਫਾਕਿਆਂ ਦਾ ਕੁਠਾ ਏਸੇ ਵਾਟੇ। ਪਹਿਲੇ ਫੇਰੇ ਈ ਸਾਰੇ ਡਰ ਡੁੱਕਰ ਲਹਿ ਗਏ। ਦੂਜਾ ਫੇਰਾ ਮੇਰਾ ਪਹਿਲੇ ਤੋਂ ਵੀ ਚੰਗਾ ਰਿਹਾ। ਘਰ ਦੀ ਦਾਲ ਰੋਟੀ ਦਾ ਆਸਰਾ ਬਣਨ ਲੱਗ ਪਿਆ। ਓਧਰੋਂ ਲਿਆਂਦਾ ਸੁੱਚਾ ਤਿੱਲਾ ਦੂਣੇ ਭਾਅ ਤੇ ਏਧਰ ਵਿਕ ਜਾਂਦਾ ਸੀ ਤੇ ਚਾਰ ਛਿਲਾਂ ਚੰਗੀਆਂ ਲੱਭ ਪੈਂਦੀਆਂ ਸਨ। ਤਰੀਜੇ ਫੇਰੇ ਮੈਂ ਗਿਆ ਮੁੜ...ਪਰ ਨਪਿਆ ਗਿਆ। ਅਗਲਿਆਂ ਬਾਜ਼ਾਰ ਵਿਚ ਈ ਆਣ ਫੜਿਆ ਮੈਨੂੰ। ਕਾਗ਼ਜ਼ ਪੱਤਰ ਹੈ ਕੋਈ ਨਹੀਂ ਸੀ ਮੇਰੇ ਕੋਲ ਹੱਦ ਟੱਪਣ ਦਾ। ਉਨ੍ਹਾਂ ਮਾਂ ਦਿਆਂ ਖਸਮਾਂ ਪਹਿਲਾਂ ਤੇ ਬਣਾ ਕੇ ਘੜਿਆ ਮੈਨੂੰ ਉਥੇ ਬਾਜ਼ਾਰ ਵਿਚ ਈ ਫੇਰ ਮੋਟਰ ਵਿਚ ਪਾ ਕੇ ਲੈ ਗਏ ਤੇ ਹਵਾਲਾਤ ਵਿਚ ਲਿਜਾ ਸੁੱਟਿਓ ਨੇ। ਮੇਰੇ ਤੇ ਪ੍ਰਾਣ ਈ ਟੁੱਟ ਗਏ ਜਦੋਂ ਮੈਂ ਆਪਣੇ ਪਿਛਲੇ ਜੀਆਂ ਦਾ ਸੋਚਿਆ। ਮੈਨੂੰ ਤੇ ਲੱਗ ਗਏ ਪਛਤਾਵੇ, ਝੂਰਾਂ ਮੈਂ ਆਪਣੇ ਆਪ ਨਾਲ ਉਸ ਕਾਲ ਕੋਠੜੀ ਵਿਚ ਪਿਆ ਹੋਇਆ, 'ਕੀ ਲੋੜ ਸੀ ਏਸ ਕੁੱਤੇ ਕੰਮ ਵਿਚ ਵੜਨ ਦੀ। ਦਿਹਾੜੀ ਟੱਪਾ ਕਰਕੇ ਈ ਵੇਲਾ ਟਪਾਈ ਰੱਖਦਾ ਤੇ ਉਹ ਚੰਗਾ ਨਹੀਂ ਸੀ ? ਏਥੇ ਬੇ ਤਵਾਨਿਆ ਤੇ ਬੇ ਪਰਾਣਿਆ ਹੋ ਕੇ ਪੈਣ ਨਾਲੋਂ। ਹੁਣ ਦੋ ਨਹੀਂ ਤੇ ਡੂਢ ਵਰ੍ਹਾ ਤੇ ਇਹ ਆਉਣ ਨਹੀਂ ਦੇਣ ਲੱਗੇ ਬੰਨੇ। ਪਿੱਛੋਂ ਘਰ ਵਾਲਿਆਂ ਦਾ ਕੌਣ ਵਾਲੀ ਵਾਰਸ ਹੋਵੇਗਾ ?' ਸਾਰੀ ਰਾਤ ਇਹਨਾਂ ਈ ਖ਼ਿਆਲਾਂ ਦੀਆਂ ਹਾਠਾਂ ਨਾਲ ਰੂਹ ਬਾਵਰਾ ਹੁੰਦਾ ਰਿਹਾ, ਹੱਡਾਂ ਵਿਚੋਂ ਨਿਕਲਦੀਆਂ ਚੀਸਾਂ ਵੀ ਕਿਹੜਾ ਕਰਾਰ ਲੈਣ ਪਈਆਂ ਦੇਂਦੀਆਂ ਸਨ।

ਸਵੇਰ ਹੋਈ ਤਾਂ ਹੱਥਕੜੀ ਮਾਰ ਕੇ ਇਕ ਮਜਿਸਟ੍ਰੇਟ ਦੇ ਲਿਜਾ ਪੇਸ਼ ਕੀਤੋ ਨੇ। ਮਜਿਸਟ੍ਰੇਟ ਵਾਹਵਾ ਪਕਰੋਟ ਉਮਰ ਦਾ ਗੋਰਾ ਚਿੱਟਾ ਗੱਭਰੂ ਸੀ। ਉਹਨੂੰ ਵੇਖ ਕੇ ਮੇਰੇ ਤੇ ਲੂੰ ਕੰਡੇ ਈ ਖਲੋ ਗਏ। ਐਨਕ ਲਾਈ, ਕਾਗਜ਼ਾਂ ਤੇ ਨੀਵੀਂ ਪਾਈ ਬੈਠਾ ਸੀ। ਸ਼ਕਲੋਂ ਈ ਬੇਕਿਰਕ ਜਿਹਾ ਬੰਦਾ ਜਾਪਦਾ ਸੀ। ਮੇਰਾ ਦਿਲ ਆਖੇ ਇਹਨੇ ਡੂਢ ਦੋ ਵਰ੍ਹੇ ਅਰਮਾਨ ਨਾਲ ਈ ਬੰਨ੍ਹ ਛੱਡਣਾ ਏ। ਜਿੰਨਾ ਚਿਰ ਉਹ ਨੀਵੀਂ ਪਾਈ ਬੈਠਾ ਰਿਹਾ ਮੈਂ ਉਹਦੇ ਵੱਲ ਈ ਤੱਕਦਾ ਰਿਹਾ। ਫੇਰੇ ਉਹਨੇ ਕਾਗ਼ਜ਼ਾਂ ਤੋਂ ਨਿਗਾਹ ਚਾਈ। ਮੇਰੇ ਵੱਲ ਡਿੱਠਾ, ਨਾਲ ਈ ਹੇਠਾਂ ਬੈਠੇ ਹੋਏ ਇਕ ਅਦਾਲਤੀ ਕਰਿੰਦੇ ਨੂੰ ਕੁਝ ਪੁੱਛਿਓਸ ਤੇ

ਫੇਰ ਸਾਹਵਾਂ ਮੇਰੇ ਵੱਲ ਵੇਖਦਾ ਹੋਇਆ ਬੋਲਿਆ, 'ਹਾਂ ਬਈ, ਤੂੰ ਬਾਰਡਰ ਟੱਪ ਕੇ ਆਇਆ ਏਂ ?'

ਮੈਂ ਅੱਗੋਂ ਵਾਜ ਵਿਚ ਆਖਿਆ, 'ਸਾਹਬ ਬਹਾਦਰ, ਆਇਆ ਤੇ ਮੈਂ ਬਾਰਡਰ ਟੱਪ ਕੇ ਈ ਆਂ, ਇਹਦੇ ਵਿਚ ਜ਼ਰੀ ਸ਼ੱਕ ਨਹੀਂ। ਪਰ ਆਇਆ ਭੁੱਖ ਦਾ ਮਾਰਿਆ ਆਂ। ਹੁਣ ਜੇ ਤੁਸਾਂ ਮੈਨੂੰ ਏਥੇ ਜੇਲ੍ਹ ਵਿਚ ਚਾ ਸੁੱਟਿਆ ਤਾਂ ਮੇਰਾ ਸਾਰਾ ਟੱਬਰ ਭੁੱਖਾ ਮਰ ਜਾਵੇਗਾ। ਇਕ ਵਾਰੀ ਗੁਨਾਹ ਕਰੀਏ ਤਾਂ ਰੱਬ ਵੀ ਮਾਫ਼ ਕਰ ਛੱਡਦਾ ਏ, ਤੁਸੀਂ ਵੀ ਮੈਨੂੰ ਮੁਆਫ਼ੀ ਦੇ ਦਿਓ।'

ਉਹ ਫੇਰ ਹੇਠਾਂ ਬੈਠੇ ਕਰਿੰਦੇ ਨਾਲ ਕੁਝ ਘੁਸਰ-ਮੁਸਰ ਕਰਨ ਲੱਗ ਪਿਆ। ਮੇਰੀਆਂ ਗੱਲਾਂ ਦਾ ਉਹਦੇ 'ਤੇ ਜਿਵੇਂ ਕੁਝ ਅਸਰ ਈ ਨਹੀਂ ਸੀ ਹੋਇਆ। ਮੈਂ ਮੁੜ ਆਪਣੇ ਦਿਲ ਨੂੰ ਆਖਿਆ, 'ਲੈ ਬਈ ਏਥੋਂ ਤੇ ਸੌਖੀ ਜਿੰਦ ਨਹੀਂ ਛੁੱਟਦੀ ਦਿਸਦੀ।'

'ਅਦਾਲਤ ਜਿੰਨੀ ਗੱਲ ਪੁੱਛੇ ਉਹਨੂੰ ਉਤਨਾ ਈ ਜਵਾਬ ਦੇਣਾ ਏ, ਵਾਧੂ ਗੱਲਾਂ ਦੀ ਕੋਈ ਲੋੜ ਨਹੀਂ।' ਉਹਨੇ ਮੈਨੂੰ ਟਕੋਰਿਆ।

ਮੈਂ ਅੱਗੋਂ ਹੱਥ ਚਾ ਬੱਧੇ, 'ਮੁਆਫੀ ਦੇ ਦਿਉ ਸਾਹਬ ਬਹਾਦਰ।'

'ਓਧਰ ਕਿਹੜੇ ਸ਼ਹਿਰ ਦਾ ਰਹਿਣ ਵਾਲਾ ਏਂ ?'

'ਜਨਾਬ ਸ਼ੇਖ਼ੂਪੁਰੇ ਦਾ।'

ਸਾਹਬ ਨੇ ਮੇਰੇ ਮੂੰਹ ਵੱਲ ਕੁਝ ਨੀਝ ਨਾਲ ਤੱਕਿਆ ਤੇ ਰਤਾ ਕੋ ਕੁਰਸੀ ਤੇ ਕਵਾਸਾ ਵੀ ਹੋ ਹੋਇਆ, 'ਸ਼ੇਖ਼ੂਪੁਰੇ ਕਿਥੋਂ ਦਾ ?'

'ਜੀ ਖੰਡ ਪੁਰੀਆਂ ਦਾ ਮਹੱਲਾ ਆਖਦੇ ਨੇ ਉਹਨੂੰ।'

'ਏਧਰੋਂ ਗਿਆ ਹੋਇਆਂ ਏਂ ਤੂੰ ?'

'ਆਹੋ ਸਾਹਬ ਬਹਾਦਰ, ਏਧਰ ਈ ਰਹਿੰਦੇ ਹੁੰਦੇ ਸਾਂ ਅਸੀਂ ਪਹਿਲੋਂ।'

'ਕਿੰਨਾ ਚਿਰ ਹੋ ਗਿਆ ਈ ਖੰਡ ਪੁਰੀਆਂ ਦੇ ਮੁਹੱਲੇ ?' ਸਾਹਬ ਨੂੰ ਜਿਵੇਂ ਖੰਡ ਪੁਰੀਆ ਦੇ ਮੁਹੱਲੇ ਦੀ ਕੋਈ ਗੱਲ ਚੇਤੇ ਸੀ।

'ਸਾਹਬ ਤੁਸੀਂ ਕਿਧਰੇ ਓਥੋਂ ਦੇ ਰਹਿਣ ਵਾਲੇ ਤਾਂ ਨਹੀਂ ?' ਮੇਰੇ ਮੂੰਹੋਂ ਅਚਨਚੇਤੀ ਨਿਕਲ ਗਿਆ।

ਉਹਨੇ ਇਕ ਘੂਰੀ ਜਿਹੀ ਵੱਟ ਕੇ ਮੇਰੇ ਵੱਲ ਵੇਖਿਆ, 'ਨਹੀਂ, ਅਜਿਹੀ ਕੋਈ ਗੱਲ ਨਹੀਂ।' ਤੇ ਫੇਰ ਉਹ ਆਪਣੀ ਥਾਓਂ ਤੇ ਅਦਾਲਤ ਵਿਚ ਈ ਬਣੇ ਹੋਏ ਆਪਣੇ ਕਮਰੇ ਵਿਚ ਚਲਾ ਗਿਆ। ਮੈਨੂੰ ਵੀ ਉਹਨੇ ਇਕੱਲੇ ਨੂੰ ਉਥੇ ਈ ਸੱਦਿਆ।

ਮੈਨੂੰ ਸੋਫੇ ਉੱਤੇ ਬਿਠਾ ਕੇ ਉਹ ਕੁਰਸੀ ਚੁੱਕ ਕੇ ਮੇਰੇ ਸਾਹਮਣੇ ਹੋ ਬੈਠਾ, 'ਅੱਛਾ, ਤੂੰ ਖੰਡ ਪੁਰੀਆਂ ਦੇ ਮੁਹੱਲੇ ਰਹਿੰਨਾ ਏ ਉਥੇ। ਕਿਥੇ ਕਰਕੇ ਭਲਾ ?' ਉਸ ਮੈਨੂੰ ਬੜੇ ਸਹਿਜ ਨਾਲ ਪੁੱਛਿਆ।

ਮੈਂ ਸਮਝ ਗਿਆ, ਸਾਹਬ ਉਥੋਂ ਦਾ ਰਹਿਣ ਵਾਲਾ ਨਹੀਂ ਤਾਂ ਫੇਰ ਉਥੇ ਗਿਆ ਆਇਆ ਜ਼ਰੂਰ ਹੋਇਆ ਏ...ਹੁਣ ਉਹੋ ਯਾਦਾਂ ਘੇਰੀ ਬੈਠੀਆਂ ਨੇ ਇਹਨੂੰ। 'ਲਾਲਿਆਂ ਦੇ ਨਾਂ ਤੇ ਵੱਜਦੀ ਉਹ ਗਲੀ, ਲਾਲਿਆਂ ਦੀ ਗਲੀ ਕਰਕੇ।' ਮੈਂ ਉਹਨੂੰ ਦੱਸਿਆ।

'ਤੂੰ ਖੰਡ ਪੁਰੀਆਂ ਦੇ ਮੁਹੱਲੇ ਲਾਲਿਆਂ ਦੀ ਗਲੀ ਵਿਚ ਰਹਿੰਨਾ ਏ।' ਉਹਦੇ ਉੱਤੇ ਕੁਝ ਹੋਰਵੀਂ ਜਿਹੀ ਵਰਤਣ ਲੱਗ ਪਈ, 'ਘਰ ਦਾ ਪਤਾ ਦੱਸ ਹਾਂ ਭਲਾ ਜਿਹਦੇ ਵਿਚ ਤੂੰ ਬੈਠਾ ਹੋਇਆ ਏਂ।' ਉਹ ਉਤਾਵਲਾ ਜਿਹਾ ਹੋ ਗਿਆ।

'ਲਾਲਿਆਂ ਦਾ ਘਰ ਈ ਸੁਣਨ ਵਿਚ ਆਉਂਦਾ ਏ ਉਹ।' ਮੈਂ ਆਖਿਆ।

ਉਹਨੂੰ ਤੇ ਜਿਵੇਂ ਸੱਚੀਂ-ਮੁੱਚੀਂ ਕਰੰਟ ਜਿਹਾ ਲੱਗਾ ਹੋਵੇ। ਮੇਰੀ ਗੱਲ ਨਾਲ। ਕੁਰਸੀ ਪਿਛਾਂਹ ਰੇੜ੍ਹ ਕੇ ਹੇਠਾਂ ਗਲੀਚੇ ਉੱਤੇ ਮੇਰੇ ਪੈਰਾਂ ਕੋਲ ਹੋ ਬੈਠਾ ਤੇ ਬਿੱਟ ਬਿੱਟ ਮੇਰਾ ਮੂੰਹ ਤੱਕਣ ਲੱਗ ਪਿਆ। ਸਮਝ ਤੇ ਅੱਗੇ ਵੀ ਮੈਨੂੰ ਕਿਸੇ ਗੱਲ ਦੀ ਨਹੀਂ ਸੀ ਆਉਂਦੀ ਪਈ, ਹੁਣ ਤੇ ਉੱਕਾ ਮੇਰੇ ਪਰਾਣ



ਗਵੀਚ ਗਏ ਕੇ। ਉਹ ਮੁਨਸਫ ਹੋ ਕੇ ਇਕ ਮੁਲਜ਼ਮ ਦੇ ਪੈਰਾਂ ਕੋਲ ਬੈਠਾ ਹੋਇਆ ਸੀ। ਇਕ ਅਜਿਹੇ ਮੁਲਜ਼ਮ ਦੇ ਪੈਰਾਂ ਕੋਲ ਜਿਹੜਾ ਆਪੋ ਝੋਲੀ ਅੱਡ ਕੇ ਉਹਦੇ ਕੋਲੋਂ ਮਿਹਰ ਪਿਆ ਮੰਗਦਾ ਸੀ। ਮੈਂ ਉਹਨੂੰ ਹੱਥ ਬੰਨੇ ਤੇ ਉਤਾਂਹ ਕੁਰਸੀ ਤੇ ਹੋ ਬਹਿਣ ਦਾ ਤਰਲਾ ਕੀਤਾ ਪਰ ਉਹ ਕੋਈ ਨਾ ਮੰਨਿਆ। ਮੈਂ ਆਪ ਥੱਲੇ ਉਹਦੇ ਕੋਲ ਹੋ ਬਹਿਣਾ ਚਾਹਿਆ ਤਾਂ ਉਹਨੇ ਮੈਨੂੰ ਸੋਫਿਓਂ ਥੱਲੇ ਨਾ ਲੱਥਣ ਦਿੱਤਾ। ਮੈਂ ਆਖਿਆ, 'ਸਾਹਬ ਕੋਈ ਵੇਖ ਲਵੇ ਤਾਂ ਕੀ ਆਖੇ ?'

'ਤੂੰ ਛੱਡ ਏਸ ਗੱਲ ਨੂੰ ਤੇ ਮੈਨੂੰ ਇਹ ਦੱਸ ਬਰੀ ਹੋਣਾ ਈ ਕਿ ਜੇਲ੍ਹੇ ਜਾਣਾ ਈ ?' ਉਹ ਮੇਰੀਆਂ ਅੱਖਾਂ ਵਿਚ ਝਾਕਦਾ ਹੋਇਆ ਬੋਲਿਆ।

'ਸਾਹਬ ਬਰੀ ਕਰ ਦੇਵੇਂ ਤਾਂ ਤੇਰੇ ਜਿਹਾ ਇਕ ਨਹੀਂ ਏਸ ਦੁਨੀਆ ਤੇ, ਮੈਂ ਤੇਰੇ ਨਾਲ ਵਾਅਦਾ ਕਰਨਾ ਮੁੜ ਇੰਜ ਹੱਦ ਟੱਪ ਕੇ ਨਾ ਆਵਾਂਗਾ ਕਦੇ ਏਸ ਬੰਨੇ।'

'ਮੈਂ ਤੈਨੂੰ ਬਰੀ ਕਰ ਦੇਨਾਂ ਪਰ ਪਹਿਲੋਂ ਤੈਨੂੰ ਮੇਰੀ ਇਕ ਸ਼ਰਤ ਮੰਨਣੀ ਪਵੇਗੀ। ਦੱਸ ਮੰਨੇਂਗਾ ?'

'ਬੱਚਿਆਂ ਵਾਲਿਆ ਤੂੰ ਇਕ ਆਹਨਾਂ ਏਂ, ਮੈਂ ਤੇਰੀਆਂ ਦਸ ਸ਼ਰਤਾਂ ਮੰਨਣ ਨੂੰ ਤਿਆਰ ਆਂ।'

'ਸ਼ਰਤ ਇਹ ਈ ਪਈ ਤੂੰ ਮੈਨੂੰ ਉਸ ਲਾਲਿਆਂ ਵਾਲੇ ਘਰ ਬਾਰੇ ਦੱਸ, ਉਥੇ ਕੀ ਕੀ ਏ ਤੇ ਕਿਵੇਂ ਕਿਵੇਂ ਦਾ ਬਣਿਆ ਹੋਇਆ ਏ। ਮੈਂ ਤੈਨੂੰ ਛੱਡ ਦਿਆਂਗਾ।' ਉਹ ਹਾੜਾ ਪਾਂਦਾ ਬੋਲਿਆ।

ਪਹਿਲੋਂ ਤੇ ਲੱਗਾ ਇਹ ਸ਼ਰਤ ਪੂਰੀ ਕਰਨਾ ਮੇਰੇ ਜਿਹੇ ਗਲਾਪੜੀ ਬੰਦੇ ਲਈ ਕਿਹੜੀ ਔਖੀ ਗੱਲ ਏ। ਪਰ ਜਦੋਂ ਮੈਂ ਸ਼ੁਰੂ ਹੋਵਣ ਲੱਗਾ ਤਾਂ ਮੈਨੂੰ ਕੁਝ ਚੇਤੇ ਈ ਨਾ ਆਵੇ। ਬੜਿਆ ਔਖਿਆਂ ਸੌਖਿਆਂ ਹੋ ਕੇ ਮੈਂ ਅੜਦਿਆਂ ਅੜਦਿਆਂ ਬੋਲਣਾ ਸ਼ੁਰੂ ਕੀਤਾ। ਬਾਹਰੋਂ ਗਲੀ ਤੋਂ ਸ਼ੁਰੂ ਹੋਇਆ ਮੈਂ। ਥੜ੍ਹੀ ਦੱਸੀ, ਬੂਹਾ ਦੱਸਿਆ। ਬੂਹੇ ਦੀ ਉਤਲੀ ਮਹਿਰਾਬ ਵਿਚ ਸੱਜੀ ਖੱਬੀ ਨੁੱਕਰੇ ਸੁੰਢਾਂ ਚਾਈ ਪਿਛਲਿਆਂ ਪੈਰਾਂ 'ਤੇ ਖਲੋਤੇ ਹਾਥੀਆਂ ਦੀਆਂ ਚਾਂਦੀ ਰੰਗੀਆਂ ਮੂਰਤਾਂ ਦੱਸੀਆਂ। ਫੇਰ ਮੈਂ ਅੰਦਰ ਵਿਹੜੇ ਵਿਚ ਫੁੱਲਾਂ ਦੀਆਂ ਕਿਆਰੀਆਂ ਤੋਂ ਟੁਰਦਾ ਹੋਇਆ ਚੌਂਕੇ ਵੱਲ ਆਇਆ, ਦਿਮਾਗ਼ 'ਤੇ ਜ਼ੋਰ ਪਾ ਕੇ ਜੋ-ਜੋ ਮੈਨੂੰ ਚੇਤੇ ਆਇਆ ਉਹ ਮੈਂ ਉਹਨੂੰ ਦੱਸਿਆ। ਉਹ ਨੀਵੀਂ ਪਾਈ ਮੇਰੀਆਂ ਗੱਲਾਂ ਸੁਣਦਾ ਪਿਆ ਸੀ। ਅਸਲੋਂ ਅਡੋਲ ਹੋਇਆ ਬੈਠਾ। ਮੈਨੂੰ ਤੇ ਉਹ ਸਾਹ ਲੈਂਦਾ ਵੀ ਨਹੀਂ ਸੀ ਜਾਪਦਾ ਪਿਆ। ਮੈਂ ਚੌਂਕੇ ਤੋਂ ਨਿਕਲ ਕੇ ਹੁਣ ਉਸ ਘਰ ਦੇ ਪਸਾਰ ਵੱਲੇ ਵਧਿਆ ਜਿਹਦੇ ਵਿਚ ਅਸੀਂ ਟਿਕੇ ਹੋਏ ਸਾਂ। ਪਸਾਰ ਦੀਆਂ ਜਿੰਨੀਆਂ ਚੀਜ਼ਾਂ ਮੈਨੂੰ ਚੇਤੇ ਆਈਆਂ, ਮੈਂ ਦੱਸੀਆਂ। ਪਰ ਜਦੋਂ ਮੈਂ ਹਾਲ ਕਮਰੇ ਵਿਚ ਵੜਨ ਲੱਗਾ ਤਾਂ ਮੈਨੂੰ ਚੇਤੇ ਆਇਆ ਪਈ ਪਸਾਰ ਦੀ ਇਕ ਥਾਂ ਬਾਬਤ ਤੇ ਮੈਂ ਭੁੱਲ ਈ ਗਿਆ ਸਾਂ। ਮੈਂ ਹਾਲ ਕਮਰੇ ਵਿਚ ਵੜਦਾ ਵੜਦਾ ਪਰਤ ਆਇਆ, ਪਸਾਰ ਦੀ ਇਕ ਥਾਂ ਦਾ ਦੱਸਣ ਦਾ ਮੈਨੂੰ ਚੇਤੇ ਈ ਨਹੀਂ ਰਿਹਾ। ਇਹ ਸੱਜੀ ਕੰਧ ਵਿਚ ਬਣਿਆ ਹੋਇਆ ਇਕ ਵੱਡਾ ਸਾਰਾ ਆਲਾ ਏ, ਬੜਾ ਈ ਸੋਹਣਾ। ਐਨਾ ਸੋਹਣਾ ਕਿ ਵੇਖਦਿਆਂ ਭੁੱਖ ਲਹਿੰਦੀ ਏ ਇਹਨੂੰ ਤੇ ਇਹਦੇ ਕੰਢਿਆਂ ਉੱਤੇ ਜਿਹੜੇ ਵੇਲ ਬੂਟੇ ਨਕਸ਼ੇ ਹੋਏ ਨੇ ਉਨ੍ਹਾਂ ਦੀ ਤੇ ਸੋਭਾ ਮੈਂ ਕਰ ਈ ਨਹੀਂ ਸਕਦਾ...।'

ਅਜੇ ਇਹ ਗੱਲ ਮੇਰੇ ਮੂੰਹ ਵਿਚ ਈ ਸੀ ਕਿ ਉਹਦਾ ਗਲੀਚੇ ਉੱਤੇ ਬੈਠੇ ਦਾ ਉੱਚੀ ਸਾਰੀ ਰੋਣ ਨਿਕਲ ਗਿਆ। ਉਹ ਮੇਰੇ ਗੋਡਿਆਂ ਉੱਤੇ ਸਿਰ ਰੱਖ ਕੇ ਉੱਚੀ ਉੱਚੀ ਹਟਕੋਰੇ ਭਰਦਾ ਹੋਇਆ ਬਾਲਾਂ ਵਾਂਗੂੰ ਰੋਂਦਾ ਪਿਆ ਸੀ। ਮੇਰਾ ਸਾਰਾ ਵਜੂਦ ਇਕ ਅਵੱਲੀ ਜਿਹੀ ਪੀੜ ਨਾਲ ਭਰਿਆ ਗਿਆ ਤੇ ਮੇਰੀਆਂ ਆਪਣੀਆਂ ਅੱਖਾਂ ਸਿੰਜ ਗਈਆਂ।

ਰੋਂਦਿਆਂ ਰੋਂਦਿਆਂ ਉਸ ਐਨਾ ਈ ਆਖਿਆ, 'ਉਸ ਆਲੇ ਵਿਚ ਈ ਤਾਂ ਮੈਂ ਨਿੱਕਾ ਹੁੰਦਾ ਆਪਣਾ ਬਸਤਾ ਰੱਖਦਾ ਹੁੰਦਾ ਸਾਂ।' ਮੇਰਾ ਆਪਣਾ ਹਉਕਾ ਨਿਕਲ ਗਿਆ। ਇਹ ਸੁਣ ਕੇ ਤੇ ਮੈਂ

ਉਹਦੇ ਸਿਰ ਨੂੰ ਪਲੋਸਦਾ ਹੋਇਆ ਇਹ ਵੀ ਭੁੱਲ ਗਿਆ ਕਿ ਮੈਂ ਮੁਲਜ਼ਮ ਆਂ ਤੇ ਉਹ ਮੁਨਸਫ਼। ਸਗੋਂ ਹੁਣ ਮੈਂ ਉਹਨੂੰ ਆਂਹਦਾ ਪਿਆ ਸਾਂ, 'ਸਾਹਬ ਜੇਰਾ ਰੱਖ, ਇਹ ਤੇ ਹੋਣੀ ਦੀਆਂ ਕਰਨੀਆਂ ਨੇ। ਕੀ ਕਰ ਸਕਦੇ ਆਂ ਅਸੀਂ ਇਹਨਾਂ ਅੱਗੇ।' ਝੱਕ ਕੁ ਮਗਰੋਂ ਉਹ ਧਰਵਾਸ ਵਿਚ ਹੋਇਆ ਤੇ ਅੰਦਰ ਈ ਬਣੇ ਗੁਸਲਖਾਨੇ ਵਿਚ ਜਾ ਵੜਿਆ।

ਮੁੜ ਕੇ ਅਦਾਲਤ ਲਾਇਓਸ। ਬੜੇ ਧਿਆਨ ਨਾਲ ਮੇਰਾ ਮੁਕੱਦਮਾ ਸੁਣਿਆ। ਤੇ ਫੇਰ ਇਹ ਆਖ ਕੇ ਮੇਰੀ ਹੱਥਕੜੀ ਪੁੱਟ ਦੇਣ ਦਾ ਹੁਕਮ ਦਿਤੋਸ, 'ਮੁਲਜ਼ਮ ਬਲੈਕੀਆ ਨਹੀਂ, ਸਾਰੀ ਗੱਲ ਕੱਥ ਤੋਂ ਪਤਾ ਲੱਗਾ ਏ ਕਿ ਮੁਲਜ਼ਮ ਨੂੰ ਆਪਣੇ ਘਰ ਦੀ ਯਾਦ ਸਤਾਇਆ ਤੇ ਉਹ ਪੰਧ ਕਰਕੇ ਹੱਦ ਤਾਈਂ ਅੱਪੜ ਗਿਆ। ਉਹਦਾ ਪਿੰਡ ਹੱਦ ਨਾਲ ਲਗਦੇ ਇਲਾਕੇ ਵਿਚ ਏ। ਏਸ ਲਈ ਮੁਲਜ਼ਮ ਨੂੰ ਆਪਣੇ ਦਿਲ ਤੇ ਵਸ ਨਾ ਰਿਹਾ ਤੇ ਉਹ ਹੱਦ ਟੱਪ ਕੇ ਉਰਲੇ ਬੰਨੇ ਆ ਗਿਆ। ਪਰ ਏਸ ਪਾਸਿਓਂ ਮੁਲਜ਼ਮ ਨੂੰ ਆਪਣੇ ਪਿੰਡ ਦਾ ਰਾਹ ਨਹੀਂ ਸੀ ਆਉਂਦਾ ਤਾਂ ਉਹ ਧੱਕੇ ਠੁੱਡੇ ਖਾਂਦਾ ਸ਼ਹਿਰ ਅੱਪੜ ਗਿਆ। ਜਿਥੇ ਪੁਲਿਸ ਨੇ ਉਹਨੂੰ ਫਿਰਦਿਆਂ ਹੋਇਆਂ ਪਕੜ ਵਿਚ ਲੈ ਲਿਆ। ਮੁਲਜ਼ਮ ਤੋਂ ਕੋਈ ਸ਼ੈਅ ਬਰਾਮਦ ਨਹੀਂ ਹੋਈ। ਨਾ ਈ ਕੋਈ ਅਜਿਹੀ ਸ਼ੈ ਲੱਭੀ ਏ ਜਿਹਦੇ ਤੋਂ ਸਾਬਤ ਹੋ ਸਕੇ ਪਈ ਉਹ ਉਚੇਚੇ ਇਰਾਦੇ ਨਾਲ ਹੱਦ ਟੱਪਣ ਦਾ ਗੁਨਾਹਗਾਰ ਏ। ਏਸ ਪਾਰੋਂ ਅਦਾਲਤ ਉਹਨੂੰ ਇੱਜ਼ਤ ਆਬਰੂ ਨਾਲ ਬਰੀ ਕਰਦੀ ਏ।'

ਬਰੀ ਕਰਕੇ ਮੈਨੂੰ ਉਹ ਆਪਣੇ ਘਰ ਲੈ ਆਇਆ। ਆਪਣੀ ਘਰ ਵਾਲੀ ਨਾਲ ਮੈਨੂੰ ਮਿਲਵਾਇਓਸ। ਉਹਨੂੰ ਆਖਣ ਲੱਗਾ, 'ਵੇਖ ਕੁਸ਼ੱਲਿਆ, ਅੱਜ ਸਾਡੇ ਸ਼ੇਖੂਪੁਰੇ ਵਾਲੇ ਘਰ ਦੀ ਖੁਸ਼ਬੋਈ ਆਪ ਟੁਰ ਕੇ ਆ ਗਈ ਓ ਸਾਡੇ ਤਾਈਂ।' ਇਹ ਸੁਣ ਕੇ ਉਹਦੀ ਘਰ ਵਾਲੀ ਚਾਵਾਂ ਨਾਲ ਭਰ ਗਈ ਤੇ ਵੀਰ ਜੀ ਵੀਰ ਜੀ ਆਂਹਦੀ ਦਾ ਮੂੰਹ ਸੁੱਕਣ ਲੱਗ ਪਿਆ। ਮੈਂ ਉਨ੍ਹਾਂ ਦੇ ਘਰ ਬਿਲੋ ਪੁੱਤਰ ਦੋ ਕਿ ਤਿੰਨ ਦਿਨ ਰਿਹਾ। ਇਹਨਾਂ ਦਿਨਾਂ ਵਿਚ ਉਨ੍ਹਾਂ ਮੇਰੀਆਂ ਉਹ ਖਾਤਰਾਂ ਕੀਤੀਆਂ ਪਈ ਤੈਨੂੰ ਕੀ ਦੱਸਾਂ ? ਮੈਂ ਜਿਥੇ ਪੈਰ ਧਰਦਾ ਉਥੇ ਉਹ ਅਗਦੀ ਈ ਹੱਥਾਂ ਦੀਆਂ ਤਲੀਆਂ ਚਾ ਵਿਛਾਉਂਦੇ। ਐਨਾ ਪਿਆਰ ਐਨਾ ਪਿਆਰ ਕਿ ਮੈਨੂੰ ਉਨ੍ਹਾਂ ਤੋਂ ਸੰਗ ਆਵੇ। ਰਹਿ ਰਹਿ ਕੇ ਦਿਲ ਵਿਚ ਇਹ ਸੋਚ ਉੱਭਰੇ ਪਈ ਇਨ੍ਹਾਂ ਦੇ ਪਿਆਰ ਦਾ ਵਲਦਾ ਦੇਣ ਲਈ ਰੱਬ ਕਰਦਾ ਮੇਰੇ ਕੋਲ ਕੋਈ ਸ਼ੈ ਹੁੰਦੀ।

ਉਹ ਮੇਰੇ ਨਾਲ ਘੰਟਿਆਂ ਬੱਧੀ ਆਪਣੇ ਪਿਛਲੇ ਘਰ ਦੀਆਂ ਗੱਲਾਂ ਕਰਦਾ ਰਹਿੰਦਾ। ਉਹਨੂੰ ਆਪਣੇ ਘਰ ਦੀ ਇਕ ਇਕ ਸ਼ੈ ਇੰਜ ਚੇਤੇ ਸੀ ਪਈ ਮੈਂ ਵੀ ਹੈਰਾਨ ਰਹਿ ਜਾਂਦਾ। ਫਲਾਣੀ ਥਾਓਂ ਕਲੀ ਭੁਰੀ ਹੋਈ ਏ, ਫਲਾਣੇ ਬੂਹੇ ਉੱਤੇ ਇਹ ਨਕਸ਼ ਬਣੇ ਹੋਏ ਨੇ। ਉਹ ਕੋਈ ਗੱਲ ਈ ਤੇ ਨਹੀਂ ਸੀ ਰਹਿਣ ਦੇਂਦਾ ਬਾਕੀ। ਮੈਂ ਉਸ ਘਰ ਵਿਚ ਰਹਿੰਦਾ ਪਿਆ ਸਾਂ ਪਰ ਮੈਨੂੰ ਉਨ੍ਹਾਂ ਗੱਲਾਂ ਦਾ ਕੁਝ ਪਤਾ ਨਹੀਂ ਸੀ ਜਿਹੜੀਆਂ ਉਹ ਪੂਰੇ ਵੇਰਵੇ ਨਾਲ ਦੱਸਦਾ ਰਹਿੰਦਾ ਸੀ।

ਉਹਨੇ ਆਪ ਈ ਨੱਸ ਭੱਜ ਕਰਕੇ ਮੇਰੇ ਕਾਗਜ਼ ਬਣਵਾਏ, ਬਾਜ਼ਾਰ ਵਿਚੋਂ ਸਾਡੇ ਪੂਰੇ ਟੱਬਰ ਲਈ ਐਨੀਆਂ ਕੁ ਸ਼ੈਵਾਂ ਮੁੱਲ ਲੈ ਦਿੱਤੀਆਂ ਕਿ ਵੱਡਾ ਸਾਰਾ ਇਕ ਸੰਦੂਕ ਭਰਿਆ ਗਿਆ। ਫੇਰ ਉਹ ਦੋਵੇਂ ਜੀ ਮੈਨੂੰ ਆਪਣੀ ਮੋਟਰ ਤੇ ਹੱਦ ਪਾਰ ਕਰਾਉਣ ਆਏ। ਵਿਛੜਨ ਤੋਂ ਪਹਿਲਾਂ ਅਸੀਂ ਗੱਲਵਕੜੀ ਪਾ ਕੇ ਇੰਜ ਧਾਈਂ ਮਾਰ ਮਾਰ ਕੇ ਰੋਏ ਜਿਵੇਂ ਅਸਲੋਂ ਸਕੇ ਹੋਈਏ, ਸਗੋਂ ਸਕਿਆਂ ਤੋਂ ਵੀ ਵੱਧ। ਛੇਕੜਲੀ ਵਾਰ ਮਿਲਦਿਆਂ ਉਹ ਮੈਨੂੰ ਆਖਣ ਲੱਗਾ, 'ਇਕ ਕੰਮ ਕਰੀਂ ਪਿਛਲੀ ਨਿੱਕੀ ਕੋਠੜੀ ਵਿਚ ਮਾਂ ਨੂੰ ਆਖੀਂ ਹਰ ਜੁੰਮੇਰਾਤ ਦੀਵਾ ਜ਼ਰੂਰ ਜਗਾਇਆ ਕਰੇ। ਮੇਰੀ ਮਾਂ ਉਥੇ ਕਿਸੇ ਤੁਹਾਡੇ ਈ ਫ਼ਕੀਰ ਦੇ ਨਾਂ ਦਾ ਦੀਵਾ ਜਗਾਇਆ ਕਰਦੀ ਸੀ। ਦੂਜਾ ਤਿੱਲੇ ਦਾ ਚਿੱਤ ਚੇਤਾ ਨਾ ਕਰੀਂ। ਤੈਨੂੰ ਘਰ ਬੈਠੇ ਨੂੰ ਜਿੰਨਾ ਚਾਹਵੇ ਤਿੱਲਾ ਅੱਪੜ ਜਾਇਆ ਕਰਸੀ।' ਉਂਜ ਵੀ ਉਹਨੇ ਮੇਰੇ ਸਾਮਾਨ ਵਿਚ ਵਾਹਵਾ ਸਾਰਾ ਤਿੱਲਾ ਬੰਨ੍ਹ ਦਿੱਤਾ ਹੋਇਆ ਸੀ। ਬਸ ਫੇਰ ਮੈਂ ਪਾਰਲਿਓਂ ਉਰਲੇ ਬੰਨੇ



ਆ ਗਿਆ। ਪਾਰਲਾ ਬੰਨਾ ਜਿਹੜਾ ਕਦੇ ਮੇਰਾ ਸੀ ਤੇ ਉਰਲਾ ਬੰਨਾ ਜਿਹੜਾ ਕਦੇ ਉਹਦਾ ਸੀ।

ਬਾਬਾ ਹੁਕਮਾ ਹਨੇਰੇ ਵਿਚ ਮੈਨੂੰ ਆਪਣੀ ਪੱਗ ਨਾਲ ਅੱਖਾਂ ਪੂੰਝਦਾ ਹੋਇਆ ਦਿਸਿਆ। ਫੇਰ ਉਹ ਪਹਿਲੇ ਤੋਂ ਵੀ ਨੀਵੀਂ ਵਾਜ ਵਿਚ ਬੋਲਣ ਲੱਗ ਪਿਆ, 'ਸੁੱਚਾ ਤਿੱਲਾ ਮੈਨੂੰ ਘਰ ਬੈਠੇ ਨੂੰ ਈ ਮਿਲਦਾ ਰਿਹਾ ਬਾਰਡਰ ਪੁਲਿਸ ਦੇ ਬੰਦਿਆਂ ਹੱਥ। ਉਸ ਤਿੱਲੇ ਦੀ ਕਮਾਈ ਤੋਂ ਈ ਮੈਂ ਆਪਣਾ ਅੱਡਾ ਲਾਇਆ ਤੇ ਮੁੜ ਕੇ ਪਿਉ ਦਾਦੇ ਦਾ ਕਸਬ ਛੋਹਿਆ। ਸਭ ਤੋਂ ਪਹਿਲਾਂ ਮੈਂ ਉਨ੍ਹਾਂ ਦੋਵਾਂ ਜੀਆਂ ਦੇ ਜੋੜੇ ਬਣਾ ਕੇ ਘੱਲੇ, ਤਿੱਲੇ ਨਾਲ ਗੱਚ। ਮੇਚੇ ਮੈਂ ਉਨ੍ਹਾਂ ਤੋਂ ਲਏ ਤੇ ਨਹੀਂ ਸਨ ਪਰ ਮੇਰੇ ਦਿਮਾਗ ਵਿਚ ਉੱਕਰੇ ਹੋਏ ਸਨ। ਅੱਜ ਵੀ ਉਨ੍ਹਾਂ ਦੇ ਮੇਚੇ ਦੀਆਂ ਜੁੱਤੀਆਂ ਬਣਾ ਸਕਨਾ ਮੈਂ। ਪਰ ਹੁਣ ਤੇ ਉਨ੍ਹਾਂ ਦਾ ਕੁਝ ਪਤਾ ਈ ਨਹੀਂ ਪਈ ਕਿਥੇ ਨੇ ? ਉਦੋਂ ਮੈਂ ਤਿੰਨੀਂ ਚੌਹਵੀਂ ਮਹੀਨੀਂ ਜੁੱਤੀਆਂ ਬਣਾ ਕੇ ਘੱਲ ਛੱਡਦਾ ਸਾਂ ਉਨ੍ਹਾਂ ਨੂੰ। ਬੜੇ ਰਾਜ਼ੀ ਹੁੰਦੇ ਸੀ ਉਹ ਮੇਰੀ ਏਸ ਮਾੜੀ ਜਿਹੀ ਸੇਵਾ 'ਤੇ। ਫੇਰ ਸਾਡੇ ਤੋਂ ਉਨ੍ਹਾਂ ਵਾਲਾ ਘਰ ਖੁੱਸ ਗਿਆ। ਕਿਸੇ ਨੇ ਕਲੇਮ ਵਿਚ ਪਵਾ ਲਿਆ ਸੀ। ਸਾਡੇ ਕੋਲ ਤੇ ਕੋਈ ਲਿਖਤ ਪੜ੍ਹਤ ਹੈ ਨਹੀਂ ਸੀ। ਏਸ ਲਈ ਨਿਕਲ ਆਏ ਉਥੋਂ ਦੂਜੀ ਵਾਰ ਉੱਜੜ ਕੇ। ਇਹ ਉਜਾੜਾ ਪਹਿਲੇ ਉਜਾੜੇ ਤੋਂ ਵੀ ਡਾਹਢਾ ਦੁੱਖ ਭਰਿਆ ਸੀ।

ਉਥੋਂ ਅਸੀਂ ਤੁਹਾਡੇ ਵਾਲੀ ਜੂਹ ਵਿਚ ਆ ਟਿਕੇ। ਇਥੇ ਤੇਰੇ ਪਿਉ ਨਾਲ ਭਰਾਵਾਂ ਤੋਂ ਵੀ ਵੱਧ ਪਿਆਰ ਪੈ ਗਿਆ। ਏਥੇ ਵੀ ਮੈਨੂੰ ਉਹਦਾ ਘੱਲਿਆ ਤਿੱਲਾ ਅੱਪੜਦਾ ਰਿਹਾ। ਇਕ ਦਿਨ ਤੇਰੇ ਪਿਉ ਨੂੰ ਮੈਂ ਸਾਰੀ ਗੱਲ ਦੱਸੀ ਤੇ ਹੱਸ ਕੇ ਆਖਣ ਲੱਗਾ, 'ਤੂੰ ਕਿਤੇ ਉਸ ਬਾਂਦਰ ਜਿਹੇ ਦੀ ਗੱਲ ਤੇ ਨਹੀਂ ਕਰਦਾ ਪਿਆ, ਮਨੋਹਰ ਲਾਲ ਦੀ। ਉਹ ਤੇ ਮੇਰਾ ਚੰਗਾ ਭਲਾ ਜਾਣੂ ਹੁੰਦਾ ਸੀ। ਏਥੇ ਜਦੋਂ ਪੜ੍ਹਦਾ ਹੁੰਦਾ ਸੀ, ਅਸੀਂ ਰਲ ਕੇ ਖੇਡਦੇ ਹੁੰਦੇ ਸਾਂ।'

ਸਾਡੇ ਉੱਤੇ ਤੇ ਸਾਰੇ ਆਲ-ਦਵਾਲੇ ਉੱਤੇ ਕੁਝ ਚਿਰ ਡੂੰਘੀ ਚੁੱਪ ਵਰਤੀ ਰਹੀ। ਫੇਰ ਬਾਬਾ ਹੁਕਮਾ ਮੈਨੂੰ ਆਖਣ ਲੱਗਾ, 'ਚੱਲ ਬਿੱਲੋ ਚਲੀਏ ਏਥੋਂ, ਕਵੇਲਾ ਚੋਖਾ ਹੋ ਗਿਆ ਏ ਐਵੇਂ ਤੇਰੀ ਮਾਂ ਭਰਮ ਕਰਦੀ ਹੋਵੇਗੀ।' ਅਸੀਂ ਦੋਵੇਂ ਲੱਕੜ ਤੋਂ ਉੱਠ ਖਲੋਤੇ ਤੇ ਫੇਰ ਚੁੱਪ ਚਾਨ ਗਲੀ ਵਿਚ ਟੁਰ ਪਏ, ਆਪੋ ਆਪਣੇ ਘਰਾਂ ਨੂੰ।

## ਸਿਹਾਣ ਅਸਿਹਾਣ/ਜ਼ੁਬੈਰ ਅਹਿਮਦ

ਕਿੰਨੇ ਦਿਨਾਂ ਤੋਂ ਮਾਂ ਖਹਿੜੇ ਪਈ ਸੀ ਕਿ ਹਸਪਤਾਲੇ ਜਾ ਮਾਸੀ ਦੀ ਖ਼ੈਰ ਖ਼ਬਰ ਲੈ ਆਵਾਂ। ਮਾਸੀ ਜੈਨਬ ਉਂਜ ਤਾਂ ਕਈ ਵਰ੍ਹਿਆਂ ਤੋਂ ਰੋਗੀ ਲਗੀ ਆਉਂਦੀ ਸੀ ਪਰ ਐਤਕੀਂ ਹਸਪਤਾਲ ਕੀ ਗਈ, ਉਥੋਂ ਦੀ ਹੋ ਕੇ ਰਹਿ ਗਈ। ਸਾਰੇ ਅੰਗ ਸਾਕ ਵਾਰੋ-ਵਾਰੀ ਹਸਪਤਾਲੋਂ ਹੋ ਆਏ ਸਨ। ਇਕ ਦਿਨ ਵਿਹਲ ਕੱਢ ਮੈਂ ਵੀ ਤੁਰ ਈ ਗਿਆ। ਵਾਰਡ ਦੇ ਲਾਗੇ ਈ ਗੁੱਡੀ ਮਿਲ ਪਈ ਤੇ ਝੱਟ ਮਾਸੀ ਕੋਲ ਲੈ ਗਈ। ਵਾਰਡ ਜ਼ਨਾਨੀਆਂ ਦੀ ਸੀ ਤੇ ਬਹੁਤੇ ਬੰਦੇ ਨਹੀਂ ਸਨ। ਮੇਰੀ ਵਹੁਟੀ ਵੀ ਨਾਲ ਸੀ ਤੇ ਅਸੀਂ ਮਾਸੀ ਦੇ ਬੈੱਡ ਨਾਲ ਪਏ ਇਕ ਬੈਂਚ ਉਪਰ ਬਹਿ ਗਏ। ਮਾਸੀ ਦੀਆਂ ਅੱਖਾਂ ਬੰਦ ਸਨ ਤੇ ਗਲੇ ਤੀਕ ਕੰਬਲ ਦਿੱਤਾ ਹੋਇਆ ਸੀ। ਉਸ ਨੂੰ ਤਕਦੇ ਸਾਰ ਮੇਰਾ ਅੰਦਰ ਖਟੀਜ ਗਿਆ।

ਵੀਹ ਬਾਈ ਵਰ੍ਹਿਆਂ ਪਿਛੋਂ ਕਿਤੇ ਮਿਲਣ ਆਇਆ ਹੋਸਾਂ ਮਾਸੀ ਨੂੰ। ਉਹ ਹੱਡੀਆਂ ਦਾ ਪਿੰਜਰ ਬਣੀ ਹੋਈ ਸੀ। ਪਿੰਡੇ ਦਾ ਜਿੰਦ ਵਾਲਾ ਤਗੜਾ ਮਾਸ ਸੁੱਕ ਗਿਆ ਸੀ ਤੇ ਤਿੱਖਾ ਲੰਮਾ ਨੱਕ ਮੂੰਹ ਤੋਂ ਅਡਰਾ ਤੇ ਵੱਖ ਜਾਪਦਾ ਸੀ। ਗੋਰਾ ਪਿੰਡਾ ਸਲੇਟੀ ਰੰਗ ਦੀ ਭਾ ਮਾਰਦਾ ਜੀਵਨ ਦੇ ਕਿਸੇ ਰੰਗ ਦੀ ਦੱਸ ਨਹੀਂ ਸੀ ਪਾਉਂਦਾ। ਫਾਲਜ ਹੋਇਆ ਸੀ ਅੱਠ ਦਸ ਵਰ੍ਹੇ ਪਹਿਲਾਂ ਤੇ ਕੁਝ ਵਰ੍ਹਿਆਂ ਪਿੱਛੋਂ ਜੀਭ ਉੱਕਾ ਚਲਣੀ ਬੰਦ ਹੋ ਗਈ। ਇਨ੍ਹਾਂ ਸਾਰਿਆਂ ਵਰ੍ਹਿਆਂ ਵਿਚ ਮਾਂ ਆਖਦੀ ਰਹੀ, ਕਦੇ

ਵਿਹਲ ਕੱਢ ਕੇ ਮਾਸੀ ਨੂੰ ਮਿਲ ਆ। ਮਾਂ ਕਹਿੰਦੀ, 'ਮਾਸੀ ਹਮੇਸ਼ ਤੇਰਾ ਪੁੱਛਦੀ ਏ।' ਤੇ ਨਾਲੋ-ਨਾਲ ਮਾਸੀ ਦੇ ਰੋਗ ਦੇ ਵਟਦੇ ਹਾਲ ਦੀ ਖ਼ਬਰ ਵੀ ਅਪੜਾਂਦੀ ਦੇ ਆਖਦੀ, 'ਮੈਂ ਆਖਿਆ ਸੀ ਨਾ ਮਾਸੀ ਨੂੰ ਮਿਲ ਆ। ਕੋਈ ਗੱਲ ਕਰ ਲੈਂਦੀ। ਹੁਣ ਤਾਂ ਬੋਲ ਵੀ ਨਹੀਂ ਸਕਦੀ।' ਪਰ ਮਾਸੀ ਦਾ ਹਾਲ ਇੰਜ ਦਾ ਹੋਸੀ ਰਤਾ ਖ਼ਿਆਲ ਨਹੀਂ ਸੀ ਮੈਨੂੰ।

ਮਾਸੀ ਸ਼ੌਰੇ ਸਾਡੀ ਦੂਰੋਂ-ਨੇੜਿਓਂ ਸਾਕਾਂ ਵਿਚੋਂ ਈ ਹੋਣੀ ਏ। ਪਰ ਉਸ ਨਾਲ ਬਹੁਤੀ ਸਾਕਾਚਾਰੀ ਉਦੋਂ ਬਣੀ ਜਦੋਂ ਉਸਦੇ ਕਿੰਨੇ ਈ ਦਿਉਰਾਂ ਵਿਚੋਂ ਇਕ ਨਾਲ ਮੇਰੀ ਵੱਡੀ ਭੈਣ ਪਰਨੀਵੀ। ਉਂਜ ਸਾਡਾ ਮਿਲਣ ਮਾਸੀ ਨਾਲ ਪਹਿਲੋਂ ਤੋਂ ਸੀ ਤੇ ਮਾਂ ਹਮੇਸ਼ ਆਖਣਾ ਪਈ ਮਾਸੀ ਦੋ ਮੋਰੀਆ ਲਾਗੇ ਰਹਿੰਦੀ ਏ। ਇਹ ਰਹਿਣ ਦੀ ਕਹਾਣੀ ਹਮੇਸ਼ ਵੰਡ ਤੋਂ ਛੋਂਹਦੀ। ਮਾਸੀ ਕਿਵੇਂ ਗੁਰਦਾਸਪੁਰ ਤੋਂ ਲਾਹੌਰ ਅਪੜੀ ਤੇ ਅਸੀਂ ਕਿਵੇਂ। ਮੈਂ ਜਦ ਮਾਸੀ ਨੂੰ ਤੱਕਿਆ, ਉਹ ਆਪਣੀ ਬਰਾਦਰੀ ਦੀ ਦਾਨੀ ਪਰਧਾਨੀ ਸੀ, ਭਰਿਆ ਸਰੀਰ ਤੇ ਗੱਲ੍ਹਾਂ ਲਾਲੀ ਦੀ ਭਾ ਮਾਰਦੀਆਂ। ਗਜ ਵਜ ਕੇ ਟੱਬਰ ਵਿਚ ਬਹਿੰਦੀ ਤੇ ਸਾਰੇ ਕੰਮਾਂ ਕਾਰਾਂ ਦਾ ਸਿਰਾ ਉਹਦੇ ਹੱਥ ਵਿਚ ਈ ਹੁੰਦਾ। ਘਰ ਦਾ ਸਾਰਾ ਜਮ੍ਹਾ-ਖਰਚ, ਲੈਣਾ-ਦੇਣਾ, ਸ਼ਾਦੀ ਵਿਆਹ ਦੀ ਗੱਲ ਸਭੇ ਕੁਝ ਮਾਸੀ ਰਾਹੀਂ ਹੁੰਦਾ। ਮਾਸੀ ਅੱਗੇ ਕੋਈ ਕੂ ਨਹੀਂ ਸੀ ਸਕਦਾ। ਕੀ ਉਹਦਾ ਖਾਵੰਦ ਤੇ ਕੀ ਪੁੱਤਰ, ਕੀ ਦੇਵਰ ਤੇ ਕੀ ਜਵਾਈ। ਸਾਰਿਆਂ ਨੂੰ ਇਕੋ ਡੋਰੀ ਪਰੋ ਕੇ ਰੱਖਦੀ।

ਨਿੱਕੇ ਹੁੰਦਿਆਂ ਇਕ-ਦੋ ਵਾਰ ਗਰਮੀਆਂ ਦੀਆਂ ਛੁੱਟੀਆਂ ਮੈਂ ਮਾਸੀ ਵੱਲ ਰਿਹਾ ਸਾਂ। ਪਰ ਜਦ ਵੱਡੀ ਭੈਣ ਦਾ ਵਿਆਹ ਹੋਇਆ ਤਾਂ ਮਾਂ ਮੈਨੂੰ ਈ ਹਰ ਦੂਜੇ ਤਰੀਜੇ ਮਹੀਨੇ ਭੈਣ ਵੱਲ ਕੋਈ ਸ਼ੈ ਦੇ ਆਉਣ ਲਈ ਘੱਲ ਦੇਂਦੀ। ਕ੍ਰਿਸ਼ਨ ਨਗਰੋਂ ਮੈਂ ਟਾਂਗੇ ਉੱਤੇ ਭਾਟੀ ਅਪੜਦਾ ਤੇ ਫੇਰ ਦੂਜੇ ਟਾਂਗੇ ਉੱਤੇ ਦੋ ਮੋਰੀਆ ਪੁਲ। ਘਰ ਮਾਸੀ ਦਾ ਦੋ ਮੋਰੀਆ ਪੁਲ ਲਾਗੇ ਈ ਸੀ। ਥਾਂ ਤੇ ਐਨੀ ਨਹੀਂ ਸੀ ਪਰ ਘਰ ਸੀ ਤਿੰਨ ਮੰਜ਼ਲਾ। ਹੇਠਾਂ ਈ ਮਾਸੀ ਨੂੰ ਸਭ ਤੋਂ ਵੱਡਾ ਕਮਰਾ ਮਿਲਿਆ ਹੋਇਆ ਸੀ ਤੇ ਇਕ ਪਾਸੇ ਪਏ ਪੁਰਾਣੇ ਸ਼ੀਸ਼ਿਆਂ ਆਲੇ ਪਲੰਘ ਉੱਤੇ ਬਹਿ ਕੇ ਸਾਰੇ ਘਰ ਉੱਤੇ ਰਾਜ ਕਰਦੀ। ਫਰਸ਼ ਉੱਤੇ ਇਕ ਵੱਡੀ ਦਰੀ ਵਿਛੀ ਰਹਿੰਦੀ ਤੇ ਇਕ ਪਾਸੇ ਦੋ ਚਾਰ ਕੁਰਸੀਆਂ ਡੱਠੀਆਂ ਹੁੰਦੀਆਂ।

ਕਮਰੇ ਦੇ ਇਕ ਪਾਸੇ ਕੰਧ ਨਾਲ ਇਕ ਵੱਡੀ ਲੋਹੇ ਦੀ ਪੇਟੀ ਉੱਤੇ ਤਿੰਨ ਚਾਰ ਪੁਰਾਣੇ ਟਰੰਕ ਪਏ ਹੁੰਦੇ। ਘਰ ਦੇ ਸਾਰੇ ਜੀ ਦਰੀ ਉੱਤੇ ਬਹਿ ਕੇ ਇਕੱਠੇ ਰੋਟੀ ਖਾਂਦੇ। ਹਰ ਵੇਲੇ ਮਾਸੀ ਦੇ ਕਮਰੇ ਵਿਚ ਬਾਲਾਂ ਦਾ ਰੌਲਾ ਪਿਆ ਰਹਿੰਦਾ। ਵੱਡੇ ਮਾਸੀ ਤੋਂ ਜਿੰਨਾ ਤਰ੍ਹਾਂਦੇ, ਬਾਲ ਓਨੇ ਹੀ ਮਾਸੀ ਦੇ ਨੇੜੇ ਸਨ। ਪਲੰਘ ਹੇਠ ਫਲ-ਫਰੂਟ, ਬਾਦਾਮ ਤੇ ਖਾਣ ਵਾਲੀਆਂ ਸ਼ੈਆਂ ਪਈਆਂ ਰਹਿੰਦੀਆਂ ਤੇ ਉੱਤੇ ਬੈਠੀ ਮਾਸੀ ਨੂੰ ਪਤਾ ਵੀ ਨਾ ਲਗਦਾ ਪਈ ਬਾਲ ਚੁੱਪ ਕਰਕੇ ਪਲੰਘ ਹੇਠ ਵੜ ਕੇ ਕੀ ਕੰਮ ਵਿਖਾਉਂਦੇ ਨੇ।

ਘਰ ਬਾਹਰ ਬਾਜ਼ਾਰ ਸੀ ਤੇ ਬਾਲ ਸਾਰਾ ਦਿਨ ਮਾਸੀ ਕੋਲੋਂ ਆਨਾ-ਦੁਆਨੀ ਮੰਗਦੇ ਤੇ ਬਾਹਰੋਂ ਭੱਜ ਭੱਜ ਸ਼ੈਆਂ ਲਿਆ ਕੇ ਖਾਂਦੇ ਤੇ ਲੜਦੇ ਰਹਿੰਦੇ। ਮਾਸੀ ਦੇ ਘਰ ਇਕ ਪੁਰਾਣਾ ਗ੍ਰਾਮੋਫੋਨ ਵੀ ਹੁੰਦਾ ਸੀ। ਜਦ ਵੀ ਮੈਂ ਜਾਂਦਾ ਦੂਜੇ ਬਾਲਾਂ ਨਾਲ ਇਕ ਕਮਰੇ ਵਿਚ ਵੜ ਕੇ ਅਸੀਂ ਉਸ ਉੱਤੇ ਗਾਣੇ ਸੁਣਦੇ। ਜ਼ਰਾ ਜਿੰਨੀ ਆਵਾਜ਼ ਮੈਂ ਉੱਚੀ ਕਰਦਾ ਤਾਂ ਦੂਜੇ ਮੈਨੂੰ ਹਟਕਦੇ, ਪਈ ਕਿਤੇ ਮਾਸੀ ਨਾ ਸੁਣ ਲਵੇ। ਅਸਲ 'ਚ ਇਹ ਗ੍ਰਾਮੋਫੋਨ ਸੀ ਮਾਸੀ ਦੇ ਇਕ ਪੁੱਤਰ ਦਾ, ਜਿਹੜਾ ਆਪੋਂ ਵੀ ਕਦੀ ਕਦੀ ਇਕ ਰੀਕਾਰਡ ਮੁੜ ਮੁੜ ਲਾ ਕੇ ਸਿਰ ਮਾਰਦਾ ਰਹਿੰਦਾ :

ਆਜ ਫਿਰ ਜੀਨੇ ਕੀ ਤਮੰਨਾ ਹੈ
*ਆਜ ਫਿਰ ਮਰਨੇ ਕਾ ਇਰਾਦਾ ਹੈ*

ਮਾਸੀ ਦਾ ਇਹ ਪੁੱਤਰ ਨਵਾਂ ਨਵਾਂ ਨੌਕਰੀ ਲੱਗਾ ਸੀ ਤੇ ਹਰ ਵੇਲੇ ਹੱਸਦਾ ਰਹਿੰਦਾ। ਹਮੇਸ਼ਾ ਸਾਨੂੰ ਸਾਰਿਆਂ ਬਾਲਾਂ ਨੂੰ ਪੈਸੇ ਦੇਂਦਾ ਤੇ ਆਪਣੇ ਕਮਰੇ ਦੇ ਬੂਹੇ ਬੰਦ ਕਰਕੇ ਰਿਕਾਰਡ ਸੁਣਦਾ ਤੇ



ਮਾਸੀ ਤੋਂ ਲੁਕ ਲੁਕ ਸਿਗਰਟ ਪੀਂਦਾ।

ਬੜੀ ਹੈਰਾਨੀ ਹੁੰਦੀ ਮੈਨੂੰ ਕਿ ਕੋਈ ਕੂੰਦਾ ਕਿਉਂ ਨਹੀਂ ਮਾਸੀ ਅੱਗੇ। ਸਾਡੇ ਘਰ ਵਿਚ ਤਾਂ ਅਸੀਂ ਬਹੁਤੇ ਪਿਉਆਂ ਤੇ ਚਾਚਿਆਂ ਤੋਂ ਡਰਦੇ ਸਾਂ। ਜਦ ਵੀ ਮੈਂ ਜਾਂਦਾ ਦੁਪਹਿਰ ਦੀ ਰੋਟੀ ਮਾਸੀ ਦੇ ਈ ਖਾਂਦਾ ਤੇ ਸ਼ਾਮ ਤੋਂ ਅਗਦੋਂ ਈ ਪਰਤ ਆਉਂਦਾ। ਆਉਣ ਲੱਗਿਆਂ ਮਾਸੀ ਸਿਰ ਉੱਤੇ ਪਿਆਰ ਦੇਂਦੀ, ਮਾਂ ਨੂੰ ਸਲਾਮ ਆਖਦੀ ਤੇ ਇਕ ਰੁਪਈਆ ਵੀ ਜ਼ਰੂਰ ਦੇਂਦੀ। ਮੈਨੂੰ ਬਹੁਤਾ ਲੋਭ ਉਸ ਰੁਪਈਏ ਦਾ ਈ ਹੁੰਦਾ। ਉਸ ਇਕ ਰੁਪਏ ਦੀ ਮੇਰੀ ਹਯਾਤੀ ਵਿਚ ਬਹੁੰ ਉੱਚੀ ਥਾਂ ਏ। ਉਦੋਂ ਰੁਪਈਆ ਮੁਕਾਂਦਿਆਂ ਨਹੀਂ ਸੀ ਮੁੱਕਦਾ। ਘਰ ਆਲਿਆਂ ਨੂੰ ਮੈਂ ਮਾਸੀ ਦੇ ਦਿੱਤੇ ਪੈਸਿਆਂ ਦਾ ਦੱਸਦਾ ਨਾ ਤੇ ਸਕੂਲੇ ਕਿੰਨੇ ਦਿਨ ਮਨਪਸੰਦ ਚੀਜ਼ਾਂ ਖਾਂਦਾ ਜਿਹੜੀਆਂ ਉਂਜ ਕਦੀ ਵੀ ਨਹੀਂ ਖਾ ਸਕਦਾ ਸਾਂ। ਉਸੇ ਰੁਪਏ ਨਾਲ ਹਯਾਤੀ ਵਿਚ ਪਹਿਲੀ ਵਾਰੀ ਫਿਲਮ ਤੱਕੀ ਤੇ ਮੁੜ ਕਈ ਫਿਲਮਾਂ ਤੱਕੀਆਂ। ਉਸੇ ਰੁਪਏ ਨਾਲ ਆਨਾ ਲਾਇਬ੍ਰੇਰੀ ਦੀ ਮੈਂਬਰੀ ਲਈ ਤੇ ਕਿਤਾਬਾਂ ਪੜ੍ਹੀਆਂ। ਉਸੇ ਇਕ ਰੁਪਏ ਪਾਰੋਂ ਕਈ ਪਸੰਦ ਦੇ ਯਾਰ ਬਣਾਏ ਤੇ ਮਨੀਟਰ ਨੂੰ ਵੀ ਵੱਢੀ ਦਿੱਤੀ।

ਪੰਜ ਪੁੱਤਰਾਂ ਤੇ ਚਾਰ ਧੀਆਂ ਵਿਚੋਂ ਮਾਸੀ ਦੇ ਸਭ ਬਾਲਾਂ ਤੋਂ ਨਿੱਕੀ ਸੀ ਗੁੱਡੀ। ਮੈਂ ਸਾਂ ਸਕੂਲੇ ਛੇਵੀਂ ਸਤਵੀਂ ਵਿਚ ਤੇ ਉਹ ਪੰਜ ਛੇ ਵਰ੍ਹੇ ਮੈਥੋਂ ਵੱਡੀ। ਰੱਜ ਜਵਾਨ ਚਿੱਟੀ ਗੋਰੀ ਗੁੱਡੀ ਨੰਗੇ ਪੈਰੀਂ ਸਾਰਾ ਦਿਨ ਘਰ ਵਿਚ ਫਿਰਦੀ ਰਹਿੰਦੀ। ਮਾਸੀ ਦੇ ਘਰ ਮੈਂ ਹਮੇਸ਼ਾ ਪ੍ਰਾਹੁਣਾ ਹੋਣਾ, ਏਸ ਲਈ ਮੈਨੂੰ ਕੋਈ ਵੀ ਹਟਕਦਾ ਨਾ ਹੋੜਦਾ। ਉਂਜ ਭਾਵੇਂ ਮਾਸੀ ਦੇ ਘਰ ਕਈ ਕਈ ਦਿਨ ਵੀ ਰਹਿੰਦਾ। ਉਮਰ ਇੰਜ ਦੀ ਸੀ ਉਸ ਵੇਲੇ ਮੇਰੀ ਪਈ ਹਾਣੀ ਕੁੜੀਆਂ ਦੀ ਸਮਝ ਨਾ ਆਈ ਤੇ ਉਮਰੋਂ ਕੁਝ ਵੱਡੀਆਂ ਕੋਲ ਐਵੇਂ ਈ ਢੁਕਣ ਨੂੰ ਜੀ ਕਰਨਾ।

ਗੁੱਡੀ ਤਾਂ ਹਮੇਸ਼ਾ ਮੈਨੂੰ ਬਹੁਤ ਚੰਗੀ ਲਗਦੀ। ਛੇਤੀ ਸਾਡੀ ਗੂੜ੍ਹ ਹੋ ਗਈ। ਇਕ ਪੱਜ ਇਹ ਵੀ ਸੀ ਗੂੜ੍ਹ ਦਾ ਕਿ ਗੁੱਡੀ ਦਾ ਘਰ ਵਿਚ ਹਾਣੀ ਨਹੀਂ ਸੀ ਕੋਈ। ਫੇਰ ਘਰ ਵਿਚ ਮੇਰੇ ਪ੍ਰਾਹੁਣਾ ਹੋਣ ਦੇ ਰੁਤਬੇ ਤੋਂ ਉਹਨੂੰ ਬੜੇ ਲਾਭ ਸਨ। ਹਰ ਵੇਲੇ ਬਾਜ਼ਾਰੋਂ ਖੱਟੀਆਂ ਮਿੱਠੀਆਂ ਸ਼ੈਆਂ ਮੰਗਾਉਂਦੀ ਰਹਿੰਦੀ ਤੇ ਅਸੀਂ ਦੋਵੇਂ ਲੁਕ ਲੁਕ ਖਾਂਦੇ ਰਹਿੰਦੇ। ਕਈ ਵਾਰੀ ਅਸੀਂ ਕਮਰੇ ਅੰਦਰ ਵੜ ਗ੍ਰਾਮੋਫੋਨ ਵੀ ਸੁਣਦੇ, ਜੀਹਦੀ ਉਂਜ ਮਨਾਹੀ ਸੀ ਗੁੱਡੀ ਨੂੰ ਸੁਣਨ ਦੀ।

ਪਰ ਅਸਲੋਂ ਗੁੱਡੀ ਦਾ ਤੇ ਮੇਰਾ ਇਕ ਹੋਰ ਵੀ ਹੈ ਸੀ ਭੇਤ। ਮਾਸੀ ਦੇ ਸਾਕਾਂ ਵਿਚੋਂ ਇਕ ਮੁੰਡੇ ਨਾਲ ਉਹਦੀ ਗੱਲ ਪੱਕੀ ਕੀਤੀ ਹੋਈ ਸੀ ਤੇ ਉਸ ਸ਼ੋਹਦੇ ਦੂਜੇ ਤੀਜੇ ਦਿਨ ਲੰਘਦੇ ਟਪਦੇ ਆਨੇ-ਬਹਾਨੇ ਮਾਸੀ ਨੂੰ ਸਲਾਮ ਕਰਨ ਆ ਜਾਣਾ। ਉਸ ਸਿੱਧੇ ਦਫ਼ਤਰੋਂ ਆਉਣਾ ਤੇ ਘਰ ਮਾਸੀ ਦਾ ਸੀ, ਉਹਦੇ ਲਾਂਘੇ ਵਿਚ। ਸਾਇਕਲ ਉੱਤੇ ਉਸ ਆਉਣਾ ਤੇ ਰੌਲਾ ਜਿਹਾ ਪਾ ਕੇ ਸਾਇਕਲ ਡਿਉੜੀ ਵਿਚ ਖੜ੍ਹੀ ਕਰ ਦੇਣੀ ਤਾਂ ਜੋ ਘਰ ਵਾਲਿਆਂ ਨੂੰ ਉਹਦੇ ਆਉਣ ਦੀ ਖ਼ਬਰ ਹੋ ਜਾਵੇ। ਹਮੇਸ਼ਾ ਚੰਗਾ ਚੋਖਾ ਉਹਨੂੰ ਮੁੜਕਾ ਆਇਆ ਹੋਣਾ ਤੇ ਗਲ਼ ਦੁਆਲੇ ਉਸ ਮੈਲਾ ਰੁਮਾਲ ਬੰਨ੍ਹਿਆ ਹੋਣਾ। ਉਸ ਸਿੱਧਾ ਮਾਸੀ ਦੇ ਕਮਰੇ ਆਉਣਾ, ਸਿਰ ਉੱਤੇ ਮਾਸੀ ਕੋਲੋਂ ਪਿਆਰ ਲੈ, ਗਲੇ ਬੱਧਾ ਰੁਮਾਲ ਖੋਲ੍ਹ ਮੂੰਹ ਪੂੰਝਣ ਲੱਗ ਪੈਣਾ। ਦੁਪਹਿਰ ਦੀ ਰੋਟੀ ਵੀ ਉਥੇ ਖਾਣੀ। ਉਸ ਰੰਗ ਬਰੰਗ ਦੀਆਂ ਕਮੀਜ਼ਾਂ ਪਾ ਕੇ ਆਉਣਾ ਤੇ ਕਫ਼ਾਂ ਉੱਤੇ ਸੁਨਹਿਰੀ ਸਟੱਡ ਹੋਣੇ, ਜਿਹੜੇ ਮੈਨੂੰ ਬੜੇ ਚੰਗੇ ਲੱਗਣੇ। ਮੈਂ ਸੋਚਣਾ ਵੱਡਾ ਹੋ ਕੇ ਮੈਂ ਵੀ ਇੰਜ ਦੇ ਸਟੱਡ ਲੈਸਾਂ। ਇਹ ਤਾਂ ਵੱਡੇ ਹੋ ਕੇ ਪਤਾ ਲੱਗਾ ਪਈ ਉਹ ਕਮੀਜ਼ਾਂ ਸਸਤੇ ਬਾਜ਼ਾਰ ਦੀਆਂ ਸਨ। ਤਾਹੀਓਂ ਮੈਂ ਕਵ੍ਹਾਂ ਸਟੱਡ ਤਾਂ ਰੋਜ਼ ਉਹੋ ਹੁੰਦੇ ਸਨ। ਉਹਦੇ ਆਉਣ ਨਾਲ ਗੁੱਡੀ ਨੂੰ ਪਹੀਏ ਲੱਗ ਜਾਣੇ। ਉਂਜ ਸਾਹਮਣੇ ਉਹਦੇ ਉਹ ਨਹੀਂ ਸੀ ਆਉਂਦੀ ਪਰ ਆਨੇ ਬਹਾਨੇ ਐਵੇਂ ਵਿਹੜਿਉਂ ਲੰਘਣਾ। ਇਕ ਦੋ ਵਾਰ ਉਸ ਗੁੱਡੀ ਨੂੰ ਤੱਕਣਾ ਤੇ ਉਹਦਾ ਕੰਮ ਹੋ ਜਾਣਾ।

ਕਈ ਵਰ੍ਹੇ ਉਹ ਇੰਜ ਹੀ ਆਉਂਦਾ ਰਿਹਾ। ਕਦੇ ਗੱਲ ਕਰਦਿਆਂ ਨਹੀਂ ਸੀ ਤੱਕਿਆ ਉਨ੍ਹਾਂ

ਨੂੰ। ਗੱਲ ਹੁੰਦੀ ਵੀ ਕਿਵੇਂ, ਮੁੰਡੇ ਨੂੰ ਹਮੇਸ਼ਾ ਮਾਸੀ ਸਾਹਮਣੇ ਬਹਿਣਾ ਪੈਂਦਾ ਤੇ ਪਲੰਘ ਆਪਣੇ ਤੋਂ ਹਿਲਦੀ ਅਸਾਂ ਤਾਂ ਕਦੇ ਨਾ ਵੇਖੀ ਮਾਸੀ। ਹੋਰ ਵਿਚਾਰਾ ਏਧਰ ਉਧਰ ਹੋਵਣ ਦਾ ਸੋਚ ਵੀ ਨਹੀਂ ਸੀ ਸਕਦਾ। ਛੇਤੀ ਹੀ ਦੋਵਾਂ ਦੇ ਭੇਤ ਦਾ ਮੈਂ ਜਾਣੂ ਹੋ ਗਿਆ ਤੇ ਮੂੰਹ ਉੱਤੇ ਅਨਭੋਲ ਹਾਸਾ ਖਿੰਡਾ ਕੇ ਗੁੱਡੀ ਨੂੰ ਉਹਦੇ ਆਉਣ ਦਾ ਦੱਸਦਾ। ਮੈਨੂੰ ਨਹੀਂ ਸੀ ਚੰਗਾ ਲੱਗਦਾ ਉਹ। ਪਤਾ ਨਹੀਂ ਕਿਉਂ ? ਉਹ ਵੀ ਮੈਥੋਂ ਚਿੜ ਖਾਂਦਾ ਤੇ ਖੌਰੇ ਸੜਦਾ ਵੀ। ਉਹਨੂੰ ਖ਼ਬਰ ਸੀ ਗੁੱਡੀ ਨਾਲ ਮੇਰੇ ਗੂੜ੍ਹ ਦੀ ਤੇ ਖੌਰੇ ਇਹੋ ਖਿਚ ਸੀ ਸਾਡੀ। ਪਰ ਇਹ ਮੈਂ ਈ ਸਾਂ ਜਿਸ ਰਾਹੀਂ ਉਹ ਇਕ ਦੂਜੇ ਨੂੰ ਨਜ਼ਰ ਆ ਸਕਦੇ ਸਨ। ਉਹ ਮੈਥੋਂ ਖਿਝਦਾ ਪਰ ਨਾਲੋ-ਨਾਲ ਗੱਲਾਂ ਵੀ ਕਰਦਾ ਤੇ ਮੈਨੂੰ ਪਰਚਾਉਣ ਦੀ ਵੀ ਕਰਦਾ। ਮਾਸੀ ਨਾਲ ਉਹਦੀ ਗੱਲਬਾਤ ਇਕ ਥਾਂ ਉੱਤੇ ਅੱਪੜ ਕੇ ਮੁੱਕ ਜਾਂਦੀ। ਹੋਰ ਕੋਈ ਵੱਡਾ ਘਰ ਵਿਚ ਨਾ ਹੁੰਦਾ ਤੇ ਉਹ ਫੇਰ ਮੇਰੇ ਨਾਲ ਏਧਰ ਉਧਰ ਦੀਆਂ ਮਾਰਦਾ ਰਹਿੰਦਾ। ਕਲਰਕ ਸੀ ਉਹ ਕਿਸੇ ਦਫ਼ਤਰ।

ਉਹਦੇ ਆਉਣ ਨਾਲ ਗੁੱਡੀ ਨੂੰ ਅਚਨਚੇਤ ਨਹਾਉਣ ਦਾ ਵੀ ਖ਼ਿਆਲ ਆ ਜਾਂਦਾ। ਕਿਉਂਕਿ ਗੁਸਲਖਾਨਾ ਬਾਹਰ ਸੀ ਵਿਹੜੇ ਵਿਚ ਤੇ ਇੰਜ ਆਨੇ ਬਹਾਨੇ ਉਹ ਵਿਹੜਿਓਂ ਲੰਘਦੀ ਤੇ ਉਹਨੂੰ ਵੇਖ ਕੇ ਹੀ ਉਹਦਾ ਰੱਜ ਹੁੰਦਾ ਸੀ। ਗੁੱਡੀ ਦੇ ਵਾਲ ਬਹੁਤ ਸਨ, ਲੰਮੇ ਤੇ ਲੱਕ ਤੋਂ ਥੱਲੇ ਤੀਕ ਆਉਂਦੇ। ਉਸ ਜਦ ਨਹਾ ਕੇ ਬਾਹਰ ਨਿਕਲਣਾ ਅਚਰਜ ਖੁਸ਼ਬੋਈ ਆਉਣੀ ਵਾਲਾਂ 'ਚੋਂ। ਖ਼ੌਰੇ ਇੰਜ ਦੀਆਂ ਖੁਸ਼ਬੋਈਆਂ ਵੇਲੇ ਨਾਲ ਗੁਆਚ ਜਾਂਦੀਆਂ ਨੇ ਤੇ ਬੰਦਾ ਸਾਰੀ ਉਮਰ ਮੁੜ ਮੁੜ ਲੱਭਦਾ ਰਹਿੰਦਾ ਏ।

ਜਿਉਂ ਜਿਉਂ ਵੱਡਾ ਹੋਇਆ, ਮੇਰਾ ਮਾਸੀ ਘਰੇ ਜਾਣਾ ਘਟਦਾ ਗਿਆ। ਵੇਲਾ ਵੀ ਬਦਲਣ ਲੱਗ ਪਿਆ ਸੀ ਨਾਲੇ। ਉਂਜ ਤਾਂ ਮਾਸੀ ਅੱਗੇ ਕੋਈ ਕੂੰਦਾ ਨਹੀਂ ਸੀ ਪਰ ਵਿਚ ਵਿਚ ਪੁੱਤਰ ਧੀਆਂ ਆਪਣੀ ਮਰਜ਼ੀ ਕਰਨ ਲੱਗ ਪਏ। ਘਰ ਦੇ ਨਾਲ ਈ ਬਾਜ਼ਾਰ ਸੀ ਪਰ ਕੋਈ ਮਜ਼ਾਲ ਸੀ ਪਈ ਕੋਈ ਪਾਨ ਸਿਗਰਟ ਪੀ ਲਵੇ। ਫੇਰ ਮਾਸੀ ਦੇ ਪਲੰਘ ਹੇਠੋਂ ਲੁਕ ਲੁਕ ਸ਼ੈਆਂ ਖਾਵਣ ਵਾਲੇ ਬਾਲਾਂ ਪਲੰਘ ਹੇਠੋਂ ਵੇਲਾ ਵੀ ਚੋਰੀ ਕਰ ਲਿਆ ਤੇ ਮਾਸੀ ਨੂੰ ਉਦੋਂ ਖ਼ਬਰ ਹੋਈ ਜਦ ਉਹਦੇ ਇਕ ਪੁੱਤਰ ਨੇ ਆਪਣੀ ਪਸੰਦ ਦਾ ਵਿਆਹ ਕਰ ਲਿਆ ਤੇ ਬਰਾਦਰੀ ਤੋਂ ਬਾਹਰ ਦੀ ਕੁੜੀ ਵਿਆਹ ਲਿਆਇਆ। ਕਮਰਿਆਂ ਵਿਚ ਟੈਲੀਵਿਜ਼ਨ ਚੱਲਣ ਲੱਗ ਪਏ ਤੇ ਨੂੰਹਾਂ ਲੁਕ ਲੁਕ ਕੇ ਵਾਲ ਕਟਾਵਣ ਲੱਗ ਪਈਆਂ। ਪਰ ਮਾਸੀ ਦੇ ਕਮਰੇ ਹਰ ਸ਼ੈਅ ਉਵੇਂ ਹੀ ਸੀ।

ਅਖ਼ਬਾਰ ਤੇ ਟੈਲੀਵਿਜ਼ਨ ਵੇਖ ਕੇ ਮਾਸੀ ਨੂੰ ਅੱਗ ਲੱਗ ਜਾਂਦੀ। ਮਾਸੀ ਦਾ ਬੰਦਾ ਹਮੇਸ਼ਾ ਕੰਮ ਤੋਂ ਆ ਕੇ ਲੱਕ ਦੇ ਬੰਨ੍ਹ ਪਲੰਘ ਲਾਗੇ ਬੈਠਾ ਹੁੱਕਾ ਪੀਂਦਾ ਰਹਿੰਦਾ। ਮਾਸੀ ਦੀ ਕਿਸੇ ਗੱਲ ਵਿਚ ਦਖ਼ਲ ਨਾ ਦੇਂਦਾ। ਉਸ ਪੁਰਾਣਿਆਂ ਵੇਲਿਆਂ 'ਚ ਚੰਗੀ ਪੜ੍ਹਾਈ ਕੀਤੀ ਸੀ ਤੇ ਇਕ ਪ੍ਰਾਈਵੇਟ ਫਰਮ ਵਿਚ ਮੈਨੇਜਰ ਸੀ। ਪਰ ਉਹਦੇ ਸੁਭਾਅ ਤੇ ਗੱਲਬਾਤ ਵਿਚ ਨਾ ਕੋਈ ਵਲੇਵਾਂ ਸੀ, ਨਾ ਕੋਈ ਮਾਣ ਤਰਾਣ। ਬਹੁਤ ਘੱਟ ਬੋਲਦਾ ਤੇ ਨਿਸ਼ਚਿੰਤ ਜਿਹਾ ਹੋ ਕੇ ਮਾਸੀ ਕੋਲ ਹੀ ਬੈਠਾ ਰਹਿੰਦਾ।

ਵੇਲਾ ਬਦਲਣ ਨਾਲ ਹਰ ਸ਼ੈ ਮਾਸੀ ਦੇ ਹੇਠੋਂ ਖੁਸਦੀ ਗਈ। ਇਕ ਦੋ ਪੁੱਤਰ ਸਿਗਰਟ ਪੀਣ ਲੱਗ ਪਏ ਤੇ ਵੱਡਾ ਪੁੱਤਰ ਤਾਂ ਮਾਸੀ ਦੇ ਸਾਹਮਣੇ ਵੀ ਪੀ ਲੈਂਦਾ। ਪਰ ਮਾਸੀ ਇੰਜ ਹੀ ਕਰਦੀ ਜਿਵੇਂ ਉਸ ਤੱਕਿਆ ਨਹੀਂ।

ਅਖ਼ੀਰੀ ਵਾਰ ਮੈਂ ਮਾਸੀ ਦੇ ਘਰ ਉਦੋਂ ਗਿਆ ਜਦ ਮੈਂ ਕਾਲਜ ਪੜ੍ਹਦਾ ਸਾਂ ਤੇ ਆਉਣ ਲੱਗਿਆਂ ਐਵੇਂ ਈ ਮਾਸੀ ਨਾਲ ਖਿਝ ਪਿਆ। ਗੁੱਡੀ ਕਦ ਦਾ ਬਾਬਲ ਵਿਹੜਾ ਛੱਡ ਗਈ ਸੀ। ਮੈਂ ਜਾਂਦਾ ਵੀ ਤਾਂ ਇਕ ਅੱਧੇ ਘੰਟੇ ਤੋਂ ਵੱਧ ਨਾ ਬਹਿੰਦਾ। ਭੈਣ ਨਾਲ ਇਕ ਦੋ ਗੱਲਾਂ ਕਰ ਨੱਸਣ ਦੀ ਕਰਦਾ। ਮਾਸੀ ਨਾਲ ਖਿਝਣਾ ਨਹੀਂ ਸੀ ਪਰ ਉਦੋਂ ਦਿਮਾਗ਼ ਮੇਰਾ ਵੀ ਸੀ ਪੁੱਠੇ ਸਿੱਧੇ ਖ਼ਿਆਲਾਂ ਹੇਠ। ਭਣਵੱਈਆ ਮੇਰਾ ਸੀ ਨਹਿਰ ਦੇ ਮਹਿਕਮੇ ਵਿਚ। ਰੋਜ਼ ਉਹਦੀਆਂ ਬਦਲੀਆਂ ਹੁੰਦੀਆਂ ਰਹੀਆਂ।



ਆਪਣੀ ਵਹੁਟੀ ਉਹ ਨਾਲ ਰੱਖਣਾ ਚਾਹੁੰਦਾ ਸੀ ਪਰ ਮਾਸੀ ਆਖਦੀ ਕੁੜੀ ਏਸੇ ਘਰ ਰਹਿਸੀ, ਜਿਥੇ ਵਿਆਹੀ ਆਈ ਏ। ਵਿਆਹ ਉਨ੍ਹਾਂ ਦੇ ਨੂੰ ਦਸ ਬਾਰਾਂ ਵਰ੍ਹੇ ਹੋ ਗਏ ਹੋਸਣ ਤੇ ਬਾਲ ਵੀ ਵੱਡੇ ਹੋ ਗਏ ਹੋ ਗਏ ਸਨ। ਭਣੇਵੇਂ ਨੂੰ ਖਾਵਣ ਪਕਾਵਣ ਦੀ ਤੰਗੀ ਸੀ ਤੇ ਟੱਬਰ ਨਾਲ ਈ ਸੀ ਰਹਿਣਾ ਚਾਹੁੰਦਾ। ਸਾਰੇ ਏਸ ਉੱਤੇ ਰਾਜ਼ੀ ਸਨ ਪਰ ਮਾਸੀ ਨਹੀਂ ਸੀ ਮੰਨਦੀ। ਭੈਣ ਨੂੰ ਮਿਲਣ ਆਇਆ ਤੇ ਘਰ ਵਿਚ ਇਹ ਪਵਾੜਾ ਪਿਆ ਹੋਇਆ ਸੀ। ਮਾਸੀ ਅੱਗੇ ਸਿੱਧਾ ਹੋ ਗਿਆ ਮੈਂ, 'ਤੁਸੀਂ ਹਰ ਗੱਲ ਵਿਚ ਦਖ਼ਲ ਕਿਉਂ ਦੇਂਦੇ ਓ ? ਕਰਨ ਦਿਓ ਨਾ ਲੋਕਾਂ ਨੂੰ ਆਪਣੀ ਮਰਜ਼ੀ।' ਮੇਰੇ ਇੰਜ ਆਖਣ ਉੱਤੇ ਸਾਰੇ ਮੂੰਹ ਅੱਡ ਅੱਡ ਵੇਖਣ ਲੱਗ ਪਏ। ਕੋਈ ਵੀ ਉਂਜ ਨਹੀਂ ਸੀ ਬੋਲਦਾ ਮਾਸੀ ਅੱਗੇ। ਇਹ ਵੀ ਮੈਨੂੰ ਪਤਾ ਸੀ ਪਈ ਉਂਜ ਸਾਰੇ ਆਪੋ ਆਪਣੀ ਮਰਜ਼ੀ ਕਰਦੇ ਹਨ ਪਰ ਮਾਸੀ ਤੋਂ ਲੁਕਦੇ ਤੇ ਉਸ ਅੱਗੇ ਐਵੇਂ ਈ ਮਿੱਠਾ ਬਣ ਬਣ ਬਹਿੰਦੇ ਸਨ। ਮਾਸੀ ਦਾ ਇਕ ਪੁੱਤਰ ਹੱਥ ਖਿੱਚ ਮੈਨੂੰ ਕਮਰਿਓਂ ਬਾਹਰ ਲੈ ਗਿਆ ਤੇ ਹੱਥ ਜੋੜ ਆਖਣ ਲੱਗਾ, 'ਅਸੀਂ ਆਪੇ ਕੱਢ ਲਾਂ 'ਗੇ ਕੋਈ ਨਾ ਕੋਈ ਹੱਲ। ਆਪਣੀ ਮਾਸੀ ਅੱਗੇ ਇੰਜ ਨਾ ਬੋਲ ਤੂੰ।' ਹਯਾਤੀ ਵਿਚ ਮੈਂ ਪਹਿਲੀ ਵਾਰ ਮਾਸੀ ਤੋਂ ਬਿਨਾਂ ਪਿਆਰ ਲਏ ਤੇ ਸਲਾਮ ਕੀਤੇ ਪਰਤ ਆਇਆ। ਭਾਵੇਂ ਮੇਰੇ ਜਾਵਣ ਪਿਛੋਂ ਉਸੇ ਵੇਲੇ ਈ ਉਨ੍ਹਾਂ ਆਪੋ ਵਿਚ ਗੱਲ ਮੁਕਾ ਲਈ ਤੇ ਮਾਸੀ ਨੂੰ ਵੀ ਰਾਜ਼ੀ ਕਰ ਲਿਆ। ਭੈਣ ਮੇਰੀ ਦੂਜੇ ਸ਼ਹਿਰ ਆਪਣੇ ਖਾਵੰਦ ਕੋਲ ਟੁਰ ਗਈ ਤੇ ਫੇਰ ਮੇਰਾ ਮਾਸੀ ਵੱਲ ਜਾਵਣ ਨਾ ਹੋਇਆ। ਮਾਂ ਤੇ ਮਾਸੀ ਆਪਸ ਵਿਚ ਪੁਰਾਣੀਆਂ ਸਹੇਲੀਆਂ ਵੀ ਸਨ ਤੇ ਮਾਂ ਮੇਰੇ ਉੱਤੇ ਡਾਹਢਾ ਵਰ੍ਹੀ ਪਈ ਮਾਸੀ ਅੱਗੇ ਇੰਜ ਦੀ ਗੱਲ ਮੈਂ ਕੀਤੀ ਹੀ ਕਿਉਂ ?

ਗੁੱਡੀ ਹੌਲੀ ਹੌਲੀ ਆਖ ਰਹੀ ਸੀ, 'ਦਸਣੀ ਆ ਤੁਹਾਡਾ। ਬੋਲ ਤਾਂ ਸਕਦੇ ਨਹੀਂ ਪਰ ਸਿਹਾਣ ਲੈਂਦੇ ਨੇ।' ਉਸ ਮਾਸੀ ਦੇ ਮੂੰਹ ਕੋਲ ਨਿਉਂ ਕੇ ਉੱਚੀ ਉੱਚੀ ਦੱਸਿਆ। ਮਾਸੀ ਬੀਰੀ ਆਇਆ ਏ। ਮਾਸੀ ਬੇਰੀ ਤੇ ਉਹਦੀ ਵਹੁਟੀ ਆਏ ਨੇ...ਮਾਸੀ ਬੇਰੀ ਆਇਆ ਏ।'

ਕੰਬਲ ਅੰਦਰੇ ਮਾਸੀ ਦਾ ਪਿੰਡਾ ਮਾੜਾ ਜਿਹਾ ਹਿਲਿਆ ਪਰ ਮਾਸੀ ਅੱਖਾਂ ਨਾ ਖੋਲ੍ਹੀਆਂ। ਗੁੱਡੀ ਮੇਰੇ ਵੱਲ ਹਾਰੀਆਂ ਨਜ਼ਰਾਂ ਨਾਲ ਤੱਕਿਆ ਤੇ ਮੁੜ ਝਬਦੇ ਹੀ ਏਸ ਹਾਰ ਨੂੰ ਕੱਜਦੀ ਬੋਲੀ, 'ਸਾਰਿਆਂ ਨੂੰ ਪਹਿਚਾਣ ਲੈਂਦੇ ਨੇ, ਜਿਹੜਾ ਵੀ ਮਿਲਣੇ ਆਉਂਦਾ। ਚਾਚਾ ਸ਼ਰੀਫ, ਕਾਲਾ, ਗੁੱਡੂ, ਨਿੱਕੀ, ਸਾਰਿਆਂ ਨੂੰ ਪਹਿਚਾਣਦੇ ਨੇ। ਕੱਲ੍ਹ ਤੁਹਾਡੇ ਅੰਮੀ ਜੀ ਆਏ ਸਨ। ਕਿੰਨਾ ਚਿਰ ਮਾਸੀ ਦਾ ਹੱਥ ਫੜ ਕੇ ਬੈਠੇ ਰਹੇ, ਘੁਟਦੇ ਵੀ ਰਹੇ। ਉਂਜ ਹਿੱਲ ਨਹੀਂ ਸਕਦੇ ਤੇ ਹੋਰ ਕਿਸੇ ਨੂੰ ਹੱਥ ਵੀ ਨਹੀਂ ਲਾਉਣ ਦੇਂਦੇ। ਗੱਲਾਂ ਕਰਦੀ ਗੁੱਡੀ ਵਾਰ ਵਾਰ ਮਾਸੀ ਦੇ ਮੂੰਹ ਅੱਗੇ ਨਿਉਂ ਕੇ ਸਾਡੇ ਆਉਣ ਦਾ ਦੱਸਦੀ ਰਹੀ, ਪਰ ਮਾਸੀ ਨੇ ਅੱਖਾਂ ਨਾ ਖੋਲ੍ਹੀਆਂ। ਅਖ਼ੀਰ ਮੈਂ ਗੁੱਡੀ ਨੂੰ ਆਖਿਆ, 'ਰਹਿਣ ਦੇ'।

ਸੰਘ ਵਿਚ ਕੁਝ ਫਸ ਗਿਆ ਸੀ। ਕੋਈ ਗੱਲ ਨਾ ਅਹੁੜੇ ਮੈਨੂੰ। ਬੜੀ ਨਮੋਸ਼ੀ ਸੀ ਗੁੱਡੀ ਨੂੰ ਜਿਵੇਂ ਝੂਠੀ ਹੁੰਦੀ ਹੋਵੇ। ਏਸ ਨਮੋਸ਼ੀ ਵਿਚੋਂ ਨਿਕਲਣ ਲਈ ਉਹ ਮੁੜ ਮੁੜ ਇਹੋ ਆਖਦੀ, 'ਸਿਹਾਣ ਲੈਂਦੇ ਨੇ ਤੇ ਕਈ ਵਾਰ ਬੁੱਲ੍ਹ ਇੰਜ ਹਿਲਾਂਦੇ ਨੇ ਜਿਉਂ ਕੋਈ ਗੱਲ ਕਰਨਾ ਚਾਹੁੰਦੇ ਹੋਵਣ।' ਮੈਂ ਐਵੇਂ ਖੇਸ ਅੰਦਰ ਹੱਥ ਵਾੜ ਕੇ ਮਾਸੀ ਦਾ ਹੱਥ ਨੱਪਣ ਲੱਗਾ ਤਾਂ ਮਾਸੀ ਤ੍ਰਭਕ ਕੇ ਹੱਥ ਪਰ੍ਹਾਂ ਕਰਨ ਦੀ ਕੀਤੀ। ਮੈਂ ਨਾਲ ਹੀ ਹੱਥ ਖੇਸ ਵਿਚੋਂ ਕੱਢ ਲਿਆ। ਗੁੱਡੀ ਸਾਡੇ ਨਾਲ ਮਾਸੀ ਦੇ ਰੋਗ ਅਤੇ ਘਰ ਦੇ ਦੂਜੇ ਜੀਆਂ ਦੀਆਂ ਗੱਲਾਂ ਕਰਦੀ ਰਹੀ। ਕੁਝ ਚਿਰ ਬਹਿ ਕੇ ਅਸੀਂ ਜਾਵਣ ਲਈ ਉੱਠ ਖਲੋਤੇ। ਮਾਸੀ ਐਵੇਂ ਇਕ ਪਲ ਲਈ ਅੱਖਾਂ ਖੋਲ੍ਹੀਆਂ। ਪਰ ਸਿਹਾਣ ਵਾਲੀ ਕੋਈ ਗੱਲ ਨਹੀਂ ਸੀ ਉਨ੍ਹਾਂ ਵਿਚ। ਗੁੱਡੀ ਝਟ ਅਗਾਂਹ ਹੋ ਸਾਡੇ ਆਵਣ ਦਾ ਦੱਸਿਆ। ਪਰ ਮਾਸੀ ਨਾ ਕੋਈ ਸਿਹਾਣ ਲਿਆਂਦੀ ਅਤੇ ਨਾ ਮੂੰਹ ਉੱਤੇ ਕਿਸੇ ਗੱਲ ਦੀ ਦੱਸ ਪਾਈ। ਉਂਜੇ ਹੀ ਅੱਖਾਂ ਖੁੱਲ੍ਹੀਆਂ ਰੱਖੀਆਂ, ਬਿਗਾਨੀਆਂ ਜਿਹੀਆਂ ਜਿਵੇਂ ਏਸ ਜਹਾਨ ਤੋਂ ਅਡਰੀਆਂ ਕਿਸੇ ਹੋਰ ਜਹਾਨ ਨੂੰ ਤੱਕਦੀਆਂ ਹੋਵਣ। ਵੇਖਣ ਵਿਚ ਅਣਵੇਖਣ, ਨਜ਼ਰ ਤੋਂ ਵਾਂਝੀਆਂ, ਸਖਣੀਆਂ, ਨਿਰੀਆਂ ਅੱਖਾਂ। ਮਾਸੀ ਦਾ

ਹਾਲ ਪੁੱਛਣ ਲਈ ਮੈਂ ਬੋਲਣ ਦਾ ਆਹਰ ਕੀਤਾ। ਪਰ ਮੂੰਹੋਂ ਗੱਲ ਨਾ ਨਿਕਲੀ। ਕੀ ਗੱਲ ਹੋ ਸਕਦੀ ਸੀ ਹੁਣ ? ਬੋਲਣ, ਨਾ ਬੋਲਣ ਜਿਹਾ ਸੀ। ਇਕ ਪਲ ਨੂੰ ਜਾਪਿਆ ਜਿਵੇਂ ਮਾਸੀ ਖ਼ਾਲੀ ਅੱਖਾਂ ਵਿਚੋਂ ਵੀ ਕਿਤੋਂ ਮੈਨੂੰ ਤਕਦੀ ਹੋਵੇ ਪਰ ਏਸ ਤਕਣੀ ਦਾ ਵੀ ਕੋਈ ਸਿਰਾ ਨਾ ਹੱਥੀਂ ਲੱਗਿਆ।

ਟੁਰਨ ਲੱਗਿਆਂ ਗੱਲਾਂ ਕਰਦੀ ਗੁੱਡੀ ਵਾਰਡ ਤੋਂ ਬਾਹਰ ਤੀਕ ਛੱਡਣ ਆਈ। ਉਹ ਅਜੇ ਵੀ ਆਪਣੀ ਨਮੋਸ਼ੀ ਤੋਂ ਬਾਹਰ ਨਹੀਂ ਸੀ ਆਉਂਦੀ ਪਈ ਤੇ ਵਾਰ ਵਾਰ ਆਖੇ, ਸਿਹਾਣ ਤਾਂ ਲੈਂਦੇ ਨੇ, ਤੁਹਾਨੂੰ ਈ ਨਹੀਂ ਸਿਹਾਣਿਆ। ਉਸ ਨੂੰ ਬਹੁਤੀ ਨਮੋਸ਼ੀ ਮੇਰੀ ਵਹੁਟੀ ਪਾਸੋਂ ਵੀ ਸੀ ਜਿਸ ਨੂੰ ਉਹ ਪਹਿਲੀ ਵਾਰ ਮਿਲੀ ਸੀ। ਵਾਰਡ ਤੋਂ ਬਾਹਰ ਕੁਝ ਹੌਲਾ ਹੁੰਦਿਆਂ ਗੁੱਡੀ ਨੂੰ ਨਮੋਸ਼ੀ ਵਿਚੋਂ ਕੱਢਣ ਲਈ ਮੈਂ ਆਪਣੀ ਸਵਾਣੀ ਨੂੰ ਦੱਸਿਆ :

'ਇਹ ਗੁੱਡੀ ਏ। ਇਹਨੂੰ ਜਵਾਨੀ ਵਿਚ ਵੇਖਦੀ। ਕੁਝ ਧਵਾਂਖੀ ਗਈ ਏ ਹੁਣ ਤਾਂ।' ਗੁੱਡੀ ਦੇ ਮੂੰਹ ਉੱਤੇ ਮੁਸਕਾਣ ਖਿੰਡ ਗਈ ਤੇ ਉਹ ਐਵੇਂ ਕੁਝ ਚਿਰ ਲਈ ਮਾਸੀ ਦੇ ਰੋਗ ਦੀ ਭਾਲ ਦੇ ਰੁਝੇਵੇਂ ਵਿਚ ਦੀ ਨਿਕਲ ਜਿਹੀ ਆਈ। ਲਾਜ ਨਾਲ ਉਹਦੇ ਮੂੰਹ ਉੱਤੇ ਲਹਿਰ ਜਿਹੀ ਲੰਘ ਗਈ। ਜਵਾਨੀ ਦੀ ਅਖ਼ੀਰਲੀ ਲਾਲੀ ਭਖ ਜਿਹੀ ਪਈ। 'ਤੂੰ ਐਨੇ ਚਿਰ ਮਗਰੋਂ ਆਇਆ ਏਂ ਨਾ, ਤੈਨੂੰ ਪੁਰਾਣੀਆਂ ਈ ਯਾਦ ਨੇ। ਨਾ ਮੇਰੇ ਵਿਆਹ ਉੱਤੇ ਆਇਆ, ਨਾ ਕਦੇ ਮਾਸੀ ਵੱਲ। ਮਾਸੀ ਨੂੰ ਮਿਲਣ ਕਿਉਂ ਨਾ ਆਇਆ ਤੂੰ ? ਐਨਾ ਯਾਦ ਕਰਦੇ ਸਨ ਤੈਨੂੰ। ਆਖਦੇ, ਵਹੁਟੀ ਨਾਲ ਇਕ ਵਾਰ ਵੀ ਸਾਡੇ ਘਰ ਨਹੀਂ ਆਇਆ। ਵਿਚ ਇਕ ਵਾਰ ਤੂੰ ਆਇਆ ਵੀ। ਖ਼ੌਰੇ ਬਾਬਾ ਜੀ ਦੇ ਫੌਤ ਹੋਵਣ ਉੱਤੇ। ਇਕੱਲਾ ਈ...ਤੇ ਬਾਹਰੋਂ ਬਾਹਰ ਕਬਰਸਤਾਨ ਤੋਂ ਈ ਟੁਰ ਗਿਆ। ਮਾਸੀ ਨੂੰ ਪਤਾ ਲੱਗਾ ਤੇ ਪੁੱਛਦੀ ਰਹੀ। ਫੇਰ ਉਹ ਮੇਰੀ ਵਹੁਟੀ ਨੂੰ ਆਖਣ ਲੱਗੀ, 'ਕਦੀ ਘਰ ਆਉਣਾ। ਇਹ ਵੀ ਮਿਲਣਾ ਏ ਕੋਈ। ਨਾ ਚਾਹ ਨਾ ਪਾਣੀ। ਅਸੀਂ ਮੁਸੀਬਤ ਵਿਚ ਆ। ਇਹ ਤਾਂ ਸਾਰਿਆਂ ਨੂੰ ਭੁੱਲ ਗਿਆ ਏ।'

ਮੈਂ ਗੁੱਡੀ ਨੂੰ ਹੱਸ ਆਖਿਆ, 'ਕੁਝ ਨਹੀਂ ਭੁੱਲਿਆ ਮੈਂ। ਸਭੇ ਕੁਝ ਯਾਦ ਏ, ਇਕ ਇਕ ਗੱਲ ਪਰ ਤੇਰੇ ਵਿਆਹ ਤੋਂ ਪਹਿਲਾਂ ਦੀ।' ਏਸ ਗੱਲ ਉੱਤੇ ਗੁੱਡੀ ਹੋਰ ਵੀ ਲੱਜ ਨਾਲ ਮਾਰੀ ਗਈ ਤੇ ਛੇਤੀ ਸਾਨੂੰ ਟੋਰ ਕੇ ਆਪ ਵਾਰਡ ਅੰਦਰ ਭੱਜ ਗਈ।

ਹਸਪਤਾਲ ਜਾਵਣ ਦੇ ਕੁਝ ਦਿਨਾਂ ਪਿਛੋਂ ਮਾਸੀ ਦੇ ਜਨਾਜ਼ੇ ਨੂੰ ਮੋਢਾ ਦੇਂਦੇ ਮੈਨੂੰ ਪਤਾ ਸੀ ਪਈ ਮਾਸੀ ਕਾਹਨੂੰ ਨਹੀਂ ਸੀ ਸਿਹਾਣਿਆ ਮੈਨੂੰ ?

## ਮਾਸ, ਮਿੱਟੀ ਤੇ ਮਾਇਆ/ਖ਼ਾਲਿਦ ਫਰਿਹਾਦ ਧਾਲੀਵਾਲ

ਮਾਸ : ਨਹੁੰਆਂ ਨਾਲੋਂ ਨਿਖੇੜੇ ਹੋਏ ਲਈ ਵੀ ਉਹਦਾ ਲਹੂ ਜੋਸ਼ ਕਿਉਂ ਮਾਰਦਾ ?

ਮਿੱਟੀ : ਜਿਥੇ ਮੁੜ ਕਦੇ ਪੈਰ ਨਹੀਂ ਧਰਨਾ, ਸੁਫ਼ਨਿਆਂ ਵਿਚ ਉਥੇ ਕਿਉਂ ਫਿਰਦਾ ਰਹਿੰਦਾ ਏ।

ਮਾਇਆ : ਸੁਖਾਲਿਆਂ ਕਰਦੀ ਏ ਤਾਂ ਫਿਰ ਦੁੱਖ ਵੀ ਕਿਉਂ ਦਿੰਦੀ ਏ।

ਅਖ਼ਤਰ ਇਹ ਸੋਚਦੇ ਹੋਏ ਬੀਤੇ ਦਿਨਾਂ ਦੀਆਂ ਯਾਦਾਂ ਵਿਚ ਕਿਧਰੇ ਦੂਰ ਜਾ ਨਿਕਲਦਾ ਏ। ਏਥੇ ਲੰਡਨ ਵਿਚ ਅੱਜ ਤੋਂ ਕਈ ਵਰ੍ਹੇ ਪਹਿਲੋਂ ਉਹਨੂੰ ਆਪਣੇ ਪਿਉ ਦੀ ਮੌਤ ਦਾ ਪਤਾ ਪੂਰੇ ਸੱਤ ਦਿਨ ਬਾਅਦ ਲੱਗਿਆ ਸੀ। ਉਸ ਦੇ ਘਰ ਵਾਲੇ ਜਿਸ ਦੋਚਿੱਤੀ ਵਿਚ ਪਏ ਸਨ ਕਿ ਪਰਦੇਸ ਵਸਦੇ ਮੁੰਡੇ ਨੂੰ ਇਸ ਮੌਤ ਬਾਰੇ ਦੱਸਿਆ ਜਾਵੇ ਜਾਂ ਨਾ। ਬਹੁਤਿਆਂ ਦਾ ਖ਼ਿਆਲ ਸੀ ਕਿ ਉਸ ਨੂੰ ਨਹੀਂ ਦੱਸਣਾ ਚਾਹੀਦਾ। ਪਰਦੇਸੀਆਂ ਦਾ ਦਿਲ ਬੜਾ ਸੋਹਲ ਹੁੰਦਾ ਏ। ਇਹ ਸੋਗ ਉਹ ਕਿਧਰੇ ਚਿੱਤ ਨਾ



ਧਰ ਲਏ। ਵਿਚੋਂ ਕੁਝ ਦੀ ਸਲਾਹ ਇਹ ਵੀ ਸੀ ਕਿ ਉਸ ਤੋਂ ਕੁਝ ਨਹੀਂ ਲੁਕਾਉਣਾ ਚਾਹੀਦਾ। ਖ਼ਬਰ ਤਾਂ ਉਹਨੂੰ ਹੋਣੀ ਈ ਏ, ਅੱਜ ਨਾ ਸਹੀ ਫਿਰ ਕਦੇ ਸਹੀ। ਤੇ ਬਿਹਤਰ ਇਹੀ ਏ ਕਿ ਜਿਹੜੀ ਗੱਲ ਭੇਤ ਨਹੀਂ ਰਹਿਣੀ, ਉਹ ਦੱਸ ਈ ਦਿੱਤੀ ਜਾਵੇ। ਫਿਰ ਵੀ ਇਕਦਮ ਨਹੀਂ। ਸਗੋਂ ਪਹਿਲੇ ਦੱਸਿਆ ਗਿਆ ਸੀ ਕਿ ਬੁੱਢਾ ਬਿਮਾਰ ਏ, ਫਿਰ ਸਖ਼ਤ ਬਿਮਾਰ ਦਾ ਸੁਨੇਹਾ ਮਿਲਿਆ ਤੇ ਓੜਕ ਸਾਹ ਪੂਰੇ ਹੋਣ ਦੀ ਖ਼ਬਰ। ਇੰਜ ਉਹਨੂੰ ਪਹਿਲੇ ਤੋਂ ਵੀ ਕੋਈ ਸਦਮਾ ਸਹਿਣ ਲਈ ਤਿਆਰ ਰੱਖਿਆ ਗਿਆ ਸੀ।

ਇਕ ਅਜਿਹਾ ਵਾਕਿਆ ਜਿਹੜਾ ਕਈ ਦਿਨ ਪਹਿਲੇ ਵਾਪਰ ਚੁੱਕਿਆ ਸੀ, ਪਰ ਕਈ ਦਿਨ ਬਾਅਦ ਦੱਸਿਆ ਗਿਆ ਤੇ ਅਸਲ ਮਰਨ ਦਿਹਾੜੇ ਦਾ ਪਤਾ ਹੋਰ ਵੀ ਕਈ ਦਿਨ ਬਾਅਦ ਲੱਗਿਆ। ਉਸ ਕੈਲੰਡਰ ਵੇਖ ਕੇ ਹਿਸਾਬ ਲਾਇਆ ਸੀ ਕਿ ਭਲਾ ਉਸ ਦਿਨ ਉਹ ਕਿਥੇ ਸੀ ਤੇ ਕੀ ਕਰ ਰਿਹਾ ਸੀ ? ਦਸ ਅਪ੍ਰੈਲ, ਸੋਮਵਾਰ, ਜਦੋਂ ਉਨ੍ਹਾਂ ਦਾ ਸਾਰਾ ਟੱਬਰ ਮਰਨ ਮੰਜੇ 'ਤੇ ਪਏ ਉਸ ਦੇ ਪਿਉ ਦੁਆਲੇ ਬੈਠਾ ਹੋਇਆ ਸੀ, ਠੀਕ ਉਸ ਵੇਲੇ ਉਹ ਆਪ ਵਰਕਸ਼ਾਪ ਵਿਚ ਕੰਮ 'ਤੇ ਹਾਜ਼ਰ ਸੀ। ਉਸ ਦਿਨ ਉਹਦਾ ਕੰਮ ਵਿਚ ਜੀ ਨਹੀਂ ਸੀ ਲੱਗ ਰਿਹਾ। ਇਹ ਅੱਜ ਵੀ ਉਹਨੂੰ ਯਾਦ ਏ। ਸਾਰਾ ਦਿਨ ਇਕ ਬੇਨਾਮ ਜਿਹੀ ਉਦਾਸੀ ਛਾਈ ਰਹੀ ਸੀ। ਜਦੋਂ ਦਿਲ ਬੇ-ਸੱਬਬ ਅਚਨਚੇਤ ਉਦਾਸ ਹੋ ਜਾਏ ਤਾਂ ਸਮਝਿਆ ਇਹੀ ਜਾਂਦਾ ਏ, ਕੋਈ ਸ਼ਿੱਦਤ ਨਾਲ ਯਾਦ ਕਰ ਰਿਹਾ ਏ।

ਆਪਣੇ ਨਿੱਕੇ ਪੁੱਤਰ ਨੂੰ ਕੋਲ ਨਾ ਵੇਖ ਕੇ ਮਰਨ ਵਾਲੇ ਨੇ ਉਹਨੂੰ ਯਾਦ ਕੀਤਾ ਸੀ। ਸ਼ਾਇਦ ਏਸੇ ਲਈ ਉਸ ਦਿਨ ਉਹ ਉਦਾਸ ਰਿਹਾ। ਕਈ ਦਿਨਾਂ ਬਾਅਦ ਅਖ਼ਤਰ ਨੇ ਸੋਚਿਆ ਤੇ ਇਹ ਜਾਨਣ ਲਈ ਆਪਣੇ ਭਰਾ ਨੂੰ ਫ਼ੋਨ ਕੀਤਾ ਕਿ ਪਿਉ ਦੇ ਆਖ਼ਰੀ ਵਾਕ ਕੀ ਸਨ ? ਅੱਗੋਂ ਜਦ ਉਹਨੇ ਦੱਸਿਆ ਕਿ 'ਮਰਨ ਵੇਲੇ ਪਿਉ ਨੇ ਤੇਰਾ ਨਾਮ ਲਿਆ ਸੀ' ਤਾਂ ਕਈ ਦਿਨਾਂ ਤੋਂ ਡੱਕਿਆ ਹੰਝੂਆਂ ਦਾ ਹੜ੍ਹ ਅੱਖਾਂ ਵਿਚੋਂ ਵਹਿ ਪਿਆ ਸੀ। ਉਸ ਕਈ ਵਾਰ ਰੋਣਾ ਚਾਹਿਆ ਸੀ ਪਰ ਹੰਝੂ ਪਲਕਾਂ 'ਤੇ ਆ ਕੇ ਮੁੜ ਜਾਂਦੇ ਰਹੇ। ਉਹ ਚਾਹੁੰਦਾ ਸੀ ਕੋਈ ਅਜਿਹਾ ਮਹਿਰਮ ਮਿਲੇ ਜਿਹਦੇ ਨਾਲ ਇਹ ਦੁੱਖ ਸਾਂਝਾ ਕਰੇ। ਕਿਸੇ ਦੇ ਗਲ ਲੱਗ ਕੇ ਰੋਏ ਪਰ ਅਜਿਹਾ ਕੋਈ ਮਿਲਿਆ ਨਹੀਂ ਸੀ। ਅਖ਼ੀਰ ਕੰਧ 'ਤੇ ਨਜ਼ਰੀਂਦੇ ਆਪਣੇ ਹੀ ਪਰਛਾਵੇਂ ਨੂੰ ਦੂਜਾ ਜੀਅ ਮੰਨ ਕੇ ਉਸ ਨਾਲ ਇਹ ਦੁੱਖ ਸਾਂਝਾ ਕਰ ਲਿਆ ਤੇ ਕੰਧ ਨਾਲ ਸਿਰ ਟਿਕਾ ਕੇ ਉਦੋਂ ਤੀਕ ਰੋਂਦਾ ਰਿਹਾ ਜਦ ਤੀਕ ਦਿਲ ਦਾ ਬੋਝ ਹੌਲਾ ਨਹੀਂ ਹੋ ਗਿਆ। ਇਸ ਤੋਂ ਸਿਵਾ ਹੋਰ ਚਾਰ ਵੀ ਕੀ ਸੀ ? ਇਥੇ ਪਰਦੇਸ ਵਿਚ ਇਸ ਆਪਣੇ-ਆਪ ਤੋਂ ਸਿਵਾ ਹੋਰ ਕੋਈ ਆਪਣਾ ਹੈ ਵੀ ਕਿਹੜਾ ਸੀ ? ਇਕਲਾਪੇ ਦਾ ਇਸ ਅਹਿਸਾਸ ਨੇ ਬਾਅਦ ਵਿਚ ਉਹਨੂੰ ਕੈਥੀ ਨਾਲ ਵਿਆਹ ਤੇ ਮਜਬੂਰ ਕੀਤਾ। ਉਹਦਾ ਦਿਲ ਕਹਿੰਦਾ ਸੀ ਦੁੱਖ-ਸੁੱਖ ਦਾ ਸ਼ਰੀਕ ਇਥੇ ਕੋਈ ਇਕ ਤਾਂ ਆਪਣਾ ਹੋਵੇ।

ਸੋਗ ਦੇ ਦਿਨਾਂ ਵਿਚ ਆਪਣੇ ਪਿਉ ਨੂੰ ਯਾਦ ਕਰਦਿਆਂ ਅਖ਼ਤਰ ਨੇ ਉਹ ਦਿਨ ਯਾਦ ਕੀਤੇ ਜਦੋਂ ਉਹ ਅਜੇ ਦਸਾਂ ਸਾਲਾਂ ਦਾ ਸੀ ਤੇ ਉਹਦੇ ਪੈਰ 'ਤੇ ਕੋਈ ਸੱਪ ਨੂੰਹਾਂ ਲੜ ਗਿਆ। ਜ਼ਖ਼ਮ ਹੋ ਜਾਣ ਵਜੋਂ ਉਹ ਕਈ ਮਹੀਨੇ ਟੁਰ ਫਿਰ ਨਾ ਸਕਿਆ। ਉਦੋਂ ਉਹਦਾ ਪਿਉ ਉਹਨੂੰ ਕੰਧਾਲੇ ਬਿਠਾ ਕੇ ਇਲਾਕੇ ਦਾ ਮਾਂਦਰੀ ਕੋਲ ਮਰ੍ਹਮ ਪੱਟੀ ਕਰਾਉਣ ਪੈਦਲ ਲੈ ਜਾਂਦਾ ਰਿਹਾ ਸੀ। ਉਨ੍ਹਾਂ ਕੋਲ ਉਦੋਂ ਕੋਈ ਸਵਾਰੀ ਨਹੀਂ ਸੀ ਹੁੰਦੀ।

'ਨੂਰੇ ਕਿਆ ਤੋਂ ਸਾਈਕਲ ਮੰਗ ਲਿਜਾਇਆ ਕਰ, ਪੰਧ ਲੰਮੇਰਾ ਏ ਤੇ ਜਾਤਕ ਜਵਾਨ।' ਇਕ ਦਿਨ ਤਾਏ ਰਹਮੇ ਨੇ ਵਰ੍ਹਦੇ ਮੀਂਹ ਰੋਹੀ ਵਿਚੋਂ ਲੰਘਦੇ ਜਾਂਦੇ ਉਸ ਦੇ ਪਿਉ ਨੂੰ ਆਖਿਆ।

'ਭਲਾ ਔਲਾਦ ਦਾ ਵੀ ਕੋਈ ਭਾਰ ਹੁੰਦਾ ਏ ਰਹਮਿਆ।' ਖੋਭੇ ਵਿਚੋਂ ਪੈਰ ਪੁੱਟਦੇ ਪਿਉ ਨੇ ਹਫ਼ੀ ਹੋਈ ਆਵਾਜ਼ ਵਿਚ ਅੱਗੋਂ ਕਿਹਾ ਸੀ।

ਪਿਉ ਉਹਦੇ ਨੂੰ ਸ਼ਰੀਕਾਂ ਕੋਲੋਂ ਸਾਈਕਲ ਮੰਗਣਾ ਚੰਗਾ ਨਹੀਂ ਸੀ ਲੱਗਦਾ। ਬਚਪਨ ਤੋਂ

ਅਚੇਤ ਵਿਚ ਪਿਆ ਇਹ ਵਾਕਿਆ ਈ ਸੀ ਜਿਸ ਨੇ ਉਹਨੂੰ ਜਵਾਨ ਹੋਇਆਂ ਇੰਗਲੈਂਡ ਆਉਣ ਲਈ ਪ੍ਰੇਰਿਆ ਸੀ। ਆਪਣੇ ਖਾਨਦਾਨ ਦੇ ਚੰਗੇ ਭਵਿੱਖ ਦੀ ਆਸ ਵਿਚ।

ਲੰਡਨ ਆ ਕੇ ਜਦੋਂ ਉਸ ਕੁਝ ਚਿਰ ਬਾਅਦ ਕਾਰ ਮੁੱਲ ਲੈਣ ਲਈ ਭਰਾ ਆਪਣੇ ਨੂੰ ਪੈਸੇ ਘਲਾਏ ਸਨ ਤਾਂ ਉਹਦੇ ਸਾਹਮਣੇ ਘਰ ਲਈ ਸਵਾਰੀ ਲਈ ਲੋੜ ਨਹੀਂ ਸਗੋਂ ਪਿਉ ਆਪਣੇ ਦੀ ਅਣਖ ਸੀ। ਉਹ ਆਪਣੇ ਪਿਉ ਨੂੰ ਕਾਰ ਵਿਚ ਬੈਠੇ ਹੋਏ ਖ਼ਿਆਲ ਕਰਦਾ ਤੇ ਉਹਦਾ ਮਨ ਖ਼ੁਸ਼ੀ ਨਾਲ ਭਰ ਜਾਂਦਾ। ਬਾਅਦ ਵਿਚ ਇਹ ਹਿਰਖ ਉਸ ਖ਼ੁਸ਼ੀ ਨਾਲੋਂ ਵੱਧ ਗਿਆ ਪਈ ਉਹ ਆਪ ਪਿਉ ਦੇ ਮੋਢੇ ਚੜ੍ਹੀ ਫਿਰਿਆ, ਪਰ ਅਖ਼ੀਰ ਸਮੇਂ ਉਸ ਦੇ ਜਨਾਜ਼ੇ ਨੂੰ ਆਪਣਾ ਮੋਢਾ ਨਾ ਦੇ ਸਕਿਆ।

ਕੈਥਰੀਨ ਨਾਲ ਵਿਆਹ ਕਰਦੇ ਸਮੇਂ ਅਖ਼ਤਰ ਦਾ ਖ਼ਿਆਲ ਸੀ ਕਿ ਇਕਲਾਪਾ ਘੱਟ ਜਾਏਗਾ। ਉਹ ਗੋਰੀ ਮੇਮ ਤਿੰਨ ਕਮਰਿਆਂ ਦੇ ਇਕ ਫਲੈਟ ਵਿਚ ਉਹਦੇ ਨਾਲ ਈ ਰਹਿਣ ਲੱਗ ਪਈ ਸੀ। ਬੱਚੇ ਹੋਣ ਤੋਂ ਪਹਿਲਾਂ ਤੀਕ ਇਹ ਸਾਥ ਅਖ਼ਤਰ ਨੂੰ ਸੋਸ਼ਲ ਕੰਟਰੈਕਟ ਜਿਹਾ ਮਹਿਸੂਸ ਹੁੰਦਾ ਰਿਹਾ। ਇਹ ਵਿਆਹ ਗੀਤਲ ਸਾਂਝ ਦੀ ਬਜਾਏ ਉਸ ਨੂੰ ਕੋਈ ਸਮਾਜੀ ਬਾਂਧ ਜਿਹੀ ਜਾਪਦਾ। ਸ਼ਾਇਦ ਇਸ ਲਈ ਵੀ ਕਿ ਉਹ ਰੀਤਾਂ ਰਸਮਾਂ ਤੋਂ ਬਗ਼ੈਰ ਈ ਰਚਾਇਆ ਗਿਆ ਸੀ। ਵਿਆਹ ਇਕ ਨਿੱਜੀ ਕੰਮ ਹੁੰਦੇ ਹੋਏ ਵੀ ਤਾਂ ਸਰਾਸਰ ਸਮਾਜੀ ਅਮਲ ਹੁੰਦਾ ਏ। ਮਰਿਆਦਾ ਦੇ ਫੁੱਲ ਚੁਣਨ ਵਾਲਾ ਅਮਲ। ਨਿਕਾਹ ਦੋ ਜਿਸਮਾਂ ਦੇ ਮੇਲ ਦ ਇਜਾਜ਼ਤਨਾਮਾ ਈ ਨਹੀਂ ਹੁੰਦਾ ਸਗੋਂ ਇਕ ਗੂੜ੍ਹੇ ਸਾਂਗੇ ਦਾ ਮੁੱਢ ਵੀ ਹੁੰਦਾ ਏ, ਜੀਹਨੇ ਆਪ ਅੱਗੋਂ ਕਈ ਰਿਸ਼ਤਿਆਂ ਨੂੰ ਜਨਮ ਦੇਣਾ ਹੁੰਦਾ ਏ। ਇਥੇ ਲੰਡਨ ਵਿਚ ਜਠਾਣੀ, ਨੂੰਹ, ਨਨਾਣ, ਭਰਜਾਈ ਵਰਗੇ ਇਹ ਸਾਰੇ ਈ ਰਿਸ਼ਤੇ ਨਾਪੈਦ ਸਨ। ਸ਼ਾਇਦ ਇਸ ਲਈ ਵੀ ਅਖ਼ਤਰ ਬਾਅਜ਼ ਵੇਲੇ ਕੈਥੀ ਤੋਂ ਆਨੰਦ ਨਹੀਂ ਸਗੋਂ ਅਚਵੀ ਜਹੀ ਮਹਿਸੂਸ ਕਰਦਾ। ਕੈਥਰੀਨ ਕਈ ਵਾਰ ਉਹਨੂੰ ਆਪਣੀ ਬੀਵੀ ਨਹੀਂ ਬੇਤੁਅੱਲਕ ਔਰਤ ਮਾਲੂਮ ਹੁੰਦੀ। ਉਹਨੇ ਕੈਥਰੀਨ ਨੂੰ ਕਲਸੂਮ ਕਹਿਣਾ ਸ਼ੁਰੂ ਕੀਤਾ ਤਾਂ ਉਹਦੇ ਦੋਸਤ ਰਾਜੂ ਨੇ ਕਿਹਾ, 'ਤੇਰਾ ਆਪਣੀ ਤੀਵੀਂ ਨੂੰ ਦੇਸੀ ਨਾਂ ਤੋਂ ਬੁਲਾਉਣਾ ਆਪਣੇ ਵੱਲੋਂ ਬੇਤੁਅਲਕੀ ਨੂੰ ਮਜਬੂਤ ਰਿਸ਼ਤੇ ਵਿਚ ਬਦਲਣ ਦੀ ਲਾਸ਼ਊਰੀ ਕੋਸ਼ਿਸ਼ ਏ। ਇਹ ਇੰਕਸ਼ਾਫ਼ ਅਖ਼ਤਰ ਲਈ ਅਜੀਬ ਸੀ। ਫਿਰ ਬੱਚੇ ਹੋ ਗਏ ਤਾਂ ਇਹ ਬੇਤੁਅਲਕੀ ਘੱਟ ਹੋ ਗਈ। ਕੈਥੀ ਬੀਵੀ ਤੋਂ ਸਿਵਾ ਹੁਣ ਉਹਦੇ ਬਾਲਾਂ ਦੀ ਮਾਂ ਵੀ ਸੀ। ਇਹ ਇਕ ਰਿਸ਼ਤਾ ਵਧ ਗਿਆ, ਪਰ ਅਖ਼ਤਰ ਦਾ ਇਕਲਾਪਾ ਨਾ ਘਟਿਆ।

ਬਾਲਾਂ ਬਾਰੇ ਵੀ ਬਾਅਜ਼ ਵੇਲੇ ਉਹ ਮਹਿਸੂਸ ਕਰਦਾ ਜਿਵੇਂ ਇਨ੍ਹਾਂ ਗ਼ਲਤ ਥਾਂ ਜਨਮ ਲੈ ਲਿਆ ਏ, ਕੋਇਲ ਦੇ ਬੱਚੇ ਕਾਂ ਦੇ ਆਲ੍ਹਣੇ ਵਿਚ ਹੋ ਪੈਣ ਵਾਂਗੂੰ। ਉਹ ਪਿੰਕੀ, ਮਾਣੀ ਤੇ ਬੌਬੀ ਬਾਰੇ ਸੋਚਦਾ ਕਦੇ ਇਹ ਬੱਚੇ ਉਹਦੀ ਫੁੱਫੀ ਦੀ ਧੀ ਵਿਚੋਂ ਜਨਮੇ ਹੁੰਦੇ, ਜਿਹੜੀ ਉਹਦੀ ਮੰਗੇਤਰ ਵੀ ਰਹੀ ਸੀ ਪਰ ਉਹਦੇ ਵਲਾਇਤ ਤੋਂ ਨਾ ਮੁੜਨ ਵਜੋਂ ਆਪਣੇ ਮਾਸੀ ਦੇ ਪੁੱਤਰ ਨਾਲ ਵਿਆਹੀ ਗਈ ਸੀ।

ਲੰਡਨ ਵਿਚ ਜਦੋਂ ਉਹਦਾ ਜੀਅ ਉਦਾਸ ਹੁੰਦਾ ਏ, ਉਹ ਇਕ ਪੁਰਾਣਾ ਐਲਬਮ ਕੱਢ ਕੇ ਬੈਠ ਜਾਂਦਾ ਏ, ਜਿਹਦੇ ਵਿਚ ਖਾਨਦਾਨ ਦੇ ਸਾਰੇ ਲੋਕਾਂ ਦੀਆਂ ਤਸਵੀਰਾਂ ਮੌਜੂਦ ਨੇ। ਐਲਬਮ ਵਿਚੋਂ ਬਾਅਦ ਵਿਚ ਕੁਝ ਤਸਵੀਰਾਂ ਉਸ ਫਰੇਮ ਕਰਵਾ ਕੇ ਡਰਾਇੰਗ ਰੂਮ ਦੀ ਕੰਧ ਉੱਤੇ ਵੀ ਟੰਗ ਦਿੱਤੀਆਂ ਸਨ। ਇਨ੍ਹਾਂ ਤਸਵੀਰਾਂ ਦੀ ਮੌਜੂਦਗੀ ਪਾਰੋ ਉਹਦਾ ਡਰਾਇੰਗ ਰੂਮ ਵਿਚ ਵੜਦੇ ਈ ਇਕਲਾਪੇ ਦਾ ਅਹਿਸਾਸ ਘੱਟ ਜਾਂਦਾ ਏ। ਆਪਣੀ ਤੀਵੀਂ ਤੇ ਔਲਾਦ ਨੂੰ ਉਹਨੇ ਐਲਬਮ ਵਿਚ ਮੌਜੂਦ ਸਾਰੀਆਂ ਤਸਵੀਰਾਂ ਨਾਲ ਉਨ੍ਹਾਂ ਦਾ ਬਣਦਾ ਹਰ ਰਿਸ਼ਤਾ ਕਈ ਵਾਰ ਦੱਸਿਆ ਏ ਪਰ ਇਨ੍ਹਾਂ ਅਜਨਬੀ ਤੇ ਦੂਰ ਦੁਰਾਡੀਆਂ ਬੇਜਾਨ ਸ਼ਕਲਾਂ ਨਾਲ ਕੋਈ ਸਾਕ ਕਿਉਂ ਤੇ ਕਿਵੇਂ ਨਿਭਾਇਆ ਜਾ ਸਕਦਾ ਏ, ਉਹ ਨਹੀਂ ਜਾਣਦੇ। ਉਹਦੀ ਕੋਸ਼ਿਸ਼ ਦੇ ਬਾਵਜੂਦ ਉਹਦੇ ਬੀਵੀ ਬੱਚੇ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਜੜ੍ਹਤ ਜਾਂ ਸਾਕਾਦਾਰੀ ਇਨ੍ਹਾਂ ਤਸਵੀਰਾਂ ਵਿਚਲੇ ਲੋਕਾਂ ਨਾਲ ਜ਼ਾਹਰ ਨਹੀਂ ਕਰ



ਸਕੇ। ਉਹ ਤੇ ਸਿਰਫ਼ ਉਹਦੇ ਨਾਲ ਪਿਆਰ ਕਰਦੇ ਨੇ ਤੇ ਉਹਦੀ ਜ਼ਾਤ ਤੋਂ ਸਿਵਾ ਕਿਸੇ ਹੋਰ ਰਿਸ਼ਤੇ ਤੋਂ ਉਹ ਜਾਣੂ ਈ ਨਹੀਂ। ਅਖ਼ਤਰ ਆਪਣੀ ਤੀਵੀਂ ਕੈਥਰੀਨ ਤੇ ਬਾਲਾਂ ਨੂੰ ਡਰਾਇੰਗ ਰੂਮ ਵਿਚ ਟੰਗੀਆਂ ਤਸਵੀਰਾਂ ਦਾ ਮਜ਼ਾਕ ਉਡਾਂਦੇ ਕਈ ਵਾਰ ਵੇਖ ਚੁੱਕਿਆ ਏ। ਇਹ ਮਜ਼ਾਕ ਤਸਵੀਰਾਂ ਦਾ ਨਹੀਂ, ਸਗੋਂ ਉਹਦੇ ਪੁਰਖਿਆਂ ਦਾ ਏ, ਇਹ ਉਹ ਜਾਣਦਾ ਏ। ਸ਼ਾਇਦ ਇਸ ਮਜ਼ਾਕ ਦਾ ਸਬੱਬ ਬਣ ਰਹੀ ਬੇਤੁਅਲਕੀ ਨੇ ਮਿੱਟੀ ਤੇ ਮਰਿਆਦਾ ਦੇ ਓਬੜਪਣ ਤੋਂ ਜਨਮ ਲਿਆ ਏ।

ਔਲਾਦ ਤੇ ਤੀਵੀਂ ਨੂੰ ਉਹ ਇਕ ਵਾਰ ਪੰਜਾਬ ਵੀ ਲੈ ਕੇ ਗਿਆ ਸੀ। ਆਪਣੇ ਵੱਲੋਂ ਬੇਗਾਨਗੀ ਦੀਆਂ ਹੱਦਾਂ ਖ਼ਤਮ ਕਰ ਦੇਣ ਦੀ ਇਹ ਉਹਦੀ ਨਾਕਾਮ ਕੋਸ਼ਿਸ਼ ਸੀ। ਲੰਦਨ ਤੋਂ ਲਾਹੌਰ ਵਿਚਲੀ ਵਿੱਥ ਤਾਂ ਉਸ ਪੂਰ ਦਿੱਤੀ ਸੀ ਪਰ ਦੋ ਪੀੜ੍ਹੀਆਂ ਵਿਚ ਮੌਜੂਦ ਵੇਲੇ ਦਾ ਖੱਪਾ ਉਹ ਕਿਵੇਂ ਪੂਰਦਾ ? ਉਹ ਖਾਨਦਾਨ ਦੇ ਜੀਊਂਦੇ ਲੋਕਾਂ ਨਾਲ ਹੀ ਆਪਣੀ ਤੀਵੀਂ ਤੇ ਅਜੇ ਛੋਟੀ ਉਮਰ ਦੀ ਔਲਾਦ ਦਾ ਮੇਲ ਕਰਵਾ ਸਕਿਆ ਸੀ। ਮਰ ਚੁੱਕੇ ਲੋਕ ਅਣਜਾਣ ਹੀ ਰਹਿ ਗਏ ਸਨ। ਜੀਊਂਦਿਆਂ ਦਾ ਮੁਰਦਿਆਂ ਨਾਲ ਕੀ ਰਿਸ਼ਤਾ ਹੁੰਦਾ ਏ, ਬਾਲ ਨਹੀਂ ਜਾਣਦੇ ਹੁੰਦੇ। ਇਸ ਲਈ ਡਰਾਇੰਗ ਰੂਮ ਵਿਚ ਟੰਗੀਆਂ ਤਸਵੀਰਾਂ ਵਾਪਸ ਆ ਕੇ ਵੀ ਉਨ੍ਹਾਂ ਲਈ ਓਬੜ ਈ ਸਨ। ਬਾਅਦ ਵਿਚ ਅਖ਼ਤਰ ਨੇ ਇਸ ਜਮਾਂਦਰੂ ਓਬੜਪਣ ਤੇ ਬੇਤੁਅਲਕੀ ਨੂੰ ਔਲਾਦ ਦਾ ਤੇ ਆਪਣਾ ਮੁਕੱਦਰ ਮੰਨ ਕੇ ਕਬੂਲ ਕਰ ਲਿਆ ਸੀ।

ਇਕਲਾਪੇ ਦੇ ਇਨ੍ਹਾਂ ਈ ਦਿਨਾਂ ਵਿਚ ਉਹਦੀ ਰਾਜੂ ਨਾਲ ਵਾਕਫ਼ੀ ਹੋਈ। ਅਖ਼ਤਰ ਜਿਹੜੀ ਵਰਕਸ਼ਾਪ 'ਤੇ ਕੰਮ ਕਰਦਾ ਸੀ, ਰਾਜੂ ਉਥੇ ਟੈਕਸੀ ਠੀਕ ਕਰਾਉਣ ਆਇਆ ਸੀ। ਰਾਜੂ ਵੀ ਉਹਦੇ ਵਾਂਗ ਉਖੜਿਆ ਹੋਇਆ ਤੇ ਇਕਲਾਪੇ ਦਾ ਰੋਗੀ ਬੰਦਾ ਸੀ। ਪਹਿਲੀ ਈ ਮੁਲਾਕਾਤ ਵਿਚ ਉਹ ਯਾਰ ਬਣ ਗਏ। ਰਾਜੂ ਇਥੇ ਲੰਡਨ ਵਿਚ ਟੈਕਸੀ ਡਰਾਈਵਰ ਸੀ।

'ਯਾਰਾ ਸਾਰਾ ਦਿਨ ਅੰਗਰੇਜ਼ੀ ਬੋਲ ਬੋਲ ਕੇ ਮੂੰਹ ਥੱਕ ਜਾਂਦਾ ਏ, ਆਪਣੀ ਬੋਲੀ ਤਾਂ ਸਾਲੇ ਅੰਗਰੇਜ਼ਾਂ ਨੂੰ ਗਾਲ੍ਹ ਕੱਢਣ ਦੇ ਈ ਕੰਮ ਆਉਂਦੀ ਏ, ਇਥੇ ਤਾਂ ਆਪਣੀ ਬੋਲੀ ਸੁਣਨ ਨੂੰ ਵੀ ਸਹਿਕ ਜਾਈਦਾ ਏ।' ਰਾਜੂ ਨੂੰ ਚਿਰਾਂ ਬਾਅਦ ਕੋਈ ਆਪਣੀ ਬੋਲੀ ਬੋਲਣ ਵਾਲਾ ਬੰਦਾ ਮਿਲਿਆ ਸੀ।

ਆਪਣੀ ਬੋਲੀ ਸੁਣਨ ਬੋਲਣ ਵਾਲੇ ਜਿਹੜੇ ਲੋਕ ਇਥੇ ਹੈ ਵੀ ਨੇ ਉਨ੍ਹਾਂ ਕੋਲ ਮਿਲ ਬੈਠਣ ਲਈ ਵਿਹਲ ਨਹੀਂ ਹੁੰਦਾ ਵੇਲੇ ਦਾ ਵਹਿਣ ਇਥੇ ਬਹੁਤ ਤੇਜ਼ ਏ। ਜਿਹੜੀਆਂ ਦੋ ਘੜੀਆਂ ਕਿਸੇ ਕੋਲ ਬੈਠਣਾ ਏ ਐਨੇ ਚਿਰ 'ਚ ਪੌਂਡ ਕਮਾਏ ਜਾ ਸਕਦੇ ਨੇ। ਪਰਦੇਸ ਵਿਚ ਅਕਸਰ ਈ ਇਹੀ ਸੋਚ ਹੁੰਦੀ ਏ।' 'ਹਾਂ ਯਾਰ, ਆਪਣੀ ਬੋਲੀਓ ਵਾਂਝੇ ਹੋ ਜਾਣਾ ਬੜਾ ਦੁਖਦਾਈ ਹੁੰਦਾ ਏ।' ਅਖ਼ਤਰ ਨੇ ਹਉਕੇ ਵਰਗਾ ਲੰਮਾ ਸਾਹ ਲੈਂਦਿਆਂ ਰਾਜੂ ਨੂੰ ਕਿਹਾ ਤੇ ਫਿਰ ਵੰਡ ਤੋਂ ਬਾਅਦ ਲਾਹੌਰ ਵਿਚ ਰਹਿ ਗਏ ਇਕ ਗੋਰੇ ਸਾਈਮਨ ਦਾ ਕਿੱਸਾ ਉਹਨੂੰ ਸੁਣਾਉਣ ਲੱਗਾ।

ਉਹ ਅਸਲ ਨਾਂ ਸਾਈਮਨ ਸੀ। ਪਰ ਬਾਲ ਉਹਨੂੰ ਸਾਈਂ ਮੰਨਾ ਕਹਿੰਦੇ ਸਨ। ਖਿੱਲਰੀ ਹੋਈ ਦਾੜ੍ਹੀ ਤੇ ਵਧੇ ਹੋਏ ਵਾਲਾਂ ਵਾਲਾ ਉਹ ਇਕ ਬੁੱਢਾ ਅੰਗਰੇਜ਼ ਸੀ। ਸ਼ੁਦਾ ਪਾਰੋਂ ਇਹ ਨਾਂ ਉਹਨੂੰ ਅਜਿਹਾ ਜਚਿਆ ਕਿ ਲੋਕਾਂ ਨੂੰ ਵੀ ਫਿਰ ਸਾਈਂ ਮੰਨਾ ਈ ਯਾਦ ਰਿਹਾ। ਵੰਡ ਤੋਂ ਪਿੱਛੋਂ ਇਕੱਲਾ ਰਹਿ ਗਿਆ ਸਾਈਮਨ ਰੁੱਖਾਂ ਨਾਲ ਅੰਗਰੇਜ਼ੀ ਬੋਲਦਾ ਰਹਿੰਦਾ। ਉਹ ਕਿਸੇ ਇਕ ਰੁੱਖ ਅੱਗੇ ਜਾ ਖੜ੍ਹਦਾ ਤੇ ਉਹਦੇ ਨਾਲ ਗੱਲਾਂ ਕਰਨ ਲੱਗ ਪੈਂਦਾ। ਕਦੇ ਧੀਮੀ ਆਵਾਜ਼ ਵਿਚ ਜਿਵੇਂ ਸਰਗੋਸ਼ੀਆਂ ਕਰ ਰਿਹਾ ਹੋਵੇ। ਕਦੇ ਬਹੁਤ ਉੱਚੀ ਬੋਲਦਾ ਜਿਵੇਂ ਸਾਹਮਣੇ ਕੋਈ ਡੌਰਾ ਏ। ਉਹਨੂੰ ਖ਼ਬਰ ਨਹੀਂ ਸੀ ਕਿ ਰੁੱਖ ਡੌਰੇ ਈ ਨਹੀਂ ਹੁੰਦੇ ਗੂੰਗੇ ਵੀ ਹੁੰਦੇ ਨੇ। ਜਦੋਂ ਉਹਨੂੰ ਅੱਗੋਂ ਹੁੰਗਾਰਾ ਨਾ ਮਿਲਦਾ ਤਾਂ ਉਹ ਰੁੱਖਾਂ ਦੇ ਗਲ ਲੱਗ ਕੇ ਰੋਣ ਲੱਗ ਪੈਂਦਾ ਸੀ। ਰੁੱਖ ਨਾ ਸੁਣਦੇ ਸਨ, ਨਾ ਬੋਲਦੇ ਸਨ ਤੇ ਲੋਕ ਸੁਣਦੇ ਸੀ ਪਰ ਬੋਲਦੇ ਨਹੀਂ ਸਨ। ਆਮ ਲੋਕਾਂ ਨੂੰ ਸਾਈਮਨ ਦੀ ਬੋਲੀ ਸਮਝ ਨਹੀਂ ਸੀ ਆਉਂਦੀ, ਜਿਨ੍ਹਾਂ

ਨੂੰ ਉਹਦੀ ਬੋਲੀ ਆਉਂਦੀ ਸੀ ਉਨ੍ਹਾਂ ਨੂੰ ਸਾਈਮਨ ਕੋਲ ਬੈਠ ਕੇ ਉਹਦੀ ਬੋਲੀ ਵਿਚ ਗੱਲਾਂ ਕਰਨ ਦਾ ਵਿਹਲ ਨਹੀਂ ਸੀ।

ਰੁੱਖਾਂ ਨਾਲ ਗੱਲਾਂ ਕਰਨ ਤੇ ਉਨ੍ਹਾਂ ਨੂੰ ਜੱਫੀ ਪਾ ਕੇ ਰੋਵਣ ਵਜੋਂ ਸਾਈਮਨ ਨੂੰ ਪਾਗਲਖਾਨੇ ਦਾਖ਼ਲ ਕਰਾ ਦਿੱਤਾ ਗਿਆ। ਉਹਦਾ ਇਲਾਜ ਉਹਨੂੰ ਪਾਗਲਖਾਨੇ ਦੇ ਲੱਗਣ ਵਾਲੇ ਟੀਕੇ ਨਹੀਂ ਸਗੋਂ ਉਹਦੇ ਨਾਲ ਬੋਲੇ ਦੋ ਮਿੱਠੇ ਬੋਲ ਸਨ। ਇਹ ਸੁਰਤ ਕਿਸੇ ਨੂੰ ਨਾ ਆਈ। ਪਾਗਲਖਾਨੇ ਵਿਚ ਉਹਦਾ ਤਮਾਸ਼ਾ ਲੱਗਣ ਲੱਗ ਪਿਆ। ਪਾਗਲ ਇਕੱਠੇ ਹੋ ਕੇ ਸਾਈਮਨ ਨੂੰ ਘੇਰਾ ਪਾ ਲੈਂਦੇ ਤੇ ਉਹਨੂੰ ਛੇੜਦੇ। ਉਹ ਅੰਗਰੇਜ਼ੀ ਵਿਚ ਗਾਲ੍ਹਾਂ ਕੱਢਦਾ, ਪਾਗ਼ਲ ਹੋਰ ਛੇੜਦੇ। ਸਾਈਮਨ ਚੀਕਤਾ ਤੇ ਆਪਣਾ ਸਿਰ ਪਿੱਟ ਲੈਂਦਾ। ਇਹ ਵੇਖਦੇ ਹੋਏ ਦੁਆਲੇ ਖੜੇ ਪਾਗਲ ਤਾੜੀਆਂ ਮਾਰਦੇ, ਉੱਚੀ-ਉੱਚੀ ਹੱਸਦੇ। ਕਦੀ ਸਾਈਮਨ ਇਕਦਮ ਆਕੜ ਕੇ ਖੜਾ ਹੋ ਜਾਂਦਾ ਤੇ ਪਾਗਲਾਂ ਨੂੰ ਹੁਕਮ ਚਲਾਉਣ ਲੱਗ ਪੈਂਦਾ। ਪਾਗਲ ਉਹਨੂੰ ਸਲੂਟ ਕਰਨ ਦੀ ਬਜਾਏ 'ਏਥੇ ਵੱਜ' ਕਿਸਮ ਦੇ ਇਸ਼ਾਰੇ ਕਰਦੇ ਤਾਂ ਉਹ ਭੋਏਂ 'ਤੇ ਬੈਠ ਕੇ ਸਿਰ ਗੋਡਿਆਂ ਵਿਚ ਲੈ ਲੈਂਦਾ ਤੇ ਫਿਰ ਰੋਣ ਲੱਗ ਪੈਂਦਾ। ਇਹ ਤਮਾਸ਼ਾ ਆਪਣੇ ਪਾਗਲ ਰਿਸ਼ਤੇਦਾਰਾਂ ਦੀ ਖ਼ਬਰ ਲੈਣ ਆਏ ਸਿਆਣੇ-ਬਿਆਣੇ ਲੋਕ ਵੀ ਬੜੇ ਸ਼ੌਕ ਨਾਲ ਵੇਖਦੇ।

ਸਾਈਮਨ ਜੇ ਪਾਗਲ ਨਹੀਂ ਵੀ ਸੀ ਤਾਂ ਹੁਣ ਪਾਗਲ ਹੋ ਗਿਆ ਸੀ।

'ਦੂਜੇ ਗੋਰਿਆਂ ਵਾਂਗੂੰ ਉਹ ਆਪਣੇ ਦੇਸ਼ ਕਿਉਂ ਨਾ ਪਰਤ ਗਿਅ ?' ਰਾਜੂ ਨੇ ਪੁੱਛਿਆ ਤਾਂ ਅਖ਼ਤਰ ਨੇ ਦੱਸਿਆ, 'ਸੰਤਾਲੀ ਤੋਂ ਮਗਰੋਂ ਜਦ ਅੰਗਰੇਜ਼ ਹਿੰਦ ਪਾਕਿ ਵਿਚੋਂ ਜਾ ਰਹੇ ਸਨ, ਸਾਈਮਨ ਨੂੰ ਵੀ ਉਨ੍ਹਾਂ ਨਾਲ ਲੈ ਜਾਣਾ ਚਾਹਿਆ, ਪਰ ਉਸ ਇਨਕਾਰ ਕਰ ਦਿੱਤਾ ਸੀ। ਸਾਈਮਨ ਕਹਿੰਦਾ ਸੀ—ਲਾਹੌਰ ਦੇ ਗੋਰਾ ਕਬਰਸਤਾਨ ਵਿਚ ਉਹਦੀ ਸਵਾਣੀ ਡਾਇਨਾ ਤੇ ਦੋ ਬਾਲ ਅਲੈਜ਼ਬਥ ਤੇ ਬੈਂਜਾਮਨ ਦਫ਼ਨ ਨੇ। ਉਹ ਇਥੋਂ ਨਹੀਂ ਜਾਏਗਾ। ਇਹ ਮਿੱਟੀ ਤੇ ਮਾਸ ਦਾ ਵੀ ਅਜੀਬ ਰਿਸ਼ਤਾ ਏ। ਜਿਥੇ ਤੁਹਾਡਾ ਨਾੜੂ ਦੱਬਿਆ ਹੋਵੇ, ਉਹ ਭੂਮੀ ਤੁਹਾਨੂੰ ਆਪਣੇ ਜੁੱਸੇ ਦਾ ਅੰਗ ਜਾਪਦੀ ਏ ਤੇ ਜਿਥੇ ਤੁਹਾਡੇ ਪਿਆਰਿਆਂ ਦੇ ਜੁੱਸੇ ਦੱਬੇ ਹੋਵਣ, ਉਹ ਖ਼ਾਕ ਭੋਏਂ ਤੇ ਧਰਤੀ ਕਲਬੂਤ ਤੋਂ ਵੀ ਅੱਗੇ ਰੂਹ ਦਾ ਕੋਈ ਹਿੱਸਾ ਮਾਲੂਮ ਹੁੰਦੀ ਏ। ਬੰਦੇ ਦਾ ਜ਼ਮੀਰ ਮਿੱਟੀ ਵਿਚੋਂ ਏਂ ਤੇ ਰੂਹ ਜ਼ਮੀਰ ਦਾ ਈ ਦੂਜਾ ਨਾਂ ਏ। ਪਰ ਥਾਉਂ ਥਾਂ ਫਿਰਨ ਵਾਲਿਆਂ ਦੇ ਮਨ ਵਿਚੋਂ ਮਿੱਟੀ ਦਾ ਮੋਹ ਕਦੇ ਮਰ ਵੀ ਜਾਂਦਾ ਏ, ਕਿਉਂਕਿ ਉਨ੍ਹਾਂ ਨੂੰ ਧਰਤੀ ਨਹੀਂ, ਧਨ ਪਿਆਰਾ ਹੋ ਜਾਂਦਾ ਏ। ਇਹ ਆਖ਼ਰੀ ਗੱਲ ਕਰਦੇ ਹੋਏ ਅਖ਼ਤਰ ਦੇ ਸਾਹਵੇਂ ਸਾਈਮਨ ਨਹੀਂ ਸਗੋਂ ਇਥੇ ਲੰਦਨ ਵਿਚ ਈ ਵਸਦਾ ਆਪਣਾ ਇਕ ਦੋਸਤ ਮਨਸ਼ਾ ਸੀ।

'ਲੈ ਭਈ, ਯਾਦ ਰੱਖੀਂ ਜੇ ਮੈਂ ਇਥੇ ਮਰ ਗਿਆ ਤਾਂ ਮੇਰੀ ਲਾਸ਼ ਪਿੱਛੇ ਪਹੁੰਚਾ ਦੇਵੀਂ।' ਰਾਜੂ ਨੇ ਅਖ਼ਤਰ ਨੂੰ ਵਸੀਅਤ ਕੀਤੀ।

ਅਖ਼ਤਰ ਨੇ ਰਾਜੂ ਦੇ ਚਿਹਰੇ ਵੱਲ ਦੇਖਿਆ। ਉਥੇ ਬੁੱਲ੍ਹਾਂ 'ਤੇ ਮੁਸਕੜੀ ਹੋਣ ਦੇ ਬਾਵਜੂਦ ਅੱਖੀਆਂ ਵਿਚ ਗੂੜ੍ਹੀ ਉਦਾਸੀ ਸੀ।

ਵਿਆਹ ਤੋਂ ਬਾਅਦ ਕੁਝ ਚਿਰ ਲਈ ਪੰਜਾਬ ਜਾਂਦੇ ਹੋਏ ਅਖ਼ਤਰ ਨੇ ਕੈਥੀ ਨੂੰ ਵੀ ਨਾਲ ਲੈ ਜਾਣਾ ਚਾਹਿਆ ਪਰ ਪੈਰ ਭਾਰਾ ਹੋਣ ਪਾਰੋਂ ਡਾਕਟਰ ਨੇ ਕੈਥੀ ਨੂੰ ਇਸ ਸਫ਼ਰ ਤੋਂ ਵਰਜ ਦਿੱਤਾ ਸੀ। ਅਖ਼ਤਰ ਨੇ ਪੰਜਾਬ ਜਾ ਕੇ ਵੇਖਿਆ, ਪਿੰਡ ਵਿਚ ਨਿਆਈਂ ਤੋਂ ਲੈ ਕੇ ਨਹਿਰ ਤਕ ਸਾਰਾ ਰਕਬਾ ਉਨ੍ਹਾਂ ਖਰੀਦ ਲਿਆ ਹੋਇਆ ਸੀ। ਉੱਚਾ ਤੇ ਖ਼ੂਬਸੂਰਤ ਬੰਗਲਾ ਬਣਵਾ ਲਿਆ ਹੋਇਆ ਸੀ। ਘਰ ਵਾਲਿਆਂ ਉਹਨੂੰ ਛੇਤੀ ਈ ਲੰਦਨ ਜਾ ਕੇ ਹੋਰ ਪੈਸੇ ਘੱਲਣ ਦੀ ਗੱਲ ਕੀਤੀ ਤਾਂ ਜੋ ਨਹਿਰ ਤੋਂ ਪਾਰ ਵਾਲਾ ਮੁਰੱਬਾ ਖਰੀਦਿਆ ਜਾ ਸਕੇ। ਪਰ ਪਰਦੇਸ ਵਿਚ ਰਹਿੰਦੇ ਹੋਏ ਆਪਣੀ ਮਿੱਟੀ 'ਤੇ ਲੱਗਦੇ ਲਾਣਿਆਂ ਤੋਂ ਦੂਜੀ ਦਾ ਜੋ ਕਸ਼ਟ ਤੇ ਸੰਤਾਪ ਉਹ ਭੋਗ ਰਿਹਾ ਸੀ, ਉਸ ਬਾਰੇ ਕਿਸੇ ਵੀ ਨਾ



ਪੁੱਛਿਆ। ਤਿੰਨ ਮਹੀਨਿਆਂ ਬਾਅਦ ਉਹ ਲੰਦਨ ਮੁੜਿਆ ਤਾਂ ਕੈਥੀ ਨਾਲ ਕਰਨ ਲਈ ਉਸ ਕੋਲ ਖੇਤਾਂ, ਫ਼ਸਲਾਂ, ਰੁੱਤਾਂ ਦੇ ਰੰਗਾਂ ਤੇ ਅੰਗਾਂ ਸਾਕਾਂ ਬਾਰੇ ਢੇਰ ਸਾਰੀਆਂ ਗੱਲਾਂ ਸਨ, ਪਰ ਕੈਥੀ ਨੇ ਇਨ੍ਹਾਂ ਗੱਲਾਂ ਵਿਚ ਕੋਈ ਵੀ ਦਿਲਚਸਪੀ ਜ਼ਾਹਰ ਨਾ ਕੀਤੀ।

ਦੂਜੀ ਪੰਜਾਬ ਫੇਰੀ ਵੇਲੇ ਉਹ ਕੈਥੀ ਤੇ ਬਾਲਾਂ ਨੂੰ ਵੀ ਨਾਲ ਲੈ ਗਿਆ। ਪਿੰਕੀ ਉਦੋਂ ਸੱਤਾਂ ਵਰ੍ਹਿਆਂ ਦੀ ਸੀ। ਮਾਣੀ ਤੁਰਨ ਦੀ ਜਾਂਚ ਸਿੱਖ ਰਿਹਾ ਸੀ ਤੇ ਬੌਬੀ ਅਜੇ ਗੋਦ ਵਿਚ ਸੀ। ਕੈਥੀ ਤੇ ਬਾਲਾਂ ਨੂੰ ਮਿਲ ਕੇ ਸਾਰੇ ਈ ਖ਼ੁਸ਼ ਹੋਏ ਸਨ। ਪਿੰਕੀ ਬਾਰੇ ਕਿਹਾ ਗਿਆ ਕਿ ਇਹਦੀ ਸ਼ਕਲ ਆਪਣੀ ਫੁੱਫੀ ਨਾਲ ਮਿਲਦੀ ਏ ਤੇ ਬੌਬੀ ਦਾ ਮੁਹਾਂਦਰਾ ਆਪਣੇ ਮਰਨ ਵਾਲੇ ਦਾਦੇ 'ਤੇ ਗਿਆ ਏ। ਹੈਰਾਨੀ ਅਖ਼ਤਰ ਨੂੰ ਉਦੋਂ ਹੋਈ ਜਦੋਂ ਉਹਦੀ ਆਪਣੀ ਫੁੱਫੀ ਜੋ ਬੁੱਢ ਵਡੇਰੀ ਤੇ ਅੰਨ੍ਹੀ ਮੋਰਾਂ ਹੋ ਚੁੱਕੀ ਸੀ, ਨੇ ਮਾਣੀ ਨੂੰ ਗੋਦ ਵਿਚ ਲੈਂਦਿਆਂ ਉਹਦੇ ਚਿਹਰੇ ਨੂੰ ਟੋਹ ਕੇ ਮਾਣੀ ਦੇ ਪੜਦਾਦੇ ਨਾਲ ਇਹਦੀ ਮਸ਼ਾਬਹਤ ਦਾ ਐਲਾਨ ਕਰ ਦਿੱਤਾ। ਮਾਣੀ ਜਿਹਨੂੰ ਵੱਖਰੇ ਸੁਭਾਅ ਦਾ ਹੋਣ ਪਾਰੋਂ ਏਥੇ ਸਾਰੇ ਘਰ ਵਾਲੇ ਕਾਠਾ ਅੰਗਰੇਜ਼ ਆਖਦੇ ਸਨ। ਉਹ ਕਿਸੇ ਦੀ ਝੋਲੀ ਵਿਚ ਘੱਟ ਹੀ ਠਹਿਰਦਾ ਸੀ, ਪਰ ਇਸ ਅੰਨ੍ਹੀ ਮਾਈ ਦੀ ਗੋਦ ਵਿਚ ਸਕੂਨ ਨਾਲ ਖੇਡਦਾ ਰਿਹਾ। ਅਖ਼ਤਰ ਨੇ ਫੁੱਫੀ ਨਾਲ ਇਹ ਗੱਲ ਕੀਤੀ ਤਾਂ ਉਹਨੇ ਕਿਹਾ, 'ਆਪਣੇ ਲਹੂ ਨੂੰ ਸਿਹਾਣ ਲੈਂਦਾ ਏ।'

ਇਸ ਨੇੜਤਾ ਤੇ ਸਾਂਝ ਵਿਚਲੇ ਭੇਤ ਨੂੰ ਤੇ ਅਖ਼ਤਰ ਨਾ ਜਾਣ ਸਕਿਆ ਪਰ ਪਿਛਲੀ ਪੀੜ੍ਹੀ ਨਾਲ ਮਿਲਦੇ ਇਨ੍ਹਾਂ ਮੁਹਾਂਦਰਿਆਂ ਪਾਰੋਂ ਇਹ ਸਿੱਟਾ ਉਹਨੇ ਜ਼ਰੂਰ ਕੱਢਿਆ ਕਿ ਰਿਸ਼ਤਿਆਂ ਵਿਚ ਫਾਸਲ ਕੋਈ ਨਹੀਂ। ਇਹ ਇਕ ਲਮਕਾਨੀ ਲਾਜਮਾਨੀ ਤੁਅੱਲਕ ਹੁੰਦਾ ਹੈ।

ਵਰ੍ਹਿਆਂ ਬਾਅਦ ਜਦੋਂ ਅਖ਼ਤਰ ਨੂੰ ਆਪਣੀ ਔਲਾਦ ਵਿਚ ਇਸ ਮੁਹਾਂਦਰਿਆਂ ਦਾ ਮੁਸ਼ਾਬਹਤ ਤੋਂ ਵੱਖ ਹੋਰ ਕੋਈ ਵੀ ਵਸਫ਼ ਆਪਣੇ ਪੁਰਖਿਆਂ ਵਾਲਾ ਨਜ਼ਰ ਨਹੀਂ ਸੀ ਆਇਆ ਤਾਂ ਉਦੋਂ ਉਹਨੇ ਸੋਚਿਆ ਸੀ ਖਾਨਦਾਨ ਦੇ ਜੁੜੇ ਰਹਿਣ ਲਈ ਜੁੱਸਿਆਂ ਵਿਚ ਦੌੜ ਰਹੇ ਲਹੂ ਦੀ ਸਾਂਝ ਦੀ ਈ ਨਿਰੀ ਲੋੜ ਨਹੀਂ ਹੁੰਦੀ, ਸਗੋਂ ਮਿੱਟੀ ਦੀ ਸਾਂਝ ਵੀ ਸ਼ਾਇਦ ਜ਼ਰੂਰੀ ਹੁੰਦੀ ਏ।

ਉਹਨੂੰ ਤੈਅ ਸ਼ੁਦਾ ਸ਼ਡਿਊਲ ਤੋਂ ਪਹਿਲਾਂ ਹੀ ਲੰਡਨ ਮੁੜਨਾ ਪਿਆ ਸੀ। ਬਾਲਾਂ ਨੂੰ ਪੰਜਾਬ ਦੀ ਰੁੱਤ ਰਾਸ ਨਹੀਂ ਸੀ ਆਈ। ਉਨ੍ਹਾਂ ਦੀ ਮਿੱਟੀ ਜੋ ਓਪਰੀ ਸੀ ਤੇ ਫਿਰ ਮੌਸਮ ਵੀ ਓਪਰਾ ਈ ਲੱਗਣਾ ਸੀ। ਲੰਡਨ ਆ ਕੇ ਬਾਲਾਂ ਦੇ ਚੈੱਕਅਪ ਦੌਰਾਨ ਡਾਕਟਰ ਨੇ ਜਦ ਅਖ਼ਤਰ ਨੂੰ ਕਿਹਾ ਕਿ ਚਿੰਤਾ ਵਾਲੀ ਕੋਈ ਗੱਲ ਨਹੀਂ, ਬਾਲਾਂ ਨੂੰ ਐਵੇਂ ਜ਼ਰਾ ਡਸਟ ਅਲਰਜ਼ੀ ਹੋ ਗਈ ਸੀ ਤਾਂ ਅਖ਼ਤਰ ਬੁੜਬੁੜਾਇਆ 'ਇਹੀ ਤੇ ਅਸਲ ਚਿੰਤਾ ਏ'। ਅੰਗਰੇਜ਼ ਡਾਕਟਰ ਉਹਦੀ ਗੱਲ ਸਮਝ ਨਹੀਂ ਸੀ ਸਕਿਆ।

ਫਿਰ ਰਾਜੂ ਨੂੰ ਬਾਲਾਂ ਦੀ ਇਸ ਬਿਮਾਰੀ ਬਾਰੇ ਦੱਸਦੇ ਹੋਏ ਅਖ਼ਤਰ ਪਹਿਲਾਂ ਹੱਸਿਆ ਤੇ ਫਿਰ ਰੋ ਪਿਆ। ਹੱਸਿਆ ਉਹ ਇਸ ਲਈ ਕਿ ਧਰਤੀ ਜਾਇਆਂ ਦੇ ਬਾਲਾਂ ਨੂੰ ਖੇਹ ਮਿੱਟੀ ਤੋਂ ਭਲਾ ਕੀ ਕੁਨਛ ਹੋ ਸਕਦੀ ਏ ਤੇ ਰੋਇਆ ਇਸ ਵਜੋਂ ਕਿ ਅਗਲੀ ਨਸਲ ਵਿਚ ਮਿੱਟੀ ਤੇ ਮਾਸ ਦਾ ਸਦੀਆਂ ਪੁਰਾਣਾ ਰਿਸ਼ਤਾ ਟੁੱਟ ਰਿਹਾ ਏ। ਸਗੋਂ ਮਿੱਟੀ ਤੇ ਮਾਸ ਨੂੰ ਇਕ ਦੂਜੇ ਨਾਲ ਜ਼ਿਦ ਹੋ ਗਈ ਏ। ਇਹਨੂੰ ਉਹ ਮਾਇਆ ਦਾ ਸਿਤਮ ਆਖਣ ਜਾਂ ਕਰਮ, ਰਾਜੂ ਤੇ ਅਖ਼ਤਰ ਕੋਈ ਫ਼ੈਸਲਾ ਨਾ ਕਰ ਸਕੇ।

ਮਨਸ਼ੇ ਨੇ ਸੁਣਿਆ ਤਾਂ ਉਹ ਬਹੁਤ ਖ਼ੁਸ਼ ਹੋਇਆ। ਉਸ ਕਿਹਾ, 'ਮੁਬਾਰਕ ਹੋਏ। ਇਹ ਬਿਮਾਰੀ ਨਹੀਂ ਇਕ ਲਾਅਨਤ ਏ ਪੁਰਖਿਆਂ ਦੇ ਉਜੱਡਪੁਣੇ ਨੂੰ ਉਲੰਘ ਕੇ ਉੱਚੀ ਗੁੜ੍ਹਤਲ ਵੱਲ ਉੱਠੇ ਬਾਲਾਂ ਦੇ ਪਹਿਲੇ ਪੈਰ ਦੀ ਤੇ ਬਾਲਾਂ ਦੀ ਕਮਿਸਟਰੀ ਚੇਂਜ ਹੋ ਰਹੀ ਏ।'

'ਸ਼ੈਤਾਨ ਦਾ ਪੁੱਤਰ' ਗੁੱਸੇ ਨਾਲ ਅਖ਼ਤਰ ਨੇ ਖ਼ਿਆਲ ਈ ਖ਼ਿਆਲ ਵਿਚ ਮਨਸ਼ੇ ਦੇ ਮੂੰਹ 'ਤੇ ਥੁੱਕ ਦਿੱਤਾ ਸੀ। ਮਰਿਆਦਾ ਦਾ ਨਾਬਰ ਤੇ ਪੁਰਖਿਆਂ ਦਾ ਮਜ਼ਾਕ ਉਡਾਉਣ ਵਾਲਾ ਮਨਸ਼ਾ ਉਹਨੂੰ ਕਦੇ ਵੀ ਪਸੰਦ ਨਹੀਂ ਆਇਆ। ਇਕ ਅਜਿਹਾ ਬੰਦਾ ਜਿਹਨੂੰ ਆਪਣੇ ਲਹੂ ਦੀ ਪਛਾਣ ਨਾ ਸੀ

ਆਈ, ਨਾ ਈ ਆਪਣੀ ਮਿੱਟੀ ਦੀ ਕਦਰ। ਜਿਹੜਾ ਬੜੇ ਮਾਣ ਨਾਲ ਦੱਸਦਾ ਕਿ ਅਰਬ ਵਿਚ ਇਕ ਬੁੱਢੇ ਬਦੂ ਦੀ ਸਵਾਣੀ ਨੇ ਇਕ ਬਾਲ ਤੁਹਾਡੇ ਮਨਸ਼ੇ ਯਾਰ ਦਾ ਵੀ ਜੰਮਿਆ। 'ਓਪਰੇ ਭਾਂਡੇ ਵਿਚ ਜਾਗ ਲਾਉਂਦਿਆਂ ਤੈਨੂੰ ਲਾਜ ਨਾ ਆਈ ?' ਰਾਜੂ ਨੇ ਇਕ ਵਾਰ ਉਹਨੂੰ ਪੁੱਛਿਆ। 'ਨਹੀਂ ਬਿਲਕੁਲ ਨਹੀਂ ਤੇ ਨਾ ਈ ਮੈਂ ਕਦੇ ਅਰਬਾਂ ਵਿਚ ਪਲ ਰਹੇ ਆਪਣੇ ਉਸ ਬਾਲਕ ਬਾਰੇ ਸੋਚਿਆ ਏ। ਮਨਸ਼ੇ ਨੇ ਚਿੰਤਾ ਮੁਕਤ ਦੱਸਿਆ ਸੀ। ਸਾਊਥ ਅਫ਼ਰੀਕਾ ਦੀ ਇਕ ਨੀਗਰੋ ਕੁੜੀ ਮਨਸ਼ੇ ਦੇ ਨਿਕਾਹ ਵਿਚ ਰਹੀ। ਬਾਅਦ ਵਿਚ ਤਿੰਨ ਬਾਲੜੀਆਂ ਅਤੇ ਉਸ ਨੀਗਰੋ ਕੁੜੀ ਨੂੰ ਛੱਡ ਕੇ ਆਪ ਇੰਗਲੈਂਡ ਆਇਆ ਤੇ ਮੁੜ ਕਦੀ ਉਨ੍ਹਾਂ ਦੀ ਸਾਰ ਨਾ ਲਈ। ਮਨਸ਼ਾ ਅਕਸਰ ਕਹਿਦਾ, 'ਇਹ ਮਿੱਟੀ ਮੋਹ, ਮਰਿਆਦਾ ਕੀ ਏ, ਮੈਂ ਨਹੀਂ ਜਾਣਦਾ। ਮੈਨੂੰ ਤੇ ਬਸ ਮਿੱਟੀ, ਮਾਸ ਤੇ ਮਾਇਆ ਦਾ ਪਤਾ ਏ। ਗਲੋਬਲਾਈਜੇਸ਼ਨ ਦੇ ਦੌਰ ਵਿਚ ਵੀ ਬੰਦੇ ਨੂੰ ਪੁਰਾਣੇ ਹੱਦ ਬੰਨ੍ਹਿਆਂ ਵਿਚ ਕੈਦ ਨਹੀਂ ਰਹਿਣਾ ਚਾਹੀਦਾ।' ਅਖ਼ਤਰ ਤੇ ਰਾਜੂ ਮਨਸ਼ੇ ਨੂੰ ਵੇਖ ਕੇ ਸੋਚਦੇ ਕਿ ਬੰਦਾ ਐਨਾ ਬੇਕਿਰਕ ਵੀ ਹੋ ਸਕਦਾ ਏ ? ਕਿਉਂਕਿ ਮਨਸ਼ੇ ਨੇ ਨਾ ਕਦੀ ਆਪਣੀ ਔਲਾਦ ਦੀ ਪਰਵਾਹ ਕੀਤੀ ਸੀ ਨਾ ਈ ਪਿੱਛੇ ਮੌਜੂਦ ਆਪਣੇ ਖ਼ਾਨਦਾਨ ਦੀ। ਉਹ ਜੋ ਵੀ ਕਮਾਉਂਦਾ, ਸ਼ਰਾਬ ਪੀਣ ਜਾਂ ਵੈਸ਼ਿਆ ਔਰਤਾਂ ਨਾਲ ਸੌਣ 'ਤੇ ਖਰਚ ਕਰ ਦਿੰਦਾ।

'ਦੁਨੀਆ ਕਿੰਨੀ ਵੀ ਗਲੋਬਲ ਹੋ ਜਾਏ ਇਹ ਗਲੋਬਲਾਈਜੇਸ਼ਨ ਮੰਡੀ ਤੇ ਮਾਲ ਤਕ ਈ ਮਹਿਦੂਦ ਰਹਿਸੀ' ਅਖ਼ਤਰ ਰਾਜੂ ਨੂੰ ਸਮਝਾਇਆ। 'ਬੰਦਾ ਆਪਣੀ ਗੁੜ੍ਹਤਲ, ਰਹਿਤਲ, ਬੋਲੀ ਤੇ ਵਰਤਾਰੇ ਵਿਚ ਕਦੇ ਵੀ ਗਲੋਬਲ ਨਹੀਂ ਹੋ ਸਕਦਾ। ਹਰ ਬੰਦੇ ਦੀ ਆਪਣੀ ਮਿੱਟੀ ਹੁੰਦੀ ਏ ਤੇ ਹਰ ਮਿੱਟੀ ਦੀ ਆਪਣੀ ਮਰਿਆਦਾ ਤੇ ਇਕ ਵੱਖਰਾ ਹੇਰਵਾ। ਰਾਜੂ ਦੇਖ! ਪਿੰਡ ਦੀ ਨਿੱਕੀ ਜਿਹੀ ਗੱਲ ਸਾਡੇ ਲਈ ਕਿੰਨੀ ਵੱਡੀ ਖ਼ਬਰ ਹੁੰਦੀ ਏ। ਫ਼ੋਨ ਵਿਚ ਅਸੀਂ ਇਥੋਂ ਤਕ ਕਿਉਂ ਪੁੱਛ ਲੈਂਦੇ ਹਾਂ ਕਿ ਬੂਰੀ ਮੱਝ ਨੇ ਐਤਕੀਂ ਕੱਟਾ ਦਿੱਤਾ ਏ ਜਾਂ ਕੱਟੀ। ਸਾਨੂੰ ਇਹ ਜਾਨਣ ਦੀ ਖ਼ਾਹਿਸ਼ ਕਿਉਂ ਹੁੰਦੀ ਏ ਕਿ ਰੋਹੀ ਵਾਲੇ ਨੀਵੇਂ ਖੇਤ ਵਿਚ ਐਤਕੀਂ ਕਿਹੜੀ ਫ਼ਸਲ ਬੀਜੀ ਗਈ ? ਅੰਬ ਦੇ ਉਸ ਰੁਖ਼ ਤੇ ਸਾਨੂੰ ਬੂਰ ਆਉਣ ਦੀ ਉਡੀਕ ਕਿਉਂ ਰਹਿੰਦੀ ਏ, ਜਿਹੜਾ ਅਸੀਂ ਆਪਣੇ ਹੱਥਾਂ ਨਾਲ ਪਿੱਛੇ ਲਾ ਕੇ ਆਏ ਹੁੰਦੇ ਆਂ ?' ਰਾਜੂ ਕੋਲ ਇਨ੍ਹਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਸੀ। ਉਹ ਤੇ ਆਪ ਇਹ ਸੋਚ ਰਿਹਾ ਸੀ ਕਿ ਇੰਗਲੈਂਡ ਦੀ ਇਕ ਰਸੀ ਰੁੱਤ ਵਿਚ ਰਹਿੰਦੇ ਹੋਏ ਵੀ ਉਹ ਵਰ੍ਹੇ ਦਾ ਦੇਸੀ ਹਿਸਾਬ ਕਿਉਂ ਨਹੀਂ ਭੁੱਲਿਆ। ਪੋਹ ਮਾਘ ਫੱਗਣ, ਚੇਤਰ...ਗੁੜ੍ਹਤੀ ਵਿਚ ਮਿਲਿਆ ਇਹ ਰੁੱਤ ਲੇਖਾ ਤੇ ਸ਼ਾਇਦ ਉਹਨੂੰ ਪ੍ਰਲੋਕ ਵਿਚ ਵੀ ਨਾ ਵਿਸਰੇ। ਅਖ਼ਤਰ ਦਾ ਗੱਚ ਭਰ ਆਇਆ ਸੀ ਤੇ ਰਾਜੂ ਦੀਆਂ ਅੱਖਾਂ ਭਿੱਜ ਗਈਆਂ ਸਨ।

ਰਾਜੂ ਮਹੀਨੇ ਵਿਚ ਇਕ ਵੀਕ ਐਂਡ 'ਤੇ ਅਖ਼ਤਰ ਦੇ ਘਰ ਜ਼ਰੂਰ ਆਉਂਦਾ। ਉਹ ਬੱਚਿਆਂ ਨੂੰ ਮਿਲ ਕੇ ਆਪਣਾ ਦਲਿੱਦਰ ਦੂਰ ਕਰਦਾ। ਰਾਜੂ ਹਰ ਵਾਰ ਬੱਚਿਆਂ ਲਈ ਕੋਈ ਗਿਫ਼ਟ ਪੈਕ ਜ਼ਰੂਰ ਲਿਆਉਂਦਾ ਸੀ। ਇਕ ਵਾਰ ਉਹ ਪਿੰਕੀ ਲਈ ਕਰੋਸ਼ੀਆ ਸੈੱਟ, ਧਾਗੇ ਦੇ ਗੁੱਛੇ ਤੇ ਕਸ਼ੀਦਾਕਾਰੀ ਦੀ ਕੋਈ ਗਾਈਡ ਲੈ ਕੇ ਆਇਆ। ਉਹਨੇ ਕਿਹਾ ਕਿ ਇਹ ਉਮਰ ਪਿੰਕੀ ਦੀ ਸਿਖਲਾਈ ਦੀ ਏ ਤੇ ਫਿਰ ਲਾਡ ਤੇ ਮਾਣ ਨਾਲ ਪਿੰਕੀ ਦੇ ਸਿਰ 'ਤੇ ਪਿਆਰ ਦੇ ਕੇ ਬੋਲਿਆ, 'ਸਾਡੀ ਧੀ ਹੁਣ ਮੇਜ਼ਪੋਸ਼ਾਂ ਦੀਆਂ ਲੈਸਾਂ ਕੱਢ ਕੇ ਵਿਖਾਵੇਗੀ।' ਪਿੰਕੀ ਨੇ ਉਦੋਂ ਵੀ ਨੱਕ ਮੂੰਹ ਵੱਟਿਆ ਤੇ ਮੁੜ ਕੇ ਦੂਜੀ ਵਾਰ ਇਨ੍ਹਾਂ ਚੀਜ਼ਾਂ ਨੂੰ ਹੱਥ ਵੀ ਨਾ ਲਾਇਆ। ਮਾਣੀ ਨੂੰ ਉਹਨੇ ਖ਼ੂਬਸੂਰਤ ਰੰਗਦਾਰ ਬਾਂਸਰੀ ਦਿੱਤੀ, ਪਰ ਮਾਣੀ ਨੇ ਜ਼ਿਦ ਕਰਕੇ ਅਗਲੀ ਵਾਰ ਛੋਟੀ ਗੁਟਾਰ ਮੰਗਵਾ ਲਈ। ਬੌਬੀ ਨੂੰ ਰਾਜੂ ਨੇ 'ਬੰਦੇ ਦਾ ਪੁੱਤਰ' ਬਣਾਉਣ ਲਈ ਪੂਰਾ ਟਿੱਲ ਲਾਇਆ। ਬੌਬੀ ਲੁੱਡੀਆਂ ਪਾਉਣ, ਬੈਠਕਾਂ ਮਾਰਨ ਤੇ ਆਪਣੀ ਵੀਣੀ ਮੂੰਹ ਨਾਲ ਜੋੜ ਕੇ ਬੁਲਬੁਲੀ ਮਾਰਨ ਸਿੱਖ ਗਿਆ ਸੀ। ਰਾਜੂ ਨੂੰ ਬੌਬੀ ਨਾਲ ਮੋਹ ਸੀ ਤੇ ਬੌਬੀ ਨੂੰ ਵੀ ਆਪਣੇ ਅੰਕਲ ਨਾਲ ਬਹੁਤੇਰੀ ਲਟਕ ਸੀ। ਬੌਬੀ ਆਪਣੇ 'ਰਾਜ ਅੰਕਲ' ਕੋਲੋਂ ਫੋਕ



ਟੇਲਜ਼ ਸੁਣਦਾ। ਰਾਜੂ ਤੇ ਅਖ਼ਤਰ ਉਹਨੂੰ ਪੰਜਾਬ ਦੀਆਂ ਲੋਕ ਬਾਤਾਂ ਸੁਣਾਉਂਦੇ। ਇਨ੍ਹਾਂ ਬਾਤਾਂ ਵਿਚ ਪਸ਼ੂਆਂ, ਜਾਨਵਰਾਂ ਤੇ ਰੁੱਖਾਂ ਨੂੰ ਜਦੋਂ ਬੰਦਿਆਂ ਵਾਂਗ ਗੱਲਾਂ ਕਰਦੇ ਵੇਖਦਾ ਤਾਂ ਅਕਲ ਦਾ ਪੁਤਲਾ ਬੌਬੀ ਇਨ੍ਹਾਂ ਬਾਤਾਂ ਨੂੰ ਨਾ ਮੰਨਣਯੋਗ ਆਖ ਕੇ 'ਝੂਠ-ਝੂਠ' ਦਾ ਰੌਲਾ ਪਾ ਦਿੰਦਾ। ਰਾਜੂ ਤੇ ਅਖ਼ਤਰ ਸਫ਼ਾਈ ਦਿੰਦੇ ਕਿ ਇਕ ਯੁੱਗ ਸੀ ਜਦੋਂ ਰੁੱਖ, ਪਸ਼ੂ ਤੇ ਜਨੌਰ ਬੰਦਿਆਂ ਵਾਂਗ ਹੀ ਬੋਲਦੇ ਸਨ ਤੇ ਬੰਦਾ ਉਨ੍ਹਾਂ ਦੀ ਗੱਲਾ ਸਮਝਦਾ ਸੀ। 'ਤੁਸੀਂ ਮੇਰੇ ਯੁੱਗ ਦੀ ਬਾਤ ਸੁਣਾਓ' ਬੌਬੀ ਅੱਗੋਂ ਕੂਕਦਾ।

ਜਿਥੇ ਬੰਦਾ ਬੰਦੇ ਨਾਲ ਬਾਤ ਨਹੀਂ ਕਰਦਾ, ਅਜਿਹੇ ਗੂੰਗੇ ਯੁੱਗ ਦੀ ਉਹ ਕੀ ਬਾਤ ਸੁਣਾਉਂਦੇ ਇਸੇ ਲਈ ਉਹ ਦੜ ਵੱਟ ਜਾਂਦੇ।

'ਪਸ਼ੂਆਂ ਤੇ ਜਾਨਵਰਾਂ ਵਿਚਕਾਰ ਕਿਸੇ ਡੰਗਰ ਬੋਲੀ ਦਾ ਵਜੂਦ ਤਾਂ ਮੈਂ ਅੱਜ ਵੀ ਮੰਨਦਾ ਹਾਂ, ਪਰ ਇਤਿਹਾਸ ਦੇ ਕਿਸੇ ਵੀ ਵਰਗ ਰੁੱਖਾਂ ਦੇ ਗੱਲਾਂ ਕਰਨ ਦਾ ਮੁਨਕਰ ਹਾਂ।' ਅਖ਼ਤਰ ਨੇ ਇਕ ਦਿਨ ਰਾਜੂ ਨੂੰ ਵੱਖਰਿਆਂ ਕਰਕੇ ਦੱਸਿਆ ਤੇ ਕਿਹਾ, 'ਜੇ ਰੁੱਖ ਬੋਲਦੇ ਹੁੰਦੇ ਤਾਂ ਸਾਈਮਨ ਕਦੀ ਪਾਗਲ ਨਾ ਹੁੰਦਾ।'

ਫਿਰ ਰਾਜੂ ਇਕ ਰੋਡ ਐਕਸੀਡੈਂਟ ਵਿਚ ਮਰ ਗਿਆ। ਉਹਦੀ ਵਸੀਅਤ ਮੁਤਾਬਕ ਉਹਦੀ ਲਾਸ਼ ਪਿੱਛੇ ਭੇਜ ਦਿੱਤੀ ਗਈ। ਨਾਲ ਹੀ ਉਹ ਖੱਟਿਆ ਵੱਟਿਆ ਇਕ ਵੱਡੀ ਰਕਮ ਦਾ ਬੈਂਕ ਡਰਾਫਟ ਸੀ। ਖਣਕਦੀ ਮਾਇਆ ਨਾਲ ਭਰੀ ਪੋਟਲੀ ਤੇ ਹਮਕ ਗਏ ਮੁਰਦਾ ਮਾਸ ਦੀ ਗੁਥਲੀ ਇਕੋ ਹੱਥ ਵਸੂਲ ਕਰਦੇ ਰਾਜੂ ਦੇ ਮਾਪਿਆਂ ਨੂੰ ਕਿੰਨਾ ਅਜੀਬ ਜਿਹਾ ਲੱਗਿਆ ਹੋਵੇਗਾ। ਅਖ਼ਤਰ ਇਹ ਅੱਜ ਵੀ ਸੋਚਦਾ ਏ। ਉਹਨੂੰ ਰਾਜੂ, ਮਨਸ਼ਾ ਤੇ ਸਾਈਮਨ ਅਕਸਰ ਚੇਤੇ ਆਉਂਦੇ ਨੇ। ਰਾਜੂ ਜਿਹਨੇ ਆਪਣੀ ਮਿੱਟੀ ਨੂੰ ਸੰਵਾਰਨ ਲਈ ਇਕ ਓਭੜ ਧਰਤੀ 'ਤੇ ਰਹਿਣ ਦਾ ਕਸ਼ਟ ਕੱਟਿਆ। ਰਾਜੂ ਦੀ ਆਪਣੇ ਖਾਨਦਾਨ ਲਈ ਕੁਰਬਾਨੀ ਯਾਦ ਕਰਦਿਆਂ ਅਖ਼ਤਰ ਦੀਆਂ ਅੱਖੀਆਂ ਭਰ ਆਉਂਦੀਆਂ। ਮਨਸ਼ਾ ਜੋ ਆਪਣੇ ਖਾਨਦਾਨ, ਬਾਲਾਂ ਤੇ ਤੀਵੀਂ ਨੂੰ ਪਿਛਾੜ ਆਇਆ ਸੀ ਤੇ ਸਾਈਮਨ ਜਿਸ ਆਪਣੇ ਮੋਏ ਬਾਲਾਂ ਤੇ ਤੀਵੀਂ ਦੀ ਖ਼ਾਤਰ ਆਪਣਾ ਵਤਨ ਤਿਆਗ ਦਿੱਤਾ। ਅਖ਼ਤਰ ਦੇ ਖ਼ਿਆਲ ਵਿਚ ਇਨ੍ਹਾਂ ਤਿੰਨਾਂ ਦੇ ਵੱਖ-ਵੱਖ ਚਿੱਤਰ ਨੇ। ਰਾਜੂ ਉਹਨੂੰ ਦਇਆ ਦਖਸ਼ਣਾ ਨਾਲ ਗੁੱਟ ਕੋਈ ਭਗਤ ਸਾਧੂ ਜਾਪਦਾ ਏ। ਮਨਸ਼ਾ ਸ਼ੈਤਾਨ ਦਾ ਇਕ ਰੂਪ ਏ, ਹਿਰਖ ਹਵਸ ਦਾ ਕੋਈ ਪੁਤਲਾ ਤੇ ਸਾਈਮਨ ਮਸੂਮ ਸੂਰਤ, ਮਿਹਰ ਮੁਹੱਬਤ ਦਾ ਕੋਈ ਬੁੱਤ। ਪਰ ਕਈ ਸਾਲਾਂ ਬਾਅਦ ਅਖ਼ਤਰ ਨੇ ਜਦੋਂ ਮਨਸ਼ੇ ਨੂੰ ਏਡਜ਼ ਹੋ ਜਾਣ ਦਾ ਸੁਣਿਆ ਤਾਂ ਉਹਨੂੰ ਬੜਾ ਹਿਰਖ ਹੋਇਆ ਸੀ।

ਅਖ਼ਤਰ ਨੇ ਕਈ ਵਾਰ ਚਾਹਿਆ ਸੀ ਕਿ ਪੰਜਾਬ ਪਰਤ ਜਾਵੇ, ਪਰ ਕੈਥਰੀਨ ਨੇ ਉਹਦਾ ਸਾਥ ਨਹੀਂ ਦਿੱਤਾ। ਉਹ ਆਪਣਾ ਵਤਨ ਛੱਡ ਕੇ ਜਾਣ ਲਈ ਤਿਆਰ ਨਹੀਂ ਹੋਈ। ਉਸ ਦੀ ਜਵਾਨ ਹੋ ਚੁੱਕੀ ਔਲਾਦ ਨੇ ਵੀ ਕਦੀ ਪਿੱਛੇ ਮੁੜ ਜਾਣ ਦੀ ਖ਼ਾਹਿਸ਼ ਜ਼ਾਹਰ ਨਹੀਂ ਕੀਤੀ। ਔਲਾਦ ਦੀ ਮੁਹੱਬਤ ਵਿਚ ਉਹ ਵੀ ਨਹੀਂ ਗਿਆ। ਪਿਛਲੇ ਫੇਰੇ ਜਦੋਂ ਅਖ਼ਤਰ ਆਪਣੀ ਮਾਂ ਦੇ ਸੋਗ ਲਈ ਪੰਜਾਬ ਜਾ ਰਿਹਾ ਸੀ ਤਾਂ ਉਸ ਕੁਝ ਦਿਨਾਂ ਲਈ ਈ ਸਹੀ ਕੈਥਰੀਨ ਤੇ ਔਲਾਦ ਨੂੰ ਨਾਲ ਜਾਣ ਲਈ ਕਿਹਾ, ਪਰ ਅੱਗੋਂ ਉਨ੍ਹਾਂ ਦੀ ਨਾ ਜਾਣ ਦੀ ਮਰਜ਼ੀ ਵੇਖ ਕੇ ਅਖ਼ਤਰ ਨੇ ਵੀ ਉਨ੍ਹਾਂ ਨੂੰ ਮਜਬੂਰ ਨਹੀਂ ਸੀ ਕੀਤਾ ਤੇ ਇਕੱਲਾ ਈ ਚਲਾ ਗਿਆ ਸੀ। ਇਸ ਵਾਰ ਉਹਨੇ ਪਿੰਡ ਦੇ ਸਕੂਲ ਵਿਚ ਨਲਕਾ ਲਗਵਾਇਆ। ਨਿਆਈਂ ਵਾਲੀ ਦੋ ਕਿੱਲੇ ਭੋਏਂ ਵਿਚ ਬਾਗ ਲਵਾਉਣ ਦੀ ਨਸੀਹਤ ਕੀਤੀ। ਮਾਂ ਤੇ ਪਿਉ ਦੀ ਕਬਰ ਦੇ ਸਿਰਹਾਣੇ ਆਪਣੇ ਹੱਥਾਂ ਨਾਲ ਬੇਰੀ ਦੇ ਬੂਟੇ ਲਾਏ। ਦੋਹਾਂ ਕਬਰਾਂ ਦੀ ਪਵਾਂਦੋ ਦੋ ਬੁੱਕ ਮਿੱਟੀ ਦੇ ਚੁੱਕੇ ਤੇ ਪਿਛਲੇ ਪੈਰੀਂ ਹੰਝੂ ਕੇਰਦਾ ਲੰਡਨ ਮੁੜ ਆਇਆ। ਉਹ ਦੋ ਬੁੱਕ ਮਿੱਟੀ ਹੁਣ ਇਹਦੇ ਬੈੱਡਰੂਮ ਵਿਚ ਕਾਰਨਸ 'ਤੇ ਰੱਖੇ ਇਕ ਗਮਲੇ ਵਿਚ ਪਈ ਏ। ਗਮਲਾ ਖ਼ਾਲੀ ਏ ਵਿਚ ਕੋਈ ਬੂਟਾ ਨਹੀਂ ਲਾਇਆ ਹੋਇਆ। ਫਿਰ ਵੀ ਫ਼ਸਲ ਦੀਆਂ ਦੋਹਾਂ ਰੁੱਤਾਂ ਵਿਚ

ਇਸ ਅੰਦਰ ਪੰਜਾਬ ਵਿਚ ਖੇਤਾਂ ਦੇ ਬੰਨਿਆਂ ਤੇ ਹੋਣ ਵਾਲੀਆਂ ਬੂਟੀਆਂ ਆਪਣੇ ਆਪ ਉੱਗ ਆਉਂਦੀਆਂ ਨੇ।

ਗਮਲੇ ਵਾਲੀ ਇਸ ਮਿੱਟੀ ਬਾਰੇ ਅਖ਼ਤਰ ਨੇ ਵਸੀਅਤ ਕੀਤੀ ਹੋਈ ਏ ਕਿ ਜਦ ਉਹ ਮਰੇ ਤਾਂ ਉਹਨੂੰ ਕਬਰ ਵਿਚ ਰੱਖਣ ਤੋਂ ਪਹਿਲਾਂ ਇਹ ਮਿੱਟੀ ਥੱਲੇ ਖਿਲਾਰ ਦਿੱਤੀ ਜਾਵੇ। ਉਹ ਚਾਹੁੰਦਾ ਏ ਮਰਨ ਤੋਂ ਬਾਅਦ ਕਮ ਸੇ ਕਮ ਮੇਰੀ ਕੰਡ ਨੂੰ ਆਪਣੀ ਮਿੱਟੀ ਉੱਤੇ ਹੋਣ ਦਾ ਅਹਿਸਾਸ ਤਾਂ ਰਹੇ।

ਪਿਛਲੇ ਦੋ ਵਰ੍ਹਿਆਂ ਤੋਂ ਉਹਦਾ ਭਰਾ ਆਪਣੇ ਪੁੱਤਰ ਲਈ ਸਪਾਂਸਰ ਵੀਜ਼ਾ ਘੱਲਣ ਦਾ ਆਖ ਰਿਹਾ ਏ, ਪਰ ਅਖ਼ਤਰ ਦਾ ਦਿਲ ਨਹੀਂ ਚਾਹੁੰਦਾ। ਉਹਦੇ ਭਰਾ ਦੀ ਮਰਜ਼ੀ ਇਹ ਵੀ ਏ ਕਿ ਮੁੰਡੇ ਨੂੰ ਇੰਗਲੈਂਡ ਸੱਦ ਕੇ ਪਿੰਕ ਨਾਲ ਉਸ ਦਾ ਨਿਕਾਹ ਪੜ੍ਹਵਾ ਦਿੱਤਾ ਜਾਵੇ। ਭਰਾ ਵੱਲੋਂ ਵੀਜ਼ਾ ਘੱਲਣ ਦਾ ਤਕਾਜ਼ਾ ਵਧ ਗਿਆ ਤਾਂ ਅਖ਼ਤਰ ਨੇ ਭਰਾ ਆਪਣੇ ਨੂੰ ਫ਼ੋਨ ਦੀ ਬਜਾਏ ਚਿੱਠੀ ਰਾਹੀਂ ਜਵਾਬ ਦੇਣਾ ਮੁਨਾਸਬ ਸਮਝਿਆ। ਉਸ ਆਖਿਆ—'ਆਪਣੀ ਮਿੱਟੀ ਤੇ ਮਾਸ ਤੋਂ ਦੂਰ ਰਹਿਣ ਦਾ ਦੁੱਖ ਮੈਂ ਨਹੀਂ ਚਾਹੁੰਦਾ ਕਿ ਮੇਰੇ ਬਾਅਦ ਵੀ ਕੋਈ ਭੋਗੇ...ਮੇਰੀ ਔਲਾਦ ਨੇ ਮੁਸਤਕਲ ਇੰਗਲੈਂਡ ਰਹਿਣ ਦਾ ਫ਼ੈਸਲਾ ਕਰ ਲਿਆ ਏ...ਵੀਜ਼ਾ ਮੈਂ ਨਹੀਂ ਘੱਲਣਾ, ਮੇਰੇ ਹਿੱਸੇ ਦੀ ਜਾਇਦਾਦ ਆਪਣੇ ਮੁੰਡੇ ਦੇ ਨਾਂ ਲਵਾ ਦੇ। ਰਹੀ ਪਿੰਕੀ ਨਾਲ ਉਹਦੇ ਵਿਆਹ ਦੀ ਗੱਲ ਤਾਂ ਮੈਂ ਪਿੰਕੀ 'ਤੇ ਆਪਣੀ ਮਰਜ਼ੀ ਨਹੀਂ ਥੋਪ ਸਕਦਾ...ਇਹ ਇੰਗਲੈਂਡ ਏ ਜੇ ਪੰਜਾਬ ਵੀ ਹੁੰਦਾ ਤਾਂ ਮੈਂ ਪਿੰਕੀ ਦੀ ਆਪਣੀ ਸੱਧਰ ਦਾ ਇਹਤਰਾਮ ਕਰਦਾ।"

ਅਖ਼ਤਰ ਜਦ ਚਿੱਠੀ ਪੋਸਟ ਕਰਨ ਜਾ ਰਿਹਾ ਸੀ ਤਾਂ ਰਸਤੇ ਵਿਚ ਉਸ ਆਪਣੇ ਆਪ ਨੂੰ ਕਈ ਸਵਾਲ ਕੀਤੇ—

ਉਸ ਦਾ ਹਿਥੇ ਆਉਣਾ ਤਕਦੀਰ ਦਾ ਸਿਤਮ ਸੀ ਜਾਂ ਕਰਮ ?

ਦੌਲਤ ਕਮਾਉਣ ਦਾ ਅਮਲ ਕੀ ਉਸ ਲਈ ਕੋਈ ਸਜ਼ਾ ਸੀ ?

ਉਹਨੇ ਇਹ ਸਾਰਾ ਕਸ਼ਟ ਕਿਉਂ ਕੱਟਿਆ ?

ਤੇ ਕੀ ਉਹਦੀ ਉਮਰ ਅਕਾਰਥ ਗਈ ?

ਇਨ੍ਹਾਂ ਸਾਰੇ ਸਵਾਲਾਂ ਦਾ ਉਸ ਕੋਲ ਇਕ ਹੀ ਜਵਾਬ ਸੀ—

'ਆਪਣੇ ਲਈ ਤਾਂ ਹਰ ਕੋਈ ਜਿਊਂਦਾ ਏ। ਉਹਨੂੰ ਆਪਣੇ ਤੇ ਮਾਣ ਏ ਕਿ ਉਹ ਆਪਣੇ ਖਾਨਦਾਨ ਲਈ ਜੀਵਿਆ ਏ।'

ਹੁਣ ਆਪਣੇ ਵਤਨ ਵਾਪਸ ਨਾ ਜਾਣ ਦੇ ਫ਼ੈਸਲੇ 'ਤੇ ਅਖ਼ਤਰ ਨੂੰ ਕੋਈ ਹਿਰਖ਼ ਨਹੀਂ ਸੀ।

'ਕਿਸੇ ਦੀ ਖ਼ਾਤਰ ਜਿਥੇ ਐਨਾ ਜੀਵਨ ਗੁਜ਼ਰ ਗਿਆ, ਉਥੇ ਹੁਣ ਉਹ ਕਿਸੇ ਵਾਸਤੇ ਮਰ ਵੀ ਤਾਂ ਸਕਦਾ ਏ।' ਇਹ ਸੋਚਦੇ ਹੋਏ ਉਹ ਉਦਾਸ ਜਿਹਾ ਮੁਸਕਰਾ ਪਿਆ ਤੇ ਇਸ ਪਲ ਉਸ ਨੂੰ ਸਾਈਮਨ ਚੇਤੇ ਆ ਗਿਆ।

**ਕਹਾਣੀਆਂ ਲਿਪੀਅੰਤਰ : ਪਾਲ ਸਿੰਘ ਵੱਲਾ**



## ਸੰਤਾਲੀ ਅਤੇ ਚੌਰਾਸੀ ਦੀਆਂ ਸਿਮਰਤੀਆਂ ਵਿਚ ਉਲਝੇ ਪਾਤਰਾਂ ਦੀ ਦਾਸਤਾਨ-ਖਾਜ

**-ਡਾ. ਸਵਰਨਜੀਤ ਕੌਰ ਸੰਮੀ**

ਨਾਵਲ 'ਖਾਜ' ਅੱਤਵਾਦ ਦੇ ਸਮੇਂ ਦੇ ਲੰਘ ਜਾਣ ਪਿੱਛੋਂ ਦੀ ਜ਼ਿੰਦਗੀ ਨੂੰ ਚਿਤਰਦਾ ਹੈ। ਪਰ ਨਾਵਲ ਦੇ ਪਾਤਰ ਅੱਤਵਾਦ ਦੇ ਸਮੇਂ ਨੂੰ ਸਿਮਰਤੀਆਂ ਵਿੱਚ ਹੰਢਾਉਂਦੇ ਹਨ। ਉਸ ਸਮੇਂ ਪ੍ਰਭਾਵ ਉਨ੍ਹਾਂ ਦੇ ਸਮਾਜਿਕ ਜੀਵਨ 'ਤੇ ਕਿਸ ਤਰ੍ਹਾਂ ਦਾ ਅਸਰ ਪਾਉਂਦਾ ਹੈ, ਇਹ ਇਸ ਨਾਵਲ ਵਿਚ ਬਾਖ਼ੂਬੀ ਦੇਖਿਆ ਜਾ ਸਕਦਾ ਹੈ।

ਇਸ ਨਾਵਲ ਵਿਚ ਦੋ ਦੁਖਾਂਤਕ ਸਮੇਂ ਦੀਆਂ ਅਤੀਤ ਵਿਚ ਬੀਤੀਆਂ ਘਟਨਾਵਾਂ ਨਾਲੋਂ ਨਾਲ ਚੱਲਦੀਆਂ ਹਨ। ਇਹ ਘਟਨਾਵਾਂ ਤਾਂ ਉਹ ਹਨ ਜਿਹੜੀਆਂ ਅੱਤਵਾਦ ਦੇ ਸਮੇਂ ਦਾ ਨਾਲ ਜੁੜੀਆਂ ਹੋਈਆਂ ਹਨ। ਦੂਸਰੀਆਂ ਘਟਨਾਵਾਂ ਉਹ ਹਨ ਜਿਹੜੀਆਂ ਸੰਤਾਲੀ ਦੇ ਸਮੇਂ ਨਾਲ ਜੁੜੀਆਂ ਹੋਈਆਂ ਹਨ। ਇਹ ਦੋਵੇਂ ਅਹਿਮ ਸਮਿਆਂ ਦਾ ਸਮਾਜ ਸਾਨੂੰ ਇਸ ਨਾਵਲ ਵਿੱਚ ਦਿਖਾਈ ਦਿੰਦਾ ਹੈ। ਸੰਤਾਲੀ ਨਾਲ ਜੁੜੀਆਂ ਘਟਨਾਵਾਂ ਅਹਿਮਦ ਸਲੀਮ (ਅੱਬਾ) ਦੇ ਹਮਉਮਰ ਬੰਦਿਆਂ ਨਾਲ ਵਾਪਰਦੀਆਂ ਹਨ। ਅੱਤਵਾਦ ਨਾਲ ਸੰਬੰਧਿਤ ਘਟਨਾਵਾਂ ਨੌਜਵਾਨ ਪਾਤਰਾਂ ਅਵਤਾਰ, ਨਿਰਲੇਪ ਆਦਿ ਤੇ ਸੰਤਾਲੀ ਦੇ ਭੋਗਣਹਾਰਾਂ ਨਾਲ ਵੀ ਵਾਪਰਦੀਆਂ ਹਨ।

ਇਹ ਨਾਵਲ ਸਿਰਫ ਦੋ ਅਹਿਮ ਸਮਿਆਂ ਨੂੰ ਹੀ ਆਪਣੇ ਕਲਾਵੇ ਵਿਚ ਨਹੀਂ ਲੈਂਦਾ ਸਗੋਂ ਇਹ ਦੋ ਦੇਸ਼ਾਂ ਦੇ ਸਮਾਜਾਂ ਨੂੰ ਆਪਣੇ ਕਲਾਵੇ ਵਿਚ ਵੀ ਲੈ ਲੈਂਦਾ ਹੈ। ਇਸ ਵਿਚਲੀਆਂ ਘਟਨਾਵਾਂ ਪਾਕਿਸਤਾਨੀ ਪੰਜਾਬ ਵਿੱਚ ਰਹਿੰਦੇ ਅਹਿਮਦ ਸਲੀਮ ਦੇ ਪਰਿਵਾਰ ਨਾਲ ਜੁੜੀਆਂ ਹੋਈਆਂ ਵੀ ਹਨ ਤੇ ਭਾਰਤੀ ਪੰਜਾਬ ਵਿਚ ਰਹਿੰਦੇ ਪਰਿਵਾਰਾਂ ਨਾਲ ਵੀ ਜੁੜੀਆਂ ਹੋਈਆਂ ਹਨ।

ਇਸ ਨਾਵਲ ਵਿਚ ਦਹਿਸ਼ਤ ਦੇ ਪਲਾਂ ਨੂੰ ਬਹੁਤ ਹੀ ਬਾਰੀਕੀ ਨਾਲ ਚਿਤਰਿਆ ਗਿਆ ਹੈ। ਇਸ ਦੀ ਹਰ ਘਟਨਾ ਵਿਚ ਦਹਿਸ਼ਤ ਇਸ ਕਦਰ ਪੇਸ਼ ਹੋਈ ਹੈ ਕਿ ਦਿਲ ਨੂੰ ਝੰਜੋੜ ਕੇ ਰੱਖ ਦਿੰਦੀ ਹੈ। ਅੱਤਵਾਦ ਦੇ ਹੱਡੀਂ ਹੰਢਾਏ ਸੰਤਾਪ ਨੂੰ ਭੋਗਣਹਾਰੇ ਪਾਤਰਾਂ ਦੀ ਮਾਨਸਿਕਤਾ ਤੇ ਜ਼ਿੰਦਗੀ 'ਤੇ ਪਏ ਪ੍ਰਭਾਵ ਉਨ੍ਹਾਂ ਦੇ ਸਮਾਜਿਕ ਜੀਵਨ ਦੇ ਅੰਗ ਬਣੇ ਪਏ ਹਨ, ਜਿਵੇਂ ਕਿ ਨਾਵਲ ਦੇ ਕਾਂਡ ਇਕ ਵਿੱਚ ਜਦੋਂ ਸਾਦੀਆ ਦੇ ਅਵਤਾਰ ਬਾਰੇ ਨਿਰਲੇਪ ਤੋਂ ਪੁੱਛਣ ਤੇ ਨਿਰਲੇਪ ਦੇ ਜਵਾਬ ਦੇਣ ਦੀ ਥਾਂ ਉਸ ਦੀ ਕੀ ਹਾਲਤ ਹੁੰਦੀ ਹੈ;

*'ਉਹਨੇ ਗੋਦੀ ਵਿਚ ਉਹਦਾ ਹੱਥ ਰੱਖ ਜ਼ੋਰ ਦੀ ਕਿਲਕਾਰੀ ਮਾਰੀ ਸੀ; ਜਿਵੇਂ ਕਿਸੇ ਭਾਰੀ ਸ਼ੈਅ ਥੱਲਿਉਂ ਨਿਕਲੀ ਹੋਵੇ। ਉਹਦਾ ਦੂਜਾ ਹੱਥ ਬਾਹਰ ਵੱਲ ਉੱਠਿਆ। ਫਿਰ ਉਹ ਹੱਥ ਵਾਪਸ ਮੱਥੇ ਤੇ ਦੋਹੱਥੜ ਮਾਰਨ ਲੱਗਾ।'*

ਨਿਰਲੇਪ ਦੀ ਇਹ ਹਾਲਤ ਉਹਦੇ ਦਹਿਸ਼ਤਵਾਦ ਦੇ ਦੌਰ ਦੀ ਦੇਣ ਹੈ। ਦਹਿਸ਼ਤ ਇਨ੍ਹਾਂ ਪਾਤਰਾਂ ਦੇ ਅੰਦਰ ਘਰ ਕਰਕੇ ਬੈਠੀ ਹੋਈ ਹੈ। ਇਹ ਪਾਤਰ ਜ਼ਿੰਦਗੀ ਤਾਂ ਜਿਉਂਦੇ ਹਨ ਪਰ ਕਾਲੇ ਦਿਨਾਂ ਦੇ ਪਰਛਾਵੇਂ ਇਨ੍ਹਾਂ ਦਾ ਖਹਿੜਾ ਨਹੀਂ ਛੱਡਦੇ। ਇਨ੍ਹਾਂ ਦੀ ਜ਼ਿੰਦਗੀ ਪੀੜਾਂ ਨਾਲ ਵਿੰਨੀ ਦਿਖਾਈ ਦਿੰਦੀ ਹੈ।

ਇਸ ਨਾਵਲ ਵਿਚ ਦੁਖਦਾਇਕ ਘਟਨਾਵਾਂ ਦੇ ਵੇਰਵੇ ਨਾਵਲ ਵਿਚ ਸ਼ੁਰੂ ਤੋਂ ਅੰਤ ਤੱਕ ਉਧੜਦੇ ਹੀ ਜਾਂਦੇ ਹਨ। ਬਹੁਤੀਆਂ ਘਟਨਾਵਾਂ ਦੀ ਜਾਣਕਾਰੀ ਕਿਸੇ ਭੋਗ ਦੀ ਰਸਮ ਤੋਂ ਸਾਹਮਣੇ ਆਉਂਦੀ ਹੈ। ਕਿਸੇ ਅੱਤਵਾਦ ਦੇ ਸਮੇਂ ਦੌਰਾਨ ਮਾਰੇ ਗਏ ਪਾਤਰ ਦਾ ਭੋਗ ਪੈਣਾ ਹੁੰਦਾ ਹੈ ਤੇ ਭੋਗ ਤੋਂ ਹੀ ਉਸ ਪਾਤਰ ਦੀ ਜ਼ਿੰਦਗੀ ਦੀ ਬੈਕ ਫਲੈਸ਼ ਸ਼ੁਰੂ ਹੋ ਜਾਂਦੀ ਹੈ, ਜਿਸ ਵਿਚ ਉਸਦੀ ਮੌਤ ਕਿਵੇਂ ਤੇ ਕਦੋਂ ਹੋਈ ਦਾ ਪਤਾ ਚੱਲਦਾ ਹੈ। ਹਰ ਘਟਨਾ ਇਕ ਤੋਂ ਵਧੇਰੇ ਦੁਖਦਾਇਕ ਹੈ। ਜਿਵੇਂ ਕਿ

ਸਹਿਜ ਦੇ ਘਰ ਸੋਲ੍ਹਾਂ ਮੌਤਾਂ ਦੇ ਇਕੱਠੇ ਹੀ ਹੋਣ ਦਾ ਪਤਾ ਉਨ੍ਹਾਂ ਦੇ ਭੋਗ ਤੋਂ ਚੱਲਦਾ ਹੈ। ਸਹਿਜ ਦੇ ਪਰਿਵਾਰ ਦੇ ਸੋਲ੍ਹਾਂ ਜੀਅ ਅੱਤਵਾਦੀਆਂ ਨੇ ਇਕੱਠੇ ਹੀ ਮਾਰ ਦਿੱਤੇ ਸੀ। ਉਸ ਦਿਨ ਉਨ੍ਹਾਂ ਦੇ ਘਰ ਅੱਠ ਔਰਤਾਂ ਇਕੱਠੀਆਂ ਰੰਡੀਆਂ ਹੋ ਗਈਆਂ ਸਨ। ਇਹ ਜਾਣਕਾਰੀ ਅੰਮਾਂ ਸਾਦੀਆ ਨੂੰ ਉਨ੍ਹਾਂ ਦੇ ਬਰਸੀ 'ਤੇ ਪਾਏ ਭੋਗ ਸਮੇਂ ਹੀ ਦਿੰਦੀ ਹੈ। ਇਸੇ ਤਰ੍ਹਾਂ ਹੀ ਹਰਜੀਤ ਦੇ ਮੰਮੀ, ਪਾਪਾ ਤੇ ਛੋਟੇ ਭਰਾ ਦੀ ਮੌਤ ਦੀ ਜਾਣਕਾਰੀ ਵੀ ਉਨ੍ਹਾਂ ਦੇ ਬਰਸੀ ਦੇ ਪਾਏ ਭੋਗ ਸਮੇਂ ਹੀ ਮਿਲਦੀ ਹੈ। ਹਰਜੀਤ ਸਾਦੀਆ ਨੂੰ ਭੋਗ ਵੇਲੇ ਤਿੰਨਾਂ ਦੀਆਂ ਫੋਟੋਆਂ ਦਿਖਾਉਂਦੀ ਹੈ ਤੇ ਦੱਸਦੀ ਹੈ ਕਿ ਪੁਲਸ ਉਨ੍ਹਾਂ ਨੂੰ ਪੁੱਛਗਿੱਛ ਲਈ ਲੈ ਗਈ ਸੀ। ਪਰ ਤਿੰਨਾਂ ਦੀ ਮੌਤ ਅਲੱਗ-ਅਲੱਗ ਤਰੀਕੇ ਨਾਲ ਹੁੰਦੀ ਹੈ। ਹਰਜੀਤ ਦਾ ਵੀਰ ਇੰਟੈਰੋਗੇਸ਼ਨ ਸੈਂਟਰ ਵਿਚ ਮਰ ਜਾਂਦਾ ਹੈ। ਪਾਪਾ ਪੁਲਿਸ ਦੇ ਤਸੀਹੇ ਝੱਲਦੇ ਥਾਨੇਦਾਰ ਦੀ ਰਿਵਾਲਵਰ ਨਾਲ ਗੋਲੀ ਮਾਰ ਕੇ ਆਪਣੀ ਜਾਨ ਲੈ ਲੈਂਦੇ ਹਨ। ਮੰਮੀ ਵੀ ਪੁਲਿਸ ਹੱਥੋਂ ਮਾਰੀ ਜਾਂਦੀ ਹੈ।

ਅਵਤਾਰ ਦੀ ਚਾਚੀ ਤੇ ਚਾਚੇ ਦੇ ਮੁੰਡੇ ਦੀਪ ਦੀ ਮੌਤ ਦੀ ਖ਼ਬਰ ਵੀ ਉਨ੍ਹਾਂ ਦੀ ਬਰਸੀ 'ਤੇ ਪਾਏ ਭੋਗ ਤੋਂ ਹੀ ਮਿਲਦੀ ਹੈ। ਇਥੇ ਇਹ ਵੇਰਵਾ ਨਾਵਲਕਾਰ ਆਪ ਦਿੰਦਾ ਹੈ।

*'ਇਹ ਪ੍ਰਕਾਸ਼ ਚਾਚੀ ਤੇ ਦੀਪ ਦਾ ਭੋਗ ਸੀ, ਇਹਦੇ ਵਿਚ ਪਿੰਡ ਦੀ ਹਰ ਤੀਵੀਂ ਸ਼ਾਮਲ ਸੀ।'*

ਇਸ ਪ੍ਰਕਾਰ ਇਸ ਨਾਵਲ ਵਿਚ ਬੀਤੇ ਸਮੇਂ ਦੀ ਜਾਣਕਾਰੀ ਉਨ੍ਹਾਂ ਦੇ ਬਰਸੀ 'ਤੇ ਪਾਏ ਭੋਗ ਦੀ ਰਸਮ ਤੋਂ ਹੀ ਮਿਲਦੀ ਹੈ। ਇਸ ਤੋਂ ਬਿਨਾਂ ਹੋਰ ਵੀ ਕਿੰਨੇ ਹੀ ਵੇਰਵੇ ਹਨ ਜਿਹੜੇ ਕਿ ਬੀਤੇ ਦੀ ਯਾਦ ਦਵਾਉਂਦੇ ਹਨ। ਜਿਵੇਂ ਕਿ ਇਸ ਨਾਵਲ ਵਿਚ ਅਵਤਾਰ ਦੇ ਪਾਪਾ ਦੀ ਮੌਤ ਇਕ ਅਹਿਮ ਘਟਨਾ ਹੈ। ਇਸ ਦੀ ਵੀ ਜਾਣਕਾਰੀ ਉਸ ਦੇ ਪਾਏ ਗਏ ਭੋਗ ਤੋਂ ਹੀ ਮਿਲਦੀ ਹੈ। ਇਸ ਘਟਨਾ ਤੋਂ ਪਿੱਛੋਂ ਹੀ ਪਿੰਡ ਵਿਚ ਸ਼ਾਂਤੀ ਪਰਤਣ ਲੱਗਦੀ ਹੈ। ਅਵਤਾਰ ਆਪਣੇ ਪਾਪਾ ਨੂੰ ਖੁਦ ਮਾਰ ਦਿੰਦਾ ਹੈ। ਪਾਪਾ ਦੀ ਮੌਤ ਪਿੱਛੋਂ ਹੀ ਇਸ ਗਲੀ ਦਾ ਨਾਮ ਬਦਲ ਕੇ ਅਵਤਾਰ ਗਲੀ ਪੈ ਜਾਂਦਾ ਹੈ।

ਇਸ ਗਲੀ ਦਾ ਇਤਿਹਾਸ ਨਾਵਲਕਾਰ ਜੋ ਸੁਣਾਉਂਦਾ ਹੈ, ਇਸ ਗਲੀ ਦੇ ਇਤਿਹਾਸ ਵਿਚ ਹੀ ਨਾਵਲ ਦਾ ਇਤਿਹਾਸ ਛੁਪਿਆ ਹੋਇਆ ਹੈ। ਸਾਨੂੰ ਨਾਵਲ ਦੇ ਸਮੇਂ ਦੇ ਇਤਿਹਾਸ ਦੀ ਜਾਣਕਾਰੀ ਇਸ ਗਲੀ ਦੇ ਇਤਿਹਾਸ ਤੋਂ ਹੋ ਜਾਂਦੀ ਹੈ। ਜਿਵੇਂ ਕਿ ਨਾਵਲਕਾਰ ਦੱਸਦਾ ਹੈ ਕਿ ਰਾਮਪੁਰ ਪਿੰਡ ਵਿਚ ਗਲੀਆਂ ਦੇ ਪਹਿਲਾਂ ਨਾਂ ਕਿਸੇ ਬੁੱਢੇ ਆਦਮੀ ਦੇ ਨਾਮ 'ਤੇ ਚੱਲਦੇ ਸਨ। ਫਿਰ ਸੰਤਾਲੀ ਦੀ ਵੰਡ ਸਮੇਂ ਇਕ ਪਰਿਵਾਰ ਪਾਕਿਸਤਾਨ ਤੋਂ ਆ ਕੇ ਇਥੇ ਵਸਿਆ ਤੇ ਗਲੀ ਦਾ ਨਾਂ 'ਬਾਰੀਆਂ ਦੀ ਗਲੀ' ਪੈ ਗਿਆ ਫਿਰ ਜਦੋਂ ਪੰਜਾਬੀ ਸੂਬੇ ਲਈ ਮੋਰਚੇ ਲੱਗੇ ਤਾਂ ਗਲੀ ਦਾ ਨਾਂ ਜਥੇਦਾਰ ਬਲਵੰਤ ਸਿੰਘ ਦੇ ਨਾਂ 'ਤੇ 'ਜਥੇਦਾਰ ਦੀ ਗਲੀ' ਪੈ ਗਿਆ। ਗਲੀ ਦਾ ਨਾਂ ਉਦੋਂ ਬਦਲਦਾ ਹੈ ਜਦੋਂ ਕਿਸੇ ਦਾ ਖੂਨ ਡੁੱਲਦਾ ਹੈ। ਫਿਰ ਜੱਥੇਦਾਰ ਦਾ ਪੁੱਤਰ ਪੁਲਿਸ ਮੁਕਾਬਲੇ ਵਿਚ ਮਾਰਿਆ ਜਾਂਦਾ ਹੈ ਤਾਂ ਗਲੀ ਦਾ ਨਾਂ ਜਥੇਦਾਰ ਦੇ ਪੁੱਤਰ ਦੇ ਨਾਂ ਤੇ 'ਗੁਰਜੰਟ ਦੀ ਗਲੀ' ਪੈ ਜਾਂਦਾ ਹੈ। ਇਹ ਘਟਨਾ ਅੱਤਵਾਦ ਦੇ ਸ਼ੁਰੂਆਤ ਦੀ ਹੈ। ਫਿਰ ਘਟਨਾਵਾਂ ਵਾਪਰਦੀਆਂ ਰਹੀਆਂ ਤੇ ਖੂਨ ਡੁੱਲਦੇ ਰਹੇ ਤਾਂ ਗਲੀ ਦਾ ਨਾਂ 'ਸ਼ਹੀਦਾਂ ਦੀ ਗਲੀ' ਪੈ ਗਿਆ ਜੋ ਕਿਸੇ ਇਕ ਵਿਅਕਤੀ ਦੇ ਨਾਂ ਨੂੰ ਸੰਬੋਧਿਤ ਨਹੀਂ ਸੀ। ਫਿਰ ਅਵਤਾਰ ਦੇ ਪਾਪਾ ਦਲਵੀਰ ਦੇ ਅੱਤਵਾਦੀਆਂ ਨਾਲ ਰਲ ਜਾਣ 'ਤੇ ਗਲੀ ਦਾ ਨਾਂ 'ਦਲਵੀਰ ਦੀ ਗਲੀ' ਤੇ ਪੈ ਜਾਂਦਾ ਹੈ। ਫਿਰ ਅਚਾਨਕ ਅਜੀਬ ਘਟਨਾ ਵਾਪਰਦੀ ਹੈ। ਅਵਤਾਰ ਆਪਣੇ ਪਾਪਾ ਦਾ ਕਤਲ ਕਰ ਦਿੰਦਾ ਹੈ ਤਾਂ ਇਸ ਗਲੀ ਦਾ ਨਾਂ 'ਅਵਤਾਰ ਦੀ ਗਲੀ' ਪੈ ਜਾਂਦਾ ਹੈ।

ਇਸ ਪ੍ਰਕਾਰ ਗਲੀ ਦੇ ਇਤਿਹਾਸ ਵਿਚ ਪੰਜਾਬ ਦਾ ਇਤਿਹਾਸ ਦਿਖਾਈ ਦਿੰਦਾ ਹੈ। ਸੰਤਾਲੀ ਦੀ ਵੰਡ, ਪੰਜਾਬੀ ਸੂਬੇ ਲਈ ਲੱਗੇ ਮੋਰਚੇ ਤੇ ਫਿਰ ਅੱਤਵਾਦ ਦਾ ਸਮਾਂ। ਇਹ ਸਭ ਕੁੱਝ



ਪੰਜਾਬ ਨਾਲ ਵਾਪਰਿਆ। ਫਿਰ ਇਤਿਹਾਸ ਉਦੋਂ ਨਵਾਂ ਮੋੜ ਲੈਂਦਾ ਹੈ ਜਦੋਂ ਆਪਣੇ ਹੀ ਅੱਤਵਾਦੀ ਮੁੰਡਿਆਂ ਨੂੰ ਮਾਰ ਕੇ ਅੱਤਵਾਦ ਦਾ ਖਾਤਮਾ ਕਰਨਾ ਪੈਂਦਾ ਹੈ। ਜਿਵੇਂ-ਜਿਵੇਂ ਪਸ਼ੂ-ਪੰਛੀ ਸਾਡੇ ਸਮਾਜਿਕ ਜੀਵਨ ਵਿਚ ਵਿਚਰਦੇ ਹਨ, ਉਵੇਂ ਹੀ ਨਾਵਲ ਵਿਚ ਹਰ ਥਾਂ ਵਿਚਰਦੇ ਦਿਖਾਏ ਗਏ ਹਨ। ਇਸ ਨਾਵਲ ਦੀ ਸ਼ੁਰੂਆਤ ਵਿਚ ਹੀ ਪਸ਼ੂ-ਪੰਛੀਆਂ ਦਾ ਰੋਲ ਸ਼ੁਰੂ ਹੋ ਜਾਂਦਾ ਹੈ ਜਿਵੇਂ ਕਿ ਕਾਂਡ ਇਕ ਦੇ ਦੂਜੇ ਪਹਿਰੇ ਦੀਆਂ ਸਤਰਾਂ ਹਨ;

*ਵਿਹੜੇ ਵਿਚ ਪੁੱਠੇ ਪਏ ਛੱਜ ਉਪਰ ਫਸੇ ਦਾਣਿਆਂ ਨੂੰ ਕੋਈ ਕੱਢ ਖਾ ਰਿਹਾ ਸੀ। ਕੋਲ ਹੀ ਬੰਨ੍ਹਿਆਂ ਕੁੱਤਾ ਥੋੜ੍ਹੀ ਸੰਗਲੀ ਖਿੱਚਦਾ, ਭੌਂਕਣ ਬਾਰੇ ਸੋਚਦਾ, ਫਿਰ ਆਪਣੇ ਰਾਖੀ ਦੇ ਅਨੁਭਵ ਵਜੋਂ ਉਹਨੂੰ ਹੋਰ ਅੱਗੇ ਵਧਣ ਲਈ ਇੰਤਜ਼ਾਰ ਕਰਦਾ ਜਿੱਥੇ ਡੰਗਰਾਂ ਲਈ ਪਛੱਟੀ ਮੱਕੀ ਛੱਡੀ ਪਈ ਸੀ।'*

ਇਹ ਪਸ਼ੂ-ਪੰਛੀ ਨਾਵਲ ਵਿਚ ਸਮਾਜਿਕ ਜੀਵਨ ਦੇ ਮੌਲਿਕ ਵਾਤਾਵਰਨ ਨੂੰ ਸਿਰਜਦੇ ਹਨ। ਇਸ ਨਾਲ ਨਾਵਲ ਜ਼ਿੰਦਗੀ ਦੇ ਬਹੁਤ ਨੇੜੇ ਵਿਚਰਦਾ ਮਹਿਸੂਸ ਹੁੰਦਾ ਹੈ। ਨਾਵਲ ਵਿਚ ਕੁੱਤਾ, ਬਲਦ, ਕੱਟਰੂ, ਬੱਕਰੀ, ਪੰਛੀ ਆਦਿ ਅਨੇਕਾਂ ਪਸ਼ੂ-ਪੰਛੀਆਂ ਦਾ ਜ਼ਿਕਰ ਹੈ। ਸਭ ਤੋਂ ਵੱਧ ਜ਼ਿਕਰ ਕੁੱਤੇ ਦਾ ਹੈ ਕਿਉਂਕਿ ਕੁੱਤਾ ਹਮੇਸ਼ਾ ਮਨੁੱਖ ਦੇ ਨਾਲ ਵਿਚਰਦਾ ਰਿਹਾ ਹੈ। ਇਸ ਪ੍ਰਕਾਰ ਇਨ੍ਹਾਂ ਜਾਨਵਰਾਂ ਤੋਂ ਬਿਨਾ ਇਸ ਨਾਵਲ ਵਿਚ ਟਰੈਕਟਰ ਤੇ ਇੰਜਣ ਆਦਿ ਮਸ਼ੀਨਰੀ ਦਾ ਜ਼ਿਕਰ ਵੀ ਕਾਫੀ ਕੀਤਾ ਗਿਆ ਹੈ। ਮਸ਼ੀਨੀ ਯੁੱਗ ਵਿਚ ਇਹ ਚੀਜ਼ਾਂ ਵਸਤਾਂ ਦਾ ਰੋਲ ਸਾਡੇ ਜੀਵਨ ਵਿਚ ਜਿਉਂਦੇ ਜਾਗਦੇ ਪਾਤਰਾਂ ਵਰਗਾ ਹੀ ਹੈ। ਇਸ ਲਈ ਨਾਵਲਕਾਰ ਨੇ ਇਹਨਾਂ ਦੇ ਰੋਲ ਨੂੰ ਕਿਧਰੇ ਵੀ ਇਨਕਾਰੀ ਨਹੀਂ ਕੀਤਾ।

ਨਾਵਲ ਵਿਚ ਆਲੇ-ਦੁਆਲੇ ਦਾ ਵਾਤਾਵਰਨ ਬਹੁਤ ਹੀ ਬਾਰੀਕਬੀਨੀ ਨਾਲ ਚਿਤਰਿਆ ਹੈ। ਮਨੁੱਖ ਦੇ ਸਮਾਜਿਕ ਜੀਵਨ ਵਿਚ ਭੂਗੋਲਿਕ ਆਲੇ-ਦੁਆਲੇ ਦਾ ਬਹੁਤ ਪ੍ਰਭਾਵ ਹੁੰਦਾ ਹੈ। ਇਸ ਪ੍ਰਕਾਰ ਇਸ ਨਾਵਲ ਵਿਚ ਆਲੇ-ਦੁਆਲੇ ਦੀ ਪ੍ਰਾਕਿਰਤੀ ਦਾ ਵਰਣਨ ਬਾਖੂਬੀ ਚਿਤਰਿਆ ਗਿਆ ਹੈ। ਪੁਆਧ ਦੇ ਇਲਾਕੇ ਵਿਚ ਅੰਬਾਂ ਦੀਆਂ ਕਿਸਮਾਂ, ਅੰਬਾਂ ਤੋਂ ਬਣਦੇ ਪਕਵਾਨਾਂ ਤੇ ਅੰਬਾਂ ਦੀਆਂ ਕਿਸਮਾਂ ਦੇ ਨਾਵਾਂ ਆਦਿ ਦਾ ਵਰਣਨ ਬਹੁਤ ਹੀ ਬਾਰੀਕੀ ਨਾਲ ਕੀਤਾ ਗਿਆ ਹੈ, ਜਿਸ ਨਾਲ ਸਾਡੀ ਪੁਆਧ ਦੇ ਇਲਾਕੇ ਬਾਰੇ ਜਾਣਕਾਰੀ ਵਿਚ ਵਾਧਾ ਹੁੰਦਾ ਹੈ।

ਪੁਆਧੀ ਬੋਲੀ ਇਸ ਨਾਵਲ ਦਾ ਇਕ ਹੋਰ ਜੀਰੀ ਗੁਣ ਹੈ। ਇਸਨੂੰ ਪੜ੍ਹਦੇ ਸਮੇਂ ਬੋਲੀ ਰੁਕਾਵਟ ਨਹੀਂ ਬਣਦੀ, ਸਗੋਂ ਜਲਦੀ ਹੀ ਸਮਝ ਆ ਜਾਂਦੀ ਹੈ ਤੇ ਪੜ੍ਹਨ ਵਿਚ ਰੌਚਿਕਤਾ ਪੈਦਾ ਕਰਦੀ ਹੈ। ਬੋਲੀ ਨਾਵਲ ਵਿਚ ਕਿਤੇ ਵੀ ਭਾਰਾਪਣ ਨਹੀਂ ਬਣਦੀ। ਜਿਵੇਂ ਕਿ ਇਹ ਸਤਰਾਂ ਪੜ੍ਹ ਕੇ ਕਿਧਰੇ ਵੀ ਉਪਰਾਪਣ ਨਹੀਂ ਲੱਗਦਾ;

*ਗੋਭਲੋ ਜੀ ਕੁੜੀ ਤੀ... ਮਾੜ੍ਹਾ ਜ੍ਹਾ ਪੈਰ ਮਾ ਕਜ ਤਾ.. ਢਹਿ ਜਾਣਾ... ਹੁਣ ਵੀ ਨੀਂਦ ਵਿਚ ਪਏ ਕੁੱਤੇ ਮੰਗਣਾ... ਸੁੱਤੇ ਪਏ ਨੂੰ ਤੀਵੀਆਂ ਦੀ ਹਵਾੜ ਆਉਂਦੀ... ਜਦ ਮਾਰ ਸੇਖੀਆਂ ਮਾਰੇ।*

ਪੁਆਧ ਦੇ ਇਲਾਕੇ ਵਿਚ ਸੰਤਾਲੀ ਦੇ ਹੱਲਿਆਂ ਦੇ ਦਰਦਨਾਕ ਦ੍ਰਿਸ਼ ਵੀ ਇਸ ਨਾਵਲ ਵਿਚੋਂ ਉਸ ਸਮੇਂ ਦੀ ਤਸਵੀਰ ਨੂੰ ਅੱਖਾਂ ਅੱਗੇ ਸਾਕਾਰ ਕਰ ਦਿੰਦੇ ਹਨ ਜਿਵੇਂ ਕਿ ਇਕ ਵਾਰਤਾਲਾਪ ਵਿਚ ਅਹਿਮਦ ਸਲੀਮ ਮਾਘ ਸਿੰਘ ਬਾਬੇ ਨਾਲ ਗੱਲਾਂ ਕਰਦਾ ਹੈ ਕਿ ਸੰਤਾਲੀ ਵੇਲੇ ਗੁਰਨਾਮ ਸਿੰਘ ਨੇ ਅਖਤਰ ਲੁਹਾਰ ਦੇ ਪਰਿਵਾਰ ਦੇ ਸਾਰੇ ਮੈਂਬਰਾਂ ਦੀਆਂ ਗਰਦਨਾਂ ਵੱਢ ਦਿੱਤੀਆਂ ਸਨ।

*'ਚੁੱਲ੍ਹੇ ਮੂਹਰੇ ਸਾਰੇ ਟੱਬਰ ਦੀਆਂ ਗਰਦਨਾਂ ਝੱਕਰੀਆਂ ਮੰਗਣਾ ਰੱਖੀਆਂ ਹੋਈਆਂ.........'*

ਘਰ ਦੇ ਚੁੱਲ੍ਹੇ ਅੱਗੇ ਬਰਤਨਾਂ ਦੀ ਥਾਂ ਗਰਦਨਾਂ ਸਮੇਤ ਸਿਰਾਂ ਦਾ ਪਏ ਹੋਣਾ ਉਸ ਸਮੇਂ ਦੇ ਦਰਦਨਾਕ ਕਤਲਿਆਮ ਦੀ ਗਵਾਹੀ ਭਰਦਾ ਹੈ। ਮਨੁੱਖ ਦੀ ਬੇਕਦਰੀ ਇਸ ਕਦਰ ਹੋ ਗਈ ਸੀ ਕਿ

ਉਹ ਨਿਰਜੀਵ ਬਰਤਨਾਂ ਦੇ ਸਮਾਨ ਸਿਰ ਚੁੱਲ੍ਹੇ ਅੱਗੇ ਘਰ ਦੇ ਬਰਤਨਾਂ ਦੀ ਥਾਂ ਰੁਲਦੇ ਫਿਰਦੇ ਸੀ। ਇਸ ਤਰ੍ਹਾਂ ਅਨੇਕਾਂ ਹੀ ਵੇਰਵੇ ਸੰਤਾਲੀ ਦੇ ਦੁਖਾਂਤਕ ਸਮੇਂ ਦੇ ਇਸ ਨਾਵਲ ਵਿਚ ਮਿਲਦੇ ਹਨ ਜਿਹੜੇ ਕਿ ਵਾਰਤਾਲਾਪ ਦੁਆਰਾ ਹੀ ਸਾਹਮਣੇ ਆਉਂਦੇ ਹਨ। ਇਸ ਦੁਖਾਂਤਕ ਸਮੇਂ ਬਾਰੇ ਸਾਰੇ ਵਾਰਤਾਲਾਪ ਅਹਿਮਦ ਸਲੀਮ ਦੇ ਆਪਣੇ ਪਿੰਡ ਦੇ ਲੋਕਾਂ ਨਾਲ ਹੋਈ ਗੱਲਬਾਤ ਤੋਂ ਸਨਮੁੱਖ ਹੁੰਦੇ ਹਨ। ਸੰਤਾਲੀ ਵੇਲੇ ਮਨੁੱਖ ਤਾਂ ਹੋਣੀ ਦੇ ਭਾਗੀਦਾਰ ਬਣਦੇ ਹੀ ਹਨ ਨਾਲ ਪਸ਼ੂ ਵੀ ਇਸ ਸੰਤਾਪ ਨੂੰ ਹੰਢਾਉਂਦੇ ਹਨ ਜਿਵੇਂ ਕਿ ਨਾਵਲ ਵਿਚ ਜਦੋਂ ਅਵਤਾਰ ਆਪਣੀ ਮੰਮੀ ਦੇ ਪਿੰਡ ਸਾਦੀਆ ਨੂੰ ਲੈ ਕੇ ਮਿਲਾਉਣ ਲਈ ਲਿਆਉਂਦਾ ਹੈ ਤਾਂ ਜਿਸ ਘਰ ਦਾ ਉਹ ਦਰਵਾਜ਼ਾ ਖੜਕਾਉਂਦੇ ਹਨ, ਉਸ ਘਰ ਵਿਚੋਂ ਨਿਕਲਿਆ ਬੰਦਾ ਉਨ੍ਹਾਂ ਨੂੰ ਅੰਦਰ ਲੈ ਜਾਂਦਾ ਹੈ ਤੇ ਕੁੱਤਿਆਂ ਦੇ ਭੌਂਕਣ ਤੇ ਉਨ੍ਹਾਂ ਬਾਰੇ ਗੱਲਬਾਤ ਸੁਣਾਉਣੀ ਸ਼ੁਰੂ ਕਰ ਦਿੰਦਾ ਹੈ। ਉਹ ਦੱਸਦਾ ਹੈ ਕਿ ਕਿਵੇਂ ਇਹ ਕੁੱਤਿਆਂ ਦੀ ਨਸਲ ਸੰਤਾਲੀ ਵੇਲੇ ਤੋਂ ਉਨ੍ਹਾਂ ਦੇ ਨਾਲ ਸਫ਼ਰ ਕਰਦੀ ਹੋਈ ਆ ਰਹੀ ਹੈ। ਸੰਤਾਲੀ ਵੇਲੇ ਉਹਨਾਂ ਦਾ ਵਫ਼ਾਦਾਰ ਕੁੱਤਾ ਪਾਕਿਸਤਾਨ ਤੋਂ ਚੱਲ ਕੇ ਪੰਜਾਬ ਆਇਆ ਸੀ ਤੇ ਉਹ ਆਪਣੇ ਮਾਲਕ ਦੇ ਗਲ ਲੱਗ ਕੇ ਕੂਕਾਂ ਮਾਰ-ਮਾਰ ਕੇ ਰੋ ਰਿਹਾ ਸੀ, ਇਹ ਦੇਖ ਕੇ ਕੋਲੋਂ ਲੰਘਦੇ ਰਾਹੀ ਪੁੱਛਣ:

*'ਭਾਈ ਬੰਦਾ ਹਲਕਿਆ ਕਹ ਕੁੱਤਾ.... ।'*

ਇਹ ਡਾਇਲਾਗ ਹੀ ਉਸ ਵੇਲੇ ਦੀ ਸਥਿਤੀ ਨੂੰ ਬਿਆਨ ਕਰ ਜਾਂਦਾ ਹੈ। ਉਸ ਸਮੇਂ ਅਸਲ ਵਿਚ ਤਾਂ ਬੰਦਾ ਹਲਕਦਾ ਹੈ ਤੇ ਕੁੱਤੇ ਵੀ ਬੰਦੇ ਦੇ ਇਸ ਹਲਕਾਅ ਦਾ ਸੰਤਾਪ ਭੋਗਦੇ ਹਨ। ਕੁੱਤੇ ਨੂੰ ਰੱਬ ਜਿੰਨੀ ਕੁ ਸੂਝ ਦਿੱਤੀ ਉਸਦੇ ਮੁਤਾਬਕ ਉਹ ਆਪਣੇ ਮਾਲਕ ਨੂੰ ਪਿਆਰ ਕਰਦਾ ਹੈ ਤੇ ਉਸ ਦੇ ਦੁੱਖ-ਸੁੱਖ ਵਿਚ ਸਹਾਈ ਹੁੰਦਾ ਹੈ। ਬੰਦਾ ਜੋ ਆਪਣੇ ਆਪ ਵਿਚ ਸਭ ਤੋਂ ਵੱਧ ਸਿਆਣਾ ਤੇ ਸੂਝ-ਬੂਝ ਵਾਲਾ ਅਖਵਾਉਂਦਾ ਹੈ, ਉਹ ਆਪਣੀ ਹੀ ਜਾਤ ਬੰਦੇ ਦਾ ਪਿਆਰ ਤੇ ਸਾਂਝ ਨੂੰ ਭੁੱਲ ਕੇ ਉਸ ਨੂੰ ਖਤਮ ਕਰਨ ਦੇ ਰਾਹ ਤੁਰ ਪੈਂਦਾ ਹੈ।

ਇਹ ਨਾਵਲ ਇਕ ਤਾਂ ਸੰਤਾਲੀ ਦੇ ਇਤਿਹਾਸ ਦੀ ਪੇਸ਼ਕਾਰੀ ਕਰਦਾ ਹੈ। ਦੂਸਰਾ ਪੰਜਾਬ ਸੰਕਟ ਦੇ ਇਤਿਹਾਸ ਨੂੰ ਚਿਤਰਦਾ ਹੈ। ਤੀਸਰਾ ਸਿੱਖ ਇਤਿਹਾਸ ਨੂੰ ਵੀ ਪੇਸ਼ ਕਰ ਕੇ ਇਕ ਵਧੀਆ ਇਤਿਹਾਸਕ ਦਸਤਾਵੇਜ਼ ਹੋ ਨਿਬੜਦਾ ਹੈ। ਇਸ ਨਾਵਲ ਵਿਚ ਇਨ੍ਹਾਂ ਸਾਰੇ ਇਤਿਹਾਸਕ ਮੌਕਿਆਂ 'ਤੇ ਜਦੋਂ ਅਹਿਮ ਘਟਨਾਵਾਂ ਵਾਪਰਦੀਆਂ ਹਨ ਤਾਂ ਪਰਿਵਾਰਾਂ ਦੇ ਵਿਛੋੜੇ ਹੁੰਦੇ ਹਨ। ਜਦੋਂ ਵੀ ਇਤਿਹਾਸ ਵਿਚ ਮੋੜ ਆਉਂਦਾ ਹੈ ਤਾਂ ਮਨੁੱਖੀ ਜਾਨਾਂ ਜਾਂਦੀਆਂ ਹਨ ਤੇ ਪਰਿਵਾਰ ਵਿੱਛੜ ਜਾਂਦੇ ਹਨ।

ਅਵਤਾਰ ਦਾ ਇਤਿਹਾਸਕ ਗੁਰਦੁਆਰੇ ਦੇਖਣ ਸਮੇਂ ਸਰਸੇ ਵਿਚ ਪਰਿਵਾਰ ਵਿਛੋੜੇ ਵਾਲੀ ਜਗ੍ਹਾ ਦਾ ਲੱਭਣਾ। ਉਸ ਨੂੰ ਉਸਦੇ ਪਰਿਵਾਰ ਨਾਲ ਵਾਪਰੇ ਇਤਿਹਾਸ ਦੀ ਯਾਦ ਦੁਆਉਂਦਾ ਹੈ। ਸਾਦੀਆ ਨੂੰ ਆਪਣੇ ਪਰਿਵਾਰ ਦੇ ਵਿਛੋੜੇ ਦੀ ਯਾਦ ਆ ਜਾਂਦੀ ਹੈ। ਇਸ ਤੋਂ ਪਹਿਲਾਂ ਸੰਤਾਲੀ ਵੇਲੇ ਪਰਿਵਾਰਾਂ ਦੇ ਵਿਛੋੜੇ ਹੁੰਦੇ ਹਨ ਤੇ ਅਹਿਮਦ ਸਲੀਮ ਨਾਵਲ ਵਿਚ ਵਾਰ-ਵਾਰ ਇਸ ਵਿਛੋੜੇ ਨੂੰ ਯਾਦ ਕਰਦਾ ਹੋਇਆ ਇਸ ਨਾਲ ਸੰਬੰਧਿਤ ਗੱਲਬਾਤ ਪਿੰਡ ਦੇ ਲੋਕਾਂ ਨਾਲ ਕਰਦਾ ਰਹਿੰਦਾ ਹੈ। ਪਿਛਲੇ ਵਿਛੋੜੇ ਵਿਚ ਗਲਤਾਨ ਸਲੀਮ ਵਰਤਮਾਨ ਵਿਚ ਆਪਣੇ ਨਾਲ ਆਈ ਆਪਣੀ ਪੋਤੀ ਸਾਦੀਆ ਨੂੰ ਵੀ ਉਹ ਬਹੁਤਾ ਸਮਾਂ ਭੁੱਲਿਆ ਰਹਿੰਦਾ ਹੈ। ਸਾਦੀਆ ਅੰਦਰ ਇਹ ਗੱਲ ਦਾਦੇ ਪ੍ਰਤੀ ਗੁੱਸਾ ਵੀ ਪੈਦਾ ਕਰਦੀ ਹੈ ਕਿ ਉਹ ਉਸ ਨੂੰ ਨਾਲ ਲਿਆ ਕੇ ਉਸ ਦੀ ਬਿਲਕੁਲ ਸਾਰ ਨਹੀਂ ਲੈਂਦਾ ਤੇ ਉਸ ਨੂੰ ਭੁੱਲਿਆ ਰਹਿੰਦਾ ਹੈ। ਸਰਸਾ ਨਦੀ ਕੰਢੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਹਮੇਸ਼ਾ ਲਈ ਉਨ੍ਹਾਂ ਕੋਲੋਂ ਵਿਛੜ ਗਏ ਸਨ।

ਹਾਲਾਤ ਬੰਦੇ ਨੂੰ ਬਹੁਤ ਕੁਝ ਭੁੱਲਾ ਦੇਣ ਲਈ ਮਜਬੂਰ ਕਰ ਦਿੰਦੇ ਹਨ, ਨਾ ਚਾਹੁੰਦਿਆਂ ਹੋਇਆਂ ਵੀ ਬਹੁਤ ਕੁੱਝ ਛੱਡਣਾ ਤੇ ਭੁੱਲਣਾ ਪੈਂਦਾ ਹੈ। ਬਹੁਤ ਕੁਝ ਅਜਿਹਾ ਹੁੰਦਾ ਹੈ ਜਿਹੜਾ



ਮਨੁੱਖ ਦੇ ਮਨ ਦੇ ਕਿਸੇ ਕੋਨੇ ਵਿਚ ਤਾਂ ਸੰਭਾਲ ਕੇ ਰੱਖਿਆ ਪਿਆ ਹੁੰਦਾ ਹੈ ਪਰ ਹਾਲਾਤਾਂ ਤੋਂ ਡਰਦਾ ਬੰਦਾ ਉਸ ਨੂੰ ਬਾਹਰ ਕੱਢਣ ਦੀ ਹਿੰਮਤ ਨਹੀਂ ਕਰਦਾ। ਹਾਲਾਤ ਬੰਦੇ ਨੂੰ ਅੰਦਰੋਂ ਹੀ ਨਹੀਂ ਬਾਹਰੋਂ ਵੀ ਬਦਲਦੇ ਹਨ। ਜਿਵੇਂ ਕਿ ਨਾਵਲ ਦੇ ਕਾਂਡ ਉੱਨਤੀ ਵਿਚ ਇਕ ਜੰਞ ਦੇ ਆਉਣ ਦਾ ਦ੍ਰਿਸ਼ ਹੈ। ਇਸ ਵਿਚ ਬਰਾਤੀਆਂ ਦੀ ਵੇਸ਼-ਭੂਸ਼ਾ ਬਹੁਤ ਕੁਝ ਬਿਆਨ ਕਰ ਜਾਂਦੀ ਹੈ। ਜੰਞ ਦੇ ਅਗਲੇ ਹਿੱਸੇ ਵਿੱਚ ਤੁਰਨ ਵਾਲੇ ਬਰਾਤੀ ਗਾਤਰੇ ਵਾਲੇ ਤੇ ਲੰਬੀਆਂ ਦਾਹੜੀਆਂ ਵਾਲੇ ਹਨ। ਜੰਞ ਦੇ ਪਿਛਲੇ ਹਿੱਸੇ ਦੇ ਬਰਾਤੀ ਕੁਝ ਕੱਟੀ ਦਾਹੜੀ ਵਾਲੇ ਤੇ ਕੁੱਝ ਕਲੀਨਸ਼ੇਵ ਹਨ। ਜੰਞ ਦੇ ਬਿਲਕੁਲ ਅਖੀਰ ਤੇ ਕਲੀਨਸ਼ੇਵ ਬੰਦੇ ਦੀ ਉਂਗਲ ਪਟਕੇ ਵਾਲੇ ਬੱਚੇ ਨੇ ਫੜੀ ਹੋਈ ਸੀ। ਇਸ ਕਾਂਡ ਵਿਚ ਇਕ ਸਤਰ ਆਉਂਦੀ ਹੈ ਕਿ ਸਾਦੀਆ ਸਿੱਖ ਧਰਮ ਬਾਰੇ ਕੀ ਸੋਚਦੀ ਹੈ;

*'ਉਹਨੇ ਤਾਂ ਸੁਣਿਆ ਸੀ ਸਿੱਖ ਆਪਣੇ ਧਰਮ ਦੇ ਬੜੇ ਪੱਕੇ ਹੁੰਦੇ ਨੇ।'*

ਪਰ ਜੰਞ ਦਾ ਬਦਲਿਆ ਰੂਪ ਉਸ ਅੱਗੇ ਕੁਝ ਹੋਰ ਹੀ ਬਿਆਨ ਕਰ ਰਿਹਾ ਹੈ। ਹਾਲਾਤ ਉਨ੍ਹਾਂ ਨੂੰ ਧਰਮ ਵਿਚ ਪੱਕੇ ਵੀ ਨਹੀਂ ਰਹਿਣ ਦਿੰਦੇ। ਉਨ੍ਹਾਂ ਦੇ ਅੰਦਰਲਾ ਮਨ ਤਾਂ ਸਿੱਖ ਧਰਮ ਪ੍ਰਤੀ ਸਨੇਹ ਕਰਕੇ ਇਹ ਹੀ ਚਾਹੁੰਦਾ ਹੈ ਕਿ ਸਾਰੀ ਬਰਾਤ ਲੰਬੀਆਂ ਦਾਹੜੀਆਂ ਵਾਲਿਆਂ ਦੀ ਧੜੱਲੇਦਾਰ ਲੱਗੇ। ਅਜਿਹੀ ਦਿੱਖ ਵਾਲੇ ਬੰਦੇ ਉਨ੍ਹਾਂ ਨੇ ਬਰਾਤ ਦੇ ਅੱਗੇ ਤੋਰੇ ਹੋਏ ਹਨ। ਪਰ ਮਾੜੇ ਹਾਲਾਤਾਂ ਵਿਚ ਉਨ੍ਹਾਂ ਨੂੰ ਆਪਣੇ ਦਾਹੜੀ ਕੇਸ ਕਟਵਾਉਣੇ ਪੈਂਦੇ ਹਨ। ਕਲੀਨਸ਼ੇਵ ਬੰਦੇ ਇਸੇ ਕਰਕੇ ਬਰਾਤ ਦੇ ਪਿੱਛੇ ਤੁਰਦੇ ਹਨ ਜਿਵੇਂ ਕਿ ਉਹ ਆਪਣੀ ਹਾਰ ਨੂੰ ਸਵੀਕਾਰਦੇ ਹੋਣ ਇਸੇ ਭਾਵਨਾ ਤਹਿਤ ਉਹ ਜੰਞ ਦੇ ਪਿੱਛੇ ਤੁਰਦੇ ਹਨ। ਮਾੜੇ ਹਾਲਾਤ ਉਨ੍ਹਾਂ ਨੂੰ ਧਰਮ ਵਿਚ ਪੱਕੇ ਨਹੀਂ ਰਹਿਣ ਦਿੰਦੇ। ਸਭ ਤੋਂ ਪਿੱਛੇ ਇਕ ਕਲੀਨਸ਼ੇਵ ਬੰਦੇ ਦੀ ਉਂਗਲ ਇਕ ਪਟਕੇ ਵਾਲਾ ਬੱਚਾ ਫੜੀ ਆ ਰਿਹਾ ਹੈ। ਇਥੋਂ ਉਨ੍ਹਾਂ ਦੇ ਮਨ ਦੀ ਭਾਵਨਾ ਪ੍ਰਗਟ ਹੁੰਦੀ ਹੈ ਕਿ ਉਹ ਆਪਣੇ ਅੰਦਰ ਧਰਮ ਦੀ ਪਕਿਆਈ ਨੂੰ ਆਪਣੇ ਬੱਚੇ ਦੇ ਕੇਸ ਰੱਖ ਕੇ ਪੂਰੀ ਕਰਦੇ ਹਨ।

ਇਸ ਨਾਵਲ ਵਿਚ ਦੋ ਦੁਖਾਂਤਕ ਸਮਿਆਂ ਦੀਆਂ ਅਤੀਤ ਵਿਚ ਬੀਤੀਆਂ ਘਟਨਾਵਾਂ ਨਾਲੋਂ ਨਾਲ ਚੱਲਦੀਆਂ ਹਨ। ਇਕ ਘਟਨਾਵਾਂ ਤਾਂ ਉਹ ਹਨ ਜਿਹੜੀਆਂ ਅੱਤਵਾਦ ਦੇ ਸਮੇਂ ਨਾਲ ਜੁੜੀਆਂ ਹੋਈਆਂ ਹਨ। ਦੂਸਰੀਆਂ ਘਟਨਾਵਾਂ ਉਹ ਹਨ ਜਿਹੜੀਆਂ ਸੰਤਾਲੀ ਦੇ ਸਮੇਂ ਨਾਲ ਜੁੜੀਆਂ ਹੋਈਆਂ ਹਨ। ਇਹ ਨਾਵਲ ਸਿਰਫ ਦੋ ਅਹਿਮ ਸਮਿਆਂ ਨੂੰ ਹੀ ਆਪਣੇ ਕਲਾਵੇ ਵਿਚ ਨਹੀਂ ਲੈਂਦਾ ਸਗੋਂ ਇਹ ਦੋ ਦੇਸਾਂ ਦੇ ਸਮਾਜਾਂ ਨੂੰ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ। ਇਸ ਨਾਵਲ ਦੀ ਹਰ ਘਟਨਾ 'ਚ ਦਹਿਸ਼ਤ ਦਿਲ ਨੂੰ ਝੰਜੋੜ ਕੇ ਰੱਖ ਦੇਣ ਵਾਲੀ ਹੈ। ਬਹੁਤੀਆਂ ਘਟਨਾਵਾਂ ਦੀ ਜਾਣਕਾਰੀ ਕਿਸੇ ਮਰੇ ਬੰਦੇ ਦੇ ਪਾਏ ਭੋਗ ਦੀ ਰਸਮ ਵੇਲੇ ਸਾਹਮਣੇ ਆਉਂਦੀ ਹੈ। ਨਾਵਲ ਵਿਚ ਗਲੀ ਦਾ ਇਤਿਹਾਸ ਨਾਵਲਕਾਰ ਸੁਣਾਉਂਦਾ ਹੈ। ਇਸ ਗਲੀ ਦੇ ਇਤਿਹਾਸ ਵਿਚ ਹੀ ਪੰਜਾਬ ਦਾ ਇਤਿਹਾਸ ਛੁਪਿਆ ਹੋਇਆ ਹੈ। ਇਸ ਨਾਵਲ ਦੇ ਪਾਤਰ ਸਿਰਫ ਇਨਸਾਨ ਹੀ ਨਹੀਂ ਸਗੋਂ ਇਨਸਾਨਾਂ ਨਾਲ ਵਿਚਰਦੇ ਪਸ਼ੂ-ਪੰਛੀ ਵੀ ਹਨ। ਮਨੁੱਖ ਦੇ ਸਮਾਜਿਕ ਜੀਵਨ ਵਿੱਚ ਭੂਗੋਲਿਕ ਆਲੇ ਦੁਆਲੇ ਦਾ ਬਹੁਤ ਪ੍ਰਭਾਵ ਹੁੰਦਾ ਹੈ। ਇਸ ਨਾਵਲ ਵਿਚ ਆਲੇ ਦੁਆਲੇ ਦੇ ਪ੍ਰਾਕਿਰਤੀ ਵਰਣਨ ਨੂੰ ਬਾਖ਼ੂਬੀ ਚਿਤਰਿਆ ਗਿਆ ਹੈ। ਪੁਆਧੀ ਬੋਲੀ ਇਸ ਨਾਵਲ ਦਾ ਇਕ ਹੋਰ ਮੀਰੀ ਗੁਣ ਹੈ। ਪੁਆਧ ਦੇ ਇਲਾਕੇ ਵਿਚ ਸੰਤਾਲੀ ਦੇ ਹੱਲਿਆਂ ਦੇ ਦਰਦਨਾਕ ਦ੍ਰਿਸ਼ ਵੀ ਇਸ ਨਾਵਲ ਵਿੱਚੋਂ ਉਸ ਸਮੇਂ ਦੀ ਤਸਵੀਰ ਨੂੰ ਅੱਖਾਂ ਅੱਗੇ ਸਾਕਾਰ ਕਰ ਦਿੰਦੇ ਹਨ। ਸੰਤਾਲੀ ਵੇਲੇ ਮਨੁੱਖ ਤਾਂ ਹੋਣੀ ਦੇ ਭਾਗੀਦਾਰ ਬਣਦੇ ਹੀ ਹਨ, ਨਾਲ ਪਸ਼ੂ ਵੀ ਇਸ ਸੰਤਾਪ ਨੂੰ ਹੰਢਾਉਂਦੇ ਹਨ। ਇਹ ਨਾਵਲ ਇਕ ਤਾਂ ਸੰਤਾਲੀ ਦੇ ਇਤਿਹਾਸ ਦੀ ਪੇਸ਼ਕਾਰੀ ਕਰਦਾ ਹੈ। ਦੂਸਰਾ ਪੰਜਾਬ ਸੰਕਟ ਦੇ ਇਤਿਹਾਸ ਨੂੰ ਚਿਤਰਦਾ ਹੈ ਤੇ ਤੀਸਰਾ ਸਿੱਖ ਇਤਿਹਾਸ ਨੂੰ ਵੀ ਪੇਸ਼ ਕਰਕੇ ਇਕ ਵਧੀਆ ਇਤਿਹਾਸਕ ਦਸਤਾਵੇਜ਼ ਹੋ ਨਿਬੜਦਾ ਹੈ।

## ਨਵੀਆਂ ਪੁਸਤਕਾਂ

*ਨਵੀਆਂ ਪੁਸਤਕਾਂ ਪੜ੍ਹਦਿਆਂ ਹੋਇਆ/ਪ੍ਰੋ. ਜੇ.ਬੀ. ਸੇਖੋਂ*

### ਅਮ੍ਰਿਤਾ ਪ੍ਰੀਤਮ ਦੀਆਂ ਚੋਣਵੀਆਂ ਕਹਾਣੀਆਂ
### ਸੰਪਾਦਕ : ਡਾ. ਬਲਦੇਵ ਸਿੰਘ ਬੱਧਨ

ਅਮ੍ਰਿਤਾ ਪ੍ਰੀਤਮ ਦੀਆਂ ਕਹਾਣੀਆਂ ਦਾ ਕੇਂਦਰ ਭਾਰਤੀ ਸਮਾਜ ਦੀਆਂ ਉਹ ਔਰਤਾਂ ਹਨ ਜਿਹੜੀਆਂ ਕਿਤੇ ਆਰਥਿਕ ਲੋੜਾਂ-ਥੁੜਾਂ, ਕਿਤੇ ਮਾਨਸਿਕ ਸਕੂਨ ਤੇ ਕਿਤੇ ਸਭਿਆਚਾਰਕ ਦਮਨ ਨਾਲ ਭਿੜਦੀਆਂ ਆਪਣਾ ਨਾਰੀਤਵ ਕਾਇਮ ਰੱਖਦੀਆਂ ਹਨ। ਅਮ੍ਰਿਤਾ ਦੀਆਂ ਕਹਾਣੀਆਂ ਮਰਦ ਵੱਲੋਂ ਔਰਤ ਲਈ ਘੜੀਆਂ ਮਿੱਥਾਂ ਨੂੰ ਵੰਗਾਰਦੀਆਂ ਹਨ। ਉਸ ਦੀਆਂ ਕਹਾਣੀਆਂ ਵਿਚ ਅਮੀਰ ਸ਼੍ਰੇਣੀ, ਮੱਧ ਵਰਗ ਤੇ ਨਿਮਨ ਸ਼੍ਰੇਣੀ ਦੇ ਔਰਤ ਪਾਤਰ ਆਪਣੀ ਸੀਮਾ ਤੇ ਸੰਭਾਵਨਾ ਵਿਚ ਵਿਚਰਦੇ ਹਨ ਜਿਨ੍ਹਾਂ ਦੁਆਰਾ ਲੇਖਕਾਂ ਨੇ ਮਾਨਵੀ ਹਿਰਦੇ ਦੇ ਅੰਦਰੂਨੀ ਭਾਵਾਂ ਦੀ ਕਲਾਤਮਿਕਤਾ ਨਾਲ ਪੇਸ਼ਕਾਰੀ ਕੀਤੀ ਹੈ। ਉਕਤ ਪ੍ਰਭਾਵ-ਮੰਡਲ ਦੇ ਗਹਿਰੇ ਹੋਣ ਨਾਲ ਬੇਸ਼ੱਕ ਲੇਖਿਕਾ ਦਾ ਮਰਦ ਪਾਤਰ ਕਹਾਣੀਆਂ ਵਿਚ ਮੱਧਮ ਪੈ ਜਾਂਦਾ ਹੈ। ਇਸ ਦੇ ਪਿਛੋਕੜ ਵਿਚ ਲੇਖਿਕਾ ਦਾ ਨਿੱਜੀ ਅਨੁਭਵ ਤੇ ਭਾਰਤੀ ਸਭਿਆਚਾਰ ਦਾ ਮਰਦ ਪ੍ਰਧਾਨ ਰੂਪ ਦਿਸਦਾ ਹੈ। ਵਿਚਾਰ ਅਧੀਨ ਪੁਸਤਕ ਉਕਤ ਪ੍ਰਸੰਗਾਂ ਵਿਚ ਹੋਰ ਵਾਧਾ ਕਰਦੀ ਹੈ। ਨੈਸ਼ਨਲ ਬੁੱਕ ਟਰੱਸਟ ਦੇ ਮੁੱਖ ਸੰਪਾਦਕ/ਸੰਯੁਕਤ ਨਿਰਦੇਸ਼ਕ ਬਲਦੇਵ ਸਿੰਘ ਬੱਧਨ ਦੀ ਸੰਪਾਦਨਾ ਹੇਠ ਛਪੀ ਇਸ ਪੁਸਤਕ ਵਿਚ ਅੰਮ੍ਰਿਤਾ ਪ੍ਰੀਤਮ ਦੀਆਂ 59 ਕਹਾਣੀਆਂ ਸ਼ਾਮਿਲ ਹਨ। ਸੰਪਾਦਕ ਨੇ ਕਿਤਾਬ ਦੇ ਆਰੰਭ ਵਿਚ ਲੇਖਿਕਾ ਦੀਆਂ ਕਹਾਣੀਆਂ ਦੇ ਵਿਸ਼ੇਗਤ ਸਰੋਕਾਰ ਤੇ ਕਲਾਤਮਿਕਤਾ ਸੰਬੰਧੀ ਗਹਿਰਾ ਸੰਵਾਦ ਰਚਾਇਆ ਹੈ। ਇਨ੍ਹਾਂ ਕਹਾਣੀਆਂ ਦੇ ਸਿਰਲੇਖ ਹੀ ਆਪਣੇ ਆਪ ਵਿਚ ਵਿਸਤ੍ਰਿਤ ਬਿਰਤਾਂਤ ਹਨ। ਜਿਵੇਂ ਸ਼ਾਹ ਦੀ ਕੰਜਰੀ, ਚਿੱਟੀ ਧੋਤੀ ਜਰੀ ਦਾ ਕਫ਼ਨ, ਛੱਮਕ ਛੱਲੋ, ਮੁਰੱਬਿਆਂ ਵਾਲੀ, ਪੰਜੇ ਕੁਆਰੀਆਂ ਆਦਿ। 'ਕਰਮਾਂ ਵਾਲੀ' ਕਹਾਣੀ ਦੀ ਨਾਇਕਾ ਆਪਣੇ ਪਤੀ ਦੇ ਨਜਾਇਜ਼ ਸੰਬੰਧਾਂ ਤੋਂ ਤੰਗ ਆ ਕੇ ਉਸਨੂੰ ਖ਼ੁਦ ਛੱਡ ਦਿੰਦੀ ਹੈ। 'ਭਾਬੀ ਮੋਰਨੀ' ਦੀ ਨਾਇਕਾ ਦਾ ਆਦਰਸ਼ ਪ੍ਰੇਰਨਾਦਾਇਕ ਤੇ ਮੌਲਿਕ ਹੈ। 'ਸ਼ਾਹ ਦੀ ਕੰਜਰੀ' ਕਹਾਣੀ ਵਿਚ ਸ਼ਾਹ ਦੀ ਪਤਨੀ ਤੇ ਸ਼ਾਹ ਦੀ ਰਖੇਲ ਦੀਆਂ ਵਿਭਿੰਨ ਮਨੋ-ਸੰਰਚਨਾਵਾਂ ਦੀ ਤੁਲਨਾ ਕੀਤੀ ਮਿਲਦੀ ਹੈ। ਅਜਿਹੀਆਂ ਹੀ ਹੋਰ ਕਹਾਣੀਆਂ ਵਿਚ ਜਿਵੇਂ ਤਿੰਨ ਕਾਂਡ ਇੱਕ ਕਹਾਣੀ, ਜੰਗਲੀ ਬੂਟੀ, ਉਹ ਔਰਤ, ਅਜਨਬੀ ਚਿਹਰਾ, ਲਟਕਦੀਆਂ ਦੀ ਛੋਕਰੀ, ਕੋਰੀ ਹਾਂਡੀ ਆਦਿ ਵੀ ਪਾਠਕਾਂ ਦੀ ਵਿਸ਼ੇਸ਼ ਖਿੱਚ ਦਾ ਕਾਰਨ ਬਣਦੀਆਂ ਹਨ। ਕੁਲ ਮਿਲਾ ਕੇ ਸੰਪਾਦਕ ਨੇ ਬੜੀ ਸੂਝ ਬੂਝ ਨਾਲ ਅਮ੍ਰਿਤਾ ਪ੍ਰੀਤਮ ਦੀਆਂ ਜਿਹੜੀਆਂ ਕਹਾਣੀਆਂ ਕਿਤਾਬ ਵਿਚ ਸ਼ਾਮਲ ਕੀਤੀਆਂ ਹਨ ਉਹ ਆਪਣੇ ਆਪ ਵਿਚ ਭਾਰਤੀ ਸਭਿਆਚਾਰ ਵਿਚ ਔਰਤ ਦੇ ਅਸਤਿਤਵ ਸੰਬੰਧੀ ਗਲਪੀ-ਚਿੰਤਨ ਕਰਦੀਆਂ ਹਨ। ਇਹ ਕਿਤਾਬ ਪੜ੍ਹ ਕੇ ਹਰ ਭਾਰਤੀ ਪਾਠਕ ਔਰਤ ਮਨ ਦੀਆਂ ਗਹਿਰੀਆਂ ਰਮਜ਼ਾਂ ਤੇ ਜੀਵਨ-ਸਰੋਕਾਰਾਂ ਦੀ ਥਾ ਪਾ ਸਕਦਾ ਹੈ। ਪੰਜਾਬੀ ਪਾਠਕਾਂ ਲਈ ਇਹ ਪੁਸਤਕ ਇਕ ਤੋਹਫ਼ਾ ਹੈ। ਸੰਪਾਦਕ ਵਧਾਈ ਦਾ ਹੱਕਦਾਰ ਹੈ।

### ਅਜੂਬੇ
### ਮੂਲ : ਲਕਸ਼ਮੀ ਖੰਨਾ ਸੁਮਨ
### ਅਨੁਵਾਦ : ਡਾ. ਰਵੀ ਰਵਿੰਦਰ

ਇਹ ਪੁਸਤਕ ਨਹਿਰੂ ਬਾਲ ਪੁਸਤਕਮਾਲਾ ਤਹਿਤ ਮੂਲ ਹਿੰਦੀ ਲੇਖਕ ਲਕਸ਼ਮੀ ਖੰਨਾ



ਸੁਮਨ ਵੱਲੋਂ ਲਿਖੀ ਗਈ ਹੈ ਜਿਸ ਨੂੰ ਆਲੋਚਕ ਡਾ. ਰਵੀ ਰਵਿੰਦਰ ਨੇ ਅਨੁਵਾਦ ਕੀਤਾ ਹੈ। ਇਹ ਪੁਸਤਕ ਇਕ ਕਿਸਮ ਦਾ ਬਾਲ ਨਾਵਲ ਹੈ ਜਿਸ ਦਾ ਕਥਾ-ਸੰਸਾਰ ਬੜਾ ਰੌਚਿਕ ਤੇ ਅਲੌਕਿਕ ਹੈ। ਪੁਸਤਕ ਵਿਚ ਪਾਤਾਲ ਅੰਦਰ ਰਹਿੰਦੇ ਕੁਝ ਬੌਣਿਆਂ ਦੇ ਮਾਨਵੀ ਜਗਤ ਦਾ ਅਨੂਠਾ ਵਿਵਰਣ ਪੇਸ਼ ਹੈ। ਇਹ ਬੌਣੇ ਕਿਸੇ ਕਿਸਾਨ ਦੇ ਘਰ ਆ ਜਾਂਦੇ ਹਨ ਜਿੱਥੇ ਉਹ ਦੁਨੀਆਂ ਤੋਂ ਲੁਕ ਛਿਪ ਕੇ ਰਹਿੰਦੇ ਹਨ। ਮਗਰੋਂ ਕਿਸਾਨ ਇਨ੍ਹਾਂ ਬੌਣਿਆਂ ਵੱਲੋਂ ਕੀਤੇ ਜਾਂਦੇ ਕੰਮ ਕਾਰ ਕਾਰਨ ਖੁਦ ਆਲਸੀ ਬਣ ਜਾਂਦਾ ਹੈ ਤੇ ਬੌਣੇ ਉਸ ਘਰੋਂ ਚਲੇ ਜਾਂਦੇ ਹਨ। ਕੁਦਰਤੀ ਆਫਤ ਕਾਰਨ ਬੌਣੇ ਵਿਛੜ ਜਾਂਦੇ ਹਨ ਜਿਹਨਾਂ ਨੂੰ ਆਸ-ਪਾਸ ਦੇ ਬੱਚੇ ਜਿਹਨਾਂ ਵਿਚ ਰੀਮਾ, ਰਾਧਾ, ਸੁਕੰਨਿਆ, ਰੁਖਸਾਨਾ, ਸ਼ਮੀਮ ਤੇ ਯੁਵਰਾਜ ਸ਼ਾਮਿਲ ਹੁੰਦੇ ਹਨ, ਬੜੀ ਮੁਸ਼ਕਲ ਨਾਲ ਇਕੱਠੇ ਕਰਦੇ ਹਨ। ਜਾਸੂਸੀ, ਜਗਿਆਸਾ ਤੇ ਉਤਸੁਕਤਾ ਵਾਲੇ ਕਥਾ ਅੰਸ਼ਾਂ ਕਾਰਨ ਇਹ ਪੁਸਤਕ ਬਾਲ ਮਨਾਂ ਨੂੰ ਵਚਿੱਤਰ ਦੁਨੀਆਂ ਵਿਚ ਲੈ ਜਾਂਦੀ ਹੈ ਜਿੱਥੇ ਬੌਣਿਆਂ ਦਾ ਕਾਰ ਵਿਹਾਰ ਤੇ ਸਧਾਰਨ ਵਿਅਕਤੀਆਂ ਦਾ ਜੀਵਨ ਵਿਰੋਧਾਭਾਸਕ ਬਣਿਆ ਰਹਿੰਦਾ ਹੈ। ਪੁਸਤਕ ਅਨੁਵਾਦ ਪੱਖੋਂ ਖੂਬਸੂਰਤ ਬਣ ਗਈ ਹੈ। ਕਿਤਾਬ ਵਿਚ ਸੰਦਰਭ ਅਨੁਕੂਲ ਤਸਵੀਰਾਂ ਬਾਲ ਮਨਾਂ ਨੂੰ ਹੋਰ ਮੋਹਦੀਆਂ ਹਨ।

### ਚੋਣਵਾਂ ਪੰਜਾਬੀ ਸੂਫ਼ੀ ਕਲਾਮ
### ਸੰਪਾਦਕ : ਧਰਮ ਪਾਲ ਸਾਹਿਲ, ਬਲਦੇਵ ਸਿੰਘ ਬੱਧਨ

ਪੰਜਾਬੀਆਂ ਦੀ ਆਜ਼ਾਦ ਬਿਰਤੀ, ਬੰਧਨ ਮੁਕਤ ਫਲਸਫਾ ਅਤੇ ਸੈਕੂਲਰ ਦ੍ਰਿਸ਼ਟੀ ਦੇ ਅਸਲ ਬਿੰਬ ਪੰਜਾਬੀ ਸੂਫ਼ੀ ਕਵਿਤਾ ਵਿਚ ਦਰਜ ਹਨ। ਸੂਫੀ ਸ਼ਾਇਰੀ ਚਿੰਤਨ ਧਾਰਾ ਦਾ ਵਗਦਾ ਪ੍ਰਵਾਹ ਹੈ ਜਿਸ ਵਿਚ ਇਸਲਾਮੀ ਸਭਿਆਚਾਰ, ਭਾਰਤੀ ਹਿੰਦੂ ਸੰਸਕ੍ਰਿਤੀ, ਗੁਰਮਤਿ ਧਾਰਾ, ਸੰਤ ਮਤ, ਨਾਥ ਜੋਗੀ ਕਾਵਿ ਧਾਰਾ ਸਮੇਤ ਹਰ ਮਤ, ਪੰਥ, ਸੰਪਰਦਾਇ ਦੀ ਨਿਰਮਲ ਪਰੰਪਰਾ ਤੇ ਵਿਚਾਰਧਾਰਕ ਸਵੱਛਤਾ ਹੈ। ਪੰਜਾਬੀ ਸੂਫ਼ੀ ਕਵਿਤਾ ਦਾ ਅਵਚੇਤਨ ਪੰਜਾਬੀ ਸਾਹਿਤ, ਸਭਿਆਚਾਰ, ਲੋਕਯਾਨ ਅਤੇ ਲੋਕ ਧਰਮ ਸ਼ਾਸਤਰ ਵਿਚ ਵਸਿਆ ਹੋਇਆ ਹੈ। ਵਿਚਾਰ ਅਧੀਨ ਪੁਸਤਕ ਪੰਜਾਬੀ ਸੂਫ਼ੀ ਕਲਾਮ ਦੇ ਚੋਣਵੇਂ ਪਾਠ ਨੂੰ ਪਾਠਕਾਂ ਤੱਕ ਪੁੱਜਦਾ ਕਰਦੀ ਹੈ। ਪੁਸਤਕ ਦੇ ਸੰਪਾਦਕ ਡਾ. ਬਲਦੇਵ ਬੱਧਨ ਅਤੇ ਧਰਮਪਾਲ ਸਾਹਿਲ ਹਨ। ਕਿਤਾਬ ਵਿਚ ਸੰਪਾਦਕੀ ਮੰਡਲ ਨੇ ਸ਼ੇਖ਼ ਫ਼ਰੀਦ, ਸ਼ਾਹ ਹੁਸੈਨ, ਸੁਲਤਾਨ ਬਾਹੂ, ਸ਼ਾਹ ਫਰਦ, ਬੁੱਲ੍ਹੇ ਸ਼ਾਹ, ਅਲੀ ਹੈਦਰ, ਫਰਦ ਫ਼ਕੀਰ, ਹਾਸ਼ਮ ਸ਼ਾਹ, ਮੀਰਾ ਸ਼ਾਹ ਜਲੰਧਰੀ, ਖਵਾਜਾ ਗੁਲਾਮ ਫਰੀਦ ਚਾਚੜਾਂ, ਬੂ ਅਲੀ ਸ਼ਾਹ ਕਲੰਦਰ, ਪੀਲੂ, ਸ਼ਾਹ ਮੁਰਾਦ, ਸੰਤ ਵਲੀ ਰਾਮ, ਮੀਆਂ ਮੁਹੰਮਦ ਬਖ਼ਸ਼, ਸੱਯਦ ਕਰਮ ਅਲੀ ਸ਼ਾਹ, ਅਬਦੀ ਕਾਦਰੀ ਕੈਸਰ ਸ਼ਾਹੀ, ਅਸ਼ਰਫ਼, ਗੁਲਾਮ ਜੀਲਾਨੀ ਰੋਹਤਕੀ ਦੀ ਸ਼ਾਇਰੀ ਪੇਸ਼ ਕੀਤੀ ਗਈ ਹੈ। ਪੁਸਤਕ ਦਾ ਪਾਠ ਕਰਦਿਆਂ ਹਰ ਪਾਠਕ ਪੰਜਾਬੀ ਸੂਫ਼ੀ ਕਵਿਤਾ ਦੀ ਆਤਮਾ ਨਾਲ ਇਕਮਿੱਕਤਾ ਮਹਿਸੂਸ ਕਰ ਸਕਦਾ ਹੈ। ਕਿਤਾਬ ਵਿਚਲੇ ਸ਼ਾਇਰਾਂ ਦਾ ਸੂਫ਼ੀਆਨਾ ਰੰਗ ਸਮੂਹ ਮਾਨਵਤਾ ਨੂੰ ਪਰਸਪਰ ਸਨੇਹ ਤੇ ਪਿਆਰ ਦੀ ਸਿੱਖਿਆ ਦਿੰਦਾ ਵਰਤਮਾਨ ਸੰਦਰਭਾਂ ਵਿਚ ਹੋਰ ਵੀ ਪ੍ਰਸੰਗਿਕ ਬਣਦਾ ਹੈ। ਪੁਸਤਕ ਦੀ ਸੂਫ਼ੀ ਕਵਿਤਾ ਦਾ ਰੰਗ ਸਮਝਣ ਸਮਝਾਉਣ ਨਾਲੋਂ ਨਿਮਨ ਨਮੂਨਿਆਂ ਵਿਚ ਮਹਿਸੂਸ ਕੀਤਾ ਜਾ ਸਕਦਾ ਹੈ :

*ਨਾਲ ਕੁਸੰਗੀ ਸੰਗ ਨਾ ਕਰੀਏ, ਕੁੱਲ ਨੂੰ ਲਾਜ ਨਾ ਲਾਈਏ ਹੂ।*
*ਤੁੰਮੇ ਮੂਲ ਤਰਬੂਜ਼ ਨਾ ਹੁੰਦੇ, ਤੋੜ ਮੱਕੇ ਲੈ ਜਾਈਏ ਹੂ।*
*ਕਾਂ ਦੇ ਬੱਚੇ ਹੰਸ ਨਾ ਥੀਂਦੇ, ਪਏ ਮੋਤੀ ਚੋਗ ਚੁਗਾਈਏ ਹੂ।*
*ਕੌੜੇ ਖੂਹ ਨਾ ਮਿੱਠੇ ਹੁੰਦੇ, ਭਾਵੇਂ ਸੈ ਮਣਾਂ ਖੰਡ ਪਾਈਏ ਹੂ।*

(ਸੁਲਤਾਨ ਬਾਹੂ)

*ਖੇ ਖ਼ਾਬ ਦੇ ਨਾਲ ਖਰਾਬ ਨਾ ਹੋ*
*ਏਸ ਖ਼ਾਬ ਨੂੰ ਖ਼ਾਬ ਹੀ ਜਾਣ ਮੀਆਂ*
*ਇਸ ਵਹਿਣ ਦੇ ਵਿਚ ਹਬਾਬ ਵਾਂਗੂ*
*ਫਿਰ ਆਪਣਾ ਆਪ ਪਛਾਣ ਮੀਆਂ*
*ਕਿਸ ਚੀਜ਼ ਥੋਂ ਹੋਇਆ ਏਂ, ਕੌਣ ਏਂ ਤੂੰ ?*
*ਉਸ ਚੀਜ਼ ਨੂੰ ਖ਼ੂਬ ਪਛਾਣ ਮੀਆਂ*

(ਪੰਨਾ 283)

ਪੁਸਤਕ ਦੀ ਦਿੱਖ ਖ਼ੂਬਸੂਰਤ ਹੈ। ਇਸ ਕਿਤਾਬ ਦੇ ਸੂਫ਼ੀ ਕਲਾਮ 'ਚੋਂ ਗੁਜ਼ਰਦਿਆਂ ਰੂਹ ਖਿੜ ਉੱਠਦੀ ਹੈ। ਇਹੀ ਇਸ ਪੁਸਤਕ ਦਾ ਹਾਸਲ ਹੈ।

## ਭਗਤ ਸਿੰਘ ਦੇ ਸਿਆਸੀ ਦਸਤਾਵੇਜ਼
## ਸੰਪਾਦਕ : ਪ੍ਰੋ. ਚਮਨ ਲਾਲ

ਵਿਚਾਰਧਾਰਾ ਨਾਲੋਂ ਦੇਹ ਦੀ ਪੂਜਾ ਕਰਨਾ ਭਾਰਤੀ ਚਿੰਤਨ ਦਾ ਹਿੱਸਾ ਹੈ। ਸ਼ਹੀਦ ਭਗਤ ਸਿੰਘ ਵੀ ਲੰਮੇ ਸਮੇਂ ਤੋਂ ਭਾਰਤੀ ਮਨੁੱਖ ਵੱਲੋਂ ਦੇਹ ਪੂਜਨ ਦੀ ਮਿਥ ਦਾ ਸ਼ਿਕਾਰ ਹੋਇਆ ਪਿਆ ਹੈ। ਸਮਕਾਲ ਦੀ ਆਪੋਧਾਪੀ ਵਿਚ ਜਿੱਥੇ ਦੇਸ਼ ਭਗਤਾਂ ਤੇ ਕੌਮੀ ਆਜ਼ਾਦੀ ਦੇ ਹੋਰ ਨਾਇਕਾਂ ਉੱਤੇ ਸ਼ਹੀਦ ਭਗਤ ਸਿੰਘ ਦੇ ਬਿੰਬ ਨੂੰ ਭਾਰੂ ਤੌਰ 'ਤੇ ਚਿੰਤਨ ਦਾ ਹਿੱਸਾ ਬਣਾਇਆ ਗਿਆ ਹੈ, ਉੱਥੇ ਹੀ ਸ਼ਹੀਦੇ-ਏ-ਆਜ਼ਮ ਦੀ ਸੋਚ ਤੇ ਵਿਚਾਰਧਾਰਾ ਨੂੰ ਸਮਝਣ ਨਾਲੋਂ ਉਸ ਦੇ ਬਾਹਰੀ ਸਰੂਪ ਨੂੰ ਆਪਣੀ ਅਖੌਤੀ ਅਣਖ ਤੇ ਨਪੁੰਸਕ ਬਹਾਦਰੀ ਨਾਲ ਆਤਮਸਾਤ ਕਰਨਾ ਪੰਜਾਬੀਆਂ ਦੇ ਸੁਭਾਅ ਦਾ ਹਿੱਸਾ ਬਣ ਗਿਆ ਹੈ। ਇਥੋਂ ਤੱਕ ਕਿ ਜਾਤਾਂ, ਜਮਾਤਾਂ ਤੇ ਹੋਰ ਵਿਚਾਰਧਾਰਾਵਾਂ ਦੀ 'ਚਿੰਤਨ' ਅਧਾਰਤ ਰਾਜਨੀਤੀ ਕਰਨ ਵਾਲੀਆਂ ਧਿਰਾਂ ਨੇ ਵੀ ਭਗਤ ਸਿੰਘ ਨੂੰ ਆਪਣਾ-ਆਪਣਾ ਸਿੱਧ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਹੋਇਆ ਹੈ। ਫਿਰ ਵੀ ਅਨੇਕਾਂ ਲੇਖਕ, ਦਾਨਿਸ਼ਵਰ ਤੇ ਚਿੰਤਕ ਕੌਮੀ ਚਿੰਤਨ ਦੇ ਪ੍ਰਸੰਗ ਵਿਚ ਆਜ਼ਾਦੀ ਦੇ ਨਾਇਕਾਂ ਦਾ ਯਥਾਰਥਕ ਬਿੰਬ, ਵਿਚਾਰਧਾਰਕ ਸਪੱਸ਼ਟਤਾ ਤੇ ਸਮਕਾਲੀ ਪ੍ਰਸੰਗਿਕਤਾ ਨੂੰ ਬਾਖੂਬੀ ਬਿਆਨ ਰਹੇ ਹਨ। ਇਹਨਾਂ ਵਿੱਚੋਂ ਪ੍ਰੋ. ਚਮਨ ਲਾਲ ਵੀ ਇਕ ਹਨ। ਪ੍ਰੋ. ਚਮਨ ਲਾਲ ਦੀ ਹਥਲੀ ਸੰਪਾਦਤ ਪੁਸਤਕ 'ਭਗਤ ਸਿੰਘ ਦੇ ਸਿਆਸੀ ਦਸਤਾਵੇਜ਼ਾਂ ਨੂੰ ਆਧਾਰ ਬਣਾ ਕੇ ਕੌਮੀ ਚਿੰਤਨ ਦੇ ਪ੍ਰਸੰਗ ਵਿਚ ਆਜ਼ਾਦੀ ਦੀਆਂ ਲਹਿਰਾਂ ਤੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਤੇ ਬਿੰਬ ਦਾ ਵਿਸ਼ਲੇਸ਼ਣੀ ਸੂਝ ਨਾਲ ਮੁਤਾਲਿਆ ਕਰਦੀ ਹੈ। ਇਹ ਪੁਸਤਕ ਮੂਲ ਰੂਪ ਵਿਚ ਹਿੰਦੀ ਦੀ ਰਚਨਾ ਹੈ ਜਿਸਨੂੰ ਅਨੁਵਾਦਕ ਡਾ. ਜਸਵਿੰਦਰ ਕੌਰ ਨੇ ਬਾਖੂਬੀ ਪੰਜਾਬੀ ਲਹਿਜ਼ੇ ਵਿਚ ਪਰੋਸਿਆ ਹੈ। ਇਸ ਪੁਸਤਕ ਦੇ ਪੰਜ ਹਿੱਸੇ ਹਨ ਜਿਹਨਾਂ ਵਿਚ ਵਿਧੀਵਤ ਢੰਗ ਨਾਲ ਸ਼ਹੀਦ ਭਗਤ ਸਿੰਘ ਦੇ ਚਰਚਿਤ ਲੇਖ ਸ਼ਾਮਿਲ ਕੀਤੇ ਹਨ। ਇਹਨਾਂ ਲੇਖਾਂ ਦੇ ਮਾਧਿਅਮ ਨਾਲ ਸ਼ਹੀਦ ਭਗਤ ਸਿੰਘ ਦੀ ਸਿਆਸੀ ਚਿੰਤਨ ਧਾਰਾ, ਤਰਕਸ਼ੀਲ ਤੇ ਵਿਗਿਆਨਕ ਚਿੰਤਨ ਅਤੇ ਸਿਧਾਂਤਕ ਪ੍ਰਪੱਕਤਾ ਸਾਹਮਣੇ ਆਉਂਦੀ ਹੈ। ਸੰਪਾਦਕ ਨੇ ਇਹਨਾਂ ਗੰਭੀਰ ਲੇਖਾਂ, ਕੌਮੀ ਚਿੰਤਨ, ਅੰਤਰਰਾਸ਼ਟਰੀ ਚਿੰਤਨ ਦੇ ਸਿਰਲੇਖਾਂ ਅਧੀਨ ਰੱਖਿਆ ਹੈ। ਇਹਨਾਂ ਵਿਚ ਭਗਤ ਸਿੰਘ ਦੀ ਆਜ਼ਾਦੀ ਦੀ ਲੜਾਈ ਵਿਚ ਪੰਜਾਬ ਦੇ ਉਭਾਰ, ਅਛੂਤ ਦੇ ਸਵਾਲ, ਹੜਤਾਲਾਂ ਤੇ ਰਾਜਨੀਤੀ ਸੰਬੰਧੀ ਸੰਵਾਦ ਰਚਾਉਂਦਾ ਹੈ। ਦੂਜੇ ਹਿੱਸੇ ਵਿਚ ਅੰਤਰਰਾਸ਼ਟਰੀ ਮਸਲਿਆਂ ਸੰਬੰਧੀ ਤਤਕਾਲੀ ਪ੍ਰਸੰਗਾਂ ਅਨੁਸਾਰ ਚਿੰਤਨ ਕੀਤਾ ਮਿਲਦਾ ਹੈ। ਇਨਕਲਾਬੀ ਐਕਸ਼ਨ ਤਹਿਤ ਲੇਖਕ ਅਸੈਂਬਲੀ ਹਾਲ ਵਿਚ ਸੁੱਟੇ ਪਰਚੇ ਬਾਰੇ ਇਤਿਹਾਸਕ ਸੂਝਬੂਝ ਵਾਲਾ ਸੰਵਾਦ ਰੱਖਦਾ ਹੈ। ਜੇਲ੍ਹ ਵਿਚਲੀ ਸਿਆਸੀ ਜਦੋ ਜਹਿਦ ਬਾਰੇ ਭਗਤ ਸਿੰਘ ਦੀ ਵਿਚਾਰਧਾਰਾ ਪਹੁੰਚ ਨੂੰ ਸਮਝਣ ਲਈ ਪੁਸਤਕ ਦੇ



ਲਗਭਗ ਵੀਹ ਲੇਖ ਇਕ ਕਿਸਮ ਦੇ ਇਤਿਹਾਸਕ ਦਸਤਾਵੇਜ਼ ਹਨ। ਪੰਜਵੇਂ ਹਿੱਸੇ ਵਿਚ ਜੇਲ੍ਹ ਡਾਇਰੀ ਦੇ ਅੰਸ਼ਾਂ ਤੇ 'ਮੈਂ ਨਾਸਤਿਕ ਕਿਉਂ ਹਾਂ' ਵਰਗੇ ਮਹੱਤਵਪੂਰਨ ਲੇਖਕ ਸ਼ਾਮਿਲ ਹਨ। ਪੁਸਤਕ ਦੇ ਆਖਰੀ ਭਾਗ ਵਿਚ ਭਗਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ ਲਿਖੇ ਦੁਰਲਭ ਖ਼ਤ ਸ਼ਾਮਿਲ ਕੀਤੇ ਹਨ। ਇਹਨਾਂ ਵਿੱਚੋਂ ਦੋ ਖ਼ਤ (ਪੁਲਿਸ ਅਫ਼ਸਰ ਤੇ ਕ੍ਰਾਂਤੀਕਾਰੀ ਜੈਦੇਵ ਦੇ ਨਾਂ) ਵੀ ਮਹੱਤਵਪੂਰਨ ਹਨ। ਭਗਤ ਸਿੰਘ ਦੇ ਪੋਚਵੀਂ ਪੱਗ, ਖੜ੍ਹੀ ਮੁੱਛ, ਹੈਟਧਾਰੀ ਮਨੁੱਖ, ਨਾਸਤਿਕ ਇਨਸਾਨ, ਹਿੰਸਕ ਆਦਮੀ ਆਦਿ ਬਿੰਬਾਂ ਵਿਚੋਂ ਮਨਮਰਜ਼ੀ ਦੇ ਅਕਸ ਲੱਭਣ ਵਾਲੇ ਲੋਕਾਂ ਨੂੰ ਉਸਦੀ ਕੌਮੀ ਪ੍ਰਤੀਬੱਧਤਾ, ਮਾਨਵਵਾਦੀ ਤੇ ਗੰਭੀਰ ਕ੍ਰਾਂਤੀਕਾਰੀ ਚਿੰਤਨ ਵਾਲੇ ਪਹਿਲੂ ਦੇਖਣ ਲਈ ਇਸ ਪੁਸਤਕ ਨੂੰ ਲਾਜ਼ਮੀ ਪੜ੍ਹਨਾ ਚਾਹੀਦਾ ਹੈ।

## ਸੰਤ ਸਿੰਘ ਸੇਖੋਂ ਦੀਆਂ ਚੋਣਵੀਆਂ ਕਹਾਣੀਆਂ
## ਸੰਪਾਦਕ : ਤੇਜਵੰਤ ਸਿੰਘ ਗਿੱਲ

ਸੰਤ ਸਿੰਘ ਸੇਖੋਂ ਵੀਹਵੀਂ ਸਦੀ ਦਾ ਅਜਿਹਾ ਪੰਜਾਬੀ ਆਲੋਚਕ ਹੋਇਆ ਹੈ ਜਿਸ ਨੇ ਪੰਜਾਬੀ ਆਲੋਚਨਾ ਦੀ ਪੂਰੀ ਸਦੀ ਨੂੰ ਪ੍ਰਭਾਵਿਤ ਕੀਤਾ ਹੈ। ਇਸ ਦੇ ਨਾਲ-ਨਾਲ ਉਹ ਵਧੀਆ ਕਹਾਣੀਕਾਰ, ਨਾਵਲਕਾਰ, ਨਾਟਕਕਾਰ ਅਤੇ ਅਨੁਵਾਦਕ ਵੀ ਸੀ। ਪੰਜਾਬੀ ਸਾਹਿਤ ਨੂੰ ਸਿਧਾਂਤਕ ਪ੍ਰਗਤੀਵਾਦ ਨਾਲ ਜੋੜਨ ਤੇ ਮੁੱਢਲੀ ਪੰਜਾਬੀ ਸਮੀਖਿਆ ਨੂੰ ਸ਼ਰਧਾ, ਭਾਵੁਕਤਾ ਤੇ ਪ੍ਰਭਾਵਵਾਦੀ ਸੁਰ 'ਚੋਂ ਬਾਹਰ ਕੱਢਣ ਵਿਚ ਸੇਖੋਂ ਦੀ ਭੂਮਿਕਾ ਵੱਡੇ ਮਹੱਤਵ ਦੀ ਧਾਰਨੀ ਹੈ। ਵਿਚਾਰ ਅਧੀਨ ਪੁਸਤਕ ਸੰਤ ਸਿੰਘ ਸੇਖੋਂ ਦੀਆਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ ਹੈ। ਸੰਪਾਦਕ ਤੇਜਵੰਤ ਸਿੰਘ ਗਿੱਲ ਹੈ ਜਿਸਨੇ ਪੁਸਤਕ ਦੇ ਆਰੰਭ ਵਿਚ ਸੇਖੋਂ ਦੀ ਕਹਾਣੀ ਕਲਾ ਸੰਬੰਧੀ ਲੰਮਾ ਲੇਖ ਲਿਖ ਕੇ ਕਿਤਾਬ ਦਾ ਸਾਹਿਤਕ ਮੁੱਲ ਹੋਰ ਵਧਾ ਦਿੱਤਾ ਹੈ। ਪੁਸਤਕ ਵਿਚ ਸੇਖੋਂ ਦੀਆਂ ਉੱਨੀ ਕਹਾਣੀਆਂ ਸ਼ਾਮਿਲ ਹਨ ਜਿਹੜੀਆਂ ਆਪਣੇ ਰਚਨਾਵੀਂ ਸਮੇਂ ਦੌਰਾਨ ਹੀ ਕਾਫ਼ੀ ਚਰਚਿਤ ਰਹੀਆਂ ਹਨ। ਸੇਖੋਂ ਦੀਆਂ ਕਹਾਣੀਆਂ ਦਾ ਅੱਜਕਲ੍ਹ ਦੇ ਦੌਰ ਵਿਚ ਪੁਨਰ ਪਾਠ ਕਰਨਾ ਹੋਰ ਵੀ ਰੌਚਿਕ ਹੈ। ਪਾਠਕ ਮਹਿਸੂਸ ਕਰਦਾ ਹੈ ਕਿ ਲੇਖਕ ਦੀ ਨਿੱਕੀ ਕਹਾਣੀ ਦੇ ਰਚਨਾ-ਸਿਧਾਂਤ ਪ੍ਰਤੀ ਕਿੰਨੀ ਪ੍ਰਤੀਬੱਧਤਾ ਸੀ ਜਿਸ ਦੁਆਰਾ ਉਹ ਆਪਣੇ ਸਮਕਾਲੀਆਂ ਤੋਂ ਕਿੰਨੀ ਅਗਾਂਹਵਧੂ ਸੋਚ ਰੱਖਦਾ ਤੇ ਪ੍ਰਸਾਰਦਾ ਰਿਹਾ। ਸੇਖੋਂ ਦੀਆਂ ਕਹਾਣੀਆਂ ਦੀ ਵਿਸ਼ੇਸ਼ਤਾ ਇਸ ਵਿਚ ਪੇਸ਼ ਪੰਜਾਬੀ ਬੰਦੇ ਦੀ ਜੀਵਨ-ਸਹਿਜਤਾ ਅਤੇ ਸਧਾਰਣਤਾ ਹੈ। ਮਨੋਵਿਗਿਆਨਕ ਛੋਹਾਂ ਨਾਲ ਉਸਨੇ ਤਤਕਾਲ ਦੀ ਪੰਜਾਬੀ ਕਹਾਣੀ ਨੂੰ ਹੋਰ ਪ੍ਰਪੱਕ ਕੀਤਾ ਹੈ। 'ਪੇਮੀ ਦੇ ਨਿਆਣੇ' ਕਹਾਣੀ ਅਜੇ ਵੀ ਪੰਜਾਬੀ ਕਹਾਣੀਕਾਰਾਂ ਅੱਗੇ ਇਕ ਵੱਡੀ ਲੀਕ ਹੈ ਜਿਸ ਨੂੰ ਦੁਬਾਰਾ ਦੁਬਾਰਾ ਪੜ੍ਹ ਕੇ ਇਸ ਦੇ ਨਵੇਂ-ਨਵੇਂ ਪਾਸਾਰ ਉਭਰਦੇ ਹਨ। ਪੁਸਤਕ ਵਿਚ ਸੰਪਾਦਕ ਨੇ ਉਕਤ ਕਹਾਣੀ ਤੋਂ ਇਲਾਵਾ ਜਿਹੜੀਆਂ 18 ਕਹਾਣੀਆਂ ਦਰਜ ਕੀਤੀਆਂ ਹਨ ਉਨ੍ਹਾਂ ਨੂੰ ਪੜ੍ਹਦਿਆਂ ਪੰਜਾਬੀ ਕਹਾਣੀ ਤੇ ਸੁਨਹਿਰੀ ਭੂਤਕਾਲ ਵਿਚੋਂ ਗੁਜ਼ਰਿਆ ਜਾ ਸਕਦਾ ਹੈ। ਸਮਕਾਲੀ ਕਹਾਣੀਕਾਰ ਸੇਖੋਂ ਦੀਆਂ ਕਹਾਣੀਆਂ ਦੀ ਸਹਿਜਤਾ, ਸਾਧਾਰਨਤਾ ਤੇ ਸਾਦਗੀ ਭਰੇ ਬਿਰਤਾਂਤ ਨੂੰ ਪੁਸਤਕ ਦੇ ਪੰਨਿਆਂ 'ਤੇ ਪਾਣੀ ਵਾਂਗ ਚੱਲਦਾ ਦੇਖ ਸਕਦੇ ਹਨ। ਪੁਸਤਕ ਪੜ੍ਹਨਯੋਗ, ਸਾਂਭਣਯੋਗ ਤੇ ਵਿਚਾਰਨਯੋਗ ਹੈ।

**ਨੋਟ : ਉਪਰੋਕਤ ਪੁਸਤਕਾਂ ਨੈਸ਼ਨਲ ਬੁੱਕ ਟਰੱਸਟ, ਇੰਡੀਆ ਵੱਲੋਂ ਛਾਪੀਆਂ ਗਈਆਂ ਹਨ।**

## ਸਾਂਝ ਦੀਆਂ ਤੰਦਾਂ (ਕਹਾਣੀ ਸੰਗ੍ਰਹਿ)/ਵੰਦਨਾ ਅਵਸਥੀ
## ਸੁੰਦਰ ਬੁੱਕ ਡਿਪੂ, ਜਲੰਧਰ

ਲੇਖਿਕਾ ਵੰਦਨਾ ਅਵਸਥੀ ਦੀ ਇਸ ਕਿਤਾਬ ਵਿਚ ਨੌਂ ਕਹਾਣੀਆਂ ਦਰਜ ਹਨ। ਇਹਨਾਂ ਕਹਾਣੀਆਂ ਦੁਆਰਾ ਲੇਖਿਕਾ ਨੇ ਭਾਰਤ ਦੇ ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀ ਦੂਜੈਲੀ ਪੱਧਰ ਦੀ ਸਥਿਤੀ ਬਾਰੇ ਚਿੰਤਾ ਪ੍ਰਗਟ ਕੀਤੀ ਹੈ। ਲੇਖਕਾ ਦੀਆਂ ਇਨ੍ਹਾਂ ਭਾਵੁਕ ਰਚਨਾਵਾਂ ਵਿਚ ਭਾਰਤੀ ਔਰਤ ਦੀ ਹਾਸ਼ੀਅਤ ਜ਼ਿੰਦਗੀ ਦੇ ਭਰਵੇਂ ਦ੍ਰਿਸ਼ ਪੇਸ਼ ਹੋਏ ਹਨ। ਰਚਨਾਕਾਰਾ ਸਮਾਜਕ ਆਲੇ-ਦੁਆਲੇ ਵਿਚ ਔਰਤ ਨਾਲ ਹੁੰਦੇ ਅਨਿਆਂ ਤੇ ਧੱਕੇਸ਼ਾਹੀ ਤੋਂ ਦੁਖੀ ਹੈ। ਕਹਾਣੀਆਂ ਵਿਚ ਲੇਖਕਾ ਨੇ ਸਵੈ-ਜੀਵਨੀ, ਅੰਸ਼ਾਂ, ਸੰਬੋਧਨੀ ਭਾਸ਼ਣਾਂ ਅਤੇ ਲੇਖਨੁਮਾ ਸ਼ੈਲੀ ਦੁਆਰਾ ਅਜਿਹਾ ਬਿਰਤਾਂਤ-ਪ੍ਰਬੰਧ ਉਸਾਰਿਆ ਹੈ ਜਿਸ ਵਿਚ ਭਾਰਤ ਦੇ ਬੰਦ ਸਭਿਆਚਾਰ ਨਾਲ ਜੁੜੇ ਪਰੰਪਰਕ ਮੁੱਲ ਨਸ਼ਰ ਹੁੰਦੇ ਹਨ। ਪੁਸਤਕ ਦੀਆਂ ਕਹਾਣੀਆਂ ਧੀਆਂ ਦੀ ਮੀਰਾ, ਸੱਪਾਂ ਦੀ ਜੂਨੀ ਆਏ ਮਨੁੱਖ ਦੀ ਮੈਂ ਪਾਤਰ, ਕਿਹੜੀ ਰਾਹਤ ਦੀ ਗੁਰਨੀਤ, ਕਵਿਤਾ ਤੋਂ ਕਹਾਣੀ ਤੱਕ ਦਾ ਸਫ਼ਰ ਦੀ ਕਵਿਤਾ, ਉਲਝੀ ਵੇਲ ਦੀ ਬੇਲਾ, ਤੂੰ ਚੁੱਪ ਰਹਿ ਵਸੁਧਾ ਦੀ ਵਸੁਧਾ, ਸਫ਼ਰ ਕਹਾਂ ਕਿ ਬਾਦ ਦੀ ਸੀਮਾ ਅਤੇ ਦੋ ਹਾਦਸੇ ਕਹਾਣੀ ਦੀ ਮੈਂ ਪਾਤਰ ਆਦਿ ਕੇਂਦਰੀ ਪਾਤਰ ਹਨ ਜਿਹਨਾਂ ਪ੍ਰਤੀ ਲੇਖਿਕਾ ਦੀ ਭਾਵੁਕਤਾ ਤੇ ਹਮਦਰਦੀ ਕਥਾ-ਦ੍ਰਿਸ਼ਟੀ ਵਿਚ ਬਣੀ ਰਹਿੰਦੀ ਹੈ। ਇਹ ਔਰਤ ਪਾਤਰ ਸਮਾਜ ਦੇ ਮਰਦ ਪ੍ਰਧਾਨ ਪ੍ਰਬੰਧ ਤੋਂ ਪੀੜਤ ਹਨ। ਲੇਖਿਕਾ ਨੇ ਇਕਹਿਰੀ ਘਟਨਾ, ਸੂਚਨਾਵੀਂ ਬਿਰਤਾਂਤ ਤੇ ਭਾਸ਼ਣੀ ਅੰਦਾਜ਼ ਦੁਆਰਾ ਹਰ ਕਥਾ ਦੀ ਸੰਰਚਨਾ ਤਿਆਰ ਕੀਤੀ ਹੈ। ਪੁਸਤਕ ਦਾ ਮੁੱਖ ਬੰਦ ਡਾ. ਸਤਿੰਦਰ ਸਾਹਲੋਂ ਨੇ ਲਿਖਿਆ ਹੈ। 'ਆਦਿ ਕਥਨ' ਵਿਚ ਲੇਖਕਾ ਨੇ ਦੱਸਿਆ ਹੈ ਕਿ ਮੇਰੀ ਇਹ ਲਿਖਤ ਤੁਹਾਡੇ ਨਾਲ ਸਾਂਝ ਪਾਉਣ ਦਾ ਇਕ ਬਹਾਨਾ ਵੀ ਹੈ ਅਤੇ ਖੁਰ ਰਹੇ ਸਾਂਝ ਦੇ ਰਿਸ਼ਤਿਆਂ ਦੀ ਸਲਾਮਤੀ ਲਈ ਦੁਆ ਵੀ।

## ਟਾਹਣੀਓਂ ਟੁੱਟੇ (ਕਹਾਣੀ ਸੰਗ੍ਰਹਿ)/ਰਛਪਾਲ ਕੌਰ ਗਿੱਲ
## ਰਵੀ ਸਾਹਿਤ ਪ੍ਰਕਾਸ਼ਨ : ਅਮ੍ਰਿਤਸਰ

ਇਸ ਕਹਾਣੀ ਸੰਗ੍ਰਹਿ ਵਿਚ ਕੈਨੇਡਾ ਵਸਦੀ ਪੰਜਾਬੀ ਕਹਾਣੀਕਾਰਾ ਰਛਪਾਲ ਕੌਰ ਗਿੱਲ ਦੀਆਂ ਇੱਕੀ ਕਹਾਣੀਆਂ ਹਨ। ਇਹ ਕਹਾਣੀਆਂ ਕੈਨੇਡਾ ਵਰਗੇ ਪੂੰਜੀਵਾਦੀ ਦੇਸ਼ ਦੇ ਵਿਦਿਅਕ, ਸਮਾਜਿਕ, ਸਭਿਆਚਾਰਕ, ਪਰਿਵਾਰਕ ਅਤੇ ਵਿਅਕਤੀਗਤ ਸਰੋਕਾਰਾਂ ਨੂੰ ਇਕਹਿਰੇ ਬਿਰਤਾਂਤ-ਪ੍ਰਬੰਧ ਦੁਆਰਾ ਪੇਸ਼ ਕਰਦੀਆਂ ਹਨ। ਲੇਖਕਾ ਦੀ ਕਥਾ ਦ੍ਰਿਸ਼ਟੀ ਪ੍ਰਗਤੀਵਾਦੀ ਤੇ ਮਾਨਵਵਾਦੀ ਕਿਸਮ ਦੀ ਹੈ। ਕੈਨੇਡਾ ਦੀ ਸਭਿਆਚਾਰਕ ਖੁੱਲ੍ਹ, ਕਾਨੂੰਨ-ਵਿਧਾਨ ਅਤੇ ਵਿਦਿਅਕ ਢਾਂਚੇ ਸੰਬੰਧੀ ਲਖਕਾ ਨੂੰ ਭਰਵਾਂ ਗਿਆਨ ਹੈ। ਪੁਸਤਕ ਦੀਆਂ ਕਹਾਣੀਆਂ ਕੈਨੇਡੀਅਨ ਪਰਵਾਸ ਹੰਢਾਉਂਦੇ ਪੰਜਾਬੀ ਲੋਕਾਂ ਦੇ ਪਰੰਪਰਕ ਮਸਲਿਆਂ ਨਾਲੋਂ ਉਸ ਦੇਸ਼ ਦੇ ਸਮਾਜ-ਸਭਿਆਚਾਰ, ਸੰਵਿਧਾਨ, ਕਾਨੂੰਨ, ਪਰਿਵਾਰਕ ਸੰਬੰਧਾਂ ਆਦਿ ਨੂੰ ਮੁੱਖ ਬਿਰਤਾਂਤ ਦਾ ਆਧਾਰ ਬਣਾਉਂਦੀਆਂ ਹਨ। ਲੇਖਕਾ ਦੀਆਂ ਕਹਾਣੀਆਂ ਵਿਚ ਆਦਰਸ਼ਕ ਅਧਿਆਪਕਾਂ, ਸੰਤੁਲਿਤ ਪਰਿਵਾਰ ਪ੍ਰਨਾਲੀ ਤੇ ਸਭਿਆਚਾਰਕ ਮੁੱਲ ਅਚੇਤ ਸੁਚੇਤ ਹਾਜ਼ਰ ਰਹਿੰਦੇ ਹਨ। ਪੁਸਤਕ ਦੀਆਂ ਕਹਾਣੀਆਂ 'ਫਾਰਦਜ਼ ਡੇ', 'ਸਮਾਂ' ਆਦਿ ਸਮਲਿੰਗੀ ਮਸਲਿਆਂ ਦੇ ਕਾਰਨਾਂ ਤੇ ਮਰਦ-ਔਰਤ ਦੀਆਂ ਮਾਨਸਿਕ ਵਿਸੰਗਤੀਆਂ ਦਾ ਗਲਪੀ ਪ੍ਰਗਟਾਵਾ ਹਨ। 'ਜਾਵੇਦ,' 'ਬਰਫ ਤੇ ਉਕਰੀ ਪੈੜ' ਆਦਿ ਕਹਾਣੀਆਂ ਕੈਨੇਡੀਅਨ ਪਰਿਵਾਰਾਂ ਦੀ ਟੁੱਟ-ਭੱਜ ਨੂੰ ਪੇਸ਼ ਕਰਦੀਆਂ ਹਨ। 'ਇਨਸਾਫ਼' ਕਹਾਣੀ ਪਰਵਾਸ ਵਿਚ ਗੁਰਦੁਆਰਿਆਂ 'ਤੇ ਧਾਰਮਿਕ ਲੋਕਾਂ ਦੇ ਕਬਜ਼ੇ ਕਰਨ ਤੇ ਸਿੱਖ ਧਰਮ ਦੇ ਸਿਧਾਂਤਕ ਅਤੇ ਵਿਹਾਰਕ ਖੱਪਿਆਂ ਦਾ ਭਾਵੁਕ ਬਿਰਤਾਂਤ ਹਨ। 'ਆਪਣੇ' ਕਹਾਣੀ ਪਰਵਾਸ ਵਿਚ ਆਪਣਿਆਂ ਵੱਲੋਂ ਕੀਤੇ



ਜਾਂਦੇ ਨਸਲੀ ਵਿਤਕਰੇ ਦਾ ਨਵਾਂ ਰੂਪ ਹੈ। ਇਸ ਪੁਸਤਕ ਦੀਆਂ ਬਾਕੀ ਕਹਾਣੀਆਂ ਵੀ ਸੰਵਾਦ ਤੋਰਨ ਦੇ ਯੋਗ ਹਨ। ਨਿੱਕੇ-ਨਿੱਕੇ ਕਥਾ ਵੇਰਵੇ ਤੇ ਨਾਟਕੀ ਅੰਸ਼ ਹਰ ਕਹਾਣੀ ਦਾ ਬਿਰਤਾਂਤਕ-ਅੰਗ ਬਣੇ ਹੋਏ ਹਨ। ਲੇਖਕਾ ਹਰ ਕਹਾਣੀ ਵਿਚ ਖੁਦ ਹਾਜ਼ਰ ਦਿਸਦੀ ਹੈ, ਕਿਤੇ ਪਾਤਰ ਦੇ ਰੂਪ ਵਿਚ ਕਿਤੇ ਲੇਖਕ ਦੇ ਰੂਪ ਵਿਚ। ਪੁਸਤਕ ਦੇ ਆਰੰਭ ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਲੇਖਕਾ ਦੀਆਂ ਕਹਾਣੀਆਂ ਸੰਬੰਧੀ ਲੇਖ ਲਿਖ ਕੇ ਇਨ੍ਹਾਂ ਰਚਨਾਵਾਂ ਨੂੰ ਵਸਤੂ, ਵਿਧੀ ਤੇ ਦ੍ਰਿਸ਼ਟੀ ਪੱਖੋਂ ਪਰਵਾਸੀ ਕਹਾਣੀ ਵਿਚ ਮਹੱਤਵਪੂਰਨ ਵਾਧਾ ਦੱਸਿਆ ਹੈ। ਪੁਸਤਕ ਦੀ ਛਪਾਈ ਵੀ ਖ਼ੂਬਸੂਰਤ ਹੈ।

## ਫਿਰੌਤੀ (ਕਹਾਣੀ ਸੰਗ੍ਰਹਿ)/ਗੁਰਦਿਆਲ ਦਲਾਲ
## ਚੇਤਨਾ ਪ੍ਰਕਾਸ਼ਨ ਲੁਧਿਆਣਾ

ਗੁਰਦਿਆਲ ਦਲਾਲ ਸਮਕਾਲੀ ਪੰਜਾਬੀ ਕਹਾਣੀਕਾਰਾਂ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ। 'ਫਿਰੌਤੀ' ਉਸਦਾ ਤੀਜਾ ਕਹਾਣੀ ਸੰਗ੍ਰਹਿ ਹੈ ਜਿਸ ਵਿਚ ਸੱਤ ਕਹਾਣੀਆਂ ਦਰਜ ਹਨ। ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਫਿਰੌਤੀ' ਮੱਧ ਵਰਗੀ ਪਰਿਵਾਰ ਦੀ ਤਿੜਕ ਦਾ ਬਿਰਤਾਂਤ ਹੈ। ਕਹਾਣੀ ਦਾ ਮੁੱਖ ਪਾਤਰ ਧਨੀ ਰਾਮ ਹੈ ਜਿਹੜਾ ਆਪਣੀ ਦੂਜੀ ਪਤਨੀ ਦੇ ਦੰਭੀ ਕਿਰਦਾਰ ਤੇ ਲੋਭੀ ਬਿਰਤੀ ਅੱਗੇ ਬੇਵਸ ਤੇ ਲਾਚਾਰ ਹੋ ਕੇ ਰਹਿ ਜਾਂਦਾ ਹੈ। ਪੈਸਾ ਪ੍ਰਧਾਨ ਰਿਸ਼ਤਿਆਂ ਦਾ ਸੱਚ ਇਸ ਕਹਾਣੀ ਦਾ ਕੇਂਦਰ ਹੈ, ਜਿੱਥੇ ਲੋੜਵੰਦ ਬੱਚੇ ਪਿਆਰ ਤੋਂ ਵਾਂਝੇ ਰਹਿ ਜਾਂਦੇ ਹਨ, ਪਤੀ ਪਤਨੀ ਵਸਤਾਂ ਬਣ ਜਾਂਦੇ ਹਨ ਤੇ ਇਕ ਦੂਜੇ ਦਾ ਵੱਧ ਤੋਂ ਵੱਧ ਉਪਯੋਗ ਕਰਨਾ ਜ਼ਿੰਦਗੀ ਦਾ ਅੰਤਿਮ ਉਦੇਸ਼ ਰਹਿ ਜਾਂਦਾ ਹੈ। ਕਹਾਣੀ ਵਿਚ ਕਥਾ ਰਸ ਦੀ ਹੋਂਦ ਕਾਰਨ ਲੇਖਕ ਦਾ ਸਿਰਜਿਆ ਯਥਾਰਥ ਪਾਠਕਾਂ ਦੇ ਯਥਾਰਥ ਨਾਲ ਇਕਮਿਕ ਹੋ ਜਾਂਦਾ ਹੈ। ਪੁਸਤਕ ਦੀ ਕਹਾਣੀ 'ਜੜ੍ਹਾਂ' ਨੇੜਲੇ ਰਿਸ਼ਤਿਆਂ ਵਿਚਲੇ ਵਰਜਿਤ ਸੰਬੰਧਾਂ ਦੀ ਕਹਾਣੀ ਹੈ। ਜਸ਼ਨ ਤੇ ਸੁਪ੍ਰੀਤ ਚੜ੍ਹਦੀ ਉਮਰ ਦਾ ਸਾਥ ਮਾਣਦੇ ਨੇੜਲੇ ਰਿਸ਼ਤਿਆਂ ਨੂੰ ਭੁੱਲ ਕੇ ਇਕੋ ਪਰਿਵਾਰ ਵਿਚ ਆਪਣੀਆਂ ਜੜ੍ਹਾਂ ਲਾ ਲੈਂਦੇ ਹਨ। ਜਸ਼ਨ ਦੇ ਵਿਆਹ ਪਿਛੋਂ ਉਸਦੇ ਪਤੀ ਦੀ ਮੌਤ ਸੁਪ੍ਰੀਤ ਲਈ ਇਹਨਾਂ ਜੜ੍ਹਾਂ ਨੂੰ ਡੂੰਘੀਆਂ ਕਰਨ ਵਿਚ ਮਦਦ ਕਰ ਜਾਂਦੀ ਹੈ। ਵਰਜਿਤ ਰਿਸ਼ਤੇ ਪੁਰਾਣੀ ਪੀੜ੍ਹੀ ਲਈ ਸੰਤਾਪ ਬਣਦੇ ਹਨ। ਲੇਖਕ ਨੇ ਜਸ਼ਨ ਦੇ ਮੂੰਹੋਂ ਇਹ ਵਾਰਤਾਲਾਪ ਅਖਵਾ ਕੇ ਉਸਦੀ ਆਪਣੇ ਚਾਚੇ ਦੇ ਪੁੱਤਰ ਨਾਲ ਜਿਸਮਾਨੀ ਸਾਂਝ ਨੂੰ ਇਕ ਸੂਤਰ ਵਿਚ ਬੰਨ੍ਹ ਦਿੱਤਾ ਹੈ, "ਇਹ ਤੁਸੀਂ ਕੀ ਕਹਿ ਰਹੇ ਚਾਚਾ ਜੀ ? ਮੈਂ ਕਿਹਾ ਨਾ.... ਮੇਰੀ ਜੜ੍ਹ ਇਸ ਘਰ ਵਿਚ ਬਹੁਤ ਡੂੰਘੀ ਚਲੀ ਗਈ ਹੈ।" (ਪੰਨਾ 93) ਪੁਸਤਕ ਦੀ ਕਹਾਣੀ 'ਸੂਰੇ' 1947 ਦੇ ਦੁਖਾਂਤ 'ਤੇ ਅਧਾਰਤ ਹੈ। ਲੇਖਕ ਧਾਰਮਿਕ ਜਨੂੰਨ ਦੇ ਸ਼ਿਕਾਰ ਲੋਕਾਂ ਵੱਲੋਂ 47 ਦੇ ਬਟਵਾਰੇ ਦੌਰਾਨ ਦੂਜੇ ਧਰਮ ਦੇ ਨਿਰਦੋਸ਼ ਲੋਕਾਂ ਦਾ ਕਤਲੇਆਮ ਕਰਦਿਆਂ ਦਰਸਾ ਕੇ ਉਹਨਾਂ ਦੀ 'ਸੂਰਮਤਾ' ਤੇ ਦੁਖਦ ਵਿਅੰਗ ਕੱਸਦਾ ਹੈ। 'ਆਪਣਾ ਘਰ' ਕਹਾਣੀ ਪੜ੍ਹੇ ਲਿਖੇ ਸਕੂਲ ਅਧਿਆਪਕ ਅਧਿਆਪਕਾਂ ਦੇ ਅੰਤਰਜਾਤੀ ਵਿਆਹ ਦਾ ਬਿਰਤਾਂਤ ਹੈ। ਕਹਾਣੀ ਵਿਚ ਅਖੌਤੀ ਉੱਚ ਵਰਗ ਦੀ ਅਧਿਆਪਕਾ ਅਖੌਤੀ ਨੀਵੇਂ ਵਰਗ ਦੇ ਅਧਿਆਪਕ ਨਾਲ ਪ੍ਰੇਮ ਵਿਆਹ ਲਈ ਰਾਜ਼ੀ ਹੁੰਦੀ ਹੈ। ਕਹਾਣੀ ਅੰਤਰਜਾਤੀ ਵਿਆਹ ਨਾਲ ਜੁੜੀਆਂ ਕਹਾਣੀਆਂ ਦੇ ਸੁਖਦ ਅੰਤ ਵਾਲੇ ਪੈਟਰਨ 'ਤੇ ਉਸਾਰੀ ਹੈ। ਨਵੀਂ ਕਹਾਣੀ ਇਸ ਅੰਤ ਤੋਂ ਸ਼ੁਰੂ ਹੁੰਦੀ ਹੈ। ਕਿਤਾਬ ਦੀਆਂ ਦੂਜੀਆਂ ਕਹਾਣੀਆਂ ਵੀ ਚਰਚਾਯੋਗ ਹਨ। ਲੇਖਕ ਕੋਲ ਜ਼ਿੰਦਗੀ ਦਾ ਗਹਿਰਾ ਅਨੁਭਵ ਹੈ। ਇਕਹਿਰੀ ਬਿਰਤਾਂਤਕਾਰੀ, ਜਟਿਲਤਾ ਤੋਂ ਮੁਕਤ ਤੇ ਸਹਿਜ ਸੁਭਾਵਕ ਕਥਾ ਕ੍ਰਮ ਗੁਰਦਿਆਲ ਦਲਾਲ ਦੀਆਂ ਕਹਾਣੀਆਂ ਦਾ ਪ੍ਰਧਾਨ ਤੱਤ ਹੈ। ਪੁਸਤਕ ਦਾ ਸਵਾਗਤ ਕਰਨਾ ਬਣਦਾ ਹੈ।

## ਤੁਸੀਂ ਨਹੀਂ ਸਮਝ ਸਕਦੇ (ਕਹਾਣੀ ਸੰਗ੍ਰਹਿ)/ਜਿੰਦਰ
## ਸੰਗਮ ਪ੍ਰਕਾਸ਼ਨ, ਸਮਾਣਾ

'ਤੁਸੀਂ ਨਹੀਂ ਸਮਝ ਸਕਦੇ' ਕਹਾਣੀ ਸੰਗ੍ਰਹਿ ਜਿੰਦਰ ਦੀ ਚਰਚਿਤ ਪੁਸਤਕ ਹੈ। ਚੌਥੀ ਵਾਰ ਛਪੇ ਇਸ ਸੰਗ੍ਰਹਿ ਦੀਆਂ ਕਹਾਣੀਆਂ ਇੰਗਲਿਸ਼, ਬੰਗਲਾ, ਸ਼ਾਹਮੁਖੀ ਲਿੱਪੀ, ਮਰਾਠੀ, ਤਾਮਿਲ, ਰਾਜਸਥਾਨੀ, ਨੇਪਾਲੀ ਅਤੇ ਕਸ਼ਮੀਰੀ ਆਦਿ ਭਾਸ਼ਾਵਾਂ ਵਿਚ ਵੀ ਛਪੀਆਂ ਹਨ। ਪੰਜਾਬੀ ਕਹਾਣੀਕਾਰ ਦਾ ਸਮਕਾਲੀ ਭਾਰਤੀ ਸਾਹਿਤ ਦੇ ਪਾਠਕਾਂ ਤੱਕ ਪੁੱਜਣਾ ਆਪਣੇ ਆਪ ਵਿਚ ਵੱਡੀ ਪ੍ਰਾਪਤੀ ਹੈ। ਇਸ ਪੁਸਤਕ ਵਿਚ 10 ਕਹਾਣੀਆਂ ਦਰਜ ਹਨ। ਇਹ ਕਹਾਣੀਆਂ ਔਰਤ ਮਰਦ ਸੰਬੰਧਾਂ, ਕਾਮ ਦੇ ਮਸਲਿਆਂ ਅਤੇ ਸਮਾਜਿਕ ਤਣਾਵਾਂ ਨੂੰ ਰੌਚਿਕ ਬਿਰਤਾਂਤ-ਪ੍ਰਬੰਧ ਦੁਆਰਾ ਪੇਸ਼ ਕਰਦੀਆਂ ਹਨ। 'ਕਤਲ' ਕਹਾਣੀ ਉਸਦੀ ਸ਼ਾਹਕਾਰ ਰਚਨਾ ਹੈ ਜਿਸ ਵਿਚ ਕਹੇ ਨਾਲੋਂ ਅਣਕਿਹਾ ਬਿਰਤਾਂਤ ਪਰਿਵਾਰਕ ਰਿਸ਼ਤਿਆਂ ਵਿੱਚ ਫੈਲੀ ਚੁੱਪ ਤੇ ਖਾਮੋਸ਼ੀ ਨੂੰ ਜ਼ੁਬਾਨ ਦਿੰਦਾ ਹੈ। ਕਹਾਣੀ ਦਾ ਅਨਿਸ਼ਚਿਤ ਅੰਤ ਇਸ ਦੀਆਂ ਅਰਥ-ਧੁਨੀਆਂ ਨੂੰ ਹੋਰ ਫੈਲਾਅ ਦਿੰਦਾ ਹੈ। 'ਬੱਸ ਹੁਣ ਤੂੰ ਸੌਂ ਜਾਵੀਂ' ਕਹਾਣੀ ਵਿਚ ਔਰਤ ਦੀਆਂ ਜਿਸਮਾਨੀ ਲੋੜਾਂ ਦੀ ਪੂਰਤੀ ਰਿਸ਼ਤਿਆਂ ਦੇ ਸੰਸਕ੍ਰਿਤਕ ਪ੍ਰਤੀਮਾਨਾਂ ਨੂੰ ਤੋੜ ਦਿੰਦੀ ਹੈ। ਇਹ ਆਧੁਨਿਕ ਔਰਤ ਦੀ ਇਕੱਲਤਾ ਤੇ ਅਤ੍ਰਿਪਤਾ ਦਾ ਸਹਿਜ ਬਿਰਤਾਂਤ ਹੈ। 'ਤੁਸੀਂ ਨਹੀਂ ਸਮਝ ਸਕਦੇ' ਕਹਾਣੀ ਮਾਲਕ ਤੇ ਨੌਕਰ ਵਰਗ ਦੇ ਅੱਡੋ-ਅੱਡਰੀ ਮਾਨਸਿਕਤਾ ਨੂੰ ਦਰਸਾਂਦੇ ਸੱਚ ਹਨ। ਕਹਾਣੀ ਦਾ ਕਥਾ ਨਾਇਕ ਨੌਕਰ ਪਾਤਰ ਮਾਲਕਾਂ ਵੱਲੋਂ ਉਸ ਸਬੰਧੀ ਪੁੱਛਗਿੱਛ ਕਰਨ 'ਤੇ ਮਾਨਸਿਕ ਟੁੱਟ ਭੱਜ ਤੇ ਅਲਗਾਵ ਦਾ ਸ਼ਿਕਾਰ ਹੋ ਜਾਂਦਾ ਹੈ। ਪੁਸਤਕ ਦੀ ਕਹਾਣੀ 'ਕਾਲੀ ਧੁੱਪ' ਤੇ 'ਦੋ ਮਿੰਟ ਹੋਰ ਰੁਕ ਜਾ' ਮਨੁੱਖ ਦੀ ਸ਼ਖ਼ਸੀਅਤ ਦੇ ਅੰਤਰ-ਵਿਰੋਧਾਂ ਦਾ ਪ੍ਰਗਟਾਵਾ ਹੈ। 'ਮਾਂ ਨੇ ਨਹੀਂ ਰੋਕਿਆ' ਕਹਾਣੀ ਵਿਚ ਪਿਉ-ਧੀ ਅਤੇ ਮਾਂ ਦੇ ਰਿਸ਼ਤਿਆਂ ਦੀ ਤਿਕੋਣ ਸਿਰਜ ਕੇ ਲੇਖਕ ਨੇ ਹਰ ਰਿਸ਼ਤੇ ਦੀ ਸਮਾਜਿਕ ਸਥਿਤੀ ਤੇ ਮਾਣ ਮਰਿਆਦਾ ਵਿਚਕਾਰ ਸੰਤੁਲਨ ਸਿਰਜਿਆ ਹੈ। ਕਹਾਣੀ ਵਿਚ ਪਸਰੀ ਚੁੱਪ ਤੇ ਤਣਾਅ ਹੀ ਇਸ ਦਾ ਹਾਸਲ ਹੈ। ਜਿੰਦਰ ਦੀਆਂ ਕਹਾਣੀਆਂ ਸੰਬੰਧੀ ਪੁਸਤਕ ਦੇ ਆਰੰਭ ਵਿਚ ਲਿਖੇ ਪਰਚੇ ਵਿਚ ਡਾ. ਧਨਵੰਤ ਕੌਰ ਲਿਖਦੀ ਹੈ, "ਉਂਜ ਸ਼ਿਲਪ ਪੱਖੋਂ ਕਹਾਣੀ ਕਹਿਣ ਦੀ ਉਸਨੂੰ ਜਾਂਚ ਹੈ। ਆਪਣੇ ਕਥਾ ਨਾਇਕ ਦੇ ਭਾਵਾਂ, ਜਜ਼ਬਿਆਂ, ਵਿਗੋਚਿਆਂ, ਤੌਖਲਿਆਂ, ਦੁਬਿਧਾਵਾਂ, ਮਕਾਰੀਆਂ ਨੂੰ ਉਹ ਨਿੱਕੇ ਨਿੱਕੇ ਪ੍ਰਭਾਵਸ਼ਾਲੀ ਵਾਕਾਂ ਰਾਹੀਂ ਇੰਨੀ ਤਰੱਦਦ ਨਾਲ ਬੁਣਦਾ ਹੈ ਕਿ ਕਹਾਣੀ ਰਸ ਅਤੇ ਕਲਾਤਮਕ ਰਹੱਸ ਉਸਦੀ ਕਹਾਣੀ ਦੇ ਮਿਆਰੀ ਗੁਣ ਹੋ ਨਿਬੜਦੇ ਹਨ।"

## ਮੈਂ, ਕਹਾਣੀ ਤੇ ਉਹ (ਕਹਾਣੀ ਸੰਗ੍ਰਹਿ)/ ਜਿੰਦਰ
## ਸੁੰਦਰ ਬੁੱਕ ਡਿਪੋ, ਜਲੰਧਰ

ਚੌਥੇ ਪੜਾਅ ਦੀ ਪੰਜਾਬੀ ਕਹਾਣੀ ਨੂੰ ਵਸਤੂ, ਵਿਧੀ ਅਤੇ ਦ੍ਰਿਸ਼ਟੀ ਪੱਖੋਂ ਨਵੀਂ ਦਿਸ਼ਾ ਦੇਣ ਵਿਚ ਜਿਹੜੇ ਕਹਾਣੀਕਾਰਾਂ ਨੇ ਆਪਣਾ ਯੋਗਦਾਨ ਪਾਇਆ ਹੈ ਉਹਨਾਂ ਵਿਚ ਜਿੰਦਰ ਦਾ ਨਾਮ ਵਿਸ਼ੇਸ਼ ਹੈ। 'ਮੈਂ ਕਹਾਣੀ ਤੇ ਉਹ' ਉਸਦਾ ਪਹਿਲਾ ਕਹਾਣੀ ਸੰਗ੍ਰਹਿ ਹੈ ਜਿਸ ਦਾ ਨਵਾਂ ਐਡੀਸ਼ਨ ਇਸੇ ਸਾਲ ਛਪ ਕੇ ਸਾਹਮਣੇ ਆਇਆ ਹੈ। ਇਸ ਪੁਸਤਕ ਵਿਚ ਲੇਖਕ ਦੀਆਂ ਬਾਰਾਂ ਕਹਾਣੀਆਂ ਹਨ। ਪੁਸਤਕ ਦੇ ਸਿਰਲੇਖ ਵਾਲੀ ਕਹਾਣੀ ਬੇਰੁਜ਼ਗਾਰੀ ਨਾਲ ਜੂਝਦੇ ਨੌਜਵਾਨ ਵਰਗ ਦੀ ਬੇਵਸ ਜ਼ਿੰਦਗੀ ਦਾ ਬਿਰਤਾਂਤ ਹੈ। 'ਬਲਾਤਕਾਰ' ਕਹਾਣੀ ਕਮਿਊਨਿਸਟ ਪਾਤਰ ਦੇ ਜੀਵਨ ਵਿਚਲੀ ਸਿਧਾਂਤਕ ਤੇ ਵਿਹਾਰਕ ਵਿੱਥ ਨੂੰ ਦੱਸਦੀ ਹੈ। ਉਕਤ ਪਾਤਰ ਸ਼ੋਸ਼ਲ ਧਿਰ ਦਾ ਪੁਰਜ਼ਾ ਬਣ ਕੇ ਜੀਵਨ-ਆਦਰਸ਼ਾਂ ਨਾਲ ਬਲਾਤਕਾਰ ਕਰਦਾ ਮੁਖੌਟਾਧਾਰੀ ਜ਼ਿੰਦਗੀ ਜੀਉਂਦਾ ਹੈ। 'ਪਾਣੀ ਦੇ ਸੱਪ' ਕਹਾਣੀ ਪ੍ਰਤੀਕਾਰਤਮਕ ਅਰਥਾਂ ਵਿਚ ਭ੍ਰਿਸ਼ਟ ਅਫਸਰਸ਼ਾਹੀ ਦੇ ਸ਼ਿਕਾਰ ਮਿਹਨਤਕਸ਼



ਕਰਮਚਾਰੀਆਂ ਦੀ ਵਿਥਿਆ ਦੱਸਦੀ ਹੈ। 'ਦੋਹਾਂ ਦਾ ਹੀ' ਕਹਾਣੀ ਪੁਲੀਸਤੰਤਰ ਵੱਲੋਂ ਆਗੂਆਂ ਦੀ ਚਾਪਲੂਸੀ ਕਰਦਿਆਂ ਦੇਸ਼ ਦੇ ਸਾਧਾਰਨ ਨਾਗਰਿਕਾਂ ਨਾਲ ਹੁੰਦੇ ਧੱਕੇ ਤੇ ਬੇਇਨਸਾਫੀ ਦਾ ਨਾਟਕੀ ਬਿਰਤਾਂਤ ਹੈ। 'ਆਪਣਿਆਂ 'ਚ' ਕਹਾਣੀ ਦੀ ਫਿਲਾਸਫੀ ਹਰ ਉਸ ਬੰਦੇ ਦੇ ਅਵੇਚਤਨ ਨਾਲ ਜੁੜਦੀ ਹੈ ਜਿਹੜਾ ਵਿੱਤੀ ਤੇ ਸਮਾਜਿਕ ਹੀਣਤਾ ਭੋਗਣ ਦੇ ਬਾਵਜੂਦ ਆਪਣੇ ਵਰਗ ਦੇ ਲੋਕਾਂ ਵਿਚ ਇੱਜ਼ਤ ਮਾਣ ਅਤੇ ਅਣਖ ਦੀ ਆਸ ਰੱਖਦਾ ਹੈ। ਪੁਸਤਕ ਦੀਆਂ ਹੋਰ ਕਹਾਣੀਆਂ ਵੀ ਆਪਣੇ ਸਹਿਜ ਸਾਧਾਰਨ ਬਿਰਤਾਂਤ, ਨਾਟਕੀਯਤਾ ਅਤੇ ਕਥਾ-ਰਸ ਕਾਰਨ ਪਾਠਕਾਂ ਦੇ ਚੇਤੇ ਮੱਲਣ ਵਾਲੀਆਂ ਹਨ। ਨਿੱਕੇ-ਨਿੱਕੇ ਕਥਾ-ਵੇਰਵਿਆਂ ਤੇ ਸਾਧਾਰਨ ਪਾਤਰਾਂ ਦੀ ਮਦਦ ਨਾਲ ਜ਼ਿੰਦਗੀ ਦਾ ਗੂੜ ਅਰਥ ਕੱਢਣਾ ਇਨ੍ਹਾਂ ਕਹਾਣੀਆਂ ਦਾ ਵੱਡਾ ਹਾਸਲ ਹੈ। ਆਮ ਬੰਦੇ ਨੂੰ ਕਥਾ ਦਾ ਕੇਂਦਰ ਬਣਾ ਕੇ ਲੇਖਕ ਨੇ ਆਪਣੀ ਬਿਰਤਾਂਤ-ਸਿਰਜਣਾ ਵਿਚ ਮਾਨਸਿਕ ਦਵੰਦਤਾ, ਮਾਨਵੀ ਸੁਭਾਅ ਦੀਆਂ ਖਸ਼ਲਤਾਂ, ਸਵੈ ਜੀਵਨੀਪਰਕ ਘਟਨਾਵਾਂ ਬਿਰਤਾਂਤ ਓਹਲੇ ਜਿਹੇ ਤੱਤਾਂ ਦਾ ਮਿਸ਼ਰਣ ਕਰੀਂ ਰੱਖਿਆ ਹੈ। ਲੇਖਕ ਦੀ ਹਰ ਕਹਾਣੀ ਦਾ ਕੋਈ ਨਾ ਕੋਈ ਇਕ ਵਾਰਤਾਲਾਪ ਪੂਰੀ ਕਹਾਣੀ ਦੀ ਘੁੰਡੀ ਨੂੰ ਜ਼ਰੂਰ ਖੋਲ੍ਹ ਜਾਂਦਾ ਹੈ।

## ਗੁਰੂ ਮਹਿਲ ਗਾਥਾ/ਡਾ. ਮਹਿੰਦਰ ਕੌਰ ਗਿੱਲ

ਗੁਰਮਤਿ ਚਿੰਤਨ ਦੇ ਖੇਤਰ ਵਿਚ ਡਾ. ਮਹਿੰਦਰ ਕੌਰ ਗਿੱਲ ਦਾ ਨਾਮ ਵਿਸ਼ੇਸ਼ ਹੈ। ਉਹਨਾਂ ਗੁਰਮਤਿ ਸਿਧਾਂਤਾਂ ਤੇ ਗੁਰਮਤਿ ਸਾਹਿਤ ਪਰੰਪਰਾ ਨੂੰ ਸਮਤੋਲ ਅਧਿਐਨ ਦ੍ਰਿਸ਼ਟੀ ਦੁਆਰਾ ਸਮਝ ਵਿਚਾਰ ਕੇ ਸਿੱਖ ਚਿੰਤਨ ਦੀ ਇਨਕਲਾਬੀ ਪੱਧਰ ਦੀ ਸਭਿਆਚਾਰਕ ਭੂਮਿਕਾ ਨੂੰ ਰੂਪਮਾਨ ਕੀਤਾ ਹੈ। 'ਗੁਰੂ ਮਹਿਲ ਗਾਥਾ' ਉਹਨਾਂ ਦੀ ਨਵੀਨ ਪੁਸਤਕ ਹੈ ਜਿਸ ਵਿਚ ਉਨ੍ਹਾਂ ਸਿੱਖ ਧਰਮ ਦੇ ਸਿਧਾਂਤ ਤੇ ਵਿਹਾਰ ਵਿਚ ਔਰਤ ਨੂੰ ਦਿੱਤੇ ਸਤਿਕਾਰਯੋਗ ਸਥਾਨ ਦੀ ਵਡਮੁੱਲੀ ਚਰਚਾ ਕੀਤੀ ਹੈ। ਭਾਰਤੀ ਧਰਮ ਤੇ ਇਤਿਹਾਸ ਵਿਚ ਸਦੀਆਂ ਤੋਂ ਪੁਰਖਤੰਤਰ ਵਲੋਂ ਘੜੇ ਸੱਤਾ-ਪ੍ਰਬੰਧ ਦੇ ਦਮਨ ਦੀ ਸ਼ਿਕਾਰ ਔਰਤ ਨੂੰ ਸਿੱਖ ਧਰਮ ਚਿੰਤਨ ਵਿਚ ਮਰਦ ਦੇ ਬਰਾਬਰ ਦਾ ਰੁਤਬਾ ਮਿਲਣਾ ਸਰਬਕਾਲੀ ਸਾਰਥਿਕ ਕਦਮ ਹੈ। ਇਸ ਪੁਸਤਕ ਵਿਚ ਲੇਖਿਕਾ ਨੇ ਗੁਰੂ ਮਹਿਲ ਪਰੰਪਰਾ 'ਤੇ ਮੁੱਢਲਾ ਲੇਖ ਲਿਖ ਕੇ ਭਾਰਤ ਦੇ ਦੂਜੇ ਧਰਮਾਂ ਵਿਚ ਔਰਤ ਸੰਬੰਧੀ ਮਿਲਦੇ ਚਿੰਤਨ ਬਾਰੇ ਚਰਚਾ ਕਰਕੇ ਅੰਤਰ ਧਰਮੀ ਸੰਵਾਦ ਵਰਗਾ ਮੁੱਲਵਾਨ ਕਾਰਜ ਕੀਤਾ ਹੈ। ਪਿਛੋਂ ਉਹਨਾਂ ਮਾਤਾ ਸੁਲੱਖਣੀ, ਮਾਤਾ ਖੀਵੀ, ਮਾਤਾ ਮਨਸਾ ਦੇਵੀ, ਬੀਬੀ ਭਾਨੀ, ਮਾਤਾ ਗੰਗਾ, ਮਾਤਾ ਨਾਨਕੀ, ਮਾਤਾ ਕ੍ਰਿਸ਼ਨ ਕੌਰ, ਮਾਤਾ ਗੁਜ਼ਰੀ, ਮਾਤਾ ਸੁੰਦਰੀ ਤੇ ਸਾਹਿਬ ਦੇਵਾਂ ਜੀ ਬਾਰੇ ਸੰਵਾਦ ਰਚਾ ਕੇ ਗੁਰੂ ਮਹਿਲ ਪਰੰਪਰਾ ਸੰਬੰਧੀ ਮੌਲਿਕ ਤੇ ਸਲਾਹੁਣਯੋਗ ਖੋਜ ਕਾਰਜ ਕੀਤਾ ਹੈ। ਪੁਸਤਕ ਇਤਿਹਾਸ ਸਿਰਜਣਾ ਤੇ ਪਰੰਪਰਾਗਤ ਪ੍ਰਤਿਮਾਨਾਂ ਤੋਂ ਸੁਚੇਤ ਵਿੱਥ ਥਾਪ ਕੇ ਪੰਜਾਬ ਦੇ ਇਤਿਹਾਸ, ਸਿਖ ਧਰਮ ਤੇ ਸਿੱਖ ਚਿੰਤਨ ਵਿਚ ਨਾਰੀ ਦੀ ਭੂਮਿਕਾ ਤੇ ਮਹੱਤਵਪੂਰਨ ਰੁਤਬੇ ਬਾਰੇ ਚਰਚਾ ਕਰਦੀ ਹੈ। ਨਵਯੁਗ ਪਬਲਿਸ਼ਰਜ਼ ਵੱਲੋਂ ਛਾਪੀ ਇਸ ਪੁਸਤਕ ਦੀ ਦਿਖ ਤੇ ਪ੍ਰਭਾਵ ਮਹੱਤਵਪੂਰਨ ਹੈ।

## ਵਾਹਗੇ ਪਾਰ ਦੇ ਪੰਜਾਬੀ ਕਵੀ/ਸੰਪਾਦਕ ਡਾ. ਹਰਪ੍ਰੀਤ ਸਿੰਘ ਹੁੰਦਲ

ਇਸ ਪੁਸਤਕ ਵਿਚ ਲਹਿੰਦੇ ਪੰਜਾਬ ਦੇ 19 ਕਵੀਆਂ ਦੀ ਸ਼ਖ਼ਸੀਅਤ, ਵਿਚਾਰਧਾਰਾ ਤੇ ਕਾਵਿ ਸ਼ੈਲੀ ਬਾਰੇ ਆਲੋਚਨਾਤਮਕ ਲੇਖ ਦਰਜ ਹਨ। ਇਹਨਾਂ ਲੇਖਾਂ ਦੀ ਰਚਨਾ ਡਾ. ਹਰਭਜਨ ਸਿੰਘ ਹੁੰਦਲ ਨੇ ਕੀਤੀ ਹੈ ਤੇ ਪੁਸਤਕ ਨੂੰ ਸੰਪਾਦਨਾ ਦੇ ਰੂਪ ਵਿਚ ਉਹਨਾਂ ਦੇ ਸਪੁੱਤਰ ਡਾ.

ਹਰਪ੍ਰੀਤ ਸਿੰਘ ਹੁੰਦਲ ਨੇ ਪੇਸ਼ ਕੀਤਾ ਹੈ। ਇਹਨਾਂ ਕਵੀਆਂ ਬਾਰੇ ਗੁਰਮੁਖੀ ਲਿਪੀ ਵਿਚ ਰਚਿਆ ਜਾਣਾ ਦੋਹਾਂ ਪੰਜਾਬਾਂ ਦੀ ਸਾਂਝੀ ਸਾਹਿਤਕ ਤੇ ਸਭਿਆਚਾਰਕ ਵਿਰਾਸਤ ਨੂੰ ਪ੍ਰਕਾਸ਼ ਵਿਚ ਲਿਆਉਂਦਾ ਹੈ। ਲੇਖਕ ਡਾ. ਹੁੰਦਲ ਦੀ ਕਾਵਿ ਸਿਧਾਂਤਾਂ ਪ੍ਰਤੀ ਡੂੰਘੀ ਸਮਝ ਤੇ ਪਾਕਿਸਤਾਨ ਦੇ ਰਾਜਸੀ, ਧਾਰਮਿਕ ਤੇ ਸਮਾਜਿਕ ਹਾਲਾਤਾਂ ਦੀ ਗਹਿਰੀ ਜਾਣਕਾਰੀ ਪੁਸਤਕ ਦੀ ਰਚਨਾ-ਪ੍ਰਕਿਰਿਆ ਵਿਚ ਕਾਰਜਸ਼ੀਲ ਹੈ। ਸ਼ਾਮਿਲ ਕਵੀਆਂ ਵਿਚ ਫ਼ਖ਼ਰ ਜਮਾਨ ਦੀ ਪ੍ਰਯੋਗਸ਼ੀਲਤਾ, ਤਨਵੀਰ ਦੀ ਗ਼ਜ਼ਲਕਾਰੀ, ਜਾਵੇਦ ਦਾ ਵਿਦਰੋਹੀ ਸੁਰ, ਹਬੀਬ ਦੀ ਸੰਵੇਦਨਸ਼ੀਲਤਾ, ਬਾਬਾ ਨਜ਼ਮੀ ਦੇ ਅਵਾਮੀ ਸਰੋਕਾਰ, ਫੈਜ਼ ਦਾ ਸੁਹਜ-ਸੰਘਰਸ਼, ਅਹਿਮਦ ਸਲੀਮ ਦਾ ਪ੍ਰਗਤੀ-ਮੁਹਾਵਰਾ ਆਦਿ ਨੂੰ ਉਭਾਰਿਆ ਗਿਆ ਹੈ। ਰੰਧਾਵਾ, ਜਫ਼ਰ ਇਕਬਾਲ, ਸਦੀਕੀ, ਦਾਮਨ, ਜ਼ਾਲਿਬ, ਅਖਤਰ, ਜਹਾਂਗੀਰ, ਸਯਦ, ਬਿਸਮਿਲ, ਰਫਾਕਤ, ਇਰਾਫੀ ਵਰਗੇ ਕਵੀਆਂ ਚਿੰਤਕਾਂ ਦੇ ਕਾਵਿ-ਸਰੋਕਾਰ ਵੀ ਪੇਸ਼ ਹੋਏ ਹਨ। ਮੁੱਢਲਾ ਲੇਖ ਲਹਿੰਦੇ ਪੰਜਾਬ ਦੀ ਕਵਿਤਾ ਦਾ ਰਾਜਸੀ ਪਿਛੋਕੜ ਪੇਸ਼ ਕਰਦਾ ਹੈ।

## ਨੈਨੋ ਟੈਕਨਾਲੋਜੀ (ਅਗਲੀ ਕ੍ਰਾਂਤੀ)/ਮੋਹਨ ਸੁੰਦਰ ਰਾਜਨ ਅਨੁ: ਡਾ. ਕੁਲਦੀਪ ਸਿੰਘ ਧੀਰ

ਨੈਸ਼ਨਲ ਬੁਕ ਟ੍ਰਸਟ ਵਲੋਂ ਛਾਪੀ ਇਹ ਪੁਸਤਕ ਪੰਜਾਬੀ ਪਾਠਕਾਂ ਨੂੰ ਲਾਜ਼ਮੀ ਪੜ੍ਹਨੀ ਚਾਹੀਦੀ ਹੈ। ਪਿਛਲੇ ਕੁਝ ਸਾਲਾਂ ਤੋਂ ਨੈਨੋ ਵਿਗਿਆਨ ਤੇ ਨੈਨੋ ਤਕਨੀਕ ਦੀਆਂ ਸੰਭਾਵਨਾਵਾਂ ਨੇ ਮਨੁੱਖੀ ਸਭਿਅਤਾਂ ਨੂੰ ਜਿਸ ਤਰ੍ਹਾਂ ਪ੍ਰਭਾਵਿਤ ਕੀਤਾ ਹੈ ਉਸਦਾ ਵਿਸਤ੍ਰਿਤ ਵਰਨਣ ਪੁਸਤਕ ਵਿਚ ਦਰਜ ਹੈ। ਰਸਾਇਣ, ਭੌਤਿਕ, ਜੀਵ ਤੇ ਪਦਾਰਥ ਵਿਗਿਆਨ ਸਮੇਤ ਮਾਨਵੀ ਜੀਵਨ ਦਾ ਹਰ ਪੱਖ ਨੈਨੋ-ਟੈਕਨਾਲੋਜੀ ਨਾਲ ਜੁੜੇ ਖੋਜ ਕਾਰਜਾਂ ਨਾਲ ਕਿਵੇਂ ਵਾਬਸਤਾ ਹੈ ਇਸਦਾ ਜ਼ਿਕਰ ਪੁਸਤਕ ਦੇ ਦਸ ਲੇਖਾਂ ਵਿਚ ਰੌਚਿਕ ਸ਼ੈਲੀ ਦੁਆਰਾ ਰੂਪਮਾਨ ਹੋਇਆ ਹੈ। ਸੂਖਮ ਦੀ ਮਹੱਤਤਾ, ਮਾਈਕਰੋਸੋਪਾਂ ਦਾ ਨਵਾਂ-ਮੁਹਾਂਦਰਾ, ਪਦਾਰਥ ਦੇ ਨਵੇਂ ਰੂਪ, ਨੈਨੋ-ਯੁਗ ਤੇ ਨੈਨੋ-ਟੈਕਨਾਲੋਜੀ ਦੀ ਗਲਤ ਵਰਤੋਂ ਸੰਬੰਧੀ ਪੁਸਤਕ ਵਿਚ ਸਰਲ ਤੇ ਦਿਲਚਸਪ ਸ਼ੈਲੀ ਵਿਚ ਕੀਤਾ ਚਿੰਤਨਾ ਬੇਹੱਦ ਮੁੱਲਵਾਨ ਹੈ। ਮੂਲ ਲੇਖਕ ਮੋਹਨ ਸੁੰਦਰ ਰਾਜਨ ਜਾਣੇ-ਪਛਾਣੇ ਵਿਗਿਆਨੀ ਹਨ ਤੇ ਅਨੁਵਾਦਕ ਡਾ. ਕੁਲਦੀਪ ਸਿੰਘ ਧੀਰ ਸਾਹਿਤ, ਵਿਗਿਆਨ ਤੇ ਧਰਮ-ਚਿੰਤਨ ਦੇ ਪ੍ਰਬੁੱਧ ਲੇਖਕ ਹਨ। ਅਨੁਵਾਦ ਦੀ ਖ਼ੂਬਸੂਰਤੀ ਨਾਲ ਪੁਸਤਕ ਹੋਰ ਮਹੱਤਵਪੂਰਨ ਬਣ ਗਈ ਹੈ।

## ਕਾਲ ਕਾਲਾਂਤਰ (ਕਹਾਣੀ ਸੰਗ੍ਰਹਿ) /ਸਰੂਪ ਸਿਆਲਵੀ

ਮੌਜੂਦਾ ਦਲਿਤ ਪੰਜਾਬੀ ਕਹਾਣੀ ਵਿਚ ਸਰੂਪ ਸਿਆਲਵੀ ਆਪਣੀ ਵੱਖਰੀ ਪਛਾਣ ਰੱਖਦਾ ਹੈ। ਉਸਦੇ ਕਥਾ-ਸਰੋਕਾਰ ਸਮਾਜਿਕ ਤੇ ਆਰਥਿਕ ਪਛੜੇਵੇਂ ਦੇ ਸ਼ਿਕਾਰ ਉਹਨਾਂ ਲੋਕਾਂ ਨਾਲ ਜੁੜੇ ਹਨ ਜਿਹੜੇ ਸਦੀਆਂ ਤੋਂ ਸੱਤਾ ਦੇ ਦਮਨ-ਤੰਤਰ ਦੀ ਚੱਕੀ ਵਿਚ ਪਿਸ ਰਹੇ ਹਨ। ਇਸ ਪੁਸਤਕ ਵਿਚ ਲੇਖਕ ਦੀਆਂ ਚਾਰ ਕਹਾਣੀਆਂ ਸ਼ਾਮਿਲ ਹਨ ਜਿਹਨਾਂ ਵਿਚੋਂ ਕਾਲ ਕਾਲਾਂਤਰ ਤੇ ਕੁੰਤੀ ਪੁੱਤਰ ਕਰਨ ਨਾਮਕ ਕਹਾਣੀਆਂ ਭਾਰਤੀ ਮਿਥਿਹਾਸ, ਧਰਮ ਤੇ ਇਤਿਹਾਸ ਦੇ ਵਿਰੋਧਾਭਾਸਕ ਕਿਰਦਾਰ ਨੂੰ ਪੇਸ਼ ਕਰਦੀਆਂ ਜਾਤੀ ਅਵਚੇਤਨ ਦੇ ਵਿਭਿੰਨ ਪਾਸਾਰ ਸਿਰਜਦੀਆਂ ਹਨ। 'ਕਾਲ ਕਾਲਾਂਤਰ' ਕਹਾਣੀ ਬਾਰੇ ਆਲੋਚਕ ਡਾ. ਸਰਬਜੀਤ ਸਿੰਘ ਦੀ ਪੁਸਤਕ 'ਤੇ ਲਿਪੀ ਟਿੱਪਣੀ ਗੌਲਣਯੋਗ ਹੈ। ਇਹ ਕਹਾਣੀ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਪਹਿਲੀ ਕਹਾਣੀ ਹੈ ਜੋ ਇਤਿਹਾਸ ਮਿਥਿਹਾਸ ਨੂੰ ਜਾਤੀ ਅਵਚੇਤਨ ਦੀ ਦ੍ਰਿਸ਼ਟੀ ਤੋਂ ਫੜਦੀ ਹੋਈ ਇਹ ਤਰਕ ਸਿਰਜਦੀ



ਹੈ ਕਿ ਮਨੁੱਖ ਨੂੰ ਦਬੇਲ ਬਣਾਈ ਰੱਖਣ ਦੀ ਰੁਚੀ, ਦ੍ਰਿਸ਼ਟੀ ਤੇ ਸੋਚ ਆਧੁਨਿਕ ਸਮਿਆਂ ਦੀ ਬਾਤ ਨਹੀਂ, ਸਗੋਂ ਬਹੁਤ ਪੁਰਾਣੀ ਹੈ। ਸਰੂਪ ਸਿਆਲਵੀ ਦੀ ਇਹ ਤੀਜੀ ਕਥਾ-ਪੁਸਤਕ ਹੈ ਜਿਸ ਨਾਲ ਉਸਦੀ ਕਹਾਣੀ ਕਲਾ ਦੇ ਨਕਸ਼ ਹੋਰ ਉੱਘੜਦੇ ਹਨ। ਇਹ ਪੁਸਤਕ ਭਗਵੰਤ ਰਸੂਲਪੁਰੀ ਦੇ ਪ੍ਰਕਾਸ਼ਨ ਹਾਊਸ ਪਰਵਾਜ਼ ਪ੍ਰਕਾਸ਼ਨ ਵਲੋਂ ਛਾਪੀ ਗਈ ਹੈ।

## ਬਾਤ (ਬੱਤੀ ਪੰਜਾਬੀ ਕਹਾਣੀਆਂ) /ਰਤਨ ਸਿੰਘ

ਰਤਨ ਸਿੰਘ ਉਰਦੂ ਸਾਹਿਤ ਨਾਲ ਜੁੜਿਆ ਹੋਇਆ ਪੰਜਾਬੀ ਲੇਖਕ ਹੈ। ਸਾਹਿਤ ਸਿਰਜਣਾ ਨਾਲ ਜੁੜਿਆ ਇਹ ਅਜੀਬ ਵਿਰੋਧਾਭਾਸ ਹੈ ਕਿ ਆਪਣੀ ਮਾਤ-ਭਾਸ਼ਾ ਨੂੰ ਛੱਡ ਕੇ ਦੂਜੀ ਭਾਸ਼ਾ ਵਿਚ ਵਧੀਆ ਸਾਹਿਤ ਲਿਖਣ ਵਾਲੇ ਆਪਣੀ ਮਾਂ-ਬੋਲੀ ਦੇ ਪਾਠਕਾਂ, ਆਲੋਚਕਾਂ ਤੇ ਲੇਖਕਾਂ ਵਲੋਂ ਬਿਨਾਂ ਵਜ੍ਹਾ ਅਣਗੌਲ੍ਹੇ ਕਰ ਦਿੱਤੇ ਜਾਂਦੇ ਹਨ। ਵਿਚਾਰ ਅਧੀਨਪੁਸਤਕ ਦੀ ਰਚਨਾ-ਪ੍ਰਕਿਰਿਆ ਵੀ ਉਰਦੂ ਲੇਖਕ ਰਤਨ ਸਿੰਘ ਨੂੰ ਪੰਜਾਬੀ ਭਾਸ਼ਾ ਦੇ ਪਾਠਕਾਂ ਵਲੋਂ ਕੋਈ ਉਲੇਖਯੋਗ ਪਛਾਣ ਨਾ ਦੇਣ ਨਾਲ ਜੁੜੀ ਹੈ ਜਦ ਕਿ ਰਤਨ ਸਿੰਘ ਦੀ ਗੈਰ-ਭਾਸ਼ਾ ਵਿਚ ਲਿਖਤ ਨੂੰ ਪੰਜਾਬੀ ਪਾਠਕਾਂ, ਲੇਖਕਾਂ ਵਲੋਂ ਮਾਣਯੋਗ ਉਦਮ ਵਜੋਂ ਦੇਖਣਾ ਬਣਦਾ ਸੀ। ਪੁਸਤਕ ਵਿਚ ਲੇਖਕ ਨੇ 32 ਪੰਜਾਬੀ ਕਹਾਣੀਆਂ ਲਿਖ ਕੇ ਸਿੱਧ ਕੀਤਾ ਹੈ ਕਿ ਭਾਸ਼ਾ ਵਿਚਾਰਾਂ ਲਈ ਕੋਈ ਅੜਿੱਕਾ ਨਹੀਂ ਸਗੋਂ ਸਸ਼ਕਤ ਮਾਧਿਅਮ ਹੈ। ਕਿਤਾਬ ਦੀਆਂ ਤਿੰਨ ਕਹਾਣੀਆਂ ਲੇਖਕ ਅਨੁਸਾਰ 50 ਸਾਲ ਪੁਰਾਣੀਆਂ ਹਨ ਤੇ ਬਾਕੀ ਕਹਾਣੀਆਂ ਆਪਣੀਆਂ ਬਿਰਤਾਂਤਕ-ਲੋਕੇਲ ਨਾਲੋਂ ਵਿਚਾਰਧਾਰਕ ਪ੍ਰਸੰਗਾਂ 'ਤੇ ਕਰੜਾ ਪਹਿਰਾ ਦਿੰਦੀਆਂ ਹਨ। 'ਸਹਾਰਾ ਦੀ ਰਾਤ' ਕਹਾਣੀ ਮਿਥਿਹਾਸਕ ਪਾਤਰਾਂ ਤੇ ਪ੍ਰਸੰਗਾਂ ਨੂੰ ਸਮਕਾਲੀ ਜੀਵਨ-ਦਰਸ਼ਨ ਨਾਲ ਜੋੜਦੀ ਪ੍ਰਤੀਕਮਈ ਬਿਰਤਾਂਤ ਸਿਰਜਦੀ ਹੈ। ਲੇਖਕ ਦੀਆਂ ਕਹਾਣੀਆਂ ਦੇ ਬਿਰਤਾਂਤ ਇਕਹਿਰੇ ਹਨ ਤੇ ਵਿਚਾਰ-ਪਧਤੀਆਂ ਸਪੱਸ਼ਟ ਹਨ। ਕੁਲ ਮਿਲਾ ਕੇ ਕਹਾਣੀਆਂ ਦੀ ਰਚਨਾ-ਵਿਧੀ, ਵਿਚਾਰਧਾਰਾ ਤੇ ਦ੍ਰਿਸ਼ਟੀ ਜ਼ਿੰਦਗੀ ਦੇ ਦਾਰਸ਼ਨਿਕ ਚਿੰਤਨ ਮਨੁੱਖ ਤੇ ਸਮਾਜ ਦੇ ਦਵੰਦਾਤਮਕ ਸੰਬੰਧਾਂ ਅਤੇ ਵਿਭਿੰਨ ਮਾਨਸਿਕ ਪੱਧਰ ਨੂੰ ਰੂਪਮਾਨ ਕਰਦੀਆਂ ਹਨ। ਕਹਾਣੀਆਂ ਦੇ ਜੜ੍ਹ ਦੇ ਚੇਤਨ ਪਾਤਰ ਪਾਠਕਾਂ ਨੂੰ ਅਸਚਰਜ ਬਿਰਤਾਂਤ ਤੇ ਮੌਲਿਕ ਕਥਾ-ਚੇਤਨਾ ਨਾਲ ਜੋੜਦੇ ਹਨ। ਵਾਰਤਾਲਾਪੀ ਸੰਜਮਤਾ, ਸਰਲ ਚਿਤਰਣ ਤੇ ਸਪੱਸ਼ਟ ਸ਼ੈਲੀ ਨਾਲ ਇਹ ਕਥਾ-ਬਿਰਤਾਂਤ ਪਾਠਕਾਂ ਦੀ ਦਿਲਚਸਪੀ ਬਣਾਈ ਰੱਖਦੇ ਹਨ। ਇਹ ਪੁਸਤਕ ਨਵਯੁਗ ਪ੍ਰਕਾਸ਼ਨ ਦਿੱਲੀ ਵੱਲੋਂ ਛਾਪੀ ਗਈ ਹੈ।

## ਨਵਾਂ ਪੰਜਾਬੀ ਨਾਵਲ (ਪਛਾਣ ਚਿੰਨ੍ਹ)/ਉਪਿੰਦਰਜੀਤ

ਨਾਵਲ ਨੂੰ ਪੂੰਜੀਵਾਦੀ ਯੁੱਗ ਦੇ ਮਹਾਂਕਾਵਿ ਦੀ ਸੰਗਿਆ ਦਿੱਤੀ ਜਾਂਦੀ ਹੈ ਜਿਸਦਾ ਵਿਸਤ੍ਰਿਤ ਕਥਾ-ਕੈਨਵਸ ਜ਼ਿੰਦਗੀ ਤੇ ਸਮਾਜ ਦੇ ਬਹੁ-ਪਾਸਾਰੀ ਸੰਦਰਭਾਂ ਨੂੰ ਗਲਪੀ-ਪਰਿਪੇਖ ਵਿਚ ਉਲੀਕਣ ਦੀ ਸਮਰੱਥਾ ਰੱਖਦਾ ਹੈ। ਨਾਵਲ ਦੀ ਵਸਤੂ-ਸਮਗਰੀ, ਲੇਖਕ ਦੀ ਕਥਾ-ਦ੍ਰਿਸ਼ਟੀ, ਰੂਪ-ਵਿਧੀ ਤੇ ਗਲਪੀ-ਪਰੰਪਰਾ ਵਰਗੇ ਤੱਤਾਂ ਨੂੰ ਧਿਆਨਗੋਚਰੇ ਰੱਖ ਕੇ ਨਾਵਲੀ ਕ੍ਰਿਤ ਪ੍ਰਤੀ ਆਲੋਚਨਾਮੁਖੀ ਹੁੰਗਾਰਾ ਰੱਖਣਾ ਵੀ ਆਪਣੇ ਆਪ ਵਿਚ ਚੁਣੌਤੀਪੂਰਨ ਕਾਰਜ ਹੈ। ਵਿਚਾਰਅਧੀਨ ਪੁਸਤਕ ਵਿਚ ਲੇਖਿਕਾ ਨੇ ਪੰਜਾਬੀ ਨਾਵਲ ਪਰੰਪਰਾ ਦੇ ਸੰਦਰਭ ਵਿਚ ਸਮਕਾਲ ਅੰਦਰ ਰਚੇ ਕੁਝ ਨਾਵਲਾਂ ਦਾ ਪਾਠਮੂਲਕ ਅਧਿਐਨ ਪੇਸ਼ ਕਰਕੇ ਇੱਕੀਵੀਂ ਸਦੀ ਦੇ ਨਾਵਲਾਂ ਦੇ ਪਛਾਣ-ਚਿੰਨ੍ਹ ਨਿਰਧਾਰਤ ਕਰਨ ਦਾ ਯਤਨ ਕੀਤਾ ਹੈ। ਲੇਖਿਕਾ ਨੇ 'ਨਵਾਂ ਪੰਜਾਬੀ ਨਾਵਲ-ਪਛਾਣ ਚਿੰਨ੍ਹ'

ਨਾਮਕ ਲੇਖਕ ਇਹ ਪੰਜਾਬੀ ਨਾਵਲ ਨੂੰ ਵਸਤੂ-ਸਮੱਗਰੀ ਦੇ ਬਦਲਦੇ ਪਰਿਪੇਖ ਵਿਚ ਪੜਾਅ-ਦਰ-ਪੜਾਅ ਵੰਡ ਕੇ ਪੇਸ਼ ਕੀਤਾ ਹੈ। ਦੂਜੇ ਭਾਗ ਵਿਚ ਲੇਖਿਕਾ ਨੇ ਇੱਕੀਵੀਂ ਸਦੀ ਦੇ 10 ਨਾਵਲਾਂ ਦਾ ਪਾਠਮੂਲਕ ਅਧਿਐਨ ਪੇਸ਼ ਕਰਕੇ ਨਵੇਂ ਨਾਵਲ ਦੀ ਵਸਤੂ, ਦ੍ਰਿਸ਼ਟੀ ਤੇ ਰੂਪ ਦੇ ਬਦਲਦੇ ਰੁਝਾਨਾਂ ਨੂੰ ਪੇਸ਼ ਕੀਤਾ ਹੈ। ਪੁਸਤਕ ਦੀ ਸ਼ੈਲੀ ਸਰਲ ਤੇ ਸਪੱਸ਼ਟ ਹੋਣ ਕਾਰਨ ਹਰ ਪੱਧਰ ਦੇ ਪਾਠਕਾਂ ਦੀ ਮਾਨਸਿਕਤਾ ਅਨੁਕੂਲ ਹੈ।

## ਨਮਸਕਾਰ (ਕਹਾਣੀ ਸੰਗ੍ਰਿਹ) /ਦਰਸ਼ਨ ਜੋਗਾ

ਸਮਕਾਲੀ ਪੰਜਾਬੀ ਕਹਾਣੀ ਦੂਜੇ ਸਾਹਿਤ ਰੂਪਾਂ ਦੇ ਮੁਕਾਬਲੇ ਪੰਜਾਬੀ ਪਾਠਕਾਂ ਤੇ ਆਲੋਚਕਾਂ ਦਾ ਜ਼ਿਆਦਾ ਧਿਆਨ ਆਕਰਸ਼ਿਤ ਕਰ ਰਹੀ ਹੈ। ਦਰਸ਼ਨ ਜੋਗਾ ਵੀ ਇਸੇ ਆਕਰਸ਼ਣ ਦਾ ਇਕ ਹਿੱਸਾ ਬਣਿਆ ਹੋਇਆ ਹੈ। 'ਨਮਸਕਾਰ' ਵਰਗੇ ਪਲੇਠੇ ਕਥਾ ਸੰਗ੍ਰਹਿ ਵਿਚ ਉਸ ਦੀਆਂ ਨੌਂ ਕਹਾਣੀਆਂ ਦਰਜ ਹਨ ਜਿਹਨਾਂ ਦੇ ਪਿੱਛਲਝਾਤ ਤੇ ਮਨੋ-ਬਦਲੀ ਕਥਾ-ਜੁਗਤਾਂ ਨਾਲ ਲਬਰੇਜ਼ ਬਿਰਤਾਂਤ ਪਿਛਲੇ ਦੋ ਦਹਾਕਿਆਂ ਦੌਰਾਨ ਪੰਜਾਬ ਦੀਆਂ ਤੇਜ਼ੀ ਨਾਲ ਬਦਲੀਆਂ ਵਸਤੂ-ਸਥਿਤੀਆਂ ਦਾ ਗਲਪੀ-ਸੱਚ ਬਣੇ ਹੋਏ ਹਨ। ਪੰਜਾਬੀ ਸਮਾਜ ਦੇ ਆਦਰਸ਼ਕ ਸਰੂਪ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਨ ਇਹਨਾਂ ਕਹਾਣੀਆਂ ਦੀ ਬਿਰਤਾਂਤਕ-ਤਹਿ ਵਿਚ ਸੁਲਘਦੇ ਹਨ। ਖੇਤੀ ਸੈਕਟਰ ਦਾ ਸੰਕਟ, ਮੱਧ ਵਰਗੀ ਪਰਿਵਾਰਾਂ ਦੇ ਖਿੰਡਦੇ ਜੀਵਨ-ਮੁੱਲ, ਰਿਸ਼ਤਿਆਂ ਦੇ ਵਿਗਠਤ ਸਰੂਪ ਦੇ ਕੁਲ ਮਿਲਾ ਕੇ ਮੌਜੂਦ ਪੰਜਾਬੀ ਜੀਵਨ ਦਾ ਬੇਤਰਤੀਬਾਪਣ ਇਹਨਾਂ ਕਥਾਵਾਂ ਦਾ ਕੇਂਦਰੀ ਮਰਕਜ ਹੈ। ਲੇਖਕ ਦੀ ਹਰ ਕਹਾਣੀ ਵਿਚ ਮੌਤ ਚਿੰਤਨ ਦਾ ਅੰਸ਼ ਸ਼ਾਮਿਲ ਹੈ। ਪਾਤਰਾਂ ਦੀ ਮਾਨਸਿਕ ਤੇ ਭੌਤਿਕ ਮੌਤ ਹਰ ਕਹਾਣੀ ਦਾ ਕੇਂਦਰ ਬਣਨਾ ਲੇਖਕ ਦੇ ਕਥਾ-ਪੈਟਰਨ ਨੂੰ ਦੁਹਰਾਉਣ ਦੇ ਨਾਲ-ਨਾਲ ਲੇਖਕ ਦੀ ਕਥਾ-ਦ੍ਰਿਸ਼ਟੀ ਨੂੰ ਵੀ ਪ੍ਰਭਾਵਿਤ ਕਰਦਾ ਹੈ। 'ਨਮਸਕਾਰ' ਕਹਾਣੀ ਦੀ ਕੇਂਦਰੀ ਪਾਤਰ ਹਰਮਨ ਦੇ ਮਨੋ-ਸਥਲ 'ਤੇ ਉਸਰਦਾ ਬਿਰਤਾਂਤ ਪਰਿਵਾਰ ਤੇ ਸਮਾਜ ਦੀ ਉਸ ਪ੍ਰਤੀ ਸੋਚ ਨੂੰ ਪੇਸ਼ ਕਰਦਾ ਹੈ ਜਿਸਦੀ ਬਿਰਤਾਂਤਕ ਤੰਦ 'ਗੁਆਚਿਆ ਹੋਇਆ ਘਰ' ਕਹਾਣੀ ਦੀ ਉਤਮ ਪੁਰਖੀ ਬਿਰਤਾਂਤਕਾਰਾ ਦੇ ਮਾਨਸਿਕ ਤਰਤੀਬੇਪਣ ਨਾਲ ਜੋੜੀ ਜਾ ਸਕਦੀ ਹੈ। 'ਪੌੜੀ' ਕਹਾਣੀ ਬੇਰੁਜ਼ਗਾਰੀ ਤੇ ਵਿਦਿਅਕ ਸੰਸਥਾਵਾਂ ਨਾਲ ਜੁੜੇ ਲੋਕਾਂ ਦੀ ਸਵਾਰਥੀ ਸੋਚ ਦਾ ਕਲਾਤਮਕ ਚਿਤਰਨ ਹੈ। 'ਟੈਂਅ' ਕਹਾਣੀ ਕੰਮ ਧੰਦਿਆਂ ਦੇ ਬਦਲਦੇ ਸਰੂਪ ਵਿਚ ਪੁਰਾਣੀ ਪੀੜ੍ਹੀ ਤੇ ਕਾਰੀਗਰਾਂ ਦੇ ਹਾਸ਼ੀਅਤ ਹੋਣ ਦਾ ਬਿਰਤਾਂਤ ਹੈ। 'ਕੱਚੀਆਂ ਇੱਟਾਂ' ਤੇ 'ਜਾਏ ਵੱਢੀ' ਕਹਾਣੀ ਦੇ ਬਿਰਤਾਂਤ ਵੀ ਲੇਖਕ ਵੱਲੋਂ ਪੇਸ਼ ਪਰਿਵਾਰਕ ਤੇ ਸਮਾਜਕ ਸੰਕਟਾਂ ਦਾ ਪਿਛਲਝਾਤ ਬਿਰਤਾਂਤ ਹਨ।

## ਦੁਰਗ ਟੁੱਟਦੇ ਨੇ (ਕਹਾਣੀ ਸੰਗ੍ਰਿਹ)/ਗੁਰਪਾਲ ਲਿੱਟ

ਗੁਰਪਾਲ ਸਿੰਘ ਲਿੱਟ ਪੰਜਾਬੀ ਦਾ ਵਧੀਆ ਕਹਾਣੀਕਾਰ ਹੈ ਪਰ ਉਸਦਾ ਸਾਹਿਤਕ ਮੁੱਲ ਬੜਾ ਘੱਟ ਪਿਆ ਹੈ। ਪਾਠਕਾਂ ਖਾਸ ਕਰਕੇ ਆਲੋਚਕਾਂ ਦੀ ਉਸ ਪ੍ਰਤੀ 'ਚੁੱਪ' ਰਹੀ ਹੈ ਜਿਹੜੀ ਕਿ ਉਸਦੀ ਕਹਾਣੀ ਦਾ ਤਾਂ ਕੁਝ ਵਿਗਾੜ ਨਹੀਂ ਸਕਦੀ ਪਰ ਸਿਹਤਮੰਦ ਆਲੋਚਨਾ ਪ੍ਰੰਪਰਾ ਦਾ ਕੁਝ ਸੁਆਰ ਵੀ ਨਹੀਂ ਰਹੀ।

ਲਿੱਟ ਨੇ ਇਸ ਕਿਤਾਬ ਤੋਂ ਪਹਿਲਾਂ ਪੰਜਾਬੀ ਸਾਹਿਤ ਨੂੰ ਪੰਜ ਕਹਾਣੀ ਸੰਗ੍ਰਹਿ ਪ੍ਰਦਾਨ ਕੀਤੇ ਹਨ। 'ਦੁਰਗ ਟੁੱਟਦੇ' ਨੇ ਕਥਾ ਸੰਗ੍ਰਹਿ ਵਿਚ ਲੇਖਕ ਦੀਆਂ ਅੱਠ ਕਹਾਣੀਆਂ ਸ਼ਾਮਿਲ ਹਨ ਜਿਹੜੀਆਂ ਕਿ ਵਿਭਿੰਨ ਸਾਹਿਤ ਰਸਾਲਿਆਂ ਵਿਚ ਛਪਦੇ ਹੀ ਪਾਠਕਾਂ ਵੱਲੋਂ ਸਲਾਹੀਆਂ ਗਈਆਂ



ਹਨ। 'ਦੁਰਗ ਟੁੱਟਦੇ ਨੇ' ਉਸਦੀ ਸ਼ਾਹਕਾਰ ਰਚਨਾ ਹੈ ਜਿਸ ਵਿਚ ਪ੍ਰੇਮੀ, ਮਾਂ ਤੇ ਧੀ ਦੀ ਤ੍ਰਿਕੋਣ ਰਿਸ਼ਤਿਆਂ ਦੀ ਸਿਧਾਂਤਕ ਵਿਆਕਰਣ 'ਤੇ ਇਕ ਪ੍ਰਸ਼ਨ ਚਿੰਨ ਲਾਉਂਦੀ ਹੈ। ਸ਼ਹਿਰੀ ਮੱਧ ਵਰਗੀ ਜੀਵਨ-ਸ਼ੈਲੀ ਦਾ ਇਹ ਕਥਾ-ਬਿਰਤਾਂਤ ਨੀਰੂ ਨਾਂ ਦੀ ਲੜਕੀ ਦੀ ਉਸ ਮਾਨਸਿਕ ਉਥਲ-ਪੁਥਲ ਦਾ ਪ੍ਰਗਟਾਵਾ ਹੈ ਜਿਸਦੀ ਵਿਧਵਾ ਤੇ ਜਵਾਨ ਮਾਂ ਆਪਣੀ ਸਰੀਰਕ ਤੇ ਮਾਨਸਿਕ ਤ੍ਰਿਪਤੀ ਲਈ ਸਮਾਜਿਕ ਉਲੰਘਣਾ ਲੰਘਦੀ ਹੈ। ਨੀਰੂ ਦਾ ਆਪਣੇ ਪ੍ਰੇਮੀ, ਆਪਣੀ ਮਾਂ ਤੇ ਉਹਦੇ ਪ੍ਰੇਮੀ ਪ੍ਰਤੀ ਵਿਵਹਾਰ ਤੇ ਦ੍ਰਿਸ਼ਟੀ ਪੂਰੀ ਕਥਾ ਦਾ ਕੇਂਦਰ ਹੈ ਜਿੱਥੇ ਕਹੇ ਨਾਲੋਂ ਅਣਕਹੇ ਬੋਲ ਪੂਰੇ ਬਿਰਤਾਂਤ ਵਿਚ ਵੱਡੀ ਭੂਮਿਕਾ ਨਿਭਾਉਂਦੇ ਹਨ। ਕਥਾ-ਚਿੰਤਨ ਦੀਆਂ ਲੜੀਆਂ ਵਿਚ ਅਨੇਕਾਂ ਵਾਰ ਪਾਤਰ ਆਪਣੀ ਸਮਾਜਿਕ ਭੂਮਿਕਾ ਤੋਂ ਬਾਗੀ ਹੋ ਤੁਰਦੇ ਹਨ ਅਤੇ ਮਰਦ-ਔਰਤ ਦੇ ਜਿਸਮਾਨੀ ਵੇਸ ਵਿਚ ਵਿਚਰਦੇ ਹਨ ਇਹੋ ਇਸ ਕਹਾਣੀ ਦਾ ਹੁਨਰ ਹੈ ਜਿਥੇ ਬਿਰਤਾਂਤ ਪਿਛੇ ਤਰਕ ਹੈ, ਓਹਲਾ ਹੈ, ਡੂੰਘਾਈ ਹੈ।

'ਨਿੱਕੀ ਗੱਲ ਵੱਡੀ ਗੱਲ' ਕਹਾਣੀ ਵਿਚ ਪੀੜ੍ਹੀ ਪਾੜੇ ਤੋਂ ਉਪਜਿਆ ਦੁਖਾਂਤ ਭਾਰੂ ਹੈ। ਸੰਤਾ ਸਿੰਘ ਦੇ ਪੁੱਤਰ ਦੀ ਮੌਤ ਪਿੱਛੋਂ ਉਸਦੀ ਨੂੰਹ ਤੇ ਪੋਤੇ (ਸੋਨੀ, ਦੀਪਾ) ਆਪਣੇ ਪਿਤਾ ਦੇ ਹਿੱਸੇ ਦੀ ਜ਼ਮੀਨ ਵੇਚ ਕੇ ਕਾਲਜ ਖੋਲ੍ਹਣਾ ਚਾਹੁੰਦੇ ਹਨ ਪਰ ਸੰਤਾ ਸਿੰਘ ਨੂੰ ਇਸ ਖਰੀਦ ਵੇਚ ਵਿਚ ਉਦੋਂ ਆਪਣੀ ਜ਼ੁਬਾਨ ਤੇ ਕੌਲ-ਕਰਾਰ ਝੂਠੇ ਲੱਗਦੇ ਹਨ ਜਦੋਂ ਕੁਝ ਵੱਧ ਪੈਸਿਆਂ ਦੇ ਲਾਲਚ ਵਿਚ ਉਸਦੇ ਪੋਤੇ ਉਸ ਵਲੋਂ ਕੀਤੇ ਸੌਦੇ ਨੂੰ ਤੋੜ ਦਿੰਦੇ ਹਨ। ਕਹਾਣੀ ਦਾ ਆਰੰਭਲਾ ਵਾਕ 'ਸੰਤਾ ਸਿੰਘ ਬੇਚੈਨ ਹੈ' ਹੀ ਪੂਰੀ ਕਥਾ ਦੇ ਆਰ-ਪਾਰ ਫੈਲਿਆ ਹੋਇਆ ਹੈ। ਪੰਜਾਬੀ ਸਮਾਜ ਵਿਚ 'ਬੋਲ ਪੁਗਾਉਣ' ਨਾਲ ਜੁੜੇ ਮਹਾਂਵਰੇ ਨੂੰ ਸੱਟ ਵੱਜਣ ਦੀ ਗੂੰਜ ਬਿਰਤਾਂਤ ਵਿਚੋਂ ਉਭਰਦੀ ਹੈ। ਜਿਥੇ ਪੂੰਜੀ ਆਧਾਰਿਤ ਰਿਸ਼ਤੇ ਤੇ ਵਿਵਹਾਰ ਅਗਰਭੂਮਿਤ ਹੋ ਰਿਹਾ ਹੈ। 'ਇਹ ਲਾਸ਼ ਕਿਸਦੀ ਹੈ' ਕਹਾਣੀ ਦਾ ਵੱਡਾ ਕੈਨਵਸ ਹੈ। ਕਲਕੱਤਾ ਦੇ ਹਾਵੜਾ ਸਟੇਸ਼ਨ 'ਤੇ ਕਿਸੇ ਭਿਖਾਰੀ ਦੇ ਬੱਚੇ ਦੀ ਮੌਤ ਹੋ ਜਾਣਾ ਉਹਨਾਂ ਲਈ ਭੀਖ ਮੰਗਣ ਦਾ ਚੰਗਾ ਜੁਗਾੜ ਬਣਦਾ ਹੈ। ਪੁਲੀਸ ਪ੍ਰਬੰਧ ਦਾ ਭ੍ਰਿਸ਼ਟ ਕਿਰਦਾਰ ਤੇ ਬੱਚੇ ਦੀ ਲਾਸ਼ 'ਤੇ ਭਿਖਾਰੀਆਂ ਦੀ ਰਾਜਨੀਤੀ ਵਰਗੇ ਸਰੋਕਾਰ ਪੇਸ਼ ਕਰਦੀ ਇਹ ਕਹਾਣੀ ਭਾਰਤ ਦੀ ਸਮਾਜਿਕ ਤੇ ਰਾਜਸੀ ਵਿਵਸਥਾ 'ਤੇ ਵੱਡਾ ਵਿਅੰਗ ਹੈ। ਕਥਾ ਦੀ ਸਹਿਜਤਾ, ਨਾਟਕੀ ਅੰਸ਼ ਤੇ ਦੁਖਾਂਤਕ ਅੰਤ ਇਸਨੂੰ ਕਲਾ ਤੱਤਾਂ ਨਾਲ ਲਬਰੇਜ਼ ਕਰਦੇ ਹਨ। ਪੰਜਾਬੀ ਕਹਾਣੀ ਵਿਚ ਇਸ ਪੱਧਰ ਦੀ ਕਥਾ-ਸਿਰਜਣਾ ਇਕ ਮਾਣ ਵਾਲੀ ਗੱਲ ਹੈ।

'ਕਟਹਿਰਾ ਹਾਜਰ ਹੈ' ਕਹਾਣੀ ਉਮਰ ਤੋਂ ਪਹਿਲਾਂ ਵਧੇ ਹਾਰਮੋਨ ਕਾਰਨ ਜੁਵਾਨ ਹੋਈ ਲੜਕੀ ਦੇ ਪਰਿਵਾਰਕ ਮੈਂਬਰਾਂ ਦੀ ਅੰਧ ਵਿਸ਼ਵਾਸੀ ਤੇ ਅਨਪੜ੍ਹੀ ਸੋਚ ਦਾ ਮੁਜ਼ਾਹਰਾ ਹੈ। ਕਥਾ ਵਿਚ ਤਰਕਸ਼ੀਲ ਪਾਤਰਾਂ ਦੀ ਆਮਦ ਨਾਲ ਪੀੜਤ ਲੜਕੀ ਰੀਮਾ ਦਾ ਮਾਨਸਿਕ ਤੇ ਸਮਾਜਿਕ ਇਲਾਜ ਸੰਭਵ ਹੁੰਦਾ ਹੈ। ਢੁਕਵੇਂ ਮਾਹੌਲ ਸਿਰਜਣ ਤੇ ਨਾਟਕੀ-ਤੱਤਾਂ ਕਾਰਨ, ਬੇਲੋੜੀ, ਲੰਮੀ ਹੋਈ ਕਹਾਣੀ ਪਾਠਕਾਂ ਨੂੰ ਆਪਣੇ ਨਾਲ ਜੋੜੀ ਰੱਖਦੀ ਹੈ। 'ਇੰਤਜ਼ਾਰ' ਕਹਾਣੀ ਮੈਂ ਪਾਤਰ ਦੀ ਉਡੀਕ ਦਾ ਪਿਛਲਝਾਤ ਬਿਰਤਾਂਤ ਹੈ ਜਿਸ ਦੇ ਚਲਦਿਆਂ ਉਸਦੇ ਆਪਣੇ ਪ੍ਰੇਮਿਕਾ ਸਪਨੀ ਨਾਲ ਬੀਤੇ ਪਲ ਸੁਰਜੀਤ ਹੁੰਦੇ ਹਨ। ਸਪਨੀ ਦੇ ਕੈਨੇਡਾ ਜਾਣ ਪਿੱਛੋਂ ਤੇ ਵਿਆਹ ਮਗਰੋਂ ਮੈਂ ਪਾਤਰ ਨੂੰ ਪੁਨਰ ਮਿਲਣਾ ਤੇ ਆਦਰਸ਼ਕ ਮੇਲ-ਮਿਲਾਪ ਮੁੱਢਲੀ ਪੰਜਾਬੀ ਕਹਾਣੀ ਦੇ ਕਥਾ ਦ੍ਰਿਸ਼ਾਂ ਨੂੰ ਜਿਉਂਦਾ ਕਰਦਾ ਹੈ।

ਪੁਸਤਕ ਦੀ ਕਹਾਣੀ 'ਪੋਟਲੀ' ਸਮਾਜ ਵਿਚ ਪੂੰਜੀ ਪ੍ਰਧਾਨ ਜੀਵਨ-ਸ਼ੈਲੀ ਅਧੀਨ ਰਿਸ਼ਤਿਆਂ ਦੀ ਟੁੱਟ-ਭੱਜ 'ਚ ਬਿਰਤਾਂਤ ਹੈ। ਕਹਾਣੀ ਦੇ ਪਾਤਰ ਪਰਿਵਾਰਕ ਦੁਖਾਂਤ ਦੇ ਭਾਗੀਦਾਰ ਬਣ ਕੇ ਰਿਸ਼ਤਿਆਂ ਦੇ ਵਿਗਠਤ ਚਿਹਰੇ ਪਾਠਕਾਂ ਅੱਗੇ ਪੇਸ਼ ਕਰਦੇ ਹਨ। ਪੁਸਤਕ ਦੀ ਪ੍ਰਥਮ ਕਹਾਣੀ 'ਮੈਨੂੰ ਘਰ ਚਾਹੀਦੇ ਰੰਜਨ' ਦਾ ਕਥਾ-ਬਿਰਤਾਂਤ ਵੇਸ਼ਵਾਬਿਰਤੀ ਦੀ ਅਲਾਮਤ 'ਤੇ ਕੇਂਦਰਿਤ

ਹੈ। ਕਲਕੱਤੇ ਦੀ ਬਿਰਤਾਂਤਕ-ਲੋਕੇਲ ’ਤੇ ਉਸਰੇ ਇਸ ਬਿਰਤਾਂਤ ਵਿਚ ਘਰੇਲੂ ਆਰਥਿਕਤਾ ਦੇ ਨਿਘਾਰ ਵੱਲ ਜਾਣ ਤੇ ਘਰ ਦੀਆਂ ਲੜਕੀਆਂ ਦੇ ਵੇਸ਼ਵਾਬਿਰਤੀ ਵੱਲ ਮੁੜਨ ਦਾ ਸਨਸਨੀਖੇਜ ਪ੍ਰਸੰਗ ਹੈ। ਨਿਘਾਰਵਾਦੀ ਰੁਝਾਨਾਂ ਵੱਲ ਜਾਂਦੇ ਇਸ ਕਹਾਣੀ ਦੇ ਪਾਤਰ ਸਮਾਜਕ ਸੰਘਰਸ਼ ਦੀ ਪੈਰ੍ਹਵਾਈ ਨਹੀਂ ਕਰਦੇ ਤੇ ਨਿਰੰਤਰ ਗਿਰਾਵਟ ਵੱਲ ਵੱਧਦੇ ਚਲਦੇ ਜਾਂਦੇ ਹਨ। ਲੇਖਕ ਨੇ ਵੇਸਵਾ ਜੀਵਨ ਦੇ ਦੁਖਾਂਤਕ ਪਾਸਾਰਾਂ ਨੂੰ ਬਿਰਤਾਂਤ ਦਾ ਕੇਂਦਰ ਬਣਾ ਕੇ ਇਸ ਸ਼ਖ਼ਸੀਅਤ ਪ੍ਰਵਰਗ ਪ੍ਰਤੀ ਸਹਾਨੁਭੂਤੀ ਪ੍ਰਗਟਾਈ ਹੈ।

ਕੁਲ ਮਿਲਾ ਕੇ ਲੇਖਕ ਦਾ ਇਹ ਕਥਾ-ਸੰਗ੍ਰਹਿ ਰੌਚਿਕ ਬਿਰਤਾਂਤਕ ਵੇਰਵਿਆਂ, ਕਾਟਵੀਂ ਵਾਰਤਾਲਾਪ ਤੇ ਕਥਾ ਦ੍ਰਿਸ਼ਟੀ ਦੀ ਸਾਦਗੀ ਤੇ ਸਪਸ਼ਟਤਾ ਕਾਰਨ ਹੋਰ ਡੂੰਘੇ ਸੰਵਾਦ ਦੀ ਮੰਗ ਕਰਦਾ ਹੈ।

## *ਕਵਿਤਾ ਦੀਆਂ ਕਿਤਾਬਾਂ/ਗੁਰਪ੍ਰੀਤ*

**ਉਤਰਾਇਣ:ਸੂਰਜ ਵੱਲ ਦੀ ਯਾਤਰਾ ,**
**ਕਵੀ : ਦੇਵ , ਨਵਯੁਗ ਪਬਲਿਸ਼ਰਜ਼ , ਨਵੀਂ ਦਿੱਲੀ ,**
**ਪੰਨੇ : 289 , ਮੁੱਲ : 400/-ਰੁਪਏ**

ਦੇਵ ਪੰਜਾਬੀ ਦਾ ਵਿਲੱਖਣ ਕਵੀ ਤੇ ਚਿਤਰਕਾਰ ਹੈ । ਇਹਦੇ ਚਿਤਰਾਂ ਵਿਚ ਪੈਂਤੀ ਦੇਖੀ ਜਾ ਸਕਦੀ ਹੈ ਤੇ ਕਵਿਤਾ ’ਚ ਰੰਗਾਂ ਦਾ ਭੇਤ। ਇੱਥੇ ਆਪਾਂ ਦੇਵ ਦੀ ਨਵੀਂ ਕਾਵਿ-ਪੁਸਤਕ “ ਉਤਰਾਇਣ:ਸੂਰਜ ਵੱਲ ਦੀ ਯਾਤਰਾ ” ਨੂੰ ਦੇਖ ਰਹੇ ਹਾਂ। ਦੇਵ-ਕਾਵਿ ਦਾ ਪਾਠਕ ‘ਦੇਖਣ’ ਬਿਨ੍ਹਾਂ ਅਧੂਰਾ ਹੈ। ਕਿਉਂਕਿ ਕਵੀ ਨੇ ਸ਼ਬਦਾਂ ਨੂੰ ਸਫਿਆਂ ’ਤੇ ਇਕ ਵੱਖਰੇ ਅੰਦਾਜ਼ ਵਿਚ ਉੱਤੇ ਹੇਠਾਂ , ਸੱਜੇ ਖੱਬੇ , ਇਧਰ ਉਧਰ , ਟੇਡੇ ਸਿੱਧੇ ਰਖਦਿਆਂ ਇਕ ਪੇਂਟਿੰਗ ਦਾ ਹੀ ਰੂਪ ਦਿੱਤਾ ਹੈ ।ਨਾਲ ਨਾਲ ਅੰਕਾਂ ਤੇ ਕੁਝ ਗਣਿਤਕ ਚਿੰਨ੍ਹਾਂ ਦੀ ਵਰਤੋਂ ਵੀ ਕਵੀ ਨੇ ਆਪਣੀ ਕਵਿਤਾ ਵਿਚ ਕੀਤੀ ਹੈ। ਚਿੱਟੀ ਸ਼ਤਰੰਜ , ਕਾਲੀ ਚਾਲ , ਨੀਲੀ ਚੁੱਪ , ਪੀਲਾ ਵਿਸਤਾਰ ਜਿਹੇ ਸ਼ਬਦ ’ਕੱਲ੍ਹੇ ਸ਼ਬਦ ਹੀ ਨਹੀਂ ਹਨ ਸਗੋਂ ਬੁਰਸ਼ ਦੀਆਂ ਅਜਿਹੀਆਂ ਛੋਹਾਂ ਹਨ ਜੋ ਪਾਠਕ ਸਾਹਵੇਂ ਦ੍ਰਿਸ਼ ਸਿਰਜਦੀਆਂ ਹਨ। ਦੂਹਰੀ ਪ੍ਰਤਿਭਾ ਵਾਲੇ ਦੇਵ ਦਾ ਸੰਘਰਸ਼ ਸ਼ਬਦ ਨਾਲ ਹੈ। ਦੇਵ ਨੇ ਆਪਣੇ ਆਪ ਨੂੰ ਇਕ ਛੋਟੀ ਕਵਿਤਾ ਰਾਹੀਂ ਪੇਸ਼ ਕੀਤਾ ਹੈ : ਕਾਗਜ਼ ਤੇ ਅੱਖਰ/ ਮਿੱਟੀ ਤੇ ਪੈਰ/ਬਸ ਇੰਨਾ ਕੁ ਹੀ ਹਾਂ ਮੈਂ/ਨਾ ਕਵਿਤਾ ਤੋਂ ਵੱਧ/ ਨਾ ਜ਼ਿੰਦਗੀ ਤੋਂ ‘ਘੱਟ’ ( ਪੰਨਾ 195) ਦੇਵ ਬੋਲਣ ਤੋਂ ਪਹਿਲਾਂ ਚੁੱਪ ਨੂੰ ਕਵਿਤਾ ਬਣਨ ਲਈ ਆਖਦਾ ਹੈ ਤੇ ਕਵਿਤਾ ਕਹਿਣ ਤੋਂ ਪਹਿਲਾਂ ਚੁੱਪ ਨੂੰ ਬੋਲਣ ਦਿੰਦਾ ਹੈ। ਦੇਵ-ਕਾਵਿ ਦਾ ਪਾਠ ਸ਼ਬਦਾਂ ਦੀ ਕਲਪਨਾ ਤੇ ਪਰਵਾਜ਼ ਨੂੰ ਮਾਣਨਾ , ਜਾਣਨਾ ਤੇ ਜਿਉਣਾ ਹੈ ਨਾ ਕਿ ਅਰਥਾਂ ਨੂੰ ਈਜਾਦ ਕਰਨਾ । ਇੱਥੇ ਇਹ ਗੱਲ ਵੀ ਸਮਝ ਪੈਂਦੀ ਹੈ ਕਿ ਸ਼ਬਦ ਦੀ ਸੀਮਾ ਅਰਥ ਨਹੀਂ ਹੈ । ਅਰਥ ਸਾਡੀ ਸੀਮਾ ਹੋ ਸਕਦੀ ਹੈ। ਹਰ ਸੀਮਾ , ਤਰਕ ਨੂੰ ਲੰਘਣਾ ਹੀ ਯਥਾਰਥ ਦੀਆਂ ਹੋਰ ਹੋਰ ਪਰਤਾਂ ਨੂੰ ਮਿਲਣਾ ਹੈ। ਚੁੱਪ, ਸ਼ਬਦ, ਸੁਪਨੇ, ਸਿਮਰਤੀ, ਸਫਰ ਤੇ ਖੰਭ ਦੇਵ ਦੀ ਕਵਿਤਾ ਦਾ ਅਤਾ-ਪਤਾ ਹੈ ।ਕਵੀ ਆਖਦਾ ਹੈ : ਅਰਥਾਂ ਦੇ ਲੋਭ ਲਾਲਚ ਤੋਂ/ ਤਾੜੀਆਂ ਤੇ ਆੜੀਆਂ ਦੀ ਚੌਪਟ ਤੋਂ/ਪਰੇ ਹੀ ਰਿਹਾ/ ਮੇਰੀ ਕਲਪਨਾ ਦਾ ਮੁਕਾਮ ( ਪੰਨਾ 39) ਮੱਥਾ (ਚਿੰਤਨ) ਤੇ ਸਵਾਲ ਦੇਵ ਦੀ ਕਵਿਤਾ ਦੇ ਦੋ ਹੋਰ ਪਛਾਣ-ਚਿੰਨ੍ਹ ਹਨ, ਜਿਨ੍ਹਾਂ ਰਾਹੀਂ ਉਸਦੀ ਕਵਿਤਾ ਨੂੰ ਹੋਰ ਗਹਿਰਾਈ ਅਤੇ ਨੇੜੇ ਤੋਂ ਜਾਣਿਆ ਜਾ ਸਕਦਾ ਹੈ। ਇੱਥੇ ਮੱਥੇ ’ਤੇ ਖੇਡਦੀ ਧੁੱਪ-ਛਾਂ ਹੀ ਸ਼ਾਇਰ ਦੀ ਸਿਆਣ ਹੈ ਤੇ ਇਸ ਪਹਿਚਾਣ ਦਾ



ਸਿਰਨਾਵਾਂ ਉਸਦੇ ਤੁਰਦੇ ਰਹਿਣ ਵਿਚ ਹੈ। ਇਸ ਤੁਰਨ ਵਿਚ ਹੀ ਤਲਾਸ਼ ਤੇ ਜਗਿਆਸਾ ਹੈ । ਗਿਆਨ ’ਤੇ ਸ਼ੱਕ ਹੈ , ਸਵਾਲ ਹੈ। ਇਸ ਖੇਡ ਵਿਚ ਕੁਝ ਵੀ ਪੂਰਵ-ਨਿਸ਼ਚਿਤ ਨਹੀਂ ਹੈ। ਦੇਵ ਦੀ ਕਵਿਤਾ ਉਸ ਰਕਤ ਨਾਲ ਲਿਖੀ ਹੋਈ ਹੈ ਜਿਹੜਾ ਅਪਣੇ ਆਪ ਨੂੰ ਚੁਗਦਿਆਂ ਕੰਡੇ ਖੁਭਣ ਨਾਲ ਨਿਕਲਦਾ ਹੈ। ਦੇਵ ਆਖਦਾ ਹੈ , “ਅਵਚੇਤਨ ਕਵੀਆਂ ਦੀ ਬੇਈਂ ਨਦੀ ਹੈ ।” ਸੋ ਪਾਠਕਾਂ ਦਾ ਵੀ ਇਸ ਬੇਈਂ ਨਦੀ ’ਚ ਉਤਰਨਾ ਜ਼ਰੂਰੀ ਹੈ ।

**ਬ੍ਰਹਿਮੰਡ ਸਾਹਵੇਂ ਮਨੁੱਖ (ਵਿਗਿਆਨ-ਕਾਵਿ ਸੰਗ੍ਰਹਿ),**
**ਜਸਵੰਤ ਸਿੰਘ ਨੇਕੀ , ਨਵਯੁਗ ਪਬਲਿਸ਼ਰਜ਼, ਦਿੱਲੀ,**
**ਪੰਨੇ : 206, ਮੁੱਲ : 250/ ਰੁਪਏ**

ਡਾ.ਜਸਵੰਤ ਸਿੰਘ ਨੇਕੀ ਪੰਜਾਬੀ ਦੇ ਸੰਸਾਰ ਪ੍ਰਸਿੱਧ ਮਨੋਵਿਗਿਆਨੀ , ਦਾਰਸ਼ਨਿਕ ਕਵੀ ਤੇ ਧਰਮ-ਚਿੰਤਕ ਵੀ ਹਨ । ਭਾਵੇਂ ਕਿ ਨੇਕੀ -ਕਾਵਿ ਵਿਚ ਪਹਿਲਾਂ ਵੀ ਵਿਗਿਆਨਕ ਵਿਸ਼ੇ ਸ਼ਾਮਲ ਰਹਿੰਦੇ ਸਨ, ਪਰ ਹੱਥਲੀ ਪੁਸਤਕ ਨਿਰੀ ਵਿਗਿਆਨ-ਕਾਵਿ ਪੋਥੀ ਹੈ। ਇਹ ਪੁਸਤਕ ਨੇਕੀ ਸਾਹਬ ਦਾ ਬਾਰਵਾਂ ਕਾਵਿ-ਸੰਗ੍ਰਹਿ ਹੈ । ਇਸ ਨੂੰ ਵੱਖ ਵੱਖ ਵਿਗਿਆਨ ਆਧਾਰਿਤ ਵਿਸ਼ਿਆਂ ਦੇ ਪੱਖ ਤੋਂ ਦਸ ਭਾਗਾਂ ਵਿਚ ਵੰਡਿਆ ਹੈ। ਜਿਸ ਵਿਚ ਇਕ ਸੌ ਦੋ ਕਵਿਤਾਵਾਂ ਸ਼ਾਮਲ ਹਨ । ਇਸ ਤੋਂ ਇਲਾਵਾ ‘ਮੁਖ ਸ਼ਬਦ’ ਵਿਚ ਵਿਗਿਆਨ , ਦਰਸ਼ਨ ਤੇ ਕਵਿਤਾ ਦੇ ਆਪਸੀ ਸੁਮੇਲ ਤੇ ਵਿਖਰੇਵਿਆਂ ਬਾਰੇ ਬਹੁਤ ਹੀ ਮਹੱਤਵਪੂਰਨ ਤੇ ਵਿਸਥਾਰ ਵਿਚ ਚਰਚਾ ਕੀਤੀ ਗਈ ਹੈ। ਜਿਵੇਂ ਇਹਨਾਂ ਦੇ ਹਰ ਕਾਵਿ-ਸੰਗ੍ਰਹਿ ਵਿਚ ‘ਮੁਖ ਸ਼ਬਦ’ ਕਵਿਤਾ ਨੂੰ ਸਮਝਣ ਦੀ ਕੂੰਜੀ ਬਣਦੇ ਹਨ, ਉਵੇਂ ਹੀ ਇਹਨਾਂ ਵਿਗਿਆਨਕ ਵਿਸ਼ਿਆਂ ਨਾਲ ਸੰਬੰਧਤ ਕਵਿਤਾਵਾਂ ਨੂੰ ਮਾਣਨ ਤੇ ਵਿਗਿਆਨ ਤੇ ਕਵਿਤਾ ਦੇ ਪਰਸਪਰ ਸੰਬੰਧਾਂ ਨੂੰ ਜਾਣਨ ਲਈ ਮੁਖ ਸ਼ਬਦਾਂ ਦਾ ਪਾਠ ਜ਼ਰੂਰੀ ਹੈ । ਪਹਿਲੇ ਭਾਗ ‘ਆਦਿਕਾ’ ਵਿਚ ਸਾਇੰਸ ਕੀ ਸੀ , ਸਾਇੰਸ ਕੀ ਹੈ , ਸਾਇੰਸਦਾਨ, ਸਾਇੰਸ-ਜੁਗ ਦਾ ਮਿਜ਼ਾਜ ਤੇ ਇਸ ਦੀ ਧਾਕ ਨੂੰ ਸਮਝਿਆ ਗਿਆ ਹੈ। ਜਿਹੜੀ ਸਾਇੰਸ ਪਹਿਲਾਂ ਜੰਗਾਂ ਦੇ ਹਥਿਆਰ ਬਣਾਉਂਦੀ ਤੇ ਪਿਆਰ ਦੀ ਜਾਚ ਤੋਂ ਕੋਰੀ ਸੀ ਤੇ ਕਵਿਤਾ ਨੂੰ ਸੱਤ ਘਰ ਦੂਰ ਰੱਖਦੀ ਸੀ ਪਰ ਹੁਣ ਦੀ ਸਾਇੰਸ ਅਨੁਭਵ ’ਚ ਵੀ ਰੁਚੀ ਰੱਖਦੀ ਹੈ ਤੇ ਅਦਿਖ ਦੀ ਗੱਲ ਵੀ ਕਰ ਸਕਦੀ ਹੈ। ਦੂਜਾ ਭਾਗ ‘ਅੰਤਰਿਕਸ਼ ਯਾਤ੍ਰਾ’ ਹੈ ਜਿਸ ਵਿਚ ਚੰਨ ਯਾਤਰੀ , ਮੰਗਲ ਤਾਰਾ , ਪੁਲਾੜ-ਯਾਤਰਾ ਦੇ ਅਨੁਭਵ ਦੇ ਨਾਲ ਅੱਜ ਦੇ ਮਨੁੱਖ ਨੂੰ ਸਵਾਲ ਵੀ ਹੈ ਜਿਹੜਾ ਸਮੁੱਚੇ ਬ੍ਰਹਿਮੰਡ ਨੂੰ ਪ੍ਰਦੂਸ਼ਤ ਕਰ ਰਿਹਾ ਹੈ : ਸਾਡੇ ਘੱਲੇ ਕੂੜੇ ਨੇ ਜਦ/ਮੁਖੜਾ ਸਾਰੇ ਚੰਨ ਦਾ ਢਕਿਆ/ ਜਦ ਮੰਗਲ ’ਚੋਂ ਲੱਭਾ ਪਾਣੀ/ਸਾਡੀ ਤਿਖਾ ਬੁਝਾ ਨਾ ਸਕਿਆ/ ਉੱਡ ਗਈ ਜਦ ਆਕਾਸ਼ ਦੀ ਛਤ੍ਰੀ/ਉਖੜ ਗਏ ਸੂਰਜ ਦੇ ਪਹੀਏ-/ਓਸ ਅਵਸਥਾ ਦਾ ਕੀ ਕਹੀਏ ?/ ਸੋਚੋ ! ਫਿਰ ਕਿੱਥੇ ਜਾਵਾਂਗੇ ?/ ਵੈਣ ਨ ਅਪਣੇ ਖੁਦ ਪਾਵਾਂਗੇ ? ( ਪੰਨਾ 55) ਇਸੇ ਤਰ੍ਹਾਂ ਇਸ ਕਾਵਿ-ਪੋਥੀ ਨੂੰ ਕੁਦਰਤ ਵਿਗਿਆਨ, ਜੰਤੂ ਵਿਗਿਆਨ, ਵਿਗਿਆਨਕ ਕਾਢਾਂ, ਵਿਗਿਆਨ-ਹਾਸ, ਆਪਾਤਕਾਲ, ਹੈਰਤ ਦੇ ਝਰੋਖੇ ’ਚੋਂ, ਹਕੀਕਤ ਨਾਲ ਮੇਲ ਤੇ ਆਤਮ ਚਿੰਤਨ ਜਿਹੇ ਉਪ ਸਿਰਲੇਖਾਂ ਹੇਠ ਵੰਡਿਆ ਗਿਆ ਹੈ। ਇਸ ਪੁਸਤਕ ਨੂੰ ਪੜ੍ਹਦਿਆਂ ਸਾਇੰਸ ਦੇ ਵਿਦਿਆਰਥੀ ਕਵਿਤਾ ਦੀ ਅਸਰਜਤਾ ਨੂੰ ਦੇਖ ਸਕਦੇ ਹਨ ਤੇ ਸਾਹਿਤ ਦੇ ਵਿਦਿਆਰਥੀ ਸਾਇੰਸ ਦੀ ਅਦਭੁਤਤਾ ਨੂੰ ਮਾਣ ਸਕਦੇ ਹਨ ।

**ਕਰਕ ਕਲੇਜੇ ਮਾਹਿ , ਪ੍ਰਭਜੋਤ ਕੌਰ ,**
**ਨਵਯੁਗ ਪਬਲਿਸ਼ਰਜ, ਦਿੱਲੀ ,**
**ਪੰਨੇ :79 , ਮੁੱਲ : 100/ਰੁਪਏ**

ਹਥਲੀ ਕਾਵਿ-ਪੁਸਤਕ ਸਾਹਿਤ ਅਕਾਦਮੀ ਪੁਰਸਕਾਰ ਤੇ ਪਦਮ ਸ਼੍ਰੀ ਸਨਮਾਨ ਸਮੇਤ ਅਨੇਕਾਂ ਸਨਮਾਨਾਂ ਨਾਲ ਸਨਮਾਨਤ ਸੁਪ੍ਰਸਿੱਧ ਸ਼ਾਇਰਾ ਪ੍ਰਭਜੋਤ ਕੌਰ ਦਾ ਛੱਬੀਵਾਂ ਕਾਵਿ-ਸੰਗ੍ਰਹਿ ਹੈ, ਜਿਹੜਾ ਖਾਲੀ ਪਿਆਲੇ ਨੂੰ ਸਮਰਪਤ ਹੈ। ਇਸੇ ਨਾਂ ਦੀ ਕਵਿਤਾ ਦੀਆਂ ਸਤਰਾਂ ਦੇਖਦੇ ਹਾਂ : ਇਹ ਜੀਵਨ ਹੈ / ਖਾਲੀ ਪਿਆਲਾ / ਇਸ ਵਿਚ ਡਾਹਢਾ/ ਘਾਲਾ ਮਾਲਾ/ ਫਿਰ ਵੀ ਉਤਮ/ ਸੂਝ,ਉਜਾਲਾ!(ਪੰਨਾ10) ਇਸ ਕਿਤਾਬ ਵਿਚ ਜ਼ਿੰਦਗੀ ਦੀ ਥੋੜ੍ਹੀ ਜਿਹੀ ਮਿਠਾਸ ਤੇ ਥੋੜ੍ਹੇ ਜਿਹੇ ਲੂਣ ਦੀ ਵਿਥਿਆ ਹੈ। ਦੁਖ-ਸੁਖ ਦਾ ਡੱਬੀਆਂ ਵਾਲਾ ਖੇਸ ਬੁਣਿਆ ਗਿਆ ਹੈ। ਕਾਵਿ-ਪੁਸਤਕ ਦਾ ਦੂਜਾ ਭਾਗ ' ਕਾਵਿ-ਕਿਰਨਾ' ਪਹਿਲੇ ਨਾਲੋਂ ਵੱਧ ਪ੍ਰਭਾਵਿਤ ਕਰਦਾ ਹੈ, ਜਿਸ ਵਿਚ ਕਾਵਿ-ਟੁਕੜੀਆਂ ਹੇਠ ਕੁਦਰਤ ਦੇ ਚਿੰਨ੍ਹਾਂ ਪ੍ਰਤੀਕਾਂ ਰਾਹੀਂ ਖੂਬਸੂਰਤ ਪਿਆਰ ਕਵਿਤਾਵਾਂ ਨੂੰ ਸਿਰਜਿਆ ਗਿਆ ਹੈ। ਇਹਨਾਂ ਛੋਟੀਆਂ ਛੋਟੀਆਂ ਕਵਿਤਾਵਾਂ ਨੂੰ ਵੱਖਰੇ ਸਿਰਲੇਖ ਦੇ ਕੇ ਛਾਪਿਆ ਹੁੰਦਾ ਤਾਂ ਇਹ ਕਿਤਾਬ ਹੋਰ ਵੀ ਸੁਹਜਮਈ ਹੋ ਜਾਣੀ ਸੀ । ਇਹ ਕਵਿਤਾਵਾਂ ਪਿਆਰ ਭਰੀਆਂ ਉਹ ਚਿੱਠੀਆਂ ਹਨ ਜਿਹਨਾਂ ਨੂੰ ਪਾਠਕ ਅਪਣੇ ਪਤੇ 'ਤੇ ਪੋਸਟ ਕਰਕੇ ਖੁਦ ਪੜ੍ਹਦਾ ਹੋਇਆ ਆਪਣੇ ਅੰਦਰਲੇ ਕਿਸੇ ਹੋਰ ਸਵੈ ਨੂੰ ਮਿਲ ਸਕਦਾ ਹੈ, ਜਿਸਨੂੰ ਉਹ ਸਭ ਤੋਂ ਵੱਧ ਜਾਣਦਾ ਹੈ ਤੇ ਉਹੀ ਉਹਦੇ ਅਜਨਬੀ ਵੀ ਹੈ । ਇਕ ਟੁਕੜੀ ਨਮੂਨੇ ਵਜੋਂ ਦੇਖਦੇ ਹਾਂ : ਪਰ ਨਹੀਂ ਆਇਆ ਤੂੰ/ਜ਼ਿੰਦਗੀ ਖਾਲੀ ਤੇ ਸੁੰਨੀ/ਰਹਿ ਗਈ/ਕੰਨਾਂ ਵਿਚ/ਹੌਲੇ ਜਿਹੇ ਇੰਜ ਕਹਿ ਗਈ/ "ਏਹੋ ਹੀ ਮੇਰਾ ਭੇਦ ਹੈ/ਪੈਰਾਂ ਹੇਠਾਂ/ਸਰਕਦੀ ਕੁਝ ਰੇਤ ਹੈ !" ( ਪੰਨਾ 61) ਇਹ ਛੋਟੀਆਂ ਕਾਵਿ-ਟੁਕੜੀਆਂ ਵਾਰ ਵਾਰ ਪੜ੍ਹੀਆਂ ਜਾ ਸਕਦੀਆਂ ਹਨ ਜੋ ਪਾਠਕ ਨੂੰ ਆਪਣੇ ਨਾਲ ਅਣਕਿਆਸੇ ਰਾਹਾਂ 'ਤੇ ਤੋਰ ਲੈਂਦੀਆਂ ਹਨ। ਸਾਰੀ ਮੱਸਿਆ ਪੁੰਨਿਆਂ 'ਚ ਵਟ ਜਾਂਦੀ ਹੈ। ਕਵਿਤਰੀ ਲਿਖਦੀ ਹੈ : ਕੱਲ੍ਹ ਰਾਤ ਮੈਨੂੰ ਕਿਸੇ ਨੇ ਦੱਸਿਆ/ਕਿ ਤਾਰਿਆਂ ਦੇ ਵਸਨੀਕ / ਜਦੋਂ ਆਪਣੇ ਸੁਪਨੇ ਚਿਤਰਦੇ ਹਨ/ ਤਾਂ ਹੇਠਾਂ ਲਿਖ ਦੇਂਦੇ ਹਨ/ "ਧਰਤੀ" ( ਪੰਨਾ 62) ਅਜਿਹੀ ਸੁਹਜ ਤੇ ਸਹਿਜ ਕਵਿਤਾ ਗਹਿਰੇ ਅਨੁਭਵ , ਲੰਮੇ ਤਜ਼ੁਰਬੇ ਤੇ ਜ਼ਿੰਦਗੀ ਨਾਲ ਖਹਿ ਕੇ ਪੈਦਾ ਹੁੰਦੀ ਹੈ। ਜ਼ਿੰਦਗੀਆਂ ਦੀਆਂ ਅਨੇਕਾਂ ਧੁੱਪਾਂ-ਛਾਵਾਂ ਨੂੰ ਇਸ ਕਵਿਤਾ ਵਿਚ ਦੇਖਿਆ ਜਾ ਸਕਦਾ ਹੈ।

**ਦੀਵਿਆਂ ਦੇ ਦੇਸ਼ ਵਿੱਚ : ਔਦੋਲੇਨ ਸਮੇਕਲ ,**
**ਅਨੁ. ਡਾ. ਬਲਦੇਵ ਸਿੰਘ 'ਬੱਦਨ' ,**
**ਲੋਕ ਗੀਤ ਪ੍ਰਕਾਸ਼ਨ , ਪੰਨੇ 144, ਮੁੱਲ : 175**

ਹੱਥਲੀ ਕਾਵਿ-ਪੁਸਤਕ ਚੇਕ ਵਾਸੀ ਪਹਿਲੇ ਵਿਦੇਸ਼ੀ ਹਿੰਦੀ ਕਵੀ ਔਦੋਲੇਨ ਸਮੇਕਲ ਦੀ ਹੈ ਜਿਸ ਦਾ ਅਨੁਵਾਦ ਨੈਸ਼ਨਲ ਬੁੱਕ ਟਰੱਸਟ , ਇੰਡੀਆ ਦੇ ਮੁੱਖ ਸੰਪਾਦਕ/ ਸੰਯੁਕਤ ਨਿਰਦੇਸ਼ਕ ਤੇ ਸੌ ਤੋਂ ਵੱਧ ਕਿਤਾਬਾਂ ਦੇ ਲੇਖਕ ਅਨੁਵਾਦਕ ਡਾ. ਬਲਦੇਵ ਸਿੰਘ 'ਬੱਦਨ' ਨੇ ਕੀਤਾ ਹੈ। ਸਮੇਕਲ ਦੇ ਭਾਰਤ ਵਿੱਚ 10 ਹਿੰਦੀ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ । ਇਸ ਤੋਂ ਇਲਾਵਾ ਔਦੋਲੇਨ ਨੇ ਬਹੁਤ ਸਾਰੇ ਹਿੰਦੀ-ਸਾਹਿਤ ਨੂੰ ਚੇਕ ਭਾਸ਼ਾ 'ਚ ਅਨੁਵਾਦ ਕੀਤਾ ਹੈ ।ਭਾਰਤ ਵਿਚ ਚੇਕ ਗਣਰਾਜ ਦੇ ਰਾਜਦੂਤ ਰਹਿ ਚੁੱਕੇ ਸਮੇਕਲ ਦੇ ਪਹਿਲੇ ਕਾਵਿ-ਸੰਗ੍ਰਹਿ ਦਾ



ਵਿਮੋਚਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੇ ਦੋ ਕਾਵਿ-ਸੰਗ੍ਰਹਿਾਂ ਦਾ ਵਿਮੋਚਨ ਰਾਸ਼ਟਰਪਤੀ ਸ਼ੰਕਰ ਦਿਆਲ ਸ਼ਰਮਾ ਨੇ ਕੀਤਾ । ਭਾਰਤ ਸਰਕਾਰ ਨੇ ਸਮੇਕਲ ਨੂੰ ਵਿਸ਼ੇਸ਼ ਹਿੰਦੀ ਪੁਰਸਕਾਰ ਦਿੱਤਾ। ਔਦੋਲੇਨ ਸਮੇਕਲ ਨੇ ਪੂਰੇ ਭਾਰਤ ਦਾ ਭ੍ਰਮਣ ਕੀਤਾ ਤੇ ਆਪਣੇ ਮਿੱਠੇ ਖੱਟੇ ਅਨੁਭਵਾਂ ਨੂੰ ਕਵਿਤਾ ਦਾ ਵਿਸ਼ਾ ਬਣਾਇਆ ਹੈ । ਬਹੁਤ ਸਾਰੀਆਂ ਕਵਿਤਾਵਾਂ ਵਿਚ ਚੇਕ ਤੇ ਭਾਰਤ ਦੇ ਅੰਤਰ ਨੂੰ ਵੀ ਪੇਸ਼ ਕੀਤਾ ਗਿਆ ਹੈ । 'ਸਕੂਲ ਜਾਂਦੇ ਬੱਚੇ' ਕਵਿਤਾ ਵਿਚ ਕਵੀ ਤਾਂਗਿਆਂ , ਬੈਲ-ਗੱਡੀਆਂ 'ਤੇ ਸਕੂਲ ਜਾਂਦੇ ਬੱਚਿਆਂ ਨੂੰ ਤਕਦਾ ਹੀ ਰਹਿ ਜਾਂਦਾ ਹੈ ਕਿਉਂਕਿ ਉਸਦੇ ਦੇਸ਼ 'ਚ ਨਾ ਹੀ ਤਾਂਗੇ ਤੇ ਬੈਲ-ਗੱਡੀਆਂ ਨੇ ਤੇ ਨਾ ਹੀ ਵਰਦੀ । ਇਹ ਗੱਲ ਸੁਣਦਿਆਂ ਆਪਣੇ ਭਾਰਤੀ ਬੱਚੇ ਅਚੰਭਿਤ ਹੋ ਸਕਦੇ ਨੇ ਕਿ ਬੱਚੇ ਬਿਨਾਂ ਵਰਦੀ ਸਕੂਲ ਜਾਂਦੇ ਨੇ । ਸਮੇਕਲ ਭਾਰਤ ਮਾਂ ਨੂੰ ਸੰਬੋਧਨ ਕਰਦਾ ਆਖਦਾ ਹੈ : ਹੇ ਭਾਰਤ ਮਾਂ/ ਸ਼ਬਦਾਂ 'ਚ ਨਹੀਂ/ਜੀਅ ਚਾਹੁੰਦਾ ਹੈ/ ਅਮਲਾਂ ਨਾਲ ਕਰਾਂ/ਛਬ-ਸ਼ਾਨ ਤੇਰੀ ਦਾ/ਗੁਣਗਾਣ । ਅਮਲਾ ਨਾਲ ਨਿਬੇੜੇ ਕਰਨ ਵਾਲਾ ਕਵੀ ਭਾਰਤ ਨੂੰ ਦੀਵਿਆਂ ਦਾ ਦੇਸ਼ ਆਖਦਾ ਹੋਇਆ ਰਾਮ, ਸੀਤਾ, ਰਾਧਾ, ਹਰ ਕੀ ਪੌੜੀ, ਲਦਾਖ ਤੇ ਯੂ ਪੀ ਦੇ ਕਿਸਾਨ ਦੀ ਗੱਲ ਕਰਦਾ ਉਹ ਹੀਰ ਰਾਂਝਾ ਤੇ ਸੋਹਣੀ-ਮਹੀਵਾਲ ਦੀ ਬਾਤ ਵੀ ਪਾਉਂਦਾ ਹੈ । ਇਹ ਕਾਵਿ-ਸੰਗ੍ਰਹਿ ਭਾਰਤੀ ਸੰਸਕ੍ਰਿਤੀ ਤੇ ਲੋਕ-ਮਨ ਦੀ ਤਰਜਮਾਨੀ ਸੁਹਜਮਈ ਤਰੀਕੇ ਨਾਲ ਕਰਦਾ ਹੈ। ਡਾ.ਬੱਦਨ ਨੇ ਮਿਹਨਤ ਨਾਲ ਇਹਨਾਂ ਕਵਿਤਾਵਾਂ ਦਾ ਅਨੁਵਾਦ ਕੀਤਾ ਹੈ ।

**ਵਰਖਾ ਆਉਣ ਤੇ : ਡਾ. ਮਨੋਰਮਾ ਵਿਸ਼ਵਾਲ ਮਹਾਪਾਤਰ ,**
**ਅਨੁ: ਡਾ. ਬਲਦੇਵ ਸਿੰਘ ਬੱਦਨ , ਪ੍ਰਕਾਸ਼ਨ: ਸਾਹਿਤ ਰਚਨਾ,**
**ਦਿੱਲੀ , ਪੰਨੇ 87 , ਮੁੱਲ : 150**

ਡਾ. ਮਨੋਰਮਾ ਵਿਸ਼ਵਾਲ ਮਹਾਪਾਤਰਾ ਉੜੀਆ ਦੀ ਸੁਪ੍ਰਸਿੱਧ ਕਵਿਤਰੀ ਹੈ ਜੋ ਕਲਾ ਤੇ ਕਵਿਤਾ ਦੇ ਤੀਰਥ 'ਸ਼ਾਂਤੀ ਨਿਕੇਤਨ' ਦੀ ਵਿਦਿਆਰਥਣ ਰਹੀ ਹੈ। ਇਹ ਕਾਵਿ-ਪੁਸਤਕ ਕਵਿਤਰੀ ਨੇ ਆਪਣੇ ਪਿਆਰੇ ਪਿੰਡ ਨੂੰ ਸਮਰਪਤ ਕੀਤੀ ਹੈ ਜਿਸ ਦੀ ਮਿੱਟੀ , ਅਕਾਸ਼ ਤੇ ਨਦੀ ਨੇ ਉਸ ਨੂੰ ਕਵਿਤਾ ਦਿੱਤੀ । ਪਿੰਡ ਦੀਆਂ ਇਹ ਤਿੰਨੇ ਚੀਜ਼ਾਂ ਹੀ ਮਹਾਪਾਤਰਾ ਦੀ ਕਵਿਤਾ ਦਾ ਕੇਂਦਰੀ ਵਿਸ਼ਾ ਹੈ। ਜਿਸ ਵਿਚ ਉਸਨੇ ਆਪਣੀ ਪੇਂਡੂ ਭਾਸ਼ਾ ਰਾਹੀਂ ਜੀਵਨ ਦੇ ਅਨੰਤ ਰੰਗਾਂ ਨੂੰ ਚਿਤਰਿਆ ਹੈ । ਵਰਖਾ ਆਉਣ ਤੇ ਜੇ ਉਹਦੇ ਮਨ-ਅੰਦਰ ਕਰੂੰਬਲਾਂ ਫੁਟਦੀਆਂ ਹਨ ਤਾਂ ਉਹ ਆਖਦੀ ਹੈ : ਮੈਂ ਤਾਂ ਹੰਝੂਆਂ ਨਾਲ ਤਰੋਤਰ/ ਇਕ ਸਾਵਣ ਹਾਂ/ ਘਿਰ ਜਾਂਦੀ ਹਾਂ/ ਪੁਰਾਣੀਆਂ ਯਾਦਾਂ 'ਚ। ਸੋ ਮਨੋਰਮਾ ਸਿਮਰਤੀਆਂ , ਦ੍ਰਿਸ਼ , ਪਿਆਰ, ਪ੍ਰਕਿਰਤੀ ਦੇ ਗਹਿਰੇ ਅਨੁਭਵਾਂ ਨੂੰ ਆਪਣੇ ਸ਼ਾਂਤੀਨਿਕੇਤਨ ਦੇ ਸੁਹਜ 'ਚ ਪ੍ਰਸੁਤਤ ਕਰਦੀ ਹੈ। ਡਾ. ਬਲਦੇਵ ਸਿੰਘ 'ਬੱਦਨ' ਨੇ ਇਹਨਾਂ ਕਵਿਤਾਵਾਂ ਦੀ ਰੂਹ ਨੂੰ ਕਾਇਮ ਰੱਖਦਿਆਂ ਸੁਚੱਜਾ ਅਨੁਵਾਦ ਕੀਤਾ ਹੈ । ਇਸ ਸੰਗ੍ਰਹਿ ਨਾਲ ਪੰਜਾਬੀ ਪਾਠਕ ਉੜੀਆ ਕਵਿਤਾ ਦੀ ਸੰਵੇਦਨਾ ਨੂੰ ਨੇੜੇ ਤੋਂ ਮਹਿਸੂਸ ਕਰਦੇ ਕਵੀ ਦੇ ਸ਼ਬਦਾਂ ਵਿਚ ਆਪਣੇ ਆਪ ਨੂੰ ਕਹਿਣਗੇ : ਵਕਤ ਦੇ ਖਤਮ ਹੋਣ ਤੋਂ ਪਹਿਲਾਂ/ ਆਓ ਥੋੜ੍ਹੀ ਦੇਰ ਲਈ/ਕਰ ਲਈਏ ਸੁਖ-ਦੁਖ ਦੀਆਂ ਗੱਲਾਂ/ਇਥੇ ਹੋਰ ਕੀ ਹੈ/ਜੋ ਲੱਭਦੇ ਰਹੇ ਹਨੇਰੇ ਵਿੱਚ। ਹਿੰਦੀ ਕਵੀ ਅਸ਼ੋਕ ਵਾਜਪੇਈ ਦੀ ਗੱਲ ਸਹੀ ਹੈ ਕਿ ਕਵਿਤਾ ਉਮੀਦ ਦਾ ਦੂਜਾ ਨਾਂ ਹੈ । ਉਮੀਦ ਦੇ ਘਰ 'ਚ ਹੀ ਕਵਿਤਾ ਤੇ ਜੀਵਨ ਦਾ ਵਾਸਾ ਹੈ ਜਿਸ ਵਿਚ ਸੂਰਜ ਉਦੈ-ਅਸਤ ਹੁੰਦਾ ਹੈ ।

**ਬਿਨ ਸਿਰਲੇਖ , ਮਲਵਿੰਦਰ ,**
**ਲੋਕਗੀਤ ਪ੍ਰਕਾਸ਼ਨ,ਚੰਡੀਗੜ੍ਹ,**
**ਪੰਨੇ :112, ਮੁੱਲ :145/-**

"ਗੈਰਹਾਜ਼ਰ ਪੈੜਾਂ ਦੀ ਕਥਾ" ਨਾਲ ਮਲਵਿੰਦਰ ਨੇ ਆਪਣਾ ਕਾਵਿ-ਸਫਰ ਸ਼ੁਰੂ ਕੀਤਾ ਜੋ " ਕਾਇਆ ਦੇ ਹਰਫ" ਤੋਂ ਬਾਅਦ "ਬਿਨ ਸਿਰਲੇਖ" ਤਕ ਪਹੁੰਚ ਗਿਆ ਹੈ। ਇਸੇ ਨਾਂ ਦੀ ਕਵਿਤਾ ਤੋਂ ਮਲਵਿੰਦਰ ਦੀ ਕਵਿਤਾ ਨੂੰ ਜਾਣਦੇ-ਪੜ੍ਹਦੇ ਹਾਂ : ਬਨਾਵਟੀ ਰਿਸ਼ਤਿਆਂ ਦੀ ਹਾਜ਼ਰੀ ਭਰਦਿਆਂ/ ਵਿਸਰ ਗਏ ਰਿਸ਼ਤੇ ਲਹੂ ਦੇ/ ਕੀਹਨੂੰ ਸਿਰਲੇਖ ਦੇਈਏ/ ਕਵਿਤਾ, ਰਿਸ਼ਤੇ, ਵਿਰਾਸਤ/ਸਭ ਬਿਨ ਸਿਰਲੇਖ ਹੋ ਗਏ ( ਪੰਨਾ 52) ਜਦੋਂ ਪੂਰਾ ਸਮਾਜਕ ਤਾਣਾ-ਬਾਣਾ ਹੀ ਬਿਨ ਸਿਰਲੇਖ ਹੋ ਗਏ ਤਾਂ ਇਹਨਾਂ 'ਤੇ ਲਿਖੀ ਕਵਿਤਾ ਦਾ ਸਿਰਲੇਖ ਕੀ ਹੋਵੇਗਾ ? ਮਲਵਿੰਦਰ ਦੀ ਕਵਿਤਾ ਇਸੇ ਤਰ੍ਹਾਂ ਦੇ ਬਹੁਤ ਸਾਰੇ ਸੁਆਲ ਸਾਡੇ ਸਾਹਵੇਂ ਖੜ੍ਹੇ ਕਰਦੀ ਹੈ। ਕਵੀ 'ਮੈਂ ਤੇ ਕਵਿਤਾ' ਵਿਚ ਆਖਦਾ ਹੈ , "ਮੇਰੇ ਆਲੇ-ਦੁਆਲੇ ਹੋ ਵਾਪਰ ਰਿਹਾ ਸਾਰਾ ਕੁਝ ਮੇਰੀ ਕਵਿਤਾ ਦੇ ਸਰੋਕਾਰ ਹਨ ।ਮੈਂ ਆਪਣੀ ਸਮਾਜਿਕਤਾ ਵਿਚੋਂ ਕਵਿਤਾ ਦੀ ਤਲਾਸ਼ ਕਰਦਾ ਹਾਂ।" ਸੋ ਸ਼ਾਇਰ ਆਪਣੇ ਘਰ , ਸਕੂਲ , ਅਧਿਆਪਨ ਕਾਰਜ , ਰਿਸ਼ਤਿਆਂ ਦੇ ਅੰਤਰ-ਜਾਲ ਵਿਚ ਕੁਦਰਤ ਦੀ ਸ਼ਮੂਲ਼ੀਅਤ ਤੇ ਇਕਮਿਕਤਾ ਨਾਲ ਹੀ ਆਪਣੇ ਰੂਬਰੂ ਹੁੰਦਾ ਹੈ ।ਅਸਲ 'ਚ ਕਵਿਤਾ ਤੇ ਕਵੀ ਦਾ ਜੀਵਨ ਅਭੇਦ ਹੈ। ਕੰਮ ਵਾਲੀਆਂ , ਅਧਿਆਪਕ ਤੇ ਬੱਚਾ ਨਾਂ ਦੀਆਂ ਲੰਮੀਆਂ ਕਵਿਤਾਵਾਂ ਮਲਵਿੰਦਰ ਦੀ ਵੱਖਰਤਾ ਸਿਰਜਦੀਆਂ ਹਨ । ਇਹਨਾਂ ਵਿਸ਼ਿਆਂ 'ਤੇ ਲਿਖੀ ਕੋਈ ਇਕ ਅੱਧ ਕਵਿਤਾ ਤਾਂ ਕਿਧਰੇ ਮਿਲ ਸਕਦੀ ਹੈ ਪਰ ਇਸ ਤਰ੍ਹਾਂ ਭਰਵੇਂ ਰੂਪ 'ਚ ਸੂਤਰਕ ਸ਼ੈਲੀ ਵਿਚ ਵੱਖ ਵੱਖ ਸ਼ੇਡਜ਼ ਨੂੰ ਰਚਦੀ ਕਵਿਤਾ ਮਲਵਿੰਦਰ ਦੇ ਹਿੱਸੇ ਹੀ ਆਈ ਹੈ । 'ਕੰਮ ਵਾਲੀਆਂ' ਜੋ ਮਹਾਂਨਗਰੀ-ਜ਼ਿੰਦਗੀ ਦਾ ਅਹਿਮ ਹਿੱਸਾ ਹਨ ਤੇ ਹਰ ਘਰ ਦਾ ਜ਼ਰੂਰੀ ਅੰਗ ।ਪਰ ਇਹਨਾਂ ਦੀ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਬਾਰੇ ਕਦੇ ਕੋਈ ਘਰ ਗੱਲ ਨਹੀਂ ਕਰਦਾ । ਸੰਵੇਦਨਸ਼ੀਲ ਸ਼ਾਇਰ-ਮਨ ਇਹਨਾ ਦੇ ਦੁਖਾਂ-ਸੁਖਾਂ ਦੀ ਬਾਤ ਪਾਉਂਦਾ ਇਕ ਚੀਸ ਪਾਠਕ ਦੀਆਂ ਪੁੜਪੁੜੀਆਂ ਨੂੰ ਦਿੰਦਾ ਹੈ ।'ਸਾਡੇ ਘਰ ਦਾ ਸੂਰਜ/ਉਸ ਦੀ ਡੋਰ-ਬੈੱਲ ਨਾਲ ਚੜ੍ਹਦਾ/ ਨੀਂਦ ਨਾਲ ਸਿਬਲ ਹੋਇਆ ਘਰ/ ਅੰਗੜਾਈ ਲੈਂਦਾ'(ਪੰਨਾ16) 'ਮੁਸਕਰਾਹਟ' ਨਾਂ ਦੀਆਂ 20 ਕਵਿਤਾਵਾਂ ਇਹਦੇ ਕਵਿਤਾ ਦੇ ਵਿਕਾਸ ਦਾ ਅਗਲਾ ਪੜ੍ਹਾਅ ਹੈ। ਇਹਨਾਂ ਕਵਿਤਾਵਾਂ ਵਿਚ ਮਨੁੱਖ ਆਪਣੇ ਆਪ ਨਾਲ ਸੰਵਾਦ ਰਚਾਉਂਦਾ ਆਪਣੇ ਆਲੇ-ਦੁਆਲੇ ਨਾਲ ਵੀ ਤੰਦ ਜੋੜੀ ਰੱਖਦਾ ਹੈ। ਅਨੇਕਾਂ ਪਰਤਾਂ ਨੂੰ ਦਰਸਾਉਂਦੀ ਮੁਸਕਰਾਹਟ ਮੂਕ ਸੰਵਾਦ ਹੈ ।ਇਹੋ ਮੁਸਕਰਾਹਟ ਵੱਖ ਵੱਖ ਰੂਪਾਂ ਵਿਚ ਉਹਦੀ ਹਰ ਕਵਿਤਾ ਅੰਦਰ ਦੇਖੀ ਜਾ ਸਕਦੀ ਹੈ । ਮਲਵਿੰਦਰ ਦੀ ਕਵਿਤਾ ਦੇ ਬੀਬੇ ਸ਼ਬਦਾਂ ਦਾ ਸੁਆਗਤ ਆਪਣੇ ਆਪ ਦਾ ਸੁਆਗਤ ਹੈ ।